# ਜੀਵਨ ਅਤੇ ਜੀਵਨ-ਜਾਚ ਬਾਰੇ ਦਾਦਾ ਭਗਵਾਨ ਨਾਲ ਸੰਵਾਦ



# Dialogues with Dada Bhagawan on Life & Living

(Punjabi)

# ਜੀਵਨ ਅਤੇ ਜੀਵਨ-ਜਾਚ ਬਾਰੇ
# ਦਾਦਾ ਭਗਵਾਨ ਨਾਲ ਸੰਵਾਦ

# ਜੀਵਨ ਅਤੇ ਜੀਵਨ-ਜਾਚ ਬਾਰੇ
# ਦਾਦਾ ਭਗਵਾਨ ਨਾਲ ਸੰਵਾਦ


ਸੰਪਾਦਕ

**ਜਯੋਤੀ ਸ਼ਾਹ - ਐਲ.ਡੀ. ਪਟੇਲ - ਬਾਲਾ ਜੀ ਗਾਨੋਰਕਰ**

ਪੰਜਾਬੀ ਰੂਪ

**ਧਰਮ ਸਿੰਘ**

ਆਰਟ ਅਤੇ ਗ੍ਰਾਫਿਕਸ ਐਡੀਟਰ

**ਹਰੀਸ਼ ਸ਼ਾਹ**



© VVCRF - 2019



ਪ੍ਰਕਾਸ਼ਕ:
ਵਸੰਤ ਯੂ. ਪਟੇਲ, ਪ੍ਰਧਾਨ
ਵਿਤਰਾਗ ਵਿਗਿਆਨ ਚੈਰੀਟੇਬਲ ਰੀਸਰਚ ਫਾਊਂਡੇਸ਼ਨ
ਮਹਾਂਵਿਦੇਹ ਤੀਰਥ ਧਾਮ ਕੰਪਲੈਕਸ
ਨਵਾਂਗਾਂਵ, ਕਾਮਰੇਜ ਚਾਰ-ਰਸਤਾ, ਕੌਮੀ ਮਾਰਗ-8,
ਸੂਰਤ - 394185
**Ph.No :- (02621)250750**
**E-mail:-v_virf2007@yahoo.com, hsrcsurat@gmail.com**
**website: www.hsrcsurat.org**

# ਆਸ਼ੀਰਵਾਦ

"ਦਾਦਾਜੀ ਨਾਲ ਜੀਵਨ ਅਤੇ ਜੀਵਨ-ਜਾਚ ਬਾਰੇ ਸੰਵਾਦ" ਪੁਸਤਕ ਦੇ ਪੰਜਾਬੀ ਰੂਪ ਦੇ ਪ੍ਰਕਾਸ਼ਨ ਉਪਰ ਮੈਨੂੰ ਦਿਲੀ ਪ੍ਰਸੰਨਤਾ ਹੋ ਰਹੀ ਹੈ। ਇਹ ਅਨੁਵਾਦ ਇਸ ਪੁਸਤਕ ਦੇ ਦੂਜੇ ਐਡੀਸ਼ਨ ਤੋਂ ਕੀਤਾ ਗਿਆ ਹੈ ਜੋ ਗੁਜਰਾਤੀ ਆਪਤਬਾਣੀ 1 ਉਪਰ ਆਧਾਰਿਤ ਹੈ ਅਤੇ ਜਿਸ ਵਿਚ ਆਪਤਬਾਣੀ 2, 3, 4 ਵਿਚੋਂ ਵੀ ਕੁਝ ਸੰਵਾਦ ਲੈ ਕੇ ਸੰਮਿਲਤ ਕੀਤੇ ਗਏ ਹਨ। ਪੁਸਤਕ ਦੇ ਇਸ ਪੰਜਾਬੀ ਰੂਪ ਨੂੰ ਤਿਆਰ ਕਰਨ ਹਿਤ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫ਼ੈਸਰ ਧਰਮ ਸਿੰਘ ਨੂੰ ਅਸ਼ੀਰਵਾਦ ਅਤੇ ਸ਼ੁਭ ਇੱਛਾਵਾਂ ਦਿੰਦਾ ਹਾਂ। ਮੇਰਾ ਵਿਸ਼ਵਾਸ਼ ਹੈ ਕਿ ਹੋਲਿਸਟਿਕ ਸਾਇੰਸ ਰੀਸਰਚ ਸੈਂਟਰ ਦਾਦਾ ਭਗਵਾਨ ਦੀਆਂ ਸਿੱਖਿਆਵਾਂ ਨੂੰ ਦੁਨੀਆਂ ਦੇ ਹਰ ਵਰਗ, ਹਰ ਧਰਮ ਅਤੇ ਭਾਸ਼ਾ ਦੇ ਲੋਕਾਂ ਤੱਕ ਪਹੁੰਚਾਉਣ ਹਿਤ ਇਸੇ ਤਰ੍ਹਾਂ ਯਤਨ ਕਰਦਾ ਰਹੇਗਾ ਤਾਂ ਜੋ ਹਰ ਪਾਠਕ ਆਪਣੇ ਜੀਵਨ ਨੂੰ ਖੁਸ਼, ਸ਼ਾਂਤਮਈ ਅਤੇ ਅਰਥ-ਭਰਪੂਰ ਬਣਾ ਸਕੇ।

ਦਾਦਾ ਭਗਵਾਨ ਦੇ ਇਹ ਸੰਵਾਦ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਵਿਚਰਦੇ ਵਿਚਾਰਕਾਂ, ਦਾਰਸ਼ਨਿਕਾਂ, ਵਿਗਿਆਨੀਆਂ ਅਤੇ ਹੋਰ ਜਗਿਆਸੂਆਂ ਨਾਲ ਹੋਏ। ਇਹ ਸੰਵਾਦ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਛੂੰਹਦੇ ਹਨ ਅਤੇ ਵਿਅਕਤੀ ਨੂੰ ਇਕ ਸੱਚਾ-ਸੁੱਚਾ ਅਤੇ ਸੁਚੱਜਾ ਜੀਵਨ ਜਿਉਣ ਵਿਚ ਉਸ ਦੀ ਅਗਵਾਈ ਕਰਦੇ ਹਨ। ਮੇਰਾ ਵਿਸ਼ਵਾਸ਼ ਹੈ ਕਿ ਇਹ ਪੁਸਤਕ ਪੰਜਾਬੀ ਵਰਗ ਦੇ ਸਾਰੇ ਪਾਠਕਾਂ ਦੇ ਦਿਲਾਂ ਨੂੰ ਟੁੰਬੇਗੀ ਅਤੇ ਉਨ੍ਹਾਂ ਨੂੰ ਆਂਤਰਿਕ, ਪਰਿਵਾਰਕ ਅਤੇ ਸਮਾਜਕ ਪੱਧਰ 'ਤੇ ਅਨੰਦ-ਭਰਪੂਰ ਅਤੇ ਅਰਥ-ਭਰਪੂਰ ਜੀਵਨ ਬਤੀਤ ਕਰਨ ਵਿਚ ਸਹਾਇਤਾ ਕਰੇਗੀ।

ਮੈਨੂੰ ਆਸ ਹੈ ਕਿ ਹੋਲਿਸਟਿਕ ਸਾਇੰਸ ਰੀਸਰਚ ਸੈਂਟਰ ਦਾਦਾ ਭਗਵਾਨ ਦੇ ਅਜਿਹੇ ਸੰਵਾਦਾਂ ਦੇ ਅਨਮੋਲ ਖ਼ਜ਼ਾਨੇ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਅਨੁਵਾਦ ਕਰਵਾ ਕੇ ਮਾਨਵਤਾ ਦੇ ਭਲੇ ਹਿਤ ਪ੍ਰਕਾਸ਼ਤ ਕਰਨ ਦੇ ਆਪਣੇ ਯਤਨ ਇਸੇ ਤਰ੍ਹਾਂ ਜਾਰੀ ਰਖੇਗਾ।

**ਕਾਨੂੰਦਾਦਾ ਜੀ**

# ਮੁੱਖ-ਬੰਧ

"ਦਾਦਾਜੀ ਨਾਲ ਸੰਵਾਦ" ਪੁਸਤਕ ਪੜਨ ਉਪਰੰਤ ਦਾਦਾਜੀ ਏ.ਐਮ. ਪਟੇਲ ਦੁਆਰਾ ਸਾਂਝੇ ਕੀਤੇ ਗਏ ਵਿਚਾਰਾਂ ਪਿੱਛੇ ਛੁਪੀ ਸਿਆਣਪ ਅਤੇ ਸਾਦਗੀ ਵੇਖ ਕੇ ਪਾਠਕ ਮੰਤਰ-ਮੁਗਧ ਹੋ ਜਾਂਦਾ ਹੈ। ਉਨ੍ਹਾਂ ਦੇ ਪ੍ਰਵਚਨਾਂ ਵਿਚੋਂ ਅਦੁਭੁਤ ਅੰਤਰ-ਦ੍ਰਿਸ਼ਟੀ ਮਿਲਦੀ ਹੈ ਜਿਹੜੀ ਆਮ ਤੌਰ 'ਤੇ ਮਹਾਨ ਦਾਰਸ਼ਨਿਕਾਂ, ਪ੍ਰਸਿੱਧ ਵਿਗਿਆਨੀਆਂ, ਪਰਉਪਕਾਰੀ ਅਧਿਆਤਮਕ ਰਿਸ਼ੀਆਂ-ਮੁਨੀਆਂ ਅਤੇ ਗਿਆਨੀ ਮਹਾਂਪੁਰਖਾਂ ਨੂੰ ਸੁਨਣ ਉਪਰੰਤ ਮਿਲਦੀ ਹੈ। ਦਾਦਾਜੀ ਅਤਿ ਰਹੱਸਮਈ ਸਚਾਈਆਂ ਨੂੰ ਬਹੁਤ ਸਾਦੇ ਅਤੇ ਸੌਖਿਆਂ ਸਮਝ ਆ ਸਕਣ ਵਾਲੇ ਵਿਚਾਰਾਂ ਨਾਲ ਜੋੜ ਲੈਂਦੇ ਹਨ ਅਤੇ ਫਿਰ ਉਨ੍ਹਾਂ ਨੂੰ ਬਹੁਤ ਹੀ ਤਰਕਮਈ ਢੰਗ ਨਾਲ ਅਤੇ ਸਾਡੇ ਰੋਜ਼ਾਨਾ ਜੀਵਨ ਵਿਚੋਂ ਉਦਾਹਰਣਾਂ ਦੀ ਸਹਾਇਤਾ ਨਾਲ ਇੰਝ ਪੇਸ਼ ਕਰਦੇ ਹਨ ਕਿ ਹਰ ਕੋਈ ਉਨ੍ਹਾਂ ਨੂੰ ਸਮਝ ਸਕਦਾ ਹੈ।

ਦਾਦਾਜੀ ਦੀ ਸੋਚ ਦਾ ਕੇਂਦਰੀ ਨੁਕਤਾ ਇਹ ਹੈ ਕਿ ਵਿਵਸਥਿਤਾ-ਸ਼ਕਤੀ ਹੀ ਇਸ ਸੰਸਾਰ ਨੂੰ ਚਲਾਉਂਦੀ ਹੈ ਅਤੇ ਸੰਸਾਰ ਦੇ ਸਮਸਤ ਨਿਯਮਾਂ ਨੂੰ ਵੀ ਨਿਰਧਾਰਤ ਕਰਦੀ ਹੈ। ਇਹ ਪੱਖ-ਪਾਤ ਤੋਂ ਰਹਿਤ ਇਕ ਨਿਯਮ-ਬੱਧ ਸ਼ਕਤੀ ਹੈ ਜਿਹੜੀ ਸੰਸਾਰ ਦੀਆਂ ਸਭ ਚੀਜ਼ਾਂ ਨੂੰ ਉਨ੍ਹਾਂ ਦੇ ਸਹਿਜ ਰੂਪ ਵਿਚ ਚਲਾਉਂਦੀ ਹੈ ਹਾਲਾਂ ਕਿ ਵਿਅਕਤੀ ਨੂੰ ਕਈ ਵਾਰ ਇੰਝ ਲਗਦਾ ਹੈ ਮਾਨੋ ਉਹ ਆਪ ਹੀ ਕਰਤਾ ਹੋਵੇ। ਦਾਦਾਜੀ ਅਨੁਸਾਰ ਪਰਮਾਤਮਾ ਪਾਸ ਵੀ ਰਚਨਾ ਕਰਨ ਦੀ ਤਾਕਤ ਨਹੀਂ। ਉਹ ਇਕ ਅਵਿਅਕਤ ਤਾਕਤ ਹੈ ਜਿਹੜੀ ਹਰ ਜੀਵ ਅੰਦਰ ਵਿਦਮਾਨ ਹੈ। ਦਾਦਾਜੀ ਦੀਆਂ ਸਿੱਖਿਆਵਾਂ ਦੀ ਸਾਦਗੀ ਇਸ ਗੱਲ ਵਿਚ ਪ੍ਰਗਟ ਹੁੰਦੀ ਹੈ ਕਿ ਪਰਮਾਤਮਾ ਇਕ ਅਭੰਜ ਤੱਤ ਹੈ ਜੋ ਸਾਰੇ ਜੀਵਾਂ ਲਈ ਸਾਂਝਾ ਹੈ। ਪਰੰਤੂ ਉਹ ਨਾ ਤਾਂ ਕਰਤਾ ਹੈ ਅਤੇ ਨਾ ਹੀ ਮਾਲਕ। ਇਸ ਲਈ ਜਿਹੜੀ ਸਚਾਈ ਦੀ ਅਸੀਂ ਤਾਂਘ ਰਖਦੇ ਹਾਂ ਅਤੇ ਜਿਹੜੀ ਆਜ਼ਾਦੀ ਅਸੀਂ ਚਾਹੁੰਦੇ ਹਾਂ ਉਹ ਪਰਮਾਤਮਾ ਪਾਸੋਂ ਨਹੀਂ ਮਿਲਦੀ।

ਸਾਰੇ ਹੀ ਧਰਮ ਅਤੇ ਵਿਚਾਰਧਾਰਾਵਾਂ ਸੱਚ ਹਨ: ਇਹ ਸੱਚ ਦਾਦਾਜੀ ਨੇ ਬਹੁਤ ਸੁੰਦਰ ਸ਼ਬਦਾਂ ਰਾਹੀਂ ਬਿਆਨ ਕੀਤਾ ਹੈ। ਸਾਰੇ ਧਰਮ ਅਤੇ ਪਰੰਪਰਾਵਾਂ ਸੱਚ ਹਨ, ਪਰੰਤੂ ਉਹ ਸਾਪੇਖ ਸੱਚ ਹਨ ਕਿਉਂਕਿ ਉਹ ਸੱਚ ਨੂੰ, ਯਥਾਰਥ ਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਵੇਖਦੀਆਂ ਹਨ। ਇਸ ਲਈ ਉਹ ਸਾਰੇ ਸੱਚ ਨੂੰ ਇਕ ਵਿਸ਼ੇਸ਼ ਨਜ਼ਰੀਏ ਤੋਂ ਵੇਖਦੇ ਹਨ ਜਦੋਂ

ਕਿ ਇਕ ਸੱਚਾ, ਸਰਵੋਤਮ ਧਰਮ ਉਹ ਹੈ ਜਿਹੜਾ ਸੱਚ ਦੇ ਸਾਰੇ ਪਹਿਲੂਆਂ ਨੂੰ ਇਕ ਕਰਕੇ ਵੇਖਦਾ ਹੈ ਅਤੇ ਅਖ਼ੀਰ ਜਗਿਆਸੂ ਨੂੰ ਸਵੈ-ਪਹਿਚਾਣ ਦੀ ਮੰਜ਼ਿਲ ਉਪਰ ਪਹੁੰਚਾ ਦਿੰਦਾ ਹੈ। ਇਹ ਕੰਮ ਸਿਰਫ਼ ਪੂਰਨ ਗਿਆਨੀ ਪੁਰਸ਼ ਹੀ ਕਰ ਸਕਦੇ ਹਨ ਕਿਉਂਕਿ ਉਹ ਕੇਂਦਰ ਵਿਚ ਸਥਿਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਸਤਿ ਦਾ ਪੂਰਨ ਗਿਆਨ ਹੁੰਦਾ ਹੈ। ਦਾਦਾਜੀ ਵਾਰ-ਵਾਰ ਇਹ ਦਾਅਵਾ ਕਰਦੇ ਹਨ ਕਿ ਉਹ ਗਿਆਨੀ ਪੁਰਸ਼ ਹਨ ਅਤੇ ਉਹ ਦੈਵੀਪੁਣੇ ਦਾ ਮੂਲ ਹੋਣ ਕਾਰਨ ਜਗਿਆਸੂ ਦੀ ਪਰਮ-ਪਦ ਦੀ ਪ੍ਰਾਪਤੀ ਦੀ ਇੱਛਾ ਪੂਰੀ ਕਰ ਸਕਦੇ ਹਨ। ਪਰੰਤੂ ਇਹ ਜਗਿਆਸੂ ਪ੍ਰਤੀ ਦਯਾ ਦੀ ਭਾਵਨਾ ਨਾਲ ਕੀਤਾ ਜਾਂਦਾ ਹੈ।

ਮੁਕਤੀ ਬਾਰੇ ਦਾਦਾਜੀ ਕਹਿੰਦੇ ਹਨ ਕਿ ਮੁਕਤੀ ਪ੍ਰਾਪਤ ਕਰਨ ਲਈ ਤਪ ਕਰਨ ਜਾਂ ਸੰਨਿਆਸ ਲੈਣ ਦੀ ਲੋੜ ਨਹੀਂ। ਇਸ ਸੰਸਾਰ ਵਿਚ ਰਹਿੰਦਿਆਂ ਅਤੇ ਇਥੋਂ ਦੀਆਂ ਸਭ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਇਆ ਵੀ ਇਹ ਸੰਭਵ ਹੈ ਕਿ ਵਿਅਕਤੀ ਇਕ ਪਲ ਲਈ ਵੀ 'ਆਜ਼ਾਦੀ' ਨੂੰ ਨਾ ਗੰਵਾਏ। ਉਹ ਇਸ ਨੂੰ ਅਕਰਮ ਮਾਰਗ ਜਾਂ ਅਪਵਾਦ ਮਾਰਗ ਕਹਿੰਦੇ ਹਨ : ਉਸ ਸਥਿਤੀ ਵਿਚ ਸ਼ੁੱਧ ਆਤਮਾ ਦੀ ਸਹਿਜ ਅਵਸਥਾ ਨੂੰ ਕੁਝ ਵੀ ਨਹੀਂ ਛੂੰਹਦਾ। ਸਾਡਾ ਇਹ ਅਹਿਸਾਸ ਕਰਨਾ ਕਿ ਅਸੀਂ ਵਿਵਸਥਿਤ ਸ਼ਕਤੀ ਦੇ ਹੱਥ ਵਿਚ ਇਕ ਕਠਪੁਤਲੀ ਹਾਂ ਅਤੇ ਉਸ ਦੇ ਅਨੁਸਾਰ ਹੀ ਕੰਮ ਕਰਦੇ ਹਾਂ ਸਾਨੂੰ ਇਸ ਸੰਸਾਰ ਦੇ ਬੰਧਨ ਤੋਂ ਮੁਕਤ ਕਰ ਦਿੰਦਾ ਹੈ। ਦਾਦਾਜੀ ਉਨ੍ਹਾਂ ਲੋਕਾਂ ਉਪਰ ਹਸਦੇ ਹਨ ਜਿਹੜੇ ਘਰ-ਬਾਰ ਅਤੇ ਬਾਲ-ਬੱਚੇ ਤਿਆਗ ਕੇ ਪਹਾੜਾਂ ਵਿਚ ਤਪ ਕਰਨ ਚਲੇ ਜਾਂਦੇ ਹਨ ਅਤੇ ਉਥੇ ਜਾ ਕੇ ਪੌਦੇ ਲਾਉਣ, ਪਸ਼ੂ ਪਾਲਣ ਜਾਂ ਅਜਿਹੇ ਹੋਰ ਧੰਦੇ ਆਰੰਭ ਕਰਕੇ ਇਕ ਨਵਾਂ ਸਮਾਂਨਾਂਤਰ ਜੀਵਨ ਆਰੰਭ ਕਰ ਲੈਂਦੇ ਹਨ ਅਤੇ ਫਿਰ ਉਸ ਨਾਲ ਮੋਹ ਪਾ ਲੈਂਦੇ ਹਨ।

ਦਾਦਾਜੀ ਇਹ ਨਹੀਂ ਕਹਿੰਦੇ ਕਿ ਇਹ ਸੰਸਾਰ ਮਿਥਿਆ ਹੈ। ਉਨ੍ਹਾਂ ਦਾ ਕਥਨ ਹੈ ਕਿ ਇਹ ਸੰਸਾਰ ਅਤੇ ਬ੍ਰਹਮ ਦੋਵੇਂ ਹੀ ਸਤਿ ਹਨ। ਪਰੰਤੂ ਇਹ ਸੰਸਾਰ ਸਾਪੇਖ ਰੂਪ ਵਿਚ ਸਤਿ ਹੈ। ਇਹ ਖ਼ਤਮ ਹੋ ਜਾਂਦਾ ਹੈ ਜਦੋਂ ਕਿ ਬ੍ਰਹਮ ਸਦੀਵੀ ਹੈ। ਅਸੀਂ ਸਿਰਫ਼ ਸਰੀਰ ਜਾਂ ਇਕ ਨਾਮ ਨਹੀਂ ਹਾਂ, ਅਸੀਂ ਸ਼ੁੱਧ ਆਤਮਾ ਹਾਂ ਅਤੇ ਇਹ ਸ਼ੁੱਧ ਆਤਮਾ ਇਕ ਵਿਸ਼ੇਸ਼ ਨਾਂ ਵਾਲੇ ਸਰੀਰ ਦੀ ਦ੍ਰਿਸ਼ਟਾ ਅਤੇ ਗਿਆਤਾ ਹੈ। ਇੰਝ ਦਾਦਾਜੀ ਬ੍ਰਹਮ ਦੇ ਅਦਵੈਤਵਾਦੀ ਸੰਕਲਪ ਦੇ ਨਜ਼ਦੀਕ ਆ ਜਾਂਦੇ ਹਨ। ਹਾਂ, ਉਹ ਇਸ ਸੰਸਾਰ ਨੂੰ ਕਦੇ ਵੀ ਮਿਥਿਆ ਨਹੀਂ ਕਹਿੰਦੇ। ਉਨ੍ਹਾਂ ਦਾ ਮੰਨਣਾ ਹੈ ਕਿ ਮੁਕਤੀ ਆਤਮਾ ਦਾ ਮੂਲ ਸੁਭਾਅ ਹੈ ਅਤੇ ਇਹ ਸਿਰਫ਼ ਇਕ ਗਿਆਨੀ ਪੁਰਸ਼ ਦੀ ਬਦੌਲਤ ਹੀ ਸੰਭਵ ਹੋ ਸਕਦਾ ਹੈ। ਪਰੰਤੂ ਇਹ ਪ੍ਰਾਪਤੀ ਉਦੋਂ ਹੀ ਸੰਭਵ ਹੁੰਦੀ ਹੈ ਜਦੋਂ ਇਕ ਜਗਿਆਸੂ ਇਸ ਪਦ ਦੀ ਪ੍ਰਾਪਤੀ ਹਿਤ ਪੂਰੀ ਤਰ੍ਹਾਂ ਤਿਆਰ ਹੋ ਕੇ ਗਿਆਨੀ ਪੁਰਸ਼ ਪਾਸ ਮਨ ਅੰਦਰ ਪੂਰਨ ਨਿਮਰਤਾ ਧਾਰ ਕੇ ਅਤੇ ਇਹ ਵਿਸ਼ਵਾਸ਼ ਬਣਾ ਕੇ ਕਿ 'ਮੈਨੂੰ ਕੁਝ ਵੀ ਗਿਆਨ ਨਹੀਂ' ਜਾਂਦਾ ਹੈ।

ਦਾਦਾ ਭਗਵਾਨ ਸਰੀਰ ਨੂੰ ਮਸ਼ੀਨਰੀ ਦੀ ਤਰ੍ਹਾਂ ਲੈਂਦੇ ਹਨ ਜਿਸ ਦਾ ਪੂਰਨ-ਗਲਣ

(ਸਿਰਜਣ-ਵਿਸਰਜਣ) ਚਲਦਾ ਰਹਿੰਦਾ ਹੈ: ਇਹ ਗੱਲ ਸੰਸਾਰ ਦੀ ਹਰ ਵਸਤੂ ਉਪਰ ਲਾਗੂ ਹੁੰਦੀ ਹੈ - ਇਹ ਭਾਵੇਂ ਸਰੀਰ ਦੇ ਕਾਰਜ ਹੋਣ ਜਾਂ ਸੋਚ ਦਾ ਸੁਭਾਅ ਜਾਂ ਸੰਸਾਰ ਅੰਦਰ ਪੈਸੇ ਦਾ ਲੈਣ-ਦੇਣ। ਇਕ ਗਿਆਨੀ ਪੁਰਸ਼ ਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਅਤੇ ਉਹ ਦੂਸਰਿਆਂ ਨੂੰ ਵੀ ਇਸ ਸਾਧਾਰਨ ਤੱਥ ਤੋਂ ਜਾਣੂੰ ਕਰਵਾ ਦਿੰਦਾ ਹੈ। ਸਾਡੇ ਕਰਮ ਭਾਵੇਂ ਚੰਗੇ ਹੋਣ ਜਾਂ ਬੁਰੇ ਉਨ੍ਹਾਂ ਦਾ ਫਲ ਸਾਨੂੰ ਹਰ ਹਾਲਤ ਮਿਲਣਾ ਹੀ ਹੈ ਅਤੇ ਜਦੋਂ ਅਸੀਂ ਨਵਾਂ ਜਨਮ ਧਾਰਦੇ ਹਾਂ ਤਾਂ ਕਰਮਾਂ ਦੇ ਪੁਰਾਣੇ ਕਰਜ ਅਦਾ ਕਰਨੇ ਆਰੰਭ ਕਰ ਦਿੰਦੇ ਹਾਂ। ਬਹੁਤ ਜ਼ਿਆਦਾ ਸੋਚਣਾ ਜਾਂ ਚਿੰਤਾ ਕਰਨੀ ਜਾਂ ਬਹੁਤ ਜ਼ਿਆਦਾ ਧਨ ਇਕੱਠਾ ਕਰਨਾ ਇਕ ਹੋਰ ਜਨਮ ਨੂੰ ਸੱਦਾ ਦਿੰਦਾ ਹੈ। ਇਸ ਲਈ ਦਾਦਾਜੀ ਸਾਨੂੰ ਜੀਵਨ ਮਾਨਣ ਦੀ ਸਲਾਹ ਦਿੰਦੇ ਹਨ: ਜੋ ਸਾਡੇ ਪਾਸ ਹੈ ਹੀ ਨਹੀਂ ਉਸ ਦੀ ਚਿੰਤਾ ਕਰਨ ਦੀ ਲੋੜ ਨਹੀਂ।

ਦਾਦਾਜੀ ਦੁਆਰਾ ਵਿਅਕਤ ਸਚਾਈਆਂ ਸਾਧਾਰਨ ਹਨ ਪਰ ਬਹੁਤ ਡੂੰਘੀਆਂ ਅਤੇ ਮਨ ਨੂੰ ਮੁਗਧ ਕਰ ਦੇਣ ਵਾਲੀਆਂ ਹਨ। ਉਹ ਜਗਿਆਸੂਆਂ ਨੂੰ ਖੁਸ਼ ਜੀਵਨ ਜਿਉਣ ਵਿਚ ਮਦਦ ਕਰਦੀਆਂ ਹਨ - ਇਕ ਐਸਾ ਜੀਵਨ ਜਿਸ ਵਿਚ ਜਖੀਰੇਬਾਜੀ, ਚਿੰਤਾ ਜਾਂ ਦੂਸਰਿਆਂ ਨੂੰ ਦੁੱਖ ਪਹੁੰਚਾਉਣ ਵਾਲੀ ਭਾਵਨਾ ਲਈ ਕੋਈ ਥਾਂ ਨਹੀਂ। ਉਹ ਜਗਿਆਸੂਆਂ ਨੂੰ ਸ਼ੁਕਲ ਧਿਆਨ ਦੀ ਸਮਝ ਪ੍ਰਦਾਨ ਕਰਦੀਆਂ ਹਨ। ਇਸ ਧਿਆਨ ਦਾ ਅੰਤਿਮ ਫਲ ਮੁਕਤੀ ਦੀ ਪ੍ਰਾਪਤੀ ਹੁੰਦਾ ਹੈ। ਬੁੱਧੀ ਦੀ ਵਰਤੋਂ ਦਾ ਇਕ ਫਲ ਇਹ ਹੈ ਕਿ ਇਹ ਸਾਨੂੰ ਸੰਸਾਰ ਦੇ ਬੰਧਨ ਵਿਚ ਬੰਨ੍ਹ ਦਿੰਦੀ ਹੈ ਅਤੇ ਸਾਨੂੰ ਰੁਦਰ-ਧਿਆਨ (ਧ੍ਰੋਹ ਅਤੇ ਜ਼ੁਰਮ) ਵਲ ਲੈ ਜਾਂਦੀ ਹੈ। ਦਾਦਾਜੀ ਪਦਾਰਥਕ ਪ੍ਰਗਤੀ ਅਤੇ ਆਤਮਕ ਪ੍ਰਗਤੀ ਦਾ ਫਰਕ ਸਮਝਾ ਦਿੰਦੇ ਹਨ ਪਰੰਤੂ ਮਨੁੱਖ ਦੂਸਰਿਆਂ ਨੂੰ ਸੁਖ ਜਾਂ ਦੁੱਖ ਦੇਣ ਦੇ ਕਾਰਜਾਂ ਰਾਹੀਂ ਪੁੰਨ-ਕਰਮ ਅਤੇ ਪਾਪ-ਕਰਮ ਅਰਜਿਤ ਕਰਦਾ ਰਹਿੰਦਾ ਹੈ।

ਸਿਰਜਣਾ ਅਤੇ ਵਿਨਸਣਾ ਲਗਾਤਾਰ ਚਲਦਾ ਰਹਿੰਦਾ ਹੈ - ਵਿਚਾਰਾਂ ਰਾਹੀਂ ਵੀ ਅਤੇ ਕਰਮਾਂ ਰਾਹੀਂ ਵੀ। ਹਰ ਵਿਅਕਤੀ ਵਖਰੀ ਪ੍ਰਕ੍ਰਿਤੀ ਦਾ ਹੈ ਪਰੰਤੂ ਵਿਅਕਤੀ ਪ੍ਰਕ੍ਰਿਤੀ ਦੇ ਸੁਭਾਅ ਨੂੰ ਪੁਰਸ਼ ਵਿਚ ਲੀਨ ਹੋ ਕੇ ਹੀ ਸਮਝ ਸਕਦਾ ਹੈ। ਦਾਦਾਜੀ ਦਾ ਵਿਸ਼ਵਾਸ਼ ਹੈ ਕਿ ਸ਼ੁੱਧ ਆਤਮਾ ਉਨ੍ਹਾਂ ਗੁਣਾਂ, ਵਿਸ਼ੇਸ਼ਤਾਵਾਂ ਨਾਲ ਭਰਪੂਰ ਹੈ ਜਿਹੜੀਆਂ ਪ੍ਰਕ੍ਰਿਤੀ ਤੋਂ ਦੂਰ ਹਨ - ਅਨੰਤ ਗਿਆਨ, ਅਨੰਤ ਕਲਪਨਾ, ਅਨੰਤ ਸ਼ਕਤੀ ਅਤੇ ਅਨੰਤ ਅਨੰਦ ਦਾ ਘਰ। ਪਰੰਤੂ ਸ਼ੁੱਧ ਆਤਮਾ ਆਪਣੇ ਇਨ੍ਹਾਂ ਗੁਣਾਂ ਤੋਂ ਭਿੰਨ ਨਹੀਂ ਹੈ ਅਤੇ ਅਨੰਤਤਾ ਇਸ ਦਾ ਮੂਲ ਸੁਭਾਅ ਹੈ। ਜਿਹੜਾ ਵਿਅਕਤੀ ਸ਼ੁੱਧ ਆਤਮਾ ਨੂੰ ਵਰਤਦਾ ਹੈ ਉਸ ਨੂੰ ਹਰ ਥਾਂ ਸ਼ੁੱਧਤਾ ਹੀ ਨਜ਼ਰ ਆਉਂਦੀ ਹੈ।

ਮਾਇਆ ਦੀ ਵਿਆਖਿਆ ਕਰਦੇ ਹੋਏ ਦਾਦਾਜੀ ਕਹਿੰਦੇ ਹਨ ਕਿ ਅਸੀਂ ਸੌਖਿਆ ਹੀ ਇਸ ਨਾਲ ਜੁੜ ਸਕਦੇ ਹਾਂ। ਉਹ ਮੰਨਦੇ ਹਨ ਕਿ ਮਾਇਆ ਹੀ ਮੁਕਤੀ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਹੈ ਪਰੰਤੂ ਧਰਮ-ਗਰੰਥਾਂ ਵਿਚ ਮਾਇਆ ਦਾ ਵਿਵਰਣ ਸਿਰਫ਼

ਚਿੰਨਾਤਮਕ ਭਾਸ਼ਾ ਵਿਚ ਹੀ ਕੀਤਾ ਗਿਆ ਹੈ। ਮਾਇਆ ਦੇ ਬਾਰੇ ਦਾਦਾਜੀ ਦਾ ਕਥਨ ਹੈ ਕਿ ਮਾਇਆ ਦੇ ਛੇ ਪੁੱਤਰ ਹਨ – ਕ੍ਰੋਧ, ਹੰਕਾਰ, ਧ੍ਰੋਹ, ਲੋਭ, ਮੋਹ ਅਤੇ ਘ੍ਰਿਣਾ। ਸੱਤਵੀਂ ਆਪ ਉਹ ਹਉਮੈਂ ਹੈ ਅਤੇ ਜਿੰਨੀ ਦੇਰ ਤੱਕ ਹਉਮੈਂ ਜੀਵਿਤ ਹੈ – ਬਾਕੀ ਭਾਵੇਂ ਛੇ ਦੇ ਛੇ ਪੁੱਤਰ ਹੀ ਮਾਰੇ ਜਾਣ – ਉਨੀ ਦੇਰ ਤੱਕ ਇਹ ਛੇ ਮੁੜ-ਸੁਰਜੀਤ ਹੁੰਦੇ ਰਹਿਣਗੇ। ਮਾਇਆ ਹੋਰ ਕੁਝ ਨਹੀਂ ਸਿਵਾਇ ਇਕ ਭਰਮ, ਇਕ ਭੁਲੇਖੇ ਦੇ। ਜਦੋਂ ਤੱਕ ਵਿਅਕਤੀ ਗਿਆਨੀ ਪੁਰਸ਼ ਦੀ ਸਹਾਇਤਾ ਨਾਲ ਸਵੈ-ਪਹਿਚਾਣ ਦੀ ਸਥਿਤੀ ਉਪਰ ਨਹੀਂ ਪਹੁੰਚ ਜਾਂਦਾ ਉਹ ਮਾਇਆ ਦੇ ਜਾਲ ਵਿਚ ਫਸਿਆ ਰਹੇਗਾ।

ਦਾਦਾ ਭਗਵਾਨ ਵੇਦਾਂਤ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ "ਜਦੋਂ ਅਸ਼ੁੱਧਤਾ, ਦੁਚਿੱਤੀ (ਵਿਰਕਸ਼ਣ) ਅਤੇ ਅਗਿਆਨਤਾ (ਮਲ-ਵਿਕਸ਼ੇਪ-ਅਗਿਆਨ) ਖ਼ਤਮ ਹੋਣਗੇ ਤਾਂ ਹੀ ਵਿਅਕਤੀ ਮੁਕਤੀ ਪ੍ਰਾਪਤ ਕਰੇਗਾ"। ਇਸੇ ਤਰ੍ਹਾਂ ਜੈਨ ਮਤ ਅਨੁਸਾਰ "ਮੋਹ, ਘ੍ਰਿਣਾ ਅਤੇ ਅਗਿਆਨਤਾ (ਰਾਗ-ਦਵੇਸ਼-ਅਗਿਆਨ) ਜਦੋਂ ਮਰ ਲਏ ਜਾਂਦੇ ਤਾਂ ਮੁਕਤੀ ਪ੍ਰਾਪਤ ਹੁੰਦੀ ਹੈ।" ਇਨ੍ਹਾਂ ਉਪਰੋਕਤ ਉਦਾਹਰਣਾਂ ਦੇ ਰਾਹੀਂ ਉਹ ਇਹ ਗੱਲ ਜ਼ੋਰ ਦੇ ਕੇ ਦਰਸਾਉਣਾ ਚਾਹੁੰਦੇ ਹਨ ਕਿ ਅਗਿਆਨਤਾ ਨੂੰ ਦੂਰ ਕਰਨ ਦੀ ਗੱਲ ਦੋਹਾਂ ਵਿਚਾਰਧਾਰਾਵਾਂ ਵਿਚ ਹੀ ਕਹੀ ਗਈ ਹੈ। ਅਗਿਆਨਤਾ ਨੂੰ ਦੂਰ ਕਰਨ ਹਿਤ ਜ਼ਰੂਰੀ ਹੈ ਗਲਤ ਵਸਤਾਂ ਪ੍ਰਤੀ ਮੋਹ ਦੀ ਭਾਵਨਾ ਨੂੰ ਮਾਰਨਾ ਅਤੇ ਸਮੁੱਚਾ ਧਿਆਨ ਸ਼ੁੱਧ ਆਤਮਾ ਉਪਰ ਕੇਂਦ੍ਰਿਤ ਕਰਨਾ।

ਜਗਿਆਸੂਆਂ ਦੇ ਭਲੇ ਹਿਤ ਦਾਦਾਜੀ ਇਕ ਘੱਟ ਗੁੰਝਲਦਾਰ ਤਰੀਕਾ ਸੁਝਾਉਦੇ ਹਨ। ਬਹੁਤ ਹੀ ਸੌਖੇ ਸ਼ਬਦਾਂ ਰਾਹੀਂ ਉਹ ਸਮਝਾਉਂਦੇ ਹਨ ਕਿ ਸ਼ਬਦ (ਭਾਵ ਬੋਲ-ਚਾਲ), ਚੁੱਪ ਜਾਂ ਮੌਨ, ਬਾਹਰੀ ਸਰੀਰ, ਆਂਤਰਿਕ ਸੂਖ਼ਮ ਸਰੀਰ ਨੂੰ ਕਿਵੇਂ ਵਰਤੋਂ ਵਿਚ ਲਿਆਉਣਾ ਹੈ ਅਤੇ ਮਨ ਦੇ ਕੰਮ-ਕਾਜ ਨੂੰ ਕਿਵੇਂ ਵਿਵਸਥਿਤ ਕਰਨਾ ਹੈ। ਇਹ ਸਭ ਸੂਖ਼ਮ ਗੰਢਾਂ ਹਨ। ਜਿਹੜੇ ਵਿਚਾਰ ਸਾਨੂੰ ਵਾਰ-ਵਾਰ ਆਉਂਦੇ ਰਹਿੰਦੇ ਹਨ ਉਹ ਵਡੇਰੀਆਂ ਗੰਢਾਂ ਹਨ ਅਤੇ ਕਦੇ -ਕਦਾਈਂ ਆਉਣ ਵਾਲੇ ਵਿਚਾਰ ਛੋਟੀਆਂ ਗੰਢਾਂ ਹਨ। ਮਨ ਨੂੰ ਰੋਕਣ ਦਾ ਯਤਨ ਕਰਨ ਦੇ ਨਤੀਜੇ ਵਜੋਂ ਇਹ ਦੁੱਗਣੀ ਸਪੀਡ ਉਪਰ ਦੌੜਨ ਲਗਦਾ ਹੈ ਅਤੇ ਸੰਨਿਆਸ ਲੈਣ ਅਤੇ ਯੋਗ, ਆਦਿ ਵਿਧੀਆਂ ਰਾਹੀਂ ਵੀ ਇਸ ਨੂੰ ਨਿਯੰਤਰਣ ਕਰ ਸਕਣਾ ਸੰਭਵ ਨਹੀਂ ਹੈ। ਮਨ ਨੂੰ ਜਿੱਤਣ ਦਾ ਇਕੋ-ਇਕ ਤਰੀਕਾ ਹੈ ਸਹੀ ਗਿਆਨ, ਸਿਰਫ਼ ਗਿਆਤਾ ਅਤੇ ਦ੍ਰਸ਼ਟਾ ਬਣੇ ਰਹਿਣਾ, ਪੂਰੀ ਤਰ੍ਹਾਂ ਨਿਰਲੇਪ ਹੋਣਾ, ਸ਼ੁੱਧ ਆਤਮਾ ਉਪਰ ਸਦਾ ਧਿਆਨ ਕੇਂਦ੍ਰਿਤ ਰਖਣਾ। ਇਸ ਤਰ੍ਹਾਂ ਵਿਅਕਤੀ ਸੰਪੂਰਨ ਨਿਰਲੇਪਤਾ ਦੀ ਸਥਿਤੀ ਪ੍ਰਾਪਤ ਕਰ ਲੈਂਦਾ ਹੈ।

ਦਾਦਾਜੀ ਮਨ, ਮਨ ਦੀ ਸੁਮੇਲਤਾ ਜਾਂ ਬੇ-ਮੇਲ ਹੋਣਾ, ਮਨ ਦਾ ਵਿਵਹਾਰ ਅਤੇ ਸੁਭਾਅ ਅਤੇ ਮਨ ਦੀਆਂ ਗੰਢਾਂ ਨੂੰ ਖ਼ਤਮ ਕਰਨ ਦੇ ਵਿਸ਼ੇ ਉਪਰ ਭਰਪੂਰ ਵਿਸਥਾਰ ਵਿਚ ਚਰਚਾ ਕਰਦੇ ਹਨ। ਉਹ ਇਹ ਵੀ ਦਰਸਾਉਂਦੇ ਹਨ ਕਿ ਮਨ ਅਤੇ ਆਤਮਾ ਗੇਸ਼ ਅਤੇ ਗਿਆਤਾ ਦੇ ਰਿਸ਼ਤੇ ਵਿਚ ਬੱਝੇ ਹੋਏ ਹਨ। ਬੁੱਧੀ ਅਤੇ ਅਕਲ ਦੀ ਕਾਰਜ-ਵਿਧੀ ਅਤੇ

ਧਨ-ਦੌਲਤ ਦੀ ਪ੍ਰਾਪਤੀ ਹਿਤ ਸਿਆਣਪ ਦੀ ਵਰਤੋਂ ਬਾਰੇ ਦਰਸਾ ਕੇ ਉਹ ਇਕ ਸਦਾਚਾਰਕ ਜੀਵਨ ਜਿਉਣ ਦੀ ਸਲਾਹ ਦਿੰਦੇ ਹਨ। ਉਹ ਇਹ ਵੀ ਵਿਸਤ੍ਰਿਤ ਚਰਚਾ ਕਰਦੇ ਹਨ ਕਿ ਕਿਵੇਂ ਚਿੱਤ ਸ਼ੁੱਧ ਸਿਆਣਪ ਅਤੇ ਸ਼ੁੱਧ ਅੰਤਰ-ਪ੍ਰੇਰਣਾ ਹੀ ਹੈ ਅਤੇ ਖੁਸ਼ੀ ਦੀ ਖੋਜ ਕਦੇ ਵੀ ਸਾਨੂੰ ਸਦੀਵੀ ਅਨੰਦ ਦੀ ਸਥਿਤੀ ਤੱਕ ਨਹੀਂ ਲਿਜਾ ਸਕਦੀ। ਦਾਦਾਜੀ ਇਕ ਮਹਾਨ ਮਿਹਰਬਾਨ ਦੀ ਤਰ੍ਹਾਂ ਕਿੰਨੀਆਂ ਹੀ ਸਾਧਾਰਨ ਉਦਾਹਰਣਾਂ ਦੀ ਸਹਾਇਤਾ ਨਾਲ ਦਸਦੇ ਹਨ ਕਿ ਹਉਮੈਂ ਮਨੁੱਖ ਦੇ ਆਵਾਗਵਣ ਦੇ ਚੱਕਰ ਨੂੰ ਲੰਮੇਰਾ ਕਰ ਦਿੰਦੀ ਹੈ ਅਤੇ ਮੁਕਤੀ ਪ੍ਰਾਪਤੀ ਹਿਤ ਦੁਨਿਆਵੀ ਜੀਵਨ ਨੂੰ ਤਿਆਗ ਕੇ ਸੰਨਿਆਸ ਲੈਣ ਦੀ ਲੋੜ ਨਹੀਂ ਬਲਕਿ ਲੋੜ ਹੈ ਹਉਮੈਂ ਅਤੇ ਮੋਹ ਨੂੰ ਤਿਆਗਣ ਦੀ।

ਦਾਦਾਜੀ ਅਤਿ ਡੂੰਘੀਆਂ ਦਾਰਸ਼ਨਿਕ ਸੱਚਾਈਆਂ ਨੂੰ ਬਹੁਤ ਹੀ ਸਬੁੱਧ ਅਤੇ ਸੁਖਾਲੇ ਤਰੀਕੇ ਨਾਲ ਜਗਿਆਸੂਆਂ ਨੂੰ ਸਮਝਾ ਦਿੰਦੇ ਹਨ। ਇਹ ਸੱਚਾਈਆਂ ਸੰਸਾਰ ਦੀ ਉਤਪਤੀ ਅਤੇ ਮੌਜੂਦਾ ਸਥਿਤੀ, ਪ੍ਰਤਿਸ਼ਠਿਤ ਆਤਮਾ ਦਾ ਰੋਲ, ਸ਼ੁੱਧ ਆਤਮਾ ਦੀ ਕਾਰਜ-ਵਿਧੀ ਅਤੇ ਚੇਤਨਾ ਅਤੇ ਸਰੀਰ ਦੇ ਗੁਣਾਂ ਨਾਲ ਸੰਬੰਧਤ ਹਨ। ਉਹ ਸਰੀਰ ਨੂੰ 'ਨਿਸਚੇਤਨਾ ਚੇਤਨ' ਕਹਿੰਦੇ ਹਨ ਅਤੇ ਮਨੁੱਖ ਲਈ ਮੁਕਤ-ਪਦ ਦੀ ਪ੍ਰਾਪਤੀ ਦੀ ਅਹਿਮੀਅਤ ਵੀ ਦਰਸਾਉਂਦੇ ਹਨ। ਇਸ ਸਾਰੀ ਚਰਚਾ ਰਾਹੀਂ ਦਾਦਾਜੀ ਪਾਠਕ ਨੂੰ ਇੱਛਾ, ਉਦੇਸ਼, ਨੀਅਤ, ਨੇਕੀ, ਬਦੀ, ਸਰੀਰ ਦੇ ਪ੍ਰਕਾਰ ਅਤੇ ਮਾਨਵੀ ਜਨਮ ਦੀ ਮਹੱਤਾ, ਆਦਿ ਵਿਸ਼ਿਆਂ ਬਾਰੇ ਭਰਪੂਰ ਜਾਣਕਾਰੀ ਦਿੰਦੇ ਹਨ।

ਦਾਦਾ ਭਗਵਾਨ ਦੀਆਂ ਸਿੱਖਿਆਵਾਂ ਵਿਚ ਡੂੰਘੀ ਨੈਤਿਕਤਾ ਦਰਸਾਈ ਗਈ ਮਿਲਦੀ ਹੈ। ਉਹ ਜਗਿਆਸੂਆਂ ਨੂੰ ਸਹੀ ਵਿਵਹਾਰ, ਕਰਮ ਅਰਜਿਤ ਕਰਨ ਹਿਤ ਉਦਵੇਗ ਦੇ ਰੋਲ ਬਾਰੇ ਅਤੇ ਜੀਵਨ ਵਿਚ ਨੀਂਦ, ਸੁਪਨਾ, ਡਰ, ਆਦਿ ਕੀ ਰੋਲ ਹੈ ਵਿਸ਼ਿਆਂ ਉਪਰ ਚਾਨਣਾ ਪਾਉਂਦੇ ਹਨ। ਉਹ ਸਮਾਯੋਜਨ ਬਨਾਉਣ ਦੀ ਅਹਿਮੀਅਤ, ਕਲਹ ਤੋਂ ਬਚਣ ਅਤੇ ਸੰਜਮੀ ਜੀਵਨ ਜੀਣ ਦੀ ਦੌੜ ਬਾਰੇ ਦਸਦੇ ਹਨ। ਉਹ ਇਹ ਵੀ ਦਸਦੇ ਹਨ ਕਿ ਵਿਸ਼ਿਆਂ ਵਿਚ ਗ੍ਰਸਿਤ ਰਹਿਣਾ ਸਾਨੂੰ ਕਿਵੇਂ ਮੁਕਤ-ਪਦ ਪ੍ਰਾਪਤ ਕਰਨ ਤੋਂ ਰੋਕਦਾ ਹੈ। ਦਾਦਾਜੀ ਅਨੁਸਾਰ, ਜਿਸ ਜਗਿਆਸੂ ਨੂੰ ਉਹ ਗਿਆਨ ਦੇ ਦਿੰਦੇ ਹਨ - ਉਹ ਗਿਆਨ ਜਿਸ ਦਾ ਸਵਾਦ ਸਭ ਤੋਂ ਮਿੱਠਾ ਅਤੇ ਵਿਕਲੋਤਰਾ ਹੈ - ਉਸ ਵਿਅਕਤੀ ਨੂੰ ਸੰਸਾਰ ਦਾ ਹੋਰ ਕੋਈ ਰਸ ਉਸ ਦੇ ਬਰਾਬਰ ਦਾ ਸੁਆਦੀ ਨਹੀਂ ਲਗਦਾ।

ਉਹ ਇਕ ਹੋਰ ਹੈਰਾਨਕੁਨ ਸਿੱਖਿਆ ਦਿੰਦੇ ਹਨ - ਗਲਤੀ ਉਸੇ ਦੀ ਹੈ ਜਿਹੜਾ ਦੁੱਖ ਭੋਗਦਾ ਹੈ ਕਿਉਂਕਿ ਇਹ ਤਾਂ ਕੁਦਰਤ ਦਾ ਕਸੂਰਵਾਰ ਨੂੰ ਸਜਾ ਦੇਣ ਦਾ ਆਪਣਾ ਨਿਯਮ ਹੈ। ਹਰ ਵਿਅਕਤੀ ਨੇ ਆਪਣੇ ਕੀਤੇ ਕਰਮਾਂ ਦਾ ਫਲ ਭੋਗਣਾ ਹੁੰਦਾ ਹੈ ਅਤੇ ਇਹ ਵਿਵਸਥਿਤ ਸ਼ਕਤੀ ਦੇ ਕਾਨੂੰਨ ਅਧੀਨ ਹੁੰਦਾ ਹੈ। ਦੁੱਖ ਪਹੁੰਚਾਉਣ ਵਾਲਾ ਵਿਅਕਤੀ ਜਾਂ ਵਸਤੂ ਤਾਂ ਇਕ ਸਾਧਨ ਮਾਤਰ ਹੈ। ਜਿੰਨਾ ਵੱਧ ਜਾਂ ਘੱਟ ਦੁੱਖ ਉਹ ਭੋਗਦਾ ਹੈ ਉਹ ਉਸ ਵਿਅਕਤੀ ਦੁਆਰਾ

ਕੀਤੀ ਛੋਟੀ ਜਾਂ ਵੱਡੀ ਗਲਤੀ ਦਾ ਸੂਚਕ ਹੈ। ਪਰੰਤੂ ਆਪਣੀਆਂ ਖਾਮੀਆਂ ਵਿਅਕਤੀ ਤਾਂ ਹੀ ਦੇਖ ਸਕਦਾ ਹੈ ਜੇ ਉਸ ਉਪਰ ਗਿਆਨੀ ਪੁਰਸ਼ ਦੀ ਮਿਹਰ ਹੋ ਜਾਵੇ। ਆਪਣੀਆਂ ਗਲਤੀਆਂ ਨੂੰ ਇਸ ਤਰ੍ਹਾਂ ਦੀ ਨਿਰਪੱਖਤਾ ਨਾਲ ਵੇਖਣ ਸਦਕਾ ਵਿਅਕਤੀ ਆਪਣੇ ਸਵੈ ਨੂੰ ਪਹਿਚਾਣ ਲੈਂਦਾ ਹੈ, ਆਪਣੇ ਨਿਜੀ ਵਿਅਕਤਿਤਵ ਨੂੰ ਪਹਿਚਾਣ ਲੈਂਦਾ ਹੈ। ਕਰਮ ਕਿਸ ਢੰਗ ਨਾਲ ਵਿਅਕਤੀ ਨੂੰ ਉਸ ਦੀ ਆਪਣੀ ਗਲਤੀ ਰਾਹੀਂ ਬੰਧਨ ਵਿਚ ਬੰਨ ਦਿੰਦੇ ਹਨ ਅਤੇ ਵਿਅਕਤੀ ਇਨ੍ਹਾਂ ਖਾਮੀਆਂ ਅਤੇ ਗਲਤੀਆਂ ਨੂੰ ਕਿਵੇਂ ਦੂਰ ਕਰ ਸਕਦਾ ਹੈ ਇਹ ਸਭ ਇਸ ਪੁਸਤਕ ਵਿਚ ਬੜੇ ਹੀ ਸੁੰਦਰ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ।

ਦਾਦਾ ਭਗਵਾਨ ਹੋਰ ਵੀ ਅਨੇਕਾਂ ਵਿਸ਼ਿਆਂ ਜਿਹਾ ਕਿ ਸਵੈ ਦਾ ਨਿਜੀ ਇੱਛਾ-ਪੂਰਤੀ ਹਿਤ ਗ੍ਰਸਿਤ ਰਹਿਣਾ, ਜ਼ਿੱਦ, ਕੱਟੜਤਾ, ਵਿਰੋਧਤਾ, ਦੁਸ਼ਮਣੀ, ਬਦਲਾ ਅਤੇ ਕਲਹ ਨੂੰ ਵੀ ਸੁੰਦਰਾਂ ਸ਼ਬਦਾਂ ਰਾਹੀਂ ਅਭਿਵਿਅਕਤ ਕੀਤਾ ਗਿਆ ਹੈ। ਉਹ ਇਹ ਵੀ ਸਪਸ਼ਟ ਕਰਦੇ ਹਨ ਕਿ ਕਿਵੇਂ ਅਗਿਆਨਤਾ ਦੇ ਪਰਦੇ ਦੇ ਕਾਰਨ ਅਣਗਿਣਤ ਪਰਮਾਣੂਆਂ ਦੀਆਂ ਤਰੰਗਾਂ ਦੁਨਿਆਵੀ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਨਾਲ ਮਨ ਦੇ ਬੰਧਨ ਪੈਦਾ ਹੁੰਦੇ ਹਨ। ਦਾਦਾਜੀ ਇਹ ਵੀ ਦਰਸਾਉਂਦੇ ਹਨ ਕਿ ਇਨ੍ਹਾਂ ਤਰੰਗਾਂ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ। ਖੁਸ਼ੀ ਅਤੇ ਗਮੀ ਮਨ ਦਾ ਪ੍ਰਗਟਾਵਾ ਹਨ। ਯਾਦਾਸ਼ਤ ਕਿਵੇਂ ਮਨ ਅੰਦਰ ਖਿੱਚ ਅਤੇ ਤਣਾਅ ਪੈਦਾ ਕਰਦੀ ਹੈ ਅਤੇ ਕਿਵੇਂ ਸੌਖ ਅਤੇ ਔਖ ਸਿਰਫ਼ ਮਨ ਦੇ ਬੰਧਨ ਹਨ।

ਦਾਦਾਜੀ ਆਪਣੇ ਪ੍ਰਵਚਨਾਂ ਵਿਚ ਇਹ ਵੀ ਦਰਸਾਉਂਦੇ ਹਨ ਕਿ ਕਰਮਾਂ ਦਾ ਚਾਰਜ ਅਤੇ ਡਿਸਚਾਰਜ, ਸਿਰਜਣ ਅਤੇ ਵਿਸਰਜਣ ਕਿਵੇਂ ਹੁੰਦਾ ਹੈ ਅਤੇ ਕਿਵੇਂ ਸਵੈ-ਪਹਿਚਾਣ ਉਪਰੰਤ ਕਰਮ ਮੁੜ ਚਾਰਜ ਨਹੀਂ ਹੁੰਦੇ। ਉਹ ਮੋਹ ਅਤੇ ਮਾਇਆ ਦੇ ਸੁਭਾਅ ਅਤੇ ਇਹ ਕਿਸ ਤਰ੍ਹਾਂ ਕਰਮਾਂ ਨੂੰ ਚਾਰਜ ਅਤੇ ਡਿਸਚਾਰਜ ਕਰਨ ਦਾ ਕੰਮ ਕਰਦੀਆਂ ਹਨ ਬਾਰੇ ਵੀ ਚਰਚਾ ਕਰਦੇ ਹਨ। ਮਨੁੱਖ ਦੇ ਅਸਲੀ ਸਵੈ ਨੂੰ ਕਿਸੇ ਪ੍ਰਕਾਰ ਦੀ ਖ਼ੁਰਾਕ ਦੀ ਲੋੜ ਨਹੀਂ। ਦਾਦਾਜੀ ਸਾਨੂੰ ਸੰਸਾਰ ਦਾ ਤਿਆਗ ਕਰਨ ਦੀ ਸਲਾਹ ਨਹੀਂ ਦਿੰਦੇ ਸਗੋਂ ਸੰਸਾਰਕ ਜਿੰਮੇਵਾਰੀਆਂ ਨਿਭਾਉਂਦੇ ਹੋਏ ਧਰਮੀ ਜੀਵਨ ਜੀਣ ਦੀ ਸਲਾਹ ਦਿੰਦੇ ਹਨ। ਖ਼ੁਦ ਨੂੰ ਪ੍ਰਸਥਿਤੀਆਂ ਵਿਚ ਗੁਆ ਲੈਣਾ ਆਵਾਗਵਣ ਨੂੰ ਪਕੇਰਾ ਕਰਦਾ ਹੈ ਜਦੋਂ ਕਿ ਸਵੈ ਦਾ ਗਿਆਤਾ ਹੋਣਾ ਦੈਵੀਪੁਣੇ ਵੱਲ ਲਿਜਾਂਦਾ ਹੈ।

ਦਾਦਾਜੀ ਜਗਿਆਸੂਆਂ ਨੂੰ ਤ੍ਰਿ-ਯੋਗ ਦਾ ਅਨੁਸਰਣ ਕਰਨ ਲਈ ਕਹਿੰਦੇ ਹਨ ਕਿਉਂਕਿ ਇਹ ਆਤਮਕ ਯਾਤਰਾ ਦੀ ਸ਼ੁਰੂਆਤ ਹੈ। ਗਿਆਨ ਯੋਗ ਸਰਵ-ਉੱਚ ਸਿਧਾਂਤ ਹੈ ਜਦੋਂ ਕਿ ਆਤਮ-ਯੋਗ ਦਾ ਭਾਵ ਨਿਜ-ਸਰੂਪ ਦੀ ਪਹਿਚਾਣ ਹੈ। ਉਹ ਪੂਰਨ ਨਿਮਰਤਾ ਸਹਿਤ ਖ਼ੁਦ ਨੂੰ ਗੁਰੂ ਦੇ ਰੂਪ ਵਿਚ ਪੇਸ਼ ਕਰਦੇ ਹਨ ਅਤੇ ਜਗਿਆਸੂਆਂ ਨੂੰ, ਜਦੋਂ ਵੀ ਨਿਰਾਸ਼ ਹੋਣ ਅਤੇ ਮੁਕਤੀ ਦੇ ਜਾਚਕ ਹੋਣ, ਆਪਣੇ ਕੋਲ ਆਉਣ ਦੀ ਸਲਾਹ ਦਿੰਦੇ ਹਨ। ਉਨ੍ਹਾਂ ਦਾ ਕਥਨ ਹੈ ਕਿ ਦੁਨਿਆਵੀ ਜੀਵਨ ਵਿਚ ਕੋਈ ਬੁਰਾਈ ਨਹੀਂ ਹੈ ਸਿਵਾਇ ਵਿਅਕਤੀ ਦੀ ਇਸ ਬਾਰੇ

ਆਪਣੀ ਸਮਝ ਦੇ ਅਤੇ ਉਸ ਦੁਆਰਾ ਸੰਸਾਰ ਉਪਰ ਬਣਾਈ ਆਪਣੀ ਨਿਰਭਰਤਾ ਦੇ।

ਆਪਣੇ ਪ੍ਰਵਚਨਾਂ ਰਾਹੀਂ ਦਾਦਾਜੀ ਇਹ ਸਪਸ਼ਟ ਕਰ ਦਿੰਦੇ ਹਨ ਕਿ ਉਹ ਪੂਰਨ ਗਿਆਨੀ ਪੁਰਸ਼ ਹਨ, ਜਗਿਆਸੂਆਂ ਪ੍ਰਤੀ ਕ੍ਰਿਪਾਲੂ ਹਨ ਅਤੇ ਦੁਨਿਆਵੀਂ ਝੰਜਟਾਂ ਤੋਂ ਅਜ਼ਾਦ ਹੋਣ ਹਿਤ ਉਨ੍ਹਾਂ ਨੂੰ ਅਥਾਹ ਆਤਮਕ ਸ਼ਕਤੀ ਵੀ ਪ੍ਰਦਾਨ ਕਰਦੇ ਹਨ। ਪ੍ਰਸ਼ਨਾਂ ਦੇ ਉੱਤਰ ਦਿੰਦੇ ਹੋਇਆਂ ਉਹ ਜਗਿਆਸੂਆਂ ਦੇ ਮਨਾਂ ਉਪਰੋਂ ਅਗਿਆਨਤਾ ਦਾ ਪਰਦਾ ਹਟਾ ਦਿੰਦੇ ਹਨ ਅਤੇ ਉਨ੍ਹਾਂ ਨੂੰ ਇਕ ਅਰਥ-ਭਰਪੂਰ ਜੀਵਨ ਜੀਅ ਸਕਣ ਯੋਗ ਬਣਾ ਦਿੰਦੇ ਹਨ। ਆਪਣੇ ਇਨ੍ਹਾਂ ਪ੍ਰਵਚਨਾਂ ਰਾਹੀਂ ਉਨ੍ਹਾਂ ਨੇ ਜਗਿਆਸੂਆਂ ਦੀ ਖੁਸ਼ੀ ਦੀ ਖੋਜ ਕਰਨ ਵਿਚ ਅਤੇ ਇਕ ਸਚਮੁੱਚ ਅਰਥ-ਭਰਪੂਰ ਜੀਵਨ ਜੀਣ ਵਿਚ ਬਹੁਤ ਸਹਾਇਤਾ ਕੀਤੀ ਹੈ। ਜਗਿਆਸੂਆਂ ਦੇ ਜੀਵਨ ਨੂੰ ਸਦਾਚਾਰੀ, ਪ੍ਰੇਮ ਅਤੇ ਕਰਣਾ ਨਾਲ ਭਰਪੂਰ ਅਤੇ ਨਿਸ਼ਕਾਮ ਕਰਮ ਕਰਨ ਦਾ ਅਨੁਸਾਰੀ ਬਣਾ ਦੇਣ ਵਿਚ ਮਦਦ ਕਰਦੇ ਹਨ। ਦਾਦਾਜੀ ਦੇ ਪ੍ਰਵਚਨਾਂ ਨੂੰ ਸੁਨਣਾ ਇਕ ਆਤਮਕ ਅਨੁਭਵ ਹੈ ਅਤੇ ਇਹ ਪੁਸਤਕ ਵਿਅਕਤੀ ਦੀ ਇਸ ਸੰਸਾਰ ਅਤੇ ਸੰਸਾਰੀ ਜੀਵਨ ਵਿਚ ਅਰਥ ਲੱਭਣ ਦੀ ਮੁੱਢਲੀ ਲੋੜ ਨੂੰ ਪੂਰਾ ਕਰਦੀ ਹੈ।

**ਕੱਤਕ ਸ਼ੁਕਲ 5, 2015**

**ਗੋਦਬਰਿਸ਼ ਮਿਸ਼ਰਾ**
ਪ੍ਰੋਫੈਸਰ ਅਤੇ ਮੁਖੀ, ਦਰਸ਼ਨ ਵਿਭਾਗ,
ਮਦਰਾਸ ਯੂਨੀਵਰਸਿਟੀ, ਅਤੇ
ਭੂਤਪੂਰਵ ਮੈਂਬਰ-ਸਕੱਤਰ
ਇੰਡੀਅਨ ਕੌਂਸਿਲ ਆਫ਼ ਫ਼ਿਲਾਸਫੀਕਲ ਰੀਸਰਚ,
ਨਵੀਂ ਦਿੱਲੀ।

# ਪ੍ਰਕਾਸ਼ਕੀ

ਸ਼੍ਰੀ ਏ.ਐਮ. ਪਟੇਲ (1908-88), ਜਿਹੜੇ ਗੁਜਰਾਤ ਦੇ ਇਕ ਵਪਾਰੀ ਸਨ ਅਤੇ ਜਿਨ੍ਹਾਂ ਨੂੰ ਪਿਆਰ ਨਾਲ ਦਾਦਾ ਭਗਵਾਨ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਇਕ ਪੂਰਨ ਗਿਆਨੀ ਪੁਰਸ਼ ਸਨ। ਉਹ ਪਵਿੱਤਰ ਪ੍ਰੇਮ, ਸਾਦਾ ਰਹਿਣੀ ਅਤੇ ਉੱਚੀ ਸ਼ੋਚ ਦਾ ਪ੍ਰਤੀਕ ਸਨ। ਉਹ ਆਪਣੇ ਇਸ ਵਿਸ਼ਵਾਸ਼ ਵਿਚ ਸਪਸ਼ਟ ਸਨ ਕਿ ਜਿਸ ਨੂੰ ਲੋਕ ਦਾਦਾ ਭਗਵਾਨ ਦੇ ਤੌਰ 'ਤੇ ਜਾਣਦੇ ਹਨ ਉਹ ਉਨ੍ਹਾਂ ਦੇ ਅੰਦਰ ਇਕ ਵਖਰੀ ਹਸਤੀ ਹੈ ਜਦੋਂ ਕਿ ਉਹ ਖ਼ੁਦ ਅੰਬਾ ਲਾਲ ਪਟੇਲ ਹਨ। ਉਨ੍ਹਾਂ ਪਾਸ ਵਿਆਖਿਆ ਕਰਨ ਦੀ ਅਦੁੱਤੀ ਯੋਗਤਾ ਸੀ ਅਤੇ ਉਹ ਜਗਿਆਸੂਆਂ ਨੂੰ ਆਪਣੇ ਸੰਵਾਦਾਂ ਰਾਹੀਂ ਜੀਵਨ ਅਤੇ ਜੀਵਨ-ਜਾਚ ਪ੍ਰਤੀ ਸਾਧਾਰਨ ਅਤੇ ਸੌਖੀ ਭਾਸ਼ਾ ਵਿਚ ਡੂੰਘਾ ਗਿਆਨ ਦੇ ਦਿੰਦੇ ਸਨ। ਹੋਲਿਸਟਿਕ ਸਾਇੰਸ ਰੀਸਰਚ ਸੈਂਟਰ ਅਤੇ ਇਸ ਦੇ ਟਰੱਸਟੀ ਉਨ੍ਹਾਂ ਦੇ ਸੰਵਾਦਾਂ ਨੂੰ ਗੁਜਰਾਤੀ ਵਿਚੋਂ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਸਨਮਾਨਤ ਮਹਿਸੂਤ ਕਰਦੇ ਹਨ।

ਗੁਜਰਾਤੀ ਆਪਤਬਾਣੀ-I ਵਿਚੋਂ ਅੰਗਰੇਜ਼ੀ ਅਨੁਵਾਦ ਪਹਿਲੀ ਵਾਰ ਸ਼੍ਰੀ ਜੀ.ਏ. ਸ਼ਾਹ ਅਤੇ ਪ੍ਰੋ. ਵਿਸ਼ਨੂ ਪਾਠਕ ਨੇ ਕੀਤਾ ਅਤੇ ਇਹ ਅਨੁਵਾਦਤ ਰੂਪ 1983 ਈ. ਵਿਚ ਪ੍ਰਕਾਸ਼ਤ ਹੋਇਆ। ਕਿਉਂਕਿ ਇਹ ਪੁਸਤਕ ਕਾਫ਼ੀ ਸਮੇਂ ਤੋਂ ਵਿਕ ਚੁੱਕੀ ਸੀ, ਇਸ ਪ੍ਰਾਜੈਕਟ ਨੂੰ ਰਿਵੀਯੂ ਕਰਨ ਦਾ ਕਾਰਜ 2011 ਤੋਂ 2013 ਤੱਕ ਜਾਰੀ ਰਿਹਾ। ਇਹ ਕਾਰਜਹੋਲਿਸਟਿਕ ਰੀਸਰਚ ਸੈਂਟਰ ਦੇ ਤਤਕਾਲੀਨ ਡਾਇਰੈਕਟਰ, ਡਾ. ਪੀ.ਸੀ. ਪਾਰਿਖ, ਨੇ ਸੰਭਾਲਿਆ। ਇਸ ਕਾਰਜ ਵਿਚ ਉਨ੍ਹਾਂ ਨੂੰ ਪ੍ਰੋ. ਵਿਸ਼ਨੂ ਪਾਠਕ, ਪ੍ਰੋ. ਹਰਿਵਦਨ ਛਿਨਕਨੀਵਾਲਾ, ਡਾ. ਜੇ. ਮਹਿਤਾ ਅਤੇ ਡਾ. ਸ਼ੈਲੇਸ਼ ਮਹਿਤਾ ਨੇ ਸਹਿਯੋਗ ਦਿੱਤਾ।

ਉਪਰੰਤ ਸ਼੍ਰੀ ਹਰੀਸ਼ ਸ਼ਾਹ ਦੀ ਅਗਵਾਈ ਅਧੀਨ ਸ਼੍ਰੀ ਐਲ.ਡੀ. ਪਟੇਲ, ਸ਼੍ਰੀਮਤੀ ਜਯੋਤੀ ਸ਼ਾਹ ਅਤੇ ਡਾ. ਬਾਲਾਜੀ ਗਾਨੋਰਕਰ ਉਪਰ ਆਧਾਰਤ ਇਕ ਸੰਪਾਦਕੀ ਮੰਡਲ ਨੇ ਪ੍ਰਾਜੈਕਟ ਦੇ ਕਾਰਜ ਨੂੰ ਅੱਗੇ ਤੋਰਿਆ। ਡਾ. ਗਾਨੋਰਕਰ ਨੇ ਇਸ ਨੂੰ ਅੰਤਿਮ ਰੂਪ ਦਿੱਤਾ ਅਤੇ 2016 ਵਿਚ ਇਸ ਨੂੰ ਇਕ ਅਤਿ ਸੁੰਦਰ ਗੈਟ-ਅੱਪ ਦੇ ਕੇ ਪ੍ਰਕਾਸ਼ਤ ਕੀਤਾ। ਇਸ ਪ੍ਰਕਾਸ਼ਨਾਂ ਨੂੰ ਪਾਠਕਾਂ ਵਲੋਂ ਭਰਪੂਰ ਸ਼ਲਾਘਾ ਪ੍ਰਾਪਤ ਹੋਈ ਹੈ। ਇਸ ਪੁਸਤਕ ਦੀ ਦਿੱਖ ਨੂੰ ਇੰਨਾ ਸੁੰਦਰ ਰੂਪ ਦੇਣ ਹਿਤ ਸ਼੍ਰੀ ਹਰੀਸ਼ ਬਾਹ ਅਤੇ ਸ਼੍ਰੀ ਪਰਦੀਪ ਪਟੇਲ ਦੀਆਂ ਅਣਥੱਕ ਕੋਸ਼ਿਸ਼ਾਂ ਵੀ ਸ਼ਾਮਲ ਹਨ।

ਕਿਉਂਕਿ ਸਾਡਾ ਪਹਿਲਾ ਐਡੀਸ਼ਨ ਛੇਤੀ ਖ਼ਤਮ ਹੋਣ ਵਾਲਾ ਸੀ, ਇਸ ਲਈ ਦੂਸਰਾ ਐਡੀਸ਼ਨ ਛੇਤੀ ਛਾਪਣ ਦਾ ਫ਼ੈਸਲਾ ਲਿਆ ਗਿਆ। ਇਸ ਸਮੇਂ ਪੁਸਤਕ ਨੂੰ ਹੋਰ ਲਾਹੇਵੰਦ ਬਨਾਉਣ ਲਈ ਉਸੇ ਸੰਪਾਦਕੀ ਮੰਡਲ ਨੂੰ ਇਹ ਕਾਰਜ ਸੌਂਪਿਆ ਗਿਆ ਅਤੇ ਉਨ੍ਹਾਂ ਨੇ ਚੈਪਟਰ ਨੰਬਰ 9, 11, 21, 22, 75, 100 ਅਤੇ 120 ਵਿਚ ਕੁਝ ਹੋਰ ਵਾਧੇ ਕੀਤੇ ਅਤੇ ਜੈ ਸਚਿਦਾਨੰਦ ਟਰੱਸਟ ਦੁਆਰਾ ਪ੍ਰਕਾਸ਼ਤ ਗੁਜਰਾਤੀ ਆਪਤਬਾਣੀ 2, 3 ਅਤੇ 4 ਵਿਚੋਂ ਕੁਝ ਹੋਰ ਸੰਵਾਦ ਲੈ ਕੇ ਇਸ ਵਿਚ ਸੰਮਿਲਤ ਕੀਤੇ।

ਅਸੀਂ ਸ੍ਰੀਮਤੀ ਰਮੀਲਾਬੈਨ ਟੇਲਰ, ਸ਼੍ਰੀ ਪ੍ਰਦੀਪ ਕੇ. ਪਟੇਲ, ਕੁ. ਅਲਪਾ ਭਰੂਚਵਾਲਾ ਅਤੇ ਕੁ. ਸੋਹਿਨੀ ਸ਼ਾਹ ਉਪਰ ਆਧਾਰਤ ਟੀਮ ਦੇ ਦੋਹਾਂ ਐਡੀਸ਼ਨਾਂ ਵਿਚ ਸ਼ਬਦ-ਪ੍ਰੋਸੈਸਿੰਗ ਦੇ ਕੰਮ ਵਿਚ ਪਾਏ ਯੋਗਦਾਨ ਲਈ ਤਹਿ ਦਿਲੋਂ ਰਿਣੀ ਹਾਂ।

ਅਸੀਂ ਡਾ. ਗੋਦਾਬਰਿਸ਼ ਮਿਸ਼ਰਾ, ਮੁਖੀ ਫਿਲਸਾਫੀ ਵਿਭਾਗ, ਮਦਰਾਸ ਯੂਨੀਵਰਸਿਟੀ, ਦੇ ਵੀ ਰਿਣੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੇ ਪਹਿਲੇ ਅਡੀਸ਼ਨ ਲਈ ਇਕ ਵਿਸਤ੍ਰਿਤ ਪ੍ਰਸਤਾਵਨਾ ਲਿਖੀ। ਇਹ ਪ੍ਰਸਤਾਵਨਾ ਪਾਠਕਾਂ ਲਈ ਬਹੁਤ ਲਾਹੇਵੰਦ ਰਹੀ ਹੈ। ਇਸ ਲਈ ਇਸ ਨੂੰ ਦੂਸਰੇ ਐਡੀਸ਼ਨ ਵਿਚ ਵੀ ਉਵੇਂ ਹੀ ਅੰਕਿਤ ਕਰ ਦਿੱਤਾ ਗਿਆ ਹੈ।

ਗਿਆਨੀ ਪੁਰਸ਼ ਸ਼੍ਰੀ ਕਾਨੂੰਭਾਈ ਕੇ. ਪਟੇਲ, ਜਿਨ੍ਹਾਂ ਨੂੰ ਅਸੀਂ ਪ੍ਰੇਮ ਨਾਲ ਕਾਨੂੰਦਾਦਾ ਜੀ ਕਹਿੰਦੇ ਹਾਂ, ਨੇ 1973 ਵਾਲਾ ਪਹਿਲਾ ਗੁਜਰਾਤੀ ਐਡੀਸ਼ਨ ਸੰਕਲਨ ਕਰਦੇ ਸਮੇਂ ਇਸ ਪ੍ਰਾਜੈਕਟ ਦੀ ਅਗਵਾਈ ਕੀਤੀ ਸੀ। ਉਪਰੰਤ ਉਨ੍ਹਾਂ ਪੂਰਨ ਨਿਮਰਤਾ ਅਤੇ ਪਿਆਰ ਸਹਿਤ ਅੰਗਰੇਜ਼ੀ ਅਨੁਵਾਦ ਸਮੇ਼ ਵੀ ਸਾਡੀ ਅਗਵਾਈ ਕੀਤੀ। ਉਨ੍ਹਾਂ ਦਾ ਇਕੋ ਇਕ ਮੰਤਵ ਸਾਰੇ ਪਾਠਕ-ਵਰਗ ਦੇ ਜੀਵਨ ਅਤੇ ਜੀਵਨ-ਜਾਚ ਨੂੰ ਬੇਹਤਰ ਬਨਾਉਣਾ ਹੈ।

ਇਸ ਵਿਸਤ੍ਰਿਤ ਨੂੰ ਐਡੀਸ਼ਨ ਨੂੰ ਵਾਚਣ ਉਪਰੰਤ ਸ਼੍ਰੀ ਕਾਨੂੰਦਾਦਾ ਜੀ ਨੇ ਹੋਲਿਸਟਿਕ ਰੀਸਰਚ ਸੈਂਟਰ ਨੂੰ ਸਲਾਹ ਦਿੱਤੀ ਹੈ ਕਿ ਉਹ ਦਾਦਾ ਭਗਵਾਨ ਦੇ ਸੰਵਾਦਾਂ ਦੇ ਇਸ ਖਜ਼ਾਨੇ ਨੂੰ ਹੋਰ ਘੋਖਣ ਅਤੇ ਹੋਰ ਵਧੇਰੇ ਰਚਨਾਵਾਂ ਪ੍ਰਕਾਸ਼ਤ ਕਰਨ। ਅਸੀਂ ਜੈ ਸਚਿਦਾਨੰਦ ਸੰਘ ਦੇ ਰਿਣੀ ਹਾਂ ਕਿ ਉਨ੍ਹਾਂ ਨੇ ਹੋਲਿਸਟਿਕ ਸਾਇੰਸ ਰੀਸਰਚ ਸੈਂਟਰ ਦੀਆਂ ਪੁਸਤਕਾਂ ਦੇ ਪ੍ਰਕਾਸ਼ਨ ਹਿਤ ਸਾਨੂੰ ਹਮੇਸ਼ਾ ਪੂਰਾ ਸਹਿਯੋਗ ਦਿੱਤਾ ਹੈ।

ਜਿਹੜੇ ਪਾਠਕ ਇਸ ਦਿਸ਼ਾ ਵੱਲ ਵਧੇਰੇ ਅਧਿਐਨ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਹੋਲਿਸਟਿਕ ਸਾਇੰਸ ਰੀਸਰਚ ਸੈਂਟਰ ਨਾਲ ਸੰਪਰਕ ਕਰਨ।

**ਵਸੰਤ ਯੂ. ਪਟੇਲ**
ਪ੍ਰਧਾਨ, ਵੀ.ਵੀ.ਸੀ.ਆਰ
01-03-2019

# ਭੂਮਿਕਾ

ਇਹ ਪੁਸਤਕ ਉਨ੍ਹਾਂ ਸਾਰੇ ਪਾਠਕਾਂ ਲਈ ਹੈ ਜਿਨ੍ਹਾਂ ਦਾ ਜੀਵਨ, ਜੀਵਨ-ਜਾਚ ਅਤੇ ਆਤਮਿਕਤਾ ਪ੍ਰਤੀ ਦ੍ਰਿਸ਼ਟੀਕੋਣ ਸਰਵ-ਪੱਖੀ (holistic) ਹੈ। ਕੁਦਰਤ ਨੇ ਆਪਣੇ ਬਹੁਤ ਸਾਰੇ ਰਹੱਸ ਅਤੇ ਭੇਦ ਦਾਦਾ ਭਗਵਾਨ (ਮਾਨਯੋਗ ਸ਼੍ਰੀ ਏ.ਐਮ. ਪਟੇਲ 1908-88) ਨੂੰ ਬਹੁਤ ਹੀ ਕੁਦਰਤੀ ਅਤੇ ਸਹਿਜ ਢੰਗ ਨਾਲ ਪ੍ਰਗਟ ਕੀਤੇ ਅਤੇ ਦਾਦਾ ਭਗਵਾਨ ਨੇ ਇਹ ਸਾਰਾ ਗਿਆਨ ਖੁਸ਼ੀ-ਖੁਸ਼ੀ ਉਨ੍ਹਾਂ ਸਾਰੇ ਜਗਿਆਸੂਆਂ ਨਾਲ ਸਾਂਝਾ ਕੀਤਾ ਜਿਹੜੇ ਉਨ੍ਹਾਂ ਪਾਸ ਗਿਆਨ ਪ੍ਰਾਪਤੀ ਹਿਤ ਆਏ। ਇਸ ਪੁਸਤਕ ਵਿਚ ਦਰਜ ਜਾਣਕਾਰੀ ਕੁਦਰਤ ਵਲੋਂ ਹੋਏ ਇਲਹਾਮ ਦੇ ਰੂਪ ਵਿਚ ਹੈ ਅਤੇ ਪਾਠਕ ਨੂੰ ਕਈ ਥਾਈਂ ਦਾਦਾ ਭਗਵਾਨ ਦੇ ਗੱਲ ਕਰਨ ਦਾ ਲਹਿਜਾ ਹੁਕਮਰਾਨਾ ਜਾਪੇਗਾ ਪਰੰਤੂ ਸਾਡੀ ਬੇਨਤੀ ਹੈ ਕਿ ਪਾਠਕ ਇਸ ਨੂੰ ਸੰਬੰਧਤ ਸੰਦਰਭ ਵਿਚ ਹੀ ਸਮਝਣ ਦੀ ਖੇਚਲ ਕਰਨ। ਅਸਲ ਵਿਚ ਦਾਦਾ ਭਗਵਾਨ ਨੇ ਸਿਰਫ਼ ਪਿਆਰ ਅਤੇ ਦਯਾ ਦੀ ਭਾਵਨਾ ਨਾਲ ਇਹ ਸਮੁੱਚਾ ਗਿਆਨ ਬਹੁਤ ਹੀ ਨਿਮਰਤਾ ਸਹਿਤ ਪਾਠਕਾਂ ਨਾਲ ਸਾਂਝਾ ਕੀਤਾ ਹੈ। ਉਨ੍ਹਾਂ ਨੂੰ ਆਪਣੇ ਪੂਰਨ ਕੇਵਲੀ ਹੋਣ ਦਾ ਵੀ ਅਹਿਸਾਸ ਹੈ ਅਤੇ ਇਸ ਸੰਪੂਰਨ ਗਿਆਨ ਨੂੰ ਜਗਿਆਸੂਆਂ ਨਾਲ ਸਾਂਝਾ ਕਰਨ ਦੀ ਤੀਬਰ ਇੱਛਾ ਵੀ।

ਦਾਦਾਜੀ ਪਾਠਕਾਂ ਦੇ ਪ੍ਰਸ਼ਨਾਂ ਦੇ ਉੱਤਰ ਹਮੇਸ਼ਾ ਵਿਗਿਆਨਕ ਸੰਕਲਪਾਂ ਦੇ ਰਾਹੀਂ ਦਿੰਦੇ ਅਤੇ ਜਗਿਆਸੂਆਂ ਨੂੰ ਆਪਣੇ ਪ੍ਰਸ਼ਨਾਂ ਦੇ ਸੰਖੇਪ ਅਤੇ ਸਪਸ਼ਟ ਉੱਤਰ ਮਿਲ ਜਾਂਦੇ। ਉਹ ਜਗਿਆਸੂਆਂ ਨੂੰ ਹੋਰ ਵਧੇਰੇ ਪ੍ਰਸ਼ਨ ਕਰਨ ਹਿਤ ਉਤਸਾਹਿਤ ਕਰਦੇ। ਸਰੋਤੇ ਹਮੇਸ਼ਾ ਹੈਰਾਨ ਰਹਿ ਜਾਂਦੇ ਕਿ ਕਿਸ ਤਰ੍ਹਾਂ ਉਹ ਹਰ ਗੱਲ ਨੂੰ ਕੁਦਰਤ ਵਿਚ ਵਾਪਰ ਰਹੀਆਂ ਅਨੇਕਾਂ ਘਟਨਾਵਾਂ ਨਾਲ ਜੋੜ ਦਿੰਦੇ ਹਨ, ਅਤੇ ਉਹ ਵੀ ਇੰਨੇ ਸੰਖੇਪ ਅਤੇ ਛੋਟੇ ਉੱਤਰਾਂ ਵਿਚ ਜਿਨਾਂ ਦੀ ਖੋਜ ਹਿਤ ਵਿਦਵਾਨ ਅਤੇ ਵਿਗਿਆਨੀ ਵਰ੍ਹਿਆਂ ਬੱਧੀ ਮਿਹਨਤ ਕਰਦੇ ਰਹਿੰਦੇ ਹਨ।

ਉਨ੍ਹਾਂ ਦਾ ਇਕ ਦ੍ਰਿਸ਼ਟੀਕੋਣ ਇਹ ਸੀ ਕਿ ਸਾਨੂੰ ਕੁਦਰਤ ਦੇ ਸੰਸਾਰ ਅਤੇ ਉਸ ਦੇ ਨਿਯਮਾਂ ਵਿਚ ਦਖ਼ਲ-ਅੰਦਾਜ਼ੀ ਨਹੀਂ ਕਰਨੀ ਚਾਹੀਦੀ। ਉਨ੍ਹਾਂ ਦਾ ਮੰਨਣਾ ਹੈ ਕਿ ਜੇ ਵਿਅਕਤੀ ਇਸ ਤਰ੍ਹਾਂ ਕਰਦਾ ਹੈ ਤਾਂ ਉਸ ਨੂੰ ਕੁਦਰਤੀ ਆਫ਼ਤਾਂ ਦੇ ਰੂਪ ਵਿਚ ਇਸ ਦੇ ਨਤੀਜੇ ਵੀ ਭੁਗਤਣੇ ਪੈਣਗੇ।

ਲਗਭਗ 1966 ਈ. ਤੋਂ ਲੈ ਕੇ ਸਵਰਗਵਾਸੀ ਨੱਟੂਭਾਈ ਪਟੇਲ ਜੀ ਦਾਦਾਜੀ ਦੇ

ਅਜਿਹੇ ਪ੍ਰਵਚਨਾਂ ਨੂੰ ਲਿਖਤੀ ਰੂਪ ਦਿੰਦੇ ਰਹਿੰਦੇ ਸਨ। ਕਵਿਰਾਜ ਨਵਨੀਤ ਸੰਘਵੀ ਨੇ ਇਨ੍ਹਾਂ ਲਿਖਤੀ ਨੋਟਿਸ ਉਪਰ ਆਧਾਰਤ ਅਤੇ ਆਪਣੀ ਕਾਵਿਕ ਸਮਰਥਾ ਦੇ ਰਾਹੀਂ ਇਕ ਗੀਤ-ਸੰਗ੍ਰਹਿ ਦਾ ਸੰਕਲਨ ਵੀ ਕੀਤਾ ਜਿਹੜਾ 1971 ਈ. ਵਿਚ ਪ੍ਰਕਾਸ਼ਤ ਹੋਇਆ।

1970 ਈ. ਤੋਂ ਪਿਛੋਂ ਜਗਿਆਸੂਆਂ ਨਾਲ ਹੋਣ ਵਾਲੇ ਅਜਿਹੇ ਸਾਰੇ ਪ੍ਰਵਚਨਾਂ ਨੂੰ ਬਹੁਤ ਵਾਰੀ ਰਿਕਾਰਡ ਕੀਤਾ ਜਾਣ ਲੱਗ ਪਿਆ। ਬਾਦ ਵਿਚ ਇਹ ਰਿਕਾਰਡ ਕੀਤੇ ਹੋਏ ਪ੍ਰਵਚਨਾਂ ਨੂੰ ਲਿਖਤੀ ਰੂਪ ਦੇ ਕੇ 'ਆਪਤ ਬਾਣੀ' ਸਿਰਲੇਖ ਅਧੀਨ ਪੁਸਤਕਾਂ ਦਾ ਰੂਪ ਦਿੱਤਾ ਗਿਆ। ਮੂਲ ਰੂਪ ਵਿਚ ਇਹ ਪੁਸਤਕ-ਲੜੀ ਗੁਜਰਾਤੀ ਭਾਸ਼ਾ ਵਿਚ ਸੀ। 'ਆਪਤ ਬਾਣੀ' ਦੀ ਪਹਿਲੀ ਸੈਂਚੀ ਗੁਜਰਾਤੀ ਭਾਸ਼ਾ ਵਿਚ ਪਹਿਲੀ ਵਾਰ 1973 ਈ. ਵਿਚ ਪ੍ਰਕਾਸ਼ਤ ਹੋਈ। 1980 ਈ. ਵਿਚ ਇਸ ਨੂੰ ਮਰਾਠੀ ਭਾਸ਼ਾ ਵਿਚ ਅਨੁਵਾਦ ਕਰਕੇ ਛਾਪਿਆ ਗਿਆ। 1985 ਈ. ਵਿਚ ਪੁਸਤਕ ਦਾ ਹਿੰਦੀ ਰੂਪ ਵੀ ਛਪ ਕੇ ਪਾਠਕਾਂ ਦੇ ਸਨਮੁਖ ਆ ਗਿਆ। ਪਰਮਾਤਮਾ ਵਲੋਂ ਵਰੋਸਾਏ ਇਸ ਮਹਾਨ ਪੂਰਨ ਗਿਆਨੀ ਪੁਰਸ਼ ਦੇ ਜੀਵਨ-ਕਾਲ ਦੌਰਾਨ 'ਆਪਤਬਾਣੀ' ਲੜੀ ਅਧੀਨ ਨੌਂ ਸੈਂਚੀਆਂ ਪ੍ਰਕਾਸ਼ਤ ਹੋ ਗਈਆਂ। ਉਪਰੰਤ ਜੈ ਸਚਿਦਾਨੰਦ ਸੰਘ ਵਲੋਂ ਬਹੁਤ ਸਾਰੀਆਂ ਕਿਤਾਬਾਂ ਅਤੇ ਕਿਤਾਬਚੇ (ਆਮ ਤੌਰ 'ਤੇ ਗੁਜਰਾਤੀ ਵਿਚ, ਅਤੇ ਕਈ ਹਿੰਦੀ ਅਤੇ ਅੰਗਰੇਜੀ ਵਿਚ ਵੀ) ਸੰਕਲਨ ਕਰਕੇ ਛਾਪੇ ਗਏ।

1982 ਈ. ਵਿਚ ਜਦੋਂ ਦਾਦਾ ਭਗਵਾਨ ਅਮਰੀਕਾ ਗਏ ਤਾਂ ਬਹੁਤ ਸਾਰੇ ਅੰਗਰੇਜ਼ੀ ਜਾਨਣ ਵਾਲੇ ਜਗਿਆਸੂ ਉਨ੍ਹਾਂ ਦੇ ਸੰਪਰਕ ਵਿਚ ਆਏ। ਉਸ ਸਮੇਂ ਬਹੁਤ ਸਾਰਾ ਸਾਹਿਤ ਅੰਗਰੇਜ਼ੀ ਵਿਚ ਉਪਲਬਧ ਕਰਵਾਉਣ ਦੀ ਜ਼ਰੂਰਤ ਮਹਿਸੂਸ ਕੀਤੀ ਗਈ। ਉਸ ਸਮੇਂ ਇਹ ਪ੍ਰਾਜੈਕਟ ਸ਼੍ਰੀ ਜੀ.ਏ. ਸ਼ਾਹ (ਜੋ ਬਾਅਦ ਵਿਚ ਜੈ ਸਚਿਦਾਨੰਦ ਸੰਘ ਦੇ ਕੌਮਾਂਤਰੀ ਮੁਖੀ ਬਣੇ ਅਤੇ ਇਸ ਸੰਸਥਾ ਦੇ ਮੁੱਢਲੇ ਟਰੱਸਟੀ ਵੀ) ਨੂੰ ਸੌਂਪਿਆ ਗਿਆ। ਉਨ੍ਹਾਂ ਨੇ ਪ੍ਰੋ. ਵਿਸ਼ਨੂ ਪਾਠਕ ਦੇ ਸਹਿਯੋਗ ਨਾਲ ਅੰਗਰੇਜ਼ੀ ਅਨੁਵਾਦ ਦਾ ਕੰਮ ਤੋਰਿਆ। ਇਹ 1983 ਈ. ਵਿਚ 'ਆਪਤ ਬਾਣੀ' (ਅੰਗਰੇਜੀ ਰੂਪ) ਸਿਰਲੇਖ ਅਧੀਨ ਪ੍ਰਕਾਸ਼ਤ ਹੋਇਆ।

ਦਾਦਾ ਭਗਵਾਨ ਦੀ ਇਹ ਦਿਲੀ ਇੱਛਾ ਸੀ ਕਿ ਉਨ੍ਹਾਂ ਦੀਆਂ ਵਿਗਿਆਨਕ ਅੰਤਰਦ੍ਰਿਸ਼ਟੀਆਂ ਅਤੇ ਵਿਆਖਿਆਵਾਂ ਨੂੰ ਵਿਦਵਾਨਾਂ, ਵਿਚਾਰਵਾਨਾਂ ਅਤੇ ਵਿਗਿਆਨੀਆਂ ਦੇ ਰਾਹੀਂ ਭਾਰਤ ਵਿਚ ਅਤੇ ਸੰਸਾਰ ਭਰ ਦੇ ਜਗਿਆਸੂਆਂ ਤੱਕ ਪਹੁੰਚਾਇਆ ਜਾਵੇ ਤਾਂ ਜੋ ਮਾਨਵ-ਜਾਤੀ ਇਕ ਖੁਸ਼, ਆਦਰਸ਼, ਖੁਸ਼ਹਾਲ, ਸ਼ਾਂਤੀ-ਭਰਪੂਰ ਅਤੇ ਸਦਭਾਵਨਾ ਵਾਲਾ ਜੀਵਨ ਜੀਅ ਸਕੇ। ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਅੱਜ ਦੇ ਇਸ ਯੁਗ ਦੌਰਾਨ, ਜਦੋਂ ਵਿਦਿਆ-ਪ੍ਰਾਪਤੀ ਅਤੇ ਸੰਚਾਰ ਦੀ ਤਕਨਾਲੋਜੀ ਨੇ ਇੰਨੀ ਤਰੱਕੀ ਕਰ ਲਈ ਹੈ, ਇਹ ਸਭ ਕੁਝ ਸੰਭਵ ਹੈ।

ਦਾਦਾ ਭਗਵਾਨ ਦੇ ਬਚਨ ਹਨ: "ਜੇਕਰ ਅਸੀਂ ਵਿਗਿਆਨੀਆਂ ਦਾ ਰਾਹ ਰੁਸ਼ਨਾ ਦੇਣ ਵਿਚ ਸਫਲ ਹੋ ਜਾਂਦੇ ਹਾਂ ਤਾਂ ਉਹ ਆਪਣੇ ਗਿਆਨ ਨੂੰ ਕੋਸ਼ ਦਾ ਰੂਪ ਦੇ ਦੇਣਗੇ ਅਤੇ ਫਿਰ

ਇਹ ਗਿਆਨ ਹਰ ਕਿਸੇ ਲਈ ਉਪਲਬਧ ਹੋ ਜਾਵੇਗਾ। ਇਹ ਮੇਰੀ ਸੋਚ ਹੈ ਕਿ ਇਹ ਵਿਗਿਆਨ ਦੁਨੀਆਂ ਦੇ ਹਰ ਕੋਣੇ ਵਿਚ ਹਰ ਵਿਅਕਤੀ ਨੂੰ ਉਪਲਬਧ ਹੋ ਜਾਣਾ ਚਾਹੀਦਾ ਹੈ। ਦੁਨੀਆਂ ਅੰਦਰ ਹਰ ਕਿਸੇ ਨੂੰ ਖੁਸ਼ੀ ਅਤੇ ਸ਼ਾਂਤੀ ਮਾਨਣਾ ਦਾ ਮੌਕਾ ਮਿਲਣਾ ਚਾਹੀਦਾ ਹੈ। ਇਹੋ ਮੇਰੀ ਇੱਛਾ ਹੈ ਅਤੇ ਇਹੋ ਮੇਰੀ ਸੋਚ ਅਤੇ ਇਹੋ ਮੇਰੀ ਅੰਤਰ-ਆਤਮਾ ਦੀ ਚਾਹ।"

1983 ਈ. ਵਿਚ ਪ੍ਰਕਾਸ਼ਤ ਹੋਇਆ ਅੰਗਰੇਜ਼ੀ ਸੰਸਕਰਣ ਕਈ ਵਰ੍ਹੇ ਪਹਿਲਾਂ ਸਟਾਕ ਵਿਚੋਂ ਖ਼ਤਮ ਹੋ ਗਿਆ ਸੀ। ਇਸ ਲਈ ਹੋਲਿਸਟਿਕ ਸਾਇੰਸ ਰੀਸਰਚ ਸੈਂਟਰ ਦੇ ਤਤਕਾਲੀਨ ਡਾਇਰੈਕਟਰ ਡਾ. ਪੀ.ਸੀ. ਪਾਰਿਖ ਨੇ ਇਸ ਪੁਸਤਕ ਨੂੰ ਘੋਖਣਾ ਸ਼ੁਰੂ ਕੀਤਾ ਅਤੇ 2011 ਤੋਂ 2013 ਤੱਕ ਇਸ ਪ੍ਰਾਜੈਕਟ ਉਪਰ ਕੰਮ ਕੀਤਾ। ਉਪਰੰਤ 2014-15 ਵਿਚ ਸ਼੍ਰੀ ਕਾਨੂੰ ਦਾਦਾ ਜੀ ਨੇ ਇਕ ਸੰਪਾਦਕੀ ਮੰਡਲ ਦਾ ਗਠਨ ਕੀਤਾ ਤਾਂ ਜੋ ਹੋਰ ਵਧੇਰੇ ਪ੍ਰਵਚਨ ਸੰਮਿਲਤ ਕਰਨ ਅਤੇ ਸੰਪਾਦਨ ਕਰਨ ਦਾ ਕੰਮ ਹੋ ਸਕੇ। ਮੰਤਵ ਇਹ ਸੀ ਕਿ ਸਾਧਾਰਨ ਜਗਿਆਸੂਆਂ ਦੇ ਸਾਰੇ ਪ੍ਰਸ਼ਨਾਂ ਦਾ ਸਮਾਧਾਨ ਹੋ ਸਕੇ। ਇਸ ਦੇ ਨਤੀਜੇ ਵਜੋਂ 2016 ਈ. ਵਿਚ 'ਦਾਦਾਜੀ ਨਾਲ ਸੰਵਾਦ' ਸਿਰਲੇਖ ਅਧੀਨ ਇਕ ਨਵਾਂ ਸੰਸਕਰਣ ਪ੍ਰਕਾਸ਼ਤ ਹੋਇਆ। ਇਹ ਵੀ ਜਲਦ ਹੀ ਸਟਾਕ ਵਿਚੋਂ ਖ਼ਤਮ ਹੋਣ ਵਾਲਾ ਸੀ ਜਦੋਂ ਇਹ ਫੈਸਲਾ ਲਿਆ ਗਿਆ ਕਿ ਦੂਜੇ ਐਡੀਸ਼ਨ ਵਿਚ ਕੁਝ ਹੋਰ ਪ੍ਰਵਚਨ ਸ਼ਾਮਲ ਕੀਤੇ ਜਾਣ। ਇੰਝ ਚੈਪਟਰ ਨੰ: 9, 11, 21, 22, 75, 100 ਅਤੇ 120 ਨੂੰ ਗੁਜਰਾਤੀ 'ਆਪਤ ਬਾਣੀ' ਵਿਚੋਂ ਚੈਪਟਰ 2, 3, 4 ਲੈ ਕੇ ਵਿਸਤ੍ਰਿਤ ਰੂਪ ਦਿੱਤਾ ਗਿਆ। ਅਸੀਂ ਜੈ ਸਚਿਦਾਨੰਦ ਸੰਘ ਦੁਆਰਾ ਹੋਲਿਸਟਿਕ ਰੀਸਰਚ ਸੈਂਟਰ ਦੀਆਂ ਪ੍ਰਕਾਸ਼ਨਾਵਾਂ ਵਾਸਤੇ ਦਿੱਤੇ ਪੂਰਨ ਸਹਿਯੋਗ ਲਈ ਉਨ੍ਹਾਂ ਦੇ ਰਿਣੀ ਹਾਂ।

ਪਾਠਕਾਂ ਦੀ ਉਤਸੁਕਤਾ ਨੂੰ ਸੰਤੁਸ਼ਟ ਕਰਨ ਤੋਂ ਇਲਾਵਾ, ਅਸੀਂ ਆਸ ਕਰਦੇ ਹਾਂ ਕਿ ਇਹ ਪੁਸਤਕ ਵਿਚਾਰਕਾਂ, ਵਿਗਿਆਨੀਆਂ ਅਤੇ ਖੋਜਾਰਥੀਆਂ ਨੂੰ ਵੀ ਨਵਾਂ ਗਿਆਨ ਪ੍ਰਦਾਨ ਕਰੇਗੀ, ਉਨ੍ਹਾਂ ਨੂੰ ਵਿਗਿਆਨ ਅਤੇ ਦਰਸ਼ਨ ਨੂੰ ਇਕ ਸਮਝਣ ਹਿਤ ਨਵੀਂ ਅੰਤਰ-ਦ੍ਰਿਸ਼ਟੀ ਨਾਲ ਵਰੋਸਾਏਗੀ ਤਾਂ ਜੋ ਉਨ੍ਹਾਂ ਦੇ ਗਿਆਨ ਸਦਕਾ ਸਮੁੱਚੇ ਸੰਸਾਰ ਅੰਦਰ ਮਾਨਵਤਾ ਅਤੇ ਹੋਰ ਸਮਸਤ ਜੀਵ ਸ਼ਾਂਤਮਈ ਅਤੇ ਖੁਸ਼ਹਾਲ ਜੀਵਨ ਦਾ ਆਨੰਦ ਮਾਣ ਸਕਣ।

**ਸੰਪਾਦਕੀ ਮੰਡਲ**
**ਹੋਲਿਸਟਿਕ ਸਾਇੰਸ ਰੀਸਰਚ ਸੈਂਟਰ**
01-03-2019

# ਅਨੁਵਾਦਕੀ

ਅਨੁਵਾਦ ਉਹ ਸਾਹਿਤਕ ਰਚਨਾ ਹੈ ਜਿਸ ਦਾ ਮੁੱਖ ਉੱਦੇਸ਼ ਮੂਲ ਭਾਸ਼ਾ ਵਿਚ ਦਰਜ ਵਿਸ਼ਾ-ਵਸਤੂ ਦੀ ਭਾਵਨਾ ਨੂੰ ਕਿਸੇ ਹੋਰ ਭਾਸ਼ਾ ਵਿਚ ਵਿਅਕਤ ਕਰਨਾ ਹੁੰਦਾ ਹੈ। ਮੂਲ ਭਾਸ਼ਾ ਅਤੇ ਅਨੁਵਾਦਿਤ ਭਾਸ਼ਾ ਵਾਲੀਆਂ ਦੋਵੇਂ ਰਚਨਾਵਾਂ ਅਰਥ ਅਤੇ ਸਟਾਈਲ ਪੱਖੋਂ ਇਕ ਦੂਜੇ ਦਾ ਹੀ ਰੂਪ ਹੋਣੀਆਂ ਚਾਹੀਦੀਆਂ ਹਨ, ਪਰੰਤੂ ਅਕਸਰ ਹੀ ਇਹ ਸੰਤੁਲਨ ਰੱਖਣਾ ਔਖਾ ਹੋ ਜਾਂਦਾ ਹੈ। ਇਸ ਹਾਲਤ ਵਿਚ ਜੇ ਅਰਥ ਅਤੇ ਸਟਾਈਲ ਦੋਹਾਂ ਵਿਚੋਂ ਇਕ ਨਾਲ ਸਮਝੌਤਾ ਕਰਨਾ ਪਵੇ ਤਾਂ ਅਰਥਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਕਿਉਂਕਿ ਅਸਲ ਵਿਚ ਅਰਥ ਹੀ ਰਚਨਾ ਦੀ ਆਤਮਾ ਹੁੰਦੇ ਹਨ। ਇਕ ਚੰਗੇ ਅਨੁਵਾਦਕ ਨੇ ਇਹ ਯਕੀਨੀ ਬਨਾਉਣਾ ਹੁੰਦਾ ਹੈ ਕਿ ਮੂਲ ਕਿਰਤ ਦੀ ਆਤਮਾ ਅਨੁਵਾਦਿਤ ਰਚਨਾ ਵਿਚ ਤਬਦੀਲ ਹੋ ਜਾਵੇ। ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਅਨੁਵਾਦ ਮੂਲ ਰਚਨਾ ਪ੍ਰਤੀ ਸੱਚਾ ਹੋਵੇ ਅਤੇ ਇਸ ਦੇ ਰਾਹੀਂ ਪਾਠਕ ਮੂਲ-ਪਾਠ ਦੇ ਦਰਸ਼ਨ ਕਰ ਸਕੇ। ਅਨੁਵਾਦ ਇਕ-ਦੂਜੇ ਤੋਂ ਵਖਰੀਆਂ ਭਾਸ਼ਾਵਾਂ ਅਤੇ ਸੱਭਿਆਚਾਰਾਂ ਵਿਚਕਾਰ ਇਕ ਪੁਲ ਦਾ ਕੰਮ ਕਰਦਾ ਹੈ। ਇਹ ਇਕ ਧਰਮ ਅਤੇ ਸੱਭਿਆਚਾਰ ਦੀ ਵਿਚਾਰਧਾਰਾ ਨੂੰ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿਚ ਪਹੁੰਚਾਉਣ ਦਾ ਮਾਧਿਅਮ ਹੈ।

ਹੋਲਿਸਟਿਕ ਸਾਇੰਸ ਰੀਸਰਚ ਸੈਂਟਰ, ਸੂਰਤ, ਦੁਆਰਾ ਪ੍ਰਕਾਸ਼ਿਤ ਸਾਹਿਤ ਵਿਚੋਂ ਕੁਝ-ਕੁ ਨੂੰ ਪੰਜਾਬੀ ਪਾਠਕਾਂ ਦੇ ਸਨਮੁਖ ਪੇਸ਼ ਕਰਨ ਦਾ ਵਿਚਾਰ ਸਭ ਤੋਂ ਪਹਿਲਾਂ ਇਸ ਸੰਸਥਾ ਦੇ ਦੂਸਰੇ ਅਧਿਆਤਮਕ ਗੁਰੂ ਕਾਨੂੰ ਦਾਦਾ ਜੀ ਦਾ ਸੀ। ਉਨ੍ਹਾਂ ਨੇ ਇਹ ਵਿਚਾਰ 2010 ਈ. ਨੂੰ ਓਕ ਰਿੱਜ (ਅਮਰੀਕਾ) ਵਿਖੇ ਹੋਏ ਇਕ ਸੈਮੀਨਾਰ ਦੌਰਾਨ ਮੇਰੇ ਨਾਲ ਸਾਂਝਾ ਕੀਤਾ ਸੀ। ਮੇਰੇ ਕਈ ਹੋਰ ਕਾਰਜਾਂ ਵਿਚ ਰੁੱਝੇ ਰਹਿਣ ਕਾਰਨ ਇਹ ਗੱਲ ਅੱਗੇ ਨਾਂ ਵਧ ਸਕੀ। ਸੈਂਟਰ ਦੇ ਡਾਇਰੈਕਟਰ ਨੇ ਇਹੋ ਵਿਚਾਰ ਦਸੰਬਰ 2016 ਨੂੰ ਸੂਰਤ ਵਿਖੇ ਆਯੋਜਿਤ ਇਕ ਸੈਮੀਨਾਰ ਦੌਰਾਨ ਫਿਰ ਦੁਹਰਾਇਆ। ਉਸ ਸਮੇਂ ਮੈਂ ਉਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਮੈਂ ਸੈਂਟਰ ਦੀਆਂ ਕੁਝ-ਕੁ ਮਹੱਤਵਪੂਰਨ ਪੁਸਤਕਾਂ ਦਾ ਪੰਜਾਬੀ ਅਨੁਵਾਦ ਆਪਣੀ ਦੇਖ-ਰੇਖ ਅਧੀਨ ਕਰਵਾ ਦਿਆਂਗਾ।

ਸ਼ੁਰੂ ਵਿਚ ਅਸੀਂ ਦਾਦਾ ਭਗਵਾਨ ਸਤਿਸੰਗ ਸੀਰੀਜ਼ ਦੀਆਂ ਦੋ ਪੁਸਤਕਾਂ ਨੂੰ ਚੁਣਿਆ। ਇਹ ਪੁਸਤਕਾਂ ਸਨ: "ਮਨੁੱਖੀ ਜੀਵਨ ਦਾ ਉੱਦੇਸ਼" ਅਤੇ "ਜੀਵਨ-ਜਾਚ ਦੇ ਨੌ ਦੈਵੀ ਨਿਯਮ"। ਉਪਰੰਤ ਡਾ.ਬਾਲਾ ਜੀ ਗਾਣੋਰਕਰ ਦੀ ਸਲਾਹ ਨਾਲ ਇਕ ਹੋਰ ਪੁਸਤਕ "ਜੀਵਨ

ਅਤੇ ਜੀਵਨ-ਜਾਚ ਸੰਬੰਧੀ ਦਾਦਾ ਭਗਵਾਨ ਨਾਲ ਸੰਵਾਦ" ਨੂੰ ਅਨੁਵਾਦ ਲਈ ਚੁਣਿਆ ਗਿਆ। ਇਹ ਪੁਸਤਕ ਵੀ ਸੰਵਾਦ ਰੂਪ ਵਿਚ ਹੈ: ਦਾਦਾਜੀ ਇਕ ਜਗਿਆਸੂ ਦੁਆਰਾ ਜੀਵਨ ਦੇ ਵੱਖ-ਵੱਖ ਪਹਿਲੂਆਂ ਉਪਰ ਕੀਤੇ ਗਏ ਅਨੇਕਾਂ ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ। ਸਮੁੱਚੇ ਤੌਰ 'ਤੇ, ਇਹ ਉੱਤਰ ਮਨੁੱਖੀ ਜੀਵਨ ਨੂੰ ਆਤਮਕ ਅਤੇ ਸਦਾਚਾਰਕ ਪੱਖੋਂ ਉੱਚਾ ਅਤੇ ਸੁੱਚਾ ਬਨਾਉਣ ਹਿਤ ਇਕ ਵਿਸ਼ੇਸ਼ ਰਹਿਤ ਘੜਦੇ ਹਨ ਜਿਸ ਨੂੰ ਅਕਰਮ ਮਾਰਗ ਦਾ ਨਾਂ ਦਿੱਤਾ ਗਿਆ ਹੈ। ਪ੍ਰਸ਼ਨਾਂ ਵਿਚ ਉਠਾਏ ਗਏ ਵਿਸ਼ੇ ਅਤਿ ਗੰਭੀਰ ਅਤੇ ਅਹਿਮ ਹਨ। ਦਾਦਾ ਭਗਵਾਨ ਇਨ੍ਹਾਂ ਸਾਰੇ ਗੰਭੀਰ ਅਤੇ ਰਹੱਸਮਈ ਵਿਸ਼ਿਆਂ ਨੂੰ ਬਹੁਤ ਹੀ ਸੁਖੈਲ ਭਾਸ਼ਾ ਅਤੇ ਆਮ ਜੀਵਨ ਵਿਚੋਂ ਉਦਾਹਰਣਾਂ ਦੇ ਕੇ ਸਮਝਾਉਂਦੇ ਹਨ ਕਿ ਇਨ੍ਹਾਂ ਵਿਚਾਰਾਂ ਪਿੱਛੇ ਛੁਪੀ ਉਨ੍ਹਾਂ ਦੀ ਸਿਆਣਪ ਅਤੇ ਸਮਝ ਕੇ ਵੇਖ ਕੇ ਪਾਠਕ ਮੰਤਰ-ਮੁਗਧ ਹੋ ਜਾਂਦਾ ਹੈ।

ਦਾਦਾ ਭਗਵਾਨ ਅਨੁਸਾਰ ਇਸ ਸੰਸਾਰ ਦੇ ਹਰ ਕਾਰਜ ਨੂੰ ਚਲਾਉਣ ਵਾਲੀ ਅਤੇ ਇਥੋਂ ਦੇ ਸਾਰੇ ਨਿਯਮ ਨਿਰਧਾਰਤ ਕਰਨ ਵਾਲੀ ਇਕ ਵਿਵਸਥਿਤ ਸ਼ਕਤੀ ਹੈ। ਮਨੁੱਖ ਦੇ ਆਪਣੇ ਹੱਥ-ਵੱਸ ਕੁਝ ਨਹੀਂ: ਉਹ ਤਾਂ ਸਿਰਫ਼ ਇਕ ਦ੍ਰਸ਼ਟਾ ਅਤੇ ਗਿਆਤਾ ਹੈ। ਉਨ੍ਹਾਂ ਦੁਆਰਾ ਦਰਸਾਏ ਅਕਰਮ ਮਾਰਗ ਅਨੁਸਾਰ ਇਹ ਸੰਸਾਰ ਮਿਥਿਆ ਨਹੀਂ ਅਤੇ ਮੁਕਤੀ ਪ੍ਰਾਪਤੀ ਹਿਤ ਸੰਸਾਰ ਨੂੰ ਤਿਆਗਣਾ ਜ਼ਰੂਰੀ ਨਹੀਂ। ਮੁਕਤ-ਪਦ ਦੀ ਪ੍ਰਾਪਤੀ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਮਾਇਆ ਅਤੇ ਉਸ ਦੇ ਛੇ ਪੁੱਤਰ - ਕ੍ਰੋਧ, ਹੰਕਾਰ, ਧ੍ਰੋਹ, ਲੋਭ, ਮੋਹ ਅਤੇ ਘ੍ਰਿਣਾ ਹਨ। ਮਾਇਆ ਦੇ ਜਾਲ ਵਿਚੋਂ ਨਿਕਲ ਕੇ ਸਵੈ-ਪਹਿਚਾਣ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜਦੋਂ ਵਿਅਕਤੀ ਗਿਆਨੀ-ਪੁਰਸ਼ ਪਾਸੋਂ ਗਿਆਨ ਹਾਸਲ ਕਰਕੇ ਉਸ ਦੇ ਦਰਸਾਏ ਰਸਤੇ ਉਪਰ ਚੱਲੇ। ਇਹ ਪੁਸਤਕ ਵਿਚ ਦਰਜ ਸੰਵਾਦ ਮੁੱਖ ਤੌਰ 'ਤੇ ਮਾਨਵੀ ਜੀਵਨ ਨੂੰ ਖੁਸ਼, ਖੁਸ਼ਹਾਲ ਅਤੇ ਅਰਥ-ਭਰਪੂਰ ਬਨਾਉਣ ਦੇ ਉਦੇਸ਼ ਨਾਲ ਸੰਮਿਲਤ ਕੀਤੇ ਗਏ ਹਨ। ਇਹ ਮਨੁੱਖ ਨੂੰ ਸਦਾਚਾਰੀ, ਪ੍ਰੇਮ ਅਤੇ ਦਯਾ ਨਾਲ ਭਰਪੂਰ ਅਤੇ ਨਿਸ਼ਕਾਮ ਕਰਮ ਕਰਨ ਦਾ ਅਨੁਸਾਰੀ ਜੀਵਨ ਜਿਉਣ ਹਿਤ ਪ੍ਰੇਰਿਤ ਕਰਦੇ ਹਨ।

ਮੈਂ ਆਪਣੇ ਵੱਲੋਂ ਈਮਾਨਦਾਰੀ ਨਾਲ ਹਰ ਸੰਭਵ ਕੋਸ਼ਿਸ਼ ਕੀਤੀ ਹੈ ਕਿ ਅਨੁਵਾਦ ਦੀ ਭਾਸ਼ਾ ਸਾਦੀ ਅਤੇ ਸੌਖਿਆਂ ਸਮਝ ਆ ਸਕਣ ਵਾਲੀ ਹੋਵੇ ਅਤੇ ਮੂਲ ਰਚਨਾ ਦੇ ਸੰਦੇਸ਼ ਦੀ ਸਹੀ ਭਾਵਨਾ ਅਨੁਵਾਦ ਵਿਚ ਪ੍ਰਤਿਬਿੰਬਤ ਹੋਵੇ। ਇਸ ਪੁਸਤਕ ਦਾ ਮੂਲ ਉਦੇਸ਼ ਮਨੁੱਖ ਨੂੰ ਆਤਮਕ ਤੌਰ 'ਤੇ ਪਵਿੱਤਰ ਅਤੇ ਨੈਤਿਕ ਅਤੇ ਸਦਾਚਾਰਕ ਪੱਖੋਂ ਸੱਚਾ-ਸੁੱਚਾ ਜੀਵਨ ਜਿਉਣ ਹਿਤ ਸੇਧ ਦੇਣਾ ਅਤੇ ਪ੍ਰੇਰਿਤ ਕਰਨਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਹਰ ਧਰਮ ਅਤੇ ਵਰਗ ਦੇ ਪੰਜਾਬੀ ਪਾਠਕ ਇਸ ਪੁਸਤਕ ਦਾ ਆਨੰਦ ਮਾਨਣਗੇ ਅਤੇ ਇਸ ਤੋਂ ਲਾਭ ਉਠਾਉਣਗੇ।

**ਧਰਮ ਸਿੰਘ**

**ਪਟਿਆਲਾ**
**10 ਸਤੰਬਰ, 2018**

# ਤਤਕਰਾ


| | | ਪੰਨਾ ਨੰ: |
|---|---|---|
| 1. | ਧਰਮ : ਮੂਲ ਕੁਦਰਤੀ ਸੁਭਾਅ ਦਾ ਪ੍ਰਗਟੀਕਰਣ | 25 |
| 2. | ਜਗਤ-ਰਚਨਾ | 27 |
| 3. | ਸੰਸਾਰ : ਇਕ ਬੁਝਾਰਤ | 28 |
| 4. | ਵਿਵਸਥਿਤ ਸ਼ਕਤੀ | 30 |
| 5. | ਪਰਮਾਤਮਾ - ਮਾਲਕ | 32 |
| 6. | ਸੱਚਾ ਧਰਮ | 35 |
| 7. | ਮੁਕਤੀ: ਅ-ਕਰਮ ਮਾਰਗ ਬਨਾਮ ਕਦਮ-ਦਰ-ਕਦਮ | 37 |
| 8. | ਦੁਨਿਆਵੀ ਰਿਸ਼ਤੇ | 39 |
| 9. | ਖੁਸ਼ੀ ਅਤੇ ਗ਼ਮੀ | 41 |
| 10. | ਕਿਸਮਤ ਅਤੇ ਮਿਹਨਤ | 47 |
| 11. | ਪ੍ਰਾਰਬੱਧ ਅਤੇ ਪੁਰਸ਼ਾਰਥ | 51 |
| 12. | ਆਤਮਾ ਅਤੇ ਅਨਾਤਮ | 55 |
| 13. | ਦੈਵੀ ਦ੍ਰਿਸ਼ਟੀ ਰਾਹੀਂ ਮੁਕਤੀ ਦੀ ਪ੍ਰਾਪਤੀ | 57 |
| 14. | ਪੁਨਰ-ਜਨਮ | 58 |
| 15. | ਮਨ, ਬਚਨ ਅਤੇ ਕਰਮ ਦੀ ਪ੍ਰਭਾਵਸ਼ੀਲਤਾ | 59 |
| 16. | ਤਿੰਨ ਦੁੱਖ : ਆਧਿ, ਵਿਆਧਿ ਅਤੇ ਉਪਾਧਿ | 62 |
| 17. | ਜਗਤ - ਇਕ ਮਾਇਆ?<br>(ਜਗਤ, ਬ੍ਰਹਮ ਜਾਂ ਸ਼ੁੱਧ ਆਤਮਾ) | 63 |
| 18. | ਮਨ, ਬਚਨ ਅਤੇ ਕਰਮ : ਤੀਹਰਾ ਬੰਧਨ | 64 |
| 19. | ਪਵਿੱਤਰ ਧਰਮ-ਗਰੰਥ - ਆਗਮ ਨਿਗਮ | 66 |
| 20. | ਪੂਰਨ ਅਤੇ ਗਲਨ | 67 |
| 21. | ਤ੍ਰੈਮੰਤਰ: ਸਮਸਤ ਦੁਨਿਆਵੀ ਮੁਸ਼ਕਿਲਾਂ ਦਾ ਸਮਾਧਾਨ | 69 |

| | | |
|---|---|---|
| 22. | ਚਿੰਤਾ ਅਤੇ ਹਉਮੈਂ | 72 |
| 23. | ਜੋ ਹੈ ਉਸ ਨੂੰ ਮਾਣੋ | 76 |
| 24. | ਧਿਆਨ | 77 |
| 25. | ਧਾਰਮਕ ਰਸਮਾਂ ਅਤੇ ਮਨ ਦੀ ਸਥਿਤੀ | 81 |
| 26. | ਬੁੱਧੀ ਵਰਤਣ ਦੀ ਹੱਦ | 84 |
| 27. | ਸਭ ਨੂੰ ਸਵੀਕਾਰਯੋਗ ਦ੍ਰਿਸ਼ਟੀਕੋਣ | 85 |
| 28. | ਗਿਆਨੀ ਪੁਰਸ਼ ਅਤੇ ਧਰਮ ਦਾ ਸਰੂਪ | 86 |
| 29. | ਸਰਲਤਾ ਦਾ ਰਸਤਾ | 88 |
| 30. | ਅਭਿਮਾਨ ਅਤੇ ਮੁਕਤੀ | 90 |
| 31. | ਮੁਕਤੀ - ਸਰਵੋਤਮ ਤਾਂਘ | 91 |
| 32. | ਮਾਨਵ-ਜਾਤ ਅੰਦਰ ਅਸੁਰੱਖਿਆ ਦੀ ਭਾਵਨਾ | 96 |
| 33. | ਕੁਦਰਤੀ ਕ੍ਰਮ ਅਤੇ ਭੌਤਿਕ ਵਿਗਿਆਨ | 98 |
| 34. | ਪਦਾਰਥਕ ਉੱਨਤੀ ਅਤੇ ਆਤਮਕ ਪ੍ਰਗਤੀ | 100 |
| 35. | ਸਿਰਜਨਾ ਅਤੇ ਵਿਸਰਜਨ | 102 |
| 36. | ਸਾਧਕ ਦੀ ਅਵਸਥਾ | 103 |
| 37. | ਚੰਗੇ ਕਰਮ ਅਤੇ ਬੁਰੇ ਕਰਮ | 104 |
| 38. | ਸਿਰਜਣ ਅਤੇ ਵਿਸਰਜਣ | 110 |
| 39. | ਪੁਰਸ਼ ਅਤੇ ਪ੍ਰਕ੍ਰਿਤੀ | 111 |
| 40. | ਪ੍ਰਕ੍ਰਿਤੀ ਕੀ ਹੈ? | 112 |
| 41. | ਪ੍ਰਕ੍ਰਿਤੀ ਅਤੇ ਉਸ ਦੇ ਤਿੰਨ ਰੂਪ | 113 |
| 42. | ਸ਼ੁੱਧ ਆਤਮਾ : ਸਗੁਣ ਜਾਂ ਨਿਰਗੁਣ | 115 |
| 43. | ਪ੍ਰਕ੍ਰਿਤੀ ਅਤੇ ਪੁਰਸ਼ ਦੀ ਪੂਜਾ | 116 |
| 44. | ਪ੍ਰਕ੍ਰਿਤੀ ਧਰਮ ਅਤੇ ਪੁਰਸ਼ ਧਰਮ | 117 |
| 45. | ਕੁਦਰਤੀ ਬਾਗ਼ | 118 |
| 46. | ਵੈਰਾਗ | 119 |
| 47. | ਮਾਨਵ-ਜਾਤੀ ਦੀ ਉੱਨਤੀ | 123 |
| 48. | ਮਾਇਆ ਅਤੇ ਮੁਕਤੀ | 124 |
| 49. | ਖੁਸ਼ੀ ਦੇ ਤਿੰਨ ਪ੍ਰਕਾਰ | 126 |
| 50. | ਮੈਲ-ਵਿਕਰਸ਼ਣ-ਅਗਿਆਨ : ਮੋਹ-ਨਫ਼ਰਤ-ਅਗਿਆਨ | 127 |

| | | |
|---|---|---|
| 51. | ਬਾਣੀ ਦਾ ਵਿਗਿਆਨ | 130 |
| 52. | ਸ਼ੁੱਧ ਆਤਮਾ ਦਾ ਮੌਨ | 134 |
| 53. | ਅੰਤਹਕਰਨ | 136 |
| 54. | ਮਨ ਅਤੇ ਵਿਚਾਰ | 138 |
| 55. | ਮਨ : ਕਾਰਜ ਲਈ ਪ੍ਰੇਰਨਾ | 141 |
| 56. | ਗਿਆਤਾ-ਗਿਆਨ ਸੰਬੰਧ | 143 |
| 57. | ਮਨ ਦੀ ਸਵਾਰੀ | 144 |
| 58. | ਧਨ ਦੀ ਦੇਵੀ ਦੀ ਰਿਹਾਇਸ਼ਗਾਹ | 147 |
| 59. | ਮਨ ਦੀ ਉਦਾਰਤਾ ਅਤੇ ਕੰਜੂਸੀ | 149 |
| 60. | ਮਨ ਦੀ ਕਲਹ ਅਤੇ ਵਿਵਹਾਰ | 150 |
| 61. | ਮਨ ਦਾ ਸੁਭਾਅ | 151 |
| 62. | ਮਨ ਦੀ ਗੰਢਾਂ ਕਿਵੇਂ ਖੋਲ੍ਹੀਏ? | 154 |
| 63. | ਮਨ: ਇਕ ਸਥੂਲ ਵਸਤੂ | 156 |
| 64. | ਮਨ ਦੀਆਂ ਕਿਸਮਾਂ | 157 |
| 65. | ਮਨ ਅਤੇ ਆਤਮਾ ਦਾ ਪ੍ਰਸਪਰ ਰਿਸ਼ਤਾ | 158 |
| 66. | ਬੁੱਧੀ ਅਤੇ ਗਿਆਨ | 160 |
| 67. | ਬੁੱਧੀ ਦੇ ਰੂਪ | 161 |
| 68. | ਬੁੱਧੀ ਦਾ ਉੱਦੇਸ਼ | 162 |
| 69. | ਗਣਪਤੀ : ਬੁੱਧੀ ਦੇ ਪ੍ਰਧਾਨ ਦੇਵਤਾ | 164 |
| 70. | ਬੁੱਧੀ ਅਤੇ ਸਮਝ ਰਾਹੀਂ ਅਨੁਭਵ | 165 |
| 71. | ਮਤਭੇਦ ਕਿਉਂ? | 168 |
| 72. | ਵਪਾਰ ਵਿਚ ਈਮਾਨਦਾਰੀ | 174 |
| 73. | ਪੈਸੇ ਦੀ ਤੰਗੀ ਕਿਉਂ? | 175 |
| 74. | ਬੁੱਧੀ ਅਤੇ ਗਿਆਨ ਦੀਆਂ ਕ੍ਰਿਆਵਾਂ | 177 |
| 75. | ਵੱਖਰੀ ਬੁੱਧ : ਵੱਖਰਾ ਵਿਚਾਰ | 180 |
| 76. | ਬੁੱਧੀ ਦੀ ਤਾਕਤ | 185 |
| 77. | ਚਿੱਤ : ਅੰਤਹਕਰਣ ਦਾ ਤੀਜਾ ਅੰਗ | 188 |
| 78. | ਚਿੱਤ ਦਾ ਸ਼ੁੱਧੀਕਰਣ | 191 |
| 79. | ਚਿੱਤ ਦੀ ਖੁਸ਼ੀ | 194 |

| | | |
|---|---|---|
| 80. | ਹਉਮੈਂ | 196 |
| 81. | ਤਿਆਗ | 197 |
| 82. | ਖੁਸ਼ੀ ਦਾ ਮਾਨਣਹਾਰ ਕੌਣ? | 199 |
| 83. | ਹਉਮੈਂ ਦੇ ਸੁਆਦ ਨੂੰ ਖ਼ਤਮ ਕਰਨਾ | 201 |
| 84. | ਮੁਸਕੁਰਾ ਕੇ ਜ਼ਹਿਰ ਪੀਣੀ | 203 |
| 85. | ਅਡਿੱਠ ਤਪ ਕੀ ਹੈ? | 207 |
| 86. | ਆਦਰ ਅਤੇ ਨਿਰਾਦਰ ਦਾ ਵਿਵਰਣ | 208 |
| 87. | ਹਉਮੈਂ ਦਾ ਜ਼ਹਿਰ | 211 |
| 88. | ਹਉਮੈਂ - ਤੁਹਾਡਾ ਸੰਸਾਰ | 213 |
| 89. | ਅੰਤਹਕਰਣ ਦੀ ਕਾਰਜ-ਪ੍ਰਕ੍ਰਿਆ | 216 |
| 90. | ਜ਼ਰੂਰੀ ਜ਼ਿੰਮੇਵਾਰੀ ਅਤੇ ਸਵੈ-ਇੱਛਿਤ ਕਾਰਜ | 222 |
| 91. | ਜਗਤ ਦੀ ਨੀਂਹ | 226 |
| 92. | ਨਿਹਚੇਤਨ - ਚੇਤਨ | 235 |
| 93. | ਮਾਨਵ-ਜੀਵਨ - ਮੁਕਤੀ ਦਾ ਅਵਸਰ | 238 |
| 94. | ਇੱਛਾ | 242 |
| 95. | ਭਾਵ ਕੀ ਹੈ? | 246 |
| 96. | ਨੇਕੀ-ਬਦੀ | 248 |
| 97. | ਸਰੀਰ ਦੇ ਤਿੰਨ ਪ੍ਰਕਾਰ | 250 |
| 98. | ਦੇਹਾਧਯਾਸ ਕਦੋਂ ਮੁੱਕੇਗਾ? | 255 |
| 99. | ਜੀਵਨ ਦੌਰਾਨ ਸਰੀਰ ਦੀਆਂ ਤਿੰਨ ਸਥਿਤੀਆਂ | 256 |
| 100. | ਮਨੁੱਖਾ ਜਨਮ ਦੀ ਮਹੱਤਾ | 261 |
| 101. | ਵਿਵਹਾਰ-ਵਿਚਾਰ-ਬਚਨ | 266 |
| 102. | ਉਦਵੇਗ : ਚਿੰਤਾ | 270 |
| 103. | ਨੀਂਦ | 274 |
| 104. | ਸੁਪਨਾ | 276 |
| 105. | ਡਰ | 280 |
| 106. | ਸਵੈ-ਹਿਤ ਪ੍ਰਤੀ ਜਾਗਰੂਕਤਾ | 283 |
| 107. | ਜੀਵਨ ਵਿਚ ਸਮਾਯੋਜਨ | 285 |
| 108. | ਮਤਭੇਦ | 287 |

| | | |
|---|---|---|
| 109. | ਅਰਥ-ਪ੍ਰਬੰਧ ਜਾਂ ਕਿਫ਼ਾਇਤ | 288 |
| 110. | ਇੰਦਰੀ ਸੁਖ ਦੇ ਵਿਸ਼ੇ | 291 |
| 111. | ਪ੍ਰੇਮ ਅਤੇ ਮੋਹ-ਬੰਧਨ | 303 |
| 112. | ਕੁਦਰਤ ਦਾ ਕਾਨੂੰਨ : ਗਲਤੀ ਭੁਗਤਾ ਦੀ | 307 |
| 113. | ਆਪਣੀਆਂ ਕਮੀਆਂ ਦੀ ਸਵੈ-ਪੜਚੋਲ | 314 |
| 114. | ਗਲਤੀਆਂ | 320 |
| 115. | ਆਤਮਕ ਉਦੇਸ਼ ਦੀ ਪ੍ਰਾਪਤੀ ਹਿਤ ਅਤਿਭੋਗ ਅਤੇ ਕੱਟੜਤਾ<br>(ਸਵੈਛੰਦ ਦਾ ਅਰਥ ਹੈ ਆਤਮਕ ਮਾਮਲਿਆਂ ਵਿਚ<br>ਆਪਣੀ ਬੁੱਧੀ ਦਾ ਅਨੁਸਰਣ ਕਰਨਾ) | 328 |
| 116. | ਰੂੜ੍ਹੀਵਾਦਤਾ : ਆਪਣੇ ਮਤ ਉਪਰ ਹਠ-ਧਰਮੀ | 335 |
| 117. | ਤੁਅੱਸਬ : ਦ੍ਰਿਸ਼ਟੀ-ਰਾਗ<br>(ਇਕ ਵਿਸ਼ੇਸ਼ ਵਿਚਾਰਧਾਰਾ ਨਾਲ ਅਤਿ ਜ਼ਿਆਦਾ ਜੁੜੇ ਹੋਣਾ) | 336 |
| 118. | ਦੁਸ਼ਮਣੀ ਅਤੇ ਬਦਲਾ | 337 |
| 119. | ਦੁਨਿਆਵੀ ਜੀਵਨ ਦੇ ਸਮੁੰਦਰ ਵਿਚ ਤਰੰਗਾਂ | 338 |
| 120. | ਕਲੇਸ਼ ਅਤੇ ਦੁੱਖ | 343 |
| 121. | ਖੁਸ਼ੀ ਅਤੇ ਗ਼ਮੀ ਦਾ ਯਥਾਰਥ | 354 |
| 122. | ਨਘੋਚੀ ਵਤੀਰਾ | 358 |
| 123. | ਯਾਦਾਸ਼ਤ | 360 |
| 124. | ਦੁੱਖ ਵਿੱਚ ਸੁੱਖ | 362 |
| 125. | ਕਰਮ : ਸਿਰਜਣ-ਵਿਸਰਜਣ | 365 |
| 126. | ਪਸੰਦ ਅਤੇ ਨਾ-ਪਸੰਦ | 370 |
| 127. | ਮੋਹ ਦਾ ਸੁਭਾਅ | 374 |
| 128. | ਮਾਇਆ | 377 |
| 129. | ਕ੍ਰੋਧ | 380 |
| 130. | ਲੋਭ | 382 |
| 131. | ਧ੍ਰੋਹ | 385 |
| 132. | ਕ੍ਰੋਧ, ਹੰਕਾਰ, ਮੋਹ ਅਤੇ ਲੋਭ ਦੀ ਪਾਲਣਾ | 385 |
| 133. | ਆਤਮਾ ਨੂੰ ਖ਼ੁਰਾਕ ਦੀ ਜ਼ਰੂਰਤ ਨਹੀਂ | 387 |
| 134. | ਗ੍ਰਹਿ ਵਿਭਾਗ ਅਤੇ ਵਿਦੇਸ਼ ਵਿਭਾਗ | 388 |

| | | |
|---|---|---|
| 135. | ਹਾਲਾਤ | 389 |
| 136. | ਪ੍ਰਕ੍ਰਿਤੀ ਸੰਜੋਗ | 400 |
| 137. | ਸਮਾਧੀ ਅਤੇ ਧਿਆਨ | 405 |
| 138. | ਨਿਰਵਿਕਲਪ ਸਮਾਧੀ | 407 |
| 139. | ਧਿਆਤਾ-ਧੇਅ-ਧਿਆਨ | 410 |
| 140. | ਗੁਰੂ ਦਾ ਗੁਰੂ-ਮੰਤਰ | 414 |
| 141. | ਅਕਰਮ ਗਿਆਨ ਅਤੇ ਕ੍ਰਮਿਕ ਗਿਆਨ | 416 |
| 142. | ਜੀਵ ਦਾ ਅਨੰਤ ਸਫ਼ਰ | 417 |
| 143. | ਪਰੱਗਿਆ: ਗਿਆਨਵਾਨ ਬੁੱਧੀ | 422 |

1

# ਧਰਮ : ਮੂਲ ਕੁਦਰਤੀ ਸੁਭਾਅ ਦਾ ਪ੍ਰਗਟੀਕਰਣ

**ਪ੍ਰਸ਼ਨ-ਕਰਤਾ** : ਧਰਮ ਕੀ ਹੈ?

**ਦਾਦਾਸ਼੍ਰੀ** : 'ਧਰਮ' ਭਾਰਤੀ ਮੂਲ ਦਾ ਸ਼ਬਦ ਹੈ : ਅਸੀਂ ਕਹਿ ਸਕਦੇ ਹਾਂ ਕਿ ਧਰਮ ਉਨ੍ਹਾਂ ਤੱਤਾਂ ਜਾਂ ਦ੍ਰਵਾਂ ਜਿਹੜੇ ਸਾਡੀ ਸੱਚੀ ਪਹਿਚਾਣ ਦੇ ਲਖਾਇਕ ਹਨ ਦਾ ਹੀ ਨਾਂ ਹੈ। ਇਹ ਤੱਤ ਜਾਂ ਦ੍ਰਵ ਆਪਣੇ ਮੂਲ ਸੁਭਾਅ ਕਰਕੇ ਜਾਣੇ ਜਾਂਦੇ ਹਨ। ਧਰਮ ਗਰੰਥਾਂ ਜਾਂ ਦਰਸ਼ਨ ਵਿਚ ਵੀ 'ਧਰਮ' ਸ਼ਬਦ ਇਨ੍ਹਾਂ ਅਰਥਾਂ ਵਿਚ ਹੀ ਵਰਤਿਆ ਗਿਆ ਹੈ। ਉਦਾਹਰਣ ਦੇ ਲਈ, ਅਸੀਂ ਸੋਨੇ ਨੂੰ ਸੋਨਾ ਕਦੋਂ ਕਹਿ ਸਕਦੇ ਹਾਂ? ਉਦੋਂ ਹੀ ਜਦੋਂ ਇਸ ਵਿਚ ਸੋਨੇ ਦੇ ਸਾਰੇ ਗੁਣ ਨਜ਼ਰ ਆਉਣਗੇ। ਜੇ ਇਹ ਅੰਗੂਰ ਖੱਟੇ ਹੋਣ ਤਾਂ ਤੁਸੀਂ ਕੀ ਕਹੋਗੇ? ਖੱਟਾ ਹੋਣਾ ਅੰਗੂਰਾਂ ਦਾ ਮੂਲ, ਕੁਦਰਤੀ ਸੁਭਾਅ ਨਹੀਂ ਹੈ। ਜੇ ਪਿੱਤਲ ਉਪਰ ਸੋਨੇ ਦਾ ਪਾਣੀ ਚੜ੍ਹਾ ਦਿੱਤਾ ਜਾਵੇ ਤਾਂ ਇਹ ਬਿਲਕੁਲ ਸੋਨਾ ਹੀ ਜਾਪੇਗਾ ਪਰੰਤੂ ਜਦੋਂ ਅਸੀਂ ਇਸ ਨੂੰ ਕਿਸੇ ਸੁਨਿਆਰ ਪਾਸ ਲਿਜਾ ਕੇ ਇਸ ਦਾ ਨਿਰੀਖਣ ਕਰਵਾਉਂਦੇ ਹਾਂ ਤਾਂ ਸਾਨੂੰ ਪਤਾ ਚੱਲਦਾ ਹੈ ਕਿ ਇਸ ਵਿਚ ਸੋਨੇ ਦਾ ਕੋਈ ਗੁਣ ਨਹੀਂ ਹੈ। ਇਹ ਸੁਨਹਿਰੀ ਦਿਸਦਾ ਹੈ ਪਰੰਤੂ ਸੋਨਾ ਨਹੀਂ ਹੈ।

ਮੰਨ ਲਓ ਤੁਹਾਡੇ ਸਾਹਮਣੇ ਦੋ ਪ੍ਰਕਾਰ ਦੇ ਅੰਬ ਰੱਖ ਦਿੱਤੇ ਜਾਂਦੇ ਹਨ। ਇਕ ਦੀ ਤਾਂ ਖੁਸ਼ਬੂ ਵੀ ਬਿਲਕੁਲ ਅੰਬ ਦੀ ਹੈ। ਇਹ ਬੇਹਾ ਹੋ ਜਾਂਦਾ ਹੈ, ਕੁਮਲਾ ਕੇ ਥੋੜਾ ਸੁੰਗੜ ਜਿਹਾ ਜਾਂਦਾ ਹੈ ਅਤੇ ਗਲਣਾ ਆਰੰਭ ਹੋ ਜਾਦਾ ਹੈ। ਦੂਸਰਾ ਅੰਬ ਲੱਕੜ ਦਾ ਬਣਿਆ ਹੋਇਆ ਨਕਲੀ ਅੰਬ ਹੈ। ਇਹ ਦੇਖਣ ਨੂੰ ਬਿਲਕੁਲ ਅਸਲੀ ਅੰਬ ਜਿਹਾ ਹੀ ਜਾਪਦਾ ਹੈ, ਸਿਵਾਇ ਇਸ ਦੇ ਇਸ ਵਿਚ ਅਸਲੀ ਅੰਬ ਦੀ ਖੁਸ਼ਬੂ ਨਹੀਂ ਹੈ। ਇਹ ਨਾ ਕਦੇ ਕੁਮਲਾਉਂਦਾ ਹੈ ਅਤੇ ਨਾ ਹੀ ਕਦੇ ਗਲਦਾ ਹੈ। ਇਸ ਵਿਚੋਂ ਕਦੇ ਵੀ ਬਦਬੂ ਨਹੀਂ ਆਵੇਗੀ। ਹੁਣ ਅਸੀਂ ਵੇਖਦੇ ਹਾਂ ਇਨ੍ਹਾਂ ਦੋਹਾਂ ਪ੍ਰਕਾਰ ਦੇ ਅੰਬਾਂ ਨੂੰ ਅਸੀਂ ਅੰਬ ਹੀ ਕਹਿੰਦੇ ਹਾਂ। ਲੱਕੜੀ ਦਾ ਬਣਿਆ ਅੰਬ ਤਾਂ ਸਿਰਫ਼ ਨਾਂ ਦਾ ਹੀ ਅੰਬ ਹੈ ਕਿਉਂਕਿ ਇਸ ਦਾ ਮੂਲ ਸੁਭਾਅ ਅੰਬ ਵਾਲਾ ਨਹੀਂ ਹੈ। ਦੂਸਰੇ ਅਸਲੀ ਅੰਬ ਦਾ ਆਪਣਾ ਮੂਲ ਸੁਭਾਅ ਹੈ। ਇਸੇ ਤਰ੍ਹਾਂ ਜਦੋਂ ਕੋਈ ਤੱਤ ਜਾਂ ਦ੍ਰਵ ਆਪਣੇ ਮੂਲ ਸੁਭਾਅ ਅਨੁਸਾਰ ਹੈ ਤਾਂ ਹੀ ਉਸ ਨੂੰ ਤੱਤ ਜਾਂ ਦ੍ਰਵ ਕਿਹਾ ਜਾਂਦਾ ਹੈ। ਜਦੋਂ ਅਸੀਂ ਪੁਦਗਲ ਨੂੰ ਸ਼ੁੱਧ

ਆਤਮਾ ਸਮਝਣ ਦੀ ਗਲਤੀ ਕਰਦੇ ਹਾਂ ਤਾਂ ਉਹ ਸ਼ੁੱਧ ਤੱਤ ਨਹੀਂ ਹੈ: ਉਹ ਆਪਣੇ ਮੂਲ ਸੁਭਾਅ ਅਨੁਸਾਰ ਨਹੀਂ ਹੈ ਬਲਕਿ ਸ਼ੁੱਧ ਆਤਮਾ ਲਈ ਇਕ ਅਜਨਬੀ ਵਾਂਗ ਹੈ। ਜਦੋਂ ਅਸੀਂ ਸ਼ੁੱਧ ਆਤਮਾ ਨੂੰ ਆਤਮਾ ਸਮਝਦੇ ਹਾਂ ਤਾਂ ਇਹ ਪਵਿੱਤਰ, ਸ਼ੁੱਧ ਤੱਤ ਹੈ-ਇਹੋ ਆਤਮਾ ਦਾ ਮੂਲ, ਕੁਦਰਤੀ ਸੁਭਾਅ ਹੈ।

**ਦਾਦਾਸ਼੍ਰੀ** : ਤੁਸੀਂ ਕੌਣ ਹੋ?

**ਪ੍ਰਸ਼ਨ-ਕਰਤਾ** : ਮੈਂ ਅਮਿਤ ਹਾਂ।

**ਦਾਦਾਸ਼੍ਰੀ** : ਤੁਹਾਡਾ ਨਾਮ ਕੀ ਹੈ?

**ਪ੍ਰਸ਼ਨ-ਕਰਤਾ** : ਜੀ, ਮੇਰਾ ਨਾਮ ਅਮਿਤ ਹੈ।

**ਦਾਦਾਸ਼੍ਰੀ** : 'ਮੈਂ ਅਮਿਤ ਹਾਂ', 'ਮੇਰਾ ਨਾਮ ਅਮਿਤ ਹੈ'। ਕੀ ਤੁਹਾਨੂੰ ਇਨ੍ਹਾਂ ਦੋ ਬਿਆਨਾਂ ਵਿਚ ਕੋਈ ਵਿਰੋਧਾਭਾਸ ਨਜ਼ਰ ਆਉਂਦਾ ਹੈ? 'ਨਾਮ' ਅਤੇ 'ਨਾਮ ਵਾਲਾ ਵਿਅਕਤੀ' ਦੋਵੇਂ ਇਕੋ ਕਿਵੇਂ ਹੋ ਸਕਦੇ ਹਨ? ਜਿਸ ਦਿਨ ਤੁਹਾਨੂੰ ਸ਼ਮਸ਼ਾਨਘਾਟ ਲੈ ਜਾਂਦੇ ਹਨ ਉਸ ਦਿਨ ਤੋਂ ਤੁਹਾਡਾ ਨਾਮ ਖ਼ਤਮ ਹੋ ਜਾਂਦਾ ਹੈ। ਮਿਊਂਸਪਲ ਕਮੇਟੀ ਦੇ ਰਜਿਸਟਰਾਂ ਵਿਚੋਂ ਤੁਹਾਡਾ ਨਾਮ ਖਾਰਜ ਹੋ ਜਾਂਦਾ ਹੈ।

ਹੁਣ ਤੁਸੀਂ ਮੈਨੂੰ ਇਹ ਦੱਸੋ ਕਿ ਇਹ ਹੱਥ ਕਿਸ ਦਾ ਹੈ? ਇਹ ਲੱਤ ਕਿਸ ਦੀ ਹੈ?

**ਪ੍ਰਸ਼ਨ-ਕਰਤਾ** : ਜੀ, ਇਹ ਹੱਥ ਵੀ ਮੇਰਾ ਹੈ ਅਤੇ ਇਹ ਲੱਤ ਵੀ ਮੇਰੀ ਹੈ।

**ਦਾਦਾਸ਼੍ਰੀ** : ਨਹੀਂ, ਇਹ ਹੱਥ ਅਤੇ ਲੱਤ ਜਾਂ ਸਰੀਰ ਦੇ ਅੰਗ ਹਨ। ਤੁਹਾਡਾ ਇਹਨਾਂ ਵਿਚ ਕੀ ਹੈ? ਤੁਹਾਡੇ ਅੰਦਰ ਮਨ ਕਿਸ ਦਾ ਹੈ?

**ਪ੍ਰਸ਼ਨ-ਕਰਤਾ** : ਜੀ, ਮੇਰਾ।

**ਦਾਦਾਸ਼੍ਰੀ** : ਅਤੇ ਇਹ ਬੋਲਣ ਦੀ ਸ਼ਕਤੀ ਕਿਸ ਦੀ ਹੈ?

**ਪ੍ਰਸ਼ਨ-ਕਰਤਾ** : ਇਹ ਵੀ ਮੇਰੀ ਹੈ।

**ਦਾਦਾਸ਼੍ਰੀ** : ਅਤੇ ਇਹ ਘੜੀ ਕਿਸ ਦੀ ਹੈ?

**ਪ੍ਰਸ਼ਨ-ਕਰਤਾ** : ਮਹਾਰਾਜ, ਇਹ ਵੀ ਮੇਰੀ ਹੈ।

**ਦਾਦਾਸ਼੍ਰੀ** : ਇਹ ਸਰੀਰ ਕਿਸ ਦਾ ਹੈ?

**ਪ੍ਰਸ਼ਨ-ਕਰਤਾ** : ਇਹ ਸਰੀਰ ਵੀ ਮੇਰਾ ਹੈ।

**ਦਾਦਾਸ਼੍ਰੀ** : ਇਸ ਪਲ ਤੁਸੀਂ ਕਹਿੰਦੇ ਹੋ ਕਿ ਇਹ ਸਰੀਰ ਮੇਰਾ ਹੈ, ਇਹ ਹੱਥ-ਬਾਂਹ ਮੇਰੇ ਹਨ। ਕੀ ਤੁਸੀਂ ਕਦੇ ਸੋਚਦੇ ਹੋ ਕਿ ਕਿਸੇ ਵੀ ਵਸਤੂ ਦਾ ਮਾਲਕ ਅਤੇ ਉਹ ਵਸਤੂ ਦੋਵੇਂ ਵੱਖ-ਵੱਖ

ਹੋਣੇ ਚਾਹੀਦੇ ਹਨ?

**ਪ੍ਰਸ਼ਨ-ਕਰਤਾ** : ਹਾਂ, ਜੀ।

**ਦਾਦਾਸ਼੍ਰੀ** : ਫਿਰ ਇਨ੍ਹਾਂ ਸਭ ਦਾ ਮਾਲਕ ਕੌਣ ਹੈ? ਕੀ ਤੁਸੀਂ ਕਦੇ ਇਸ ਗੱਲ ਬਾਰੇ ਸੋਚਿਆ ਹੈ?

**ਪ੍ਰਸ਼ਨ-ਕਰਤਾ** : ਜੀ, ਇਸ ਤਰ੍ਹਾਂ ਤਾਂ ਕਦੇ ਨਹੀਂ ਸੋਚਿਆ।

**ਦਾਦਾਸ਼੍ਰੀ** : ਤੁਸੀਂ ਇਹ ਘੜੀ ਤਦੋਂ ਹੀ ਖਰੀਦੀ ਜਦੋਂ ਤੁਹਾਨੂੰ ਯਕੀਨ ਹੋ ਗਿਆ ਕਿ ਇਹ ਘੜੀ ਵਧੀਆ ਹੈ। ਤੁਸੀਂ ਇਹ ਪਹਿਨਿਆ ਹੋਇਆ ਕੱਪੜਾ ਵੀ ਚੰਗੀ ਤਰ੍ਹਾਂ ਛਾਣ-ਬੀਣ ਕਰਕੇ ਹੀ ਖਰੀਦਿਆ। ਤੁਸੀਂ ਆਪਣੀ ਪਤਨੀ ਨਾਲ ਸ਼ਾਦੀ ਵੀ ਇਹ ਯਕੀਨੀ ਬਨਾਉਣ ਉਪਰੰਤ ਹੀ ਕੀਤੀ ਕਿ ਉਹ ਇਕ ਵਧੀਆ ਅਤੇ ਨੇਕ ਔਰਤ ਹੈ।

**ਪ੍ਰਸ਼ਨ-ਕਰਤਾ** : ਜੀ, ਭਗਵਾਨ। ਇਹ ਤਾਂ ਠੀਕ ਹੈ।

**ਦਾਦਾਸ਼੍ਰੀ** : ਫਿਰ, ਮੇਰੇ ਪਿਆਰੇ ਅਮਿਤ, ਤੁਸੀਂ ਆਪਣੀ ਆਤਮਾ ਨੂੰ ਕਿਉਂ ਨਹੀਂ ਪਹਿਚਾਣਦੇ? ਇਸ ਦਾ ਉੱਤਰ ਦਿਉ ਮੈਨੂੰ। ਕੀ ਇਹ ਸਭ ਵਸਤਾਂ ਸਥਾਈ ਹਨ ਜਾਂ ਅਸਥਾਈ? ਅਸਲ ਵਿਚ, ਇਹ ਸਭ ਵਸਤਾਂ ਅਸਥਾਈ ਤੌਰ ਤੇ ਸੁਵਿਧਾ ਹਿਤ ਵਿਵਸਥਾ ਹੈ। ਕੇਵਲ ਸ਼ੁੱਧ ਆਤਮਾ ਹੀ ਸਦੀਵੀ ਹੈ। ਪਰੰਤੂ ਜੇਕਰ ਤੁਸੀਂ ਸਦੀਵੀ ਸ਼ੁੱਧ ਆਤਮਾ ਨੂੰ ਅਨੇਕਾਂ ਅਸਥਾਈ ਵਸਤਾਂ ਨਾਲ ਰਲਗੱਡ ਕਰੋਗੇ, ਤਾਂ ਕੀ ਤੁਹਾਨੂੰ ਸਹੀ ਉੱਤਰ ਮਿਲੇਗਾ? ਹਿਸਾਬ ਦੇ ਵਿਸ਼ੇ ਵਿਚ ਵੀ ਜੇ ਤੁਹਾਡਾ ਅਨੁਮਾਨ ਹੀ ਗਲਤ ਹੈ ਤਾਂ ਤੁਹਾਨੂੰ ਸਹੀ ਉੱਤਰ ਦੀ ਆਸ ਨਹੀਂ ਕਰਨੀ ਚਾਹੀਦੀ। ਤੁਸੀਂ ਆਪਣੀ ਆਤਮਾ ਨੂੰ ਨਹੀਂ ਪਹਿਚਾਣਿਆ। ਤੁਸੀਂ ਮੈਨੂੰ ਇਹ ਦੱਸੋ ਕਿ ਕੀ ਇਹ ਮਾਮੂਲੀ ਗਲਤੀ ਹੈ ਜਾਂ ਮੂਰਖਤਾ ਪੂਰਣ ਗਲਤੀ?

**ਪ੍ਰਸ਼ਨ-ਕਰਤਾ** : ਇਹ ਤਾਂ ਸਾਡੀ ਮੂਰਖਤਾ ਹੀ ਹੈ - ਇਕ ਮਹਾਨ ਗਲਤੀ ਹੈ ਸਾਡੀ।

## 2

## ਜਗਤ-ਰਚਨਾ

**ਦਾਦਾਸ਼੍ਰੀ** : ਇਸ ਜਗਤ ਦੀ ਰਚਨਾ ਕਿਸ ਨੇ ਕੀਤੀ ਹੈ?

**ਪ੍ਰਸ਼ਨ-ਕਰਤਾ** : (ਉਹ ਹੈਰਾਨੀ ਵਾਲੇ ਹਾਵ-ਭਾਵ ਨਾਲ ਚੁੱਪ)

**ਦਾਦਾਸ਼੍ਰੀ** : ਜੋ ਵੀ ਤੁਹਾਡੀ ਇਸ ਵਿਸ਼ੇ ਬਾਰੇ ਸੋਚ ਹੈ ਉਹ ਮੇਰੇ ਨਾਲ ਸਾਂਝੀ ਕਰੋ। ਇਥੇ ਅਜਿਹਾ ਕੋਈ ਵਿਅਕਤੀ ਨਹੀਂ ਜਿਹੜਾ ਤੁਹਾਡੇ ਕਹੇ ਦਾ ਮੁਲਾਂਕਣ ਕਰੇ - ਠੀਕ ਜਾਂ ਗਲਤ ਕਹੇ।

**ਪ੍ਰਸ਼ਨ-ਕਰਤਾ** : ਪਰਮਾਤਮਾ ਨੇ ਬਣਾਇਆ ਹੋਵੇਗਾ, ਸ਼ਾਇਦ।

**ਦਾਦਾਸ਼੍ਰੀ** : ਪਰਮਾਤਮਾ ਨੇ ਇਸ ਸੰਸਾਰ ਨੂੰ ਕਿਉਂ ਬਣਾਇਆ? ਪਰਮਾਤਮਾ ਬਾਰੇ ਤੁਸੀਂ ਕੀ ਜਾਣਦੇ ਹੋ? ਕੀ ਉਹ ਸ਼ਾਦੀ-ਸ਼ੁਦਾ ਹੈ ਜਾਂ ਕੰਵਾਰਾ। ਉਸ ਦਾ ਪਤਾ ਕੀ ਹੈ? ਕੀ ਤੁਸੀਂ ਸੋਚਦੇ ਹੋ ਕਿ ਮੁਕਤ-ਅਵਸਥਾ ਹੈ?

**ਪ੍ਰਸ਼ਨ-ਕਰਤਾ** : ਹਾਂ, ਜੀ। ਮੋਕਸ਼ ਤਾਂ ਜ਼ਰੂਰ ਹੈ।

**ਦਾਦਾਸ਼੍ਰੀ** : ਪਰੰਤੂ ਜੇਕਰ ਪਰਮਾਤਮਾ ਇਸ ਜਗਤ ਦਾ ਰਚਨਹਾਰ ਹੈ ਅਤੇ ਮੋਕਸ਼ ਵੀ ਹੈ, ਤਾਂ ਫਿਰ ਇਨ੍ਹਾਂ ਦੋਹਾਂ ਗੱਲਾਂ ਵਿਚ ਵਿਰੋਧਾਭਾਸ ਹੋਇਆ।

**ਪ੍ਰਸ਼ਨ-ਕਰਤਾ** : ਵਿਰੋਧਾਭਾਸ? ਉਹ ਕਿਵੇਂ?

**ਦਾਦਾਸ਼੍ਰੀ** : ਜੇ ਪਰਮਾਤਮਾ ਕਰਤਾ-ਪੁਰਖ ਹੈ ਅਤੇ ਸਾਡਾ ਮਾਲਕ ਹੈ ਅਤੇ ਉਹ ਹੀ ਸਾਨੂੰ ਮੁਕਤੀ ਦੇ ਰਾਹ ਤੋਰਦਾ ਹੈ ਤਾਂ ਇਸ ਦਾ ਅਰਥ ਇਹ ਵੀ ਹੋਇਆ ਕਿ ਉਹ ਜਦੋਂ ਵੀ ਸਾਨੂੰ ਬਾਹਰ ਜਾਣ ਦਾ ਆਦੇਸ਼ ਦੇਵੇਗਾ ਤਾਂ ਤੁਹਾਨੂੰ ਮੋਕਸ਼ ਅਵਸਥਾ ਨੂੰ ਵੀ ਤਿਆਗ ਦੇਣਾ ਹੋਵੇਗਾ। ਫਿਰ ਤੁਸੀਂ ਇਸ ਨੂੰ ਪੂਰਨ ਮੁਕਤੀ ਕਿਵੇਂ ਕਹਿ ਸਕਦੇ ਹੋ? ਮੋਕਸ਼ ਤੋਂ ਭਾਵ ਹੈ ਸਦੀਵੀ ਕਾਲ ਲਈ ਬੰਧਨ-ਮੁਕਤੀ, ਜਦੋਂ ਕੋਈ ਮਾਲਕ ਨਹੀਂ ਹੋਵੇਗਾ, ਪਰਮਾਤਮਾ ਵੀ ਨਹੀਂ। ਅਤੇ ਨਾ ਹੀ ਕੋਈ ਤੁਹਾਡੇ ਅਧੀਨ ਹੋਵੇਗਾ। ਕੀ ਤੁਸੀਂ ਇਸ ਨਾਲ ਸਹਿਮਤ ਹੋ?

**ਪ੍ਰਸ਼ਨ-ਕਰਤਾ** : ਜੀ, ਮਹਾਰਾਜ। ਇਹ ਇੰਝ ਵੀ ਹੋਣਾ ਚਾਹੀਦਾ ਹੈ।

## 3

## ਸੰਸਾਰ : ਇਕ ਬੁਝਾਰਤ

**ਪ੍ਰਸ਼ਨ-ਕਰਤਾ** : ਇਸ ਜਗਤ ਦੀ ਰਚਨਾ ਕਿਸ ਨੇ ਕੀਤੀ ਹੈ?

**ਦਾਦਾ ਸ਼੍ਰੀ** : ਈਸਾਈ ਮੱਤ ਦੀ ਧਾਰਨਾ ਹੈ ਕਿ ਇਸ ਜਗਤ ਦੀ ਰਚਨਾ ਪਰਮਾਤਮਾ ਨੇ ਕੀਤੀ। ਮੁਸਲਮਾਨ ਵੀ ਮੰਨਦੇ ਹਨ ਕਿ ਇਸ ਸੰਸਾਰ ਨੂੰ ਅੱਲਾ ਨੇ ਬਣਾਇਆ ਅਤੇ ਹਿੰਦੂਆਂ ਦਾ ਕਹਿਦਾ ਹੈ ਈਸ਼ਵਰ ਇਸ ਸੰਸਾਰ ਦਾ ਰਚਨਹਾਰ ਹੈ। ਇਹ ਸਾਰੇ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਠੀਕ ਹਨ। ਪਰੰਤੂ ਅਸਲੀਅਤ ਵਿਚ ਇਹ ਗਲਤ ਹਨ। ਜੇ ਤੁਸੀਂ ਅਸਲੀਅਤ ਜਾਨਣਾ ਚਾਹੁੰਦੇ ਹੋ ਤਾਂ ਮੈਂ ਤੁਹਾਨੂੰ ਦੱਸਾਂਗਾ। ਜਦੋਂ ਸਾਰੇ ਹੀ ਦ੍ਰਿਸ਼ਟੀਕੋਣਾਂ ਨੂੰ ਸਵੀਕਾਰ ਕਰ ਲਈਏ ਤਾਂ ਇਹ ਸਹੀ ਗਿਆਨ ਹੈ। ਮੈਂ ਸਭ ਨੂੰ 360° ਮੰਨਦਾ ਹਾਂ ਇਸ ਲਈ ਮੈਂ ਗਿਆਨੀ ਹਾਂ। ਕਿਉਂਕਿ ਇਸ ਸਮੇਂ ਮੈਂ ਕੇਂਦਰੀ ਸਥਾਨ ਉਪਰ ਬੈਠਾਂ ਹਾਂ, ਇਸ ਲਈ ਮੈਂ ਤੁਹਾਡੇ ਸਾਹਮਣੇ ਸਾਰੇ ਤੱਥ ਸਪਸ਼ਟ ਕਰ ਸਕਦਾ ਹਾਂ। ਸਾਰੇ ਤੱਥ ਇਸ ਪ੍ਰਚਲਤ ਵਿਸ਼ਵਾਸ ਦੇ ਵਿਰੁੱਧ ਜਾਂਦੇ ਹਨ ਕਿ

ਪਰਮਾਤਮਾ ਇਸ ਜਗਤ ਦਾ ਕਰਤਾ ਹੈ। ਉਹ ਇਸ ਸੰਸਾਰ ਦਾ ਰਚਨਹਾਰ ਬਿਲਕੁਲ ਨਹੀਂ ਹੈ।

ਅਸਲੀਅਤ ਤਾਂ ਇਹ ਹੈ ਕਿ ਇਸ ਸੰਸਾਰ ਨੂੰ ਕਿਸੇ ਵੀ ਨਹੀਂ ਬਣਾਇਆ। ਫਿਰ ਇਸ ਨੂੰ ਬਨਾਉਣ ਵਾਲਾ ਹੈ ਕੌਣ? ਇਹ ਕਿਵੇਂ ਬਣਿਆ? ਮੈਂ ਤੁਹਾਨੂੰ ਇਹ ਦੱਸ ਦਿਆ ਕਿ ਸੰਸਾਰ ਇਕ ਬੁਝਾਰਤ ਹੈ। ਇਹ ਬਹੁਤ ਰਹੱਸਮਈ ਅਤੇ ਗੁੰਝਲਦਾਰ ਹੈ। ਇਸੇ ਕਰਕੇ ਇਸ ਨੂੰ ਇਕ ਬੁਝਾਰਤ ਕਿਹਾ ਗਿਆ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇਹ ਸੰਸਾਰ ਸਦੀਵੀ ਹੈ। ਇਸ ਲਈ ਇਸ ਦਾ ਕੋਈ ਕਰਤਾ ਹੋਣ ਦੀ ਲੋੜ ਹੀ ਨਹੀਂ। ਮੈਂ ਆਪਣੀ ਸਮਝ ਅਤੇ ਦਿਬ-ਦ੍ਰਿਸ਼ਟੀ ਰਾਹੀਂ ਇਸ ਨੂੰ ਇਸ ਤਰ੍ਹਾਂ ਹੀ ਵੇਖਿਆ ਹੈ। ਮੈਂ ਇਸ ਸਮੂਹ ਬ੍ਰਹਿਮੰਡ ਨੂੰ ਬਹੁਤ ਬਾਰੀਕੀ ਨਾਲ ਵੇਖਿਆ ਹੈ - ਪੂਰੀ ਸਮਝ ਅਤੇ ਦਿਬ-ਦ੍ਰਿਸ਼ਟੀ ਨਾਲ। ਇਹ ਵੀ ਕਹਿ ਸਕਦੇ ਹਾਂ ਕਿ ਇਸ ਸੰਸਾਰ ਨੂੰ ਮੈਂ ਅੰਦਰੋਂ ਵੀ ਵੇਖਿਆ ਹੈ ਅਤੇ ਬਾਹਰੋਂ ਵੀ।

ਜਿਹੜਾ ਵੀ ਵਿਅਕਤੀ ਇਸ ਸੰਸਾਰ ਰੂਪੀ ਬੁਝਾਰਤ ਦਾ ਹੱਲ ਲਭ ਲੈਂਦਾ ਹੈ ਉਹ ਦੈਵੀ ਪੁਰਸ਼ ਹੈ, ਪਰਮਾਤਮਾ ਹੀ ਹੈ। ਜਿਹੜੇ ਇਸ ਬੁਝਾਰਤ ਨੂੰ ਹੱਲ ਨਹੀਂ ਕਰ ਸਕਦੇ ਉਹ ਇਸ ਵਿਚ ਹੀ ਗੁੰਮ ਜਾਂਦੇ ਹਨ। ਉਹ ਹਮੇਸ਼ਾ ਉਲਝੇ ਹੀ ਰਹਿੰਦੇ ਹਨ। ਅਸਾਂ ਇਹ ਬੁਝਾਰਤ ਬੁੱਝ ਲਈ ਹੈ ਅਤੇ ਦੈਵੀ ਦਰਜਾ ਹਾਸਲ ਕਰ ਲਿਆ ਹੈ। ਮੇਰੇ ਲਈ, ਸ਼ੁੱਧ ਆਤਮਾ ਅਤੇ ਪੁਦਗਲ ਦੋ ਐਨ ਵਖਰੀਆਂ-ਵਖਰੀਆਂ ਵਸਤਾਂ ਹਨ। ਜਿਹੜੇ ਇਨ੍ਹਾਂ ਨੂੰ ਦੋ ਬਿਲਕੁਲ ਭਿੰਨ ਚੀਜਾਂ ਦੇ ਤੌਰ ਤੇ ਨਹੀਂ ਵੇਖ ਸਕਦੇ ਉਹ ਇਸ ਬੁਝਾਰਤ ਵਿਚ ਹੀ ਗੁੰਮ ਜਾਂਦੇ ਹਨ।

ਭਗਵਾਨ ਨਾ ਤਾਂ ਇਸ ਸੰਸਾਰ ਦਾ ਰਚਨਹਾਰ ਸੀ, ਨਾ ਹੈ ਅਤੇ ਨਾ ਹੀ ਹੋਵੇਗਾ। ਇਸ 'ਰਚਨਹਾਰ' ਜਾਂ 'ਕਰਤਾ' ਸ਼ਬਦ ਦੇ ਅਰਥ ਕੀ ਹਨ? ਇਕ ਰਚਨਹਾਰ ਤਾਂ ਘੁਮਿਆਰ ਦੀ ਨਿਆਈਂ ਹੁੰਦਾ ਹੈ ਅਤੇ ਇਕ ਘੁਮਿਆਰ ਨੂੰ ਤਾਂ ਚੋਖੀ ਮਿਹਨਤ-ਮਜ਼ਦੂਰੀ ਕਰਨੀ ਪੈਂਦੀ ਹੈ। ਕੀ ਤੁਸੀਂ ਮੰਨਦੇ ਹੋ ਕਿ ਪਰਮਾਤਮਾ ਵੀ ਮਿਹਨਤੀ ਮਜ਼ਦੂਰ ਹੈ? ਜੇਕਰ ਇਸ ਅਹਿਮਦਾਬਾਦ ਸ਼ਹਿਰ ਦੇ ਕਾਰਖਾਨੇਦਾਰ ਬਿਨਾਂ ਕੋਈ ਹੱਥੀਂ ਮਿਹਨਤ ਕਰਿਆ ਆਪਣੀਆਂ ਚਾਰ-ਚਾਰ ਫੈਕਟਰੀਆਂ ਨੂੰ ਸੰਭਾਲ ਸਕਦੇ ਹਨ ਤਾਂ ਭਗਵਾਨ ਨੂੰ ਇੰਨੀ ਮਿਹਨਤ ਕਰਨ ਦੀ ਕੀ ਲੋੜ ਪਈ ਹੈ। ਸਖ਼ਤ ਮਿਹਨਤ ਕਰਨ ਵਾਲਾ ਵਿਅਕਤੀ ਇਕ ਮਜ਼ਦੂਰ ਦੀ ਤਰ੍ਹਾਂ ਹੁੰਦਾ ਹੈ। ਪਰੰਤੂ ਭਗਵਾਨ ਤਾਂ ਇਸ ਤਰ੍ਹਾਂ ਦਾ ਨਹੀਂ। ਮੰਨ ਲਓ ਕਿ ਪਰਮਾਤਮਾ ਹੀ ਸਭ ਨੂੰ ਸ਼ਕਲਾਂ ਦਿੰਦਾ ਹੈ ਤਾਂ ਫਿਰ ਸਾਰਿਆਂ ਦੀਆਂ ਸ਼ਕਲਾਂ ਇਕੋ ਜਿਹੀਆਂ ਹੋਣਗੀਆਂ ਕਿਉਂਕਿ ਪਰਮਾਤਮਾ ਤਾਂ ਸਭ ਨੂੰ ਇਕੋਂ ਸਾਂਚੇ ਵਿਚ ਤਿਆਰ ਕਰੇਗਾ। ਜੇ ਅਸੀਂ ਪਰਮਾਤਮਾ ਨੂੰ ਨਿਰਪੱਖ ਮੰਨਦੇ ਹਾਂ ਤਾਂ ਫਿਰ ਇਹ ਕਿਉਂ ਇਕ ਵਿਅਕਤੀ ਨੂੰ ਤਾਂ ਜਨਮ ਤੋਂ ਸੜਕ ਦੇ ਕਿਨਾਰੇ ਜਾਂ ਕਿਸੇ ਟੁੱਟੀ ਝੁੱਗੀ ਵਿਚ ਸੋਣਾ ਨਸੀਬ ਹੁੰਦਾ ਹੈ ਅਤੇ ਦੂਸਰੇ ਦੀ ਕਿਸਮਤ ਵਿਚ ਜਨਮ ਤੋਂ ਹੀ ਮਹਿਲਾਂ ਦਾ ਸੁਖ ਮਾਨਣਾ ਲਿਖਿਆ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਫਿਰ ਇਸ ਸੰਸਾਰ ਨੂੰ ਚਲਾਉਂਦਾ ਕੌਣ ਹੈ?

**ਦਾਦਾਸ਼੍ਰੀ** : ਇਸ ਪ੍ਰਸ਼ਨ ਦਾ ਉੱਤਰ ਮੈਂ ਇਕੋ ਵਾਕ ਵਿਚ ਦੇਵਾਂਗਾ ਕਿ ਇਸ ਸੰਸਾਰ ਦੀ ਵਿਰਾਟ ਕ੍ਰਿਆਵਿਧੀ ਕਿਵੇਂ ਚਲਦੀ ਹੈ? ਫਿਰ ਬਾਕੀ ਦਾ ਵਿਸਥਾਰ ਤੁਸੀਂ ਖ਼ੁਦ ਹੀ ਜਾਣ ਸਕਦੇ ਹੋ। ਇਸ ਸੰਸਾਰ ਵਿਵਸਥਿਤ ਸ਼ਕਤੀ ਅਨੁਸਾਰ ਚਲਦਾ ਹੈ। ਇਸ ਸੰਸਾਰ ਦੀ ਵਿਸ਼ਾਲ ਕ੍ਰਿਆਵਿਧੀ ਵਾਸਤੇ ਅਸਮਾਨ ਵਿਚ ਸੁਭਾਇਆਨ ਕਿਸੇ ਦੈਵੀ ਸ਼ਕਤੀ ਕੋਲ ਸਮਾਂ ਨਹੀਂ ਹੈ। ਹਾਂ, ਇਸ ਸੰਸਾਰ ਨੂੰ ਚਲਾਉਣ ਵਾਲੀ ਸ਼ਕਤੀ ਨੂੰ ਅਸੀਂ ਇਕ ਵਿਵਸਥਿਤ ਸ਼ਕਤੀ ਦਾ ਨਾਂ ਦੇ ਸਕਦੇ ਹਾਂ। ਇਹ ਸ਼ਕਤੀ ਵਿਵਸਥਿਤ ਹੈ, ਪੂਰੀ ਤਰ੍ਹਾਂ ਸੁਤੰਤਰ ਹੈ ਅਤੇ ਨਿਰਪੱਖ ਹੈ। ਇਹ ਸਮੁੱਚੀ ਕ੍ਰਿਆਵਿਧੀ ਨੂੰ ਕੰਟਰੋਲ ਕਰਦੀ ਹੈ ਅਤੇ ਹਰ ਵਿਵਸਥਾ ਨੂੰ ਯੋਗ ਸਥਾਨ ਉਪਰ ਰਖਦੀ ਹੈ।

## 4. ਵਿਵਸਥਿਤ ਸ਼ਕਤੀ

### (Scientific Circumstantial Evidences)

**ਦਾਦਾਸ਼੍ਰੀ** : ਤੁਸੀਂ ਸਵੇਰ ਦੇ ਸਮੇਂ ਨੀਂਦ ਤੋਂ ਜਾਗਦੇ ਹੋ..... ਮੈਨੂੰ ਇਹ ਸੱਚ-ਸੱਚ ਦੱਸੋ ਕਿ ਕੀ ਤੁਸੀਂ ਖ਼ੁਦ-ਬ-ਖ਼ੁਦ ਨੀਂਦ ਤੋਂ ਜਾਗ ਪੈਂਦੇ ਹੋ? ਕੀ ਤੁਸੀਂ ਸਵੇਰੇ ਜਲਦੀ ਆਪਣੇ ਆਪ ਹੀ ਜਾਗਦੇ ਹੋ ਜਾਂ ਕੋਈ ਅਦ੍ਰਿਸ਼ ਸ਼ਕਤੀ ਤੁਹਾਨੂੰ ਜਗਾਉਂਦੀ ਹੈ?

**ਪ੍ਰਸ਼ਨ-ਕਰਤਾ** : ਮੈਂ ਆਪਣੇ ਆਪ ਹੀ ਨੀਂਦ ਤੋਂ ਜਾਗ ਪੈਂਦਾ ਹਾਂ।

**ਦਾਦਾਸ਼੍ਰੀ** : ਪਰ ਕੀ ਕਦੇ-ਕਦੇ ਇਦਾਂ ਨਹੀਂ ਹੁੰਦਾ ਕਿ ਤੁਸੀਂ ਉਨੀਂਦਰਾ ਮਹਿਸੂਸ ਕਰਦੇ ਹੋ ਪਰ ਫਿਰ ਵੀ ਤੁਹਾਨੂੰ ਨੀਂਦ ਨਹੀਂ ਆ ਰਹੀ? ਜੇ ਤੁਸੀਂ ਆਪਣੇ ਆਪ ਹੀ ਜਾਗ ਪੈਂਦੇ ਹੋ ਤਾਂ ਫਿਰ ਤੁਹਾਨੂੰ ਘੜੀ 'ਤੇ ਅਲਾਰਮ ਲਗਾਉਣ ਦੀ ਕੀ ਲੋੜ ਪੈਂਦੀ ਹੈ, ਖ਼ਾਸ ਤੌਰ ਤੇ ਜੇ ਤੁਸੀਂ ਮੰਨ ਲਓ ਸਵੇਰੇ ਚਾਰ ਵਜੇ ਉੱਠਣਾ ਹੋਵੇ? ਜੇ ਤੁਸੀਂ ਰਾਤ ਨੂੰ ਸੌਣ ਤੋਂ ਪਹਿਲਾਂ ਮਨ ਨਾਲ ਇਹ ਦ੍ਰਿੜ ਨਿਸ਼ਚਾ ਕਰਕੇ ਸੌਵੋਂ ਕਿ ਮੈਂ ਸਵੇਰੇ 5 ਵੱਜ ਕੇ 10 ਮਿੰਟ 'ਤੇ ਉੱਠਣਾ ਹੈ ਤਾਂ ਜੇ ਤੁਸੀਂ ਠੀਕ ਉਸ ਸਮੇਂ ਜਾਗ ਪਵੋ। ਪਰ ਕੀ ਇਸ ਤਰ੍ਹਾਂ ਹੋ ਜਾਂਦਾ ਹੈ?

**ਪ੍ਰਸ਼ਨ-ਕਰਤਾ** : ਨਹੀਂ, ਮਹਾਰਾਜ। ਮੈਨੂੰ ਅਲਾਰਮ ਲਗਾਉਣਾ ਪਵੇਗਾ। ਇਹ ਸਹਾਇਤਾ ਤਾਂ ਮੈਨੂੰ ਲੈਣੀ ਹੀ ਪਵੇਗੀ।

**ਦਾਦਾਸ਼੍ਰੀ** : ਇਹੋ ਤਾਂ ਵਿਰੋਧਾਭਾਸ ਹੈ। ਤੁਸੀਂ ਖ਼ੁਦ ਕਰਦੇ ਨਹੀਂ ਪਰ ਕਹਿੰਦੇ ਜ਼ਰੂਰ ਹੋ ਕਿ ਮੈਂ ਕੀਤਾ ਜਾ ਮੈਂ ਕਰਦਾ ਹਾਂ। ਇਸ ਨੂੰ ਸਿਧਾਂਤ ਕਿਵੇਂ ਕਿਹਾ ਜਾ ਸਕਦਾ ਹੈ? ਜ਼ਰਾ ਸੋਚੋ। ਤੁਹਾਨੂੰ ਜਗਾਉਂਦਾ ਕੌਣ ਹੈ? ਇਹ ਵਿਵਸਥਿਤ ਸ਼ਕਤੀ ਹੈ। ਇਹ ਇਕ ਨਿਯਮਬੱਧ ਅਤੇ ਨਿਰਪੱਖ ਸ਼ਕਤੀ ਹੈ ਜਿਹੜੀ ਤੁਹਾਨੂੰ ਜਗਾ ਦਿੰਦੀ ਹੈ। ਸੂਰਜ, ਚੰਦ, ਤਾਰੇ, ਆਦਿ ਸਭ ਇਸੇ

ਸ਼ਕਤੀ ਅਧੀਨ ਕੰਮ ਕਰਦੇ ਹਨ। ਇਹ ਇੰਨੀਆਂ ਮਿਲਾਂ, ਕਾਰਖ਼ਾਨੇ ਅਤੇ ਦਸਤਕਾਰੀਆਂ ਇੰਨੀ ਅੱਗ, ਧੂੰਆਂ ਅਤੇ ਗੈਸਾਂ ਕਢਦੀਆਂ ਹਨ ਪਰੰਤੂ ਇਹ ਸ਼ਕਤੀ ਪ੍ਰਦੂਸ਼ਿਤ ਹਵਾ ਨੂੰ ਵੀ ਸਾਫ਼ ਕਰ ਦਿੰਦੀ ਹੈ ਅਤੇ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾ ਦਿੰਦੀ ਹੈ। ਜੇ ਇਹ ਸ਼ਕਤੀ ਇਸ ਤਰ੍ਹਾਂ ਨਾ ਕਰਦੀ ਤਾਂ ਅਹਿਮਦਾਬਾਦ ਵਰਗੇ ਸ਼ਹਿਰਾਂ ਦੇ ਲੋਕ ਨਾਲ ਹੁਣ ਤਕ ਕਦੋਂ ਦੇ ਸਾਹ ਘੁੱਟ ਕੇ ਮਰ ਗਏ ਹੁੰਦੇ। ਕੀ ਇਹ ਠੀਕ ਨਹੀਂ?

ਮਾਨਸੂਨ ਦੇ ਆਉਣ 'ਤੇ ਮੀਂਹ ਪੈਂਦੇ ਹਨ। ਬੱਦਲਾਂ ਤੱਕ ਪਾਣੀ ਕੌਣ ਭੇਜਦਾ ਹੈ? ਇਹ ਇਕ ਕੁਦਰਤੀ ਪ੍ਰਬੰਧ ਹੈ। ਜਦੋਂ ਹਾਈਡਰੋਜਨ ਗੈਸ ਦੇ ਦੋ ਕਣ ਆਕਸੀਜਨ ਗੈਸ ਦੇ ਇਕ ਕਣ ਨਾਲ ਮਿਲਦੇ ਹਨ ਤਾਂ ਇਹ ਪਾਣੀ ਦਾ ਰੂਪ ਲੈ ਕੇ ਧਰਤੀ ਉਪਰ ਕਣੀਆਂ ਬਣ ਕੇ ਡਿਗਦੇ ਹਨ। ਪਰੰਤੂ ਇਕ ਵਿਗਿਆਨ ਦਾ ਕੀ ਕਹਿਣਾ ਹੈ? "ਦੇਖੋ! ਮੈਂ ਪਾਣੀ ਨੂੰ ਬਨਾਉਣ ਵਾਲਾ ਹਾਂ।" ਕਿੰਨੀ ਮੂਰਖਤਾ ਹੈ! ਜਦੋਂ ਮੈਂ ਤੁਹਾਨੂੰ ਆਕਸੀਜਨ ਦੇ ਇਕ ਦੀ ਬਜਾਇ ਦੋ ਕਣ ਦਿੰਦਾ ਹਾਂ ਤਾਂ ਤੁਸੀਂ ਕਹਿੰਦੇ ਹੋ ਕਿ ਇਹ ਕਿਵੇਂ ਹੋ ਸਕਦਾ ਹੈ। ਅਸਲ ਵਿਚ ਤੁਸੀਂ ਆਪ ਵੀ ਸਬੂਤ ਦਾ ਇਕ ਅੰਗ ਹੋ। ਤੁਸੀਂ 'ਕਰਤਾ' ਕਿਵੇਂ ਹੋ ਸਕਦੇ ਹੋ? ਇਸ ਸੰਸਾਰ ਵਿਚ ਕੋਈ ਇਕੋ-ਇਕ ਅਜਿਹਾ ਵਿਅਕਤੀ/ਵਸਤੂ ਨਹੀਂ ਜੋ ਸਮੂਹ ਦਾ ਕਰਤਾ ਹੋਵੇ। ਅਸੀਂ ਸਾਰੇ ਸਿਰਫ ਸਾਧਨ-ਮਾਤਰ ਹਾਂ। ਇਥੋਂ ਤੱਕ ਕਿ 'ਰੱਬ' ਵੀ ਕਰਤਾ ਨਹੀਂ। ਜੇ ਰੱਬ ਕਰਤਾ ਹੋਵੇ ਤਾਂ ਇਸ ਸੰਸਾਰ ਦੀਆਂ ਘਟਨਾਵਾਂ ਤੋਂ ਉਹ ਵੀ ਪ੍ਰਭਾਵਿਤ ਹੋਵੇ। ਪਰੰਤੂ ਰੱਬ ਤਾਂ ਸਿਰਫ਼ ਗਿਆਤਾ ਹੈ, ਦ੍ਰਸ਼ਟਾ ਹੈ ਅਤੇ ਸਦਾ ਅਨੰਦ ਦੀ ਸਥਿਤੀ ਵਿਚ ਹੈ- ਹਾਲਾਤ ਕੁਝ ਵੀ ਹੋਣ।

**ਦਾਦਾਸ਼੍ਰੀ** : ਰੱਬ ਦੀ ਰਿਹਾਇਸ਼ਗਾਹ ਕਿੱਥੇ ਹੈ? ਉਸ ਦਾ ਪਤਾ ਕੀ ਹੈ? ਕੀ ਉਸ ਨੂੰ ਖ਼ਤ ਲਿਖਣ ਲਈ ਮਨ ਕਰਦਾ ਹੈ? ਜੇ ਮਨ ਕਰੇ ਵੀ, ਤਾਂ ਉਸ ਨੂੰ ਇਹ ਖ਼ਤ ਕਿਸ ਪਤੇ ਉਪਰ ਭੇਜੋਗੇ? ਕਿਸ ਗਲੀ ਵਿਚ ਹੈ ਉਸਦਾ ਘਰ? ਉਸ ਗਲੀ ਦਾ ਨਾਂ ਜਾਂ ਨੰਬਰ ਕੀ ਹੈ?

**ਪ੍ਰਸ਼ਨ-ਕਰਤਾ** : ਮੈਨੂੰ ਇਹ ਸਭ ਪਤਾ ਨਹੀ਼। ਪਰੰਤੂ ਇਹ ਕਿਹਾ ਜਾਂਦਾ ਹੈ ਕਿ ਰੱਬ ਉਪਰ ਅਸਮਾਨ ਵਿਚ ਕਿਧਰੇ ਹੈ।

**ਦਾਦਾਸ਼੍ਰੀ** : ਤੁਸੀਂ ਵੀ ਉਨ੍ਹਾਂ ਸਭ ਗੱਲਾਂ ਵਿਚ ਵਿਸ਼ਵਾਸ਼ ਕਿਉਂ ਕਰਦੇ ਹੋ ਜੋ ਹੋਰ ਲੋਕ ਕਹਿੰਦੇ ਹਨ? ਚਾਹੀਦਾ ਹੈ ਕਿ ਤੁਸੀਂ ਖ਼ੁਦ ਘੋਖ ਕਰੋ। ਇਹ ਜ਼ਰੂਰੀ ਹੈ। ਮੈਂ ਤੁਹਾਨੂੰ ਉਸ ਦਾ ਸਹੀ ਪਤਾ ਦਿਆਂਗਾ। ਰੱਬ ਹਰ ਜੀਵ ਅੰਦਰ ਵਿਦਮਾਨ ਹੈ - ਚਾਹੇ ਉਹ ਦ੍ਰਿਸ਼ਟੀਮਾਨ ਹੈ ਜਾਂ ਅਦ੍ਰਿਸ਼। ਤੁਹਾਡੇ ਅਤੇ ਮੇਰੇ ਵਿਚਕਾਰ ਵੀ ਅਨੇਕ ਜੀਵ - ਕਈ ਇੰਨੇ ਛੋਟੇ ਹਨ ਕਿ ਦੂਰਬੀਨ ਨਾਲ ਵੀ ਨਹੀਂ ਦੇਖੇ ਜਾ ਸਕਦੇ - ਹਾਜ਼ਰ ਹਨ..... ਰੱਬ ਉਨ੍ਹਾਂ ਵਿਚ ਵੀ ਵਿਦਮਾਨ ਹੈ। ਉਹ ਉਨ੍ਹਾਂ ਅੰਦਰ ਅਵਿਅਕਤ ਸ਼ਕਤੀ ਦੇ ਰੂਪ ਵਿਚ ਹੈ ਪਰੰਤੂ ਉਸ ਨੇ ਮੇਰੇ ਅੰਦਰ ਆਪਣੇ ਆਪ ਨੂੰ ਪੂਰੇ ਗੌਰਵ ਸਮੇਤ ਪ੍ਰਤੱਖ ਵਿਅਕਤ ਕੀਤਾ ਹੋਇਆ ਹੈ.....।

ਰੱਬ ਇਸ ਸਰੀਰ-ਮੰਦਰ ਅੰਦਰ ਹਾਜ਼ਰ ਹੈ। ਉਹ ਇਕ ਦੈਵੀ ਜੋਤ, ਇਕ ਹੈਰਾਨਕੁੰਨ ਜੋਤ-ਰੂਪ ਹੈ। ਜਿਹੜਾ ਸਰੀਰ ਤੁਹਾਡੇ ਸਾਹਮਣੇ ਬੈਠਾ ਹੈ ਉਹ ਅੰਬਾਲਾਲ ਮੂਲਜੀਭਾਈ ਪਟੇਲ ਹੈ ਜਿਹੜਾ ਗੁਜਰਾਤ ਦੇ ਅਨੰਦ ਜਿਲੇ ਦੇ ਭੱਦਰਾਨ ਪਿੰਡ ਦਾ ਇੱਕ ਪੱਟੀਦਾਰ ਹੈ ਅਤੇ ਜਿਹੜਾ ਕਿੱਤੇ ਵਜੋਂ ਇਕ ਠੇਕੇਦਾਰ ਹੈ। ਪਰ ਜਿਸ ਨੇ ਆਪਣੇ ਆਪ ਨੂੰ ਉਸ ਅੰਦਰ ਪ੍ਰਤੱਖ ਵਿਅਕਤ ਕੀਤਾ ਹੋਇਆ ਹੈ ਉਹ ਅਸਚਰਜ ਹੈ। ਉਹ ਦਾਦਾ ਭਗਵਾਨ ਹੈ। ਪਰੰਤੂ ਤੁਸੀਂ ਉਸ ਨੂੰ ਕਿਵੇਂ ਸਮਝ ਸਕਦੇ ਹੋ? ਇਹ ਬਾਹਰੀ ਸਰੀਰ ਤਾਂ ਇਕ ਖੋਲ ਵਾਂਗ ਹੈ ਅਤੇ ਉਸ ਦੇ ਅੰਦਰ ਜੋ ਵਿਦਮਾਨ ਹੈ ਉਹ ਦਾਦਾ ਭਗਵਾਨ ਹੈ।

ਤੁਹਾਡਾ ਸਰੀਰ ਵੀ ਇਕ ਬਾਹਰੀ ਖੋਲ ਹੈ - ਅਮਿਤ ਦਾ ਖੋਲ। ਪਰੰਤੂ ਇਸ ਦੇ ਅੰਦਰ ਰਹਿਣ ਵਾਲਾ ਭਗਵਾਨ ਹੈ। ਇਕ ਬਾਂਦਰ ਦਾ ਬਾਹਰੀ ਖੋਲ ਬਾਂਦਰ ਵਾਲਾ ਹੈ ਪਰ ਉਸ ਦੇ ਅੰਦਰ ਵਿਦਮਾਨ ਭਗਵਾਨ ਹੀ ਹੈ। ਪਰੰਤੂ ਅਸੀਂ ਲੋਕ ਬਾਂਦਰ ਨੂੰ ਬੁਰਾ ਬੋਲਦੇ ਹਾਂ ਜੇ ਉਹ ਸਾਡਾ ਰਸਤਾ ਕੱਟ ਜਾਵੇ। ਉਸ ਦੇ ਅੰਦਰ ਵਿਦਮਾਨ ਭਗਵਾਨ ਵੀ ਇਸ ਗੱਲ ਨੂੰ ਨੋਟ ਕਰਦਾ ਹੈ। "ਓਹ! ਇਸ ਬੰਦੇ ਨੇ ਮੈਨੂੰ ਬਾਂਦਰ ਕਿਹਾ। ਜਾਹ, ਮੌਜ ਕਰ, ਤੇਰੀ ਅਗਲੀ ਜੂਨ ਵੀ ਬਾਂਦਰ ਦੀ ਹੋਵੇਗੀ।" ਬਾਹਰੀ ਖੋਲ ਭਾਵੇਂ ਕਿਹੋ ਜਿਹਾ ਵੀ ਹੋਵੇ - ਕਿਸੇ ਲੱਕੜ ਦਾ ਵੀ ਹੋਵੇ, ਟਾਲ੍ਹੀ ਦਾ, ਦਿਆਰ ਦਾ ਜਾਂ ਸਾਗਵਾਨ ਦਾ। ਵਪਾਰੀ ਉਸ ਦਾ ਕੀ ਘੋਖਦਾ ਹੈ - ਬਾਹਰੀ ਖੋਲ ਜਾਂ ਅੰਦਰਲੀ ਵਸਤੂ।

**ਪ੍ਰਸ਼ਨ-ਕਰਤਾ** : ਉਹ ਤਾਂ ਅੰਦਰ ਭਰੀ ਹੋਈ ਵਸਤੂ ਦੀ ਹੀ ਜਾਂਚ ਕਰੇਗਾ?

**ਦਾਦਾਸ਼੍ਰੀ** : ਹਾਂ, ਬਾਹਰੀ ਪੈਕਿੰਗ, ਬਾਹਰੀ ਖੋਲ ਦਾ ਕੋਈ ਮੁੱਲ ਨਹੀਂ। ਜੋ ਕੀਮਤੀ ਹੈ ਅਤੇ ਜਿਸ ਨਾਲ ਸਾਡਾ ਸਰੋਕਾਰ ਹੈ ਉਹ ਅੰਦਰਲੀ ਕੀਮਤੀ ਵਸਤੂ ਨਾਲ ਹੈ। ਕਈ ਵਾਰ ਪੈਕਿੰਗ ਗਲੀ ਹੋ ਸਕਦੀ ਹੈ ਜਾਂ ਟੁੱਟੀ ਹੋਈ ਹੋ ਸਕਦੀ ਹੈ, ਪਰੰਤੂ ਅੰਦਰਲੀ ਸਮੱਗਰੀ ਪਵਿੱਤਰ ਹੈ। ਮੈਂ ਆਪਣੇ ਅੰਦਰਲੇ 'ਨਿਜ' ਨੂੰ ਅੰਬਾਲਾਲ ਮੂਲਜੀਭਾਈ ਪਟੇਲ ਨਾਲ ਇਕ ਪਲ ਲਈ ਵੀ ਰਲਗੱਡ ਨਹੀਂ ਕੀਤਾ ਅਤੇ ਮੇਰੇ ਗਿਆਨ-ਪ੍ਰਾਪਤੀ ਤੋਂ ਹੁਣ ਤੱਕ "ਮੈਂ" "ਉਸ" ਨਾਲ ਇਕ ਨਜ਼ਦੀਕੀ ਪੜੋਸੀ ਦੀ ਤਰ੍ਹਾਂ ਰਹਿ ਰਿਹਾ ਹਾਂ।

## *5*
## ਪਰਮਾਤਮਾ - ਮਾਲਕ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਮਾਨਵਾਂ ਦੀ ਮੁਕਤੀ ਪ੍ਰਾਪਤੀ ਹਿਤ ਪਰਮਾਤਮਾ ਦੇ ਰੋਲ ਬਾਰੇ ਵਿਸਥਾਰ ਵਿਚ ਦੱਸਣ ਦੀ ਖੇਚਲ ਕਰੋ।

**ਦਾਦਾਸ਼੍ਰੀ** : ਜਦੋਂ ਮੈਂ ਹਾਲੀਂ ਸਿਰਫ਼ 13 ਵਰ੍ਹਿਆਂ ਦਾ ਸੀ, ਮੇਰੇ ਮਨ ਵਿਚ ਇਹ ਇੱਛਾ ਸੀ ਕਿ ਮੇਰੇ 'ਤੇ ਹੁਕਮ ਚਲਾਉਣ ਵਾਲਾ ਮੇਰੇ ਉਪਰ ਕੋਈ ਨਾ ਹੋਵੇ – ਰੱਬ ਵੀ ਨਹੀਂ। ਮੈਂ ਇਹ ਗੱਲ ਮਨਜ਼ੂਰ ਨਹੀਂ ਸੀ। ਮੈਂ ਇਸ ਸੰਸਾਰ ਵਿਚ ਆਪਣੀ ਨਿਜੀ 'ਪ੍ਰਗਤੀ' ਦਾ ਮੰਤਵ ਲੈ ਕੇ ਆਇਆ ਸੀ ਅਤੇ ਇਸ ਜਨਮ ਵਿਚ ਮੇਰੀ ਅਨੰਤ ਜਨਮਾਂ ਦੀ ਅਭਿਲਾਸ਼ਾ ਪੂਰੀ ਹੋ ਗਈ ਸੀ।

ਜੇ ਪਰਮਾਤਮਾ ਸਾਡਾ ਮਾਲਕ ਹੈ ਅਤੇ ਉਸ ਨੇ ਹੀ ਸਾਨੂੰ ਸਾਰੇ ਬੰਧਨਾਂ ਤੋਂ ਮੁਕਤ ਕਰਨਾ ਹੈ ਤਾਂ ਉਹ ਸਾਨੂੰ ਕਦੇ ਵੀ ਹੁਕਮ ਦੇ ਸਕਦਾ ਹੈ ਕਿ ਉਠੋ ਅਤੇ ਬਾਹਰ ਜਾਉ – ਬਿਨਾਂ ਇਸ ਗੱਲ ਨੂੰ ਵਿਚਾਰੇ ਕਿ ਉਸ ਸਮੇਂ ਅਸੀਂ ਅਰਾਮ ਕਰ ਰਹੇ ਹਾਂ ਜਾਂ ਨਹੀਂ। ਉਸ ਦੇ ਹੁਕਮ ਦੀ ਤਾਮੀਲ ਕਰਨੀ ਸਾਡੇ ਲਈ ਜ਼ਰੂਰੀ ਹੋਵੇਗੀ। ਮੈਨੂੰ ਇਹ ਗੱਲ ਚੰਗੀ ਨਹੀਂ ਸੀ ਲੱਗਣੀ। ਇਸ ਨੂੰ ਮੋਕਸ਼ ਕਿਵੇਂ ਕਿਹਾ ਜਾ ਸਕਦਾ ਹੈ? ਮੁਕਤੀ ਜਾਂ ਮੋਕਸ਼ ਦਾ ਭਾਵ ਹੈ ਸੰਪੂਰਨ ਆਜ਼ਾਦੀ – ਨਾ ਕੋਈ ਮਾਲਕ ਜਿਹੜਾ ਹੁਕਮ ਦੇਵੇ ਅਤੇ ਨਾ ਕੋਈ ਅਧੀਨ ਜਿਹੜਾ ਸਾਡਾ ਪੈਰੋਕਾਰ ਹੋਵੇ।

ਤੁਸੀਂ ਪੂਰਨ ਅਜ਼ਾਦੀ ਅਤੇ ਅਨੰਦ ਕਿਵੇਂ ਅਨੁਭਵ ਕਰ ਸਕਦੇ ਹੋ ਅਤੇ ਕਿਵੇਂ ਮਾਣ ਸਕਦੇ ਹੋ? ਉਹ ਵੀ ਇਸੇ ਸੰਸਾਰ ਵਿਚ, ਇਸੇ ਜ਼ਿੰਦਗੀ ਦੌਰਾਨ। ਨਾ ਕੋਈ ਚਿੰਤਾ ਅਤੇ ਨਾ ਕੋਈ ਵਿਆਕੁਲਤਾ – ਪੂਰਨ ਆਨੰਦ! ਆਮਦਨ ਕਰ ਵਿਭਾਗ ਤੋਂ ਆਏ ਸੰਮਨ ਵੀ ਤੁਹਾਡੀ ਅਨੰਦਮਈ ਸਥਿਤੀ ਨੂੰ ਖਰਾਬ ਨਾ ਕਰਨ। ਉਹ ਮੁਕਤੀ ਹੈ। ਅੰਤਿਮ ਮੁਕਤੀ ਦਾ ਅਨੰਦ ਤਾਂ ਅਸੀਂ ਉਦੋਂ ਹੀ ਮਾਣ ਸਕਾਂਗੇ ਜਦੋਂ ਅਸੀਂ ਇਸ ਸੰਸਾਰ ਤੋਂ ਰੁਖ਼ਸਤ ਹੋ ਜਾਵਾਂਗੇ, ਪਰੰਤੂ ਇਸ ਸੰਸਾਰ ਵਿਚ ਵਿਚਰਦਿਆਂ ਉਸ ਮੁਕਤੀ ਦਾ ਥੋੜਾ ਜਿੰਨਾ ਅਨੰਦ ਤਾਂ ਮਾਣ ਸਕੀਏ! ਸਭ ਤੋਂ ਪਹਿਲਾਂ ਤੁਸੀਂ ਮੁਕਤੀ ਦਾ ਅਨੰਦ ਇਸ ਸੰਸਾਰ ਵਿਚ ਇਹ ਜੀਵਨ ਜਿਉਂਦੇ ਹੋਏ ਪ੍ਰਾਪਤ ਕਰੋ ਅਤੇ ਅਨੁਭਵ ਕਰੋ। ਤਾਂ ਹੀ ਜੀਵਨ ਉਪਰੰਤ ਅੰਤਿਮ ਮੁਕਤੀ ਦਾ ਅਨੰਦ ਮਾਣ ਸਕਣਾ ਤੁਹਾਡੇ ਲਈ ਯਕੀਨੀ ਬਣੇਗਾ।

ਜਦੋਂ ਮੈਂ 16 ਵਰ੍ਹਿਆਂ ਦਾ ਸੀ ਤਾਂ ਮੇਰੀ ਸ਼ਾਦੀ ਹੋ ਗਈ। ਸ਼ਾਦੀ ਦੀਆਂ ਰਸਮਾਂ ਦੌਰਾਨ ਇਕ ਅਜੀਬ ਗੱਲ ਵਾਪਰੀ। ਮੇਰੇ ਸਿਰ ਉਪਰ ਰੱਖੀ ਵਿਆਂਦੜ ਵਾਲੀ ਪਗੜੀ ਕੁਝ ਢਿਲੀ ਹੋ ਕੇ ਰਤਾ ਕੁ ਹੇਠਾਂ ਵੱਲ ਖਿਸਕ ਗਈ। ਮੇਰੇ ਮਨ ਵਿਚ ਇਕਦਮ ਇਕ ਵਿਚਾਰ ਆਇਆ ਕਿ ਇਹ ਪੱਕੀ ਗੱਲ ਹੈ ਕਿ ਕੁਝ ਸਮਾਂ ਸਾਡੇ ਦੋਹਾਂ ਵਿਚੋਂ ਇਕ ਜਣੇ ਨੂੰ ਇਕੱਲਿਆਂ ਰਹਿਣਾ ਪਵੇਗਾ। ਜਾਂ ਸ਼ਾਇਦ ਮੇਰੀ ਪਤਨੀ ਵਿਧਵਾ ਹੋ ਜਾਵੇ ਜਾਂ ਫਿਰ ਹੋ ਸਕਦਾ ਹੈ ਮੈਂ ਵਿਧੁਰ ਹੋ ਜਾਵਾਂ।

ਪਿਛਲੇ ਅਨੰਤ ਜਨਮਾਂ ਤੋਂ ਮਨੁੱਖ ਇਸ ਤਰ੍ਹਾਂ ਦੀਆਂ ਪੁਰਾਤਨ ਰੀਤਾਂ ਵਿਚ ਫਸਿਆ ਹੋਇਆ ਹੈ। ਇਕ ਤੋਂ ਬਾਦ ਦੂਜੇ ਜੀਵਨ ਵਿਚ ਉਹ ਓਹੀ ਗੱਲ ਵਾਰ-ਵਾਰ ਸਿਖਦਾ ਹੈ ਅਤੇ ਉਹ ਪ੍ਰਾਪਤ ਕੀਤੀ ਜਾਣਕਾਰੀ/ਗਿਆਨ ਫਿਰ ਅਗਿਆਨਤਾ ਦੀ ਪਰਦ ਹੇਠ ਲੁਕ ਜਾਂਦਾ ਹੈ।

ਅਗਿਆਨ ਸਾਨੂੰ ਹਾਸਲ ਕਰਨਾ ਨਹੀਂ ਪੈਂਦਾ। ਇਹ ਕੁਦਰਤੀ ਹੁੰਦਾ ਹੈ। ਪਰੰਤੂ ਸੱਚਾ ਗਿਆਨ ਹਾਸਲ ਕਰਨਾ ਪੈਂਦਾ ਹੈ। ਮੇਰੇ ਮਾਮਲੇ ਵਿਚ ਅਗਿਆਨਤਾ ਦੀ ਪਰਤ ਇੰਨੀ ਪਤਲੀ ਸੀ ਕਿ ਇਹ ਗੱਲ ਮੈਨੂੰ 13 ਵਰ੍ਹਿਆਂ ਦੀ ਉਮਰ ਵਿਚ ਹੀ ਸਮਝ ਆ ਗਈ ਸੀ।

ਇਕ ਦਿਨ ਸਾਡਾ ਹਿਸਾਬ ਦਾ ਅਧਿਆਪਕ ਸਾਨੂੰ ਪੜ੍ਹਾ ਰਿਹਾ ਸੀ ਅਤੇ ਉਸ ਨੇ ਸਾਨੂੰ ਉਹ ਸਭ ਤੋਂ ਛੋਟਾ ਹਿੱਸਾ ਪਤਾ ਕਰਨ ਨੂੰ ਕਿਹਾ ਜਿਹੜਾ ਵੰਡਿਆ ਨਾ ਜਾ ਸਕੇ ਅਤੇ ਜਿਹੜਾ ਸਾਰੇ ਹਿੱਸਿਆਂ ਵਿੱਚ ਸਾਂਝਾ ਹੋਵੇ। ਇਸ ਸੰਕੇਤ ਨੂੰ ਭਾਪ ਕੇ ਮੈਂ ਇਕ ਦਮ ਪ੍ਰਮਾਤਮਾ ਨੂੰ ਜਾਣ ਲਿਆ। ਉਹ ਸਾਡੇ ਸਾਰਿਆਂ ਅੰਦਰ ਵਿਦਮਾਨ ਹੈ; ਸਭ ਦਾ ਸਾਂਝਾ ਹੈ; ਅਵਿਭਾਜਤ ਹੈ; ਅਤੇ ਅਸੀਂ ਸਾਰੇ ਹਿੱਸੇ ਹਾਂ।

ਜਿਹੜੇ ਸ਼ਬਦ ਮੈਂ ਉਚਾਰਦਾ ਹਾਂ ਉਹ ਤੁਹਾਡੀ ਅਗਿਆਨਤਾ ਦਾ ਪਰਦਾ ਹਟਾ ਦਿੰਦੇ ਹਨ ਅਤੇ ਤੁਹਾਡੀ ਅੰਤਰ-ਆਤਮਾ ਨੂੰ ਰੁਸ਼ਨਾ ਦਿੰਦੇ ਹਨ। ਇਸ ਲਈ ਮੈਂ ਜੋ ਕਹਿੰਦਾ ਹਾਂ ਤੁਸੀਂ ਉਸ ਨੂੰ ਸਮਝ ਸਕਦੇ ਹੋ। ਨਹੀਂ ਤਾਂ ਮੇਰੇ ਕਹੇ ਸ਼ਬਦ ਤੁਹਾਡੀ ਸਮਝ ਵਿਚ ਨਹੀਂ ਸਨ ਆਉਣੇ। ਇਸ ਮਾਮਲੇ ਵਿਚ ਤੁਹਾਡੀ ਬੁੱਧੀ ਕੁਝ ਨਹੀਂ ਕਰ ਸਕਦੀ। ਦੁਨੀਆਂ ਭਰ ਦੇ ਬੁੱਧੀਜੀਵੀ ਵੀ ਗਲਤ ਵਿਸ਼ਵਾਸਾਂ ਅਤੇ ਧਾਰਨਾਵਾਂ ਵਿਚ ਉਲਝ ਜਾਂਦੇ ਹਨ। ਪਰੰਤੂ ਮੈਂ ਤਾਂ ਅਬੁੱਧ ਹਾਂ। ਮੇਰੇ ਪਾਸ ਬੁੱਧੀ ਨਹੀਂ ਹੈ।

**ਪ੍ਰਸ਼ਨ-ਕਰਤਾ** : ਮਹਾਰਾਜ! ਮੇਰੇ ਲਈ ਇਹ ਗੱਲ ਸਵੀਕਾਰ ਕਰਨੀ ਮੁਸ਼ਕਲ ਹੈ।

**ਦਾਦਾਸ਼੍ਰੀ** : ਬੁੱਧੀ ਕੀ ਹੈ ਅਤੇ ਅਸਲੀ ਗਿਆਨ ਕੀ ਹੈ? ਸਾਰੇ ਹੀ ਵਿਸ਼ੇ - ਅਤੇ ਇਹ ਵਿਸ਼ੇ ਅਨੰਤ ਹਨ - ਬੁੱਧੀ ਦਾ ਖੇਤਰ ਹਨ ਪਰੰਤੂ ਜੇ ਕੋਈ ਇਹ ਜਾਣ ਲਵੇ ਕਿ 'ਮੈਂ ਕੌਣ ਹਾਂ?' ਤਾਂ ਇਹ ਅਸਲੀ, ਸੱਚਾ ਗਿਆਨ ਹੈ। ਸੰਸਾਰ ਬਾਰੇ ਸਾਰਾ ਗਿਆਨ ਜੋ ਤੁਸੀਂ ਪ੍ਰਾਪਤ ਕੀਤਾ ਹੈ ਅੰਤ ਨੂੰ ਅਜਾਈਂ ਜਾਵੇਗਾ।

ਹਉਮੈਂ ਰਾਹੀਂ ਪ੍ਰਾਪਤ ਕੀਤਾ ਗਿਆਨ ਬੁੱਧੀ ਹੈ ਜਦੋਂ ਕਿ ਹਉਮੈ-ਰਹਿਤ ਗਿਆਨ ਹੀ ਅਸਲੀ ਸੱਚਾ ਗਿਆਨ ਹੈ। ਆਪਣੀ ਅੰਤਰ-ਆਤਮਾ, ਆਪਣੇ ਨਿਜ ਨੂੰ ਜਾਨਣਾ ਹੀ ਸੱਚਾ ਗਿਆਨ ਹੈ।

ਇਨ੍ਹਾਂ ਭਿੰਨਤਾਵਾਂ ਦੇ ਅੰਤਰ ਨੂੰ ਮੇਟਣ ਦਾ ਸਰਵੋਤਮ ਢੰਗ ਕੀ ਹੈ? ਅਸੀਂ ਇਹ ਜੀਵਨ ਕਿਵੇਂ ਬਤੀਤ ਕਰਦੇ ਹਾਂ? ਤੁਸੀਂ ਮਹਾਨ ਬੁੱਧੀਜੀਵੀ ਹੋ ਸਕਦੇ ਹੋ ਅਤੇ ਤੁਹਾਡੇ ਪਾਸ ਲੱਖਾਂ ਰੁਪਏ ਦੀ ਦੌਲਤ ਹੋ ਸਕਦੀ ਹੈ ਪਰੰਤੂ ਤੁਹਾਡੇ ਮਨ ਦੇ ਅੰਦਰ ਪੈਦਾ ਹੋਏ ਵਿਵਾਦ ਅਤੇ ਮਤਭੇਦ ਤੁਹਾਡੇ ਜੀਵਨ ਵਿਚ ਬੇਪਨਾਹ ਦੁਖ-ਤਕਲੀਫਾਂ ਪੈਦਾ ਕਰਦੇ ਹਨ।

# 6
## ਸੱਚਾ ਧਰਮ

**ਦਾਦਾਸ਼੍ਰੀ** : ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਇੱਕ ਗੋਲ ਚੱਕਰ 360° ਦਾ ਹੁੰਦਾ ਹੈ। ਵੱਖ-ਵੱਖ ਵਿਚਾਰਧਾਰਾਵਾਂ ਨੂੰ ਮੰਨਣ ਵਾਲੇ ਲੋਕ ਇਸ ਚੱਕਰ ਦੀਆਂ ਵਿਭਿੰਨ ਡਿਗਰੀਆਂ ਹਨ। ਸਮਝਣ ਹਿਤ ਅਸੀਂ ਕਹਿ ਸਕਦੇ ਹਾਂ ਕਿ ਅੰਗਰੇਜ਼ ਕੌਮ 110° ਉਪਰ ਖੜੀ ਹੈ, ਮੁਸਲਮਾਨ 120° ਉਪਰ, ਪਾਰਸੀ 140° ਉਪਰ ਅਤੇ ਹਿੰਦੂ 220° ਉਪਰ। ਇਹ ਸਾਰੇ ਪਰਮ-ਸੱਤਾ ਨੂੰ ਆਪੋ-ਆਪਣੇ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖ ਰਹੇ ਹਨ। ਜ਼ਰੂਰੀ ਹੈ ਕਿ ਉਨ੍ਹਾਂ ਸਭ ਦੇ ਦ੍ਰਿਸ਼ਟੀਕੋਣ ਵੱਖ-ਵੱਖ ਹੋਣਗੇ ਕਿਉਂਕਿ ਉਨ੍ਹਾਂ ਵਿਚ ਹਰ ਇਕ ਪਰਮ-ਸੱਤਾ ਨੂੰ ਆਪਣੇ ਵਖਰੇ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ। ਉਨ੍ਹਾਂ ਵਿਚੋਂ ਹਰ ਇਕ ਦਾ ਇਹ ਵੀ ਮੰਨਣਾ ਹੈ ਕਿ ਜੋ ਉਹ ਵੇਖਦੇ ਹਨ ਸਿਰਫ਼ ਉਹੋ ਹੀ ਇਕੋ-ਇਕ ਸਤਿ ਜਾਂ ਯਥਾਰਥ ਹੈ, ਅਤੇ ਉਹ ਆਪਣੇ-ਆਪਣੇ ਪੱਖ ਤੋਂ ਠੀਕ ਵੀ ਹਨ। ਜੇ ਮੈਂ 120° ਉਪਰ ਖੜੇ ਕਿਸੇ ਵਿਅਕਤੀ ਨੂੰ ਹੁਣ 80° ਉਪਰ ਆਉਣ ਲਈ ਕਹਾਂ ਅਤੇ ਫਿਰ ਉਸ ਨੂੰ ਪੁੱਛਾ ਕਿ ਕੌਣ ਠੀਕ ਹੈ ਤਾਂ ਉਸ ਨੂੰ ਯਕਦਮ ਸਮਝ ਆ ਜਾਵੇਗੀ ਕਿ ਇਹ ਸਾਰੇ ਵਖਰੇਵੇਂ ਦ੍ਰਿਸ਼ਟੀਕੋਣਾਂ ਦੀ ਭਿੰਨਤਾ ਦੇ ਕਾਰਨ ਹਨ।

ਹਰ ਇਕ ਧਰਮ ਆਪਣੇ ਆਪ ਨੂੰ ਇਕ ਖ਼ਾਸ ਉਚਾਈ ਉੱਪਰ ਰਖਦਾ ਹੈ ਅਤੇ ਇਹ ਉਚਾਈ ਉਸ ਦੇ ਦ੍ਰਿਸ਼ਟੀਕੋਣ ਨੂੰ ਨਿਰਧਾਰਤ ਕਰਦੀ ਹੈ। ਪਰੰਤੂ "ਮੈਂ" ਤਾਂ ਕੇਂਦਰ ਵਿਚ ਬੈਠਾ ਹਾਂ, ਉਸ ਗੋਲ ਚੱਕਰ ਦੇ ਐਨ ਵਿਚਕਾਰ। ਇਸ ਲਈ ਮੇਰਾ ਦ੍ਰਿਸ਼ਟੀਕੋਣ ਸਰਵੋਤਮ ਹੈ ਅਤੇ ਇਸ ਵਿਚ ਹੋਰ ਸਾਰੇ ਦ੍ਰਿਸ਼ਟੀਕੋਣ ਸੰਮਿਲਤ ਹਨ। ਇਕ ਗਿਆਨੀ-ਪੁਰਸ਼, ਜਿਹੜਾ ਅਜਿਹੇ ਕੇਂਦਰ ਵਿਚ ਬੈਠਾ ਹੈ, ਦਾ ਪਰਮ-ਸੱਤਾ ਜਾਂ ਸਤਿ ਪ੍ਰਤਿ ਦ੍ਰਿਸ਼ਟੀਕੋਣ ਸੰਪੂਰਨ ਹੈ ਅਤੇ ਉਹ ਦੂਸਰੇ ਦ੍ਰਿਸ਼ਟੀਕੋਣਾਂ ਦਾ ਵੀ ਸਨਮਾਨ ਕਰਦਾ ਹੈ। ਉਹ ਸਤਿ ਨੂੰ ਆਪਣੇ ਨਿਜੀ ਅਨੁਭਵ ਰਾਹੀਂ ਜਾਣਦਾ ਹੈ ਅਤੇ ਇਸ ਦੇ ਨਤੀਜੇ ਵਜੋਂ ਉਹ ਸਤਿ ਸੰਬੰਧੀ ਗਿਆਨ ਅੱਗੋਂ ਤੁਹਾਨੂੰ ਵੀ ਦੇ ਸਕਦਾ ਹੈ।

**ਪ੍ਰਸ਼ਨ-ਕਰਤਾ** : ਕੀ ਇਸ ਦਾ ਭਾਵ ਇਹ ਹੋਇਆ ਕਿ ਸੰਸਾਰ ਦੇ ਇਹ ਸਾਰੇ ਧਰਮ ਸਤਿ ਨਹੀਂ ਹਨ?

**ਦਾਦਾਸ਼੍ਰੀ** : ਇਹ ਸਾਰੇ ਧਰਮ ਸਤਿ ਹਨ ਪਰੰਤੂ ਉਹ ਸਾਰੇ relative ਧਰਮ ਹਨ। ਉਹ ਵੱਖਰੇ -ਵੱਖਰੇ ਦ੍ਰਿਸ਼ਟੀਕੋਣਾਂ ਉਪਰ ਆਧਾਰਤ ਹਨ। ਪਰੰਤੂ ਜੇਕਰ ਤੁਸੀਂ ਸਤਿ ਜਾਂ ਯਥਾਰਥ ਨੂੰ ਜਾਨਣਾ ਹੈ ਤਾਂ ਤੁਹਾਨੂੰ ਕੇਂਦਰ ਵਿਚ ਹੋਣਾ ਪਵੇਗਾ। ਸੱਚਾ ਧਰਮ ਹਮੇਸ਼ਾ ਕੇਂਦਰ ਵਿਚ ਹੁੰਦਾ ਹੈ ਅਤੇ ਇੰਝ ਸਤਿ ਦੇ ਸਾਰੇ ਪਹਿਲੂ ਇਸ ਵਿਚ ਸਮਾਏ ਹੁੰਦੇ ਹਨ: ਇਹ ਸਤਿ ਦੇ ਸਾਰੇ ਪਹਿਲੂਆਂ ਨੂੰ ਇਕੱਤਰ ਕਰਕੇ ਵੇਖਦਾ ਹੈ। ਇਹ ਆਤਮਾ ਧਰਮ ਹੈ ਕਿਉਂਕਿ ਇਹ ਮਨੁੱਖ ਨੂੰ ਪਰਮ-ਪਦ ਤਕ ਲੈ ਜਾਂਦਾ ਹੈ? ਜਿਹੜਾ ਧਰਮ ਕੇਂਦਰ ਵਿਚ ਹੈ ਉਹ ਸਾਰੇ ਦ੍ਰਿਸ਼ਟੀਕੋਣਾਂ ਨੂੰ

ਸਮਝਦਾ ਹੈ। ਇਸ ਲਈ ਉਸ ਦਾ ਕਿਸੇ ਹੋਰ ਧਰਮ ਨਾਲ ਕਿਸੇ ਕਿਸਮ ਦਾ ਵਿਵਾਦ ਹੋਣ ਦਾ ਪ੍ਰਸ਼ਨ ਹੀ ਨਹੀਂ ਉਠਦਾ। ਮੈਂ ਹਰ ਕਿਸੇ ਦੇ ਇਸ਼ਟ ਨੂੰ ਮੰਨਦਾ ਹਾਂ। ਇਸੇ ਕਰਕੇ ਹਰ ਕੋਈ ਮੇਰੇ ਕੋਲ ਆ ਕੇ ਸਹਿਜ ਮਹਿਸੂਸ ਕਰਦਾ ਹੈ – ਉਹ ਭਾਵੇਂ ਜੈਨੀ ਹੋਣ, ਵੈਸ਼ਨਵ ਜਾਂ ਸਵਾਮੀ ਨਾਰਾਇਣ ਦੇ ਪੈਰੋਕਾਰ, ਸ਼ੈਵ ਜਾਂ ਮੁਸਲਮਾਨ, ਈਸਾਈ ਜਾਂ ਪਾਰਸੀ ਜਾਂ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ।

ਮੈਂ ਦੇਵੱਤਵ ਦਾ ਸ੍ਰੋਤ ਹਾਂ। ਜੋ ਵੀ ਤੁਸੀਂ ਚਾਹੁੰਦੇ ਹੋ, ਮੇਰੇ ਕੋਲੋ ਮੰਗੋ ਅਤੇ ਮੈਂ ਤੁਹਾਨੂੰ ਦਿਆਂਗਾ। ਇਸ ਮੌਕੇ ਦਾ ਭਰਪੂਰ ਲਾਭ ਉਠਾਉ ਕਿਉਂਕਿ ਸਮਾਂ ਤੇਜ਼ੀ ਨਾਲ ਬੀਤ ਜਾਂਦਾ ਹੈ ਅਤੇ ਕਿਸੇ ਲਈ ਉਡੀਕਦਾ ਨਹੀਂ। ਮੈਂ ਤੁਹਾਨੂੰ ਪਰਮਾਤਮਪਦ ਨਾਲ ਨਿਵਾਜ ਸਕਦਾ ਹਾਂ ਪਰੰਤੂ ਤੁਸੀਂ ਇਹ ਪਦ ਗ੍ਰਹਿਣ ਕਰਨ ਹਿਤ ਤਿਆਰ ਹੋਣੇ ਚਾਹੀਦੇ ਹੋ। ਇਸ ਪਦ ਦਾ ਮਿਲਣਾ ਨਿਰਭਰ ਕਰਦਾ ਹੈ ਕਿ ਤੁਸੀਂ ਕਿੰਨੇ ਤਿਆਰ ਹੋ। ਮੈਂ ਤੁਹਾਨੂੰ ਸੰਪੂਰਨ ਗਿਆਨ ਪ੍ਰਦਾਨ ਕਰ ਸਕਦਾ ਹਾਂ। ਪਰੰਤੂ ਇਹ ਸ਼ਾਇਦ ਤੁਹਾਡੇ ਲਈ ਹਜ਼ਮ ਕਰ ਸਕਣਾ ਸੰਭਵ ਨਾ ਹੋਵੇ। ਮੈਂ ਤਾਂ 360° ਪ੍ਰਾਪਤ ਕਰ ਲਿਆ ਹੈ ਪਰੰਤੂ ਅਜੋਕਾ ਸਮਾਂ ਅਜਿਹਾ ਹੈ ਕਿ ਜੇ ਮੈਂ 356° ਗ੍ਰਹਿਣ ਕਰਾਂ ਤਾਂ ਬਾਕੀ ਦਾ 4° ਬਹੁਤ ਜ਼ਿਆਦਾ ਹੋ ਜਾਵੇਗਾ ਅਤੇ ਮੈਂ 356° ਉਪਰ ਹੀ ਰੁਕਿਆ ਰਹਾਂਗਾ। ਪਰੰਤੂ ਮੈਂ ਤੁਹਾਨੂੰ ਸੰਪੂਰਨ ਅੰਤਿਮ ਗਿਆਨ ਦੀ ਦ੍ਰਿਸ਼ਟੀ ਦੇ ਸਕਦਾ ਹਾਂ।

ਸਮੁੱਚਾ ਸੰਸਾਰ ਚਾਰੇ ਪਾਸਿਉਂ ਭੁੱਜ ਰਿਹਾ ਹੈ ਜਿਵੇਂ ਬਲਦੇ ਕੋਲਿਆਂ ਵਿਚਕਾਰ ਰੱਖਿਆ ਆਲੂ ਹੋਵੇ। ਆਪਣੇ ਯਥਾਰਥਕ ਗਿਆਨ ਦੀ ਦ੍ਰਿਸ਼ਟੀ ਦੇ ਨਾਲ ਮੈਂ ਇਸ ਨੂੰ ਅੱਗ ਦੀਆਂ ਲਾਟਾਂ ਵਿਚ ਬਲ ਰਿਹਾ ਮਹਿਸੂਸ ਕਰ ਸਕਦਾ ਹਾਂ। ਇਸ ਲਈ ਮੇਰਾ ਮੁੱਖ ਤਾਂ ਮਾਨਵਤਾ ਨੂੰ ਇਸ ਦਰਦ, ਇਸ ਤਕਲੀਫ਼ ਤੋਂ ਬਚਾਉਣਾ ਹੈ। ਇਸ ਜਗਤ ਵਿਚ ਮੇਰੇ ਆਉਣ ਦਾ ਮੁਖ ਮਕਸਦ ਹੀ ਇਹ ਹੈ। ਮੇਰੇ ਗਿਆਨ ਕਾਰਨ ਸੰਸਾਰ ਦੇ ਅੱਧੇ ਲੋਕ ਤਾਂ ਜੀਵਨ-ਭਰ ਲਈ ਖੁਸ਼ੀ ਪ੍ਰਾਪਤ ਕਰ ਸਕਣਗੇ ਅਤੇ ਬਾਕੀ ਬਲਦੀ ਅੱਧੀ ਮਾਨਵਤਾ ਇਹ ਖੁਸ਼ੀ ਮੇਰੇ ਪੈਰੋਕਾਰਾਂ ਰਾਹੀਂ ਹਾਸਲ ਕਰੇਗੀ। ਮੈਂ 'ਕਰਤਾ' ਨਹੀਂ; ਮੈਂ ਤਾਂ ਇਕ 'ਸਾਧਨ' ਮਾਤਰ ਹਾਂ।

ਜਰਮਨੀ ਦੇ ਲੋਕ Absolutism ਦੀ ਖੋਜ ਕਰ ਰਹੇ ਹਨ। ਉਹ ਕਈ ਭਾਰਤੀ ਪਵਿੱਤਰ ਗਰੰਥ ਇਥੋਂ ਆਪਣੇ ਮੁਲਕ ਲੈ ਗਏ ਹਨ ਅਤੇ ਉਹ ਇਨ੍ਹਾਂ ਗਰੰਥਾਂ ਦਾ ਅਧਿਐਨ ਇਸ ਖੋਜ ਹਿਤ ਕਰਨ ਵਿਚ ਲਗੇ ਹੋਏ ਹਨ। ਪਰੰਤੂ ਇਹ ਕਾਰਜ ਇੰਨਾ ਆਸਾਨ ਨਹੀਂ। ਮੈਂ ਇਥੇ ਅੱਜ Absolutism ਦੀ ਅਵਸਥਾ ਵਿਚ ਹਾਂ। ਸਾਰਾ ਸੰਸਾਰ ਸਾਪੇਖਤਾਵਾਦ ਦੇ ਸਿਧਾਂਤ (Theory of Relativity) ਦੀ ਗੱਲ ਕਰ ਰਿਹਾ ਹੈ ਅਤੇ ਜਿਨ੍ਹਾਂ ਨੂੰ ਮੈਂ 'ਮਹਾਤਮਾ' ਵਜੋਂ ਦੀਖਸ਼ਾ ਦਿੱਤੀ ਹੈ ਉਹ ਯਥਾਰਥਕਤਾ ਦੇ ਸਿਧਾਂਤ (Theory of Reality) ਦੀ ਗੱਲ ਕਰਦੇ ਹਨ। ਮੈਨੂੰ ਜਦੋਂ ਵੀ ਜਰਮਨੀ ਜਾਣ ਦਾ ਮੌਕਾ ਮਿਲਿਆ ਤਾਂ ਮੈਂ ਉਨ੍ਹਾਂ ਨੂੰ ਦੱਸਾਂਗਾ ਕਿ ਮੈਂ ਹੀ

‘ਕਲਪ ਬ੍ਰਿਛ’ ਦਾ ਰੂਪ ਹਾਂ: ਤੁਸੀਂ ਮੇਰੇ ਤੋਂ ਕੁਝ ਵੀ ਪੁੱਛੋ, ਤੁਹਾਨੂੰ ਤੁਹਾਡੇ ਹਰ ਪ੍ਰਸ਼ਨ ਦਾ ਉਤਰ ਮਿਲੇਗਾ ਕਿਉਂਕਿ ਮੈਂ ਖੁਦ ਨਿਜੀ ਤੌਰ ’ਤੇ ਤੁਹਾਡੇ ਸਾਹਮਣੇ ਹਾਂ।

ਸੰਸਾਰ ਵਿਚ ਯਕਦਮ ਦੈਵੀ ਸਮਾਧਾਨਾਂ ਦਾ ਇਹ ਕੈਸ਼ ਬੈਂਕ ਹੈ। ਮੈਂ ਇਕ ਘੰਟੇ ਵਿਚ ਤੁਹਾਨੂੰ ਤੁਹਾਡੇ ਹੱਥ ਵਿਚ ‘ਕੈਸ਼’ ਦਿੰਦਾ ਹਾਂ। ਮੈਂ ਤੁਹਾਨੂੰ ‘ਸਤਿ’ ਦੀ ਸਥਿਤੀ ਵਿਚ ਪਹੁੰਚਾ ਦਿਆਂਗਾ। ਤੁਸੀਂ ਹੋਰ ਕਿਧਰੇ ਵੀ ਜਾਉ, ਤੁਹਾਨੂੰ ਸਿਰਫ਼ ਵਾਅਦੇ ਹੀ ਮਿਲਣਗੇ ਅਤੇ ਉਹ ਵੀ ਭਵਿੱਖਤ ਦੇ। ਉਹ ਤੁਹਾਨੂੰ ਹੁਣ ਤਾਂ ਸਿਰਫ ਕਿਸ਼ਤਾਂ ਭਰਦੇ ਰਹਿਣ ਲਈ ਹੀ ਕਹਿਣਗੇ। ਪਿਆਰੇ ਦੋਸਤ! ਇਹ ਸਭ ਤੁਸੀਂ ਪਿਛਲੇ ਅਣਗਿਣਤ ਜਨਮਾਂ ਤੋਂ ਕਰਦੇ ਆ ਰਹੇ ਹੋ ਅਤੇ ਫਿਰ ਇਹ ਕਿਉਂ ਕਿ ਤੁਸੀਂ ਹਾਲੇ ਵੀ ਆਪਣੀ ਮੰਜ਼ਿਲ ਉਪਰ ਨਹੀਂ ਪਹੁੰਚੇ। ਇਸ ਦਾ ਕਾਰਨ ਇਹ ਹੈ ਕਿ ਪਹਿਲੇ ਜਨਮਾਂ ਵਿਚ ਵੀ ਤੁਹਾਨੂੰ ਕਿਸੇ ਨੇ ਹੱਥ ਵਿਚ ‘ਕੈਸ਼’ ਨਹੀਂ ਦਿੱਤਾ, ਤੁਹਾਨੂੰ ‘ਨਗਦ’ ਰੂਪ ਵਿਚ ਪ੍ਰਾਪਤ ਹੀ ਨਹੀਂ ਹੋਇਆ। ਤੁਹਾਨੂੰ ਪੂਰਨ ਅਨੰਦ ਜਾਂ ਮੁਕਤੀ ਦੇ ਸਿਰਫ਼ ਵਾਅਦੇ ਹੀ ਕੀਤੇ ਗਏ ਸਨ।

## 7

## ਮੁਕਤੀ: ਅ-ਕਰਮ ਮਾਰਗ ਬਨਾਮ ਕਦਮ-ਦਰ-ਕਦਮ

**ਪ੍ਰਸ਼ਨ-ਕਰਤਾ** : ਮੁਕਤੀ ਪ੍ਰਾਪਤੀ ਹਿਤ ਕਿੰਨੇ ਰਸਤੇ ਹਨ?

**ਦਾਦਾਸ਼੍ਰੀ** : ਮੁਕਤੀ ਦੀ ਪ੍ਰਾਪਤੀ ਹਿਤ ਦੋ ਰਸਤੇ ਹਨ। ਇਕ ਰਾਹ ਹੈ ਮੁੱਖ ਜਿਸ ਰਾਹੀਂ ਚੱਲ ਕੇ ਅਸੀਂ ਹੌਲੀ-ਹੌਲੀ ਪੌੜੀਆਂ ਚੜ੍ਹ ਕੇ ਮੰਜ਼ਿਲ ਤੀਕ ਪਹੁੰਚਦੇ ਹਾਂ। ਜੇ ਤੁਸੀਂ ਖੁਸ਼ਕਿਸਮਤ ਹੋ ਅਤੇ ਤੁਹਾਨੂੰ ਸਚਮੁਚ ਹੀ ਪਵਿੱਤਰ, ਗਿਆਨੀ ਪੁਰਸ਼ ਦਾ ਸਾਥ ਮਿਲ ਜਾਂਦਾ ਹੈ ਤਾਂ ਤੁਸੀਂ ਇਕਦਮ 500 ਪੌੜੀਆਂ ਚੜ੍ਹ ਸਕਦੇ ਹੋ। ਪਰੰਤੂ ਜੇਕਰ ਤੁਸੀਂ ਬਦਕਿਸਮਤੀ ਨਾਲ ਬੁਰੇ ਵਿਅਕਤੀ ਦੀ ਸੰਗਤ ਵਿਚ ਆ ਗਏ ਤਾਂ 5000 ਪੌੜੀਆਂ ਨੀਚੇ ਵੀ ਖਿਸਕ ਸਕਦੇ ਹੋ। ਇਕਦਮ ਵੱਡੀ ਅਤੇ ਡੂੰਘੀ ਗਿਰਾਵਟ ਵਿਚ! ਇਹ ਬਹੁਤ ਹੀ ਕਠਿਨ ਰਸਤਾ ਹੈ। ਇਸ ਰਸਤੇ ਉਪਰ ਚੱਲਣ ਲਈ ਤੁਹਾਨੂੰ ਤਪ ਕਰਨਾ ਪਵੇਗਾ, ਪਰਮਾਤਮਾ ਦੇ ਨਾਮ ਦਾ ਜਾਪ ਕਰਨਾ ਪਵੇਗਾ ਅਤੇ ਫਿਰ ਵੀ ਇਸ ਗੱਲ ਦੀ ਕੋਈ ਗਰੰਟੀ ਨਹੀਂ ਕਿ ਤੁਸੀਂ ਜ਼ਰੂਰ ਹੀ ਮੰਜ਼ਿਲ ਉਪਰ ਪਹੁੰਚ ਜਾਉਗੇ।

ਦੂਸਰਾ ਰਾਹ ਹੈ ਅ-ਕਰਮ ਮਾਰਗ – ਪੌੜੀਆਂ ਚੜ੍ਹਨ ਦੀ ਬਜਾਇ ਲਿਫਟ ਵਰਤਣ ਵਾਂਗ। ਇਹ ਰਸਤਾ ਪੌੜੀਆਂ ਚੜਨ ਵਾਲੇ ਰਸਤੇ ਵਰਗਾ ਨਹੀਂ। ਤੁਸੀਂ ਅਧਿਆਤਮਕ ਪ੍ਰਗਤੀ ਦੀ ਤੇਜ਼ ਸਪੀਡ ਲਿਫਟ ਵਿਚ ਆਪਣੇ ਆਪ ਨੂੰ ਬੱਚਿਆਂ ਅਤੇ ਬੀਵੀ ਸਮੇਤ ਪਾਉਂਦੇ ਹੋ। ਇਸ ਰਸਤੇ ਚਲਦਿਆਂ ਤੁਸੀਂ ਆਪਣੀਆਂ ਸੰਸਾਰਕ ਜ਼ਿੰਮੇਵਾਰੀਆਂ ਵੀ ਨਾਲ ਨਾਲ

ਨਿਭਾਉਂਦੇ ਰਹਿੰਦੇ ਹੋ। ਇਹ ਦੁਨਿਆਵੀ ਜ਼ਿੰਮੇਵਾਰੀਆਂ ਪੂਰੀਆਂ ਕਰਦੇ ਹੋਏ ਵੀ ਤੁਸੀਂ ਕਦੇ ਇਕ ਪਲ ਲਈ ਵੀ ਆਪਣੀ ਆਜ਼ਾਦੀ ਨਹੀਂ ਗੁਆਉਂਦੇ। ਇਸ ਅ-ਕਰਮ ਮਾਰਗ ਨੂੰ ਅਪਵਾਦ ਮਾਰਗ ਵੀ ਕਿਹਾ ਜਾਂਦਾ ਹੈ। ਇਹ ਮਾਰਗ ਲੱਖਾਂ ਸਾਲਾਂ ਵਿਚ ਕਦੇ ਇਕ ਵਾਰ ਦਿਸਦਾ ਹੈ।

ਰਿਸ਼ਭਦੇਵ ਦਾਦਾ ਭਗਵਾਨ ਨੇ ਆਪਣੇ ਸੌ ਪੁੱਤਰਾਂ ਵਿਚੋਂ ਸਿਰਫ਼ ਭਾਰਤ ਨੂੰ ਇਸ ਗਿਆਨ ਨਾਲ ਵਰੋਸਾਇਆ। ਇਨ੍ਹਾਂ ਸੌ ਪੁੱਤਰਾਂ ਵਿਚੋਂ 98 ਨੇ ਦੀਖਸ਼ਾ ਲਈ ਸੀ ਅਤੇ ਉਹ ਸਾਧੂ ਵੇਸ ਅਪਣਾ ਚੁੱਕੇ ਸਨ। ਸਿਰਫ਼ ਬਾਹੂਬਲੀ ਅਤੇ ਪਾਰਤ ਹੀ ਘਰ ਵਿਚ ਰਹਿ ਗਏ ਸਨ। ਰਿਸ਼ਭਦੇਵ ਨੇ ਆਪਣਾ ਰਾਜ-ਭਾਗ ਦੋਹਾਂ ਭਰਾਵਾਂ ਨੂੰ ਦੇ ਦਿੱਤਾ। ਇਸ ਤੋਂ ਛੇਤੀ ਹੀ ਬਾਦ ਬਾਹੂਬਲੀ ਨੇ ਵੀ ਸੰਸਾਰ ਤੋਂ ਸੰਨਿਆਸ ਲੈ ਲਿਆ ਅਤੇ ਉਹ ਆਪਣਾ ਰਾਜ-ਭਾਗ ਛੱਡ ਕੇ ਚਲਾ ਗਿਆ। ਉਸ ਨੇ ਵੀ ਦੀਖਸ਼ਾ ਲੈ ਲਈ। ਇਸ ਲਈ ਸਾਰੇ ਰਾਜ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਭਾਰਤ ਉਪਰ ਆ ਪਈ।

ਕੀ ਤਸੀਂ ਜਾਣਦੇ ਹੋ ਭਾਰਤ ਦੀਆਂ ਕਿੰਨੀਆਂ ਰਾਣੀਆਂ ਸਨ? ਕੁੱਲ ਤੇਰਾਂ ਸੌ, ਅਤੇ ਉਹ ਇਨ੍ਹਾਂ ਸਭ ਤੋਂ ਤੰਗ ਆ ਚੁੱਕਾ ਸੀ। ਤੁਸੀਂ ਸਾਰੇ ਜਾਣਦੇ ਹੀ ਹੋ ਕਿ ਅੱਜ-ਕੱਲ ਤਾਂ ਕਈ ਆਪਣੀ ਇਕ ਪਤਨੀ ਤੋਂ ਹੀ ਤੰਗ ਆ ਜਾਂਦੇ ਹਨ। ਰਾਜਾ ਭਾਰਤ ਨੂੰ ਵੀ ਚੈਨ ਨਹੀਂ ਸੀ। ਜਦੋਂ ਵੀ ਉਹ ਆਪਣੇ ਹਰਮ ਵਿਚ ਦਾਖ਼ਲ ਹੁੰਦਾ, ਸਿਰਫ਼ 50 ਰਾਣੀਆਂ ਦੇ ਚਿਹਰੇ ਖੁਸ਼ੀ ਨਾਲ ਖਿੜੇ ਹੁੰਦੇ ਜਦੋਂ ਕਿ 500 ਰਾਣੀਆਂ ਨੇ ਰੋਣ ਵਾਲੇ ਮੂੰਹ ਬਣਾਏ ਹੁੰਦੇ। ਉਹ ਤੰਗ ਆ ਚੁੱਕਾ ਸੀ। ਉਹ ਭਗਵਾਨ ਕੋਲ ਗਿਆ ਅਤੇ ਕਹਿਣ ਲੱਗਾ: "ਭਗਵਾਨ! ਮੈਨੂੰ ਤੁਹਾਡਾ ਇਹ ਰਾਜ-ਭਾਗ ਨਹੀਂ ਚਾਹੀਦਾ। ਇਹ ਕਿਸੇ ਹੋਰ ਨੂੰ ਦੇ ਦਿਉ। ਕਿਰਪਾ ਕਰਕੇ ਮੈਨੂੰ ਦੀਖਸ਼ਾ ਦਿਉ। ਮੈਂ ਮੁਕਤੀ ਚਾਹੁੰਦਾ ਹਾਂ।" ਉਸ ਸਮੇਂ ਭਗਵਾਨ ਨੇ ਉਸ ਨੂੰ ਦੱਸਿਆ: "ਇਸ ਰਾਜ ਨੂੰ ਸੰਭਾਲਣ ਹਿਤ ਤੁਸੀਂ ਤਾਂ ਇਕ ਸਾਧਨ-ਮਾਤਰ ਹੋ। ਜੇ ਤੁਸੀਂ ਰਾਜ ਕਰਨਾ ਛੱਡ ਦਿੱਤਾ ਤਾਂ ਇਥੇ ਝਗੜੇ -ਲੜਾਈਆਂ ਹੋ ਜਾਣਗੇ। ਹਿੰਸਾ, ਬਦਅਮਨੀ ਅਤੇ ਹਨੇਰ-ਗਰਦੀ ਫੈਲ ਜਾਵੇਗੀ। ਇਸ ਲਈ, ਮੇਰੇ ਪਿਆਰੇ ਬੇਟੇ, ਜਾਉ। ਮੈਂ ਤੁਹਾਨੂੰ ਉਹ ਗਿਆਨ ਪ੍ਰਦਾਨ ਕਰਦਾ ਹੈ ਕਿ ਰਾਜ-ਭਾਗ ਦੇ ਮਸਲੇ, 1300 ਰਾਣੀਆਂ ਅਤੇ ਲੜਾਈਆਂ ਤੁਹਾਡੀ ਸ਼ੁਧ ਆਤਮਾ ਦੀ ਸ਼ਾਤੀ ਅਤੇ ਟਿਕਾਅ ਨੂੰ ਬਿਲਕੁਲ ਹੀ ਨਹੀਂ ਵਿਗਾੜਨਗੇ।

ਭਗਵਾਨ ਰਿਸਭਦੇਵ ਨੇ ਅਜਿਹਾ ਗਿਆਨ ਭਾਰਤ ਨੂੰ ਦੇ ਕੇ ਨਿਵਾਜਿਆ। ਇਹ ਉਹੀ ਅ-ਕਰਮ ਵਿਗਿਆਨ ਹੈ ਜਿਹੜਾ ਮੈਂ ਤੁਹਾਨੂੰ ਪਦਾਨ ਕਰਦਾ ਹਾਂ। ਭਾਰਤ ਨੂੰ ਉਸ ਦੇ ਨੌਕਰ ਹਰ ਰੋਜ ਹਰ 15 ਮਿੰਟਾਂ ਬਾਦ ਘੰਟਾ ਵਜਾ ਕੇ ਸੁਚੇਤ ਰਹਿਣ ਦਾ ਯਾਦ ਕਰਾਉਂਦੇ ਰਹਿੰਦੇ।

ਪਰੰਤੂ ਇਸ ਕਲਿਯੁਗ ਵਿਚ ਜਦੋਂ ਤੁਸੀਂ ਡੇਢ ਸੌ ਰੁਪਏ ਮਹੀਨੇ ਦੀ ਨੌਕਰੀ ਕਰਦੇ

ਹੋ ਤਾਂ ਤੁਸੀਂ ਨੌਕਰ ਦੀਆਂ ਸੇਵਾਵਾਂ ਤਾਂ ਨਹੀਂ ਲੈ ਸਕਦੇ। ਇਸ ਲਈ ਮੈਂ ਇਕ ਅਜਿਹਾ ਪ੍ਰਬੰਧ ਕਰਦਾ ਹਾਂ, ਤੁਹਾਡੇ ਅੰਦਰ ਹੀ ਇਕ ਅਜਿਹੀ ਅਧਿਆਤਮਕ ਕ੍ਰਿਪਾ-ਵਿਧੀ ਬਣਾ ਦਿੰਦਾ ਹਾਂ ਜਿਹੜੀ ਤੁਹਾਨੂੰ ਹਰ ਪਲ ਸਾਵਧਾਨ ਰਹਿਣ, ਸੁਚੇਤ ਰਹਿਣ ਲਈ ਤਾੜਨਾ ਕਰਦੀ ਰਹੇ।

ਅਜਿਹਾ ਗਜ਼ਬ ਦਾ ਗਿਆਨ ਪਹਿਲਾਂ ਕਦੇ ਵੀ ਸੁਣਿਆ ਨਹੀਂ ਗਿਆ। ਉਹ ਇਸ ਸਮੇਂ ਦਾ ਗਿਆਰਵਾ ਅਜੂਬਾ ਹੈ।

### ਆਮ ਸੂਝ (Common Sense)

**ਪ੍ਰਸ਼ਨ-ਕਰਤਾ** : ਆਮ ਸੂਝ ਤੋਂ ਕੀ ਭਾਵ ਹੈ? ਇਸ ਨੂੰ ਕਿੰਝ ਪਰਿਭਾਸ਼ਤ ਕਰਾਂਗੇ?

**ਦਾਦਾਸ਼੍ਰੀ** : ਆਮ ਸੂਝ ਤੋਂ ਭਾਵ ਹੈ ਉਹ ਸੂਝ, ਉਹ ਸਮਝ ਜਿਹੜੀ ਹਰ ਥਾਂ ਹੀ ਲਾਗੂ ਹੋਵੇ - ਅਮਲੀ ਰੂਪ ਵਿਚ ਵੀ ਅਤੇ ਸਿਧਾਂਤਕ ਰੂਪ ਵਿਚ ਵੀ।

ਆਮ ਸੂਝ ਬਹੁਤ ਵਿਰਲੀ ਅਤੇ ਅਹਿਮ ਹੁੰਦੀ ਹੈ। ਇਹ ਹਰ ਲੋੜ ਸਮੇਂ ਸਾਡੀ ਸਹਾਇਤਾ ਕਰਦੀ ਹੈ। ਮੇਰੇ ਪਾਸ ਸੌ ਫੀਸਦੀ ਆਮ ਸੂਝ ਹੈ। ਹੋ ਸਕਦਾ ਹੈ ਤੁਹਾਡੇ ਪਾਸ ਇਹ ਇਕ ਫੀਸਦੀ ਵੀ ਨਾ ਹੋਵੇ। ਜਦੋਂ ਵੀ ਜੀਵਨ ਵਿਚ ਤੁਹਾਨੂੰ ਕੋਈ ਔਕੜ ਆਉਂਦੀ ਹੈ ਅਤੇ ਤੁਸੀਂ ਇਸ ਨੂੰ ਇਸ ਤਰ੍ਹਾਂ ਸੁਲਝਾ ਲੈਂਦੇ ਹੋ ਜਿਵੇਂ ਕਿ ਗੁੰਝਲ ਵਿਚੋਂ ਸਾਰਾ ਧਾਗਾ ਬਿਨਾਂ ਤੋੜੇ ਜਾਂ ਕੱਟੇ ਸਿੱਧਾ ਕਰ ਲਈਦਾ ਹੈ ਤਾਂ ਇਹ ਆਮ ਸੂਝ ਹੈ। ਪਰੰਤੂ ਇਹ ਲੋਕ ਇਕ ਗੁੰਝਲ ਨੂੰ ਹੱਲ ਕਰਦਿਆਂ ਪੰਜ ਹੋਰ ਪੈਦਾ ਕਰ ਲੈਂਦੇ ਹਨ। ਇਹ ਲੋਕ ਬੇਲੋੜੀਆਂ ਗੁੰਝਲਾਂ, ਸਮੱਸਿਆਵਾਂ ਪੈਦਾ ਕਰ ਲੈਂਦੇ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਮ ਸੂਝ ਦੇ ਨੰਬਰ ਕਿਵੇਂ ਦੇ ਸਕਦੇ ਹਾਂ? ਕਈ ਵੱਡੇ-ਵੱਡੇ ਵਿਦਵਾਨਾਂ ਪਾਸ ਵੀ ਇਹ ਸੂਝ ਘੱਟ ਹੀ ਹੁੰਦੀ ਹੈ।

ਮੇਰੇ ਪਾਸ ਰੱਤਾ ਵੀ ਬੁੱਧੀ ਨਹੀਂ : ਮੈਂ ਪੂਰੀ ਤਰ੍ਹਾਂ ਅਬੁੱਧ ਹਾਂ। ਮੇਰੇ ਅੰਦਰ ਬੁੱਧੀ ਪੂਰੀ ਤਰ੍ਹਾਂ ਰੌਸ਼ਨ ਸੀ ਪਰੰਤੂ ਮੇਰੇ ਗਿਆਨ ਦੀ ਰੌਸ਼ਨੀ ਵਿਚ ਇਹ ਸ਼ਕਤੀਹੀਣ ਹੈ ਅਤੇ ਇਕ ਕੋਣੇ ਵਿਚ ਚੁਪ-ਚਾਪ ਸਥਿਤ ਹੈ। ਜਿਸ ਵਿਅਕਤੀ ਨੇ ਬੁੱਧੀ ਉਪਰ ਪੂਰੀ ਤਰ੍ਹਾਂ ਕਾਬੂ ਪਾ ਲਿਆ ਪਰਮਾਤਮਾ ਉਸ ਨੂੰ ਅੱਗੇ ਹੋ ਕੇ ਮਿਲਣ ਲਈ ਤਿਆਰ ਹੈ ਜਿਵੇਂ ਕੋਈ ਲਾੜੀ ਆਪਦੇ ਲਾੜੇ ਦੇ ਨਾਲ ਵਰਮਾਲਾ ਪਾਉਣ ਲਈ ਉਤਸਕ ਹੁੰਦੀ ਹੈ। ਮੈਂ ਅਬੁੱਧ ਹਾਂ ਇਸ ਲਈ ਸਰਬ-ਗਿਆਤਾ ਹਾਂ।

## 8
## ਦੁਨਿਆਵੀ ਰਿਸ਼ਤੇ

**ਦਾਦਾਸ਼੍ਰੀ** : ਮੈਨੂੰ ਇਹ ਦੱਸੋ ਕਿ ਕੀ ਤੁਹਾਡਾ ਆਪਣੀ ਮਾਤਾ, ਪਿਤਾ, ਪਤਨੀ, ਆਦਿ ਨਾਲ ਰਿਸ਼ਤਾ ਯਥਾਰਥ ਹੈ, ਸੱਚਾ ਹੈ?

**ਪ੍ਰਸ਼ਨ-ਕਰਤਾ** : ਜੀ ਹਾਂ, ਯਕੀਨਨ ਇਹ ਰਿਸ਼ਤਾ ਸੱਚਾ ਹੈ, ਯਥਾਰਥ ਹੈ।

**ਦਾਦਾਸ਼੍ਰੀ** : ਜੇ ਤੁਹਾਡੀ ਇਹ ਗੱਲ ਠੀਕ ਹੈ ਤਾਂ ਕੀ ਤੁਹਾਨੂੰ ਨਹੀਂ ਲਗਦਾ ਕਿ ਜਦੋਂ ਤੁਹਾਡੇ ਪਿਤਾ ਦੀ ਮੌਤ ਹੋਵੇ ਤਾਂ ਤੁਹਾਨੂੰ ਵੀ ਉਸ ਦੇ ਨਾਲ ਹੀ ਮਰ ਜਾਣਾ ਚਾਹੀਦਾ ਹੈ ਕਿਉਂਕਿ ਤੁਹਾਡਾ ਰਿਸ਼ਤਾ ਸੱਚਾ ਹੈ, ਯਥਾਰਥਕ ਹੈ ਅਤੇ ਇਕ ਦੀ ਮੌਤ ਨਾਲ ਇਹ ਖ਼ਤਮ ਨਹੀਂ ਹੋਣਾ ਚਾਹੀਦਾ। ਮੈਨੂੰ ਇਹ ਦੱਸੋ, ਉਦਾਹਰਣ ਦੇ ਲਈ ਇਸ ਬੰਬਈ ਸ਼ਹਿਰ ਵਿਚ ਕਿੰਨੇ ਪੁੱਤਰ ਆਪਣੇ ਪਿਤਾ ਦੇ ਨਾਲ ਹੀ ਜਾਨ ਦੇ ਦਿੰਦੇ ਹਨ? ਮੈਂ ਤੁਹਾਨੂੰ ਸਮਝਾਉਂਦਾ ਹਾਂ। ਤੁਸੀਂ ਆਪਣੇ ਪਿਤਾ, ਮਾਤਾ, ਭਰਾ, ਭੈਣ, ਪਤਨੀ ਅਤੇ ਬੱਚਿਆਂ ਨਾਲ ਜੁੜੇ ਹੋਏ ਹੋ ਪਰੰਤੂ ਇਹ ਰਿਸ਼ਤਾ ਯਥਾਰਥਕ ਜਾਂ ਸਦੀਵੀ ਨਹੀਂ। ਇਹ ਸਿਰਫ਼ ਇਕ ਵਕਤੀ ਰਿਸ਼ਤਾ ਹੈ। ਜੇ ਇਹ ਸੰਸਾਰਕ ਰਿਸ਼ਤੇ ਸੱਚੇ ਅਤੇ ਸਦੀਵੀ ਹੁੰਦੇ ਤਾਂ ਕਿਸੇ ਦਾ ਵੀ ਆਪਣੇ ਮਾਤਾ-ਪਿਤਾ, ਭੈਣ-ਭਰਾ ਜਾਂ ਹੋਰ ਰਿਸ਼ਤੇਦਾਰਾਂ ਨਾਲੋਂ ਰਿਸ਼ਤਾ ਕਦੇ ਵੀ ਨਾ ਟੁੱਟਦਾ, ਕਦੇ ਵੀ ਖ਼ਤਮ ਨਾ ਹੁੰਦਾ।

ਮਾਨਵੀ ਰਿਸ਼ਤਿਆਂ ਦਾ ਖੋਖਲਾਪਣ ਦੇਖੋ। ਜੇ ਤੁਸੀਂ ਆਪਣੇ ਪਿਤਾ ਨੂੰ ਕਹੋ ਕਿ ਉਨ੍ਹਾਂ ਨੂੰ ਕੋਈ ਸਮਝ ਨਹੀਂ ਹੈ ਤਾਂ ਬਸ ਸਭ ਖ਼ਤਮ। ਤੁਹਾਡੇ ਪਿਤਾ ਤੁਹਾਨੂੰ ਕਹਿਣਗੇ: "ਦਫਾ ਹੋ ਜਾ ਇਥੋਂ ਅਤੇ ਸਾਰੀ ਉਮਰ ਮੈਨੂੰ ਆਪਣੀ ਮਨਹੂਸ ਸ਼ਕਲ ਨਾ ਦਿਖਾਈਂ। ਇਸ ਤੋਂ ਬਾਅਦ ਨਾ ਮੈਂ ਤੇਰਾ ਬਾਪ ਅਤੇ ਨਾ ਤੂੰ ਮੇਰਾ ਪੁੱਤਰ ਹੈਂ।"

ਤੁਸੀਂ ਆਪਣੀ ਪਤਨੀ ਨਾਲ ਵੀ ਆਪਣਾ ਰਿਸ਼ਤਾ ਯਥਾਰਥਕ ਮੰਨਦੇ ਹੋ। ਮੰਨ ਲਉ ਕੋਈ ਐਸੀ ਮਾੜੀ ਘਟਨਾ ਵਾਪਰ ਗਈ ਅਤੇ ਤੁਸੀਂ ਤਲਾਕ ਲੈ ਲਿਆ.... ਕੀ ਅਜਿਹੀਆਂ ਘਟਨਾਵਾਂ ਸਾਡੇ ਸਮਾਜ ਵਿਚ ਨਹੀਂ ਵਾਪਰਦੀਆਂ? ਇਹ ਸੰਸਾਰ ਇਸੇ ਤਰ੍ਹਾਂ ਦਾ ਹੈ ਅਤੇ ਇਥੇ ਮਾਨਵੀ ਜੀਵਨ ਵੀ ਇਸੇ ਤਰ੍ਹਾਂ ਹੈ। ਇਥੇ ਸਾਰੇ ਰਿਸ਼ਤੇ ਸਿਰਫ਼ ਵਕਤੀ ਪ੍ਰਬੰਧ ਹਨ।

ਇਥੋਂ ਤੱਕ ਕਿ ਇਹ ਸਰੀਰ ਵੀ ਤੁਹਾਡਾ ਆਪਣਾ ਨਹੀਂ। ਇਹ ਕਿਸੇ ਸਮੇਂ ਵੀ ਤੁਹਾਨੂੰ ਧੋਖਾ ਦੇ ਸਕਦਾ ਹੈ, ਤੁਹਾਨੂੰ ਛੱਡ ਸਕਦਾ ਹੈ। ਉਦਾਹਰਣ ਦੇ ਲਈ ਸੋਚੋ ਕਿ ਤੁਸੀਂ ਇਕ ਖ਼ਾਸ ਸਮੇਂ ਯੋਗ ਜਾਂ ਭਗਤੀ ਕਰਨ ਦਾ ਫੈਸਲਾ ਕਰ ਲੈਂਦੇ ਹੋ ਅਤੇ ਅਚਾਨਕ ਉਸ ਸਮੇਂ ਤੁਹਾਡਾ ਸਿਰ ਦਰਦ ਕਰਨ ਲਗਦਾ ਹੈ ਜਾਂ ਪੇਟ ਦਰਦ ਸ਼ੁਰੂ ਹੋ ਜਾਂਦਾ ਹੈ ਅਤੇ ਤੁਹਾਡਾ ਸਰੀਰ ਤੁਹਾਨੂੰ ਯੋਗ ਜਾਂ ਭਗਤੀ ਕਰਨ ਦੀ ਇਜ਼ਾਜਤ ਨਹੀਂ ਦਿੰਦਾ।

**ਪ੍ਰਸ਼ਨ-ਕਰਤਾ** : ਫਿਰ ਸਦੀਵੀ ਕੀ ਹੈ?

**ਦਾਦਾਸ਼੍ਰੀ** : ਸਿਰਫ਼ ਆਤਮਾ ਹੀ ਸਦੀਵੀ ਹੈ। ਬਾਕੀ ਹਰ ਵਸਤੂ ਅਸਥਾਈ ਹੈ। ਫਿਰ ਦੋਨਾਂ ਦਾ ਮੇਲ ਕਿਦਾਂ ਹੋਵੇਗਾ। ਇਹੋ ਕਾਰਨ ਹੈ ਕਿ ਸਮੁੱਚਾ ਸੰਸਾਰ ਭਰਮ ਵਿਚ ਗੁਆਚਿਆ ਹੋਇਆ ਹੈ। ਸਾਨੂੰ ਬਹੁਤ ਸੋਚ-ਵਿਚਾਰ ਉਪਰੰਤ ਕੋਈ ਗੱਲ ਕਰਨੀ ਪਵੇਗੀ। ਸਾਨੂੰ ਇਨ੍ਹਾਂ ਸਾਰੇ ਸੰਸਾਰਕ ਰਿਸ਼ਤਿਆਂ ਦੇ ਅਸਥਾਈਪਣ ਵਾਲੇ ਸੁਭਾਅ ਨੂੰ ਹਮੇਸ਼ਾ ਮਨ ਵਿਚ ਰਖਣਾ ਹੋਵੇਗਾ।

ਸਤਿ ਜਾਂ ਅਸਤਿ ਬਾਰੇ ਸਾਨੂੰ ਲੋੜ ਤੋਂ ਵੱਧ ਨਹੀਂ ਹੋਣਾ ਚਾਹੀਦਾ ਕਿਉਂਕਿ ਰਿਸ਼ਤਿਆਂ ਵਿਚ ਤ੍ਰੇੜ ਲਿਆ ਦਿੰਦੀ ਹੈ। ਜੇਕਰ ਕੋਈ ਵਿਅਕਤੀ ਸਾਡੇ ਨਾਲੋਂ ਰਿਸ਼ਤਾ ਤੋੜ ਲੈਂਦਾ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਤਰਫੋਂ ਉਸ ਰਿਸ਼ਤੇ ਨੂੰ ਜੋੜਨ ਦਾ ਯਤਨ ਕਰੀਏ, ਉਸ ਰਿਸ਼ਤੇ ਨੂੰ ਪਾਲੀਏ ਅਤੇ ਸੰਭਾਲ ਕੇ ਰਖੀਏ।

ਸਾਰੇ ਸੰਸਾਰਕ ਰਿਸ਼ਤੇ ਅਸਥਾਈ ਹਨ। ਉਦਾਹਰਣ ਦੇ ਲਈ, ਤੁਹਾਡੀ ਪਤਨੀ ਕਹਿੰਦੀ ਹੈ ਕਿ ਅਜ ਪੂਰਨਮਾਸ਼ੀ ਹੈ ਅਤੇ ਤੁਸੀਂ ਕਹਿੰਦੇ ਹੋ ਕਿ ਨਹੀਂ ਅੱਜ ਤਾਂ ਮੱਸਿਆ ਹੈ। ਇੰਝ ਝਗੜਾ ਆਰੰਭ ਹੋ ਜਾਂਦਾ ਹੈ। ਸਾਰੀ ਰਾਤ ਬਰਬਾਦ ਹੋ ਗਈ ਅਤੇ ਅਗਲੀ ਸਵੇਰ ਵੀ। ਸਵੇਰ ਸਮੇਂ ਉਹ ਗੁੱਸੇ ਦੀ ਭਰੀ ਚਾਹ ਦਾ ਕੱਪ ਲਿਆ ਕੇ ਤੁਹਾਡੇ ਸਾਹਮਣੇ ਮੇਜ਼ ਉਪਰ ਪਟਕ ਦਿੰਦੀ ਹੈ। ਰਾਤ ਦੇ ਝਗੜੇ ਦਾ ਨਸ਼ਾ, ਉਹ ਸਰੂਰ ਹਾਲੀਂ ਕਾਇਮ ਹੈ। ਸੋ ਜਦੋਂ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਤੁਹਾਡੀ ਪਤਨੀ ਆਪਣੀ ਜਿਦ ਉਪਰ ਅੜੀ ਹੋਈ ਹੈ ਤਾਂ ਤੁਹਾਨੂੰ ਨਿਵ ਜਾਣਾ ਚਾਹੀਦਾ ਹੈ ਅਤੇ ਜੰਤਰੀ ਦੇ ਪੰਨੇ ਫਰੋਲਦਿਆਂ ਕੁਝ ਪੜਨ ਦਾ ਦਿਖਾਵਾ ਕਰ ਕੇ ਬਿਨਾਂ-ਸ਼ਰਤ ਝੁਕ ਜਾਣਾ ਚਾਹੀਦਾ ਹੈ ਅਤੇ ਕੁਝ ਇਸ ਤਰ੍ਹਾਂ ਕਹਿਣਾ ਚਾਹੀਦਾ ਹੈ: "ਹਾਂ, ਤੁਸੀਂ ਠੀਕ ਸੀ। ਪੂਰਨਮਾਸ਼ੀ ਹੀ ਸੀ। ਇਸ ਤਰ੍ਹਾਂ ਤੁਸੀਂ ਆਪਣੀ ਪਤਨੀ ਦਾ ਦਿਲ ਜਿੱਤਣ ਲਈ ਆਪਣਾ ਰੋਲ ਅਦਾ ਕਰੋ ਮਾਨੋ ਤੁਸੀਂ ਕਿਸੇ ਨਾਟਕ ਵਿਚ ਕੋਈ ਪਾਰਟ ਅਦਾ ਕਰਦੇ ਹੋਵੇ। ਜੇਕਰ ਤੁਸੀਂ ਰੱਸਾਕਸ਼ੀ ਦੇ ਇਸ ਖੇਡ ਵਿਚ ਆਪਣੇ ਵਲੋਂ ਇਕ ਦਮ ਰੱਸੀ ਢਿਲੀ ਛੱਡ ਦਿਉਗੇ ਤਾਂ ਉਹ ਡਿਗ ਪਵੇਗੀ। ਇਸ ਲਈ ਆਪਣੀ ਪਕੜ ਹੌਲੀ-ਹੌਲੀ ਛੱਡੋ ਤਾਂ ਕਿ ਤੁਹਾਡਾ ਵਿਰੋਧੀ ਗਿਰ ਨਾ ਜਾਵੇ। ਤੁਸੀਂ ਇਹ ਕਾਰਜ ਅਤਿਅੰਤ ਸੰਭਲ ਕੇ ਕਰਨਾ ਹੈ ਨਹੀਂ ਤਾਂ ਉਸ ਦੇ ਡਿਗਣ ਦੀ ਜ਼ਿੰਮੇਵਾਰੀ ਤੁਹਾਡੇ ਸਿਰ ਆਵੇਗੀ।

## 9
## ਖੁਸ਼ੀ ਅਤੇ ਗ਼ਮੀ

**ਪ੍ਰਸ਼ਨ-ਕਰਤਾ** : ਸੱਚੀ ਖੁਸ਼ੀ ਕੀ ਹੈ?

**ਦਾਦਾਸ਼੍ਰੀ** : ਇਸ ਸੰਸਾਰ ਵਿਚ ਹਰ ਕੋਈ ਖੁਸ਼ੀ ਦੀ ਭਾਲ ਵਿਚ ਹੈ। ਪਰੰਤੂ ਲੋਕ ਇਸ ਨੂੰ ਸਹੀ ਤਰ੍ਹਾਂ ਅਤੇ ਸਪਸ਼ਟ ਤੌਰ 'ਤੇ ਪਰਿਭਾਸ਼ਤ ਕਰਨ ਤੋਂ ਅਸਮਰਥ ਹਨ। ਖੁਸ਼ੀ ਇਹੋ ਜਿਹੀ ਹੋਵੇ ਜਿਸ ਤੋਂ ਬਾਅਦ ਕਦੇ ਕੋਈ ਗ਼ਮ ਨਾ ਹੋਵੇ। ਜੇ ਤੁਸੀਂ ਸੋਚਦੇ ਹੋ ਕਿ ਸੰਸਾਰ ਵਿਚ ਇਸ ਤਰ੍ਹਾਂ ਦੀ ਕੋਈ ਖੁਸ਼ੀ ਹੈ ਤਾਂ ਇਸ ਦੀ ਖੋਜ ਕਰੋ। ਸਦੀਵੀ ਖੁਸ਼ੀ ਮਨੁੱਖ ਦੇ ਅੰਦਰ ਹੈ। ਮਨੁੱਖ ਦੀ ਆਤਮਾ ਅਸੀਮ ਅਨੰਦ ਦਾ ਘਰ ਹੈ ਪਰੰਤੂ ਦੁਨੀਆਂ ਦੇ ਲੋਕ ਇਸ ਖੁਸ਼ੀ ਨੂੰ ਥੋੜ-ਚਿਰੀ ਦੁਨਿਆਵੀ ਵਸਤਾਂ ਵਿਚ ਲੱਭ ਰਹੇ ਹਨ। ਇਹ ਦੁਨਿਆਵੀ ਲੋਕਾਂ ਦੀ ਖੁਸ਼ੀ ਕੀ ਹੈ?

ਇਨ੍ਹਾਂ ਦੀ ਖੁਸ਼ੀ ਤਾਂ ਉਸ ਮਹਿਮਾਨ ਦੀ ਤਰ੍ਹਾਂ ਹੈ ਜਿਹੜਾ ਸਰਦੀਆਂ ਦੀ ਸੀਤ ਰਾਤ ਨੂੰ ਘਰ ਦੇ ਵਰਾਂਡੇ ਵਿਚ ਪਿਆ ਹੋਵੇ ਅਤੇ ਉਸ ਉਪਰ ਜਿਹੜੀ ਰਜਾਈ ਹੋਵੇ ਉਹ ਵੀ ਉਸ ਦੇ ਮੇਚ ਤੋਂ ਥੋੜੀ ਛੋਟੀ ਹੋਵੇ। ਉਹ ਰਜਾਈ ਨੂੰ ਖਿੱਚ ਕੇ ਸਿਰ ਢੱਕਣ ਦੀ ਕੋਸ਼ਿਸ਼ ਕਰਦਾ ਹੈ ਤਾਂ ਪੈਰ ਨੰਗੇ ਹੋ ਜਾਂਦੇ ਹਨ। ਫਿਰ ਉਹ ਪੈਰ ਢੱਕਣ ਦੀ ਕੋਸ਼ਿਸ਼ ਕਰਦਾ ਹੈ ਤਾਂ ਦੇਖਦਾ ਹੈ ਕਿ ਉਸਦਾ ਸਿਰ ਨੰਗਾ ਹੋ ਗਿਆ ਹੈ। ਇਸ ਸੰਸਾਰ ਦੀ ਅਖ਼ੌਤੀ ਖੁਸ਼ੀ ਵੀ ਕੁਝ ਇਹੋ ਜਿਹੀ ਹੀ ਹੈ।

**ਪ੍ਰਸ਼ਨ-ਕਰਤਾ** : ਸ੍ਰੀਮਾਨ ਜੀ, ਫਿਰ ਗ਼ਮ ਕੀ ਹੈ?

**ਦਾਦਾਸ਼੍ਰੀ** : ਅਸਲ ਵਿਚ ਇਸ ਸੰਸਾਰ ਵਿਚ ਗ਼ਮ ਨਾਂ ਦੀ ਕੋਈ ਚੀਜ ਹੈ ਹੀ ਨਹੀਂ। ਗ਼ਮ ਇਕ ਯਥਾਰਥ ਨਹੀਂ ਹੈ। ਇਹ ਤਾਂ ਵਿਅਕਤੀ ਦੀ ਕੋਈ ਕਲਪਨਾ ਹੈ। ਸੱਚੀ ਖੁਸ਼ੀ ਤਾਂ ਸਭ ਨੂੰ ਸਵੀਕਾਰਯੋਗ ਹੋਣੀ ਚਾਹੀਦੀ ਹੈ।

ਸੱਚੀ ਖੁਸ਼ੀ ਤਾਂ ਇਕ ਸਰਵ-ਵਿਆਪਕ ਸੱਚ ਹੈ। ਪਰੰਤੂ ਜਿਹੜੀ ਚੀਜ ਤੁਸੀਂ ਕਲਪਨਾ ਕਰਦੇ ਹੋ ਕਿ ਤੁਹਾਨੂੰ ਖੁਸ਼ੀ ਦਿੰਦੀ ਹੈ ਉਹੀ ਚੀਜ ਕਿਸੇ ਹੋਰ ਨੂੰ ਡੂੰਘਾ ਗ਼ਮ ਵੀ ਦੇ ਸਕਦੀ ਹੈ। ਕਿਸੇ ਇਕ ਵਿਅਕਤੀ ਦੀ ਇਕ ਪਸੰਦੀਦਾ ਮਿੱਠੀ ਵਸਤੂ ਨੂੰ ਸ਼ਾਇਦ ਦੂਸਰਾ ਪੂਰੀ ਤਰ੍ਹਾਂ ਨਾ-ਪਸੰਦ ਕਰਦਾ ਹੋਵੇ। ਸੰਸਾਰ ਦੀ ਇਹੋ ਰੀਤ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਹ ਦੱਸਣ ਦੀ ਖੇਚਲ ਕਰੋ ਕਿ ਦੁੱਖ ਕਿਥੋਂ ਆਉਂਦੇ ਹਨ?

**ਦਾਦਾਸ਼੍ਰੀ** : ਤੁਹਾਡੇ ਵਰਗੇ ਲੋਕ, ਜਿਨ੍ਹਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਰਹੀਆਂ ਹਨ, ਨੂੰ ਕੋਈ ਦੁੱਖ ਜਾਂ ਕਸ਼ਟ ਦਾ ਅਨੁਭਵ ਨਹੀਂ ਹੋਣਾ ਚਾਹੀਦਾ। ਸਾਰੇ ਦੁਖ ਵਿਅਕਤੀ ਦੀ ਗਲਤ ਸਮਝ ਅਤੇ ਗਲਤ ਵਿਸ਼ਵਾਸਾਂ ਦਾ ਨਤੀਜਾ ਹਨ। ਅਸਲੀ ਦੁੱਖ ਉਸ ਸਮੇਂ ਹੁੰਦਾ ਹੈ ਜਦੋਂ ਵਿਅਕਤੀ ਭੁੱਖਾ ਹੋਵੇ ਅਤੇ ਘੰਟਿਆਂ-ਬੱਧੀ ਉਸ ਨੂੰ ਖਾਣ ਲਈ ਕੁਝ ਨਾ ਮਿਲੇ, ਜਦੋਂ ਤੁਸੀਂ ਬੁਰੀ ਤਰ੍ਹਾਂ ਪਿਆਸੇ ਹੋਵੋ ਅਤੇ ਲੰਮੇ ਸਮੇਂ ਤਕ ਤੁਹਾਨੂੰ ਪੀਣ ਨੂੰ ਪਾਣੀ ਨਾ ਲੱਭੇ। ਕੀ ਤੁਸੀਂ ਦੁਖੀ ਨਹੀਂ ਹੋਵੋਗੇ ਜਦੋਂ ਤੁਹਾਨੂੰ ਜ਼ੋਰ ਦੀ ਹਾਜ਼ਤ ਹੋਵੇ ਅਤੇ ਤੁਹਾਨੂੰ ਸ਼ੌਚਾਲਯ ਜਾਣ ਦੀ ਆਗਿਆ ਨਾ ਮਿਲੇ? ਅਜਿਹੇ ਦੁੱਖ ਹੀ ਅਸਲੀ ਦੁੱਖ ਹਨ।

**ਪ੍ਰਸ਼ਨ-ਕਰਤਾ** : ਇਹ ਤਾਂ ਠੀਕ ਹੈ ਪਰੰਤੂ ਤੁਸੀਂ ਸੰਸਾਰ ਉਪਰ ਨਜ਼ਰ ਮਾਰੋ ਤਾਂ ਦਸਾਂ ਵਿਚੋਂ ਨੌਂ ਵਿਅਕਤੀ ਦੁਖੀ ਹਨ।

**ਦਾਦਾਸ਼੍ਰੀ** : ਨਹੀਂ। ਦਸਾਂ ਵਿਚੋਂ ਨੌਂ ਨਹੀ। ਹਾਂ, ਸ਼ਾਇਦ ਹਜ਼ਾਰ ਵਿਚੋਂ ਇਕ ਜਾਂ ਦੋ ਵਿਅਕਤੀ ਥੋੜੇ-ਬਹੁਤ ਖੁਸ਼ ਹਨ। ਬਾਕੀ ਦੇ ਸਾਰੇ ਹੀ ਦਿਨ-ਰਾਤ ਆਪਣੀ ਆਂਤਰਿਕ ਅਸ਼ਾਂਤੀ ਕਾਰਨ ਲਗਾਤਾਰ ਦੁਖੀ ਚਲੇ ਆ ਰਹੇ ਹਨ। ਉਨ੍ਹਾਂ ਦੀ ਹਾਲਤ ਤਾਂ ਤੰਦੂਰ ਵਿਚ ਰਾੜ੍ਹੇ ਜਾ ਰਹੇ ਟਮਾਟਰ ਵਰਗੀ ਹੈ ਜੋ ਚਾਰੇ ਪਾਸਿਉਂ ਅੱਗ ਦੇ ਸੇਕ ਦੀ ਮਾਰ ਸਹਿ ਰਿਹਾ ਹੈ।

ਪਰੰਤੂ ਲੋਕਾਂ ਨੇ ਐਂਵੇਂ ਹੀ ਬਿਨਾ ਸੋਚੇ ਅਤੇ ਨਿਰੀਖਣ ਕੀਤੇ ਹਰ ਗੱਲ ਨੂੰ ਦੁੱਖ ਦਾ ਨਾਂ ਦੇ ਦਿੱਤਾ ਹੈ। ਜਦੋਂ ਮੈਂ ਇਕ ਛੋਟੇ ਬੱਚੇ ਦੇ ਕਈ ਵਾਰ ਹਲਕੇ ਥੱਪੜ ਮਾਰ ਦਿੰਦਾ ਹਾਂ ਤਾਂ ਇਹ ਰੋਂਦਾ ਕਿਉਂ ਨਹੀਂ, ਅਤੇ ਕਈ ਵਾਰ ਜੇ ਤੁਸੀਂ ਉਸ ਨੂੰ ਸਿਰਫ ਇਕ ਵਾਰ ਹੀ ਮਾਰੋ ਤਾਂ ਉਹ ਰੋ ਪੈਂਦਾ ਹੈ: ਕਿਉਂ? ਕੀ ਇਸ ਦਾ ਕਾਰਨ ਇਹ ਹੁੰਦਾ ਹੈ ਕਿ ਉਸ ਨੂੰ ਇੰਝ ਕਰਨ ਨਾਲ ਦਰਦ ਹੁੰਦਾ ਹੈ? ਨਹੀਂ, ਉਹ ਦਰਦ ਹੋਣ ਦੇ ਕਾਰਨ ਨਹੀਂ ਰੋਂਦਾ। ਉਹ ਇਸ ਕਾਰਨ ਰੋਂਦਾ ਹੈ ਕਿ ਉਹ ਬੇਇਜ਼ਤ ਹੋਇਆ ਮਹਿਸੂਸ ਕਰਦਾ ਹੈ।

ਦੂਸਰੇ, ਤੁਹਾਡੀ ਬਹੁਤੀਆਂ ਸਮੱਸਿਆਵਾਂ ਅਤੇ ਕਸ਼ਟ ਤੁਹਾਡੇ ਆਪ ਪੈਦਾ ਕੀਤੇ ਹੋਏ ਹਨ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਜੇ ਤੁਹਾਡਾ ਦੋਸਤ ਕੋਈ ਵਧੀਆ ਬੰਗਲਾ ਬਣਾ ਲੈਂਦਾ ਹੈ ਅਤੇ ਤੁਹਾਡੇ ਆਪਣੇ ਪਾਸ ਸਿਰਫ ਫਲੈਟ ਹੈ ਬੰਗਲਾ ਨਹੀਂ ਹੈ ਤਾਂ ਤੁਹਾਡੀ ਪਤਨੀ ਉਸਦਾ ਬੰਗਲਾ ਦੇਖਣ ਉਪਰੰਤ ਤੁਹਾਡੇ ਪਾਸ ਆ ਕੇ ਕਹੇਗੀ ਕਿ ਤੁਹਾਡੇ ਦੋਸਤ ਦਾ ਬੰਗਲਾ ਬਹੁਤ ਹੀ ਸੁਹਣਾ ਹੈ ਅਤੇ ਨਾਲ ਹੀ ਇਹ ਵੀ ਕਹੇਗੀ ਕਿ ਤੁਸੀਂ ਕਦੇ ਵੀ ਬੰਗਲਾ ਜਾਂ ਕੋਠੀ ਨਹੀਂ ਬਣਾਉਂਦੇ। ਤੁਹਾਡੇ ਪਾਸ ਇਕ ਰਾਜੇ -ਮਹਾਰਾਜੇ ਦੀ ਤਰ੍ਹਾਂ ਸਾਰੇ ਸੁਖ, ਸਹੂਲਤਾਂ ਅਤੇ ਖੁਸ਼ੀਆਂ ਹਨ ਪਰ ਜੇ ਤੁਸੀਂ ਇਹ ਨਹੀਂ ਜਾਣਦੇ ਕਿ ਖੁਸ਼ ਕਿਵੇਂ ਰਿਹਾ ਜਾ ਸਕਦਾ ਹੈ ਤਾਂ ਕੋਈ ਕੀ ਕਰ ਸਕਦਾ ਹੈ? ਇਹ ਤਾਂ ਇੰਝ ਹੈ ਜਿਵੇਂ ਮਹਿੰਗੇ ਭਾਅ ਬਾਸਮਤੀ ਚਾਵਲ ਖਰੀਦ ਕੇ ਉਸ ਵਿਚ ਮੁੱਠੀ ਭਰ ਰੇਤ ਪਾ ਲੈਣੀ।

ਅੱਜ-ਕੱਲ ਹਰ ਘਰ ਵਿਚ ਸ਼ੌਚਾਲਯ ਬਣੇ ਹੋਏ ਹਨ। ਨਹੀਂ ਤਾਂ ਪੁਰਾਣੇ ਵੇਲਿਆਂ ਵਿਚ ਤੁਹਾਨੂੰ ਸਵੇਰੇ-ਸਵੇਰੇ ਜੰਗਲ-ਪਾਣੀ ਲਈ ਕਿਸੇ ਬਰਤਨ ਵਿਚ ਪਾਣੀ ਲੈ ਕੇ ਨੇੜੇ-ਤੇੜੇ ਖੇਤਾਂ/ਜੰਗਲ ਵਿਚ ਜਾਣਾ ਪੈਂਦਾ ਸੀ। ਹੁਣ ਤੁਹਾਡੇ ਆਪਣੇ ਘਰ, ਆਪਣੇ ਸੌਣ ਕਮਰੇ ਦੇ ਨਾਲ ਤੁਹਾਡੇ ਆਪਣੇ ਗੁਸਲਖ਼ਾਨੇ ਵਿਚ ਨਹਾਉਣ ਵਾਲੀ ਜਗ੍ਹਾ ਦੇ ਨਾਲ ਹੀ ਸ਼ੌਚ ਲਈ ਵੀ ਪ੍ਰਬੰਧ ਬਣਿਆ ਹੋਇਆ ਹੈ। ਪੁਰਾਣੇ ਸਮੇਂ ਦੇ ਤਾਕਤਵਰ ਰਾਜੇ-ਮਹਾਰਾਜਿਆਂ ਅਤੇ ਵੱਡੇ-ਵੱਡੇ ਜਾਗੀਰਦਾਰਾਂ ਕੋਲ ਵੀ ਇਹ ਸਹੂਲਤ ਨਹੀਂ ਸੀ ਹੁੰਦੀ। ਜੰਗਲ-ਪਾਣੀ ਲਈ ਉਨ੍ਹਾਂ ਸਭ ਨੂੰ ਵੀ ਬਾਹਰ ਖੇਤਾਂ/ਜੰਗਲ ਵਿਚ ਹੀ ਜਾਣਾ ਪੈਂਦਾ ਸੀ। ਲੋਕ ਬੇਲੋੜੇ ਹੀ ਜ਼ਿੰਦਗੀ ਵਿਚ ਨਿੱਕੀਆਂ-ਨਿੱਕੀਆਂ ਗੱਲਾਂ ਬਾਰੇ ਸ਼ਿਕਾਇਤ ਕਰਦੇ ਰਹਿੰਦੇ ਹਨ। ਮੈਨੂੰ ਸਮਝ ਨਹੀਂ ਪੈਂਦੀ ਉਹ ਬਿਨਾਂ ਕਾਰਨ ਹੀ ਇਹੋ ਜਿਹੀਆਂ ਸ਼ਿਕਾਇਤਾਂ ਕਿਉਂ ਕਰਦੇ ਰਹਿੰਦੇ ਹਨ?

ਦੁੱਖ ਅਤੇ ਕਲੇਸ਼ ਦਾ ਕਾਰਨ ਸਾਡੀ ਗਲਤ ਸਮਝ ਹੈ। ਜੇ ਸਹੀ ਸਮਝ ਦੀ ਵਰਤੋਂ ਕੀਤੀ ਜਾਵੇ ਤਾਂ ਦੁੱਖ-ਤਕਲੀਫ ਨਾਂ ਦੀ ਕੋਈ ਚੀਜ ਹੈ ਹੀ ਨਹੀਂ। ਜੇ ਤੁਹਾਡੇ ਪੈਰ ਉਪਰ ਛੋਟਾ ਜਿਹਾ ਛਾਲਾ ਹੋਵੇ ਤਾਂ ਤੁਸੀਂ ਆਲੇ-ਦੁਆਲੇ ਇਹ ਪਤਾ ਕਰਨ ਲਈ ਦੇਖੋਗੇ ਕਿ ਕੀ ਕੋਈ ਹੋਰ ਵੀ ਵਿਅਕਤੀ ਹੈ ਜਿਸ ਨੂੰ ਇਹੋ ਜਿਹੀ ਤਕਲੀਫ ਹੈ। ਜੇ ਤੁਸੀਂ ਹਸਤਪਾਲ ਜਾ ਕੇ ਵੇਖੋ ਤਾਂ

ਤੁਹਾਨੂੰ ਪਤਾ ਲੱਗੇਗਾ ਕਿ ਦੁੱਖ ਕਿਸ ਨੂੰ ਕਹਿੰਦੇ ਹਨ ਜਦੋਂ ਕਿ ਇਥੇ ਤੁਸੀਂ ਆਪਦੇ ਪੈਰ ਦੇ ਛੋਟੇ ਜਿਹੇ ਛਾਲੇ ਨੂੰ ਵੇਖ ਕੇ ਬਿਨਾਂ ਕਾਰਨ ਐਨਾ ਦੁਖੀ ਹੋ ਰਹੇ ਹੋ। ਤੁਹਾਨੂੰ ਜ਼ਰੂਰਤ ਹੈ ਇਸ ਸਭ ਕਾਸੇ ਦਾ, ਸਾਰੇ ਤੱਥਾਂ ਦਾ ਨਿਰੀਖਣ ਕਰਨ ਦੀ। ਜੇ ਬਿਨਾਂ ਤੱਥਾਂ ਨੂੰ ਜਾਣਿਆਂ ਅਤੇ ਘੋਖਿਆਂ ਹੀ ਤੁਸੀਂ ਦੁਖੀ ਹੁੰਦੇ ਹੋ ਤਾਂ ਕੀ ਹੋਵੇਗਾ? ਤੁਹਾਡੇ ਵਰਗੇ ਲੋਕ ਜਿਨ੍ਹਾਂ ਪਾਸ ਇੰਨੇ ਪੁੰਨ-ਕਰਮਾਂ ਦਾ ਪ੍ਰਭਾਵ ਹੈ ਉਨ੍ਹਾਂ ਨੂੰ ਤਕਲੀਫ ਕਿਵੇਂ ਹੋ ਸਕਦੀ ਹੈ? ਤੁਹਾਡਾ ਜਨਮ ਉਸ ਪਰਿਵਾਰ ਵਿਚ ਹੋਇਆ ਜਿਥੇ ਸਭ ਨੇ ਪੁੰਨ-ਕਰਮ ਕੀਤੇ ਹੋਏ ਹਨ, ਜਿਥੇ ਤੁਹਾਨੂੰ ਨਾਂਹ-ਮਾਤਰ ਤਰੱਦਦ ਕੀਤਿਆਂ ਰੋਜ਼ ਦਾ ਖਾਣਾ ਨਸੀਬ ਹੋ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਇਹ ਕਿਉਂ ਹੁੰਦਾ ਹੈ ਕਿਸੇ ਨੂੰ ਦੁੱਖ ਵੱਧ ਹੈ ਅਤੇ ਕਿਸੇ ਨੂੰ ਘੱਟ ਦੁੱਖ ਹੈ - ਦੁਖ ਦਾ ਕਾਰਨ ਭਾਵੇਂ ਉਹੀ ਹੋਵੇ?

**ਦਾਦਾਸ਼੍ਰੀ** : ਇਹ ਸਭ ਸੰਬੰਧਤ ਵਿਅਕਤੀ ਦੀ ਮਾਨਸਕ ਦਸ਼ਾ ਅਤੇ ਉਸ ਦੀ ਸੋਚ ਉਪਰ ਨਿਰਭਰ ਕਰਦਾ ਹੈ। ਉਦਾਹਰਣ ਦੇ ਲਈ, ਜੇ ਮੈਂ ਜੱਜ ਹੋਵਾਂ ਤਾਂ ਮੈਂ ਇਕ ਦੋਸ਼ੀ ਨੂੰ ਸਜਾ ਸੁਨਾਉਣ ਤੋਂ ਪਹਿਲਾਂ ਉਸ ਨੂੰ ਖੁਸ਼ੀ ਦੇਣ ਦਾ ਯਤਨ ਕਰਾਂਗਾ। ਜੇ ਮੈਂ ਕਿਸੇ ਨੂੰ ਉਸ ਦੇ ਕੀਤੇ ਅਪਰਾਧ ਦੇ ਕਾਰਨ ਸਜਾ ਦੇਣੀ ਹੋਵੇ ਤਾਂ ਮੈਂ ਉਸ ਨੂੰ ਦੱਸਾਂਗਾ ਕਿ ਮੇਰੇ ਲਈ ਇਹ ਸੰਭਵ ਨਹੀਂ ਕਿ ਇਸ ਅਪਰਾਧ ਕਾਰਨ ਮੈਂ ਤੈਨੂੰ ਪੰਜ ਸਾਲ ਤੋਂ ਘੱਟ ਦੀ ਕੈਦ ਦੀ ਸਜਾ ਦੇਵਾਂ। ਉਪਰੰਤ ਜੇ ਉਸ ਦਾ ਵਕੀਲ ਸਜਾ ਘੱਟ ਕਰਨ ਹਿਤ ਅਰਜੋਈ ਕਰੇ ਤਾਂ ਮੈਂ ਬਹਿਸ ਦੇ ਦੌਰਾਨ ਹੌਲੀ-ਹੌਲੀ ਸ਼ਾਇਦ ਉਸ ਦੀ ਸਜਾ ਪੰਜ ਤੋਂ ਘਟਾ ਕੇ ਚਾਰ ਸਾਲ ਜਾਂ ਤਿੰਨ ਸਾਲ ਜਾਂ ਇਕ ਸਾਲ ਜਾਂ ਅਖ਼ੀਰ ਸਿਰਫ ਛੇ ਮਹੀਨੇ ਕਰ ਦੇਵਾਂ। ਇਸ ਤਰ੍ਹਾਂ ਉਹ ਖੁਸ਼-ਖੁਸ਼ ਜੇਲ ਜਾਵੇਗਾ ਕਿ ਉਸ ਦਾ ਸਿਰਫ਼ ਛੇ ਮਹੀਨੇ ਦੀ ਸਜਾ ਕੱਟਣ ਨਾਲ ਹੀ ਸਰ ਗਿਆ। ਇਸ ਲਈ ਦੁੱਖ ਤਾਂ ਸੰਬੰਧਤ ਵਿਅਕਤੀ ਦੀ ਸੋਚ, ਉਸ ਦੀ ਮਾਨਸਕ ਸਥਿਤੀ ਉਪਰ ਨਿਰਭਰ ਕਰਦਾ ਹੈ। ਜੇ ਮੈਂ ਆਰੰਭ ਤੋਂ ਹੀ ਛੇ ਮਹੀਨੇ ਦੀ ਸਜਾ ਦਾ ਐਲਾਨ ਕਰਦਾ ਅਤੇ ਉਸ ਉਪਰ ਹੀ ਬਜਿੱਦ ਰਹਿੰਦਾ ਤਾਂ ਉਸ ਨੂੰ ਇਹ ਸਜਾ ਬਹੁਤ ਲੰਮੀ ਲੱਗਣੀ ਸੀ।

**ਪ੍ਰਸ਼ਨ-ਕਰਤਾ** : ਹਰ ਵਿਅਕਤੀ ਮਹਿਸੂਸ ਕਰਦਾ ਹੈ ਕਿ ਉਸ ਦੇ ਦੁੱਖ ਅਤੇ ਤਕਲੀਫ਼ਾਂ ਦੂਸਰਿਆਂ ਨਾਲੋਂ ਵਧੇਰੇ ਹਨ।

**ਦਾਦਾਸ਼੍ਰੀ** : ਇਹ ਤਾਂ ਖ਼ੁਦ ਦੇ ਪੈਦਾ ਕੀਤੇ ਦੁੱਖ-ਤਕਲੀਫ਼ਾਂ ਹਨ। ਇਸ ਲਈ ਇਨ੍ਹਾਂ ਨੂੰ ਤੁਸੀਂ ਜਿੰਨੇ ਚਾਹੋ ਵੱਡੇ ਕਰ ਸਕਦੇ ਹੋ। ਤੁਸੀਂ ਅਜਿਹੇ ਦੁੱਖ ਨੂੰ ਅਸਲ ਨਾਲੋਂ ਚਾਲੀ ਗੁਣਾ ਵੱਡਾ ਵੀ ਕਰ ਸਕਦੇ ਹੋ। ਬਹੁਤੇ ਵਿਅਕਤੀਆਂ ਨੂੰ ਜੀਵਨ ਜਿਉਣ ਦਾ ਚੱਜ ਹੀ ਨਹੀਂ। ਇਉਂ ਜਾਪਦਾ ਹੈ ਜਿਵੇਂ ਉਹ ਜੀਵਨ ਦੀ ਚਾਬੀ ਖੋ ਬੈਠੇ ਹੋਣ। ਇਹ ਚਾਬੀ ਤਾਂ ਪੂਰੀ ਤਰ੍ਹਾਂ ਖੋ ਗਈ ਸੀ ਪਰੰਤੂ ਹੁਣ ਹਾਲਤ ਪਹਿਲਾਂ ਨਾਲੋਂ ਥੋੜ੍ਹੀ ਬੇਹਤਰ ਹੈ। ਮੁਲਕ ਵਿਚ ਅੰਗਰੇਜ਼ੀ ਰਾਜ ਦੇ ਖ਼ਤਮ ਹੋਣ

ਉਪਰੰਤ ਲੋਕਾਂ ਨੇ ਆਪਣੇ ਕਠੋਰ ਅਤੇ ਅਸੱਭਿਆ ਦ੍ਰਿਸ਼ਟੀਕੋਣ ਨੂੰ ਕੁਝ ਨਰਮ ਕਰ ਲਿਆ ਹੈ ਅਤੇ ਉਹ ਹੁਣ ਬਿਨਾਂ ਕਾਰਨ ਦੂਸਰਿਆਂ ਦੇ ਕੰਮਾਂ ਵਿਚ ਦਖ਼ਲ ਦੇਣ, ਦੂਸਰਿਆਂ ਦੇ 'ਘਰਾਂ ਅੰਦਰ ਤਾਂਕ-ਝਾਂਕ ਕਰਨ' ਦੇ ਸੁਭਾਅ ਨੂੰ ਛੱਡ ਚੁੱਕੇ ਹਨ। ਪਰੰਤੂ ਪਹਿਲਾਂ ਉਹ ਹੋਰ ਕੁਝ ਨਹੀਂ ਸਨ ਕਰਦੇ ਸਿਵਾਇ ਦੂਸਰਿਆਂ ਦੇ ਕੰਮਾਂ/ਗੱਲਾਂ ਵਿਚ ਲੱਤ ਅੜਾਉਣ ਦੇ।

ਜਦੋਂ ਵੀ ਅਸੀਂ ਦੁੱਖ ਜਾਂ ਤਕਲੀਫ਼ ਕਾਰਨ ਬਣਨ ਵਾਲੀ ਕਿਸੇ ਘਟਨਾ ਦੇ ਸਨਮੁਖ ਹੁੰਦੇ ਹੋ ਤਾਂ ਸਾਨੂੰ ਆਪਣੇ ਕਰਮਾਂ ਦੇ ਖਾਤੇ ਦਾ ਨਿਪਟਾਰਾ ਕਰਦਿਆਂ ਪੂਰੀ ਤਰ੍ਹਾਂ ਸਹਿਜ ਰਹਿਣਾ ਚਾਹੀਦਾ ਹੈ।

ਜੇ ਤੁਸੀਂ ਕਦੇ ਦੁੱਖਾਂ ਜਾਂ ਤਕਲੀਫ਼ਾਂ ਵਿਚ ਘਿਰ ਜਾਂਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਇਹ ਕਹੋ: 'ਤੁਸੀਂ ਕਦੇ ਕੋਈ ਗਲਤੀ ਕੀਤੀ ਹੋਵੇਗੀ – ਹੋ ਸਕਦਾ ਹੈ ਪਿਛਲੇ ਜਨਮ ਵਿਚ। ਇਹੋ ਕਾਰਨ ਹੈ ਕਿ ਕਿਸੇ ਨੇ ਤੁਹਾਡੀ ਬੇਇਜ਼ਤੀ ਕੀਤੀ ਹੈ। ਤੁਸੀਂ ਹੁਣ ਸ਼ਾਂਤ ਰਹਿੰਦੇ ਹੋ ਅਤੇ ਤੁਹਾਨੂੰ ਕੋਈ ਉਤੇਜਤਾ ਮਹਿਸੂਸ ਨਹੀਂ ਹੁੰਦੀ।' ਜੇ ਤੁਸੀਂ ਇਸ ਤਰ੍ਹਾਂ ਕਰਦੇ ਹੋ ਤਾਂ ਤੁਹਾਡੇ ਕਰਮਾਂ ਦੇ ਕਰਜੇ ਦੀ ਅਦਾਇਗੀ ਹੋ ਜਾਵੇਗੀ। ਇਸ ਦੇ ਵਿਪਰੀਤ ਜਦੋਂ ਲੋਕ ਦੁੱਖੀ ਹੁੰਦੇ ਹਨ ਤਾਂ ਦੁੱਖੀ ਮਨ ਨਾਲ ਕਹਿੰਦੇ ਹਨ ਕਿ 'ਮੈਂ ਖ਼ਤਮ ਹੋ ਗਿਆ ਹਾਂ। ਮੈਂ ਮਰ ਗਿਆ।' ਅਸੀਂ ਸਭ ਭਲੀ-ਭਾਂਤ ਜਾਣਦੇ ਹਾਂ ਕਿ ਬੰਦਾ ਸਿਰਫ਼ ਇਕੋ ਵਾਰ ਹੀ ਮਰਦਾ ਹੈ ਪਰੰਤੂ ਇਹ ਮੂਰਖ਼ ਵਿਅਕਤੀ ਆਪਣੇ ਜੀਵਨ ਦੇ ਦੌਰਾਨ ਕਿੰਨੇ ਹੀ ਵਾਰ ਕਹਿਣਗੇ 'ਮੈਂ ਮਰ ਗਿਆ'। ਕੀ ਇਹ ਸੰਭਵ ਹੈ ਕਿ ਵਿਅਕਤੀ ਜਿਹੜਾ ਮਰ ਗਿਆ ਹੈ ਉਹ ਜੀਵਿਤ ਵੀ ਹੋਵੇ? ਸਹੀ ਦੁੱਖ, ਸਹੀ ਤਕਲੀਫ਼ ਕੀ ਹੁੰਦੀ ਹੈ ਇਹ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ।

ਜ਼ਿੰਦਗੀ ਵਿਚ ਇਹ ਇਕ ਵਧੀਆ ਪ੍ਰਾਜੈਕਟ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਨੂੰ ਦੱਸਣ ਦੀ ਖੇਚਲ ਕਰੋ ਕਿ ਜੀਵਨ ਪ੍ਰਤੀ ਸਾਡੀ ਆਦਰਸ਼ ਪਹੁੰਚ ਕੀ ਹੋਣੀ ਚਾਹੀਦੀ ਹੈ ਤਾਂ ਜੋ ਇਸ ਸੰਸਾਰ, ਜਿਥੇ ਹਰ ਕੋਈ ਕਿਸੇ ਨਾ ਕਿਸੇ ਤਕਲੀਫ਼ ਕਾਰਨ ਦੁਖੀ ਹੈ, ਵਿਚ ਆਪਣੇ ਦੁੱਖਾਂ ਨੂੰ ਘੱਟ ਕਰ ਸਕੀਏ।

**ਦਾਦਾਸ਼੍ਰੀ** : ਇਹ ਲੋਕ ਬਿਨਾਂ ਲੋੜ ਤੋਂ ਹੀ ਦੁਖੀ ਹੋ ਰਹੇ ਹਨ। ਇਸ ਸੰਸਾਰ ਵਿਚ ਤੁਹਾਡੇ ਤੋਂ ਉਪਰ ਹੋਰ ਕੋਈ ਵੱਡਾ ਵਿਅਕਤੀ ਨਹੀਂ ਹੈ। ਤੁਸੀਂ ਪੂਰੀ ਤੌਰ ਤੇ ਸੁੰਤਤਰ ਹੋ। ਤੁਹਾਡੇ ਜੀਵਨ ਦਾ ਪ੍ਰਾਜੈਕਟ, ਜੀਵਨ ਦਾ ਮਿਸ਼ਨ ਸੁਤੰਤਰਤਾ ਦਾ ਅਨੁਭਵ ਹੀ ਹੈ। ਹਾਂ, ਪਰੰਤੂ ਤੁਸੀਂ ਜੀਵਨ ਵਿਚ ਇਸ ਮਿਸ਼ਨ ਹਿਤ ਇਸ ਤਰ੍ਹਾਂ ਵਿਚਰੋ ਕਿ ਤੁਹਾਡੇ ਕਿਸੇ ਬਚਨ ਜਾਂ ਕਰਮ ਕਾਰਨ ਕਿਸੇ ਦੂਸਰੇ ਨੂੰ ਕਿਸੇ ਤਰ੍ਹਾਂ ਰੱਤਾ ਵੀ ਦੁੱਖ ਨਾ ਪਹੁੰਚੇ। ਤੁਸੀਂ ਆਪਣੇ ਜੀਵਨ ਦੇ ਇਸ ਮਿਸ਼ਨ ਨੂੰ ਇਸ ਸੰਸਾਰ ਜਿੰਨਾ ਵੱਡਾ ਵੀ ਕਰ ਸਕਦੇ ਹੋ।

**ਪ੍ਰਸ਼ਨ-ਕਰਤਾ** : ਕੀ ਇਦਾਂ ਕਰ ਸਕਣਾ ਸੰਭਵ ਹੈ?

**ਦਾਦਾਸ਼੍ਰੀ** : ਹਾਂ, ਇਹ ਸੰਭਵ ਹੈ। ਮੇਰਾ ਪ੍ਰਾਜੈਕਟ ਬਹੁਤ ਵੱਡਾ ਹੈ। ਮੈਂ ਹਮੇਸ਼ਾ ਹੀ ਚੇਤੰਨ ਰਹਿੰਦਾ ਹਾਂ ਕਿ ਮੇਰੇ ਦੁਆਰਾ ਕਿਸੇ ਵੀ ਜੀਵ ਨੂੰ ਕੋਈ ਕਸ਼ਟ ਨਾ ਪਹੁੰਚੇ।

**ਪ੍ਰਸ਼ਨ-ਕਰਤਾ** : ਪਰੰਤੂ ਹੋਰਾਂ ਲਈ ਇੰਝ ਕਰ ਸਕਣਾ ਸ਼ਾਇਦ ਸੰਭਵ ਨਾ ਹੋਵੇ।

**ਦਾਦਾਸ਼੍ਰੀ** : ਸ਼ਾਇਦ ਇਹ ਸੰਭਵ ਨਾ ਹੋਵੇ ਪਰੰਤੂ ਇਸ ਦਾ ਭਾਵ ਇਹ ਬਿਲਕੁਲ ਨਹੀਂ ਕਿ ਉਹ ਦੂਸਰਿਆਂ ਨੂੰ ਦੁੱਖ-ਕਸ਼ਟ ਦੇ ਕੇ ਆਪਣੇ ਪ੍ਰਾਜੈਕਟ ਨੂੰ ਅੱਗੇ ਤੋਰਨ। ਕੀ ਉਹਨਾਂ ਦੇ ਮਿਸ਼ਨ ਨੂੰ ਅੱਗੇ ਤੋਰਨ ਲਈ ਅਜਿਹਾ ਤਰੀਕਾ ਅਤੇ ਅਜਿਹਾ ਡਿਸਪਲਿਨ ਅਪਣਾਇਆ ਜਾਣਾ ਚਾਹੀਦਾ ਕਿ ਇਸ ਦੌਰਾਨ ਦੂਸਰਿਆਂ ਨੂੰ ਘੱਟ ਤੋਂ ਘੱਟ ਕਸ਼ਟ ਹੋਵੇ? ਮੈਂ ਤੁਹਾਨੂੰ ਅਸੰਭਵ ਕਾਰਜ ਕਰਨ ਲਈ ਨਹੀਂ ਕਹਿ ਰਿਹਾ।

**ਪ੍ਰਸ਼ਨ-ਕਰਤਾ** : ਪਰੰਤੂ ਇਹ ਅਕਸਰ ਵਾਪਰ ਜਾਂਦਾ ਹੈ ਕਿ ਭਾਵੇਂ ਸਾਡੀ ਨੀਅਤ ਕਿਸੇ ਨੂੰ ਕਸ਼ਟ ਪਹੁੰਚਾਉਣ ਦੀ ਬਿਲਕੁਲ ਨਹੀਂ ਹੁੰਦੀ ਪਰੰਤੂ ਫਿਰ ਵੀ ਉਸ ਨੂੰ ਕਸ਼ਟ ਦੇ ਹੀ ਦਿੰਦੇ ਹਾਂ।

**ਦਾਦਾਸ਼੍ਰੀ** : ਤੁਸੀਂ ਸਾਰੀਆਂ ਘਟਨਾਵਾਂ ਨੂੰ ਇਕ ਹੋਰ ਪੱਖ ਤੋਂ ਵੀ ਵੇਖ ਸਕਦੇ ਹੋ: ਜੇਕਰ ਤੁਸੀਂ ਉਸ ਦੂਸਰੇ ਵਿਅਕਤੀ ਦੀ ਥਾਂ ਹੋਵੋ ਤਾਂ ਫਿਰ ਤੁਸੀਂ ਉਸ ਸਥਿਤੀ ਵਿਚ ਕਿਵੇਂ ਮਹਿਸੂਸ ਕਰੋਗੇ? ਸਾਰੇ ਹੀ ਹਾਲਾਤਾਂ ਵਿਚ, ਇਹ ਗੱਲ ਹਮੇਸ਼ਾ ਮਨ ਵਿਚ ਸਪਸ਼ਟ ਰਖੋ ਕਿ ਜੇ ਤੁਸੀਂ ਉਸ ਦੂਸਰੇ ਵਿਅਕਤੀ ਦੀ ਥਾਂ ਹੋਵੋ ਤਾਂ ਤੁਸੀਂ ਕਿਵੇਂ ਮਹਿਸੂਸ ਕਰੋਗੇ।

ਉਦਾਹਰਣ ਦੇ ਲਈ, ਜੇ ਤੁਸੀਂ ਕਿਸੇ ਵਿਅਕਤੀ ਪਾਸੋਂ ਦਸ ਹਜ਼ਾਰ ਰੁਪਏ ਦੀ ਰਕਮ ਉਧਾਰ ਲੈਂਦੇ ਹੋ ਅਤੇ ਤੁਹਾਡੀ ਆਰਥਿਕ ਸਥਿਤੀ ਪਹਿਲਾਂ ਨਾਲੋਂ ਵੀ ਬਦਤਰ ਹੋ ਜਾਂਦੀ ਹੈ ਤਾਂ ਤੁਹਾਡੇ ਦਿਮਾਗ਼ ਵਿਚ ਇਕ ਖ਼ਿਆਲ ਆ ਸਕਦਾ ਹੈ: 'ਜੇ ਮੈਂ ਉਸ ਦੀ ਰਕਮ ਨਾ ਹੀ ਮੋੜਾਂ ਤਾਂ ਕੀ ਹੋਵੇਗਾ?' ਅਜਿਹੇ ਸਮੇਂ ਤੁਸੀਂ ਆਪਣੇ ਆਪ ਨੂੰ ਇਹ ਪ੍ਰਸ਼ਨ ਜ਼ਰੂਰ ਕਰੋ ਕਿ ਤੁਸੀਂ ਖ਼ੁਦ ਕਿਵੇਂ ਮਹਿਸੂਸ ਕਰੋਗੇ ਜੇਕਰ ਕੋਈ ਵਿਅਕਤੀ ਤੁਹਾਡੇ ਤੋਂ ਇਕ ਰਕਮ ਉਧਾਰ ਲੈ ਜਾਵੇ ਅਤੇ ਵਾਪਸ ਨਾ ਕਰੇ। ਤੁਹਾਨੂੰ ਚਾਹੀਦਾ ਹੈ ਕਿ ਤੁਹਾਡੇ ਆਪਣੇ ਨਾਲ ਸੰਬੰਧਤ ਮਾਮਲਿਆਂ ਵਿਚ ਵੀ ਤੁਹਾਡੀ ਸੋਚ ਅਤੇ ਨੀਅਤ ਹਮੇਸ਼ਾ ਅਜਿਹੀ ਨਿਆਂ ਪੂਰਕ, ਅਤੇ ਨਿਰਪੱਖ ਬਣੀ ਰਹੇ। ਤੁਹਾਡੇ ਅੰਤਰ-ਮਨ ਅੰਦਰ ਤੁਹਾਡੀ ਚੇਤਨਤਾ ਕਾਇਮ ਰਹੇ ਕਿ ਜੇ ਮੇਰੇ ਨਾਲ ਇਸ ਤਰ੍ਹਾਂ ਵਾਪਰੇ ਤਾਂ ਮੈਨੂੰ ਬਹੁਤ ਕਸ਼ਟ ਹੋਵੇਗਾ: ਇਸ ਲਈ ਦੂਸਰਾ ਵਿਅਕਤੀ ਵੀ ਅਜਿਹੇ ਹਾਲਾਤਾਂ ਵਿਚ ਦੁੱਖੀ ਮਹਿਸੂਸ ਕਰੇਗਾ। ਇਸ ਲਈ ਮੈਨੂੰ ਉਸ ਦਾ ਉਧਾਰ ਮੋੜ ਦੇਣਾ ਚਾਹੀਦਾ ਹੈ। ਜੇ ਤੁਹਾਡੀ ਨੀਅਤ ਇਸ ਤਰ੍ਹਾਂ ਨੇਕ ਅਤੇ ਸਾਫ਼ ਹੈ ਤਾਂ ਤੁਸੀਂ ਉਸ ਨੂੰ ਉਧਾਰ ਵਾਪਸ ਕਰਨ ਦੇ ਸਮਰਥ ਵੀ ਹੋ ਜਾਉਗੇ।

**ਪ੍ਰਸ਼ਨ-ਕਰਤਾ** : ਦਿਮਾਗ਼ ਇਹ ਕਹੇਗਾ ਕਿ ਉਹ ਵਿਅਕਤੀ ਤਾਂ ਲਖਪਤੀ ਹੈ ਅਤੇ ਇਸ ਦਸ

ਹਜ਼ਾਰ ਰੁਪਏ ਦੀ ਤੁੱਛ ਜਿਹੀ ਰਕਮ ਉਸ ਲਈ ਕੀ ਮਾਅਨੇ ਰਖਦੀ ਹੈ? ਜੇ ਮੈਂ ਉਸ ਦਾ ਉਧਾਰ ਨਾ ਵੀ ਵਾਪਸ ਕਰਾਂ ਤਾਂ ਉਸ ਦਾ ਕੋਈ ਵੱਡਾ ਨੁਕਸਾਨ ਨਹੀਂ ਹੋਵੇਗਾ।

**ਦਾਦਾਸ਼੍ਰੀ** : ਇਹ ਤੁਹਾਡਾ ਸੋਚਣਾ ਹੈ ਕਿ ਉਸ ਨੂੰ ਤੁਹਾਡੇ ਇਦਾਂ ਕਰਨ ਨਾਲ ਕੋਈ ਦਿੱਕਤ ਨਹੀਂ ਆਵੇਗੀ ਪਰੰਤੂ ਸੱਚਾਈ ਇਹ ਨਹੀਂ ਹੈ। ਇਹ ਲਖਪਤੀ ਵੀ ਆਪਣੇ ਪੈਸੇ ਦਾ ਹਿਸਾਬ-ਕਿਤਾਬ ਰਖਦਾ ਹੈ ਭਾਵੇਂ ਉਸ ਨੇ ਥੋੜਾ ਪੈਸਾ ਆਪਣੇ ਪੁੱਤਰ ਉਪਰ ਵੀ ਖ਼ਰਚ ਕਿਉਂ ਨਾ ਕਰਨਾ ਹੋਵੇ। ਕੀ ਤੁਸੀਂ ਕਦੇ ਕਿਸੇ ਲਖਪਤੀ ਦੇ ਘਰ ਪੈਸਾ ਇਧਰ-ਉਧਰ ਖਿੰਡਿਆ ਪਿਆ ਦੇਖਿਆ ਹੈ? ਹਰ ਕਿਸੇ ਲਈ ਦੌਲਤ ਆਪਣੀ ਜਾਨ ਜਿੰਨੀ ਪਿਆਰੀ ਹੈ - ਲਖਪਤੀ ਲੋਕਾਂ ਸਮੇਤ।

ਸਾਡੀ ਨੀਅਤ ਇਹ ਹੋਣੀ ਚਾਹੀਦੀ ਹੈ ਸਾਡੇ ਮਨ, ਬਚਨ ਜਾਂ ਕਰਮ ਰਾਹੀਂ ਕਿਸੇ ਵੀ ਵਿਅਕਤੀ ਨੂੰ ਰਤਾ ਵੀ ਠੇਸ ਨਾ ਪਹੁੰਚੇ।

**ਪ੍ਰਸ਼ਨ-ਕਰਤਾ** : ਕੀ ਇਸ ਤਰ੍ਹਾਂ ਕਰ ਸਕਣ ਦੇ ਯੋਗ ਹੋਣਾ ਆਮ ਵਿਅਕਤੀ ਲਈ ਕਠਿਨ ਕਾਰਜ ਨਹੀਂ?

**ਦਾਦਾਸ਼੍ਰੀ** : ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਹੁਣੇ ਇਕ ਦਮ ਇਸ ਤਰ੍ਹਾਂ ਦੇ ਵਿਅਕਤੀ ਬਣ ਜਾਉ। ਮੇਰੇ ਕਹਿਣ ਦਾ ਤੱਤ-ਸਾਰ ਇਹ ਹੈ ਕਿ ਤੁਹਾਡੇ ਮਨ ਅੰਦਰ ਇਹ ਧਾਰਨਾ ਦ੍ਰਿੜ ਹੋਣੀ ਚਾਹੀਦੀ ਹੈ ਕਿ ਤੁਸੀਂ ਕਿਸੇ ਨੂੰ ਦੁੱਖ ਦੇਣਾ ਨਹੀਂ ਚਾਹੁੰਦੇ। ਇਹ ਮਨ ਅੰਦਰ ਦੀ ਧਾਰਨਾ ਤੁਹਾਡਾ ਦ੍ਰਿੜ ਇਰਾਦਾ ਹੈ, ਜੀਵਨ ਦਾ ਇਕ ਬੀਜ ਹੈ ਅਤੇ ਇਹ ਅੱਗੇ ਵਧਦਾ-ਫੁਲਦਾ ਹੈ।

## 10

## ਕਿਸਮਤ ਅਤੇ ਮਿਹਨਤ

**ਪ੍ਰਸ਼ਨ-ਕਰਤਾ** : ਕਿਸਮਤ ਅਤੇ ਮਿਹਨਤ ਅਤੇ ਯਤਨ ਦੇ ਵੱਖ-ਵੱਖ ਖੇਤਰਾਂ ਬਾਰੇ ਚਾਨਣਾ ਪਾਉਣ ਦੇ ਖੇਚਲ ਕਰਨਾ ਜੀ।

**ਦਾਦਾਸ਼੍ਰੀ** : ਕਿਸਮਤ ਜਾਂ ਨਸੀਬ ਤੋਂ ਭਾਵ ਹੈ ਸੰਚਿਤ ਹੋਏ ਪੁਰਾਣੇ ਕਰਮ ਜਿਨ੍ਹਾਂ ਦਾ ਫਲ ਅਸੀਂ ਹੁਣ ਖਾ ਰਹੇ ਹਾਂ।

ਯੋਗ ਸਮਝ ਦੀ ਘਾਟ ਦੇ ਕਾਰਨ ਬਹੁਤ ਸਾਰੇ ਲੋਕ ਕਿਸਮਤ ਨੂੰ ਵੀ ਪੁਰਸ਼ਾਰਥ ਸਮਝਣ ਦੀ ਭੁੱਲ ਕਰ ਬੈਠਦੇ ਹਨ। ਉਹ ਪਹਿਲਾਂ ਹੀ ਪੀਸੇ ਹੋਏ ਨੂੰ ਵਾਰ-ਵਾਰ ਫਿਰ ਪੀਸਦੇ ਰਹਿੰਦੇ ਹਨ ਅਤੇ ਇਸ ਸਾਰੀ ਪ੍ਰਕ੍ਰਿਆ ਦੌਰਾਨ ਉਹ ਅੱਧਾ ਕਿਲੋ ਆਟਾ ਘਟਾ ਲੈਂਦੇ ਹਨ।

ਕਈ ਲੋਕ ਕਿਸਮਤ ਦੀ ਉਦਾਹਰਣ ਦਿੰਦੇ ਰਹਿੰਦੇ ਹਨ ਜਦੋਂ ਕਿ ਕਈ ਹੋਰ ਮਿਹਨਤ

ਦੇ ਹੱਕ ਵਿਚ ਆਪਣੀ ਆਵਾਜ਼ ਉਠਾਉਂਦੇ ਹਨ। ਪਰੰਤੂ ਦੋਹਾਂ ਹੀ ਪਾਰਟੀਆਂ ਦੇ ਵਿਚਾਰ ਸੰਤੋਸ਼ਜਨਕ ਨਹੀਂ ਹਨ। ਮਜ਼ਦੂਰ ਲੋਕ ਦੇਰ ਸ਼ਾਮ ਤੱਕ ਮਜ਼ਦੂਰੀ ਕਰਦੇ ਹਨ ਅਤੇ ਆਪਣੇ ਇਸ ਪੁਰਸ਼ਾਰਥ ਦਾ ਉਨ੍ਹਾਂ ਨੂੰ ਮੁੱਲ ਕੀ ਮਿਲਦਾ ਹੈ? ਇਸ ਸਖ਼ਤ ਮਿਹਨਤ ਦਾ ਫਲ ਕੀ ਮਿਲਦਾ ਹੈ – ਅੱਧੀ ਰੋਟੀ ਭੋਰਾ ਕੁ ਦਾਲ ਜਾਂ ਇਸ ਤੋਂ ਕੁਝ ਵੱਧ। ਜੇ ਕਿਸਮਤ ਵਿਚ ਵਿਸ਼ਵਾਸ਼ ਰਖਣ ਵਾਲੇ ਸਾਰਾ ਦਿਨ ਹੱਥ 'ਤੇ ਹੱਥ ਧਰ ਕੇ ਵਿਹਲੇ ਬੈਠੇ ਰਹਿਣ ਅਤੇ ਕੋਈ ਕੰਮ ਨਾ ਕਰਨ ਤਾਂ ਉਨ੍ਹਾਂ ਨੂੰ ਦਿਨ ਦੇ ਅੰਤ ਵਿਚ ਕੀ ਮਿਲੇਗਾ?

ਜਦੋਂ ਕੋਈ ਵਿਅਕਤੀ ਧਨ ਕਮਾਉਂਦਾ ਹੈ ਤਾਂ ਉਹ ਸ਼ੇਖੀ ਮਾਰਦਾ ਹੋਇਆ ਕਹਿੰਦਾ ਹੈ ਕਿ 'ਮੈਂ ਕਮਾਉਂਦਾ ਹਾਂ', ਪਰੰਤੂ ਜਦੋਂ ਉਹ ਘਾਟੇ ਵਿਚ ਚਲਾ ਜਾਂਦਾ ਹੈ ਪਰਮਾਤਮਾ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੋਇਆ ਕਹਿੰਦਾ ਹੈ: "ਇਹ ਪਰਮਾਤਮਾ ਦਾ ਕੀਤਾ ਹੈ; ਮੇਰੀ ਕਿਸਮਤ, ਮੇਰੇ ਸਿਤਾਰੇ ਮੇਰੇ ਹੱਕ ਵਿਚ ਨਹੀਂ ਸਨ। ਮੇਰੇ ਸਾਂਝੀਦਾਰ ਨੇ ਮੇਰੇ ਨਾਲ ਕਪਟ ਕਮਾ ਲਿਆ ਹੈ; ਮੈਂ ਕੀ ਕਰ ਸਕਦਾ ਹਾਂ?" ਅਸੀਂ ਉਸ ਨੂੰ ਪੁਛਦੇ ਹਾਂ ਕਿ 'ਕੀ ਉਹ ਜਿੰਦਾ ਹੈ ਜਾਂ ਮਰ ਗਿਆ ਹੈ?' ਜਦੋਂ ਉਹ ਸਫ਼ਲਤਾ ਦੀਆਂ ਪੌੜੀਆਂ ਚੜ ਰਿਹਾ ਸੀ ਤਾਂ ਉਹ ਖ਼ੁਦ ਨੂੰ ਸਭ ਕਾਸੇ ਦਾ ਕਰਤਾ ਮੰਨ ਕੇ ਮਾਣ ਮਹਿਸੂਸ ਕਰਦਾ ਸੀ, ਪਰੰਤੂ ਹੁਣ ਘਾਟਾ ਪੈਣ ਉਪਰੰਤ ਉਹ ਇਸ ਘਾਟੇ ਦਾ ਕਰਤਾ, ਘਾਟੇ ਦੀ ਜ਼ਿੰਮੇਵਾਰੀ ਕਿਉਂ ਨਹੀਂ ਸਵੀਕਾਰ ਕਰਦਾ?

ਸਿਤਾਰੇ (ਕਿਸਮਤ) ਕਦੇ ਸਾਡੇ ਰਾਹ ਦਾ ਰੋੜਾ ਨਹੀਂ ਬਣਦੇ।

**ਪ੍ਰਸ਼ਨ-ਕਰਤਾ** : ਇਨ੍ਹਾਂ ਸਿਤਾਰਿਆਂ ਦਾ ਸਾਡੇ ਜੀਵਨ ਵਿਚ ਕੀ ਰੋਲ ਹੈ?

**ਦਾਦਾਸ਼੍ਰੀ** : ਤੁਹਾਡੇ ਆਪਣੇ ਸਿਤਾਰੇ ਜਿਹਾ ਕਿ ਆਗ੍ਰਹ ਕਰਨਾ, ਪੂਰਵ-ਧਾਰਣਾ, ਵਿਕ੍ਰਤੀ, ਪਰਿਵਰਤਨਸ਼ੀਲਤਾ, ਹਠ, ਹਠਧਰਮੀ, ਨਾਫੁਰਮਾਨੀ ਹੀ ਤੁਹਾਨੂੰ ਖ਼ਰਾਬ ਕਰਦੇ ਹਨ। ਸਾਰੇ ਦੇ ਸਾਰੇ ਨੌਂ ਗ੍ਰਹਿ ਤੁਹਾਨੂੰ ਨੁਕਸਾਨ ਪਹੁੰਚਾਉਂਦੇ ਹਨ। ਮੈਂ ਇਨ੍ਹਾਂ ਸਭ ਦੇ ਮਾਮਲੇ ਵਿਚ ਨਿਰਪੱਖ ਅਤੇ ਬੇਲਾਗ ਹੋ ਗਿਆ ਹਾਂ। ਜਿਥੇ ਕਿਧਰੇ ਵੀ ਜ਼ਿੱਦ ਹੈ ਉਥੇ ਲੜਾਈ ਝਗੜੇ, ਟੁੱਟ-ਫੁੱਟ, ਆਦਿ ਜ਼ਰੂਰ ਹੋਣਗੇ। ਮੇਰੇ ਮਨ ਅੰਦਰ ਕੋਈ ਮੋਹ ਨਹੀਂ; ਫਿਰ ਲੜਾਈ-ਝਗੜਾ ਕਿਵੇਂ ਹੋ ਸਕਦਾ ਹੈ। ਜਦੋਂ ਕੁਝ ਘਟਨਾਵਾਂ ਜਾਂ ਘਟਨਾ-ਸਮੂਹ ਇਕ ਖ਼ਾਸ ਕ੍ਰਮ ਵਿਚ ਵਾਪਰਦੇ ਹਨ ਤਾਂ ਸਫ਼ਲਤਾ ਉਸ ਵਿਅਕਤੀ ਦੇ ਪੈਰ ਚੁੰਮਦੀ ਹੈ ਅਤੇ ਉਹ ਮਾਣ-ਮੱਤਾ ਮਹਿਸੂਸ ਕਰਦਾ ਹੈ। ਪਰੰਤੂ ਜਦੋਂ ਸਾਰੀਆਂ ਗੱਲਾਂ ਉਮੀਦ ਦੇ ਉਲਟ ਵਾਪਰਨ ਲੱਗ ਜਾਣ ਤਾਂ ਉਹੀ ਵਿਅਕਤੀ ਸਾਰਾ ਦੋਸ਼ ਪਰਮਾਤਮਾ ਦੇ ਸਿਰ ਮੜ੍ਹਦਾ ਹੈ। ਪਰੰਤੂ ਜੇ ਸਮਸਤ ਕੋਸ਼ਿਸ਼ਾਂ ਦਾ ਕਰਤਾ ਵਿਅਕਤੀ ਆਪ ਹੀ ਹੈ ਤਾਂ ਨੁਕਸਾਨ ਤਾਂ ਕਦੇ ਵੀ ਨਹੀਂ ਹੋਣਾ ਚਾਹੀਦਾ ਸੀ। ਜਿਸ ਨੂੰ ਲੋਕ ਅੰਤਿਮ ਲਕਸ਼ ਕਹਿੰਦੇ ਹਨ ਅਤੇ ਜਿਸ ਦੀ ਪ੍ਰਾਪਤੀ ਹਿਤ ਉਹ ਯਤਨਸ਼ੀਲ ਹਨ ਅਸਲ ਵਿਚ ਉਹ ਅੰਤਿਮ ਲਕਸ਼ ਨਹੀਂ। ਉਹ ਆਪਣੀ ਪ੍ਰਕਿਰਤੀ ਅਨੁਸਾਰ ਨਚਦੇ-ਗਾਉਂਦੇ ਹਨ ਅਤੇ ਖੁਸ਼ੀ ਨਾਲ ਦਸਦੇ

ਹਨ ਕਿ “ਮੈਂ ਨੱਚਿਆ।”

ਜਦੋਂ ਤੁਹਾਨੂੰ (ਵਪਾਰ, ਆਦਿ ਵਿਚ) ਘਾਟਾ ਪੈ ਜਾਂਦਾ ਹੈ ਤਾਂ ਤੁਸੀਂ ਉਸ ਸਮੇਂ ਜੋਤਸ਼ੀ ਕੋਲ ਕਿਉਂ ਜਾਂਦੇ ਹੋ?

ਇਕ ਹੱਦ ਤੱਕ ਜੋਤਿਸ਼ ਸੱਚਾ ਹੁੰਦਾ ਹੈ ਪਰੰਤੂ ਜੋਤਿਸ਼ ਅਤੇ ਮਿਹਨਤ ਇਕ ਦੂਜੇ ਦੇ ਪੂਰੀ ਤਰ੍ਹਾਂ ਵਿਰੁੱਧ ਹਨ।

**ਪ੍ਰਸ਼ਨ-ਕਰਤਾ** : ਸੱਚਾ ਪੁਰਸ਼ਾਰਥ ਕੀ ਹੈ?

**ਦਾਦਾਸ਼੍ਰੀ** : ਜਿਸ ਤਰ੍ਹਾਂ ਕਿ ਲੋਕ ਵਿਸ਼ਵਾਸ਼ ਕਰਦੇ ਹਨ, ਕੀ ਇਹ ਹਉਮੈਂ ਦੁਆਰਾ ਉਤਸ਼ਾਹਿਤ ਯਤਨ ਹੈ? ਇਹ ਇਕ ਕਲਪਨਾ ਹੈ ਜਿਹੜੀ ਅਗਲੇ ਜਨਮ ਦੇ ਬੀਜ ਬੀਜਦੀ ਹੈ। ਪੁਰਸ਼ (ਸ਼ੁੱਧ ਆਤਮਾ) ਕਿਸ ਨੂੰ ਕਿਹਾ ਜਾ ਸਕਦਾ ਹੈ? ਉਹ ਵਿਅਕਤੀ ਜਿਸ ਨੇ ਕਾਮ, ਕ੍ਰੋਧ, ਕਪਟ, ਲਾਲਚ, ਆਦਿ ਬੁਰਾਈਆਂ ਉਪਰ ਕਾਬੂ ਪਾ ਲਿਆ ਹੋਵੇ ਉਹ ਹੀ ਸਹੀ ਮਾਮਲਿਆਂ ਵਿਚ ਪੁਰਸ਼ ਹੈ ਅਤੇ ਉਹ ਹੀ ਸਹੀ ਪੁਰਸ਼ਾਰਥ ਕਰ ਸਕਦਾ ਹੈ। ਇਸ ਦੇ ਉਲਟ, ਉਹ ਵਿਅਕਤੀ ਜਿਸ ਉਪਰ ਕਾਮ, ਕ੍ਰੋਧ, ਕਪਟ, ਲਾਲਚ, ਆਦਿ ਬੁਰਾਈਆਂ ਹਾਵੀ ਹੋਣ ਉਸ ਨੂੰ ਤਾਂ ਪਸ਼ੂ ਹੀ ਕਿਹਾ ਜਾ ਸਕਦਾ ਹੈ।

ਮੈਂ ਸਾਰੀਆਂ ਕ੍ਰਿਆਵਾਂ ਦਾ ਗਿਆਤਾ ਹਾਂ ਅਤੇ ਗਵਾਹ ਵੀ। ਮੈਂ ਪੁਰਸ਼ (ਸ਼ੁੱਧ ਆਤਮਾ) ਬਣ ਗਿਆ ਹਾਂ। ਮੈਂ ਸਵੈ-ਪਰਿਕਰਮਾਂ ਰਾਹੀਂ ਅੰਤਿਮ ਉੱਦੇਸ਼ ਨਾਲ ਇਕਮਿਕ ਹਾਂ।

ਤੁਸੀਂ ਅੰਤਿਮ ਉਦੇਸ਼ ਵੱਲ ਕਿਉਂ ਨਹੀਂ ਵਧਦੇ?

**ਪ੍ਰਸ਼ਨ-ਕਰਤਾ** : ਸਾਡੇ ਜੀਵਨ ਵਿਚ ਕੁਦਰਤ ਦਾ ਕੀ ਰੋਲ ਹੈ?

**ਦਾਦਾਸ਼੍ਰੀ** : ਦਵਾਈਆਂ ਬਨਾਉਣ ਵਾਲੀ ਇਕ ਫੈਕਟਰੀ ਵਿਚ ਕਿੰਨੇ ਹੀ ਲੋਕ ਕੰਮ ਕਰਦੇ ਹਨ। ਇਹ ਫੈਕਟਰੀ ਵੀ ਕਈ ਪ੍ਰਕਾਰ ਦੇ ਕੈਮੀਕਲ ਤਿਆਰ ਕਰਦੀ ਹੈ। ਇਹ ਫੈਕਟਰੀ ਤਾਂ ਇਕ ਹੈ ਪਰੰਤੂ ਸਾਡਾ ਸਰੀਰ ਤਾਂ ਅਨੇਕਾਂ ਫੈਕਟਰੀਆਂ ਦਾ ਬਣਿਆ ਹੋਇਆ ਹੈ। ਇਸ ਵਿਚ ਲੱਖਾਂ ਹੀ ਫੈਕਟਰੀਆਂ ਸ਼ਾਮਲ ਹਨ। ਇਹ ਸਾਰੀਆਂ ਫੈਕਟਰੀਆਂ ਖ਼ੁਦ-ਬ-ਖ਼ੁਦ ਕੰਮ ਕਰਦੀਆਂ ਹਨ।

ਉਦਾਹਰਣ ਦੇ ਲਈ, ਤੁਸੀਂ ਰਾਤ ਦੇ ਸਮੇਂ ਖਾਣਾ ਖਾਧਾ ਅਤੇ ਸੌਣ ਲਈ ਚਲੇ ਗਏ। ਕੀ ਤੁਸੀਂ ਕਦੇ ਆਪਣੀ ਪਾਚਣ ਪ੍ਰਣਾਲੀ ਬਾਰੇ ਜਾਣਕਾਰੀ ਹਾਸਲ ਕੀਤੀ ਹੈ? ਇਹ ਪ੍ਰਣਾਲੀ ਮਿਹਦੇ ਦਾ ਰਸ, ਪਿੱਤ (bile) ਅਤੇ ਹੋਰ ਕਿੰਨੇ ਹੀ ਕਿਸਮ ਦੇ ਸ੍ਰਾਵ ਤੁਹਾਡੇ ਖਾਣੇ ਵਿਚ ਮਿਲਾਉਂਦੀ ਹੈ? ਹਾਜਮੇ ਦੀ ਇਸ ਪ੍ਰਕ੍ਰਿਆ ਬਾਰੇ ਤੁਸੀਂ ਕਿੰਨੇ ਕੁ ਜਾਗਰੂਕ ਹੋ? ਪਰੰਤੂ ਇਹ ਸਾਰੇ ਕਾਰਜ ਸਹਿਜ ਹੀ ਹੁੰਦੇ ਰਹਿੰਦੇ ਹਨ। ਪਾਣੀ (ਪਿਸ਼ਾਬ) ਅਤੇ ਮਲ ਬਾਹਰ ਧੱਕ ਦਿੱਤਾ ਜਾਂਦਾ ਹੈ ਅਤੇ ਸਿਹਤਯਾਬ ਕਰਨ ਵਾਲੇ ਤੱਤ ਖਾਣੇ ਵਿਚੋਂ ਕੱਢ ਲਏ ਜਾਂਦੇ ਹਨ ਅਤੇ ਖ਼ੂਨ ਵਿਚ

ਮਿਲਾ ਦਿੱਤੇ ਜਾਂਦੇ ਹਨ। ਹੇ ਅਗਿਆਨੀ ਮਨੁੱਖ! ਕੀ ਇਹ ਸਾਰੀ ਮਸ਼ੀਨਰੀ ਨੂੰ ਤੁਸੀਂ ਚੇਤਨ ਯਤਨ ਰਾਹੀਂ ਚਲਾ ਰਹੇ ਸੀ? ਜੇ ਇਹ ਅੰਦਰੂਨੀ ਮਸ਼ੀਨਰੀ ਖ਼ੁਦ-ਬ-ਖ਼ੁਦ ਹੀ ਕੰਮ ਕਰਦੀ ਰਹਿੰਦੀ ਹੈ ਤਾਂ ਕੀ ਤੁਹਾਨੂੰ ਨਹੀਂ ਲਗਦਾ ਕਿ ਤੁਹਾਡੀਆਂ ਬਾਹਰੀ ਕ੍ਰਿਆਵਾਂ ਕੁਦਰਤੀ ਹੀ ਚਾਲੂ ਰਹਿਣਗੀਆਂ? ਤੁਸੀਂ ਇਹ ਕਿਉਂ ਮੰਨਦੇ ਹੋ ਕਿ ਇਹ ਸਾਰੇ ਕਾਰਜ ਤੁਸੀਂ ਕਰਦੇ ਹੋ? ਉਹ ਖ਼ੁਦ-ਬ-ਖ਼ੁਦ ਹੁੰਦੇ ਰਹਿੰਦੇ ਹਨ ਅਤੇ ਹੁੰਦੇ ਹੀ ਰਹਿਣਗੇ।

ਦੇਖੋ, ਤੁਹਾਡਾ ਸਰੀਰ ਰਾਤ ਨੂੰ ਸੌਂਦੇ ਸਮੇਂ ਆਪਣੀ ਕੁਦਰਤੀ ਸਥਿਤੀ ਵਿਚ ਹੁੰਦਾ ਹੈ। ਪਰੰਤੂ ਇਹ ਅਗਿਆਨੀ ਲੋਕ ਕੁਦਰਤ ਨਾਲ ਸਹਿਯੋਗ ਵਿਚ ਨਹੀਂ ਰਹਿੰਦੇ। ਉਹ ਅਸਾਧਾਰਨ ਤੌਰ 'ਤੇ ਵਿਵਹਾਰ ਕਰਦੇ ਹਨ। ਦਿਨ ਦੇ ਸਮੇਂ ਤੁਸੀਂ ਕਹਿੰਦੇ ਹੋ: "ਮੈਂ ਹੌਲੀ ਸਾਹ ਲੈਂਦਾ ਹਾਂ ਜਾਂ ਤੇਜ ਸਾਹ ਲੈਂਦਾ ਹਾਂ ਜਾਂ ਡੂੰਘੇ ਸਾਹ ਲੈਂਦਾ ਹਾਂ।" ਪਰੰਤੂ ਮੈਨੂੰ ਇਹ ਦੱਸੋ ਰਾਤ ਸਮੇਂ ਜਦੋਂ ਤੁਸੀਂ ਸੁੱਤੇ ਹੁੰਦੇ ਹੋ ਉਸ ਸਮੇਂ ਸਾਹ ਕੌਣ ਲੈਂਦਾ ਹੈ? ਰਾਤ ਸਮੇਂ ਨੀਂਦ ਦੌਰਾਨ ਹੋਣ ਵਾਲੀ ਸਾਹ ਦੀ ਪ੍ਰਕ੍ਰਿਆ ਕੁਦਰਤੀ ਹੈ। ਇਸ ਕਰਕੇ ਹੀ ਸਾਡਾ ਖਾਧਾ ਖਾਣਾ ਹਜ਼ਮ ਹੋ ਜਾਂਦਾ ਹੈ ਅਤੇ ਤੁਹਾਡੇ ਸਰੀਰ ਅੰਦਰ ਹਰ ਚੀਜ ਕੁਦਰਤੀ ਢੰਗ ਨਾਲ ਸਹੀ ਹੋ ਜਾਂਦੀ ਹੈ।

ਸਾਰੇ ਮਾਨਵੀ ਜੀਵ ਭੰਬੀਰੀ ਦੀ ਤਰ੍ਹਾਂ ਹਨ। ਮੈਂ ਗਿਆਨੀ ਪੁਰਸ਼ ਹਾਂ। ਪਰੰਤੂ ਇਹ ਸਰੀਰ ਮਾਤਰ ਭੰਬੀਰੀ ਹੈ। ਇਹ ਮਾਨਵੀ ਭੰਬੀਰੀਆਂ ਸਾਹ ਰਾਹੀਂ ਚਲਦੀਆਂ ਹਨ। ਅੰਦਰ ਜਾਣ ਵਾਲਾ ਸਾਹ ਉਸ ਭੰਬੀਰੀ ਦੁਆਲੇ ਲਿਪਟੇ ਧਾਗੇ ਦੀ ਤਰ੍ਹਾਂ ਹੈ। ਇਸੇ ਤਰ੍ਹਾਂ ਸਾਹ ਲਗਾਤਾਰ ਚਲਦਾ ਰਹਿੰਦਾ ਹੈ ਤਾਂ ਕਿ ਭੰਬੀਰੀ ਘੁੰਮਦੀ ਰਹੇ - ਗੋਲ-ਗੋਲ, ਗੋਲ-ਗੋਲ। ਗੋਲ ਘੁੰਮਦਿਆਂ-ਘੁੰਮਦਿਆਂ ਇਹ ਭੰਬੀਰੀ ਲੁੜਕ ਜਾਦੀ ਹੈ ਅਤੇ ਅਸੀਂ ਇਹ ਸੋਚਦੇ ਹਾਂ ਕਿ ਭੰਬੀਰੀ ਘੁੰਮਣੋਂ ਹਟ ਗਈ। ਖੇਡ ਖ਼ਤਮ ਹੋ ਗਈ। ਪਰੰਤੂ ਇਹ ਫਿਰ ਘੁੰਮਣ ਲਗ ਜਾਂਦੀ ਹੈ ਅਤੇ ਘੁੰਮਦੀ ਰਹਿੰਦੀ ਹੈ। ਮਨੁੱਖਾ ਜੀਵਨ ਵੀ ਇਸੇ ਤਰ੍ਹਾਂ ਹੈ।

ਇਕ ਨਿੰਮ ਦਾ ਦਰਖ਼ਤ ਆਪਣੀਆਂ ਟਾਹਣੀਆਂ, ਪੱਤਿਆਂ ਹਰ ਥਾਂ ਤੋਂ ਕੌੜਾ ਹੈ। ਇਹ ਕੌੜਾਪਣ ਹਾਸਲ ਕਰਨ ਵਿਚ ਦਰਖ਼ਤ ਦਾ ਆਪਣਾ ਕੀ ਯਤਨ ਹੈ? ਜੋ ਕੁਝ ਵੀ ਬੀਜ ਵਿਚ ਸੀ ਉਹ ਦਰਖ਼ਤ ਦੇ ਰੂਪ ਵਿਚ ਪ੍ਰਗਟ ਹੋ ਗਿਆ। ਇਸੇ ਤਰ੍ਹਾਂ, ਮਾਨਵ ਵੀ ਆਪਣੇ ਅੰਤਰੀਵ ਸੁਭਾਅ ਦੀ ਅਗਵਾਈ ਅਧੀਨ ਕਾਰਜ ਕਰਦੇ ਹਨ ਪਰੰਤੂ ਸ਼ੇਖੀ ਇਹ ਮਾਰਦੇ ਹਨ ਕਿ 'ਇਹ ਮੈਂ ਕੀਤਾ ਹੈ; ਮੈਂ ਉਹ ਕੀਤਾ ਹੈ।' ਕਿਸੇ ਵੀ ਕਾਰਜ ਦੇ ਹੋਣ ਵਿਚ ਮਾਨਵ ਦਾ ਕੀ ਯੋਗਦਾਨ ਹੈ?

**ਪ੍ਰਸ਼ਨ-ਕਰਤਾ** : ਅੰਤਿਮ ਉਦੇਸ਼ ਤੱਕ ਪਹੁੰਚਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ?

**ਦਾਦਾਸ਼੍ਰੀ** : ਜਿਸ ਨੂੰ ਮਨੁੱਖ ਪੁਰਸ਼ਾਰਥ ਕਹਿੰਦੇ ਹਨ ਉਹ ਕੋਈ ਕਲਪਨਾ ਹੈ। ਪਿਛਲੇ ਕਰਮ, ਜਿਹੜੇ ਉਦਯਕਰਮ ਦੇ ਰੂਪ ਵਿਚ ਪ੍ਰਗਟ ਹਨ, ਦੇ ਕਾਰਨ ਅਸੀਂ ਹਰ ਯਤਨ ਕਰਦੇ ਹਾਂ ਪਰੰਤੂ

ਅਸੀਂ ਬੜੇ ਮਾਣ ਨਾਲ ਇਹੋ ਕਹਿੰਦੇ ਹਾਂ ਕਿ 'ਮੈਂ ਕੀਤਾ'। ਇਹ ਹਉਮੈਂ ਹੈ। ਸਹੀ ਪੁਰਸ਼ਾਰਥ ਤਾਂ ਉਦੋਂ ਆਰੰਭ ਹੁੰਦਾ ਹੈ ਜਦੋਂ ਕੋਈ ਵਿਅਕਤੀ ਪੁਰਸ਼ ਬਣ ਜਾਂਦਾ ਹੈ, ਭਾਵ ਪਰਮ-ਪਦ ਦੀ ਸਥਿਤੀ ਹਾਸਲ ਕਰਕੇ ਸ਼ੁਧ-ਆਤਮਾ ਨਾਲ ਇਕ ਹੋ ਜਾਂਦਾ ਹੈ। ਇਸ ਸਥਿਤੀ ਵਿਚ ਅੱਪੜ ਕੇ "ਮੈਂ ਕੀਤਾ" ਵਾਲੀ ਭਾਵਨਾ ਅਲੋਪ ਹੋ ਜਾਂਦੀ ਹੈ। ਇਹ ਅ-ਕਰਮ ਵਾਲੀ ਸਥਿਤੀ ਹੈ। ਸਿਰਫ਼ ਪਵਿੱਤਰ ਆਤਮਾ ਹੀ ਸਤਿ ਹੈ, ਬਾਕੀ ਸਭ ਝੂਠ ਹੈ।

ਸਹੀ ਪੁਰਸ਼ਾਰਥ ਕੀ ਹੈ? ਜਦੋਂ ਕੋਈ ਵਿਅਕਤੀ ਸਾਡਾ ਹੱਥ ਵੱਢ ਦੇਵੇ ਅਤੇ ਅਸੀਂ ਫਿਰ ਵੀ ਗਿਆਨ ਕਾਰਨ ਸ਼ਾਂਤ-ਚਿੱਤ ਰਹੀਏ। ਜਾਨਣਾ ਅਤੇ ਨਿਰੀਖਣ ਕਰਨਾ ਆਤਮਾ ਤਾਂ ਹੀ ਕਾਰਜ ਹੈ। ਬਾਕੀ ਸਾਰੀਆਂ ਪ੍ਰਕ੍ਰਿਆਵਾਂ ਵਿਚ ਆਤਮਾ ਨਿਸ਼ਕ੍ਰਿਆ ਹੈ। ਕੋਈ ਹੋਰ ਪ੍ਰਕ੍ਰਿਆ ਆਤਮਾ ਦੇ ਕਾਰਜ-ਖ਼ੇਤਰ ਵਿਚ ਨਹੀਂ ਆਉਂਦੀ। ਜਦੋਂ ਆਤਮਾ ਜਾਨਣ ਅਤੇ ਨਿਰੀਖਣ ਕਰਨ ਦੀ ਸਥਿਤੀ ਵਿਚ ਹੁੰਦੀ ਹੈ ਤਾਂ ਇਹ ਪੁਰਸ਼ਾਰਥ ਹੈ।

ਸੰਤ ਕਬੀਰ ਜੀ ਦੀ ਪਤਨੀ ਦੇ ਬੱਚਾ ਹੋਣ ਵਾਲਾ ਸੀ। ਪਰੰਤੂ ਬੱਚੇ ਦਾ ਜਨਮ ਹੋਣ ਤੋਂ ਪਹਿਲਾਂ ਹੀ ਉਸ ਦੀਆਂ ਛਾਤੀਆਂ ਦੁੱਧ ਨਾਲ ਭਰ ਗਈਆਂ। ਜਦੋਂ ਬੱਚੇ ਦਾ ਜਨਮ ਹੋ ਗਿਆ ਤਾਂ ਇਹ ਦੁੱਧ ਵਗਣ ਲੱਗਾ। ਇਹ ਰਹੱਸਮਈ ਘਟਨਾ ਨੂੰ ਵੇਖ ਕੇ ਕਬੀਰ ਜੀ ਨੇ ਕਿਹਾ ਸੀ ਕਿ ਕਰਤਾ ਪੁਰਖ ਨੇ ਇਸ ਸਰੀਰ ਨੂੰ ਬਣਾਉਣ ਤੋਂ ਪਹਿਲਾਂ ਉਸ ਦੀ ਕਿਸਮਤ ਲਿਖੀ ਸੀ ਪਰੰਤੂ ਮੈਂ ਹੈਰਾਨ ਹਾਂ ਕਿ ਵਿਅਕਤੀ ਦਾ ਮਨ ਇਸ ਗੱਲ ਨੂੰ ਸਮਝਦਾ ਹੀ ਨਹੀਂ।

## 11

## ਪ੍ਰਾਰਬੱਧ ਅਤੇ ਪੁਰਸ਼ਾਰਥ

**ਪ੍ਰਸ਼ਨ-ਕਰਤਾ** : ਕਿਰਪਾ ਸਾਨੂੰ ਪ੍ਰਾਰਬੱਧ ਅਤੇ ਪੁਰਸ਼ਾਰਥ ਦੇ ਵੱਖਰੇ-ਵੱਖਰੇ ਖੇਤਰਾਂ ਬਾਰੇ ਜਾਣੂੰ ਕਰਵਾਉਗੇ?

**ਦਾਦਾਸ਼੍ਰੀ** : ਜੋ ਵੀ ਅਸੀਂ ਆਪਣੀਆਂ ਪੰਜ ਇੰਦਰੀਆਂ ਰਾਹੀਂ ਕਰਦੇ ਹਾਂ ਉਹ ਸਾਡੀ ਆਪਣੀ ਕੋਸ਼ਿਸ਼ ਨਹੀਂ ਹੈ: ਉਹ ਸਭ ਪ੍ਰਾਰਬੱਧ ਹੈ। ਸਵੇਰ ਤੋਂ ਲੈ ਕੇ ਸ਼ਾਮ ਤੱਕ ਤੁਸੀਂ ਬਹੁਤ ਦੌੜ-ਭੱਜ ਕਰਦੇ ਹੋ, ਨੌਕਰੀ ਜਾਂ ਵਪਾਰ ਕਰਦੇ ਹੋ, ਸਾਹ ਵੀ ਲੈਂਦੇ ਹੋ, ਕਿਤਾਬਾਂ ਪੜ੍ਹਦੇ ਹੋ, ਧਰਮ-ਗਰੰਥਾਂ ਦਾ ਪਠਨ ਕਰਦੇ ਹੋ, ਭਗਤੀ ਕਰਦੇ ਹੋ, ਜਾਪ ਕਰਦੇ ਹੋ, ਤਪ ਕਰਦੇ ਹੋ - ਇਹ ਸਭ ਤੁਹਾਡੇ ਪ੍ਰਾਰਬੱਧ ਦੇ ਖ਼ੇਤਰ ਵਿਚ ਆਉਂਦਾ ਹੈ?

**ਪ੍ਰਸ਼ਨ-ਕਰਤਾ** : ਸਾਡੇ ਲਈ ਬਹੁਤ ਹੈਰਾਨੀਜਨਕ ਜਾਣਕਾਰੀ ਹੈ। ਮੈਂ ਤਾਂ ਇਹੋ ਸੋਚਦਾ ਸੀ ਕਿ ਇਹ ਸਭ ਸਾਡੀਆਂ ਆਪਣੀਆਂ ਕੋਸ਼ਿਸ਼ਾਂ ਹਨ।

**ਦਾਦਾਸ਼੍ਰੀ** : ਖਾਣਾ ਖਾ ਲੈਣ ਤੋਂ ਬਾਦ ਇਸ ਦੇ ਪਾਚਨ ਵਿਚ ਤੁਹਾਡੀ ਕਿਹੜੀ ਚੇਤਨ ਕੋਸ਼ਿਸ਼ ਹੈ? ਕੁਦਰਤ ਤੁਹਾਡੇ ਸਰੀਰ ਅੰਦਰਲੀ ਮਸ਼ੀਨਰੀ ਨੂੰ ਇੰਨੇ ਵਧੀਆ ਢੰਗ ਨਾਲ ਚਲਾਉਂਦੀ ਹੈ ਅਤੇ ਉਹ ਵੀ ਤੁਹਾਡੇ ਵੱਲੋਂ ਬਿਨਾਂ ਕਿਸੇ ਵੀ ਦਖਲਅੰਦਾਜ਼ੀ ਦੇ। ਕੀ ਇਹ ਕੁਦਰਤ ਬਾਹਰੀ ਸਿਸਟਮ ਨੂੰ ਚਲਾਏਗੀ? ਇਹ ਮਨੁੱਖ ਦੀ ਆਪਣੀ ਅਗਿਆਨਤਾ ਦੇ ਕਾਰਨ ਹੈ ਕਿ ਉਹ ਆਪਣੀ ਹਉਮੈ ਅਧੀਨ ਰਹਿ ਕੇ ਹਮੇਸ਼ਾ ਇਹੋ ਸੋਚਦਾ ਰਹਿੰਦਾ ਹੈ ਕਿ ਉਹ ਆਪ ਹੀ ਕਰਤਾ ਹੈ। ਨਰਬਦਾ ਦਰਿਆ ਦੇ ਆਪਣੀ ਚਾਲੇ ਵਹਿੰਦੇ ਪਾਣੀ ਵਿਚ ਪੱਥਰ ਦਾ ਇੱਕ ਵੱਡਾ ਸਾਰਾ ਟੁਕੜਾ ਕਿਸੇ ਹੋਰ ਟੁਕੜੇ ਵਿਚ ਕਾਫ਼ੀ ਦੂਰ ਤੱਕ ਕਾਫ਼ੀ ਅਰਸੇ ਤਕ ਵਜਦਾ ਰਹਿੰਦਾ ਹੈ ਅਤੇ ਇਸ ਰਗੜ ਸਦਕਾ ਘਸ ਕੇ ਇਹ ਸਾਲਗਰਾਮ ਦਾ ਰੂਪ ਲੈ ਲੈਂਦਾ ਹੈ ਤਾਂ ਅਸੀਂ ਇਸ ਗੋਲ ਪੱਥਰ ਦੀ ਇਸ਼ਟ ਮੰਨ ਕੇ ਪੂਜਾ ਕਰਦੇ ਹਾਂ। ਇਥੇ ਚੇਤਨ ਯਤਨ ਕਿਸ ਦਾ ਸੀ? ਇਕ ਪੱਥਰ ਤਾਂ ਸਾਲ ਗਰਾਮ ਬਣ ਗਿਆ ਅਤੇ ਜੇ ਦੂਜਾ ਪੱਥਰ ਪੱਥਰ ਹੀ ਰਹਿੰਦਾ ਹੈ ਅਤੇ ਅੰਤ ਸਮੁੰਦਰ ਵਿਚ ਪਹੁੰਚ ਕੇ ਡੁੱਬ ਜਾਂਦਾ ਹੈ ਤਾਂ ਕੀ ਇਹ ਪੱਥਰ ਦੀ ਸੁਸਤੀ ਸੀ? ਇਥੇ ਕਰਤਾ ਕੌਣ ਹੈ? ਇਥੇ ਕਰਤਾ ਦਾ ਯਤਨ ਕੀ ਹੈ ਅਤੇ ਕਿੰਨਾ ਕੁ ਹੈ? ਜਿਹੋ ਜਿਹੇ ਹਾਲਾਤ ਦਾ ਕੋਈ ਵਿਅਕਤੀ ਸਾਹਮਣਾ ਕਰਦਾ ਹੈ ਉਸੇ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ। ਸੰਸਾਰ ਦੇ ਸਾਰੇ ਜੀਵਾਂ ਦੇ ਕੁਦਰਤੀ ਅਤੇ ਅਧਿਆਤਮਕ ਉੱਥਾਨ ਦੇ ਰਸਤੇ ਚਲਦਿਆਂ ਕੁਝ ਜੀਵ ਅਨੰਤ ਟਕਰਾਵਾਂ ਅਤੇ ਆਵਾਗਵਣ ਦੇ ਚੱਕਰਾਂ ਤੋਂ ਬਾਦ ਭਾਰਤ ਵਿਚ ਜਨਮ ਲੈਂਦੇ ਹਨ: ਇਹ ਉਨ੍ਹਾਂ ਦੀ ਖੁਸ਼ਕਿਸਮਤੀ ਹੈ। ਇਥੇ ਜਨਮ ਲੈ ਕੇ ਜੇ ਕੋਈ ਗਿਆਨੀ-ਪੁਰਸ਼ ਨੂੰ ਮਿਲ ਲੈਂਦਾ ਹੈ ਉਹ ਪਰਮਾਰਥ ਨੂੰ ਪ੍ਰਾਪਤ ਕਰ ਲੈਂਦਾ ਹੈ। ਅਜਿਹਾ ਵਿਅਕਤੀ ਉਸ ਪਵਿੱਤਰ ਇਸ਼ਟ ਦੇ ਬੁੱਤ ਦੀ ਤਰ੍ਹਾਂ ਹੀ ਹੋ ਜਾਂਦਾ ਹੈ। ਸਵੈ-ਪਹਿਚਾਣ ਤੋਂ ਬਾਦ ਹੀ ਕੋਈ ਸਹੀ ਮਾਅਨਿਆਂ ਵਿਚ 'ਪੁਰਸ਼' ਬਣਦਾ ਹੈ ਅਤੇ ਸਹੀ ਪੁਰਸ਼ਾਰਥ ਕਰਦਾ ਹੈ। ਉਤਨੀ ਦੇਰ ਇਹ ਸਿਰਫ਼ ਭ੍ਰਾਂਤ-ਪੁਰਸ਼ਾਰਥ ਹੀ ਰਹਿੰਦਾ ਹੈ। ਸਹੀ ਚੇਤਨ ਯਤਨ ਉਦੋਂ ਹੀ ਹੁੰਦਾ ਹੈ ਜਦੋਂ ਪੁਦਗਲ ਦੇ ਨਤੀਜੇ ਵਜੋਂ ਨਾ ਕੋਈ ਮੋਹ ਰਹਿੰਦਾ ਹੈ ਅਤੇ ਨਾ ਹੀ ਘ੍ਰਿਣਾ।

**ਪ੍ਰਸ਼ਨ-ਕਰਤਾ** : ਫਿਰ ਪਰਮ-ਪਦ ਦੀ ਅਵਸਥਾ ਵਿਚ ਪਹੁੰਚਣ ਹਿਤ ਉਸ ਤੋਂ ਪਹਿਲਾਂ ਵਿਅਕਤੀ ਨੂੰ ਕੀ ਯਤਨ ਕਰਨੇ ਚਾਹੀਦੇ ਹਨ?

**ਦਾਦਾਸ਼੍ਰੀ** : ਹਉਮੈਂ ਦੀ ਹੋਂਦ ਦੇ ਕਾਰਨ ਕਰਮਾਂ ਦੇ ਬੀਜ ਬੀਜੇ ਜਾ ਰਹੇ ਹਨ ਅਤੇ ਜਦੋਂ ਇਹਨਾਂ ਨੂੰ ਫ਼ਲ ਲੱਗੇਗਾ ਤਾਂ ਨਤੀਜਾ ਚੰਗਾ ਜਾਂ ਬੁਰਾ, ਖੱਟਾ ਜਾਂ ਮਿੱਠਾ ਕੁਝ ਨਾ ਕੁਝ ਜ਼ਰੂਰ ਹੋਵੇਗਾ। ਹੁਣ ਗੱਲ ਇਹ ਹੈ ਕਿ ਖੱਟੇ ਜਾਂ ਬੁਰੇ ਫਲ ਨੂੰ ਮਿੱਠੇ ਜਾਂ ਚੰਗੇ ਫ਼ਲ ਵਿਚ ਤਬਦੀਲ ਕਰਨ ਹਿਤ ਕੀਤੇ ਜਾਣ ਵਾਲੇ ਯਤਨ ਭ੍ਰਾਂਤ-ਪੁਰਸ਼ਾਰਥ ਹੈ। ਹਾਲਾਤ ਕਿਹੋ ਜਿਹੇ ਵੀ ਹੋ ਜਾਣ ਇਸ ਸਮੇਂ ਪ੍ਰਾਰਬੱਧ ਅਤੇ ਪੁਰਸ਼ਾਰਥ ਵਿਚਕਾਰ ਸਮਾਨਤਾ/ਇਕਸੁਰਤਾ ਬਣੀ ਰਹਿਣੀ ਚਾਹੀਦੀ ਹੈ।

ਤਿਲਕਵੇਂ ਹਾਲਾਤਾਂ ਵਿਚ ਵੀ ਖ਼ੁਦ ਨੂੰ ਸਿੱਧੇ ਅਤੇ ਸਥਿਰ ਖੜਾ ਰਖਣਾ ਨਿਜੀ ਕੋਸ਼ਿਸ਼ ਹੈ। ਅਰਤ-ਧਿਆਨ (ਖ਼ੁਦ ਨੂੰ ਹੀ ਕਲੇਸ਼ ਪਹੁੰਚਾਉਣ ਵਾਲੇ ਵਿਚਾਰ ਅਤੇ ਚਿੰਤਾ) ਅਤੇ ਰੁਦ੍ਰ-ਧਿਆਨ (ਦੂਸਰਿਆਂ ਨੂੰ ਦੁਖ ਪਹੁੰਚਾਣ ਵਾਲੇ ਵਿਚਾਰ) ਨੂੰ ਧਰਮ-ਧਿਆਨ (ਦਯਾ ਅਤੇ ਪਰਉਪਕਾਰ ਵਾਲੇ ਵਿਚਾਰ) ਵਿਚ ਬਦਲਣਾ ਹੀ ਚੇਤਨ ਯਤਨ (self effort) ਹੈ।

ਪ੍ਰਾਰਬੱਧ ਅਤੇ ਪੁਰਸ਼ਾਰਥ ਵਿਚੋਂ ਕਿਸੇ ਇਕ ਨੂੰ ਦੂਜੇ ਨਾਲੋਂ ਉਚੇਰਾ ਜਾਂ ਵਧੀਆ ਨਹੀਂ ਕਹਿ ਸਕਦੇ। ਜੋ ਵਿਅਕਤੀ ਇਨ੍ਹਾਂ ਦੋਹਾਂ ਨੂੰ ਸਮਝਦਾ ਹੈ ਉਹ ਉਚੇਰਾ ਜਾਂ ਮਹਾਨ ਹੈ। ਗਿਆਨੀ ਪੁਰਸ਼ਾਂ ਦਾ ਇਹੋ ਮੰਨਣਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਬਜ਼ਾਰੂ ਗ਼ੈਰ-ਸਿਹਤਮੰਦ (junk) ਚੀਜਾਂ ਖਾਣੀਆਂ ਪ੍ਰਾਰਬੱਧ ਦਾ ਕਰਮ ਹੈ ਅਤੇ ਇਹ ਖਾਣ ਤੋਂ ਬਾਦ ਦਸਤ ਲੱਗ ਜਾਣੇ ਪ੍ਰਾਰਬੱਧ ਕਰਮ ਦਾ ਫ਼ਲ ਹੈ। ਅਜਿਹਾ ਖਾਣਾ ਖਾਣਾ ਪਹਿਲੇ ਜਨਮਾਂ ਦੇ ਸੰਚਿਤ ਕਰਮਾਂ ਦਾ ਨਤੀਜਾ ਹੈ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਕਰਮਾਂ ਦੇ ਨਤੀਜੇ ਨੂੰ ਬਦਲਿਆ ਕਿਵੇਂ ਜਾ ਸਕਦਾ ਹੈ? ਇਹ ਤਬਦੀਲੀ ਤਾਂ ਹੀ ਹੋ ਸਕਦੀ ਹੈ ਜੇਕਰ ਕਰਮਾਂ ਨੂੰ ਬਦਲਿਆ ਜਾਵੇ। ਇਸ ਜੀਵਨ ਦੌਰਾਨ ਜੋ ਵੀ ਸਪਸ਼ਟ ਰੂਪ ਵਿਚ ਵਾਪਰਦਾ ਹੈ ਉਹ ਪ੍ਰਾਰਬੱਧ ਹੈ ਜਦੋਂ ਕਿ ਤੁਹਾਡਾ ਆਪਣਾ ਭਾਵ ਤੁਹਾਡੀ ਆਪਣੀ ਚੇਤਨ ਕੋਸ਼ਿਸ਼ ਹੈ। ਜਦੋਂ ਸਾਰੇ ਹੀ ਮਾਨਵ ਪਿਛਲੇ ਜਨਮਾਂ ਦੇ ਕਰਮਾਂ ਦੇ ਫ਼ਲ ਭੋਗ ਰਹੇ ਹੁੰਦੇ ਹਨ ਤਾਂ ਉਹ ਇਕੋ ਸਮੇਂ ਰਾਗ ਅਤੇ ਦਵੈਸ਼ (ਲਗਾਉ/ਮੋਹ ਅਤੇ ਨਫ਼ਰਤ) ਦੀਆਂ ਭਾਵਨਾਵਾਂ ਵਿਚੋਂ ਗੁਜ਼ਰ ਰਹੇ ਹੁੰਦੇ ਹਨ। ਇਨ੍ਹਾਂ ਨੂੰ ਅਸੀਂ ਭਾਵ-ਪੁਰਸ਼ਾਰਥ ਕਿਹਾ ਹੈ। ਇਹ ਮਨੁੱਖ ਦੇ ਮਨ ਅੰਦਰ ਚਲਦਾ ਰਹਿੰਦਾ ਹੈ ਜਿਸ ਦੇ ਨਤੀਜੇ ਵਜੋਂ ਵਿਅਕਤੀ ਅਣਜਾਣ ਰਹਿੰਦਿਆਂ ਹੋਇਆ ਉਸ ਸਮੇਂ ਆਪਣੇ ਅਗਲੇ ਜਨਮ ਲਈ ਕਰਮਾਂ ਦੇ ਬੰਧਨ ਤਿਆਰ ਕਰ ਲੈਂਦਾ ਹੈ।

**ਪ੍ਰਸ਼ਨ-ਕਰਤਾ** : ਜੇ ਅਸੀਂ ਕਰਤਾ ਨਹੀਂ ਹਾਂ ਅਤੇ ਪ੍ਰਾਰਬੱਧ ਵੀ ਆਸ਼ਰਿਤ ਨਹੀਂ ਹੈ ਤਾਂ ਉਹ ਕੀ ਹੈ ਜੋ ਜੀਵਨ ਵਿਚ ਸਾਰੀਆਂ ਘਟਨਾਵਾਂ ਦੇ ਕ੍ਰਮ ਨੂੰ ਚਲਾਉਂਦਾ ਹੈ?

**ਦਾਦਾਸ਼੍ਰੀ** : ਹੱਥ ਉਪਰ ਹੱਥ ਰੱਖ ਕੇ ਵਿਹਲੇ ਬੈਠਣ ਅਤੇ ਪ੍ਰਾਰਬੱਧ ਉਪਰ ਨਿਰਭਰ ਹੋਣ ਨਾਲ ਸਾਡਾ ਕੰਮ ਨਹੀਂ ਚੱਲੇਗਾ। ਜੇ ਤੁਸੀਂ ਪ੍ਰਾਰਬੱਧ ਦੇ ਆਸਰੇ ਵਿਹਲੇ ਬੈਠੇ ਰਹਿੰਦੇ ਹੋ ਤਾਂ ਤੁਸੀਂ ਪੂਰੀ ਤਰ੍ਹਾਂ ਨਿਸ਼ਕ੍ਰਿਆ ਹੋ ਜਾਉਗੇ। ਜੇ ਤੁਹਾਡੀ ਪ੍ਰਾਰਬੱਧ ਉਪਰ ਮੁਥਾਜੀ ਸੱਚਮੁਚ ਸਹੀ ਹੈ ਤਾਂ ਤੁਹਾਨੂੰ ਕੋਈ ਚਿੰਤਾ ਨਹੀਂ ਹੋਣੀ ਚਾਹੀਦੀ। ਪਰੰਤੂ ਤੁਹਾਡਾ ਮਨ ਤਾਂ ਹਰ ਪਲ ਨਵੀਆਂ ਚਿੰਤਾਵਾਂ ਪੈਦਾ ਕਰ ਰਿਹਾ ਹੈ। ਇਸ ਲਈ ਇਹ ਨਿਰਭਰਤਾ ਕਮਜ਼ੋਰ ਅਤੇ ਅਵਿਸ਼ਵਾਸਯੋਗ ਹੈ। ਇਹ ਤੱਥ ਨਹੀਂ ਅਤੇ ਇਸ ਲਈ ਵਿਗਿਆਲਕ ਨਹੀਂ। ਇਹੋ ਕਾਰਨ ਹੈ ਕਿ ਲੋਕ ਦੁਖੀ ਹੁੰਦੇ ਹਨ। ਮੁੱਖ ਤੌਰ ਤੇ ਲੋਕਾਂ ਨੂੰ ਝੂਠੇ ਲਾਰਿਆਂ ਨਾਲ ਧਰਵਾਸਾ ਦਿੱਤਾ ਜਾਂਦਾ ਹੈ ਅਤੇ ਇਹੋ

ਗੱਲ ਭਾਰਤ ਦੀ ਗਿਰਾਵਟ ਲਈ ਜ਼ਿੰਮੇਵਾਰ ਹੈ। ਇਸੇ ਕਰਕੇ ਸਾਡੇ ਦੇਸ਼ ਦੀ ਪ੍ਰਗਤੀ ਵਿਚ ਰੁਕਾਵਟ ਆਈ ਹੈ?

ਕਰੋੜਾਂ ਜਨਮਾਂ ਦੀ ਮੇਰੀ ਖੋਜ ਤੋਂ ਬਾਦ ਮੈਂ ਸਮੁੱਚੇ ਸੰਸਾਰ ਨੂੰ ਸੱਚ ਦੇ ਦਰਸ਼ਨ ਕਰਵਾਉਂਦਾ ਹਾਂ। ਸੱਚ ਇਹ ਹੈ ਕਿ ਪ੍ਰਾਰਬੱਧ ਅਤੇ ਪੁਰਸ਼ਾਰਥ ਉਪਰ ਨਿਰਭਰਤਾ ਗ਼ੈਰ-ਤਸੱਲੀਬਖਸ਼ ਅਤੇ ਗ਼ੈਰ-ਮੰਨਣਯੋਗ ਆਸਰਾ ਹੈ। ਇਹ ਇਕ ਵਿਗਿਆਨਕ ਤੱਥ ਹੈ ਅਤੇ ਮੰਨਣਯੋਗ ਹੈ।

**ਪ੍ਰਸ਼ਨ-ਕਰਤਾ** : ਪਰੰਤੂ ਇਹ ਵਿਵਸਥਿਤ ਸ਼ਕਤੀ ਕੀ ਹੈ?

**ਦਾਦਾਸ਼੍ਰੀ** : ਵਿਗਿਆਨਕ ਵਿਵਸਥਿਤ ਘਟਨਾਵਾਂ ਦੇ ਜ਼ਰੀਏ ਜੋ ਵੀ ਵਾਪਰਦਾ ਹੈ ਉਹ ਵਿਵਸਥਿਤ ਸ਼ਕਤੀ ਹੈ। ਮਨ, ਬਚਨ ਅਤੇ ਕਰਮ ਦੀ ਹਰ ਸਥਿਤੀ ਵਿਚ ਗਿਆਨ ਦੀ ਇਹੋ ਤਸੱਲੀਬਖ਼ਸ਼ ਵਿਆਖਿਆ ਹੈ।

ਮੈਂ ਤੁਹਾਨੂੰ ਇਕ ਸਾਧਾਰਨ ਉਦਾਹਰਣ ਦਿੰਦਾ ਹਾਂ। ਇਹ ਸ਼ੀਸ਼ੇ ਦਾ ਬਣਿਆ ਹੋਇਆ ਇੱਕ ਕੱਪ ਹੈ। ਇਹ ਤੁਹਾਡੇ ਹੱਥ ਵਿਚੋਂ ਫਿਸਲਣਾ ਸ਼ੁਰੂ ਹੋ ਜਾਂਦਾ ਹੈ। ਤੁਸੀਂ ਆਪਣੇ ਵਲੋਂ ਹਰ ਸੰਭਵ ਕੋਸ਼ਿਸ਼ ਕਰਦੇ ਹੋ ਕਿ ਇਹ ਤੁਹਾਡੀ ਪਕੜ ਵਿਚੋਂ ਨਿਕਲ ਨਾ ਸਕੇ..... ਪਰੰਤੂ ਫਿਰ ਵੀ ਇਹ ਨੀਚੇ ਡਿੱਗ ਪੈਂਦਾ ਹੈ ਅਤੇ ਤੁਹਾਡੀ ਕੋਸ਼ਿਸ਼ ਦੇ ਬਾਵਜੂਦ ਵੀ ਟੁੱਟ ਜਾਂਦਾ ਹੈ। ਇਸ ਕੱਪ ਨੂੰ ਕਿਸ ਨੇ ਤੋੜਿਆ? ਤੁਸੀਂ ਤਾਂ ਕੱਪ ਨੂੰ ਤੋੜਨਾ ਨਹੀਂ ਚਾਹੁੰਦੇ ਸੀ। ਇਸ ਦੇ ਉਲਟ, ਤੁਸੀਂ ਤਾਂ ਇਸ ਨੂੰ ਬਚਾਉਣ ਦਾ ਯਤਨ ਕਰਦੇ ਰਹੇ ਜਦੋਂ ਤਕ ਕਿ ਇਹ ਫਰਸ਼ 'ਤੇ ਡਿੱਗ ਨਹੀ ਪਿਆ। ਤਾਂ ਕੀ ਕੱਪ ਖ਼ੁਦ ਨੂੰ ਤੋੜ ਦੇਣਾ ਚਾਹੁੰਦਾ ਸੀ? ਨਹੀਂ, ਇਹ ਤਾਂ ਸੰਭਵ ਨਹੀਂ ਹੈ। ਹੋਰ ਵੀ ਕੋਈ ਉਸ ਸਮੇਂ ਹਾਜ਼ਰ ਨਹੀਂ ਸੀ ਜਿਹੜਾ ਇਸ ਕੱਪ ਨੂੰ ਤੋੜਨਾ ਚਾਹੁੰਦਾ ਹੁੰਦਾ। ਫਿਰ ਇਸ ਨੂੰ ਤੋੜਿਆ ਕਿਸ ਨੇ? ਇਹ ਕਾਰਜ ਵਿਵਸਥਿਤ ਸ਼ਕਤੀ ਨੇ ਕੀਤਾ। ਇਹ ਆਪਣੇ ਆਪ ਵਿਚ ਇਕ ਸਿਸਟਮ ਹੈ ਜੋ ਸਹੀ ਅਤੇ ਸੁਨਿਸ਼ਚਤ ਨਿਯਮਾਂ ਅਧੀਨ ਚਲਦਾ ਹੈ: ਇਹ ਨਿਯਮ ਉਸ ਦੇ ਆਪਣੀ ਬਣਤਰ ਵਿਚ ਅੰਦਰ-ਵਿਆਪੀ ਹਨ।

**ਪ੍ਰਸ਼ਨ-ਕਰਤਾ** : ਪਰੰਤੂ ਵਿਵਸਥਿਤ ਸ਼ਕਤੀ ਦੇ ਸਿਸਟਮ ਨੇ ਇਸ ਕੱਪ ਨੂੰ ਕਿਉਂ ਤੋੜਿਆ?

**ਦਾਦਾਸ਼੍ਰੀ** : ਜੇ ਵਿਵਸਥਿਤ ਸ਼ਕਤੀ ਦੇ ਕਾਨੂੰਨ ਅਨੁਸਾਰ ਕੱਪ ਨੇ ਟੁੱਟਣਾ ਨਾ ਹੁੰਦਾ ਤਾਂ ਇਹੋ ਜਿਹਾ ਕੱਚ ਦਾ ਸਮਾਨ ਬਨਾਉਣ ਵਾਲੇ ਇਹ ਕਾਰਖ਼ਾਨੇ ਕਿਵੇਂ ਚੱਲਣਗੇ? ਇਸ ਵਿਵਸਥਿਤ ਸ਼ਕਤੀ ਨੇ ਤੁਹਾਨੂੰ ਢੋਅ ਦੇਣੀ ਹੈ, ਕਾਰਖ਼ਾਨਿਆਂ ਨੂੰ ਵੀ ਚਲਦੇ ਰਖਣਾ ਹੈ ਅਤੇ ਉਥੇ ਕੰਮ ਕਰਦੇ ਕਰਮਚਾਰੀਆਂ ਅਤੇ ਮਜ਼ਦੂਰਾਂ ਦੀ ਵੀ ਰੁਜ਼ਗਾਰ ਕਮਾਉਣ ਵਿਚ ਸਹਾਇਤਾ ਕਰਨੀ ਹੈ। ਇਸ ਲਈ ਕੁਦਰਤ ਦੇ ਸਿਸਟਮ ਦੇ ਕੁਝ ਸੁਨਿਸ਼ਚਤ ਨਿਯਮਾਂ ਅਨੁਸਾਰ ਇਹ ਕੱਪ ਟੁੱਟਦਾ ਹੈ। ਪਰੰਤੂ ਜਿਸ ਵਿਅਕਤੀ ਦੇ ਹੱਥੋਂ ਇਹ ਕੱਪ ਡਿੱਗ ਕੇ ਟੁੱਟਿਆ ਉਹ ਮਾਨਸਿਕ ਦੁੱਖ ਅਤੇ ਕਲੇਸ਼ ਦਾ ਸ਼ਿਕਾਰ ਹੋ ਜਾਂਦਾ ਹੈ। ਜੇ ਕੁਝ ਮਹਿਮਾਨਾਂ ਦੀ ਹਾਜ਼ਰੀ ਵਿਚ ਕਿਸੇ ਨੌਕਰ ਦੇ ਹੱਥੋਂ ਕੱਪ

ਟੁੱਟ ਜਾਵੇ ਤਾਂ ਉਹ ਬੇਚੈਨੀ ਨਾਲ ਮਹਿਮਾਨਾਂ ਦੇ ਜਾਣ ਦਾ ਇੰਤਜ਼ਾਰ ਕਰੇਗਾ ਤਾਂ ਜੋ ਉਨ੍ਹਾਂ ਦੇ ਜਾਣ ਉਪਰ ਉਹ ਨੌਕਰ ਦੇ ਦੋ ਚਪੇੜਾਂ ਲਾ ਸਕੇ। ਇਹ ਮੂਰਖ ਵਿਅਕਤੀ ਅਜਿਹਾ ਹੀ ਕਰੇਗਾ। ਪਰੰਤੂ ਜੇ ਉਸ ਨੂੰ ਪਤਾ ਹੁੰਦਾ ਕਿ ਇਹ ਕੱਪ ਨੌਕਰ ਨੇ ਨਹੀਂ ਤੋੜਿਆ ਹੈ ਤਾਂ ਵੀ ਕੀ ਉਹ ਕੁਝ ਇਦਾਂ ਹੀ ਮਹਿਸੂਸ ਕਰਦਾ? ਕੀ ਫਿਰ ਉਹ ਪੂਰੀ ਤਸੱਲੀ ਵਿਚ ਨਾ ਰਹਿੰਦਾ? ਸੱਚੀ ਗੱਲ ਤਾਂ ਇਹ ਕਿ ਨੌਕਰ ਤਾਂ ਇਕ ਬਹਾਨਾ, ਇਕ ਸਾਧਨ ਹੈ। ਅਸਲ ਵਿਚ ਇਹ ਅਮੀਰ ਵਿਅਕਤੀ ਖ਼ੁਦ ਨੂੰ ਹੀ ਕੋਸਦਾ ਹੈ। ਕਿਸੇ ਸਾਧਨ ਨੂੰ ਕਦੇ ਵੀ ਦੋਸ਼ ਨਹੀਂ ਦੇਣਾ ਚਾਹੀਦਾ। ਸੋ ਬੇਹਤਰ ਹੈ ਕਿ ਅਸਲੀ ਕਾਰਨ ਦਾ ਪਤਾ ਕੀਤਾ ਜਾਵੇ। ਤਾਂ ਹੀ ਤੁਹਾਡੀ ਬੁਝਾਰਤ, ਤੁਹਾਡੀ ਗੁੰਝਲ ਦਾ ਹੱਲ ਲੱਭੇਗਾ ਅਤੇ ਤੁਸੀਂ ਬੰਧਨ ਤੋਂ ਮੁਕਤ ਹੋਵੋਗੇ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਜਦੋਂ ਮੈਂ ਨੌਜਵਾਨ ਸੀ ਤਾਂ ਮੈਂ ਦੂਸਰਿਆਂ ਨਾਲ ਸ਼ਰਾਰਤਪੂਰਣ ਖਰਮਸਤੀ ਕਰਿਆ ਕਰਦਾ ਸੀ। ਇਦਾਂ ਕਰਕੇ ਮੈਨੂੰ ਖੁਸ਼ੀ ਮਿਲਦੀ ਸੀ। ਇਕ ਅਮੀਰ ਵਿਅਕਤੀ ਆਪਣੇ ਕੁੱਤੇ ਨਾਲ ਬਹੁਤ ਲਾਡ ਕਰਦਾ ਸੀ। ਮੈਂ ਚੋਰੀ ਦੇ ਕੇ ਉਸ ਦੇ ਨੇੜੇ ਜਾਂਦਾ ਅਤੇ ਪਿਛਲੇ ਪਾਸੇ ਤੋਂ ਜ਼ੋਰ ਨਾਲ ਉਸ ਕੁੱਤੇ ਦੀ ਪੂਛ ਖਿੱਚ ਦਿੰਦਾ। ਕੁੱਤਾ ਗੁੱਸੇ ਨਾਲ ਮਾਲਕ ਵੱਲ ਵੇਖਦਾ ਅਤੇ ਕਈ ਵਾਰ ਉਸ ਦੇ ਹੱਥ ਉਪਰ ਦੰਦੀ ਵੱਢ ਲੈਂਦਾ। ਉਹ ਭਲਾ ਆਦਮੀ ਦਰਦ ਨਾਲ ਚੀਕਦਾ। ਕੁੱਤਾ ਇਥੇ ਸਾਧਨ ਨੂੰ ਦੰਦੀ ਵੱਢਦਾ ਹੈ, ਅਸਲੀ ਕਾਰਨ ਨੂੰ ਨਹੀਂ।

## 12

## ਆਤਮਾ ਅਤੇ ਅਨਾਤਮ

**ਦਾਦਾਸ਼੍ਰੀ** : ਕੀ ਤੁਸੀਂ ਯਕੀਨੀ ਤੌਰ ਤੇ ਵਿਸ਼ਵਾਸ਼ ਕਰਦੇ ਹੋ ਕਿ ਤੁਹਾਡੇ ਸਰੀਰ ਅੰਦਰ ਆਤਮਾ ਹੈ?

**ਪ੍ਰਸ਼ਨ-ਕਰਤਾ** : ਜੀ, ਹਾਂ। ਬੇਸ਼ਕ।

**ਦਾਦਾਸ਼੍ਰੀ** : ਫਿਰ ਇਸ ਆਤਮਾ ਦਾ ਰੂਪ ਕੀ ਹੈ? ਕੀ ਇਹ ਇਕ ਮਿਕਸਚਰ (ਮਿਸ਼ਰਣ) ਹੈ ਜਾਂ ਕੰਪਾਉਂਡ?

**ਪ੍ਰਸ਼ਨ-ਕਰਤਾ** : ਜੀ, ਕੰਪਾਊਂਡ।

**ਦਾਦਾਸ਼੍ਰੀ** : ਜੇ ਆਤਮਾ ਕੰਪਾਊਂਡ ਦੇ ਰੂਪ ਵਿਚ ਹੁੰਦੀ ਤਾਂ ਇਕ ਨਵਾਂ ਤੱਤ ਹੋਂਦ ਵਿਚ ਆ ਜਾਣਾ ਸੀ ਜਿਸ ਦੇ ਗੁਣ ਅਤੇ ਸੁਭਾਅ ਵੱਖਰੇ ਹੁੰਦੇ। ਇੰਝ ਆਤਮਾ ਅਤੇ ਅਨਾਤਮਾ ਆਪਣੇ ਗੁਣ ਖੋ ਲੈਣਗੀਆਂ। ਫਿਰ ਆਤਮਾ ਆਪਣਾ ਮੂਲ ਸੁਭਾਅ ਮੁੜ ਪ੍ਰਾਪਤ ਨਹੀਂ ਕਰ ਸਕੇਗੀ ਅਤੇ ਕਦੇ ਵੀ ਮੁਕਤ ਨਹੀਂ ਹੋਵੇਗੀ। ਕੀ ਤੁਸੀਂ ਸਹਿਮਤ ਹੋ?

**ਪ੍ਰਸ਼ਨ-ਕਰਤਾ** : ਜੀ, ਸ਼੍ਰੀਮਾਨ।

**ਦਾਦਾਸ਼੍ਰੀ** : ਦੇਖੋ, ਮੈਂ ਤੈਨੂੰ ਇਸ ਦਾ ਵਖਿਆਨ ਕਰਦਾ ਹਾਂ। ਇਹ ਆਤਮਾ ਇਕ ਮਿਕਸਚਰ ਜਾਂ ਮਿਸ਼ਰਣ ਦੀ ਤਰ੍ਹਾਂ ਹੈ। ਆਤਮਾ ਅਤੇ ਅਨਾਤਮਾ ਦੋਹਾਂ ਦੀ ਆਪਣੇ ਕੁਦਰਤੀ ਅੰਦਰੂਨੀ ਗੁਣਾਂ ਸਮੇਤ ਹੋਂਦ ਇੱਕਠੀਆਂ ਦੀ ਹੈ ਪਰੰਤੂ ਇਨ੍ਹਾਂ ਦੋਹਾਂ ਨੂੰ ਵੱਖਰਿਆਂ ਕਰਨਾ ਵੀ ਸੰਭਵ ਹੈ। ਮੰਨ ਲਓ ਕਿ ਤਾਂਬਾ, ਪਿੱਤਲ ਅਤੇ ਚਾਂਦੀ ਨੂੰ ਸੋਨੇ ਵਿਚ ਰਲਾ ਦਿੱਤਾ ਜਾਂਦਾ ਹੈ। ਕਾਬਲ ਸੁਨਿਆਰ ਇਨ੍ਹਾਂ ਨੂੰ ਇਨ੍ਹਾਂ ਦੇ ਵੱਖਰੇ-ਵੱਖਰੇ ਗੁਣਾਂ ਦਾ ਨਿਰੀਖਣ ਕਰਕੇ ਵੱਖ-ਵੱਖ ਕਰ ਸਕਦਾ ਹੈ। ਉਹ ਸੌਖਿਆਂ ਹੀ ਇੰਝ ਕਰ ਸਕਦਾ ਹੈ। ਇਸੇ ਤਰ੍ਹਾਂ ਜਿਹੜਾ ਵੀ ਵਿਅਕਤੀ ਆਤਮਾ ਅਤੇ ਅਨਾਤਮਾ ਦੇ ਗੁਣਾਂ ਨੂੰ ਪਹਿਚਾਣਦਾ ਹੈ ਅਤੇ ਜਿਹੜਾ ਅਨੰਤ ਸ਼ਕਤੀਆ ਦਾ ਮਾਲਕ ਸਰਬ-ਗਿਆਤਾ ਗਿਆਨੀ ਹੈ ਆਤਮਾ ਅਤੇ ਅਨਾਤਮਾ ਨੂੰ ਉਨ੍ਹਾਂ ਦੇ ਗੁਣਾਂ ਤੋਂ ਪਹਿਚਾਣ ਕੇ ਅਲੱਗ-ਅਲੱਗ ਕਰ ਸਕਦਾ ਹੈ। ਇਸ ਪੱਖ ਤੋਂ ਮੈਂ ਸੰਸਾਰ ਦਾ ਸਰਵੋਤਮ ਅਤੇ ਸਭ ਤੋਂ ਵੱਡਾ ਵਿਗਿਆਨੀ ਹਾਂ। ਹਰ ਇਕ ਅਣੂੰ ਦਾ ਨਿਰੀਖਣ ਕਰਕੇ ਆਤਮਾ ਅਤੇ ਅਨਾਤਮਾ ਦੋਹਾਂ ਨੂੰ ਇਕ ਦੂਜੇ ਤੋਂ ਵੱਖ ਕਰਕੇ ਮੈਂ ਇਕ ਘੰਟੇ ਦੇ ਅੰਦਰ-ਅੰਦਰ ਤੁਹਾਡੀ ਸ਼ੁੱਧ ਆਤਮਾ ਤੁਹਾਡੀ ਤਲੀ ਉਪਰ ਰੱਖ ਸਕਦਾ ਹਾਂ। ਬਾਹਰੀ ਜਗਤ ਵਿਚ ਜਿਸ ਨੂੰ ਅਸੀਂ ਆਤਮਾ ਕਹਿੰਦੇ ਜਾਂ ਪੜ੍ਹਦੇ ਹਾਂ ਉਹ ਸ਼ੁੱਧ ਆਤਮਾ ਨਹੀਂ ਹੈ, ਸਗੋਂ ਇਕ ਅਪਵਿੱਤਰ ਅਤੇ ਮੈਲੀ ਆਤਮਾ ਹੈ। ਇਹ ਤੱਥ ਸਿਵਾਇ ਇਕ ਗਿਆਨੀ ਦੇ ਉਚਾਰੇ ਸ਼ਬਦਾਂ ਤੋਂ ਹੋਰ ਕਿਧਰੇ ਵੀ ਦਰਸਾਇਆ ਨਹੀਂ ਮਿਲਦਾ। ਜਿਸ ਬਾਰੇ ਲੋਕ ਆਮ ਤੌਰ ਤੇ ਗੱਲ ਕਰਦੇ ਹਨ ਉਹ ਪਵਿੱਤਰ, ਸ਼ੁੱਧ ਆਤਮਾ ਨਹੀਂ ਹੈ।

ਜਿਹੜੇ ਧਰਮਾਂ ਵਿਚ ਲੋਕ ਆਮ ਤੌਰ ’ਤੇ ਵਿਸ਼ਵਾਸ਼ ਰਖਦੇ ਹਨ ਉਹ ਸ਼ੁੱਧ ਆਤਮਾ ਦੇ ਧਰਮ ਨਹੀਂ ਹਨ ਸਗੋਂ ਅਨਾਤਮ ਨਾਲ ਸੰਬੰਧਤ ਹਨ। ਇਸ ਲਈ ਉਹ ਸੱਚੇ ਧਰਮ ਨਹੀਂ ਹਨ। ਜਦੋਂ ਤਕ ਇਕ ਵਿਅਕਤੀ ਨੇ ਆਤਮਾ ਦੇ ਆਂਤਰਿਕ ਕੁਦਰਤੀ ਗੁਣ ਨੂੰ ਨਹੀਂ ਜਾਣਿਆ ਉਹ ਧਿਆਨ-ਧਰਮ ਦਾ ਅਭਿਆਸ ਕਿਵੇਂ ਕਰ ਸਕਦਾ ਹੈ? ਜਿੰਨੀ ਦੇਰ ਤਕ ਇਕ ਗਿਆਨੀ ਪੁਰਸ਼ ਤੁਹਾਨੂੰ ਸਾਪੇਖਤਾ ਦੇ ਸਿਧਾਂਤ (Theory of Relativity) ਤੋਂ ਯਥਾਰਥ/ਪਰਮ ਸੱਤਾ ਵਿਚ ਨਹੀਂ ਲਿਆਉਂਦਾ, ਤੁਸੀਂ ਉੱਨੀ ਦੇਰ ਧਿਆਨ-ਧਰਮ ਦਾ ਅਭਿਆਸ ਨਹੀਂ ਕਰ ਸਕਦੇ। ਜਿਨ੍ਹਾਂ ਵਿਅਕਤੀਆਂ ਨੇ ਮੇਰੇ ਪਾਸੋਂ ਦੀਖਸ਼ਾ ਲਈ ਹੈ ਉਹ ਆਪਣੇ ਅੰਦਰ ਪਰਮਾਤਮਾ ਨੂੰ ਵਿਦਮਾਨ ਮੰਨਦੇ ਹਨ ਅਤੇ ਉਸ ਦੇ ਦਰਸ਼ਨ ਵੀ ਕਰਦੇ ਹਨ ਕਿਉਂਕਿ ਮੈਂ ਉਹਨਾਂ ਮਹਾਨ ਅਨੁਭਵਾਂ ਨੂੰ ਦੈਵੀ ਦ੍ਰਿਸ਼ਟੀ ਨਾਲ ਨਿਵਾਜਿਆ ਹੈ। ਤੁਹਾਡੀਆਂ ਅੱਖਾਂ ਸਰੀਰਕ ਹਨ ਅਤੇ ਇਹ ਸਿਰਫ਼ ਦੁਨਿਆਵੀ ਛਿਨ-ਭੰਗੁਰ ਚੀਜਾਂ ਨੂੰ ਹੀ ਵੇਖ ਸਕਦੀਆਂ ਹਨ। ਅਕਾਲ ਪੁਰਖ ਨੂੰ ਸਿਰਫ਼ ਆਂਤਰਿਕ ਦੈਵੀ ਅੱਖ ਨਾਲ ਹੀ ਵੇਖਿਆ ਜਾ ਸਕਦਾ ਹੈ।

## 13

# ਦੈਵੀ ਦ੍ਰਿਸ਼ਟੀ ਰਾਹੀਂ ਮੁਕਤੀ ਦੀ ਪ੍ਰਾਪਤੀ

**ਦਾਦਾਸ਼੍ਰੀ** : ਭਗਵਾਨ ਕ੍ਰਿਸ਼ਨ ਨੇ ਮਹਾਂਭਾਰਤ ਦੇ ਯੁੱਧ ਸਮੇਂ ਅਰਜਨ ਨੂੰ ਸਿਰਫ਼ ਪੰਜ ਮਿੰਟਾਂ ਲਈ ਦੈਵੀ ਦ੍ਰਿਸ਼ਟੀ ਨਾਲ ਵਰੋਸਾਇਆ ਸੀ ਤਾਂ ਜੋ ਉਸ ਦੇ ਮਨ ਉਪਰੋਂ ਵੈਰਾਗ ਦਾ ਮਾਇਆਵੀ ਪਰਦਾ ਲਹਿ ਜਾਵੇ। ਪਰੰਤੂ ਉਨ੍ਹਾਂ ਪੰਜਾਂ ਮਿੰਟਾਂ ਤੋਂ ਤੁਰੰਤ ਬਾਅਦ ਕ੍ਰਿਸ਼ਨ ਜੀ ਨੇ ਉਹ ਦੈਵੀ ਦ੍ਰਿਸ਼ਟੀ ਵਾਪਸ ਲੈ ਲਈ ਸੀ। ਮੈਂ ਤੁਹਾਨੂੰ ਸਦਾ ਲਈ ਦੈਵੀ ਦ੍ਰਿਸ਼ਟੀ ਦਾ ਵਰਦਾਨ ਦਿੰਦਾ ਹਾਂ ਤਾਂ ਜੋ ਤੁਹਾਡੀ ਦ੍ਰਿਸ਼ਟੀ ਜਿਥੇ ਵੀ ਪਵੇ ਤੁਹਾਨੂੰ ਉਥੇ ਪਰਮਾਤਮਾ ਦੇ ਹੀ ਦਰਸ਼ਨ ਹੋਣ। ਤੁਸੀਂ ਪਰਮਾਤਮਾ ਨੂੰ ਮੇਰੇ ਅੰਦਰ ਵੀ ਵੇਖ ਸਕਦੇ ਹੋ, ਇਸ ਵਿਅਕਤੀ ਅੰਦਰ ਵੀ, ਦਰਖ਼ਤ ਵਿਚ ਵੀ ਅਤੇ ਇਕ ਗਧੇ ਵਿਚ ਵੀ। ਤੁਹਾਨੂੰ ਹਰ ਜੀਵ ਅੰਦਰ ਪਰਮਾਤਮਾ ਦੀ ਹੋਂਦ ਨਜ਼ਰ ਆਵੇ ਗੀ; ਤੁਹਾਨੂੰ ਹਰ ਜੀਵ ਅੰਦਰ ਤੁਹਾਡੀ ਆਪਣੀ 'ਆਤਮਾ' ਨਜ਼ਰ ਆਵੇਗੀ। ਕੀ ਫਿਰ ਵੀ ਕੋਈ ਚਿੰਤਾ ਹੋ ਸਕਦੀ ਹੈ?

ਆਨੰਦਘਣ ਜੀ ਮਹਾਰਾਜ ਜੈਨ ਧਰਮ ਦੇ ਸਰਵੋਤਮ ਸੰਤ ਹੋਏ ਹਨ। ਉਨ੍ਹਾਂ ਨੇ ਤਿੰਨ ਸੌ ਸਾਲ ਪਹਿਲਾਂ ਹੀ ਕਿਹਾ ਸੀ? "ਇਨ੍ਹੀਂ ਦਿਨੀਂ ਦੈਵੀ ਦ੍ਰਿਸ਼ਟੀ ਦੀ ਘਾਟ ਹੈ ਇਸੇ ਕਰਕੇ ਸਾਰੇ ਦਰਵਾਜੇ ਬੰਦ ਹਨ।"

ਪਰੰਤੂ ਇਹ ਅਚਰਜ ਗਿਆਨ ਹੁਣ ਸਹਿਜ ਹੀ ਮੈਨੂੰ ਪ੍ਰਾਪਤ ਹੋ ਗਿਆ ਹੈ। ਇਹ ਇਕ ਕੁਦਰਤੀ ਵਿਵਸਥਾ ਹੈ ਅਤੇ ਇਸੇ ਕਰਕੇ ਹੁਣ ਦੈਵੀ ਦ੍ਰਿਸ਼ਟੀ ਮੇਰੇ ਰਾਹੀਂ ਇਕ ਘੰਟੇ ਦੇ ਅੰਦਰ-ਅੰਦਰ ਬਿਨਾਂ ਕਿਸੇ ਤਰੱਦਦ ਦੇ ਤੁਹਾਨੂੰ ਪ੍ਰਾਪਤ ਹੋ ਸਕਦੀ ਹੈ।

ਦਾਦਾ ਭਗਵਾਨ ਦਾ ਕੀ ਕਹਿਣਾ ਹੈ? "ਮੁਕਤੀ ਦਾ ਰਾਹ ਔਕੜਾਂ ਅਤੇ ਰੁਕਾਵਟਾਂ ਨਾਲ ਭਰਿਆ ਹੋਇਆ ਹੈ। ਪਰੰਤੂ ਜੇਕਰ ਤੁਸੀਂ ਇਕ ਗਿਆਨੀ ਪੁਰਸ਼ ਨੂੰ ਲੱਭਣ ਅਤੇ ਮਿਲਣ ਵਿਚ ਸਫ਼ਲ ਹੋ ਜਾਂਦੇ ਹੋ ਤਾਂ ਫਿਰ ਇਸ ਰਸਤੇ ਉੱਪਰ ਕੋਈ ਮੁਸ਼ਕਿਲ ਨਹੀਂ ਆਉਂਦੀ।" ਤੁਹਾਡੀ ਆਤਮਾ 'ਮੇਰੇ' ਸ਼ਬਦ ਨੂੰ ਸਵੀਕਾਰ ਕਰ ਲਵੇਗੀ ਕਿਉਂਕਿ "ਮੈਂ" ਤੁਹਾਡੇ ਅੰਦਰ ਵੀ ਬਿਰਾਜਮਾਨ ਹਾਂ ਪਰੰਤੂ ਤੁਸੀਂ ਹਠ ਅਤੇ ਕੱਟੜਤਾ ਤਜ ਦਿਉ।

**ਪ੍ਰਸ਼ਨ-ਕਰਤਾ** : ਸੋ ਸਾਡੇ ਅੰਦਰ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਲੋਕ ਇਹੋ ਕਹਿੰਦੇ ਹਨ।

**ਦਾਦਾਸ਼੍ਰੀ**: ਇਹ ਲੋਕ ਸਾਨੂੰ ਵਾਰ-ਵਾਰ ਇਹੋ ਕਹਿੰਦੇ ਹਨ ਕਿ "ਵਿਸ਼ਵਾਸ਼ ਰੱਖੋ; ਭਰੋਸਾ ਰੱਖੋ।" ਪਰੰਤੂ ਜੇ ਮੈਨੂੰ ਵਿਸ਼ਵਾਸ਼ ਨਹੀਂ ਹੈ ਅਤੇ ਮੈਨੂੰ ਸੌਖਿਆਂ ਵਿਸ਼ਵਾਸ਼ ਬਣਦਾ ਵੀ ਨਹੀਂ ਤਾਂ ਮੈਂ ਕੀ ਕਰ ਸਕਦਾ ਹਾਂ? ਪ੍ਰਵਚਨ ਸੁਣਣ ਤੋਂ ਬਾਅਦ ਇਕ ਸਰੋਤਾ ਕੱਪੜੇ ਝਾੜ ਕੇ ਉੱਠ ਖੜ੍ਹੋਂਦਾ ਹੈ ਅਤੇ ਕੁਝ ਇਸ ਤਰ੍ਹਾਂ ਸੋਚਦਾ ਹੈ – 'ਅੱਜ ਬੈਂਗਣਾਂ ਦਾ ਭਾਅ ਬਹੁਤ ਹੀ ਗਿਰ ਗਿਆ ਹੈ'।

ਇਥੇ ਤੁਹਾਨੂੰ ਵਿਸ਼ਵਾਸ਼ ਬਨਾਉਣ ਦੀ ਲੋੜ ਨਹੀਂ। ਮੈਨੂੰ ਤੁਹਾਡੇ ਅਤੇ ਮੇਰੇ ਵਿਚਕਾਰ

ਕੋਈ ਅੰਤਰ ਨਜ਼ਰ ਨਹੀਂ ਆਉਂਦਾ। ਜਿੰਨੀ ਦੇਰ ਤਕ ਤੁਹਾਡੇ ਅੰਦਰ 'ਆਤਮਾ' ਹੈ ਅਤੇ ਕੋਈ ਹਠਧਰਮੀ ਨਹੀਂ ਤਾਂ ਤੁਹਾਨੂੰ ਵਿਸ਼ਵਾਸ਼ ਕਰਨਾ ਹੀ ਪਵੇਗਾ ਕਿਉਂਕਿ ਇਹ ਇਕ ਜੀਵਿਤ ਗਿਆਨੀ ਪੁਰਸ਼ ਦਾ ਤੁਹਾਡੇ ਰੂ-ਬ-ਰੂ ਉਚਾਰਿਆ 'ਸ਼ਬਦ' ਹੈ। ਇਹ ਸ਼ਬਦ ਅਗਿਆਨਤਾ ਦੀਆਂ ਸਾਰੀਆਂ ਤਹਿਆਂ ਭੇਦ ਦਿੰਦਾ ਹੈ ਅਤੇ ਸਿੱਧਾ ਤੁਹਾਡੀ ਆਤਮਾ ਤੀਕ ਪਹੁੰਚਦਾ ਹੈ। ਅਖ਼ੀਰ, ਉਦੋਂ ਤੁਸੀਂ ਸਮਝ ਜਾਂਦੇ ਹੋ ਕਿ ਮੈਂ ਕੀ ਕਹਿੰਦਾ ਹਾਂ। 'ਵਿਸ਼ਵਾਸ਼ ਦੀ ਗੱਲ' ਅਤੇ 'ਨਿਸ਼ਚੇ ਦੀ ਗੱਲ' ਵਿਚ ਮਹੱਤਵਪੂਰਨ ਅੰਤਰ ਹੈ। ਦੂਸਰੇ ਵਿਅਕਤੀ ਦਾ ਨਿਸ਼ਚਾ ਤਾਂ ਹੀ ਬਣੇਗਾ ਜੇਕਰ ਤੁਹਾਡਾ ਪੱਖ ਉਚਿਤ ਅਤੇ ਤਰਕਸੰਗਤ ਹੈ।

## 14

## ਪੁਨਰ-ਜਨਮ

**ਪ੍ਰਸ਼ਨ-ਕਰਤਾ** : ਲੋਕੀਂ ਪੁਨਰ-ਜਨਮ ਬਾਰੇ ਪੂਰੀ ਤਰ੍ਹਾਂ ਦ੍ਰਿੜ ਨਹੀਂ ਹਨ।

**ਦਾਦਾਸ਼੍ਰੀ** : ਇਕ ਵਾਰ ਅਸੀਂ ਹਵਾਈ ਜਹਾਜ਼ ਰਾਹੀਂ ਔਰੰਗਾਬਾਦ ਤੋਂ ਬੰਬਈ ਆ ਰਹੇ ਸੀ। ਉਸ ਸਫ਼ਰ ਦੌਰਾਨ ਇਕ ਫਰਾਂਸੀਸੀ ਵਿਗਿਆਨੀ ਸਾਨੂੰ ਮਿਲਿਆ। ਉਸ ਨੇ ਮੈਨੂੰ ਪੁੱਛਣਾ ਸ਼ੁਰੂ ਕਰ ਦਿੱਤਾ: "ਅਸੀਂ ਤੁਹਾਡੇ ਭਾਰਤੀਆਂ ਦੀ ਤਰ੍ਹਾਂ ਪੁਨਰ-ਜਨਮ ਵਿਚ ਵਿਸ਼ਵਾਸ਼ ਨਹੀਂ ਕਰਦੇ। ਕੀ ਤੁਸੀਂ ਕਿਰਪਾ ਕਰਕੇ ਇਸ ਵਿਸ਼ੇ ਉਪਰ ਆਪਣੇ ਵਿਚਾਰਾਂ ਤੋਂ ਜਾਣੂੰ ਕਰਵਾਉਣ ਦੀ ਖੇਚਲ ਕਰੋਗੇ? ਜਿੰਨੀ ਦੇਰ ਤੁਸੀਂ ਚਾਹੋ ਮੈਂ ਤੁਹਾਡੇ ਪਾਸ ਰੁਕਣ ਲਈ ਤਿਆਰ ਹਾਂ।"

ਮੈਂ ਪੁੱਛਿਆਂ : "ਤੁਸੀਂ ਇਥੇ ਕਿੰਨੀ ਦੇਰ ਠਹਿਰ ਸਕਦੇ ਹੋ?"

ਫਰਾਂਸੀਸੀ ਵਿਗਿਆਨ ਦਾ ਉੱਤਰ ਸੀ: "ਪੰਜ ਸਾਲ, ਦਸ ਸਾਲ....."।

ਮੈਂ ਕਿਹਾ, "ਨਹੀਂ, ਮੇਰੇ ਪਾਸ ਇਨਾ ਸਮਾਂ ਨਹੀਂ ਹੈ।" ਤਾਂ ਉਸ ਫਿਰ ਕਿਹਾ, "ਛੇ ਮਹੀਨੇ?"

ਮੈਂ ਕਿਹਾ: "ਵਿਗਿਆਨੀ ਜੀ! ਕੀ ਤੁਹਾਡਾ ਵਿਚਾਰ ਹੈ ਕਿ ਮੈਂ ਵਿਹਲਾ ਹਾਂ? ਮੇਰੇ ਕੋਲ ਕਰਨ ਲਈ ਅਨੇਕਾਂ ਕੰਮ ਹਨ। ਮੈਂ ਸਮੁੱਚੇ ਸੰਸਾਰ ਨੂੰ ਖੁਸ਼ੀ ਪ੍ਰਦਾਨ ਕਰਨੀ ਹੈ। ਇਸ ਮੰਤਵ ਹਿਤ ਮੈਂ ਇਕ ਸਾਧਨ ਹਾਂ। ਇਕ ਕੰਮ ਕਰੋ, ਅਸੀਂ ਇਕ ਘੰਟੇ ਬਾਅਦ ਬੰਬਈ ਦੇ ਹਵਾਈ ਅੱਡੇ ਉਪਰ ਉਤਰਾਂਗੇ ਤਾਂ ਉਸ ਸਮੇਂ ਤੁਸੀਂ ਪੁਨਰ-ਜਨਮ ਵਿਚ ਵਿਸ਼ਵਾਸ਼ ਕਰਨ ਲਗ ਜਾਉਗੇ। ਮੈਂ ਵਿਗਿਆਨਕ ਤਰੀਕੇ ਨਾਲ ਉਸ ਨੂੰ ਆਪਣਾ ਪੁਨਰ-ਜਨਮ ਦਾ ਸਿਧਾਂਤ ਸਮਝਾਇਆ ਅਤੇ ਉਸ ਨੂੰ ਸਮਝ ਆ ਗਿਆ। ਅਸੀਂ ਬੰਬਈ ਦੇ ਸਾਂਤਾਕੂਜ ਹਵਾਈ ਅੱਡੇ ਉਪਰ ਉੱਤਰੇ ਤਾਂ ਉਹ 'ਸਤ-ਚਿਤ-ਅਨੰਦ', 'ਸਤ-ਚਿਤ-ਅਨੰਦ' ਕਹਿਣ ਲੱਗ ਪਿਆ। ਹੈਰਾਨੀ ਦੀ ਗੱਲ ਤਾਂ ਇਹ ਕਿ ਉਹ ਇਸ ਜਾਪ ਵਿਚ ਇਨਾ ਮਗਨ ਸੀ ਕਿ ਉਹ ਆਪਣੀ

ਪਤਨੀ ਨੂੰ ਵੀ ਪਿੱਛੇ ਭੁੱਲ ਗਿਆ। ਉਸਨੇ ਸਾਡੀਆਂ ਫੋਟੋਆਂ ਲਈਆਂ ਅਤੇ ਯਾਦਗਾਰ ਦੇ ਤੌਰ ਤੇ ਨਾਲ ਲੈ ਗਿਆ।

## 15

## ਮਨ, ਬਚਨ ਅਤੇ ਕਰਮ ਦੀ ਪ੍ਰਭਾਵਸ਼ੀਲਤਾ

**ਪ੍ਰਸ਼ਨ-ਕਰਤਾ** : ਤੁਸੀਂ ਉਸ ਵਿਗਿਆਨੀ ਨੂੰ ਪੁਨਰ-ਜਨਮ ਦਾ ਵਿਸ਼ਵਾਸ਼ ਕਿਵੇਂ ਦਿਵਾਇਆ? ਕਿਰਪਾ ਕਰਕੇ ਦੱਸਣ ਦੀ ਖੇਚਲ ਕਰੋ।

**ਦਾਦਾਸ਼੍ਰੀ** : ਕੀ ਮਨ, ਬਚਨ ਅਤੇ ਕਰਮ ਪ੍ਰਭਾਵਸ਼ੀਲ ਹਨ ਜਾਂ ਨਹੀਂ? ਇਹ ਜਨਮ ਤੋਂ ਹੀ, ਅਸਲ ਵਿਚ ਜਨਮ ਤੋਂ ਵੀ ਪਹਿਲਾਂ ਮਾਂ ਦੇ ਗਰਭ ਵਿਚ ਸਥਿਤ ਹੋਣ ਸਮੇਂ ਤੋਂ ਹੀ ਜਾਂ ਪ੍ਰਭਾਵ ਪਾਉਂਦੇ ਹਨ ਜਾਂ ਬਾਹਰੀ ਪ੍ਰਭਾਵ ਸਵੀਕਾਰ ਕਰਦੇ ਹਨ। ਆਉਂ ਦੇਖੀਏ ਇਹ ਕਿਵੇਂ ਹੁੰਦਾ ਹੈ।

ਜੇ ਕੋਈ ਵਿਅਕਤੀ ਤੁਹਾਨੂੰ ਮੂਰਖ ਜਾਂ ਬੇਸਮਝ ਕਹਿੰਦਾ ਹੈ ਤਾਂ ਤੁਸੀਂ ਅੱਧੀ ਰਾਤ ਤੋਂ ਵੀ ਬਾਦ ਤੱਕ ਸੌਂ ਨਹੀਂ ਸਕੋਗੇ। ਇਨ੍ਹਾਂ ਸ਼ਬਦਾਂ ਦਾ ਪ੍ਰਭਾਵ ਤੁਹਾਡੇ ਉਪਰ ਬਣਿਆ ਰਹੇਗਾ ਕਿਉਂਕਿ ਮਨ ਪ੍ਰਭਾਵ ਨੂੰ ਗ੍ਰਹਿਣ ਵੀ ਕਰਦਾ ਹੈ ਅਤੇ ਬਚਨ ਤਾਂ ਸਿੱਧੇ ਰੂਪ ਵਿਚ ਹੀ ਪ੍ਰਭਾਵਸ਼ਾਲੀ ਹਨ। ਤੁਸੀਂ ਕਿਸੇ ਨੂੰ ਮੰਦਾ ਬੋਲੋ ਜਾਂ ਗਾਲ ਦਿਉ ਤਾਂ ਤੁਹਾਨੂੰ ਇਕਦਮ ਸਮਝ ਆ ਜਾਵੇਗੀ।

ਇਹ ਸਰੀਰ ਵੀ ਪ੍ਰਭਾਵਸ਼ਾਲੀ ਹੈ ਅਤੇ ਇਹ ਠੰਢ ਅਤੇ ਗਰਮੀ ਦਾ ਪ੍ਰਭਾਵ ਵੀ ਸਕੀਕਾਰ ਕਰਦਾ ਹੈ। ਇਹ ਜਨਮ ਤੋਂ ਹੀ ਇਸ ਤਰ੍ਹਾਂ ਦਾ ਹੈ। ਇਕ ਨਵ-ਜਨਮੇ ਬੱਚੇ ਨੂੰ ਵੀ ਠੰਢ ਦੇ ਪ੍ਰਭਾਵ ਤੋਂ ਬਚਾਉਣ ਹਿਤ ਗਰਮ ਕਪੜੇ ਨਾਲ ਢੱਕ ਕੇ ਰਖਦੇ ਹਨ। ਜੇ ਠੰਢ ਸਮੇਂ ਬੱਚੇ ਉਪਰੋਂ ਕਪੜਾ ਲਹਿ ਜਾਵੇ ਤਾਂ ਉਹ ਰੋਣਾ ਸ਼ੁਰੂ ਕਰ ਦੇਵੇਗਾ। ਜੇ ਤੁਸੀਂ ਉਸ ਦੇ ਮੂੰਹ ਵਿਚ ਕੋਈ ਮਿੱਠੀ ਚੀਜ ਪਾਉ ਤਾਂ ਉਹ ਉਸ ਨੂੰ ਪਸੰਦ ਕਰੇਗਾ। ਪਰੰਤੂ ਜੇ ਤੁਸੀਂ ਕੋਈ ਕੌੜੀ ਵਸਤੂ ਉਸ ਦੇ ਮੂੰਹ ਵਿਚ ਪਾਓ ਤਾਂ ਉਹ ਭੈੜਾ ਜਿਹਾ ਮੂੰਹ ਬਣਾਵੇਗਾ। ਇਹ ਸਭ ਪ੍ਰਭਾਵ ਹੀ ਤਾਂ ਹਨ। ਮੈਂ ਤੁਹਾਨੂੰ ਇਕ ਸੱਚੀ ਉਦਾਹਰਣ ਦਿੰਦਾ ਹਾਂ ਕਿ ਮਾਂ ਦੇ ਗਰਭ ਵਿਚ ਵੀ ਸਾਡਾ ਸਰੀਰ ਕਿਵੇਂ ਪ੍ਰਭਾਵ ਗ੍ਰਹਿਣ ਕਰਦਾ ਹੈ।

**ਪ੍ਰਸ਼ਨ-ਕਰਤਾ** : ਜੀ, ਜ਼ਰੂਰ।

**ਦਾਦਾਸ਼੍ਰੀ** : ਇਹ ਪੰਜਾਹ ਕੁ ਸਾਲ ਪੁਰਾਣੀ ਗੱਲ ਹੈ। ਸਾਡੇ ਪਿੰਡ ਭਾਦਰਾਂ ਵਿਖੇ ਇਕ ਔਰਤ ਰਹਿੰਦੀ ਸੀ। ਉਸ ਦੇ ਪੇਟ ਵਿਚ ਅੱਠ ਮਹੀਨੇ ਦਾ ਬੱਚਾ ਸੀ। ਇਕ ਦਿਨ ਜਦੋਂ ਉਹ ਸੜਕ ਦੇ ਕਿਨਾਰੇ ਤੁਰੀ ਜਾ ਰਹੀ ਸੀ ਤਾਂ ਇਕ ਗਊ ਨੇ ਉਸ ਦੀ ਵੱਖੀ ਵਿਚ ਸਿੰਗ ਮਾਰਿਆ। ਉਸ

ਦੀ ਬੱਚੇਦਾਨੀ ਵਿਚ ਛੇਕ ਹੋ ਗਿਆ ਅਤੇ ਅੰਦਰਲੇ ਬੱਚੇ ਦੀ ਛੋਟੀ ਜਿਹੀ ਉਂਗਲ ਬਾਹਰ ਨਿਕਲ ਆਈ। ਡਾਕਟਰਾਂ ਨੂੰ ਬੁਲਾਇਆ ਗਿਆ.... ਡਾਕਟਰ ਆਏ ਅਤੇ ਉਨ੍ਹਾਂ ਇਕ ਦੂਜੇ ਨਾਲ ਸਲਾਹ-ਮਸ਼ਵਰਾ ਕੀਤਾ। ਉਨ੍ਹਾਂ ਉਸ ਔਰਤ ਅਤੇ ਬੱਚੇ ਨੂੰ ਬਚਾਉਣ ਹਿਤ ਇਲਾਜ ਬਾਰੇ ਦੀਰਘ ਚਿੰਤਨ ਕੀਤਾ ਪਰੰਤੂ ਸਭ ਵਿਅਰਥ। ਸਭ ਦੇ ਸਾਹਮਣੇ ਬੜੀ ਵੱਡੀ ਸਮੱਸਿਆ ਸੀ। ਉਸ ਗਰਭਵਤੀ ਇਸਤਰੀ ਦੀ ਹਾਲਤ ਬਹੁਤ ਨਾਜ਼ੁਕ ਸੀ ਕਿਉਂਕਿ ਜਖ਼ਮ ਦੇ ਕਾਰਨ ਲਗਾਤਾਰ ਖ਼ੂਨ ਵਗ ਰਿਹਾ ਸੀ। ਕਿਸਮਤ ਨਾਲ ਸਭ ਦੇ ਬਚਾਅ ਲਈ ਇਕ 80 ਕੁ ਵਰ੍ਹਿਆਂ ਦੀ ਬਜ਼ੁਰਗ ਔਰਤ ਉਥੇ ਆ ਨਿਕਲੀ। ਉਸ ਨੇ ਸਭ ਨੂੰ ਕਿਹਾ: "ਕਿਰਪਾ ਕਰਕੇ ਚੁੱਪ-ਚਾਪ ਸ਼ਾਂਤੀ ਨਾਲ ਬੈਠ ਜਾਉ। ਰੱਬ ਦਾ ਨਾਂ ਲਉ ਅਤੇ ਉਸ ਦੇ ਭਾਣੇ ਨੂੰ ਵੇਖੋ।" ਉਸ ਬਜ਼ੁਰਗ ਔਰਤ ਨੇ ਇਕ ਸੂਈ ਲਈ। ਉਸ ਦੀ ਨੋਕ ਨੂੰ ਹਲਕਾ ਗਰਮ ਕੀਤਾ ਅਤੇ ਉਸ ਨਿੱਕੀ ਜਿਹੀ ਉਂਗਲ ਨੂੰ ਰਤਾ ਕੁ ਛੁਹਿਆ। ਕੁਦਰਤ ਦਾ ਕਮਾਲ ਦੇਖੋ! ਉਹ ਉਂਗਲ ਇਕਦਮ ਅੰਦਰ ਚਲੀ ਗਈ। ਉਸ ਮਾਤਾ ਦੇ ਗਰਭ ਵਿਚ ਪਲ ਰਹੇ ਬੱਚੇ ਨੇ ਗਰਮ ਸੂਈ ਦੇ ਪ੍ਰਭਾਵ ਨੂੰ ਗ੍ਰਹਿਣ ਕੀਤਾ ਅਤੇ ਉਂਗਲ ਅੰਦਰ ਖਿੱਚ ਲਈ।

ਹੁਣ ਕਿਉਂਕਿ ਪ੍ਰਭਾਵ ਹੈ, ਇਸ ਲਈ ਉਸ ਦਾ ਪ੍ਰਭਾਵ ਦੇ ਕਾਰਨ ਵੀ ਹੋਣੇ ਹੀ ਹਨ। ਕਾਰਨਾਂ ਦੇ ਨਤੀਜੇ ਵਜੋਂ ਹੀ ਪ੍ਰਭਾਵ ਹੁੰਦਾ ਹੈ, ਪ੍ਰਭਾਵ ਦਾ ਇਹ ਅਰਥ ਤਾਂ ਹੈ ਹੀ ਕਿ ਇਨ੍ਹਾਂ ਦਾ ਕੋਈ ਨਾ ਕੋਈ ਕਾਰਨ ਹੈ। ਇਹ ਇਕ ਲਗਾਤਾਰ ਪ੍ਰਕ੍ਰਿਆ ਹੈ ਜਿਹੜੀ ਚਲਦੀ ਰਹਿੰਦੀ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕਾਰਨ ਅਤੇ ਪ੍ਰਭਾਵ (cause and effect) ਬਾਰੇ ਥੋੜਾ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਬਿਨਾਂ ਕਾਰਨ ਤੋਂ ਕੋਈ ਪ੍ਰਭਾਵ ਹੋ ਹੀ ਨਹੀਂ ਸਕਦਾ। ਜਿਥੇ ਕੋਈ ਪ੍ਰਭਾਵ ਹੈ, ਉਥੇ ਉਸ ਦਾ ਕੋਈ ਕਾਰਨ ਜ਼ਰੂਰ ਹੋਵੇਗਾ। ਸਾਡਾ ਇਹ ਮੌਜੂਦਾ ਸਰੀਰ ਸਾਡੇ ਪੁਰਾਣੇ ਕਰਮਾਂ ਦਾ ਪ੍ਰਭਾਵ ਹੈ। ਜਨਮ ਸਮੇਂ ਦੋ ਸਰੀਰ ਹੁੰਦੇ ਹਨ - ਇਕ ਬਾਹਰੀ ਦੈਹਿਕ ਅਤੇ ਦੂਸਰਾ ਅੰਦਰ ਸੂਖਮ। ਬਾਅਦ ਵਿਚ, ਇਹ ਸਰੀਰ (ਜੋ ਖ਼ੁਦ ਕਿਸੇ ਕਾਰਨਾਂ ਦਾ ਪ੍ਰਭਾਵ ਹੈ) ਮੋਹ ਅਤੇ ਘ੍ਰਿਣਾ ਕਾਰਨ ਕਈ ਨਵੇਂ ਕਾਰਨ ਪੈਦਾ ਕਰਦਾ ਹੈ ਅਤੇ ਇੰਝ ਭਵਿੱਖ ਵਿਚ ਨਵੇਂ ਜਨਮਾਂ ਦੇ ਬੀਜ ਬੀਜਦਾ ਹੈ। ਇਸ ਤਰ੍ਹਾਂ ਇਸ ਬਾਹਰੀ ਸਰੀਰ ਦੇ ਖਤਮ ਹੋਣ (ਭਾਵ ਮੌਤ) ਤਕ ਇਹ ਲਗਾਤਾਰ ਕਾਰਨ ਪੈਦਾ ਕਰਦਾ ਰਹਿੰਦਾ ਹੈ। ਮੌਤ ਸਮੇਂ ਇਹ ਕਾਰਨ ਪੈਦਾ ਕਰਨ ਵਾਲਾ ਬਾਹਰੀ ਅਤੇ ਅੰਦਰਲਾ ਸੂਖ਼ਮ ਸਰੀਰ ਦੋਵੇਂ ਹੀ ਇਸ ਸਰੀਰ ਨੂੰ ਆਤਮਾ ਦੇ ਨਾਲ ਹੀ ਛੱਡ ਜਾਂਦੇ ਹਨ। ਬਾਕੀ ਸਿਰਫ਼ ਸਾਡੀ ਪੰਜ ਤੱਤਾਂ ਦੀ ਬਣੀ ਦੇਹ ਹੀ ਰਹਿ ਜਾਂਦੀ ਹੈ। ਜੀਵ ਆਪਣੇ ਪਿਛਲੇ ਜਨਮ ਦੇ ਕਾਰਜ-ਸਰੀਰ ਵਿਚੋਂ ਇਕ ਨਵਾਂ ਜਨਮ ਧਾਰਦਾ ਹੈ ਅਤੇ ਇਹ ਮੌਤ ਦੇ ਨਾਲ ਹੀ ਉਸੇ ਸਮੇਂ ਵਾਪਰਦਾ ਹੈ।

ਜੇ ਕੋਈ ਪੁਨਰ ਜਨਮ ਨਾ ਹੋਵੇ ਅਤੇ ਪਰਮਾਤਮਾ ਨੇ ਸਾਨੂੰ ਸਭ ਨੂੰ ਸਿਰਫ਼ ਇਕੋ ਵਾਰ ਹੀ ਬਣਾਇਆ ਹੋਵੇ ਤਾਂ ਅਸੀਂ ਸਭ ਇਕੋ ਜਿਹੇ ਹੀ ਹੁੰਦੇ ਮਾਨੋ ਇਕੋ ਸੰਚੇ ਵਿਚ ਢਲੇ ਹੋਏ। ਪਰੰਤੂ ਇਸ ਜਗਤ ਵਿਚ ਤਾਂ ਕੋਈ ਵੱਡਾ ਹੈ ਅਤੇ ਕੋਈ ਛੋਟਾ, ਕੋਈ ਲੰਮਾ ਹੈ ਅਤੇ ਕੋਈ ਮਧਰਾ, ਕੋਈ ਗੋਰਾ ਹੈ ਅਤੇ ਕੋਈ ਕਾਲਾ, ਕੋਈ ਗਰੀਬ ਹੈ ਅਤੇ ਕੋਈ ਅਮੀਰ। ਜੇ ਪੁਨਰ ਜਨਮ ਨਾ ਹੁੰਦਾ ਤਾਂ ਇਹ ਵੀ ਨਹੀਂ ਹੋਣਾ ਸੀ। ਵੱਖ-ਵੱਖ ਵਿਅਕਤੀਆਂ ਦੀਆਂ ਇਹ ਭਿੰਨਤਾਵਾਂ ਜੋ ਤੁਸੀਂ ਵੇਖਦੇ ਹੋ ਇਹ ਸਭ ਉਨ੍ਹਾਂ ਦੇ ਪਹਿਲੇ ਜਨਮ-ਜਨਮਾਂ ਦਾ ਨਤੀਜਾ ਹਨ। ਇਹ ਮੌਜੂਦਾ, ਬਾਹਰੀ ਸਰੀਰ ਅਤੇ ਅੰਦਰੂਨੀ ਸੂਖ਼ਮ ਸਰੀਰ ਪਿਛਲੇ ਜਨਮ ਦੇ ਕਾਰਨਾਂ ਦਾ ਹੀ ਪ੍ਰਭਾਵ ਹਨ। ਕਿਉਂਕਿ ਕਾਰਨ ਭਿੰਨ ਹਨ, ਇਸ ਲਈ ਪ੍ਰਭਾਵ ਵੀ ਭਿੰਨ-ਭਿੰਨ ਹਨ।

ਜੇ ਤੁਸੀਂ ਇਹ ਕਹੋ ਕਿ ਪੁਨਰ-ਜਨਮ ਨਹੀਂ ਹੈ ਤਾਂ ਇਸ ਨੂੰ ਸਾਬਤ ਕਰਨ ਹਿਤ ਕੋਈ ਸਬੂਤ ਦਿਉ।

**ਪ੍ਰਸ਼ਨ-ਕਰਤਾ** : ਪਰੰਤੂ ਬਹੁਤ ਸਾਰੇ ਵਿਦੇਸ਼ੀ ਲੋਕ ਪੁਨਰ-ਜਨਮ ਵਿਚ ਵਿਸ਼ਵਾਸ਼ ਨਹੀਂ ਕਰਦੇ।

**ਦਾਦਾਸ਼੍ਰੀ** : ਜਦੋਂ ਕੋਈ ਅੰਗਰੇਜ਼ ਕਿਸੇ ਨੂੰ ਖੁਸ਼ਕਿਸਮਤ ਅਤੇ ਕਿਸੇ ਨੂੰ ਬਦਕਿਸਮਤ ਕਹਿੰਦਾ ਹੈ ਤਾਂ ਇਸ ਦਾ ਕੀ ਅਰਥ ਹੈ? ਮੁਸਲਮਾਨ ਵੀ ਤਕਦੀਰ ਅਤੇ ਤਦਬੀਰ ਸ਼ਬਦ ਵਰਤਦੇ ਹਨ। ਇਨ੍ਹਾਂ ਸ਼ਬਦਾਂ ਦੇ ਅਰਥ ਕੀ ਹਨ? ਇਨ੍ਹਾਂ ਸਭ ਲੋਕਾਂ ਦੀ ਭਾਸ਼ਾ ਸੰਪੂਰਨ ਹੈ ਪਰੰਤੂ ਉਨ੍ਹਾਂ ਦੇ ਵਿਸ਼ਵਾਸ਼ ਨਹੀਂ। ਇਹ ਸ਼ਬਦ ਅਰਥ-ਭਰਪੂਰ ਹਨ ਪਰੰਤੂ ਸਿਰਫ਼ ਪੁਨਰ-ਜਨਮ ਦੇ ਸਿਧਾਂਤ ਦੇ ਸੰਦਰਭ ਵਿਚ ਹੀ।

ਜਿਵੇਂ ਕਾਰਨ ਹਨ ਉਸੇ ਤਰ੍ਹਾਂ ਉਨ੍ਹਾਂ ਦੇ ਪ੍ਰਭਾਵ ਹਨ। ਨੇਕੀ ਦਾ ਪ੍ਰਭਾਵ ਜਾਂ ਨਤੀਜਾ ਨੇਕੀ ਹੋਵੇਗਾ ਅਤੇ ਬਦੀ ਦੇ ਨਤੀਜੇ ਵਜੋਂ ਬਦੀ ਹੀ ਪੈਦਾ ਹੋਵੇਗੀ। ਪਰੰਤੂ ਅੰਤ ਤਕ ਮੁਕਤੀ ਕਿਧਰੇ ਵੀ ਨਹੀਂ। ਪ੍ਰਭਾਵ ਤਾਂ ਹੀ ਖ਼ਤਮ ਹੋਣਗੇ ਜਦੋਂ ਕਾਰਨ ਖ਼ਤਮ ਹੋ ਜਾਣਗੇ। ਪਰੰਤੂ ਜਦੋਂ ਤੱਕ ਮੇਰਾ ਵਿਸ਼ਵਾਸ਼ ਪੱਕਾ ਹੈ ਕਿ 'ਮੈਂ ਅਮਿਤ ਹਾਂ' ਅਤੇ ਜਦੋਂ ਤਕ ਮੇਰਾ ਗਿਆਨ ਵੀ ਇਹੋ ਹੈ, ਉਨੀ ਦੇਰ ਕਾਰਨ ਖ਼ਤਮ ਨਹੀਂ ਹੋ ਸਕਦੇ। ਕਾਰਨ ਉਦੋਂ ਹੀ ਖ਼ਤਮ ਹੁੰਦੇ ਹਨ ਜਦੋਂ ਕੋਈ ਗਿਆਨੀ-ਪੁਰਸ਼ ਆ ਕੇ ਤੁਹਾਨੂੰ ਤੁਹਾਡੀ ਗੂੜ੍ਹੀ ਨੀਂਦ ਤੋਂ ਜਗਾਵੇ ਅਤੇ ਤੁਹਾਨੂੰ ਤੁਹਾਡੀ ਸ਼ੁਧ ਆਤਮਾ ਬਾਰੇ ਸੁਚੇਤ ਕਰੇ। ਤੁਹਾਨੂੰ ਸ਼ੁਧ ਆਤਮਾ ਬਾਰੇ ਸੱਚਾ ਗਿਆਨ ਦੇ ਕੇ ਅਤੇ ਤੁਹਾਨੂੰ ਇਸ ਸ਼ੁਧ ਆਤਮਾ ਨਾਲ ਇਕ ਕਰਕੇ ਮੈਂ ਤੁਹਾਡੇ ਕਾਰਕ-ਸਰੀਰ ਨੂੰ ਬਨਣ ਤੋਂ ਰੋਕ ਸਕਦਾ ਹਾਂ। ਫਿਰ 'ਮੈਂ ਅਮਿਤ ਹਾਂ' ਵਾਲੇ ਸਾਰੇ ਪ੍ਰਭਾਵ ਖ਼ਤਮ ਹੋ ਜਾਣਗੇ। ਇਸ ਪ੍ਰਕ੍ਰਿਆ ਦੌਰਾਨ ਜੇ ਤੁਸੀਂ ਮੋਹ ਅਤੇ ਘ੍ਰਿਣਾ ਦੀਆਂ ਭਾਵਨਾਵਾਂ ਤੋਂ ਬਚੇ ਰਹਿੰਦੇ ਹੋ ਤਾਂ ਕਰਮਾਂ ਦੇ ਨਵੇਂ ਬੀਜ ਨਹੀਂ ਬੀਜੇ ਜਾਣਗੇ। ਹਾਂ, ਇਹ ਗੱਲ ਯਕੀਨੀ ਹੈ ਕਿ ਪਹਿਲੇ ਪ੍ਰਭਾਵ ਤਾਂ ਸਹਿਣੇ ਹੀ ਪੈਣਗੇ। ਇਸ ਸੰਸਾਰ ਵਿਚ ਕੋਈ ਵਿਅਕਤੀ ਇਨ੍ਹਾਂ ਪ੍ਰਭਾਵਾਂ ਨੂੰ ਨਾ ਬਦਲ ਸਕਦਾ ਹੈ ਅਤੇ ਨਾ ਹੀ ਇਨ੍ਹਾਂ ਤੋਂ

ਬਚ ਸਕਦਾ ਹੈ। ਇਹ ਪੂਰੀ ਤੌਰ 'ਤੇ ਵਿਗਿਆਨਕ ਸੱਚ ਹੈ। ਇਕ ਵਿਗਿਆਨੀ ਨੂੰ ਵੀ ਇਹ ਤੱਥ ਤਾਂ ਸਵੀਕਾਰ ਕਰਨਾ ਹੀ ਪਏਗਾ।

ਕਲਿਯੁਗ ਦੇ ਇਸ ਭੈੜੇ ਯੁੱਗ ਵਿਚ ਇਕ ਮਹਾਨ ਅਤੇ ਹੈਰਾਨੀਕੁਨ ਗਿਆਨ ਦਾ ਪ੍ਰਕਾਸ਼ ਮੇਰੇ ਅੰਦਰ ਹੋਇਆ ਹੈ। ਮੈਂ ਇਕ ਗਿਆਨੀ-ਪੁਰਸ਼ ਹਾਂ, ਇਸ ਸਮੇਂ ਦਾ ਇਕ ਅਸਚਰਜ। ਮੈਂ ਆਪਣੇ ਆਪ ਨੂੰ ਘੋਸ਼ਿਤ ਕਰਨਾ ਹੈ ਕਿਉਂਕਿ ਆਧੁਨਿਕ ਸਮਾਂ ਅਜਿਹਾ ਹੈ ਕਿ ਅੱਜ ਤਾਂ ਇਕ ਹੀਰੇ ਨੂੰ ਵੀ ਆਪਣੀ ਕੀਮਤ ਖ਼ੁਦ ਹੀ ਦੱਸਣੀ ਪੈਂਦੀ ਹੈ।

ਸਮੁੱਚਾ ਜਗਤ ਤਿੰਨ ਪ੍ਰਕਾਰ ਦੀ ਅਗਨੀ ਵਿਚ ਸੜ ਰਿਹਾ ਹੈ। ਅਗਨੀ ਦੀਆਂ ਤਿੰਨ ਕਿਸਮਾਂ ਕਿਹੜੀਆਂ ਹਨ? ਮਾਨਸਿਕ ਕਲੇਸ਼, ਸਰੀਰਕ ਬੀਮਾਰੀ ਅਤੇ ਕਸ਼ਟ, ਅਤੇ ਦੂਸਰਿਆਂ ਦੁਆਰਾ ਦਿੱਤੇ ਦੁੱਖ।

## 16

## ਤਿੰਨ ਦੁੱਖ : ਆਧਿ, ਵਿਆਧਿ ਅਤੇ ਉਪਾਧਿ

**ਪ੍ਰਸ਼ਨ-ਕਰਤਾ** : ਇਹ ਜੀਵਨ ਤਕਲੀਫ਼ਾਂ ਦਾ ਭਰਿਆ ਹੋਇਆ ਹੈ।

**ਦਾਦਾਸ਼੍ਰੀ** : ਇਸ ਸੰਸਾਰ ਦਾ ਹਰ ਜੀਵਨ ਤਿੰਨ ਕਸ਼ਟਾਂ ਕਾਰਨ ਤਕਲੀਫ਼ ਵਿਚ ਹੈ। ਇਹ ਤਿੰਨ ਹਨ - ਆਧਿ, ਵਿਆਧਿ ਅਤੇ ਉਪਾਧਿ।

ਸਰੀਰਕ ਦੁੱਖ, ਤਕਲੀਫ਼, ਬੀਮਾਰੀ, ਆਦਿ ਨੂੰ ਅਸੀਂ ਵਿਆਧਿ ਕਹਿੰਦੇ ਹਾਂ। ਉਦਾਹਰਣ ਦੇ ਲਈ, ਜੇ ਤੁਹਾਨੂੰ ਪੇਟ ਦਰਦ ਹੋ ਰਿਹਾ ਹੈ ਤਾਂ ਇਹ ਇਕ ਸਰੀਰਕ ਬੀਮਾਰੀ (ਵਿਆਧਿ) ਹੈ। ਇਸੇ ਤਰ੍ਹਾਂ ਅੱਖਾਂ ਦਾ ਦੁਖਣਾ ਵੀ ਇਕ ਸਰੀਰਕ ਤਕਲੀਫ਼ ਹੈ। ਭੁੱਖ ਲੱਗਣਾ ਵੀ ਵਿਆਧਿ ਹੈ।

ਮਾਨਸਿਕ ਕਸ਼ਟ ਆਧਿ ਹੈ। ਸਾਰਾ ਦਿਨ ਚਿੰਤਾ ਵਿਚ ਗ੍ਰਸਿਤ ਰਹਿਣਾ ਆਧਿ ਹੈ।

ਬਾਹਰੋਂ ਕਿਸੇ ਹੋਰ ਵਿਅਕਤੀ/ਵਸਤੂ ਦੁਆਰਾ ਦਿੱਤੇ ਜਾਣ ਵਾਲਾ ਕਸ਼ਟ ਉਪਾਧਿ ਹੈ। ਅਸੀਂ ਚੁੱਪ-ਚਾਪ ਆਪਣੀ ਥਾਂ ਬੈਠੇ ਹਾਂ ਅਤੇ ਕੋਈ ਹੋਰ ਸਾਡੇ ਪੱਥਰ ਮਾਰ ਦਿੰਦਾ ਹੈ। ਇਸ ਨੂੰ ਉਪਾਧਿ ਕਿਹਾ ਗਿਆ ਹੈ। ਉਪਾਧਿ ਦਾ ਕਾਰਨ ਕਿਧਰੇ ਬਾਹਰ ਹੁੰਦਾ ਹੈ - ਬਾਹਰੀ ਤਾਕਤ ਜਾਂ ਬਾਹਰੀ ਘਟਨਾ। ਇਹ ਵਿਅਕਤੀ ਦੇ ਅੰਦਰੋਂ ਉਤਪੰਨ ਨਹੀਂ ਹੁੰਦੀ।

ਇਸ ਸੰਸਾਰ ਦਾ ਹਰ ਵਿਅਕਤੀ - ਸਾਧੂਆਂ ਅਤੇ ਸੰਨਿਆਸੀਆਂ ਸਮੇਤ - ਇਹਨਾਂ ਤਿੰਨਾ ਦੁੱਖਾਂ/ਕਸ਼ਟਾਂ ਦਾ ਸ਼ਿਕਾਰ ਹੈ। ਜਿਹੜੇ ਵਿਅਕਤੀਆਂ ਨੇ ਮੇਰੇ ਪਾਸੋਂ ਦੀਖਸ਼ਾ ਪ੍ਰਾਪਤ ਕੀਤੀ ਹੈ ਉਹ ਹਮੇਸ਼ਾ ਸਮਾਧੀ ਵਿਚ ਲੀਨ ਰਹਿੰਦੇ ਹਨ।

**ਪ੍ਰਸ਼ਨ-ਕਰਤਾ** : ਮਹਾਰਾਜ! ਉਹ ਕਿਵੇਂ?

**ਦਾਦਾਸ਼੍ਰੀ** : ਉਹ ਵਿਅਕਤੀ ਜਿਹੜਾ ਸ਼ੁੱਧ ਆਤਮਾ ਦੇ ਨਿਜ-ਸਰੂਪ ਵਿਚ ਸਥਿਰ ਹੋ ਗਿਆ ਹੈ ਹਰ ਸਮੇਂ ਸਮਾਧੀ ਵਾਲੀ ਅਨੰਦਿਤ ਸਥਿਤੀ ਵਿਚ ਰਹਿੰਦਾ ਹੈ ਕਿਉਂਕਿ ਉਹ ਸਮਝਦਾ ਹੈ ਕਿ ਉਹ ਸਿਰਫ਼ ਨਾਂ ਕਰਕੇ ਹੀ 'ਅਮਿਤ' ਹੈ ਪਰੰਤੂ ਅਸਲ ਵਿਚ ਉਹ ਇਕ ਸ਼ੁੱਧ ਆਤਮਾ ਹੈ। ਭਿੰਨਤਾ ਕਰ ਸਕਣ ਦਾ ਇਹ ਗੁਣ ਉਸ ਨੂੰ ਇਕ ਦ੍ਰਸ਼ਟਾ ਬਣਾ ਦਿੰਦਾ ਹੈ। ਆਪਣੇ ਆਲੇ ਦੁਆਲੇ ਦੀਆਂ ਸਾਰੀਆਂ ਘਟਨਾਵਾਂ ਤੋਂ ਉਹ ਨਿਰਲੇਪ ਰਹਿੰਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਜੋ ਵੀ ਵਾਪਰ ਰਿਹਾ ਹੈ ਉਹ ਤਾਂ ਅਮਿਤ ਨਾਲ ਵਾਪਰ ਰਿਹਾ ਹੈ ਜਦੋਂ ਕਿ ਉਹ ਤਾਂ ਸ਼ੁੱਧ ਆਤਮਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਮੰਨ ਲਓ ਕਿ ਤੁਸੀਂ ਕਿਸੇ ਹੋਰ ਦੀ ਜਾਇਦਾਦ (ਘਰ/ਜ਼ਮੀਨ) ਵਿਚ ਬਿਨਾਂ ਆਗਿਆ ਵੜ ਗਏ ਹੋ ਤਾਂ ਤੁਹਾਨੂੰ ਪਕੜੇ ਜਾਣ ਦਾ, ਬਾਹਰ ਧੱਕੇ ਜਾਣ ਦਾ, ਸਜਾ ਦਿੱਤੇ ਜਾਣ ਦਾ ਡਰ ਹੋਵੇਗਾ। ਪਰੰਤੂ ਜੇਕਰ ਤੁਸੀਂ ਆਪਣੇ ਹੀ ਘਰ ਅੰਦਰ ਹੋ, ਤਾਂ ਕੀ ਫਿਰ ਵੀ ਤੁਹਾਨੂੰ ਅਜਿਹਾ ਡਰ ਹੋਵੇਗਾ? ਇਸੇ ਤਰ੍ਹਾਂ 'ਅਮਿਤ' ਵੀ ਤੁਹਾਡਾ ਅਸਲੀ ਘਰ, ਅਸਲੀ ਸਵੈ-ਸਰੂਪ ਨਹੀਂ ਹੈ। ਤੁਸੀਂ ਤਾਂ ਸ਼ੁੱਧ ਆਤਮਾ ਹੋ - ਅਮਿਤ ਨਾਂ ਦੇ ਇਸ ਸਰੀਰ ਦੇ ਗਿਆਤਾ ਅਤੇ ਦ੍ਰਸ਼ਟਾ। ਤੁਸੀਂ ਤਾਂ ਆਪਣੇ ਆਪ ਨੂੰ ਅਮਿਤ ਨਾਲ ਅਤੇ ਅਮਿਤ ਦੇ ਸਾਰੇ ਦੁਖਾਂ, ਤਕਲੀਫ਼ਾਂ ਅਤੇ ਖੁਸ਼ੀਆਂ ਨਾਲ ਗਲਤ ਹੀ ਸਮਰੂਪ ਕਰ ਰਹੇ ਹੋ। ਤੁਹਾਡੀ ਹਾਲਤ ਤਾਂ ਉਸ ਮੱਛੀ ਵਰਗੀ ਹੈ ਜਿਹੜੀ ਪਾਣੀ ਤੋਂ ਬਾਹਰ ਤੜਫ ਰਹੀ ਹੈ ਅਤੇ ਇਸੇ ਗਲਤ ਧਾਰਨਾ ਕਾਰਨ ਉਸ ਨੂੰ ਚੈਨ ਨਹੀਂ ਮਿਲ ਰਿਹਾ।

ਜੇ ਤੁਸੀਂ ਖੁਸ਼ ਰਹਿਣਾ ਚਾਹੁੰਦੇ ਹੋ, ਚਿੰਤਾਵਾਂ ਤੋਂ ਮੁਕਤ ਹੋਣਾ ਚਾਹੁੰਦੇ ਹੋ ਅਤੇ ਸ਼ਾਂਤੀ ਦਾ ਜੀਵਨ ਜਿਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੇ ਨਿਜ-ਸਰੂਪ ਨੂੰ ਪਹਿਚਾਨਣਾ ਪਵੇਗਾ।

## 17

## ਜਗਤ - ਇਕ ਮਾਇਆ?

## (ਜਗਤ, ਬ੍ਰਹਮ ਜਾਂ ਸ਼ੁੱਧ ਆਤਮਾ)

**ਦਾਦਾਸ਼੍ਰੀ** : ਕੀ ਇਹ ਸੰਸਾਰ ਇਕ ਯਥਾਰਥ ਹੈ ਜਾਂ ਸਿਰਫ਼ ਮਾਇਆ?

**ਪ੍ਰਸ਼ਨ-ਕਰਤਾ** : ਹਰ ਕੋਈ ਇਹੋ ਕਹਿੰਦਾ ਹੈ ਕਿ ਇਹ ਜਗਤ ਤਾਂ ਸਿਰਫ਼ ਮਾਇਆ ਹੈ, ਸਿਰਫ਼ ਇਕ ਭ੍ਰਾਂਤੀ।

**ਦਾਦਾਸ਼੍ਰੀ** : ਨਹੀਂ, ਇਹ ਠੀਕ ਨਹੀਂ। ਮੈਂ ਤੁਹਾਨੂੰ ਸਮਝਾਵਾਂਗਾ ਕਿ ਭ੍ਰਾਂਤੀ ਕੀ ਹੁੰਦੀ ਹੈ। ਤੁਹਾਨੂੰ ਪਾਣੀ ਨਜ਼ਰ ਆਵੇ ਅਤੇ ਤੁਸੀਂ ਆਪਣਾ ਪਜਾਮਾ ਵੀ ਉੱਚਾ ਟੰਗ ਲਉ ਪਰੰਤੂ ਤੁਹਾਡਾ ਪਜਾਮਾ ਗਿੱਲਾ ਨਹੀਂ ਹੁੰਦਾ ਕਿਉਂਕਿ ਉਥੇ ਪਾਣੀ ਹੈ ਹੀ ਨਹੀਂ। ਤੁਸੀਂ ਜੋ ਵੇਖਿਆ ਉਹ ਯਥਾਰਥ ਨਹੀਂ ਸਿਰਫ਼ ਇਕ ਭ੍ਰਾਂਤੀ ਸੀ, ਇਕ ਭੁਲੇਖਾ। ਲੋਕ ਇਹ ਵੀ ਕਹਿੰਦੇ ਹਨ ਕਿ 'ਨਿਜ' (Self) ਹੀ ਯਥਾਰਥ ਹੈ, ਬਾਕੀ ਸਭ ਮਾਇਆ ਹੈ, ਸਭ ਭ੍ਰਾਂਤੀ। ਉਨ੍ਹਾਂ ਦਾ ਕਹਿਣਾ ਹੈ ਕਿ ਸੰਸਾਰ ਮਾਇਆ ਹੈ। ਜੇ ਇਹ ਸੱਚ ਹੈ ਤਾਂ ਤੁਸੀਂ ਆਪਣਾ ਹੱਥ ਅੱਗ ਵਿਚ ਪਾਉ ਅਤੇ ਦੇਖੋ ਕਿ ਕੀ ਇਹ ਸਿਰਫ਼ ਭ੍ਰਾਂਤੀ ਹੈ ਜਾਂ ਯਥਾਰਥ। ਜੇ ਇਹ ਜਗਤ ਮਾਇਆ ਹੈ ਤਾਂ ਜਦੋਂ ਕੋਈ ਇਹ ਕਹੇ ਕਿ ਤੁਸੀਂ ਅਕਲਮੰਦ ਨਹੀਂ ਮੂਰਖ ਹੋ ਤਾਂ ਤੁਹਾਨੂੰ ਗੁੱਸਾ ਨਹੀਂ ਆਉਣਾ ਚਾਹੀਦਾ। ਕੀ ਇਦਾਂ ਹੁੰਦਾ ਹੈ?

**ਪ੍ਰਸ਼ਨ-ਕਰਤਾ** : ਜੀ ਨਹੀਂ।

**ਦਾਦਾਸ਼੍ਰੀ** : ਜੇ ਕੋਈ ਇਹ ਕਹੇ ਕਿ ਤੁਸੀਂ ਅਕਲਮੰਦ ਨਹੀਂ ਤਾਂ ਇਹ ਗੱਲ ਲੰਮੇ ਸਮੇਂ ਤਕ ਤੁਹਾਡੇ ਦਿਮਾਗ਼ ਵਿਚ ਬਣੀ ਰਹਿੰਦੀ ਹੈ। ਕਈ ਵਾਰ ਇਹ ਸ਼ਬਦ ਸਾਰੀ-ਸਾਰੀ ਰਾਤ ਬੇਚੈਨ ਕਰੀ ਰਖਦੇ ਹਨ ਅਤੇ ਰਾਤ ਨੂੰ ਵੀ ਕਈ ਵਾਰ ਜਾਗਦੇ ਹੋ। ਫਿਰ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਇਹ ਸੰਸਾਰ ਸਿਰਫ਼ ਮਾਇਆ ਹੈ। ਮੈਂ ਤਾਂ ਇਹ ਕਹਾਂਗਾ ਕਿ ਸ਼ੁੱਧ ਆਤਮਾ (ਬ੍ਰਹਮ) ਅਤੇ ਇਹ ਸੰਸਾਰ ਦੋਵੇਂ ਹੀ ਯਥਾਰਥ ਹਨ। ਫ਼ਰਕ ਸਿਰਫ਼ ਇੰਨਾ ਹੈ ਕਿ ਬ੍ਰਹਮ ਪੂਰਨ ਅਤੇ ਸਦੀਵੀ ਸੱਚ/ਯਥਾਰਥ ਹੈ ਜਦੋਂ ਕਿ ਇਹ ਸੰਸਾਰ ਯਥਾਰਥ ਤਾਂ ਹੈ ਪਰ ਬ੍ਰਹਮ ਦੀ ਤਰ੍ਹਾਂ ਪੂਰਨ ਅਤੇ ਸਦੀਵੀ ਨਹੀਂ। ਇਹ ਇਕ ਸਦੀਵੀ ਸੱਚ ਹੈ। ਕੋਈ ਪਤਾ ਨਹੀਂ ਇਹ ਜਗਤ ਕਦੋਂ ਆਪਣੇ ਆਪ ਨੂੰ ਇਕ ਭ੍ਰਾਂਤੀ ਸਾਬਤ ਕਰ ਦੇਵੇ ਕਿਉਂਕਿ ਇਹ ਅਸਥਾਈ ਹੈ।

ਇਹ ਸਭ ਵਕਤੀ ਵਿਵਸਥਾ ਹੈ। ਬ੍ਰਹਮ ਜਾਂ ਸ਼ੁੱਧ ਆਤਮਾ ਇਕੋ-ਇਕ ਸਦੀਵੀ ਅਤੇ ਅਮਰ ਯਥਾਰਥ ਹੈ।

## 18

## ਮਨ, ਬਚਨ ਅਤੇ ਕਰਮ : ਤੀਹਰਾ ਬੰਧਨ

**ਪ੍ਰਸ਼ਨ-ਕਰਤਾ** : ਹਰ ਵਿਅਕਤੀ ਸਰੀਰ ਰਾਹੀਂ ਹੀ ਆਪਣੀ ਪਹਿਚਾਣ ਰਖਦਾ ਅਤੇ ਦਸਦਾ ਹੈ ਜਦੋਂ ਕਿ ਧਰਮ-ਗਰੰਥਾਂ ਵਿਚ ਕਿਹਾ ਗਿਆ ਮਿਲਦਾ ਹੈ ਕਿ ਵਿਅਕਤੀ ਨੂੰ ਇਸ ਵਿਚਾਰ ਤੋਂ ਪਿੱਛਾ ਛੁਡਾਉਣਾ ਚਾਹੀਦਾ ਹੈ। ਕਿਰਪਾ ਕਰਕੇ ਇਸ ਬਾਰੇ ਵਿਸਥਾਰ ਵਿਚ ਚਾਨਣਾ ਪਾਉ।

**ਦਾਦਾਸ਼੍ਰੀ** : ਮਨੁੱਖ ਨੂੰ ਤਿੰਨ ਬੰਧਨ ਹਨ – ਮਨ, ਬਚਨ ਅਤੇ ਕਰਮ। ਇਸੇ ਕਰਕੇ ਅਮਿਤ ਕਹਿੰਦਾ ਹੈ: "ਮੈਂ ਅਮਿਤ ਹਾਂ, ਮੈਂ ਇਕ ਕੁਲੈਕਟਰ ਹਾਂ, ਫਲਾਂ ਇਸਤਰੀ ਦਾ ਪਤੀ ਹਾਂ ਅਤੇ

ਉਸ ਬੱਚੇ ਦਾ ਪਿਤਾ ਹਾਂ।" ਪਰ ਕੀ ਤੁਸੀਂ ਸਦੀਵੀ ਕਾਲ ਲਈ ਕੁਲੈਕਟਰ ਹੋ? ਨਹੀਂ, ਇਹ ਤਾਂ ਇਕ ਬੰਧਨ ਹੈ। ਉਹ ਕਹੇਗਾ: "ਮੈਂ ਰਿਟਾਇਰ ਹੋ ਜਾਵਾਂਗਾ।" ਸੋ ਇਹ ਇਕ ਹੋਰ ਬੰਧਨ ਹੈ। ਇਕ ਹੋਰ ਸ਼ਰਾਬੀ ਵਿਅਕਤੀ ਨੂੰ ਵੇਖੋ: ਉਹ ਗੰਦੀ ਨਾਲੀ ਵਿੱਚ ਡਿੱਗਣ ਤੋਂ ਬਾਦ ਕੀ ਬੁੜਬੁੜਾਉਂਦਾ ਹੈ? ਉਹ ਕਹੇਗਾ: "ਮੈਂ ਸਾਯਾਜੀ ਰਾਓ ਗਾਇਕਵਾੜ ਹਾਂ! ਮੈਂ ਬਾਦਸ਼ਾਹ ਹਾਂ! ਮੈਂ ਇਕ ਮਹਾਰਾਜਾ ਹਾਂ!" ਕੀ ਸਾਨੂੰ ਇਹ ਸਮਝ ਨਹੀਂ ਆਵੇਗਾ ਕਿ ਇਹ ਵਿਅਕਤੀ ਸ਼ਰਾਬ ਦੇ ਨਸ਼ੇ ਵਿਚ ਪਾਗਲਾਂ ਵਾਂਗ ਕੁਝ ਵੀ ਬੋਲ ਰਿਹਾ ਹੈ? ਉਸੇ ਤਰ੍ਹਾਂ ਮਨ, ਬਚਨ ਅਤੇ ਕਰਮ ਤਿੰਨ ਭੂਤ ਵਿਅਕਤੀ ਨੂੰ ਚਿੰਬੜੇ ਹੋਏ ਹਨ ਅਤੇ ਉਹ ਵਿਅਕਤੀ ਨੂੰ ਵਿਸ਼ਵਾਸ਼ ਦਿਲਾ ਦਿੰਦੇ ਹਨ ਕਿ ਉਹ ਅਮਿਤ ਹੈ, ਉਹ ਕੁਲੈਕਟਰ ਹੈ, ਵਗੈਰਾ, ਵਗੈਰਾ। ਇਸ ਗਲਤ ਧਾਰਨਾ ਦੇ ਕਾਰਨ ਉਹ ਅਮਿਤ ਦੇ ਹਰ ਕਾਰਜ ਦੇ ਪ੍ਰਭਾਵ ਨੂੰ ਵੀ ਕਬੂਲ ਕਰਦਾ ਹੈ: ਜੇ ਅਮਿਤ ਖੁਸ਼ ਹੈ ਤਾਂ ਉਹ ਵੀ ਖੁਸ਼ ਹੈ ਅਤੇ ਜੇ ਅਮਿਤ ਨਾ-ਖੁਸ਼ ਹੈ ਤਾਂ ਉਹ ਗਮਗੀਨ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਵਧੇਰੇ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਮੈਂ ਇਕ ਸੱਚੀ ਘਟਨਾ ਬਿਆਨ ਕਰਦਾ ਹਾਂ। ਕਾਸ਼ੀ ਨਾਂ ਦੀ ਇਕ ਇਸਤਰੀ ਹੁੰਦੀ ਸੀ। ਉਹ ਸਾਰਾ ਸਮਾਂ ਦੂਸਰੀਆਂ ਇਸਤਰੀਆਂ ਨਾਲ ਗੱਪਾਂ ਮਾਰਨ ਵਿਚ ਲੱਗੀ ਰਹਿੰਦੀ। ਇਕ ਦਿਨ ਉਸਨੇ ਸਿਰ ਘੁੰਮਾਉਣਾ ਸ਼ੁਰੂ ਕਰ ਦਿੱਤਾ ਅਤੇ ਅੱਖਾਂ ਨੂੰ ਪੂਰਾ ਟੱਡ ਕੇ ਇੰਝ ਫੇਰਨ ਲੱਗੀ ਜਿਵੇਂ ਉਹ ਕਿਸੇ ਰੂਹ ਦੇ ਪ੍ਰਭਾਵ ਹੇਠ ਆ ਗਈ ਹੋਵੇ। ਉਹ ਬੜੀ ਭਿਆਨਕ ਜਾਪਦੀ ਸੀ। ਹਰ ਕੋਈ ਉਸ ਤੋਂ ਡਰਨ ਲੱਗ ਪਿਆ। ਉਸ ਦੇ ਇਕ ਗੁਆਂਢੀ ਨੇ ਕਿਹਾ, "ਉਹ ਕਿਸੇ ਭੈੜੀ ਰੂਹ ਦੇ ਪ੍ਰਭਾਵ ਹੇਠ ਹੈ; ਕਿਸੇ ਝਾੜਾ ਕਰਨ ਵਾਲੇ ਨੂੰ ਬੁਲਾਓ ਜਿਹੜਾ ਇਸ ਨੂੰ ਇਸ ਤੋਂ ਨਿਜਾਤ ਦਿਵਾਵੇ।" ਕਾਸ਼ੀ ਦੇ ਪਤੀ ਨੇ ਤੁਰੰਤ ਹੀ ਝਾੜਾ ਕਰਨ ਵਾਲਾ 'ਸਿਆਣਾ' ਬੁਲਾ ਲਿਆ ਅਤੇ ਉਸ 'ਸਿਆਣੇ' ਨੂੰ ਇਕਦਮ ਸਮਝ ਪੈ ਗਈ ਕਿ ਕਾਸ਼ੀ ਨੂੰ ਕੋਈ ਭੂਤ-ਪਰੇਤ ਚਿੰਬੜ ਗਿਆ ਹੈ। ਇਸ ਲਈ ਉਸ ਨੇ ਕਾਸ਼ੀ ਨੂੰ ਕੁੱਟਣਾ ਆਰੰਭ ਕਰ ਦਿੱਤਾ। ਕਾਸ਼ੀ ਤੁਰੰਤ ਉੱਚਾ-ਉੱਚਾ ਬੋਲਣ ਲੱਗੀ। 'ਸਿਆਣੇ' ਨੇ ਉਸ ਨੂੰ ਪੁੱਛਿਆ: "ਤੂੰ ਕੌਣ ਹੈ?" ਕਾਸ਼ੀ ਦਾ ਉੱਤਰ ਸੀ: "ਮੈਂ ਚੰਚਲ ਹਾਂ। ਮੈਂ ਚੰਚਲ ਹਾਂ।" 'ਸਿਆਣੇ' ਨੇ ਫਿਰ ਪੁੱਛਿਆ: 'ਤੂੰ ਕਿਥੋਂ ਆਈ ਹੈ?" ਚੰਚਲ (ਭੂਤ ਦੀ ਰੂਹ ਜਿਹੜੀ ਕਾਸ਼ੀ ਅੰਦਰ ਆ ਗਈ ਮੰਨੀ ਗਈ ਸੀ) ਕਹਿਣ ਲੱਗੀ: "ਇਸ ਕਾਸ਼ੀ ਨੇ ਮੇਰੇ ਪਤੀ ਨੂੰ ਆਪਣੇ ਮੋਹ-ਜਾਲ ਵਿਚ ਫਸਾ ਲਿਆ ਹੈ।" ਕਾਸ਼ੀ ਨੂੰ ਅੰਗਰੇਜ਼ੀ ਦਾ ਇਕ ਅੱਖਰ ਵੀ ਨਹੀਂ ਆਉਂਦਾ ਸੀ ਪਰ ਹੁਣ ਉਹ ਪਟਰ-ਪਟਰ ਅੰਗਰੇਜ਼ੀ ਬੋਲ ਰਹੀ ਸੀ ਕਿ "ਮੈਂ ਚੰਚਲ ਹਾਂ, ਮੈਂ ਚੰਚਲ ਹਾਂ।" ਇਹ ਕਿਵੇਂ ਸੰਭਵ ਸੀ? ਲੋਕਾਂ ਨੂੰ ਬਾਦ ਵਿਚ ਪਤਾ ਲੱਗਾ ਕਿ ਸਵਰਗਵਾਸੀ ਚੰਚਲ ਨਾਂ ਦੀ ਔਰਤ ਚੰਗੀ ਤਰ੍ਹਾਂ ਅੰਗਰੇਜ਼ੀ ਜਾਣਦੀ ਸੀ ਅਤੇ ਵਧੀਆ ਬੋਲ ਵੀ ਲੈਂਦੀ ਸੀ। 'ਸਿਆਣੇ' ਨੇ ਉਸ ਨੂੰ ਸਜਾ ਦਿੱਤੀ, ਮਨਾਇਆ ਵੀ, ਖੁਸ਼ਾਮਦ ਵੀ ਕੀਤੀ ਅਤੇ ਅਖ਼ੀਰ ਚੰਚਲ ਦੇ ਉਸ ਭੂਤ ਦੁਆਰਾ ਮੰਗੀਆਂ ਵਸਤਾਂ ਉਸ ਨੂੰ ਦੇ ਦਿੱਤੀਆਂ ਗਈਆਂ ਅਤੇ

ਬਦਲੇ ਵਿਚ ਉਸ ਨੇ ਕਾਸ਼ੀ ਨੂੰ ਮੁਕਤ ਕਰ ਦਿੱਤਾ।

ਇਹੋ ਜਿਹੀ ਹੈ ਭੂਤਾਂ-ਪਰੇਤਾਂ ਦੀ, ਰੂਹਾਂ ਦੀ ਦੁਨੀਆਂ। ਚੰਚਲ ਦਾ ਭੂਤ ਅਖ਼ੀਰ ਨੂੰ ਚਲਾ ਗਿਆ ਪਰੰਤੂ ਕੁੱਟ ਦੇ ਨਿਸ਼ਾਨ ਕਾਸ਼ੀ ਦੇ ਸਰੀਰ ਉਪਰ ਰਹਿ ਗਏ। ਕਾਸ਼ੀ ਨੂੰ ਇਨ੍ਹਾਂ ਦਾ ਦਰਦ ਉਦੋਂ ਤਕ ਸਹਿਣਾ ਪਿਆ ਜਦੋਂ ਤਕ ਇਹ ਜਖ਼ਮ ਪੂਰੀ ਤਰ੍ਹਾਂ ਭਰ ਨਹੀਂ ਗਏ।

ਮੈਂ ਮਨ, ਬਚਨ ਅਤੇ ਕਰਮ ਤਿੰਨਾਂ 'ਪਰੇਤਾਂ' ਹਿਤ 'ਸਿਆਣਾ' ਹਾਂ। ਇਨ੍ਹਾਂ ਨੇ ਤੁਹਾਨੂੰ ਕਾਬੂ ਕੀਤਾ ਹੋਇਆ ਹੈ। ਮੈਂ ਤੁਹਾਨੂੰ ਇਨ੍ਹਾਂ ਤਿੰਨਾਂ ਬੰਧਨਾਂ ਤੋਂ ਮੁਕਤ ਕਰਵਾ ਸਕਦਾ ਹਾਂ। ਪਰੰਤੂ ਜਿੰਨੀ ਦੇਰ ਤੱਕ ਇਨ੍ਹਾਂ ਬੰਧਨਾਂ ਦੇ ਨਿਸ਼ਾਨ ਨਹੀਂ ਜਾਂਦੇ ਉਦੋਂ ਤੱਕ ਤਾਂ ਤੁਹਾਨੂੰ ਚੁੱਪ ਕਰਕੇ ਇਨ੍ਹਾਂ ਦਾ ਦਰਦ, ਇਨ੍ਹਾਂ ਦਾ ਪ੍ਰਭਾਵ ਸਹਿਣਾ ਹੀ ਪਵੇਗਾ। ਹਾਂ, ਯਕੀਨਨ ਹੀ ਤੁਸੀਂ ਅਖ਼ੀਰ ਨੂੰ ਇਨ੍ਹਾਂ ਦੇ ਪ੍ਰਭਾਵ ਤੋਂ ਮੁਕਤ ਹੋ ਜਾਵੋਗੇ।

ਜੇਕਰ ਤੁਹਾਨੂੰ ਇਹ ਸਮਝ ਆ ਗਈ ਹੈ ਕਿ ਮਨ, ਬਚਨ ਅਤੇ ਬੰਧਨ ਹਨ ਜਿਨ੍ਹਾਂ ਨੇ ਤੁਹਾਨੂੰ ਆਪਣੇ ਪ੍ਰਭਾਵ ਅਧੀਨ ਲਿਆ ਹੋਇਆ ਹੈ ਤਾਂ ਇਸ ਦਾ ਭਾਵ ਇਹ ਕਿ ਤੁਸੀਂ ਤੁਸੀਂ ਧਰਮ-ਗਰੰਥਾਂ ਦਾ ਅੱਧਾ ਭਾਵ ਸਮਝ ਲਿਆ ਹੈ।

ਤੁਹਾਨੂੰ ਆਪਣਾ ਘਰ-ਬਾਰ, ਪਤਨੀ, ਬੱਚੇ ਅਤੇ ਹੋਰ ਘਰੇਲੂ ਸੁਖ-ਸਹੂਲਤਾਂ ਤਿਆਗਣ ਦੀ ਲੋੜ ਨਹੀਂ। ਪਰੰਤੂ ਤੁਸੀਂ ਇਨ੍ਹਾਂ ਤਿੰਨ ਬੰਧਨਾਂ, ਜਿਨ੍ਹਾਂ ਨੇ ਤੁਹਾਨੂੰ ਆਪਣੇ ਪ੍ਰਭਾਵ ਅਧੀਨ ਕੀਤਾ ਹੋਇਆ ਹੈ, ਤੋਂ ਮੁਕਤ ਹੋਣਾ ਪਵੇਗਾ।

## 19

## ਪਵਿੱਤਰ ਧਰਮ-ਗਰੰਥ - ਆਗਮ ਨਿਗਮ

**ਪ੍ਰਸ਼ਨ-ਕਰਤਾ** : ਮੇਰੀ ਜਾਚੇ ਹਰ ਕਿਸੇ ਨੂੰ ਧਰਮ ਗਰੰਥਾਂ ਅਤੇ ਹੋਰ ਧਾਰਮਿਕ ਪੁਸਤਕਾਂ ਦਾ ਡੂੰਘਾ ਅਧਿਐਨ ਕਰਨਾ ਚਾਹੀਦਾ ਹੈ।

**ਦਾਦਾਸ਼੍ਰੀ** : ਸਾਡੇ ਪੁਰਾਤਨ ਧਰਮ-ਗਰੰਥਾਂ ਵਿਚੋਂ ਆਗਮਾਂ ਨੂੰ ਬਿਨਾਂ ਗਿਆਨੀ-ਪੁਰਸ਼ ਦੀ ਅਗਵਾਈ ਅਤੇ ਸਹਾਇਤਾ ਦੇ ਸਮਝਿਆ ਨਹੀਂ ਜਾ ਸਕਦਾ। ਸਿਰਫ਼ ਇਕ ਗਿਆਨਵਾਨ ਪ੍ਰਾਣੀ ਹੀ ਆਗਮਾਂ ਦੀ ਸਮਝ ਰਖਦਾ ਹੈ। ਜਿਹੜਾ ਵਿਅਕਤੀ ਆਪਣੇ ਬਾਰੇ ਹੀ ਅਗਿਆਨੀ ਹੈ ਉਹ ਆਗਮਾਂ ਨੂੰ ਕਿਵੇਂ ਸਮਝ ਸਕੇਗਾ? ਮੇਰੇ ਸਾਹਮਣੇ ਆਗਮ ਅਤੇ ਨਿਗਮ ਇਕ ਖੁੱਲ੍ਹੀ ਪੁਸਤਕ ਵਾਂਗ ਹਨ।

**ਪ੍ਰਸ਼ਨ-ਕਰਤਾ** : ਇਨ੍ਹਾਂ ਦਾ ਤੱਤ-ਸਾਰ ਕੀ ਹੈ, ਮਹਾਰਾਜ?

**ਦਾਦਾਸ਼੍ਰੀ** : ਆਪਣੇ ਅੰਦਰਲੇ ਨਿਜ ਦੀ ਖੋਜ। ਤੁਸੀਂ ਇਹ ਕਿਉਂ ਕਹਿੰਦੇ ਰਹਿੰਦੇ ਹੋ ਕਿ 'ਮੈਂ

ਹਾਂ, ਮੈਂ ਹਾਂ'?

ਤੁਸੀਂ ਇਸ ਸਰੀਰ ਨੂੰ ਕਹਿੰਦੇ ਹੋ ਕਿ 'ਮੈਂ ਹਾਂ'। ਇਹ ਸਰੀਰ ਤਾਂ ਬੱਸ ਪੰਜ ਤੱਤਾਂ ਦਾ ਪੁਤਲਾ ਹੈ। ਇਹ 'ਪੂਰਨ' ਅਤੇ 'ਭੰਜਨ', ਕਰਨ ਅਤੇ ਵਿਸਰਜਨ ਦੀ ਲਗਾਤਾਰ ਪ੍ਰਕ੍ਰਿਆ ਵਿਚੋਂ ਗੁਜਰਦਾ ਰਹਿੰਦਾ ਹੈ। ਇਹ ਬਣਦਾ ਅਤੇ ਖ਼ਤਮ ਹੁੰਦਾ ਰਹਿੰਦਾ ਹੈ।

ਹਰ ਕੋਈ ਦੌਲਤ ਇੱਕਠੀ ਕਰਨ ਬਾਰੇ ਸੋਚਦਾ ਹੈ। ਪਰੰਤੂ ਦੌਲਤ ਵੀ ਸਰੀਰ ਦੀ ਨਿਆਈਂ ਆਉਂਦੀ-ਜਾਂਦੀ ਰਹਿੰਦੀ ਹੈ। ਤੁਹਾਡੀ ਅਕਾਂਊਂਟ-ਬੁੱਕ ਵਿਚ ਕਿੰਨੇ ਖਾਨੇ ਹਨ? ਦੋ ਹੀ ਖਾਨੇ ਹਨ - ਇਕ ਆਮਦਨ ਦਾ ਦੂਜਾ ਖ਼ਰਚੇ ਦਾ, ਇਕ ਪੈਸਾ ਜਮ੍ਹਾਂ ਹੋਣ ਦਾ ਅਤੇ ਦੂਜਾ ਪੈਸਾ ਨਿਕਲਣ ਦਾ। ਤੁਹਾਡੀ ਇਸ ਅਕਾਂਊਂਟ-ਬੁੱਕ ਵਿਚ ਸਿਰਫ਼ ਆਮਦਨ ਵਾਲਾ, ਭਾਵ ਪੈਸਾ ਜਮ੍ਹਾਂ ਹੋਣ ਵਾਲਾ ਹੀ ਖਾਨਾ ਹੋਵੇ ਇਹ ਤਾਂ ਹੋ ਨਹੀਂ ਸਕਦਾ। ਜੇ ਤੁਸੀਂ ਕਮਾਉਂਦੇ ਹੋ ਅਤੇ ਪੈਸਾ ਜਮਾਂ ਹੁੰਦਾ ਹੈ ਤਾਂ ਇਸ ਦੇ ਨਾਲ ਹੀ ਤੁਸੀਂ ਕਈ ਬਿਲ ਵੀ ਭਰਨੇ ਹੁੰਦੇ ਹਨ ਜਿਸ ਨਾਲ ਪੈਸਾ ਨਿਕਲਦਾ ਵੀ ਹੈ। ਤੁਹਾਡਾ ਭੋਜਨ ਕਰਨਾ ਵੀ ਇਸ 'ਭਰਨ' ਦੀ ਤਰ੍ਹਾਂ ਹੀ ਹੈ। ਇਹ ਭੋਜਨ ਹਜ਼ਮ ਹੋਣ ਉਪਰੰਤ ਟੱਟੀ/ਪਿਸ਼ਾਬ ਦੇ ਰੂਪ ਵਿਚ 'ਨਿਕਲ' ਵੀ ਜਾਂਦਾ ਹੈ। ਇਸੇ ਤਰ੍ਹਾਂ ਕਈ ਤਰ੍ਹਾਂ ਦੇ ਵਿਚਾਰ ਤੁਹਾਡੇ ਮਨ ਅੰਦਰ ਆਉਂਦੇ-ਜਾਂਦੇ ਰਹਿੰਦੇ ਹਨ।

ਇਕ ਗਿਆਨੀ ਪੁਰਸ਼ ਇਸ ਸੰਸਾਰ ਨੂੰ ਇਨ੍ਹਾਂ ਦੋ ਕ੍ਰਿਆਵਾਂ ਅਤੇ ਸ਼ੁੱਧ ਆਤਮਾ ਦਾ ਸਥਾਨ ਸਮਝਦਾ ਹੈ। ਇਸ ਸੰਸਾਰ ਵਿਚ ਜੋ ਵੀ ਵਾਪਰ ਰਿਹਾ ਹੈ ਉਹ ਸਭ ਇਨ੍ਹਾਂ ਪਦਾਂ ਵਿਚ ਸੰਮਿਲਤ ਹੈ।

## 20
## ਪੂਰਨ ਅਤੇ ਗਲਨ

**ਪ੍ਰਸ਼ਨ-ਕਰਤਾ** : ਜੀਵਨ ਦੌਰਾਨ ਵਾਪਰ ਰਹੇ ਪੂਰਨ ਅਤੇ ਗਲਨ ਬਾਰੇ ਹੋਰ ਵਿਸਥਾਰ ਵਿਚ ਸਮਝਾਉਣ ਦੀ ਕ੍ਰਿਪਾ ਕਰੋ।

**ਦਾਦਾਸ਼੍ਰੀ** : ਇਕ ਵਿਅਕਤੀ ਖਾਂਦਾ ਹੀ ਰਹਿੰਦਾ ਹੈ ਅਤੇ ਬਹੁਤ ਮੋਟਾ ਹੋ ਜਾਂਦਾ ਹੈ। ਪਰੰਤੂ ਜੇ 'ਗਲਨ' ਨਾ ਹੋਵੇ ਤਾਂ ਉਸ ਦਾ ਪੇਟ ਬਹੁਤ ਫੁੱਲ ਜਾਵੇਗਾ। ਸ਼ਾਇਦ ਇਹ ਅਹਿਸਾਸ ਕਿਸੇ ਨੂੰ ਵੀ ਨਹੀਂ ਕਿ ਖਾਣੇ ਦੀ ਤਰ੍ਹਾਂ ਧਨ ਦਾ ਵੀ ਕੁਦਰਤੀ ਨਿਕਾਸ ਹੋਣਾ ਹੀ ਹੈ। ਕੀ ਤੁਸੀਂ ਕੋਈ ਅਜਿਹਾ ਵਿਅਕਤੀ ਲਭ ਸਕਦੇ ਹੋ ਜਿਹੜਾ ਇਸ ਪੂਰਨ-ਗਲਨ ਦੀ ਪ੍ਰਕ੍ਰਿਆ ਤੋਂ ਮੁਕਤ ਹੋਵੇ? ਇਕ ਵੱਡੇ ਦਰਿਆ ਵਿਚ ਵੀ ਬਹੁਤ ਸਾਰਾ ਪਾਣੀ ਪੈਂਦਾ ਰਹਿੰਦਾ ਹੈ ਅਤੇ ਬਹੁਤ ਸਾਰਾ ਨਿਕਲਦਾ ਵੀ ਰਹਿੰਦਾ ਹੈ। ਪਰੰਤੂ ਗਰਮੀਆਂ ਦੇ ਮੌਸਮ ਵਿਚ ਉਥੇ ਵੀ ਪਾਣੀ ਸੁੱਕ ਜਾਦਾ ਹੈ।

ਮੈਂ ਕਈ ਡਾਕਟਰਾਂ ਨੂੰ ਪੁੱਛਿਆ ਕਿ ਸਾਡੇ ਨਹੁੰ ਕਿਉਂ ਵਧਦੇ ਹਨ? ਉਨ੍ਹਾਂ ਦਾ ਉੱਤਰ ਸੀ ਕਿ ਇਹ ਕੈਲਸ਼ੀਅਮ ਦੇ ਕਾਰਨ ਹੈ। ਪਰੰਤੂ ਇਹ ਸਿਰਫ਼ ਇੰਨੀ ਹੀ ਗੱਲ ਨਹੀਂ। ਅਸਲ ਵਿਚ, ਇਹ ਗਲਨ ਹੈ - ਬੇਲੋੜੇ ਤੱਤ ਨੂੰ ਬਾਹਰ ਕੱਢ ਸੁੱਟਣਾ। ਵਿਵਸਥਿਤ ਸ਼ਕਤੀ ਦੇ ਕਰਕੇ ਖਾਣਾ ਖਾਣ ਤੋਂ ਪੈਦਾ ਹੋਈ ਊਰਜਾ ਕਰਕੇ ਹੱਡੀਆਂ ਵਧਦੀਆਂ ਹਨ ਅਤੇ ਫਿਰ ਇਹ ਨਹੁੰਆਂ ਦੇ ਰੂਪ ਵਿਚ ਬਾਹਰ ਕੱਢ ਦਿੱਤੀਆਂ ਜਾਂਦੀਆਂ ਹਨ। ਜਿਹੜੀ ਵਸਤੂ ਬੇਲੋੜੀ ਹੋ ਗਈ ਉਸ ਨੂੰ ਕੱਢ ਕੇ ਬਾਹਰ ਸੁੱਟ ਦਿੱਤਾ: ਇਹ ਕੁਦਰਤੀ ਨਿਯਮ ਅਨੁਸਾਰ ਹੈ।

ਪੂਰਨ ਅਤੇ ਗਲਨ ਦੇ ਇਕੱਠੇ ਹੋਣ ਕਰਕੇ ਪੁਦਗਲ ਵਿਚ ਤਬਦੀਲੀ ਆਉਂਦੀ ਹੈ। 25 ਵਰ੍ਹਿਆਂ ਦੀ ਉਮਰ ਵਿਚ ਤੁਹਾਨੂੰ ਸਰੀਰ ਅੰਦਰ ਉਹ ਸੈੱਲ ਨਹੀਂ ਮਿਲਣਗੇ ਜਿਹੜੇ 10 ਸਾਲ ਦੀ ਉਮਰੇ ਹੁੰਦੇ ਸੀ। ਪੁਰਾਣੇ ਸੈੱਲਾਂ ਦਾ ਪ੍ਰਤਿਸਥਾਪਨ ਹੁੰਦਾ ਰਹਿੰਦਾ ਹੈ। ਸੈੱਲਾਂ ਦੇ ਪੂਰਨ-ਗਲਨ ਦੀ ਪ੍ਰਕ੍ਰਿਆ ਚਲਦੀ ਰਹਿੰਦੀ ਹੈ।

ਇਕ ਵਿਅਕਤੀ ਦੇ ਅੰਦਰ ਬੁਰਾਈ ਪਨਪਦੀ ਰਹਿੰਦੀ ਹੈ ਪਰੰਤੂ ਉਸ ਨੂੰ ਇਸ ਬੁਰਾਈ ਦਾ ਖ਼ਤਰਾ ਉਦੋਂ ਮਹਿਸੂਸ ਹੋਵੇਗਾ ਜਦੋਂ ਇਹ ਬੁਰਾਈ ਬਾਹਰ ਆਵੇਗੀ। ਉਦੋਂ ਇਹ ਦੁੱਖ ਅਤੇ ਗ਼ਮ ਦਾ ਕਾਰਨ ਬਣਦੀ ਹੈ। ਇਹ ਤਾਂ ਇੰਝ ਹੈ ਮਾਨੋ ਅੱਗ ਦੇ ਜਾਂ ਜਵਾਲਾਮੁਖੀ ਦੇ ਉਪਰ ਬੈਠਣਾ। ਜੇ ਤੁਸੀਂ ਆਪਣੇ ਸਵੈ ਨੂੰ ਗੁਣਾਤਮਕ ਕਾਰਜਾਂ ਨਾਲ ਇਕਮਿਕ ਕਰਦੇ ਹੋ ਤਾਂ ਤੁਸੀਂ ਉਨ੍ਹਾਂ ਕੰਮਾਂ ਦੇ ਵਧੀਆ ਫਲ ਦਾ ਆਨੰਦ ਮਾਣੋਗੇ। ਪੂਰਨ ਤੋਂ ਹਮੇਸ਼ਾ ਸਾਵਧਾਨ ਰਹੋ: ਬਹੁਤ ਸੋਚ-ਵਿਚਾਰ ਉਪਰੰਤ ਹੀ ਅੰਦਰ ਲੈਣ ਦੀ ਇਜ਼ਾਜ਼ਤ ਦਿਉ।

**ਪ੍ਰਸ਼ਨ-ਕਰਤਾ** : ਦੌਲਤ ਬਾਰੇ ਕੁਦਰਤ ਦਾ ਕਾਨੂੰਨ ਕੀ ਹੈ?

**ਦਾਦਾਸ਼੍ਰੀ** : ਇਹ ਗੱਲ ਹਮੇਸ਼ਾ ਯਾਦ ਰਖੋ ਕਿ ਜੇ ਤੁਸੀਂ ਗਲਤ ਢੰਗਾਂ ਰਾਹੀਂ ਜਾਂ ਦੂਸਰਿਆਂ ਨਾਲ ਠੱਗੀ ਮਾਰ ਕੇ ਦੌਲਤ ਇਕੱਠੀ ਕਰਦੇ ਹੋ ਤਾਂ ਇਹ ਤੁਹਾਡੇ ਪਾਸ ਟਿਕੇਗੀ ਨਹੀਂ। ਜੇ ਤੁਸੀਂ ਇਸ ਧਨ ਨੂੰ ਬੈਂਕ ਵਿਚ ਵੀ ਜਮ੍ਹਾਂ ਕਰਵਾ ਦਿੰਦੇ ਹੋ ਤਾਂ ਵੀ ਇਹ ਚਲੀ ਜਾਵੇਗੀ ਅਤੇ, ਇਸ ਦੌਲਤ ਨੂੰ ਕਮਾਉਣ ਹਿਤ ਜਿਹੜੇ ਬੁਰੇ ਤਰੀਕੇ ਤੁਸੀਂ ਵਰਤੇ ਸਨ ਅਤੇ ਜੋ ਬੁਰਾ ਤੁਸੀਂ ਚਿਤਵਿਆ ਸੀ ਉਹ ਹਮੇਸ਼ਾ ਤੁਹਾਡੇ ਨਾਲ ਜਾਵੇਗਾ। ਜਦ ਇਸ 'ਪੂਰਨ' ਦੇ 'ਗਲਨ' ਦਾ ਸਮਾਂ ਆਵੇਗਾ ਤਾਂ ਉਸ ਸਮੇਂ ਤੁਹਾਡੇ ਨਾਲ ਕੀ ਵਾਪਰੇਗਾ। ਲੱਛਮੀ ਨੂੰ ਕੋਈ ਬੰਨ ਕੇ ਨਹੀਂ ਰਖ ਸਕਦਾ। ਉਹ ਪਰਮਾਤਮਾ ਦੀ ਪਤਨੀ ਹੈ। ਉਸ ਪਤਨੀ ਦੀ ਦਸ਼ਾ ਕੀ ਹੋਵੇਗੀ ਜਿਹੜੀ ਪਹਿਲੀ ਵਾਰ ਪਤੀ ਦੇ ਘਰ ਆਈ ਹੋਵੇ ਅਤੇ ਪਤੀ ਉਸ ਨੂੰ ਘਰ ਦੇ ਅੰਦਰ ਬੰਦ ਕਰ ਲਵੇ ਅਤੇ ਪੇਕੇ-ਘਰ ਜਾਣ ਹੀ ਨਾ ਦੇਵੇ? ਲੋਕਾਂ ਨੇ ਲੱਛਮੀ ਨਾਲ ਇੰਝ ਹੀ ਕਰਨਾ ਸ਼ੁਰੂ ਕਰ ਦਿੱਤਾ ਹੈ। ਉਹ ਵੀ ਅਜਿਹੇ ਲੋਕਾਂ ਤੋਂ ਤੰਗ ਆ ਚੁੱਕੀ ਹੈ।

ਜਦੋਂ ਵੀ ਲੱਛਮੀ ਮੈਨੂੰ ਬੜੋਦਾ ਸਟੇਸ਼ਨ ਉਪਰ ਮਿਲਦੀ ਹੈ ਤਾਂ ਮੈਂ ਹੱਥ ਜੋੜ ਕੇ ਉਸ ਨੂੰ ਕਹਿੰਦਾ ਹਾਂ: "ਮਕਾਨ ਨੰ: 6, ਮਾਮਾਜ਼ ਸਟਰੀਟ। ਜਦੋਂ ਵੀ ਤੇਰਾ ਮਨ ਕਰੇ ਆ ਜਾਣਾ ਅਤੇ

ਜਦੋਂ ਮਨ ਕਰੇ ਚਲੀ ਜਾਣਾ।" ਉੱਤਰ ਵਿਚ ਲੱਛਮੀ ਮੈਨੂੰ ਕਹਿੰਦੀ ਹੇ: "ਮੈਂ ਅਮੀਰ ਲੋਕਾਂ ਕੋਲ ਰਹਿ ਕੇ ਤੰਗ ਆ ਚੁੱਕੀ ਹਾਂ। ਇਸ ਲਈ ਮੈਂ ਹੁਣ ਤੁਹਾਡੇ ਤੋਂ ਦੀਖਿਆ ਪ੍ਰਾਪਤ ਮਹਾਤਮਾ-ਜਨਾਂ ਦੇ ਘਰ ਜਾਵਾਂਗੀ। ਜਦੋਂ ਮੈਂ ਉਨ੍ਹਾਂ ਦੇ ਘਰ ਜਾਂਦੀ ਹਾਂ ਤਾਂ ਉਹ ਮੇਰਾ ਹਾਰ ਪਾ ਕੇ ਸੁਆਗਤ ਕਰਦੇ ਹਨ ਅਤੇ ਜਦੋਂ ਮੈਂ ਉਨ੍ਹਾਂ ਦੇ ਘਰੋਂ ਜਾਣਾ ਹੁੰਦਾ ਹੈ ਤਾਂ ਵੀ ਉਹ ਮੇਰੇ ਹਾਰ ਪਾ ਕੇ ਮੈਨੂੰ ਵਿਦਾ ਕਰਦੇ ਹਨ ਅਤੇ ਮੈਂ ਚਲੀ ਜਾਂਦੀ ਹਾਂ। ਮੈਂ ਉਨ੍ਹਾਂ ਲੋਕਾਂ ਦੇ ਘਰ ਜਾਣਾ ਪਸੰਦ ਨਹੀਂ ਕਰਦੀ ਜਿਹੜੇ ਮੇਰੇ ਉਪਰ ਕਬਜ਼ਾ ਕਰਕੇ ਬੈਠ ਜਾਂਦੇ ਹਨ ਅਤੇ ਨਾ ਹੀ ਮੈਂ ਉਨ੍ਹਾਂ ਦੇ ਘਰ ਜਾਂਦੀ ਹਾਂ ਜਿਹੜੇ ਮੇਰੀ ਬੇਇਜ਼ਤੀ ਕਰਦੇ ਹਨ।" ਦੌਲਤ ਆਉਂਦੀ ਜਾਂਦੀ ਰਹਿੰਦੀ ਹੈ। ਇਹ ਦਸ ਸਾਲ ਤੋਂ ਵੱਧ ਕਿਸੇ ਕੋਲ ਨਹੀਂ ਰਹਿੰਦੀ। ਇਹੋ ਇਸ ਦਾ ਸੁਭਾਅ ਹੈ। ਅਸਲ ਵਿਚ, ਚੀਜਾਂ ਦਾ ਆਉਣਾ ਅਤੇ ਚਲੇ ਜਾਣਾ ਇਹ ਦੁਨੀਆਂ ਦੀ ਰੀਤ ਹੈ।

**ਪ੍ਰਸ਼ਨ-ਕਰਤਾ** : ਸ੍ਰੀਮਾਨ ਜੀ! ਕੀ ਚੰਗਾ ਹੈ ਅਤੇ ਕੀ ਬੁਰਾ?

**ਦਾਦਾਸ਼੍ਰੀ** : ਜਦੋਂ ਤੁਸੀਂ ਘਰ ਆਏ ਕਿਸੇ ਵਿਅਕਤੀ ਦਾ ਨਿੱਘਾ ਸੁਆਗਤ ਕਰਦੇ ਹੋ ਤਾਂ ਉਸ ਦੇ ਚਿਹਰੇ ਉਪਰ ਕਿਹੋ ਜਿਹੇ ਹਾਵ-ਭਾਵ ਹੁੰਦੇ ਹਨ, ਅਤੇ ਜੇ ਤੁਸੀਂ ਉਸ ਨੂੰ ਬਦਮਾਸ਼ ਕਹੋ ਤਾਂ ਫਿਰ ਕਿਸ ਤਰ੍ਹਾਂ ਦੇ ਵੱਖਰੇ ਹਾਵ-ਭਾਵ ਹੋਣਗੇ?

ਇਹ ਸਾਰਾ ਸੰਸਾਰ ਚਿੰਤਾਵਾਂ ਦੇ ਜਾਲ ਵਿਚ ਉਲਝਿਆ ਹੋਇਆ ਹੈ। ਕਿਸੇ ਨੂੰ ਵੀ ਆਂਤਰਿਕ ਸ਼ਾਂਤੀ ਜਾਂ ਸਹਿਜ ਨਹੀਂ ਮਿਲਦਾ - ਨਾ ਸੰਨਿਆਸੀ ਨੂੰ ਅਤੇ ਨਾ ਗ੍ਰਹਿਸਥੀ ਨੂੰ। ਸੰਪੂਰਨ ਸ਼ਾਂਤੀ ਅਤੇ ਅਨੰਦ ਦੀ ਸਥਿਤੀ ਤਾਂ ਸਵੈ-ਪਹਿਚਾਣ ਦਾ ਫ਼ਲ ਹੈ। ਹਰ ਵਿਅਕਤੀ ਨੇ ਭਵਸਾਗਰ ਨੂੰ ਪਾਰ ਕਰਕੇ ਸੰਪੂਰਨ ਆਨੰਦ ਦੀ ਸਥਿਤੀ ਦੀ ਪ੍ਰਾਪਤੀ ਹਿਤ ਪਾਰਲੇ ਕੰਢੇ ਪਹੁੰਚਣਾ ਹੈ। ਜੇ ਕੋਈ ਵਿਅਕਤੀ ਇਸ ਰਸਤੇ ਉਪਰ ਪ੍ਰਗਤੀ ਹਿਤ ਇਕ-ਇਕ ਕਦਮ ਚਲਦਾ ਹੈ ਤਾਂ ਉਸ ਨੂੰ ਕਿੰਨੀ ਮਿਹਨਤ ਕਰਨੀ ਪਵੇਗੀ ਅਤੇ ਕਿੰਨਾ ਕਸ਼ਟ ਸਹਿਣਾ ਪਵੇਗਾ। ਪਰੰਤੂ ਸਾਡੇ ਅਕਰਮ ਮਾਰਗ ਉਪਰ ਚਲਣ ਹਿਤ ਮੈਂ ਤੁਹਾਨੂੰ ਸਵੈ-ਪਹਿਚਾਣ ਨਾਲ ਵਰੋਸਾਉਂਦਾ ਹੈ ਅਤੇ ਇਸ ਨਾਲ ਸੰਪੂਰਨ ਸਹਿਜ ਅਤੇ ਅਨੰਦ ਦੀ ਸਦੀਵੀ ਅਵਸਥਾ ਇਕ ਛਿਣ ਵਿਚ ਪ੍ਰਾਪਤ ਹੋ ਜਾਂਦੀ ਹੈ।

## 21

## ਤ੍ਰੈਮੰਤਰ: ਸਮਸਤ ਦੁਨਿਆਵੀ ਮੁਸ਼ਕਿਲਾਂ ਦਾ ਸਮਾਧਾਨ

**ਪ੍ਰਸ਼ਨ-ਕਰਤਾ** : ਵੱਖ-ਵੱਖ ਧਰਮਾਂ ਦੁਆਰਾ ਜਾਪ ਹਿਤ ਵੱਖ-ਵੱਖ ਮੰਤਰ ਨਿਰਧਾਰਤ ਕੀਤੇ ਗਏ ਹਨ। ਇਨ੍ਹਾਂ ਵਿਚੋਂ ਸਾਡੇ ਲਈ ਕਿਹੜਾ ਮੰਤਰ ਸਭ ਤੋਂ ਵਧੇਰੇ ਯੋਗ ਹੈ?

**ਦਾਦਾਸ਼੍ਰੀ** : 'ਮੰਤਰ' ਦਾ ਅਸਲੀ ਅਰਥ ਕੀ ਹੈ? ਮੰਤਰ ਉਹ ਹੈ ਜਿਹੜਾ ਸਾਡੇ ਮਨ ਨੂੰ ਸਦੈਵ ਸ਼ਾਂਤੀ ਨਾਲ ਲਬਰੇਜ਼ ਰੱਖੇ। ਭਗਵਾਨ ਰਿਸ਼ਭਦੇਵ ਨੇ ਆਪਣੀ ਦਿਆਲਤਾ ਰਾਹੀਂ ਸਾਨੂੰ ਤਿੰਨ

ਸਨਾਤਨ ਮੰਤਰਾਂ ਨਾਲ ਨਿਵਾਜਿਆ ਤਾਂ ਜੋ ਜਦੋਂ ਵੀ ਲੋਕ ਪ੍ਰਭੂ ਦੀ ਪੂਜਾ ਕਰਨ ਤਾਂ ਉਨ੍ਹਾਂ ਨੂੰ ਕਿਸੇ ਦੁਨਿਆਵੀ ਔਕੜਾਂ ਦਾ ਸਾਹਮਣਾ ਨਾ ਕਰਨਾ ਪਵੇ।

**ਪ੍ਰਸ਼ਨ-ਕਰਤਾ** : ਸ੍ਰੀਮਾਨ ਜੀ, ਉਹ ਮਹਾਨ ਮੰਤਰ ਕਿਹੜੇ ਹਨ?

**ਦਾਦਾਸ਼੍ਰੀ** : ਉਹ ਮੰਤਰ ਇਸ ਤਰ੍ਹਾਂ ਹਨ। ਤੁਸੀਂ ਮੇਰਾ ਅਨੁਸਰਣ ਕਰੋ। ਇਹ ਮੰਤਰ ਇਸ ਬ੍ਰਹਿਮੰਡ ਵਿਚ ਜਿਨ੍ਹਾਂ ਮਹਾਨ ਆਤਮਾਵਾਂ, ਭਾਵੇਂ ਉਹ ਕਿਸੇ ਵੀ ਧਰਮ, ਵਿਸ਼ਵਾਸ਼, ਜਾਤ, ਜਮਾਤ ਜਾਂ ਕੰਮ ਨਾਲ ਸੰਬੰਧਤ ਸਨ, ਨੇ ਸਰਵ-ਉੱਚ ਆਤਮਕ ਸਥਿਤੀ ਪ੍ਰਾਪਤ ਕੀਤੀ ਉਨ੍ਹਾਂ ਅੱਗੇ ਅਰਦਾਸ ਦੇ ਰੂਪ ਵਿਚ ਹਨ।

## 1. 'ਨਵਕਾਰ' ਮੰਤਰ:

ਨਮੋ ਅਰਿਹੰਤਾਣ, ਭਾਵ ਮੈਂ ਅਰਿਹੰਤਾਂ ਅੱਗੇ ਨਿਵ ਕੇ ਨਮਸਕਾਰ ਕਰਦਾ ਹਾਂ - ਉਹ ਅਰਿਹੰਤ ਜਿਹੜੇ ਆਪਣੇ ਅੰਦਰਲੇ ਦੁਸ਼ਮਣਾਂ, ਭਾਵ ਕ੍ਰੋਧ, ਹੰਕਾਰ, ਕਪਟ, ਲੋਭ, ਆਦਿ, ਨੂੰ ਪੂਰੀ ਤਰ੍ਹਾਂ ਮੁਕਾ ਕੇ ਇਸ ਬ੍ਰਹਿਮੰਡ ਵਿਚ ਵਿਚਰ ਰਹੇ ਹਨ। ਨਮੋ ਸਿੱਧਾਣੇ, ਭਾਵ ਮੈਂ ਉਨ੍ਹਾਂ ਸਿੱਧਾਂ ਨੂੰ ਨਿਵ ਕੇ ਨਮਸਕਾਰ ਕਰਦਾ ਹਾਂ ਜਿਨ੍ਹਾਂ ਨੇ ਆਪਣੇ ਕਰਮਾਂ ਨੂੰ ਪੂਰੀ ਤਰ੍ਹਾਂ ਮੁਕਾ ਲਿਆ ਹੈ ਅਤੇ ਮੁਕਤ-ਪਦ ਦੀ ਪ੍ਰਾਪਤੀ ਕਰ ਲਈ ਹੈ ਅਤੇ ਇਸ ਤਰ੍ਹਾਂ ਆਵਾਗਵਣ ਦੇ ਅਟੁੱਟ ਚੱਕਰ ਤੋਂ ਅਜ਼ਾਦ ਹੋ ਗਏ ਹਨ।

ਨਮੋ ਆਯਰਿਆਣੰ, ਭਾਵ ਮੈਂ ਉਨ੍ਹਾਂ ਸਭ ਆਚਾਰੀਆਂ ਨੂੰ ਨਿਵ ਕੇ ਨਮਸਕਾਰ ਕਰਦਾ ਹਾਂ ਜਿਨ੍ਹਾਂ ਨੇ ਆਪਣੀ ਸ਼ੁੱਧ ਆਤਮਾ ਨੂੰ ਪਹਿਚਾਣ ਲਿਆ ਹੈ ਅਤੇ ਜਿਨ੍ਹਾਂ ਦੀ ਆਪਣੀ ਪਵਿੱਤਰ ਦੈਵੀ ਜੀਵਨ-ਜਾਚ ਲੋਕਾਂ ਵਾਸਤੇ ਆਤਮ ਉੱਚਤਾ ਪ੍ਰਾਪਤ ਕਰਨ ਹਿਤ ਇਕ ਜੀਵਿਤ ਉਦਾਹਰਣ ਹੈ।

ਨਵੋ ਉਵਝੱਯਣੰ, ਭਾਵ ਮੈਂ ਉਨ੍ਹਾਂ ਸਾਰੇ ਉਪਾਧਯ-ਜਨਾਂ ਯਾਨੀ ਆਤਮਕ ਰਹਿਬਰਾਂ ਨੂੰ ਨਮਸਕਾਰ ਕਰਦਾ ਹਾਂ ਜਿਹੜੇ ਆਤਮਕ ਗਿਆਨ ਦੀ ਪ੍ਰਾਪਤੀ ਵਿਚ ਲੀਨ ਹਨ ਅਤੇ ਹੋਰ ਜਗਿਆਸੂਆਂ ਨੂੰ ਵੀ ਇਹ ਗਿਆਨ ਦੇ ਰਹੇ ਹਨ।

ਨਮੋ ਲੋਏ ਸਵਸਾਹੂਣੰ, ਭਾਵ ਮੈਂ ਉਨ੍ਹਾਂ ਸਾਰੇ ਨਿਜ-ਸਰੂਪ ਨੂੰ ਪ੍ਰਾਪਤ ਸਾਧੂ-ਜਨਾਂ ਨੂੰ ਨਮਸਕਾਰ ਕਰਦਾ ਹਾਂ ਜਿਹੜੇ ਆਤਮਕ ਪ੍ਰਗਤੀ ਦੇ ਰਸਤੇ ਉਪਰ ਚਲ ਰਹੇ ਹਨ।

ਐਸੋ ਪੰਚ ਨਮਸਕਾਰੋ
ਸਵ ਪਾਵਪਣਾਸਣੋ
ਮੰਗਲਾਣੰ ਨਾ ਸੱਚੇਸਿ
ਪਢਮੰ ਹਵਈ ਮੰਗਲੰ

ਭਾਵ ਮੈਂ ਉਨ੍ਹਾਂ ਸਾਰੇ ਮਹਾਨ ਵਿਅਕਤੀਆਂ ਨੂੰ ਨਮਸਕਾਰ ਕਰਦਾ ਹਾਂ ਜਿਹੜੇ ਆਤਮਕ ਪ੍ਰਗਤੀ ਦੀਆਂ ਸਤਿਕਾਰਤ ਪੰਜ ਅਵਸਥਾਵਾਂ ਉਪਰ ਪਹੁੰਚੇ ਹੋਏ ਹਨ। ਇਹ ਸਭ ਦਾ ਸਰਵਉੱਚ ਸ਼ੁਭ ਸਤਿਕਾਰ ਹੈ।

**2.** ਓਮ ਨਮੋ ਭਗਵਤੇ ਵਾਸੂਦੇਵਾਯ, ਭਾਵ ਉਨ੍ਹਾਂ ਸਾਰੇ ਵਾਸੂਦੇਵਾਂ ਨੂੰ ਨਮਸਕਾਰ ਕਰਦਾ ਹਾਂ ਜਿਹੜੇ ਮਹਾਨ ਇਨਸਾਨ ਹੋਣ ਦੇ ਨਾਤੇਧਰਮ ਦੀ ਖਾਤਰ ਖਲੋਂਦੇ ਹਨ ਅਤੇ ਜਿਨ੍ਹਾਂ ਨੇ ਦੇਵਤੱਵ ਸਥਿਤੀ ਪ੍ਰਾਪਤ ਕਰ ਲਈ ਹੈ।

**3.** ਓਮ ਨਮੋ ਸ਼ਿਵਾਯ, ਭਾਵ ਮੈਂ ਉਨ੍ਹਾਂ ਸਾਰੇ ਮਹਾਨ ਵਿਅਕਤੀਆਂ ਨੂੰ ਨਮਸਕਾਰ ਕਰਦਾ ਹਾਂ ਜਿਹੜੇ ਹਉਮੈਂ ਤੋਂ ਪੂਰੀ ਤਰ੍ਹਾਂ ਮੁਕਤ ਹਨ ਅਤੇ ਜਿੰਨਾਂ ਦੇ ਜੀਵਨ ਦਾ ਇਕੋ ਇਕ ਮਕਸਦ ਦੂਸਰਿਆਂ ਦੀ ਭਲਾਈ ਹੈ: ਉਹ ਪਰਉਪਕਾਰ ਦਾ ਹੀ ਦੂਜਾ ਰੂਪ ਹਨ।

ਭਗਵਾਨ ਰਿਸ਼ਭਦੇਵ ਨੇ ਕਿਹਾ ਹੈ: 'ਤੁਸੀਂ ਆਪਣੀ ਸਹੂਲਤ ਅਨੁਸਾਰ ਮੰਦਰਾਂ ਨੂੰ ਭਾਵੇਂ ਵੰਡ ਲਉ ਪਰੰਤੂ ਇਨ੍ਹਾਂ ਤ੍ਰੈ ਮੰਤਰਾਂ ਨੂੰ ਸਦਾ ਇੱਕਠੇ ਰੱਖਣਾ।

ਪਰੰਤੂ ਸਮੇਂ ਦੇ ਬੀਤਣ ਨਾਲ ਧਾਰਮਿਕ ਆਗੂਆਂ ਨੇ ਆਪਣੀ ਹਉਮੈਂ ਦੇ ਅਧੀਨ ਨਵੇਂ ਨਵੇਂ ਫਿਰਕੇ ਅਤੇ ਪਰੰਪਰਾਵਾਂ ਪੈਦਾ ਕਰ ਲਈਆਂ। ਉਨ੍ਹਾਂ ਨੇ ਇਨ੍ਹਾਂ ਮੰਤਰਾਂ ਨੂੰ ਵੀ ਵੰਡ ਲਿਆ ਭਾਵੇਂ ਮੁਕਤੀ ਦੇ ਰਸਤੇ ਚਲਦਿਆਂ ਕਲੇਸ਼-ਰਹਿਤ ਜੀਵਨ ਅਤੇ ਸਮੁੱਚੇ ਜਗਤ ਵਿਚ ਸ਼ਾਂਤੀ ਬਣਾਈ ਰਖਣ ਹਿਤ ਇਨ੍ਹਾਂ ਮੰਤਰਾਂ ਨੂੰ ਇਸੇ ਰੂਪ ਵਿਚ ਇਕੱਠੇ ਰੱਖਣ ਦੀ ਹਿਦਾਇਤ ਸੀ। ਇਹ ਧਾਰਮਿਕ ਨੇਤਾ ਇਥੇ ਹੀ ਨਹੀਂ ਰੁਕੇ ਅਤੇ ਇਨ੍ਹਾਂ ਨੇ 'ਏਕਾਦਸੀਆਂ' ਨੂੰ ਵੀ ਸ਼ੈਵ ਅਤੇ ਵੈਸ਼ਣਵ ਵਿਚਕਾਰ ਵੰਡ ਦਿੱਤਾ। ਫਿਰ ਭਲਾਂ ਇਸ ਤਰ੍ਹਾਂ ਦੇ ਵਿਭਾਜਤ ਕਰਨ ਵਾਲੇ ਰਵੱਈਏ ਨਾਲ ਪਰਮਾਤਮਾ ਨੂੰ ਖੁਸ਼ ਕਰ ਸਕਣ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ?

ਜਿਥੇ ਵੰਡੀਆਂ ਹੋਣ, ਕਲੇਸ਼ ਹੋਣ ਅਤੇ ਵਿਚਾਰਾਂ ਦੀ ਭਿੰਨਤਾ ਹੋਵੇ ਉਥੇ ਪਰਮਾਤਮਾ ਨਿਵਾਸ ਨਹੀਂ ਕਰਦਾ। ਮੇਰੇ ਦੁਆਰਾ ਦਿੱਤੇ ਇਹ ਤਿੰਨ ਮੰਤਰਾਂ ਵਿਚ ਅਸੀਮ ਤਾਕਤ ਹੈ। ਇਹ ਤ੍ਰੈ ਮੰਤਰ ਤੁਹਾਨੂੰ ਵੀ ਅਨੰਦ ਨਾਲ ਵਰੋਸਾਅ ਸਕਦੇ ਹਨ। ਸਾਰੇ ਦੇਵੀ ਅਤੇ ਦੇਵਤੇ ਪ੍ਰਸੰਨ ਹੋ ਜਾਣਗੇ ਅਤੇ ਤੁਹਾਨੂੰ ਵੀ ਜ਼ਿੰਦਗੀ ਵਿਚ ਕੋਈ ਮੁਸ਼ਕਲ ਨਹੀਂ ਆਵੇਗੀ। ਇਹ ਪੂਰੀ ਤਰ੍ਹਾਂ ਨਿਰਪੱਖ ਹਨ।

ਜੇ ਤੁਸੀਂ ਮੇਰੇ ਚਿਹਰੇ ਨੂੰ ਆਪਣੇ ਮਨ ਵਿਚ ਰਖਦਿਆਂ ਹੋਇਆਂ ਇਨ੍ਹਾਂ ਤ੍ਰੈ ਮੰਤਰਾਂ ਦਾ ਜਾਪ ਕਰਦੇ ਹੋ ਤਾਂ ਤੁਹਾਡਾ ਪੂਰਾ ਜੀਵਨ ਹਰ ਮੁਸ਼ਕਲ ਤੋਂ ਰਹਿਤ ਹੋ ਜਾਵੇਗਾ। ਹੌਲੀ-ਹੌਲੀ ਤੁਸੀਂ ਮੁਕਤੀ ਵੀ ਪ੍ਰਾਪਤ ਕਰ ਲਉਗੇ। ਇਸ ਗੱਲ ਦੀ ਮੈਂ ਪੂਰੀ ਜਿੰਮੇਵਾਰੀ ਲੈਂਦਾ ਹਾਂ।

ਜੇਕਰ ਤੁਸੀਂ ਆਪਣੇ ਸਾਰੇ ਦੁੱਖ-ਕਸ਼ਟ ਮੇਰੇ ਚਰਨਾਂ ਵਿਚ ਅਰਪਤ ਕਰ ਸਕਣ ਦੇ ਕਾਬਲ ਹੋ ਤਾਂ ਬਿਨਾਂ ਝਿਜਕ ਇਹ ਕਰ ਦਿਉ। ਮੈਂ ਕਹਿੰਦਾ ਹਾਂ ਕਿ ਸਾਰੇ ਸੰਸਾਰ ਦੇ ਸਮੁੱਚੇ

ਕਸ਼ਟ ਮੇਰੇ ਪਾਸ ਆਉਣ ਦਿਉ। ਜੋ ਇਸ ਉਪਰੰਤ ਵੀ ਤੁਹਾਨੂੰ ਕੋਈ ਦੁਖ-ਤਕਲੀਫ਼ ਰਹਿ ਜਾਂਦੀ ਹੈ ਤਾਂ ਤੁਸੀਂ ਮੈਨੂੰ ਜ਼ਿੰਮੇਵਾਰ ਠਹਿਰਾ ਸਕਦੇ ਹੋ। ਪਰੰਤੂ ਇਨ੍ਹਾਂ ਦਿਨਾਂ ਵਿਚ ਮੈਨੂੰ ਉਹ ਵਿਅਕਤੀ ਵੀ ਮਿਲੇ ਹਨ ਜਿਹੜੇ ਕਹਿੰਦੇ ਹਨ: "ਜੇ ਅਸੀਂ ਆਪਣੇ ਦੁੱਖ-ਦਰਦ ਹੀ ਦੇ ਦਿੱਤੇ ਤਾਂ ਫਿਰ ਸਾਡੇ ਪਾਸ ਕੀ ਰਹਿ ਜਾਵੇਗਾ।" ਪਰੰਤੂ ਇਹ ਬਦਕਿਸਮਤ ਲੋਕ ਇਹ ਨਹੀਂ ਸਮਝਦੇ ਕਿ ਉਹ ਆਪ ਹੀ ਇਨ੍ਹਾਂ ਦੁੱਖਾਂ ਦਾ ਕਾਰਨ ਹਨ। ਜੇ ਤੁਸੀਂ ਆਪਣੇ ਦੁੱਖ ਤਿਆਗ ਦਿੰਦੇ ਹੋ ਤਾਂ ਤੁਹਾਡੇ ਪਾਸ ਅਨੰਤ ਖੁਸ਼ੀ ਰਹਿ ਜਾਵੇਗੀ। ਪਰੰਤੂ ਕਿਸੇ ਨੂੰ ਵੀ ਇਹ ਪਤਾ ਨਹੀਂ ਅਤੇ ਕੋਈ ਵੀ ਆਪਣੇ ਦੁੱਖ ਤਿਆਗਣ ਲਈ ਸਹਿਮਤ ਨਹੀਂ।

**ਪ੍ਰਸ਼ਨ-ਕਰਤਾ** : ਇਹ ਵੀ ਕਿਧਰੇ ਕਿਹਾ ਗਿਆ ਹੈ ਕਿ 'ਪਸ਼ੂ ਆਦਮੀ ਦੇ ਰੂਪ ਵਿਚ ਵਿਚਰ ਰਹੇ ਹਨ।'

**ਦਾਦਾਸ਼੍ਰੀ** : ਸ਼ਾਇਦ ਇਥੇ 'ਪਸ਼ੂ' ਸ਼ਬਦ ਇਕ ਖ਼ਾਸ ਝਿਜਕ ਨਾਲ ਵਰਤਿਆ ਗਿਆ ਜਾਪਦਾ ਹੈ। ਜੇ ਕੋਈ 100 ਵਿਚੋਂ 32 ਨੰਬਰ ਪ੍ਰਾਪਤ ਕਰਦਾ ਹੈ ਤਾਂ ਉਹ 'ਗਧਾ' ਬਣਦਾ ਹੈ ਕਿਉਂਕਿ ਇਨਸਾਨ ਬਨਣ ਲਈ ਤਾਂ 33 ਨੰਬਰ ਚਾਹੀਦੇ ਹਨ। ਇਕ ਨੰਬਰ ਅਸੀਂ ਸਰੀਰ ਲਈ ਖ਼ਰਚ ਦਿੱਤਾ। ਫਿਰ ਬਾਕੀ ਕੀ ਬੱਚਿਆਂ? ਬੇਸ਼ਕ ਗਧੇ ਦੇ ਗੁਣ ਬਚੇ ਰਹਿਣਗੇ। ਜੇ ਸਿਰਫ਼ ਬਾਹਰੀ ਰੂਪ ਮਨੁੱਖ ਦਾ ਹੈ ਪਰੰਤੂ ਅੰਦਰਲੇ ਸਾਰੇ ਗੁਣ ਜਾਨਵਰਾਂ ਵਾਲੇ ਹਨ ਤਾਂ ਉਹ ਵਿਅਕਤੀ ਅਸਲ ਵਿਚ ਜਾਨਵਰ ਹੀ ਹੈ।

ਕਿਰਪਾ ਕਰਕੇ ਬੁਰਾ ਮਹਿਸੂਸ ਨਾ ਕਰਨਾ। ਮੈਂ ਤਾਂ ਤੁਹਾਨੂੰ ਸਹੀ ਤੱਥ ਦਰਸਾ ਰਿਹਾ ਹਾਂ ਕਿਉਂਕਿ ਮੈਨੂੰ ਨਾ ਤਾਂ ਕੋਈ ਲਾਲਚ ਹੈ ਅਤੇ ਨਾ ਹੀ ਕੋਈ ਨਿਜੀ ਸਵਾਰਥ। ਤੁਹਾਡੀ ਭਲਾਈ ਹੀ ਮੇਰਾ ਇਕੋ ਇਕ ਮੰਤਵ ਹੈ। ਤੁਹਾਡੇ ਪ੍ਰਤੀ ਅਸੀਮ ਦਿਆਲਤਾ ਦੇ ਕਾਰਨ ਮੈਂ ਤਾਂ ਨੰਗਾ-ਚਿੱਟਾ ਸੱਚ ਵਿਅਕਤ ਕਰਦਾ ਹਾਂ। ਸਿਰਫ਼ ਮੈਂ ਹੀ ਇਸ ਸੰਸਾਰ ਨੂੰ ਜਿਹੋ ਜਿਹਾ ਵੀ ਇਹ ਹੈ ਉਸੇ ਤਰ੍ਹਾਂ ਦਾ ਬਿਆਨ ਕਰਦਾ ਹਾਂ।

## 22
## ਚਿੰਤਾ ਅਤੇ ਹਉਮੈਂ

**ਪ੍ਰਸ਼ਨ-ਕਰਤਾ** : ਮਨੁੱਖਾ ਜੀਵਨ ਚਿੰਤਾਵਾਂ ਦਾ ਭਰਿਆ ਹੋਇਆ ਹੈ। ਕਿਉਂ?

**ਦਾਦਾਸ਼੍ਰੀ** : ਭਗਵਾਨ ਕ੍ਰਿਸ਼ਨ ਕਹਿੰਦੇ ਹਨ: 'ਹੇ ਮਾਨਵ! ਤੂੰ ਚਿੰਤਾ ਕਿਉਂ ਕਰਦਾ ਹੈ? ਇਸ ਸੰਸਾਰ ਵਿਚ ਹਰ ਗੱਲ ਪਰਮਾਤਮਾ ਦੀ ਰਜਾ ਅਨੁਸਾਰ ਵਾਪਰਦੀ ਹੈ।' ਹੋਰ ਵੀ ਕਈ ਧਰਮਾਂ ਦਾ ਇਹੋ ਸੰਦੇਸ਼ ਹੈ। ਪਰ ਤੁਹਾਨੂੰ ਪਤਾ ਹੈ ਕੁਝ ਮੂਰਖ, ਅਗਿਆਨੀ ਲੋਕ ਕੀ ਕਹਿੰਦੇ ਹਨ?

"ਭਗਵਾਨ ਕ੍ਰਿਸ਼ਨ ਜੋ ਉਨ੍ਹਾਂ ਨੂੰ ਚੰਗੇ ਲੱਗੇ ਕਹਿੰਦੇ ਰਹਿਣ ਪਰੰਤੂ ਅਸੀਂ ਤਾਂ ਇਸ ਸੰਸਾਰ ਵਿਚ ਆਪਣਾ ਜੀਵਨ ਜਿਉਣਾ ਹੈ। ਬਿਨਾਂ ਚਿੰਤਾਂ ਤੋਂ ਅਸੀਂ ਕਿਵੇਂ ਰਹਿ ਸਕਦੇ ਹਾਂ?" ਜਾਪਦਾ ਹੈ ਲੋਕਾਂ ਨੇ ਚਿੰਤਵਾਂ ਦੇ ਤਾਂ ਕਾਰਖ਼ਾਨੇ ਲਾ ਰਖੇ ਹਨ। ਉਨ੍ਹਾਂ ਦਾ ਉਤਪਾਦਨ ਵਿਕਦਾ ਨਹੀਂ ਕਿਉਂਕਿ ਚਿੰਤਾਂ ਵਾਸਤੇ ਕੋਈ ਮਾਰਕੀਟ ਹੀ ਨਹੀਂ ਹੈ। ਤੁਸੀਂ ਆਪਣੀਆਂ ਚਿੰਤਾਵਾਂ ਦਾ ਉਤਪਾਦਨ ਲੈ ਕੇ ਜਿਸ ਵੀ ਮੰਡੀ ਵਿਚ ਜਾਂਦੇ ਹੋ ਤੁਸੀਂ ਉਥੇ ਪਹਿਲਾਂ ਹੀ ਕਿੰਨੇ ਕਾਰਖ਼ਾਨੇ ਚਿੰਤਾਵਾਂ ਦਾ ਉਤਪਾਦਨ ਕਰਨ ਲੱਗੇ ਵੇਖਦੇ ਹੋ। ਬਾਹਰ ਜਾਉ ਤੇ ਦੁਨੀਆਂ ਵਿਚ ਕੋਈ ਅਜਿਹਾ ਇਕ ਵਿਅਕਤੀ ਲੱਭ ਕੇ ਲਿਆਉ ਜਿਹੜਾ ਪੂਰੀ ਤਰ੍ਹਾਂ ਚਿੰਤਾਂ ਮੁਕਤ ਹੋਵੇ। "ਹੇ ਕ੍ਰਿਸ਼ਨ! ਮੈਂ ਤੇਰੇ ਅੱਗੇ ਸਮਰਪਣ ਕਰਦਾ ਹਾਂ," ਉਹ ਲੋਕ ਗਾਉਂਦੇ ਹਨ। ਪਰ ਨਾਲ ਹੀ ਉਹ ਇਹ ਵੀ ਗਾਉਂਦੇ ਹਨ, "ਹੇ ਕ੍ਰਿਸ਼ਨ! ਤੂੰ ਮੇਰੇ ਅੱਗੇ ਸਮਰਪਣ ਕਰ।" ਜੇ ਤੁਹਾਨੂੰ ਭਗਵਾਨ ਕ੍ਰਿਸ਼ਨ ਅੱਗੇ ਸਮਰਪਣ ਕਰ ਕੇ ਧਰਵਾਸ ਮਿਲਦਾ ਹੈ ਤਾਂ ਤੁਸੀਂ ਚਿੰਤਾ ਕਿਉਂ ਕਰਦੇ ਹੋ?

ਭਗਵਾਨ ਮਹਾਂਵੀਰ ਨੇ ਵੀ ਸਾਨੂੰ ਚਿੰਤਾ ਕਰਨ ਤੋਂ ਰੋਕਿਆ ਹੈ। ਉਹ ਤਾਂ ਇਥੋਂ ਤਕ ਕਹਿੰਦੇ ਹਨ ਕਿ ਮਨੁੱਖ ਦੇ ਮਨ ਦੀ ਇਕ ਚਿੰਤਾ ਵੀ ਉਸ ਨੂੰ ਅਗਲੇ ਜਨਮ ਵਿਚ ਕਿਸੇ ਪੰਛੀ ਜਾਂ ਕੀੜੇ-ਮਕੌੜੇ ਦੀ ਜੂਨੀ ਪਾ ਦੇਣ ਲਈ ਕਾਫ਼ੀ ਹੈ।

ਚਿੰਤਾ ਸਭ ਤੋਂ ਵੱਡੀ ਹਉਮੈਂ ਹੈ। ਜੇ ਕੋਈ ਮਨੁੱਖ ਇਹ ਸਮਝੇ ਕਿ ਉਹ ਹੀ ਇਸ ਦੁਨੀਆਂ ਨੂੰ ਚਲਾ ਰਿਹਾ ਹੈ ਤਾਂ ਕੁਦਰਤੀ ਹੀ ਉਸ ਨੂੰ ਅਨੇਕਾਂ ਚਿੰਤਾਵਾਂ ਆ ਘੇਰਨਗੀਆਂ।

ਜੇ ਭਗਵਾਨ ਦੇ ਇਕ ਸੱਚੇ ਭਗਤ ਨੇ ਵੀ ਚਿੰਤਾ ਕਰਨੀ ਹੈ ਤਾਂ ਉਹ ਭਗਵਾਨ ਨੂੰ ਵੀ ਕਈ ਪ੍ਰਸ਼ਨ ਕਰੇਗਾ। ਤੁਸੀਂ ਇਹ ਕਹਿੰਦੇ ਹੋ ਕਿ ਮੈਨੂੰ ਚਿੰਤਾ ਕਰਨ ਦੀ ਲੋੜ ਨਹੀ ਫਿਰ ਇਹ ਚਿੰਤਾਵਾਂ ਮੈਨੂੰ ਕਿਉਂ ਆ ਘੇਰਦੀਆਂ ਹਨ। ਜਿਹੜਾ ਜੀਵ ਭਗਵਾਨ ਨਾਲ ਝਗੜਾ ਨਹੀਂ ਕਰਦਾ ਉਹ ਉਸ ਦਾ ਸੱਚਾ ਭਗਤ ਨਹੀਂ। ਜੇ ਤੁਹਾਨੂੰ ਕੋਈ ਸਮੱਸਿਆ ਹੈ ਤਾਂ ਤੁਸੀਂ ਭਗਵਾਨ ਨੂੰ ਘੂਰੋ, ਸਜਾ ਦਿਓ। ਭਗਵਾਨ ਨਾਲ ਝਗੜਨਾ ਹੀ ਉਸ ਨਾਲ ਸੱਚਾ ਪਿਆਰ ਕਰਨਾ ਹੈ। ਪਰੰਤੂ ਅੱਜ-ਕੱਲ ਸੱਚੇ ਭਗਤ ਮਿਲਦੇ ਹੀ ਕਿੱਥੇ ਹਨ: ਬਹੁਤ ਹੀ ਵਿਰਲੇ ਹਨ। ਹਰ ਕੋਈ ਨਿਜੀ ਗਰਜ਼ਾਂ ਦੀ ਪੂਰਤੀ ਹਿਤ ਦੌੜਿਆ ਫਿਰਦਾ ਹੈ।

ਕੁਝ ਵਿਅਕਤੀ ਇਹ ਕਹਿੰਦੇ ਰਹਿੰਦੇ ਹਨ: 'ਮੈਂ ਕਰਦਾ ਹਾਂ। ਮੈਂ ਹੀ ਕਰਦਾ ਹਾਂ।' ਇਹ ਸਭ ਚਿੰਤਾ ਦਾ ਕਾਰਨ ਹੈ। ਨਰਸਿੰਹ ਨਾਂ ਦੇ ਇਕ ਸੰਤ-ਕਵੀ ਨੇ ਸਹੀ ਕਿਹਾ ਹੈ:

> "ਮੈਂ ਹੀ ਕਰਤਾ ਹਾਂ" ਇਹ ਸੋਚ ਅਗਿਆਨਤਾ ਹੈ; ਇਹ ਤਾਂ ਉਸ ਕੁੱਤੇ ਦੀ ਨਿਆਈਂ ਹੈ ਜਿਹੜਾ ਇਕ ਗੱਡੇ ਦੇ ਹੇਠ ਤੁਰਿਆ ਜਾ ਰਿਹਾ ਹੋਵੇ ਅਤੇ ਮਨ ਵਿਚ ਇਹ ਸੋਚੇ ਉਹ ਹੀ ਗੱਡੇ ਨੂੰ ਖਿੱਚ ਰਿਹਾ ਹੈ। ਸੰਸਾਰ ਦਾ ਕੁਦਰਤੀ ਰੂਪ ਵਿਚ ਸਵੈ-ਸੰਚਾਲਨ ਦਾ

ਤੱਥ ਸਿਰਫ਼ ਟਾਵੇਂ ਗਿਆਨੀ-ਪੁਰਸ਼ਾਂ ਅਤੇ ਮਹਾਨ ਯੋਗੀਆਂ ਨੂੰ ਹੀ ਗਿਆਤ ਹੈ।

ਇਹ ਗੱਲ ਸੁਣ ਕੇ ਸਾਰੇ ਹੀ ਜੋਗੀ ਫੁੱਲੇ ਨਹੀਂ ਸੀ ਸਮਾਉਂਦੇ। ਅਸਲ ਵਿਚ, ਉਪਰੋਕਤ ਗੱਲ ਆਤਮ-ਯੋਗੀ ਜਾਂ ਆਤਮ-ਯੋਗੇਸ਼ਵਰ ਬਾਰੇ ਕਹੀ ਗਈ ਹੈ। ਆਤਮ-ਯੋਗੇਸ਼ਵਰ ਦੇ ਰੁਤਬੇ ਉਪਰ ਪਹੁੰਚ ਸਕਣਾ ਹਰ ਹਾਰੇ-ਸਾਰੇ ਦੇ ਵੱਸ ਦੀ ਗੱਲ ਨਹੀਂ: ਕੋਈ ਵਿਰਲਾ ਹੀ ਇਸ ਸਥਿਤੀ ਵਿਚ ਪਹੁੰਚਦਾ ਹੈ। ਸਿਰਫ਼ ਉਸ ਨੇ ਹੀ ਬ੍ਰਹਿਮੰਡ ਦੇ ਹਰ ਵਿਵਰਣ ਦੀ ਨਿੱਕੀ ਗੱਲ ਦਾ ਨਿਰੀਖਣ ਕੀਤਾ ਹੁੰਦਾ ਹੈ ਅਤੇ ਉਸ ਨੇ ਹੀ ਨਿਰੀਖਣ ਕਰਨ ਉਪਰੰਤ ਪ੍ਰਤੱਖ ਰੂਪ ਵਿਚ ਪ੍ਰਾਪਤ ਅਨੁਭਵ ਨੂੰ ਦੂਜਿਆਂ ਨਾਲ ਸਾਂਝਾ ਕਰਨਾ ਹੁੰਦਾ ਹੈ। ਸਿਰਫ਼ ਅਜਿਹੇ ਯੋਗੀਸ਼ਵਰ ਨੂੰ ਹੀ ਪਤਾ ਹੁੰਦਾ ਹੈ ਕਿ ਜਗਤ-ਰਚਨਾ ਕਿਸ ਨੇ ਕੀਤੀ ਹੈ; ਇਹ ਰਚਨਾ ਕਿਵੇਂ ਹੋਈ; ਅਤੇ ਇਹ ਕਿਵੇਂ ਚਲਦੀ ਹੈ? "ਇਸ ਯੁੱਗ ਦਾ ਆਤਮ-ਯੋਗੀਸ਼ਵਰ ਮੈਂ ਹਾਂ।" ਇਸ ਮੌਕੇ ਦਾ ਵੱਧ ਤੋਂ ਵੱਧ ਫ਼ਾਇਦਾ ਉਠਾਉ। ਮੈਂ ਇਕ ਘੰਟੇ ਦੇ ਅੰਦਰ-ਅੰਦਰ ਤੁਹਾਡੀ ਹਰ ਚਿੰਤਾ ਨੂੰ ਖ਼ਤਮ ਕਰ ਦਿਆਂਗਾ। ਮੈਂ ਤੁਹਾਨੂੰ ਇਸ ਗੱਲ ਦੀ ਵੀ ਗਰੰਟੀ ਦਿੰਦਾ ਹਾਂ ਕਿ ਜੇਕਰ ਤੁਹਾਨੂੰ ਇਕ ਵੀ ਚਿੰਤਾ ਸਤਾਉਂਦੀ ਰਹਿ ਜਾਵੇ ਤਾਂ ਤੁਸੀਂ ਭਾਵੇਂ ਮੇਰੇ ਵਿਰੁੱਧ ਮੁਕੱਦਮਾ ਕਰ ਦੇਣਾ। ਤੁਸੀਂ ਮੇਰੇ ਤੋਂ ਮੰਗੋ, ਮੈਂ ਤੁਹਾਨੂੰ ਦੇ ਸਕਦਾ ਹਾਂ। ਪਰੰਤੂ ਮੰਗੋ ਸਿਰਫ਼ ਉਹ ਚੀਜ ਜਿਹੜੀ ਤੁਹਾਡੇ ਵਾਸਤੇ ਹਮੇਸ਼ਾ ਲਈ ਲਾਹੇਵੰਦ ਹੋਵੇ। ਉਹ ਚੀਜ ਮੰਗੋ ਜਿਹੜੀ ਮੁੜ ਕਦੇ ਨਾ ਗੁਆਚੇ, ਜਿਹੜੀ ਤੁਹਾਡੇ ਤੋਂ ਕਦੇ ਦੂਰ ਨਾ ਜਾਵੇ। ਛਿਨ-ਭੰਗੁਰ ਵਸਤਾਂ ਦੀ ਕਦੇ ਵੀ ਮੰਗ ਨਾ ਕਰੋ। ਸਦੀਵੀ ਖ਼ੁਸ਼ੀ, ਸਦੀਵੀ ਅਨੰਦ ਦੀ ਮੰਗ ਕਰੋ।

ਕਿਸੇ ਦੂਸਰੇ ਤੋਂ ਖੋਹੀਆਂ ਸ਼ਕਤੀਆਂ ਜਾਂ ਉਹ ਸ਼ਕਤੀ ਜਿਹੜੀ ਤੁਹਾਡੀ ਆਪਣੀ ਨਹੀਂ ਹਮੇਸ਼ਾ ਚਿੰਤਾ ਦਾ ਕਾਰਨ ਬਣਦੀਆਂ ਹਨ। ਵਿਦੇਸ਼ੀ ਕਮਾਈ ਹਮੇਸ਼ਾ ਵਿਦੇਸ਼ਾਂ ਵਿਚ ਹੀ ਰਹਿ ਜਾਂਦੀ ਹੈ। ਇਸ ਸੰਸਾਰ ਤੋਂ ਟੁਰਨ ਲੱਗਿਆਂ ਇਹ ਕਾਰਾਂ, ਕੋਠੀਆਂ, ਬੰਗਲੇ, ਮਿਲਾਂ, ਪਤਨੀ, ਬੱਚੇ ਸਭ ਇਥੇ ਹੀ ਰਹਿ ਜਾਣਗੇ: ਕੋਈ ਨਾਲ ਨਹੀਂ ਜਾਂਦਾ। ਜੀਵਨ ਦੇ ਅੰਤਲੇ ਪਲ ਇਨ੍ਹਾਂ ਵਿਚੋਂ ਕੋਈ ਵੀ ਤੁਹਾਡਾ ਸਹਾਈ ਨਹੀਂ ਹੋ ਸਕਦਾ। ਸਿਰਫ਼ ਤੁਹਾਡੇ ਕਮਾਏ ਪੁੰਨ ਅਤੇ ਪਾਪ ਹੀ ਨਾਲ ਜਾਣਗੇ। ਮੈਂ ਤੁਹਾਨੂੰ ਸੌਖੀ ਭਾਸ਼ਾ ਵਿਚ ਸਮਝਾਉਂਦਾ ਹਾਂ। ਜੋ ਵੀ ਗਲਤੀਆਂ, ਮਾੜੇ ਕਰਮ ਤੁਸੀਂ ਇਸ ਸੰਸਾਰ ਵਿਚ ਵਿਚਰਦਿਆਂ ਕਰਦੇ ਹੋ ਤੁਹਾਡੇ ਨਾਲ ਜਾਣਗੇ। ਉਨ੍ਹਾਂ ਅਪਰਾਧਾਂ ਦੇ ਨਤੀਜੇ ਇਥੇ ਹੀ ਰਹਿ ਜਾਣਗੇ। ਕੁਦਰਤ ਦਾ ਕਾਨੂੰਨ ਤੋੜਨ ਦੀ ਸਜਾ ਤੁਹਾਨੂੰ ਮਿਲੇਗੀ। ਪੁਨਰ-ਜਨਮ ਸਮੇਂ ਜਿਹੜਾ ਨਵਾਂ ਜਾਮਾ ਤੁਹਾਨੂੰ ਮਿਲੇਗਾ, ਉਸ ਜਾਮੇ ਵਿਚ ਤੁਸੀਂ ਨਵੇਂ ਸਿਰੇ ਤੋਂ ਆਰੰਭ ਕਰੋਗੇ ਪਰ ਪੁਰਾਣੇ ਕਰਜ਼ ਉਤਾਰਨੇ ਪੈਣਗੇ। ਇਸ ਲਈ ਆਰੰਭ ਤੋਂ

ਹੀ ਸਪਸ਼ਟ ਅਤੇ ਈਮਾਨਦਾਰ ਰਹੋ। ਆਪਣੇ ਨਿਜ-ਸਰੂਪ ਦੀ ਪ੍ਰਾਪਤੀ ਵਿਚ ਇੰਤਹਾ ਦਾ ਅਨੰਦ ਹੈ।

ਇਸ ਸਿਰ ਉਪਰ ਜੋ ਵਾਲ ਹਨ ਇਹ ਵੀ ਸਾਡੇ ਨਹੀਂ। ਫਿਰ ਹੋਰ ਸਾਡਾ ਕੀ ਹੈ? ਹਰ ਕੋਈ ਸਾਰਾ ਦਿਨ ਆਪਣੇ ਸਿਰ ਉਪਰ ਹੱਥ ਫੇਰਦਾ ਰਹਿੰਦਾ ਹੈ। ਕਈ ਸੱਜਣ ਨਾਈਂ ਪਾਸੋਂ ਵਾਲ ਕਟਵਾ ਕੇ ਬਡੇ ਮੋਹ ਨਾਲ ਉਨ੍ਹਾਂ ਨੂੰ ਛੂਹ ਕੇ ਮਹਿਸੂਸ ਕਰਦੇ ਹਨ। ਕੀ ਤੁਸੀਂ ਹਾਲੇ ਵੀ ਵਾਲਾਂ ਨੂੰ ਚਾਹੁੰਦੇ ਹੋ?

**ਪ੍ਰਸ਼ਨ-ਕਰਤਾ** : ਚਿੰਤਾ ਅਤੇ ਹਉਮੈਂ ਇਕ ਦੂਜੇ ਨਾਲ ਕਿਵੇਂ ਸੰਬੰਧਿਤ ਹਨ?

**ਦਾਦਾਸ਼੍ਰੀ** : ਚਿੰਤਾ ਕਰਨਾ ਹੀ ਹਉਮੈਂ ਹੈ। ਦੇਖੋ! ਇਹ ਛੋਟਾ ਬੱਚਾ ਚਿੰਤਾ ਕਿਉਂ ਨਹੀਂ ਕਰਦਾ? ਉਸ ਨੂੰ ਪਤਾ ਹੈ ਕਿ ਉਹ ਸੰਸਾਰ ਦਾ ਸੰਚਾਲਨ ਨਹੀਂ ਕਰਦਾ ਅਤੇ ਉਹ ਸੰਸਾਰ ਵਿਚ ਇਹ ਪਤਾ ਕਰਨ ਵੀ ਨਹੀਂ ਆਇਆ ਕਿ ਕੌਣ ਇਸ ਦਾ ਸੰਚਾਲਨ ਕਰਦਾ ਹੈ। ਉਹ ਬੇਪਰਵਾਹ ਹੈ। ਜਦੋਂ ਕੋਈ ਆਪਣੇ ਪੜੋਸੀ ਦੇ ਨਵੀਂ ਕਾਰ ਲੈਣ 'ਤੇ ਚਿੰਤਾਤੁਰ ਹੋ ਜਾਂਦਾ ਹੈ ਕਿਉਂਕਿ ਉਸ ਕੋਲ ਆਪਣੀ ਕਾਰ ਨਹੀਂ ਹੈ ਤਾਂ ਮੈਂ ਉਸ ਨੂੰ ਪੁੱਛਾਂਗਾ ਕਿ ਜ਼ਿੰਦਗੀ ਜਿਉਣ ਲਈ ਉਸ ਨੂੰ ਕਿੰਨਾ ਕੁ ਕੁਝ ਚਾਹੀਦਾ ਹੈ? ਤੁਸੀਂ ਫੈਸਲਾ ਕਰ ਲਉ ਕਿ ਇਹ ਮੇਰੀਆਂ ਲੋੜਾਂ ਹਨ। ਉਦਾਹਰਣ ਦੇ ਲਈ, ਤੁਹਾਨੂੰ ਭਰ-ਪੇਟ ਖਾਣਾ ਚਾਹੀਦਾ ਹੈ, ਰਹਿਣ ਲਈ ਇਕ ਘਰ ਚਾਹੀਦਾ ਹੈ ਅਤੇ ਘਰ ਚਲਾਉਣ ਲਈ ਪੈਸਾ ਚਾਹੀਦਾ ਹੈ। ਇੰਨਾ ਤੁਹਾਨੂੰ ਜ਼ਰੂਰ ਮਿਲੇਗਾ। ਪਰੰਤੂ ਜੇ ਤੁਹਾਡੇ ਪੜੋਸੀ ਨੇ ਆਪਣੇ ਬੈਂਕ ਖਾਤੇ ਵਿਚ ਦਸ ਹਜ਼ਾਰ ਰੁਪਏ ਜਮ੍ਹਾਂ ਕਰਵਾਏ ਹਨ ਤਾਂ ਇਹ ਗੱਲ ਵੀ ਤੁਹਾਨੂੰ ਚੁਭਦੀ ਹੈ। ਇਸ ਤਰ੍ਹਾਂ ਜੀਵਨ ਦੇ ਦੁੱਖ ਆਰੰਭ ਹੁੰਦੇ ਹਨ। ਆਮ ਲੋਕ ਚਿੰਤਾਵਾਂ ਅਤੇ ਦੁੱਖਾਂ ਨੂੰ ਨਿਉਂਦਾ ਦਿੰਦੇ ਹਨ।

**ਪ੍ਰਸ਼ਨ-ਕਰਤਾ** : ਸਾਡੀ ਜਾਇਦਾਦ ਦੀ ਹੱਦ ਕੀ ਹੋਣੀ ਚਾਹੀਦੀ ਹੈ?

**ਦਾਦਾਸ਼੍ਰੀ** : ਇਕ ਅਮੀਰ ਜਿਮੀਂਦਾਰ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ: "ਮਹਾਰਾਜ! ਇਕ ਵਿਅਕਤੀ ਨੂੰ ਜੀਵਨ ਜਿਉਣ ਲਈ ਕਿੰਨਾ ਕੁ ਚਾਹੀਦਾ ਹੈ? ਮੇਰੇ ਕੋਲ ਹਜ਼ਾਰ ਏਕੜ ਜ਼ਮੀਨ ਹੈ, ਇਕ ਬੰਗਲਾ ਹੈ, ਦੋ ਕਾਰਾਂ ਹਨ ਅਤੇ ਇਸ ਤੋਂ ਇਲਾਵਾ ਇਕ ਮੋਟਾ ਬੈਂਕ ਖਾਤਾ ਹੈ। ਕਿਰਪਾ ਕਰਕੇ ਮੈਨੂੰ ਇਹ ਦੱਸੋ ਕਿ ਮੈਂ ਆਪਣੇ ਲਈ ਇਸ ਵਿਚੋਂ ਕਿੰਨਾ ਕੁ ਰੱਖਾਂ?

ਮੈਂ ਉਸ ਨੂੰ ਸਮਝਾਇਆ: "ਤੁਸੀਂ ਇਕ ਹੱਦ ਨਿਸ਼ਚਤ ਕਰ ਲਓ। ਆਪਣੀਆਂ ਜ਼ਰੂਰਤਾਂ ਦਾ ਅੰਦਾਜ਼ਾ ਲਗਾ ਲਓ। ਇਹ ਅਨੁਮਾਨ ਕਿਸੇ ਵੀ ਵਿਅਕਤੀ ਦੇ ਪਰਿਵਾਰਕ ਹਾਲਾਤਾਂ ਅਤੇ ਉਸ ਪਾਸ ਜਮ੍ਹਾਂ ਦੌਲਤ ਦੇ ਅਨੁਪਾਤ ਵਿਚ ਹੀ ਹੋਵੇਗਾ। ਉਪਰੰਤ ਤੁਸੀਂ ਬਾਕੀ ਦੀ ਜ਼ਿੰਦਗੀ ਲਈ ਮਾਪਦੰਡਾਂ ਦਾ ਫ਼ੈਸਲਾ ਕਰ ਸਕਦੇ ਹੋ। ਇਹੋ ਯਥਾਰਥਕ ਨਿਯਮ ਹੈ। ਇਸ ਤੋਂ ਵਾਧੂ

ਜੋ ਵੀ ਤੁਹਾਡੇ ਪਾਸ ਹੈ ਉਹ ਬੰਧਨ ਦਾ ਕਾਰਨ ਹੈ। ਇਹ ਹੀ ਤੁਹਾਡੀ ਮੌਤ ਦਾ ਕਾਰਨ ਹੈ।

## 23

## ਜੋ ਹੈ ਉਸ ਨੂੰ ਮਾਣੋ

**ਦਾਦਾਸ਼੍ਰੀ** : ਕ੍ਰਿਸ਼ਨ ਭਗਵਾਨ ਨੇ ਕੀ ਕਿਹਾ ਸੀ? ਜੋ ਤੁਹਾਡੇ ਪਾਸ ਹੈ ਉਸ ਨੂੰ ਮਾਣੋ। ਜੋ ਨਹੀਂ ਹੈ ਉਸ ਦੀ ਚਿੰਤਾ ਨਾ ਕਰੋ। ਇਕ ਵਾਰ ਇੰਝ ਹੋਇਆ ਕਿ ਮੈਂ ਇਕ ਅਮੀਰ ਆਦਮੀ ਦੇ ਘਰ ਗਿਆ। ਉਸ ਦੀ ਪਤਨੀ ਨੇ ਸਵਾਦੀ ਖਾਣਾ ਤਿਆਰ ਕੀਤਾ ਅਤੇ ਇਕ ਮਿੱਠੀ ਡਿਸ਼ ਵੀ ਤਿਆਰ ਕੀਤੀ – ਕੰਸਰਾ, ਜਿਹੜੀ ਆਮ ਤੌਰ ’ਤੇ ਵਿਸ਼ੇਸ਼ ਖੁਸ਼ੀ ਦੇ ਮੌਕਿਆਂ ਉਪਰ ਹੀ ਬਣਾਈ ਜਾਂਦੀ ਹੈ। ਉਹ ਅਮੀਰ ਆਦਮੀ ਅਤੇ ਮੈਂ ਖਾਣਾ ਖਾਣ ਲਈ ਬੈਠ ਗਏ। ਉਸ ਇਸਤਰੀ ਨੇ ਆਪਦੇ ਪਤੀ ਨੂੰ ਕਿਹਾ : ‘ਕਿਰਪਾ ਕਰਕੇ ਅੱਜ ਤਾਂ ਢੰਗ ਨਾਲ ਖਾਣਾ ਖਾਉ।” ਇਹ ਸੁਣ ਕੇ ਮੈਂ ਪੁੱਛਿਆ ਕਿ ਉਸ ਨੇ ਇੱਦਾ ਕਿਉਂ ਕਿਹਾ। ਉਹ ਕਹਿਣ ਲੱਗੀ: “ਇਨ੍ਹਾਂ ਦਾ ਮਨ ਮਿਲ ਦੇ ਝਮੇਲਿਆਂ ਵਿਚ ਹੀ ਖੋਇਆ ਰਹਿੰਦਾ ਹੈ ਅਤੇ ਇਹ ਮਕਾਨਕੀ ਢੰਗ ਨਾਲ ਬਸ ਖਾਣਾ ਲੰਘਾਉਂਦੇ ਰਹਿੰਦੇ ਹਨ।” ਕਿੰਨੀ ਅਜੀਬ ਗੱਲ ਹੈ! ਜੋ ਖਾਣਾ ਸਾਹਮਣੇ ਪਰੋਸਿਆ ਹੋਇਆ ਹੈ ਉਸ ਦਾ ਸੁਆਦ ਮਾਣੋ। ਇਸ ਪਲ ਤਾਂ ਮਿਲ ਤੁਹਾਡੇ ਸਾਹਮਣੇ ਨਹੀਂ, ਫਿਰ ਉਸ ਬਾਰੇ ਚਿੰਤਾ ਕਿਉਂ? ਭੂਤ ਅਤੇ ਭਵਿੱਖ ਦੋਵੇਂ ਹੀ ਸਾਡੇ ਕੋਲ ਨਹੀਂ ਹਨ। ਤੁਹਾਡੇ ਪਾਸ ਸਿਰਫ਼ ਤੁਹਾਡਾ ਵਰਤਮਾਨ ਹੈ। ਸੋ ਇਸ ਦਾ ਸ਼ਾਂਤੀ ਨਾਲ ਅਨੰਦ ਮਾਣੋ।

ਇਹ ਵਿਚਾਰੇ ਬਦਕਿਸਮਤ ਇਨਸਾਨ ਤਾਂ ਚਾਰ ਸਾਲ ਦੀ ਬੇਟੀ ਦੀ ਵੀ ਪਹਿਲਾਂ ਹੀ ਸ਼ਾਂਦੀ ਦੀ ਚਿੰਤਾ ਵਿਚ ਗ੍ਰਸਿਤ ਰਹਿੰਦੇ ਹਨ।

ਇਕ ਵਿਚਾਰਾ ਪੁਰਸ਼ ਮਰਨ ਕਿਨਾਰੇ ਪਿਆ ਹੈ। ਉਸ ਦੇ ਸਾਰੇ ਰਿਸ਼ਤੇਦਾਰਾਂ ਨੇ ਪਹਿਲਾਂ ਹੀ ਦੀਵਾ ਬਾਲ ਦਿੱਤਾ ਹੈ ਅਤੇ ਉਹ ਆਖ਼ਰੀ ਸਾਹ ਲੈ ਰਿਹਾ ਹੈ। ਇਸ ਸਮੇਂ ਵੀ ਉਹ ਕਿਸੇ ਗੱਲ ਕਾਰਨ ਚਿੰਤਾ ਵਿਚ ਹੈ। ਇਕ ਮੁਟਿਆਰ ਲੜਕੀ ਉਸ ਦੇ ਬਿਸਤਰ ਦੇ ਨੇੜੇ ਆਉਂਦੀ ਹੈ ਅਤੇ ਕਹਿੰਦੀ ਹੈ: “ਪਿਤਾ ਜੀ! ਮੇਰੀ ਚਿੰਤਾ ਬਿਲਕੁਲ ਨਾ ਕਰੋ।” ਪਰੰਤੂ ਇਹ ਬਹੁਤਾ ਸਿਆਣਾ ਵਿਅਕਤੀ ਕਹਿੰਦਾ: “ਇਹ ਕਿਵੇਂ ਸਮਝੇਗੀ? ਇਹ ਤਾਂ ਹਾਲੀਂ ਬੱਚੀ ਹੈ।” ਉਹ ਹਾਲੇ ਵੀ ਇਹੋ ਸੋਚਦਾ ਹੈ ਕਿ ਲੜਕੀ ਇੰਨੀ ਬੁੱਧੀਮਾਨ ਨਹੀਂ ਕਿ ਆਪਣੇ ਭਵਿੱਖ ਨੂੰ ਸਮਝ ਸਕੇ। ਇਸੇ ਕਰਕੇ ਉਹ ਇੱਦਾ ਦੀਆਂ ਗੱਲਾਂ ਕਰਦੀ ਹੈ। ਵਿਚਾਰਾ ਬਦਕਿਸਮਤ ਵਿਅਕਤੀ! ਖ਼ੁਦ ਨੂੰ ਅਤਿ ਦਾ ਬੁੱਧੀਮਾਨ ਸਮਝਦਾ ਹੈ।

ਹਰ ਸਮੇਂ ਜਦੋਂ ਵਿਅਕਤੀ ਸੋਚਦਾ ਜਾਂ ਚਿੰਤਨ ਕਰਦਾ ਹੇ ਤਾਂ ਉਹ ਆਉਣ ਵਾਲੇ ਸਮੇਂ ਵਿਚ ਇਕ ਹੋਰ ਜਨਮ ਦੇ ਬੀਜ ਬੋ ਲੈਂਦਾ ਹੈ। ਇਸ ਤਰ੍ਹਾਂ ਤੁਸੀਂ ਆਪਣੇ ਹਰ ਜਨਮ ਵਿਚ

ਆਉਣ ਵਾਲੇ ਨਵੇਂ ਜਨਮਾਂ ਦੇ ਕਾਰਨ ਪੈਦਾ ਕਰ ਲੈਂਦੇ ਹੋ।

## 24
## ਧਿਆਨ

**ਪ੍ਰਸ਼ਨ-ਕਰਤਾ** : ਸ੍ਰੀਮਾਨ ਜੀ, ਕਿਰਪਾ ਕਰਕੇ ਵਿਸਥਾਰ ਵਿਚ ਸਮਝਾਉਣ ਦੀ ਖੇਚਲ ਕਰੋ ਕਿ ਧਿਆਨ ਕੀ ਹੈ? ਅੱਜ ਕੱਲ ਧਿਆਨ ਬਾਰੇ ਬਹੁਤਾ ਚਰਚਾ ਕਰਦੇ ਹਨ।

**ਦਾਦਾਸ਼੍ਰੀ** : ਧਿਆਨ ਲਗਾਉਣ ਦਾ ਅਰਥ ਹੈ ਮਨ ਨੂੰ ਕੁਝ ਸਮੇਂ ਲਈ ਕੇਂਦ੍ਰਿਤ ਕਰਨਾ। ਸਾਡਾ ਮਨ ਹਰ ਸਮੇਂ ਹੀ ਆਪਣੇ ਆਪ ਕਿਸੇ ਨਾ ਕਿਸੇ ਵਿਸ਼ੇ ਬਾਰੇ ਸੋਚਦਾ ਹੀ ਰਹਿੰਦਾ ਹੈ। ਇਹ ਵਖਰੀ ਗੱਲ ਹੈ ਕਿ ਹੋ ਸਕਦਾ ਹੈ ਇਕ ਵਿਅਕਤੀ ਦਾ ਮਨ ਚੰਗੀਆਂ ਗੱਲਾਂ ਉਪਰ ਕੇਂਦ੍ਰਿਤ ਹੋਵੇ ਅਤੇ ਦੂਜੇ ਦਾ ਬੁਰੀਆਂ ਗੱਲਾਂ ਉਪਰ। ਆਪੋ-ਆਪਣੀ ਸੋਚ ਦੇ ਆਧਾਰ 'ਤੇ ਸਾਰੇ ਹੀ ਵਿਅਕਤੀ ਆਪਣੇ-ਆਪ ਵੱਖ-ਵੱਖ ਤਰ੍ਹਾਂ ਨਾਲ ਮਨ ਦੇ ਵਿਚਾਰਾਂ ਵਿਚ ਰੁੱਝੇ ਰਹਿੰਦੇ ਹਨ। ਮੁੱਖ ਤੌਰ 'ਤੇ ਧਿਆਨ ਦੀਆਂ ਚਾਰ ਕਿਸਮਾਂ ਹਨ ਅਤੇ ਅਸੀਂ ਵੇਖਦੇ ਹਾਂ ਕਿ ਹਰ ਕੋਈ ਹਰ ਸਮੇਂ ਇਨ੍ਹਾਂ ਵਿਚੋਂ ਕਿਸੇ ਇਕ ਕਿਸਮ ਦੇ ਧਿਆਨ ਵਿਚ ਮਗਨ ਹੁੰਦਾ ਹੈ। ਭਗਵਾਨ ਮਹਾਂਵੀਰ ਨੇ ਧਿਆਨ ਦੀਆਂ ਜਿਨ੍ਹਾਂ ਚਾਰ ਕਿਸਮਾਂ ਦਾ ਜ਼ਿਕਰ ਕੀਤਾ ਹੈ ਉਹ ਇਸ ਪ੍ਰਕਾਰ ਹਨ: ਰੁਦ੍ਰ ਧਿਆਨ, ਆਰਤ ਧਿਆਨ, ਧਰਮ ਧਿਆਨ ਅਤੇ ਸ਼ੁਕਲ ਧਿਆਨ। ਇਨ੍ਹਾਂ ਵਿਚ ਹਰ ਪ੍ਰਕਾਰ ਦੇ ਧਿਆਨ ਦਾ ਪ੍ਰਭਾਵ ਅਤੇ ਨਤੀਜਾ ਵੀ ਭਿੰਨ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਸ੍ਰੀਮਾਨ ਜੀ, ਇਹ ਗੱਲ ਠੀਕ ਹੈ ਕਿ ਵਿਅਕਤੀ ਦਾ ਮਨ ਹਰ ਸਮੇਂ ਸਹਿਜ ਹੀ ਇਕ ਜਾਂ ਦੂਜੇ ਢੰਗ ਨਾਲ ਕਿਸੇ ਨੁਕਤੇ ਉੱਪਰ ਕੇਂਦ੍ਰਿਤ ਹੁੰਦਾ ਹੈ। ਮੈਨੂੰ ਇਹ ਬਿਲਕੁਲ ਹੀ ਵਖਰੀ ਵਿਆਖਿਆ ਜਾਪਦੀ ਹੈ। ਕਿਰਪਾ ਕਰਕੇ ਇਸ ਨੂੰ ਵਿਸਥਾਰ ਵਿਚ ਸਮਝਾਉ। ਰੁਦ੍ਰ ਧਿਆਨ ਕੀ ਹੁੰਦਾ ਹੈ? ਇਸ ਬਾਰੇ ਵੀ ਰੋਸ਼ਨੀ ਪਾਉਣ ਦੀ ਖੇਚਲ ਕਰੋ।

**ਦਾਦਾਸ਼੍ਰੀ** : ਜਿਸ ਵਸਤੂ ਉਪਰ ਸਾਡਾ ਹੱਕ ਨਹੀਂ ਅਤੇ ਜਿਹੜੀ ਚੀਜ ਉਪਰ ਕਿਸੇ ਹੋਰ ਦਾ ਹੱਕ ਹੈ ਉਸ ਉੱਪਰ ਮਾੜੀ ਨਜ਼ਰ ਰਖਣ ਅਤੇ ਆਪਣੀ ਖੁਸ਼ੀ ਦੀ ਖ਼ਾਤਰ ਕਿਸੇ ਦੀ ਖੁਸ਼ੀ ਦਾ ਰੋਚਕ ਮਾਤਰ ਵੀ ਖੋਹ ਲੈਣ ਨੂੰ ਰੁਦ੍ਰ ਧਿਆਨ ਕਿਹਾ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਰੁਦ੍ਰ ਧਿਆਨ ਦੀ ਕੋਈ ਉਦਾਹਰਣ ਦਿਉ।

**ਦਾਦਾਸ਼੍ਰੀ** : ਤੁਸੀਂ ਬਾਜ਼ਾਰ ਆਪਣੇ ਸੂਟ ਲਈ ਕੱਪੜਾ ਖਰੀਦਣ ਜਾਂਦੇ ਹੋ। ਦੁਕਾਨਦਾਰ ਤੁਹਾਨੂੰ ਕਹਿੰਦਾ ਹੈ ਕਿ ਇਸ ਕੱਪੜੇ ਦਾ ਭਾਅ ਚਾਰ ਸੌ ਰੁਪਏ ਪ੍ਰਤਿ ਮੀਟਰ ਹੈ। ਜਦੋਂ ਤੁਸੀਂ ਉਸ ਨੂੰ ਇਹ ਪੁਛਦੇ ਹੋ ਕਿ ਇਹ ਕੱਪੜਾ ਕਿਸ ਤਰ੍ਹਾਂ ਦਾ ਹੈ ਤਾਂ ਉਹ ਦਸਦਾ ਹੈ ਕਿ ਇਹ ਊਨੀ ਹੈ

ਜਾਂ ਟੈਰਾਲੀਨ ਹੈ, ਅਤੇ ਇਹ ਫਲਾਂ ਮਿਲ ਦਾ ਬਣਿਆ ਹੋਇਆ ਹੈ। ਦੁਕਾਨਦਾਰ ਗਾਹਕ ਨੂੰ ਇਹ ਵੀ ਦਸਦਾ ਹੈ ਕਿ ਇਹ ਕੱਪੜਾ ਪ੍ਰਤਿ ਮੀਟਰ ਇਸ ਰੇਟ ਦਾ ਹੈ, ਪਰੰਤੂ ਉਹ ਕੱਪੜੇ ਦੀ ਮਿਣਤੀ ਕਰਨ ਲੱਗਿਆਂ ਕੀ ਕਰਦਾ ਹੈ? ਉਹ ਕੱਪੜੇ ਨੂੰ ਵੱਧ ਤੋਂ ਵੱਧ ਖਿੱਚ ਕੇ ਉਸ ਨੂੰ ਮਿਣਦਾ ਹੈ। ਨਤੀਜੇ ਵਜੋਂ ਉਹ ਹਰ ਗਾਹਕ ਨੂੰ ਅਸਲੀ ਮਿਣੀ ਨਾਲੋਂ ਘੱਟ ਕੱਪੜਾ ਵੇਚਦਾ ਹੈ। ਇਹ ਹੈ ਰੁਦ੍ਰ ਧਿਆਨ।

ਕੀ ਤੁਸੀਂ ਇਸ ਗੱਲ ਨੂੰ ਸਮਝ ਗਏ ਹੋ?

ਇਸ ਤਰ੍ਹਾਂ ਗਾਹਕ ਤੋਂ ਵੱਧ ਪੈਸੇ ਲੈ ਕੇ ਘੱਟ ਕੱਪੜਾ ਦੇਣਾ (ਗਾਹਕ ਨਾਲ ਧੋਖਾ ਕਰਨਾ) ਅਤੇ ਇਸ ਤਰ੍ਹਾਂ ਗਾਹਕ ਤੋਂ ਉਹ ਲੈਣਾ ਜਿਸ ਉਪਰ ਗਾਹਕ ਦਾ ਹੱਕ ਅਤੇ ਜੋ ਦੁਕਾਨਦਾਰ ਦਾ ਨਹੀਂ ਹੈ (ਵਾਧੂ ਰਕਮ) ਰੁਦ੍ਰ ਧਿਆਨ ਹੈ। ਮਿਣਤੀ ਅਤੇ ਤੋਲ ਵਿਚ ਹੇਰਾਫੇਰੀ ਕਰਨੀ ਹੋਰ ਕੁਝ ਨਹੀਂ ਰੁਦ੍ਰ ਧਿਆਨ ਹੈ। ਕੁਦਰਤ ਦਾ ਕਾਨੂੰਨ ਇਸ ਬਾਰੇ ਕੀ ਕਹਿੰਦਾ ਹੈ? ਤੁਸੀਂ ਸ਼ੁਰੂ ਵਿਚ ਹੀ ਆਪਣੇ ਮਾਲ ਦੀ ਕੀਮਤ 15 ਜਾਂ 20 ਫੀਸਦੀ ਵਧਾ ਕੇ ਦੱਸ ਸਕਦੇ ਹੋ। ਪਰੰਤੂ ਇਸ ਦੇ ਬਾਵਜੂਦ ਵੀ ਕੱਪੜਾ ਮਿਨਣ ਲੱਗਿਆਂ ਘੱਟ ਮਿਨਣਾ ਇਕ ਅਪਰਾਧ ਹੈ, ਇਕ ਘੋਰ ਅਪਰਾਧ। ਇਕ ਸੱਚਾ ਧਾਰਮਿਕ ਵਿਅਕਤੀ ਕਦੇ ਵੀ ਰੁਦ੍ਰ ਧਿਆਨ ਨਹੀਂ ਕਰੇਗਾ। ਹਾਂ, ਇਹ ਹੋ ਸਕਦਾ ਹੈ ਕਿ ਕਦੇ ਗਲਤੀ ਨਾਲ, ਅਣਜਾਣੇ ਵਿਚ ਉਸ ਪਾਸੋਂ ਵੀ ਇਹ ਅਪਰਾਧ ਹੋ ਜਾਵੇ। ਗੁੱਸੇ ਹੋਣਾ, ਲੜਾਈ-ਝਗੜਾ ਕਰਨਾ, ਮੰਦੇ ਸ਼ਬਦ ਬੋਲਣਾ ਵੀ ਰੁਦ੍ਰ ਧਿਆਨ ਹੈ। ਕਦੇ ਕਦਾਈਂ ਤਾਂ ਇਹੋ ਜਿਹਾ ਰੁਦ੍ਰ ਧਿਆਨ ਹੋ ਸਕਦਾ ਹੈ ਪਰੰਤੂ ਅੱਜ ਕੱਲ ਤਾਂ ਲੋਕ ਸਦਾ ਹੀ ਇਹ ਕਰਦੇ ਹਨ। ਜਦੋਂ ਕੋਈ ਅਚਾਰਯ ਜਾਂ ਅਧਿਆਪਕ ਆਪਣੇ ਘੱਟ ਬੁੱਧੀਮਾਨ ਵਿਦਿਆਰਥੀ ਨੂੰ ਗੁੱਸਾ ਕਰਦਾ ਹੈ ਤਾਂ ਉਹ ਵੀ ਰੁਦ੍ਰ ਧਿਆਨ ਕਰਦਾ ਹੈ। ਅੰਦਰ ਹੀ ਅੰਦਰ ਗੁੱਸੇ ਹੋਣਾ ਅਤੇ ਗੁੱਸੇ ਨੂੰ ਬਾਹਰ ਜਾਹਰ ਨਾ ਕਰਨਾ ਵੀ ਰੁਦ੍ਰ ਧਿਆਨ ਹੀ ਕਿਹਾ ਜਾਦਾ ਹੈ।

**ਪ੍ਰਸ਼ਨ-ਕਰਤਾ** : ਰੁਦ੍ਰ ਧਿਆਨ ਦਾ ਨਤੀਜਾ ਕੀ ਹੁੰਦਾ ਹੈ?

**ਦਾਦਾਸ਼੍ਰੀ** : ਇਕ ਦੁਖਮਈ ਅਤੇ ਨਰਕਾਂ ਵਰਗੀ ਜ਼ਿੰਦਗੀ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਹੁਣ ਆਰਤ ਧਿਆਨ ਉਪਰ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਜਿਹੜੀ ਭਗਤੀ, ਜਿਹੜੀ ਸਮਾਧੀ ਮਨੁੱਖ ਦੇ ਆਪਣੇ ਆਪ ਨੂੰ ਹੀ ਦੁੱਖ ਦੇਣ ਦਾ ਕਾਰਨ ਬਣੇ ਉਹ ਆਰਤ ਧਿਆਨ ਹੈ। ਜੋ ਬਾਹਰੀ ਜਗਤ ਵਿਚ ਕਿਸੇ ਵੀ ਜੀਵ ਨੂੰ ਕੋਈ ਕਸ਼ਟ ਨਹੀਂ ਦਿੰਦਾ ਪਰ ਭਵਿੱਖ ਬਾਰੇ ਚਿੰਤਾਤੁਰ ਰਹਿੰਦਾ ਹੈ ਉਹ ਆਰਤ ਧਿਆਨ ਵਿਚ ਖੋਇਆ ਰਹਿੰਦਾ ਹੈ। ਅਸੀਂ ਇਸ ਨੂੰ ਰੁਦ੍ਰ ਧਿਆਨ ਨਾਲੋਂ ਘੱਟ ਨੁਕਸਾਨਦੇਹ ਕਹਿ ਸਕਦੇ ਹਾਂ ਕਿਉਂਕਿ ਇਹ ਦੂਸਰਿਆਂ ਨੂੰ ਪ੍ਰਭਾਵਿਤ ਨਹੀਂ ਕਰਦਾ।

ਕ੍ਰੋਧ, ਹੰਕਾਰ, ਕਪਟ ਅਤੇ ਲਾਲਚ ਆਰਤ ਧਿਆਨ ਵਿਚ ਨਹੀਂ ਆਉਂਦੇ। ਪਰੰਤੂ ਅੱਜ-ਕੱਲ ਆਰਤ ਧਿਆਨ ਵੈਸੇ ਵੀ ਘੱਟ ਹੀ ਲਾਇਆ ਮਿਲਦਾ ਹੈ। ਅੱਜ ਕੱਲ ਤਾਂ ਰੁਦ੍ਰ ਧਿਆਨ ਦਾ ਵਧੇਰੇ ਜ਼ੋਰ ਹੈ। ਸਤਿਯੁਗ ਦੇ ਵਿਚ ਰੁਦ੍ਰ ਧਿਆਨ ਸਿਰਫ਼ 5 ਫੀਸਦੀ ਸੀ। ਆਪਣੀ ਬੇਟੀ ਦੀ ਸ਼ਾਦੀ ਦੀ ਉਸ ਦੀ 10 ਸਾਲ ਦੀ ਬਾਲੜੀ ਉਮਰ ਤੋਂ ਹੀ ਚਿੰਤਾ ਹੋ ਜਾਣੀ ਆਰਤ ਧਿਆਨ ਕਿਹਾ ਜਾਂਦਾ ਹੈ। ਜੇਕਰ ਤੁਹਾਡੇ ਘਰ ਕੋਈ ਅਣਚਾਹਿਆਂ ਮਹਿਮਾਨ ਆ ਜਾਵੇ ਅਤੇ ਤੁਸੀਂ ਇਹ ਸੋਚੀ ਜਾਉ ਕਿ ਇਹ ਛੇਤੀ ਚਲਾ ਜਾਵੇ ਇਹ ਆਰਤ ਧਿਆਨ ਹੈ। ਇਕ ਬਹੁਤ ਹੀ ਪਿਆਰਾ ਵਿਅਕਤੀ ਸਾਡਾ ਮਹਿਮਾਨ ਬਣਦਾ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਉਹ ਛੇਤੀ ਵਾਪਸ ਨਾ ਜਾਵੇ - ਇਹ ਇੱਛਾ ਵੀ ਆਰਤ ਧਿਆਨ ਦੇ ਖ਼ੇਤਰ ਵਿਚ ਆਉਂਦੀ ਹੈ। ਜੇ ਇਕ ਅਧਿਆਪਕ ਨੂੰ ਕੋਈ ਚੰਗਾ ਵਿਦਿਆਰਥੀ ਨਾ ਮਿਲੇ ਅਤੇ ਜੇ ਉਹ ਆਪਣੇ ਅੰਦਰ ਹੀ ਅੰਦਰ ਬਹੁਤ ਕਲੇਸ਼ ਅਤੇ ਬੇਚੈਨੀ ਮਹਿਸੂਸ ਕਰਦਾ ਹੈ ਤਾਂ ਇਸ ਨੂੰ ਵੀ ਆਰਤ ਧਿਆਨ ਹੀ ਕਹਾਂਗੇ।

**ਪ੍ਰਸ਼ਨ-ਕਰਤਾ** : ਆਰਤ ਧਿਆਨ ਦੇ ਨਤੀਜੇ ਵਜੋਂ ਫ਼ਲ ਕੀ ਮਿਲਦਾ ਹੈ?

**ਦਾਦਾਸ਼੍ਰੀ** : ਕਿਸੇ ਪੰਛੀ ਜਾਂ ਕੀੜੇ-ਮਕੌੜੇ ਦੀ ਜੂਨ।

**ਪ੍ਰਸ਼ਨ-ਕਰਤਾ** : ਧਰਮ ਧਿਆਨ ਕੀ ਹੈ?

**ਦਾਦਾਸ਼੍ਰੀ** : ਜਿਥੇ ਕਦੇ ਵੀ ਚਿੰਤਾ ਦਾ ਵਾਸ ਨਾ ਹੋਵੇ ਅਤੇ ਜਿਥੇ ਸਾਰੇ ਆਂਤਰਿਕ ਕਲੇਸ਼ ਸ਼ਾਂਤ ਹੋ ਗਏ ਹੋਣ - ਇਹ ਧਰਮ ਧਿਆਨ ਦੀ ਅਵਸਥਾ ਹੈ। ਧਰਮ ਧਿਆਨ ਦਾ ਅਰਥ ਹੈ ਕਿ ਤੁਸੀਂ ਨਾ ਤਾਂ ਰੁਦ੍ਰ ਧਿਆਨ ਦੀ ਅਵਸਥਾ ਵਿਚ ਹੋ ਅਤੇ ਨਾ ਹੀ ਆਰਤ ਧਿਆਨ ਦੀ। ਇਸ ਅਵਸਥਾ ਵਿਚ ਤੁਸੀਂ ਹਰ ਸਮੇਂ ਪਰਉਪਕਾਰ ਦੀ ਹੀ ਸੋਚਦੇ ਹੋ। ਨਿਡਰ, ਸਹਿਜ, ਚਿੰਤਾ-ਮੁਕਤ, ਅਤੇ ਦ੍ਰਿੜਤਾਪੂਰਨ ਇਰਾਦਾ ਹੋਣਾ - ਇਹ ਸਭ ਧਰਮ ਧਿਆਨ ਦੇ ਲੱਛਣ ਹਨ। ਪਰਮਾਤਮਾ ਦੀ ਰਜ਼ਾ ਹੈ ਕਿ ਜੇ ਤੁਸੀਂ ਆਪਣੇ ਨਿਜ ਤੋਂ ਬੇਧਿਆਨੇ ਹੋ ਤਾਂ ਉਹ ਕੋਈ ਇਤਰਾਜ ਨਹੀਂ ਕਰਦਾ। ਪਰੰਤੂ ਇਹ ਜ਼ਰੂਰੀ ਹੈ ਕਿ ਤੁਸੀਂ ਬਾਹਰੀ ਅਤੇ ਆਂਤਰਿਕ ਕਲੇਸ਼ਾਂ ਤੋਂ ਮੁਕਤ ਹੋਵੋ।

ਅੱਜ-ਕਲ ਦੇ ਸਮੇਂ ਧਰਮ ਧਿਆਨ ਦੀ ਅਵਸਥਾ ਵਿਚ ਬਹੁਤ ਘੱਟ ਲੋਕ ਹਨ - ਮੁਸ਼ਕਲ ਨਾਲ 100 ਵਿਚੋਂ ਦੋ ਜਾਂ ਵੱਧ ਤੋਂ ਵੱਧ ਪੰਜ। ਇਸ ਕਲਿਯੁਗ ਦੇ ਸਮੇਂ ਸਿਰਫ਼ ਗ੍ਰਿਹਸਥੀ ਲੋਕ ਹੀ ਚਿੰਤਾਤੁਰ ਅਤੇ ਦੁੱਖਾਂ-ਤਕਲੀਫਾਂ ਵਿਚ ਡੁੱਬੇ ਹੋਏ ਨਹੀਂ ਹਨ। ਸਾਧੂ-ਸੰਤ, ਅਚਾਰਯ ਅਤੇ ਸਾਧਵੀਆਂ ਵੀ ਚਿੰਤਾਵਾਂ ਦਾ ਸ਼ਿਕਾਰ ਹਨ। ਹਾਲਾਂਕਿ ਉਨ੍ਹਾਂ ਲਈ ਚਿੰਤਤ ਹੋਣ ਦਾ ਕੋਈ ਖ਼ਾਸ ਕਾਰਨ ਨਹੀਂ ਹੈ ਪਰੰਤੂ ਉਹ ਕਿਸੇ ਰਤਾ ਕੁ ਮਾੜੇ ਚੇਲੇ ਕਾਰਨ ਹੀ ਮਾਨਸਿਕ ਕਲੇਸ਼ 'ਚ ਡੁੱਬ ਜਾਂਦੇ ਹਨ।

**ਪ੍ਰਸ਼ਨ-ਕਰਤਾ** : ਧਰਮ ਧਿਆਨ ਦੇ ਨਤੀਜੇ ਵਜੋਂ ਫ਼ਲ ਕੀ ਮਿਲਦਾ ਹੈ?

**ਦਾਦਾਸ਼੍ਰੀ** : ਦੈਵੀ ਅਵਸਥਾ ਧਰਮ ਧਿਆਨ ਦਾ ਫ਼ਲ ਹੈ ਪਰੰਤੂ ਜੇ ਇਹ ਆਰਤ ਧਿਆਨ ਨਾਲ ਰਲਗੱਡ ਹੋ ਜਾਵੇ ਤਾਂ ਫ਼ਲ ਹੋਵੇਗਾ ਮਾਨਵੀ ਜੂਨ।

**ਪ੍ਰਸ਼ਨ-ਕਰਤਾ** : ਸ਼ੁਕਲ ਧਿਆਨ ਕੀ ਹੈ?

**ਦਾਦਾਸ਼੍ਰੀ** : ਸ਼ੁਕਲ ਧਿਆਨ ਦੀਆਂ ਚਾਰ ਅਵਸਥਾਵਾਂ ਜਾਂ ਪੌੜੀਆਂ ਹਨ। ਪਹਿਲਾ ਕਦਮ ਜਾਂ ਅਵਸਥਾ ਹੈ ਸ਼ੁੱਧ ਆਤਮਾ ਦਾ ਅਸਪਸ਼ਟ ਜਿਹਾ ਅਨੁਭਵ: ਇਥੇ ਸਪਸ਼ਟ ਅਨੁਭਵ ਸੰਭਵ ਨਹੀਂ ਹੁੰਦਾ। ਦੂਜੀ ਅਵਸਥਾ ਵਿਚ ਪਹੁੰਚ ਕੇ ਸ਼ੁਧ ਆਤਮਾ ਦਾ ਸੁਨਿਸ਼ਚਤ ਅਤੇ ਸਪਸ਼ਟ ਅਨੁਭਵ ਹੋ ਜਾਂਦਾ ਹੈ। ਸਪਸ਼ਟ ਅਤੇ ਸੁਨਿਸ਼ਚਤ ਅਨੁਭਵ ਤੋਂ ਭਾਵ ਹੈ ਕਿ ਵਿਅਕਤੀ ਸ਼ੁੱਧ ਆਤਮਾ ਨੂੰ ਪੂਰੀ ਤਰ੍ਹਾਂ ਪਹਿਚਾਣ ਲੈਂਦਾ ਹੈ ਪਰੰਤੂ ਸਾਰੀਆਂ ਹੀ ਜਾਨਣਯੋਗ ਗੱਲਾਂ ਇਥੇ ਨਾ ਹੀ ਸਪਸ਼ਟ ਹੁੰਦੀਆਂ ਹਨ ਅਤੇ ਨਾ ਹੀ ਜਾਣੀਆਂ ਜਾਂਦੀਆਂ ਹਨ ਅਤੇ ਨਾ ਹੀ ਸ਼ਬਦਾਂ ਰਾਹੀਂ ਪ੍ਰਗਟ ਕੀਤੀਆਂ ਜਾ ਸਕਦੀਆਂ ਹਨ। ਮੈਂ ਇਸ ਦੂਜੀ ਅਵਸਥਾ ਵਿਚ ਵਿਚਰ ਰਿਹਾ ਹਾਂ। ਆਧੁਨਿਕ ਸਮੇਂ ਦੇ ਸੁਭਾਅ ਅਨੁਸਾਰ ਮੈਂ ਅਖੀਰਲੀਆਂ ਚਾਰ ਡਿਗਰੀਆਂ ਨਾਲ ਇਕ-ਸਵਰ ਨਹੀਂ ਹੋ ਸਕਿਆ: ਇਸ ਲਈ ਮੈਂ 360° ਦੀ ਬਜਾਇ 356° ਉਪਰ ਹੀ ਖੜ੍ਹਾ ਹਾਂ – ਕੇਵਲ ਗਿਆਨ ਦੀ ਅਵਸਥਾ ਤੋਂ ਚਾਰ ਡਿਗਰੀ ਹੇਠ। ਅਸਪਸ਼ਟ ਅਨੁਭਵ ਤੋਂ ਭਾਵ ਹੈ: ਇਕ ਹਨੇਰੇ ਕਮਰੇ ਵਿਚ ਬਰਫ਼ ਹੈ। ਜੇ ਉਸ ਬਰਫ਼ ਉਪਰੋਂ ਦੀ ਹਵਾ ਤੁਹਾਡੇ ਵੱਲ ਵਗੇ ਤਾਂ ਕੁਦਰਤੀ ਗੱਲ ਹੈ ਕਿ ਤੁਹਾਨੂੰ ਠੰਡਕ ਮਹਿਸੂਸ ਹੋਵੇਗੀ ਅਤੇ ਤੁਸੀਂ ਇਹ ਅੰਦਾਜ਼ਾ ਲਗਾ ਸਕਦੇ ਹੋ ਕਿ ਇਥੇ ਬਰਫ਼ ਹੋ ਸਕਦੀ ਹੈ। ਪਰੰਤੂ ਇਕ ਸਪਸ਼ਟ ਅਤੇ ਸੁਨਿਸ਼ਚਤ ਅਨੁਭਵ ਬਰਫ਼ ਦੇ ਐਨ ਨਜ਼ਦੀਕ ਬੈਠਣ ਵਾਂਗ ਹੈ।

ਤੀਸਰੀ ਅਵਸਥਾ ਦਾ ਸ਼ੁਕਲ ਧਿਆਨ ਉਸ ਅਵਸਥਾ ਦਾ ਪ੍ਰਤੀਕ ਹੈ ਜਦੋਂ ਵਿਅਕਤੀ ਪੂਰਨ ਬ੍ਰਹਮ-ਗਿਆਨ ਪ੍ਰਾਪਤ ਕਰਕੇ ਕੇਵਲੀ (ਬ੍ਰਹਮ-ਗਿਆਨੀ; ਜੋ ਬ੍ਰਹਮ ਜਾਂ ਪਰਮਾਤਮਾ ਨਾਲ ਰਹੱਸਮਈ ਤੌਰ 'ਤੇ ਇਕ ਹੈ) ਬਣ ਜਾਂਦਾ ਹੈ।

ਮੁਕਤੀ ਦਾ ਅੰਤਿਮ ਉੱਦੇਸ਼ ਚੌਥੀ ਅਵਸਥਾ ਪਹੁੰਚਣ ਦਾ ਹੈ। ਇਸ ਲਈ ਅਸੀਂ ਇਹ ਵੀ ਕਹਿ ਸਕਦੇ ਹਾਂ ਸ਼ੁਕਲ ਧਿਆਨ ਦਾ ਅੰਤਿਮ ਫਲ ਮੁਕਤੀ ਹੈ। ਧਰਮ ਗਰੰਥ ਕਹਿੰਦੇ ਹਨ ਕਿ ਇਸ ਕਲਿਯੁਗ ਦੇ ਇਸ ਸਮੇਂ ਵਿਚ ਸ਼ੁਕਲ ਧਿਆਨ ਸੰਭਵ ਨਹੀਂ ਹੈ।

ਜਦੋਂ ਵਿਅਕਤੀ ਨਿਜ-ਘਰ ਦੀ ਸਹਿਜ ਅਵਸਥਾ ਵਿਚ ਪਹੁੰਚ ਜਾਂਦਾ ਹੈ ਤਾਂ ਉਸ ਵਿਅਕਤੀ ਅਤੇ ਮੇਰੇ ਅਤੇ ਕੇਵਲੀ ਭਗਵਾਨ ਵਿਚਕਾਰ ਬਹੁਤਾ ਅੰਤਰ ਨਹੀਂ ਰਹਿ ਜਾਂਦਾ ਕਿਉਂਕਿ ਉਸ ਸਮੇਂ ਉਸ ਵਿਅਕਤੀ ਨੂੰ ਕੇਵਲ ਗਿਆਨ (ਬ੍ਰਹਮ ਗਿਆਨ) ਦੀ ਪ੍ਰਾਪਤੀ ਹੋ ਚੁੱਕੀ ਹੁੰਦੀ ਹੈ।

ਮੈਨੂੰ ਖਟਪਟੀਆਂ ਵਿਤਰਾਗ (ਕ੍ਰਿਆਸ਼ੀਲ, ਪ੍ਰਬੀਨ ਅਤੇ ਨਿਰਲੇਪ ਗਿਆਨੀ) ਕਿਹਾ ਜਾਂਦਾ ਹੈ। ਮੈਂ ਪੂਰੀ ਤਰ੍ਹਾਂ ਨਿਰਲੇਪ ਨਹੀਂ ਹਾਂ ਕਿਉਂਕਿ ਮੈਂ ਤੁਹਾਡੇ ਸਾਰਿਆਂ ਪ੍ਰਤੀ ਦਯਾ

ਭਾਵਨਾ ਰਖਦਾ ਹਾਂ ਅਤੇ ਕਹਿੰਦਾ ਹਾਂ: "ਮੇਰੇ ਕੋਲ ਆਉ ਅਤੇ ਮੈਂ ਤੁਹਾਨੂੰ ਮੁਕਤੀ ਦਿਆਂਗਾ।" ਤੁਹਾਨੂੰ ਮੁਕਤੀ ਪ੍ਰਦਾਨ ਕਰਨ ਦੇ ਲਈ ਮੈਨੂੰ ਕਈ ਢੰਗ-ਤਰੀਕੇ ਅਪਨਾਉਣੇ ਪੈ ਸਕਦੇ ਹਨ।

**ਪ੍ਰਸ਼ਨ-ਕਰਤਾ** : ਸ੍ਰੀਮਾਨ ਜੀ, ਮੈਨੂੰ ਹੁਣ ਧਿਆਨ ਦੀ ਸਭ ਤੋਂ ਵੱਧ ਵਿਗਿਆਨਕ ਵਿਆਖਿਆ ਸਮਝ ਆ ਗਈ ਹੈ।

**ਦਾਦਾਸ਼੍ਰੀ** : ਹਾਂ, ਜਿਵੇਂ ਮੈਂ ਤੁਹਾਨੂੰ ਹੁਣੇ-ਹੁਣੇ ਦੱਸਿਆ ਹੈ ਆਮ ਤੌਰ 'ਤੇ ਧਿਆਨ ਦੀਆਂ ਚਾਰ ਕਿਸਮਾਂ ਸਵੀਕਾਰ ਕੀਤੀਆਂ ਜਾਂਦੀਆਂ ਹਨ। ਪਰੰਤੂ ਧਿਆਨ ਦੀ ਇਕ ਹੋਰ ਕਿਸਮ ਵੀ ਹੈ। ਜੋ ਧਿਆਨ ਰੁਦ੍ਰ, ਆਰਤ ਅਤੇ ਧਰਮ ਗਿਆਨ (ਜਿਨ੍ਹਾਂ ਬਾਰੇ ਅਸੀਂ ਪਹਿਲਾਂ ਹੀ ਗੱਲ ਕਰ ਚੁੱਕੇ ਹਾਂ) ਦੇ ਵਿਚ ਸੰਮਿਲਤ ਨਹੀਂ ਉਸ ਦਾ ਨਾਂ ਹੈ ਅਪ-ਧਿਆਨ। ਆਧੁਨਿਕ ਕਾਲ ਵਿਚ ਅਪ-ਧਿਆਨ ਉਪਰ ਵਧੇਰੇ ਅਮਲ ਹੁੰਦਾ ਹੈ। ਪਹਿਲੇ ਸਮਿਆਂ ਵਿਚ ਬਹੁਤ ਘੱਟ ਲੋਕ ਇਸ ਉਪਰ ਮਨ ਲਗਾਉਂਦੇ ਸਨ। ਪਰੰਤੂ ਅੱਜ ਕੱਲ ਤਾਂ ਹਰ ਗਰੀਬ ਤੋਂ ਗਰੀਬ ਵਿਅਕਤੀ ਵੀ ਇਹੋ ਕਰਦਾ ਹੈ।

ਅਪ-ਧਿਆਨ ਤਾਂ ਦੁਰ-ਧਿਆਨ (ਬੁਰਾਈ ਦਾ ਧਿਆਨ) ਨਾਲੋਂ ਵੀ ਘਟੀਆ ਅਤੇ ਨੀਵਾਂ ਹੈ। ਜਦੋਂ ਮੁਕਤੀ ਦੀ ਪ੍ਰਾਪਤੀ ਹਿਤ ਧਿਆਨ ਸੁਯੋਗ ਤਰੀਕੇ ਨਾਲ ਨਹੀਂ ਕੀਤਾ ਜਾਂਦਾ ਤਾਂ ਇਹ ਅਪ-ਧਿਆਨ ਹੋ ਜਾਂਦਾ ਹੈ। ਤੁਸੀਂ ਸਾਰੇ ਸਮਾਯਕ ਜਾਂ ਧਿਆਨ ਕਰਦੇ ਹੋ ਅਤੇ ਲਗਾਤਾਰ ਚੇਤਨ ਤੌਰ 'ਤੇ ਇਹ ਵੀ ਕਹਿੰਦੇ ਹੋ ਕਿ 'ਮੈਂ ਸਮਾਯਕ ਕਰਦਾ ਹਾਂ' ਅਤੇ ਸਮਾਯਕ ਕਰਦੇ ਸਮੇਂ ਹਮੇਸ਼ਾ ਘੜੀ ਉਪਰ ਸਮਾਂ ਵੀ ਵੇਖਦੇ ਰਹਿੰਦੇ ਹੋ। ਜੇ ਵਿਅਕਤੀ ਦਾ ਧਿਆਨ ਹੀ ਸਮੇਂ ਵਿਚ ਹੈ (ਕਿ ਮੈਂ ਕਿੰਨੀ ਦੇਰ ਤੋਂ ਸਮਾਯਕ ਕਰ ਰਿਹਾ ਹਾਂ) ਤਾਂ ਉਹ ਧਿਆਨ ਦੀ ਸਥਿਤੀ ਵਿਚ ਕਿਵੇਂ ਹੋ ਸਕਦਾ ਹੈ?

**ਪ੍ਰਸ਼ਨ-ਕਰਤਾ** : ਬਿਲਕੁਲ ਠੀਕ ਹੈ, ਮਹਾਰਾਜ। ਧਿਆਨ ਕਰਦੇ ਸਮੇਂ ਅਜਿਹਾ ਅਕਸਰ ਹੁੰਦਾ ਹੈ।

**ਦਾਦਾਸ਼੍ਰੀ** : ਜੇ ਅੱਜ ਨਹੀਂ ਤਾਂ ਮੇਰੇ ਦੁਨੀਆਂ ਤੋਂ ਚਲੇ ਜਾਣ ਉਪਰੰਤ ਮੇਰੇ ਇਹ ਸ਼ਬਦ ਮਾਨਵਤਾ ਨੂੰ ਜ਼ਰੂਰ ਝੰਜੋੜਨਗੇ।

## 25

## ਧਾਰਮਕ ਰਸਮਾਂ ਅਤੇ ਮਨ ਦੀ ਸਥਿਤੀ

**ਪ੍ਰਸ਼ਨ-ਕਰਤਾ** : ਮਹਾਰਾਜ! ਹੁਣ ਮੈਨੂੰ ਧਾਰਮਕ ਰਸਮਾਂ ਦੇ ਨਿਰਬਾਹ ਬਾਰੇ ਕੁਝ ਦੱਸਣ ਦੀ ਕਿਰਪਾ ਕਰੋ।

**ਦਾਦਾਸ਼੍ਰੀ** : ਪਰਮਾਤਮਾ ਨੇ ਸਾਨੂੰ ਦੱਸਿਆ ਹੈ ਕਿ ਉਹ (ਪਰਮਾਤਮਾ) ਸਾਡੇ ਦੁਆਰਾ ਨਿਭਾਏ ਧਾਰਮਕ ਕਾਰਜਾਂ ਅਤੇ ਰਸਮਾਂ ਨੂੰ ਕੋਈ ਅਹਿਮੀਅਤ ਨਹੀਂ ਦਿੰਦਾ ਕਿਉਂਕਿ ਇਹ ਤਾਂ ਸਾਡੇ (ਪੁਰਾਣੇ) ਉਦਯਕਰਮਾਂ ਦੇ ਇਕ ਹਿੱਸੇ ਦੇ ਪ੍ਰਗਟਾਵੇ ਦੁਆਰਾ ਕਰਵਾਏ ਜਾਂਦੇ ਹਨ।। ਪਰੰਤੂ ਪਰਮਾਤਮਾ ਇਨ੍ਹਾਂ ਸਭ ਰਸਮਾਂ ਅਤੇ ਕਾਰਜਾਂ (ਜਿਹਾ ਕਿ ਪੂਜਾ-ਅਰਚਨਾ, ਸਮਾਯਕ, ਪ੍ਰਤਿਕ੍ਰਮਣ, ਆਦਿ) ਦੇ ਨਿਭਾਅ ਸਮੇਂ ਸਾਡੇ ਮਨ ਅੰਦਰ ਕੀ ਵਿਚਾਰ ਸਨ ਉਨ੍ਹਾਂ ਨੂੰ ਜ਼ਰੂਰ ਧਿਆਨ ਵਿਚ ਰਖਦਾ ਹੈ। ਜੇ ਕੋਈ ਵਿਅਕਤੀ ਪੂਜਾ (ਸਮਾਯਕ) ਵੀ ਕਰ ਰਿਹਾ ਹੋਵੇ ਜਦੋਂ ਕਿ ਉਸ ਦਾ ਮਨ ਘੜੀ ਉਪਰ ਵਾਰ-ਵਾਰ ਸਮਾਂ ਵੇਖ ਰਿਹਾ ਹੋਵੇ ਜਾਂ ਮਨ ਬੇਚੈਨ ਹੋਵੇ ਜਾਂ ਆਪਣੇ ਕਿਸੇ ਵਿਦਿਆਰਥੀ ਨੂੰ ਸਜਾ ਦੇਣ ਬਾਰੇ ਸੋਚ ਰਿਹਾ ਹੋਵੇ ਅਤੇ ਉਹ ਫਿਰ ਵੀ ਕਹੇ ਕਿ ਮੈਂ ਪੂਜਾ (ਸਮਾਯਕ) ਕਰ ਰਿਹਾ ਹਾਂ, ਤਾਂ ਇਹ ਠੀਕ ਨਹੀਂ ਹੋਵੇਗਾ।

**ਦਾਦਾਸ਼੍ਰੀ** : ਜੈਨ ਸਾਧੂਆਂ ਦੇ ਇਕ ਗਰੁੱਪ ਦੇ ਮੁਖੀ ਅਚਾਰਯ ਮਹਾਰਾਜ ਭਗਵਾਨ ਮਹਾਂਵੀਰ ਦੇ ਸਨਮੁਖ ਬੈਠੇ ਸਨ। ਉਸ ਨੂੰ ਦੀਖਸ਼ਾ ਮਿਲ ਚੁੱਕੀ ਸੀ। ਪਰੰਤੂ ਉਸ ਨੂੰ ਵਿਵਸਥਿਤ ਸ਼ਕਤੀ ਪ੍ਰਦਾਨ ਨਹੀਂ ਕੀਤੀ ਗਈ ਸੀ। ਜਦੋਂ ਅਚਾਰਯ ਜੀ ਪੂਜਾ (ਸਮਾਯਕ) ਕਰਨ ਹਿਤ ਬੈਠੇ ਤਾਂ ਕੁਝ ਹੋਰ ਸਾਧੂ-ਜਨਾਂ ਨੇ ਮਹਾਵੀਰ ਜੀ ਨੂੰ ਆਖਿਆ: "ਭਗਵਨ! ਸਾਡੇ ਇਸ ਅਧਿਆਤਮਕ ਗੁਰੂ ਦਾ ਅਗਲਾ ਜਨਮ ਕੀ ਹੋਵੇਗਾ?"

ਭਗਵਾਨ ਮਹਾਂਵੀਰ ਨੇ ਉੱਤਰ ਦਿਤਾ: "ਹੁਣ ਉਹ ਦੇਵਗਤੀ ਨੂੰ ਪ੍ਰਾਪਤ ਹੋਵੇਗਾ।" ਪਰੰਤੂ ਥੋੜੀ ਦੇਰ ਬਾਦ ਇਕ ਹੋਰ ਸਾਧੂ ਨੇ ਪ੍ਰਸ਼ਨ ਕੀਤਾ: "ਮਹਾਰਾਜ! ਇਸ ਇਨ੍ਹਾਂ ਦੀ ਕਿਸਮਤ ਕੀ ਹੋਵੇਗੀ?"

ਭਗਵਾਨ ਮਹਾਂਵੀਰ ਕਹਿਣ ਲੱਗੇ: "ਉਸ ਦਾ ਜੀਵਨ ਅਤਿਅੰਤ ਤਕਲੀਫਦੇਹ ਅਤੇ ਨਰਕਮਈ ਹੋਵੇਗਾ।" ਪੰਦਰਾਂ ਮਿੰਟਾਂ ਦੇ ਵਕਫ਼ੇ ਬਾਦ ਇਕ ਹੋਰ ਸੰਤ ਨੇ ਪੁੱਛਿਆ, "ਇਸ ਪਲ ਅਨੁਸਾਰ ਇਨ੍ਹਾਂ ਦਾ ਅਗਲਾ ਜਨਮ ਕੀ ਹੋਵੇਗਾ?"

ਭਗਵਾਨ ਮਹਾਂਵੀਰ ਨੇ ਫਿਰ ਉੱਤਰ ਦਿੱਤਾ, "ਹੁਣ ਉਹ ਮੁਕਤ-ਪਦ ਪ੍ਰਾਪਤ ਕਰੇਗਾ।"

"ਹੇ ਭਗਵਨ! ਭਿੰਨ-ਭਿੰਨ ਮੌਕਿਆਂ ਉਪਰ ਉਨ੍ਹਾਂ ਦੇ ਪੁਨਰ-ਜੀਵਨ ਬਾਰੇ ਵੱਖ-ਵੱਖ ਨਤੀਜੇ ਕਿਉਂ ਆ ਰਹੇ ਹਨ। ਉਹ ਇਸ ਸਮੇਂ ਪੂਰੀ ਤਰ੍ਹਾਂ ਭਗਤੀ ਵਿਚ ਲੀਨ ਹਨ।" ਫਿਰ ਭਗਵਾਨ ਮਹਾਂਵੀਰ ਕਹਿਣ ਲੱਗੇ: "ਜੋ ਮੈਨੂੰ ਦਿਸ ਰਿਹਾ ਹੈ ਉਹ ਤੁਹਾਡੇ ਦ੍ਰਿਸ਼ਟੀਗੋਚਰ ਨਹੀਂ ਹੈ। ਜੋ ਤੁਹਾਨੂੰ ਦਿਸ ਰਿਹਾ ਹੈ ਮੇਰੇ ਲਈ ਉਸ ਦੀ ਕੋਈ ਮਹੱਤਾ ਨਹੀਂ ਹੈ। ਦੇਖੋ! ਉਹ ਭਗਤੀ ਵਿਚ ਬੈਠੇ ਸਨ ਪਰੰਤੂ ਸਿਰਫ਼ ਮੈ ਹੀ ਜਾਣਦਾ ਹਾਂ ਕਿ ਕਿਸ ਸਮੇਂ ਉਨ੍ਹਾਂ ਦਾ ਮਨ ਕਿੱਥੇ-ਕਿੱਥੇ ਭਟਕ ਰਿਹਾ ਸੀ। ਜਦੋਂ ਤੁਸੀਂ ਮੈਨੂੰ ਸਭ ਤੋਂ ਪਹਿਲਾਂ ਉਨ੍ਹਾਂ ਦੀ ਭਗਤੀ ਹਿਤ ਪੁੱਛਿਆ ਤਾਂ ਉਹ

ਦੇਵਗਤੀ ਪ੍ਰਾਪਤੀ ਹਿਤ ਭਗਤੀ ਕਰ ਰਹੇ ਸੀ। ਜਦੋਂ ਤੁਸੀਂ ਦੂਜਾ ਪ੍ਰਸ਼ਨ ਕੀਤਾ ਤਾਂ ਭਗਤੀ ਕਰਨ ਬੈਠਿਆਂ ਵੀ ਉਨ੍ਹਾਂ ਦਾ ਮਨ ਜੋ ਸੋਚ ਰਿਹਾ ਸੀ ਉਸ ਦਾ ਫਲ ਨਰਕਮਈ ਜ਼ਿੰਦਗੀ ਹੀ ਹੋ ਸਕਦਾ ਹੈ। ਪਰੰਤੂ ਜਦੋਂ ਤੁਸੀਂ ਮੈਨੂੰ ਤੀਸਰੀ ਵਾਰ ਪ੍ਰਸ਼ਨ ਕੀਤਾ ਤਾਂ ਉਹ ਆਪਣੀ ਸ਼ੁੱਧ ਆਤਮਾ ਦਾ ਅਨੁਭਵ ਕਰ ਰਿਹਾ ਸੀ ਅਤੇ ਇਹ ਅਨੁਭਵ ਉਸ ਨੂੰ ਮੁਕਤੀ ਦੇ ਰਾਹ ਲਿਜਾ ਰਿਹਾ ਸੀ। ਮਰਨ-ਉਪਰੰਤ ਤੁਹਾਡਾ ਜੀਵਨ ਕਿਹੋ ਜਿਹਾ ਹੋਵੇਗਾ ਇਸ ਗੱਲ ਉਪਰ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਦਾ ਧਿਆਨ ਕਰ ਰਹੇ ਹੋ।

ਤੁਹਾਡੇ ਸਰੀਰ ਦੇ ਅੰਦਰ ਤੁਹਾਡੇ ਅਨਾਤਮ ਦੀ ਗਤੀਸ਼ੀਲ ਕ੍ਰਿਆ ਹੀ ਹੈ ਜਿਹੜੀ ਤੁਹਾਡੀ ਭਗਤੀ ਦੀਆਂ ਵੱਖ-ਵੱਖ ਅਵਸਥਾਵਾਂ ਵਿਚੋਂ ਗੁਜ਼ਰਦੀ ਹੈ। ਪਰੰਤੂ ਜੇ ਤੁਸੀਂ ਆਪਣੇ ਆਪ ਨੂੰ ਇਸ ਨਾਲ ਇਕਮਿਕ ਕਰ ਲਉਂ ਤਾਂ ਤੁਸੀਂ ਇਸ ਦੀ ਪ੍ਰੋੜਤਾ ਕਰ ਰਹੇ ਹੁੰਦੇ ਹੋ। ਪਰੰਤੂ ਜੇ ਤੁਸੀਂ ਤੁਹਾਡੇ ਅੰਦਰ ਚਲ ਰਹੇ dynamics ਨਾਲ ਇਕਮਿਕ ਨਹੀਂ ਹੁੰਦੇ ਅਤੇ ਨਿਰਲੇਪ ਅਤੇ ਚੇਤੰਨ ਬਣੇ ਰਹਿੰਦੇ ਹੋ ਅਤੇ ਸਿਰਫ਼ ਇਸ ਨੂੰ ਜਾਣਦੇ ਅਤੇ ਵੇਖਦੇ ਹੋ ਤਾਂ ਤੁਸੀਂ ਸ਼ੁੱਧ ਆਤਮਾ ਦੇ ਤੌਰ 'ਤੇ ਆਜ਼ਾਦ ਬਣੇ ਰਹਿੰਦੇ ਹੋ।

**ਪ੍ਰਸ਼ਨ-ਕਰਤਾ** : ਤਾਂ ਕੀ ਇਸ ਦਾ ਅਰਥ ਇਹ ਹੋਇਆ ਜੇ ਦੋ ਵਿਅਕਤੀਆਂ ਦੇ ਮਨ ਦੀ ਸਥਿਤੀ ਅਤੇ ਭਾਵਨਾ ਇਕ ਨਹੀਂ ਤਾਂ ਉਨ੍ਹਾਂ ਦੇ ਇਕੋ ਜਿਹੇ ਕੀਤੇ ਕੰਮ ਦਾ ਕਾਰਮਿਕ ਪ੍ਰਭਾਵ ਵੱਖਰਾ-ਵੱਖਰਾ ਹੋਵੇਗਾ?

**ਦਾਦਾਸ਼੍ਰੀ** : ਬਿਲਕੁਲ ਠੀਕ। ਜਦੋਂ ਇਕ ਕੱਪੜੇ ਦਾ ਵਪਾਰੀ ਕੱਪੜਾ ਵੇਚਦਾ ਹੈ ਤਾਂ ਉਹ ਕੱਪੜੇ ਦੇ ਥਾਨ ਨੂੰ ਖੋਲ੍ਹ ਕੇ, ਖਿਲਾਰ ਕੇ ਵਿਖਾਉਂਦਾ ਹੈ ਅਤੇ ਖੁਸ਼ ਹੁੰਦਾ ਹੈ। "ਮੈਂ ਵਪਾਰ ਵਿਚ ਕਿੰਨਾ ਚੁਸਤ ਹਾਂ ਅਤੇ ਮੈਂ ਕਿੰਨੀ ਸੁਹਣੀ ਕਮਾਈ ਕਰ ਰਿਹਾ ਹਾਂ।" ਪਰੰਤੂ ਇਸ ਗੱਲ ਤੋਂ ਉਹ ਪੂਰੀ ਤਰ੍ਹਾਂ ਬੇਖ਼ਬਰ ਹੁੰਦਾ ਹੈ ਕਿ ਅਸਲ ਵਿਚ ਉਹ ਜੀਵਨ-ਉਪਰੰਤ ਨਰਕ ਵਿਚ ਥਾਂ ਪੱਕੀ ਕਰ ਰਿਹਾ ਹੈ। ਉਹ ਰੁਦ੍ਰ-ਧਿਆਨ ਵਿਚ ਹੈ। ਇਕ ਹੋਰ ਵਪਾਰੀ ਵੀ ਕੱਪੜਾ ਵੇਚਣ ਲਈ ਉਸ ਨੂੰ ਖੋਲ੍ਹ ਕੇ ਵਿਖਾਉਂਦਾ ਹੈ ਅਤੇ ਮਿਣਤੀ ਕਰਦਾ ਹੈ ਪਰੰਤੂ ਅੰਦਰ ਹੀ ਅੰਦਰ ਉਸ ਨੂੰ ਇਕ ਪਛਤਾਵਾ ਖਾ ਰਿਹਾ ਹੁੰਦਾ ਹੈ। ਉਹ ਮਹਿਸੂਸ ਕਰਦਾ ਹੈ ਕਿ 'ਮੈਂ ਗਲਤ ਕਰ ਰਿਹਾ ਹਾਂ। ਭਗਵਾਨ ਮਹਾਂਵੀਰ ਦਾ ਸੱਚਾ ਪੈਰੋਕਾਰ ਇਸ ਤਰ੍ਹਾਂ ਕਦੇ ਵੀ ਨਹੀਂ ਕਰੇਗਾ।' ਉਹ ਆਪਣੇ ਲਈ ਮੌਤ ਉਪਰੰਤ ਪੰਛੀ ਦਾ ਜੀਵਨ ਬਣਾ ਰਿਹਾ ਹੈ। ਹੁਣ ਇਨ੍ਹਾਂ ਦੋਹਾਂ ਵਪਾਰੀਆਂ ਦਾ ਕੰਮ ਤਾਂ ਇਕੋ ਹੈ ਪਰੰਤੂ ਉਨ੍ਹਾਂ ਦਾ ਧਿਆਨ ਇਕ-ਦੂਜੇ ਨਾਲੋਂ ਭਿੰਨ ਹੈ। ਨਤੀਜੇ ਵਜੋਂ ਮੌਤ ਉਪਰੰਤ ਇਹ ਦੋਨੋ ਵਿਅਕਤੀ ਵੱਖ-ਵੱਖ ਜੂਨੀਆਂ ਵਿਚ ਪੈਣਗੇ।

ਇਸ ਸੰਸਾਰ ਵਿਚ ਕਿਸੇ ਨੂੰ ਵੀ ਆਤਮ-ਗਿਆਨ ਨਹੀਂ ਹੈ। ਪਰੰਤੂ ਜੇ ਲੋਕਾਂ ਨੂੰ ਧਰਮ ਬਾਰੇ ਗਿਆਨ ਹੁੰਦਾ ਤਾਂ ਉਨ੍ਹਾਂ ਨੂੰ ਧਰਮ ਗਿਆਨ ਹੋਇਆ ਹੁੰਦਾ। ਪਰੰਤੂ ਅੱਜ-ਕੱਲ

ਧਰਮ ਦੁਨਿਆਵੀ ਹਨ ਅਤੇ ਇਨ੍ਹਾਂ ਦੀ ਨੀਂਹ ਵੀ ਪਹਿਲਾਂ ਦੀ ਤਰ੍ਹਾਂ ਸਤਿ-ਆਧਾਰਤ ਨਹੀਂ। ਇਸ ਲਈ ਅੱਜ ਇਸ ਦੁਨੀਆਂ ਵਿਚ ਲੋਕਾਂ ਪਾਸ ਧਰਮ-ਧਿਆਨ ਨਹੀਂ ਪਰੰਤੂ ਅਰਤ ਅਤੇ ਰੁਦ੍ਰ ਧਿਆਨ ਹਨ।

ਲੋਕ ਕਹਿੰਦੇ ਹਨ ਕਿ ਫ਼ਲਾਂ ਅਮੀਰ ਵਿਅਕਤੀ ਨੇ ਪੰਜਾਹ ਹਜ਼ਾਰ ਰੁਪਏ ਦਾਨ ਵਿਚ ਦਿੱਤੇ। ਉਹ ਬਹੁਤ ਨੇਕ ਇਨਸਾਨ ਹੈ। ਪਰੰਤੂ ਹੁਣ ਇਹ ਦੇਖੋ ਕਿ ਉਸ ਅਮੀਰ ਵਿਅਕਤੀ ਦੇ ਦਿਮਾਗ਼ ਵਿਚ ਕੀ ਚੱਲ ਰਿਹਾ ਹੈ। ਉਹ ਸੋਚਦਾ ਹੈ: "ਜੇ ਮੇਅਰ ਨੇ ਮੇਰੇ ਉਪਰ ਇੰਨਾ ਜ਼ੋਰ ਨਾ ਪਾਇਆ ਹੁੰਦਾ ਤਾਂ ਮੈਂ ਇਹ ਦਾਨ ਨਹੀਂ ਸੀ ਦੇਣਾ।" ਸੋ ਉਸ ਨੇ ਦਾਨ ਵਿਚ ਇਹ ਰਕਮ ਦਿੱਤੀ ਕਿਉਂਕਿ ਉਸ ਉਪਰ ਜ਼ੋਰ ਪਾਇਆ ਗਿਆ। ਇਹ ਰੁਦ੍ਰ ਧਿਆਨ ਹੈ। ਇੰਝ ਕਰਕੇ ਉਹ ਜੀਵਨ-ਉਪਰੰਤ ਨਰਕ ਦਾ ਭਾਗੀ ਬਣ ਗਿਆ ਹੈ। ਹੁਣ ਇਕ ਹੋਰ ਵਿਅਕਤੀ ਹੈ। ਉਸ ਕੋਲ ਪੈਸਾ ਨਹੀਂ ਪਰੰਤੂ ਉਹ ਸੋਚਦਾ ਹੈ: "ਕਾਸ਼! ਮੇਰੇ ਕੋਲ ਵੀ ਚੰਗੀ ਮਾਇਆ ਹੁੰਦੀ ਤਾਂ ਕਿ ਮੈਂ ਵੀ ਉਸ ਵਿਚੋਂ ਕੁਝ ਪੁੰਨ ਦੇ ਕਾਰਜਾਂ ਉਪਰ ਖ਼ਰਚ ਕਰ ਸਕਦਾ।" ਇਹ ਧਰਮ ਧਿਆਨ ਹੈ। ਇਹ ਗਰੀਬ ਵਿਅਕਤੀ ਬਿਨਾਂ ਕਿਸੇ ਦਾਨ ਕਰਨ ਦੇ ਆਪਣੇ ਲਈ ਮੌਤ ਉਪਰੰਤ ਇਕ ਬੇਹਤਰ ਜੀਵਨ ਦੀ ਤਿਆਰੀ ਕਰ ਲਿਆ ਹੈ। ਇਸ ਦੇ ਉਲਟ ਉਹ ਅਮੀਰ ਆਦਮੀ ਦਾਨ ਕਰਨ ਦੇ ਬਾਵਜੂਦ ਵੀ ਆਪਣੇ ਆਪ ਨੂੰ ਮਰਨ ਉਪਰੰਤ ਨਰਕ ਦਾ ਭਾਗੀ ਬਣਾ ਗਿਆ ਹੈ।

## 26
## ਬੁੱਧੀ ਵਰਤਣ ਦੀ ਹੱਦ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਦੌਲਤ ਕਮਾਉਣ ਹਿਤ ਬੁੱਧੀ ਦੀ ਵਰਤੋਂ ਬਾਰੇ ਵਿਸਥਾਰ ਵਿਚ ਦੱਸਣ ਦੀ ਖੇਚਲ ਕਰੋ।

**ਦਾਦਾਸ਼੍ਰੀ** : ਕੁਝ ਵਿਅਕਤੀ ਆਪਣੀ ਚਲਾਕੀ ਅਤੇ ਚਾਲ ਵਰਤ ਕੇ ਵਿਵਹਾਰਕ ਚੁਸਤੀ ਅਤੇ ਧੋਖੇ ਰਾਹੀਂ ਦੌਲਤ ਕਮਾਉਂਦੇ ਹਨ। ਇੰਝ ਕਰਕੇ ਉਹ ਅਪਰਾਧ ਕਰ ਰਹੇ ਹਨ। ਉਨ੍ਹਾਂ ਦੀਆਂ ਇਹ ਸਾਰੀਆਂ ਚੁਸਤੀਆਂ-ਚਲਾਕੀਆਂ ਸਖ਼ਤ ਰੁਦ੍ਰ ਧਿਆਨ ਹਨ। ਅਜਿਹੀ ਚੁਸਤੀ-ਚਲਾਕੀ ਨਾਲ ਉਹ ਆਪਣੇ ਤੋਂ ਘੱਟ ਬੁੱਧੀ ਵਾਲੇ ਵਿਅਕਤੀ ਦਾ ਸ਼ੋਸ਼ਣ ਕਰ ਰਿਹਾ ਹੁੰਦਾ ਹੈ।

ਬੁੱਧੀ ਵਿਅਕਤੀ ਨੂੰ ਸੰਸਾਰ ਨਾਲ ਜੋੜਦੀ ਹੈ। ਇਹ ਤੁਹਾਨੂੰ ਕਦੇ ਵੀ ਮੁਕਤੀ ਦੇ ਦਰ ਉਪਰ ਨਹੀਂ ਲਿਜਾ ਸਕਦੀ। ਭਗਵਾਨ ਕ੍ਰਿਸ਼ਨ ਨੇ ਵੀ ਬੁੱਧੀ ਨੂੰ ਅਨੈਤਿਕ, ਅਸੰਜਮੀ ਅਤੇ ਬਹਿਕਾਉਣ ਵਾਲੀ ਕਿਹਾ ਹੈ। ਇਹ ਵਿਅਕਤੀ ਨੂੰ ਸੰਸਾਰ-ਸਮੁੰਦਰ ਵਿਚ ਡੁਬੋ ਦਿੰਦੀ ਹੈ। ਇਹ ਤੁਹਾਨੂੰ ਸੰਸਾਰ-ਸਮੁੰਦਰ ਵਿਚੋਂ ਬਾਹਰ ਨਹੀਂ ਨਿਕਲਣ ਦਿੰਦੀ। ਇਹ ਆਤਮਾ ਦੇ ਐਨ

ਵਿਰੋਧਾਭਾਸ ਵਿਚ ਹੈ। ਜਿਉਂ ਜਿਉਂ ਇਹ ਵਧਦੀ ਹੈ ਮਨੁੱਖ ਦੇ ਮਨ ਅੰਦਰ ਈਰਖਾ ਦੀ ਅੱਗ ਵੀ ਵਧਦੀ ਹੈ। ਕਲਪਨਾ ਕਰੋ ਕਿ ਕਿਸੇ ਦੋ ਸਾਲ ਦੇ ਛੋਟੇ ਬਾਲ ਦੀ ਮਾਤਾ ਦਾ ਅਕਾਲ ਚਲਾਣਾ ਹੋ ਜਾਵੇ ਤਾਂ ਕੀ ਇਸ ਦਾ ਅਸਰ ਉਸ ਬੱਚੇ ਉੱਪਰ ਪਵੇਗਾ? ਪਰੰਤੂ ਜੇ ਇਕ 22 ਸਾਲ ਦੇ ਨੌਜਵਾਨ ਦੀ ਮਾਤਾ ਦੀ ਮੌਤ ਹੋ ਜਾਵੇ, ਤਾਂ ਇਹ ਘਟਨਾ ਉਸ ਯੁਵਕ ਨੂੰ ਕਿੰਨੀ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗੀ? ਕਿਉਂ? ਇਹ ਉਸ ਯੁਵਕ ਦੀ ਉੱਨਤ ਬੁੱਧੀ ਦੇ ਕਾਰਨ ਹੋਵੇਗਾ।

ਪਰਮਾਤਮਾ ਦਾ ਕੀ ਆਦੇਸ਼ ਹੈ? ਇਸ ਸੰਸਾਰ ਵਿਚ ਵਿਚਰਦਿਆਂ ਬੁੱਧੀ ਦਾ ਬਿਲਕੁਲ ਵੀ ਪ੍ਰਸੰਗ ਨਹੀਂ ਕਰਨਾ : ਜੇ ਕਰਨਾ ਹੈ, ਤਾਂ ਕਿੰਨਾ ਕਰਨਾ ਹੈ? ਪਰਮਾਤਮਾ ਨੇ ਇਕ ਹੱਦ ਨਿਰਧਾਰਤ ਕੀਤੀ ਹੋਈ ਹੈ। ਜੇ ਤੁਹਾਡਾ ਹੱਥ ਕਿਸੇ ਭਾਰੇ ਪੱਥਰ ਹੇਠ ਆ ਜਾਂਦਾ ਹੈ ਤਾਂ ਬੁੱਧੀ ਵਰਤ ਕੇ ਹੱਥ ਨੂੰ ਪੱਥਰ ਹੇਠੋਂ ਬਾਹਰ ਕੱਢਣ ਦਾ ਯਤਨ ਕਰੋ ਅਤੇ ਬੁੱਧੀ ਨੂੰ ਇੰਨਾ ਕੁ ਜ਼ਰੂਰ ਵਰਤੋਂ ਕਿ ਇਹ ਪੱਥਰ ਹੇਠਾਂ ਤੋਂ ਨਿਕਲ ਆਵੇ ਅਤੇ ਮੁੜ ਪੱਥਰ ਹੇਠ ਆ ਕੇ ਨਾ ਪਿਸੇ। ਪਰੰਤੂ ਬਦਕਿਸਮਤ ਵਿਅਕਤੀ ਬੁੱਧੀ ਨੂੰ ਵਧੇਰੇ ਦੌਲਤ ਇਕੱਠੀ ਕਰਨ ਅਤੇ ਕਾਲਾ-ਬਾਜ਼ਾਰੀ ਹਿਤ ਵਰਤਦੇ ਹਨ। ਬੁੱਧੀ ਦੀ ਵਰਤੋਂ ਦੂਸਰਿਆਂ ਨਾਲ ਕਪਟ, ਧੋਖਾ ਕਰਨ ਹਿਤ ਹੋਣ ਲੱਗੀ ਹੈ। ਇਨਾ ਹੀ ਨਹੀਂ, ਲੋਕ ਤਾਂ ਦੂਸਰਿਆਂ ਦੇ ਕੱਪੜੇ ਲਾਹੁਣ, ਭਾਵ ਪੂਰੀ ਤਰ੍ਹਾਂ ਲੁੱਟ-ਖਸੁੱਟ ਕਰਨ ਦੀਆਂ ਚਾਲਾਂ ਸਿੱਖ ਗਏ ਹਨ। ਇਹ ਰੁਦ੍ਰ ਧਿਆਨ ਹੈ। ਅਜਿਹੇ ਵਿਅਕਤੀਆਂ ਨੂੰ ਤਾਂ ਘੋਰ ਨਰਕ ਵਿਚ ਵੀ ਜਗਾ ਨਹੀਂ ਮਿਲੇਗੀ।

## 27

## ਸਭ ਨੂੰ ਸਵੀਕਾਰਯੋਗ ਦ੍ਰਿਸ਼ਟੀਕੋਣ

**ਪ੍ਰਸ਼ਨ-ਕਰਤਾ** : ਦੂਸਰਿਆਂ ਦੇ ਵੱਖ-ਵੱਖ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਕਿਸ ਤਰ੍ਹਾਂ ਲੈਣ ਚਾਹੀਦਾ ਹੈ?

**ਦਾਦਾਸ਼੍ਰੀ** : ਕਿਸੇ ਦੇ ਵੀ ਦ੍ਰਿਸ਼ਟੀਕੋਣ ਨੂੰ ਝੂਠਾ ਜਾਂ ਗਲਤ ਨਾ ਕਹੋ। ਜਿਹੜਾ ਵਿਚਾਰ ਤੁਹਾਡੇ ਵਿਚਾਰ ਨਾਲ ਮੇਲ ਨਹੀਂ ਖਾਂਦਾ ਉਹ ਤੁਹਾਡੇ ਵਿਰੋਧੀ ਦਾ ਵਿਚਾਰ ਹੈ। ਸਯਾਦਵਾਦ ਸਾਰੇ ਵਿਚਾਰਾਂ, ਸਾਰੇ ਦ੍ਰਿਸ਼ਟੀਕੋਣਾਂ ਨੂੰ ਸਵੀਕਾਰ ਕਰਦਾ ਹੈ। (ਪਰਮ-ਸੱਤਾ ਬਹੁਤ ਰਹੱਸਮਈ ਅਤੇ ਬਹੁਪੱਖੀ ਹੈ)। ਮੈਂ ਕੇਂਦਰ ਦੇ ਵਿਚ ਸਥਿਤ ਹਾਂ। ਜੇ ਇਹ ਸਾਰੇ ਵਿਚਾਰਾਂ ਨੂੰ ਸਵੀਕਾਰ ਨਾ ਕਰੇ ਤਾਂ ਇਹ ਸਯਾਦਵਾਦ ਕਿਵੇਂ ਕਿਹਾ ਜਾ ਸਕਦਾ ਹੈ?

ਭਗਵਾਨ ਨੇ ਕਿਹਾ ਹੈ ਕਿ 'ਨਿਜ-ਸਰੂਪ ਦੀ ਪ੍ਰਾਪਤੀ ਹਿਤ ਤੁਹਾਡੇ ਸਾਰੇ ਅਮਲ ਅਤੇ ਕ੍ਰਿਆਵਾਂ ਪੂਰੀਆਂ ਸਹੀ ਨਿਭਾਈਆਂ ਜਾਣੀਆਂ ਚਾਹੀਦੀਆਂ ਹਨ ਜਿਵੇਂ ਮੈਂ ਤੁਹਾਨੂੰ ਸੁਝਾਇਆ

ਹੈ। ਸਾਮਯਕ (ਆਤਮ-ਵਿਵੇਚਨ), ਪ੍ਰਤਿਕ੍ਰਮਣ (ਗਲਤੀ ਉਪਰ ਪਸਚਾਤਾਪ) ਅਤੇ ਪ੍ਰਤੱਖਯਣ (ਦੁਬਾਰਾ ਗਲਤੀ ਨਾ ਕਰਨ ਦਾ ਦ੍ਰਿੜ ਨਿਸ਼ਚਾ) ਵਰਗੀਆਂ ਤੁਹਾਡੀਆਂ ਸਾਰੀਆਂ ਕ੍ਰਿਆਵਾਂ ਉਸੇ ਤਰ੍ਹਾਂ ਨਿਭਾਈਆਂ ਜਾਣੀਆਂ ਚਾਹੀਦੀਆਂ ਹਨ ਜਿਸ ਤਰ੍ਹਾਂ ਮੈਂ ਤੁਹਾਨੂੰ ਸਲਾਹ ਦਿੱਤੀ ਹੈ।'

ਜੇ ਅਸੀਂ ਇਸ ਬ੍ਰਹਿਮੰਡ ਪ੍ਰਤੀ ਦਾਰਸ਼ਨਿਕ ਦ੍ਰਿਸ਼ਟੀਕੋਣ ਅਪਣਾਈਏ ਤਾਂ ਕਿਸੇ ਦੀ ਵੀ ਕੋਈ ਗਲਤੀ ਨਹੀਂ। ਪਰੰਤੂ ਹਾਲਾਤ ਅਜਿਹੇ ਹਨ ਕਿ ਮੈਨੂੰ ਦੂਸਰਿਆਂ ਪ੍ਰਤੀ ਹਮਦਰਦੀ ਅਤੇ ਉਨ੍ਹਾਂ ਦੇ ਕਸ਼ਟ ਹਰਨ ਹਿਤ ਸਖ਼ਤ ਸ਼ਬਦਾਂ ਵਿਚ ਗੱਲ ਕਹਿਣੀ ਪੈਂਦੀ ਹੈ।

## 28

## ਗਿਆਨੀ ਪੁਰਸ਼ ਅਤੇ ਧਰਮ ਦਾ ਸਰੂਪ

**ਪ੍ਰਸ਼ਨ-ਕਰਤਾ** : ਵਿਵਹਾਰਕ-ਧਰਮ (Relative Religion) ਅਤੇ ਨਿਸ਼ਚੈ-ਧਰਮ (Real Religion) ਵਿਚ ਕੀ ਅੰਤਰ ਹੈ?

**ਦਾਦਾਸ਼੍ਰੀ** : ਇਸ ਸੰਸਾਰ ਵਿਚ ਕੁਝ ਲੋਕਾਂ ਦਾ ਕਹਿਣਾ ਹੈ ਕਿ ਸਾਡਾ ਧਰਮ ਵਿਵਹਾਰ-ਧਰਮ ਹੈ। ਪਰੰਤੂ ਇਹ ਕਹਿਣਾ ਠੀਕ ਨਹੀਂ ਹੈ। ਜਿੰਨੀ ਦੇਰ ਤੱਕ ਤੁਹਾਨੂੰ ਨਿਸ਼ਚੈ-ਧਰਮ ਦੀ ਪ੍ਰਾਪਤੀ ਨਹੀਂ ਹੋਈ ਅਤੇ ਤੁਸੀਂ ਸ਼ੁੱਧ ਆਤਮਾ ਨੂੰ ਨਹੀਂ ਪਹਿਚਾਣਿਆ ਉਨੀ ਦੇਰ ਤੁਸੀਂ ਵਿਵਹਾਰ-ਧਰਮ ਕਿਸ ਤਰ੍ਹਾਂ ਜੀ ਸਕਦੇ ਹੋ? ਵਿਵਹਾਰ ਧਰਮ ਅਤੇ ਨਿਸ਼ਚੈ ਧਰਮ ਨੂੰ ਕਦੋਂ ਵੱਖ ਕੀਤਾ ਜਾ ਸਕਦਾ ਹੈ? ਇਹ ਤਦੋਂ ਸੰਭਵ ਹੈ ਜਦੋਂ ਕੋਈ ਗਿਆਨੀ-ਪੁਰਸ਼ ਆਪਣੀਆਂ ਅਨੰਤ ਸ਼ਕਤੀਆਂ ਦੁਆਰਾ ਤੁਹਾਡੀ ਆਤਮਾ ਅਤੇ ਅਨਾਤਮਾ ਵਿਚਕਾਰ ਵੰਡ ਦੀ ਲਕੀਰ ਖਿੱਚ ਦਿੰਦਾ ਹੈ ਅਤੇ ਇਨ੍ਹਾਂ ਦੋਹਾਂ ਨੂੰ ਵੱਖ-ਵੱਖ ਹੀ ਰਖਦਾ ਹੈ। ਤਾਂ ਹੀ ਤੁਸੀਂ ਸ਼ੁੱਧ ਆਤਮਾ ਨੂੰ ਪਹਿਚਾਣ ਸਕਦੇ ਹੋ। ਇਹ 'ਮੇਰਾ ਖੇਤਰ' ਹੈ ਅਤੇ ਇਹ 'ਖੇਤਰ' ਮੇਰਾ ਨਹੀਂ ਹੈ। ਇਕ ਗਿਆਨੀ ਪੁਰਸ਼ਾਂ ਦੋਹਾਂ ਦਾ ਨਿਖੇੜਾ ਕਰ ਦਿੰਦਾ ਹੈ, ਘਰੇਲੂ ਅਤੇ ਵਿਦੇਸ਼ੀ ਵਿਭਾਗਾਂ ਦੀ ਤਰ੍ਹਾਂ ਵੱਖ-ਵੱਖ ਨਿਖੇੜ ਦਿੰਦਾ ਹੈ। ਜਿੰਨੀ ਦੇਰ ਤੀਕ ਤੁਸੀਂ ਨਿਸ਼ਚੈ-ਧਰਮ ਨੂੰ ਨਹੀਂ ਸਮਝਿਆ ਅਤੇ ਜੀਵਿਆ, ਉਨੀ ਦੇਰ ਤੁਸੀਂ ਵਿਵਹਾਰ-ਧਰਮ ਬਾਰੇ ਕਿਵੇਂ ਗੱਲ ਕਰ ਸਕਦੇ ਹੋ? ਇਸ ਨੂੰ ਲੌਕਿਕ (worldly or traditional) ਧਰਮ ਕਿਹਾ ਜਾ ਸਕਦਾ ਹੈ। ਇਕ ਲੌਕਿਕ ਧਰਮ ਉਹ ਹੈ ਜਿਸ ਵਿਚ ਲੋਕ ਵਿਸ਼ਵਾਸ਼ ਕਰਦੇ ਹਨ: ਇਹ ਲੋਕੋਤਰ ਪਰੰਪਰਾ ਤੋਂ ਪਰ੍ਹੇ ਵਾਲਾ ਧਰਮ ਨਹੀਂ ਹੈ।

ਧਰਮ ਦਾ ਕਾਰਜ ਕੀ ਹੈ? ਇਹ ਤੁਹਾਡੀਆਂ ਬੁਰੀਆਂ ਆਦਤਾਂ ਦੂਰ ਕਰ ਦਿੰਦਾ ਹੈ ਅਤੇ ਚੰਗੀਆਂ ਆਦਤਾਂ ਦੇ ਬੀਜ ਬੀਜ ਦਿੰਦਾ ਹੈ। ਲੌਕਿਕ ਧਰਮ ਇਸ ਬਾਰੇ ਕੀ ਕਹਿੰਦੇ ਹਨ? ਜੋ ਤੁਹਾਡੇ ਪੱਖ ਵਿਚ ਠੀਕ ਹੈ ਉਸ ਨੂੰ ਇਕੱਤਰ ਕਰੋ ਅਤੇ ਜੋ ਤੁਹਾਡੇ ਪੱਖ ਵਿਚ ਨਹੀਂ ਹੈ ਉਸ

ਨੂੰ ਇਕੱਤਰ ਨਾ ਕਰੋ। ਇਹ ਤੁਹਾਨੂੰ ਕੀ ਸਿੱਖਿਆ ਦਿੰਦੇ ਹਨ? ਚੋਰੀ ਨਾ ਕਰੋ; ਝੂਠ ਨਾ ਬੋਲੋ। ਇਸ ਸੰਸਾਰ ਵਿਚ ਵਿਚਰਦਿਆਂ ਉਹੀ ਕਾਰਜ ਕਰੋ ਜਿਹੜੇ ਤੁਹਾਨੂੰ ਖੁਸ਼ੀ ਪ੍ਰਦਾਨ ਕਰਦੇ ਹਨ। ਸਾਰਾ ਸੰਸਾਰ ਇਹ ਮੰਨਦਾ ਹੈ ਕਿ ਨੇਕ ਕੰਮ ਕਰਨਾ ਹੀ ਧਰਮ ਹੈ। ਅਸੀਂ ਇਸ ਨੂੰ ਲੌਕਿਕ ਧਰਮ ਕਹਿੰਦੇ ਹਾਂ। ਬੁਰਾਈ ਤੋਂ ਚੰਗਿਆਈ ਵੱਲ ਜਾਣਾ ਲੌਕਿਕ ਧਰਮ ਹੈ ਅਤੇ ਸ਼ੁੱਧ ਆਤਮਾ ਵੱਲ ਆਉਣਾ, ਸ਼ੁੱਧ ਆਤਮਾ ਨੂੰ ਜਾਨਣਾ ਅਤੇ ਪਹਿਚਾਨਣਾ ਨਿਸ਼ਚੇ ਧਰਮ ਹੈ।

ਜੇ ਤੁਸੀਂ ਮੁਕਤੀ ਚਾਹੁੰਦੇ ਹੋ ਤਾਂ ਤੁਹਾਨੂੰ ਨਿਸ਼ਚੈ ਧਰਮ ਅਨੁਸਾਰ ਜੀਵਨ ਜਿਉਣਾ ਹੋਵੇਗਾ। ਨਿਸ਼ਚੈ ਧਰਮ ਵਿਚ ਵਿਅਕਤੀ ਚੰਗੀਆਂ ਅਤੇ ਮੰਦੀਆਂ ਦੋਵੇਂ ਤਰ੍ਹਾਂ ਦੀਆਂ ਆਦਤਾਂ ਤੋਂ, ਖੁਸ਼ੀ ਅਤੇ ਗ਼ਮੀ ਤੋਂ, ਸਹੀ ਅਤੇ ਗ਼ਲਤ ਤੋਂ ਛੁਟਕਾਰਾ ਪਾ ਲੈਂਦਾ ਹੈ। ਜਦੋਂ ਵਿਅਕਤੀ ਇਸ ਤਰ੍ਹਾਂ ਹਰ ਪ੍ਰਕਾਰ ਦੀ ਦੁਬਿਧਾ ਤੋਂ ਆਜ਼ਾਦ ਹੋ ਜਾਂਦਾ ਹੈ ਤਾਂ ਉਹ ਮੁਕਤ ਹੋ ਜਾਦਾ ਹੈ। ਸਵੈ-ਧਰਮ ਹੀ ਨਿਸ਼ਚੈ ਧਰਮ ਹੈ; ਇਹੋ ਹੀ ਅਲੌਕਿਕ (ਆਤਮ) ਧਰਮ ਹੈ। ਬਾਕੀ ਸਾਰੇ ਪੁਦਗਲ ਧਰਮ ਹਨ। ਨਿਸ਼ਚੈ ਧਰਮ ਵਿਚ ਕੋਈ ਤੰਗ ਖ਼ੇਤਰ ਨਹੀਂ ਹੁੰਦੇ, ਕੋਈ ਫ਼ਿਰਕੇ ਨਹੀਂ ਹੁੰਦੇ, ਨਾ ਕੋਈ ਪਰਚਮ, ਨਾ ਹੀ ਕੋਈ ਮਾਨਤਾ ਦੀ ਲੋੜ ਹੁੰਦੀ ਹੈ, ਨਾ ਹੀ ਕੋਈ ਅਸਵੀਕ੍ਰਿਤੀ ਅਤੇ ਨਾ ਕੋਈ ਵਖਰੇਵੇਂ। ਨਿਸ਼ਚੈ ਧਰਮ ਪੂਰੀ ਤਰ੍ਹਾਂ ਨਿਰਪੱਖ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਸਾਰੇ ਹੀ ਧਰਮਾਂ ਵਿਚ ਅਨੇਕਾਂ ਹੀ ਫਿਰਕੇ ਹਨ?

**ਦਾਦਾਸ਼੍ਰੀ** : ਪੱਖਪਾਤ ਕਰਨ ਦੀ ਆਦਤ ਮੁਕਤੀ ਦੇ ਰਾਹ ਵਿਚ ਵੱਡੀ ਰੁਕਾਵਟ ਹੈ। ਲੋਕ ਮੁਕਤੀ ਚਾਹੁੰਦੇ ਹਨ ਅਤੇ ਵਖਰੇਵਿਆਂ ਵਿਚ ਸੜਨਾ ਵੀ ਚਾਹੁੰਦੇ ਹਨ। ਜਦੋਂ ਤੁਸੀਂ ਇੰਝ ਕਹਿੰਦੇ ਹੋ ਕਿ 'ਮੈਂ ਠੀਕ ਹਾਂ', ਤੁਸੀਂ ਉਸੇ ਸਮੇਂ ਦੂਸਰੇ ਨੂੰ ਗ਼ਲਤ ਕਹਿ ਰਹੇ ਹੁੰਦੇ ਹੋ। ਕਿਸੇ ਦੂਸਰੇ ਉਪਰ ਗ਼ਲਤ ਹੋਣ ਦਾ ਇਲਜ਼ਾਮ ਲਾ ਕੇ ਤੁਸੀਂ ਖ਼ੁਦ ਕਦੇ ਵੀ ਮੁਕਤ ਨਹੀਂ ਹੋ ਸਕਦੇ। ਵਖਰੇਵਿਆਂ ਅਤੇ ਪੱਖਪਾਤ ਦੀ ਬ੍ਰਿਤੀ ਨੂੰ ਤਿਲਾਂਜਲੀ ਦੇ ਕੇ ਅਤੇ ਤੰਗ ਫ਼ਿਰਕਿਆਂ ਦੀਆਂ ਪਾਬੰਦੀਆਂ ਤੋਂ ਉਤਾਂਹ ਉੱਠ ਕੇ ਜਦੋਂ ਤੁਸੀਂ ਆਪਣੇ ਆਪ ਨੂੰ ਕੇਂਦਰ ਵਿਚ ਰਖਦੇ ਹੋ ਤਾਂ ਹੀ ਤੁਸੀਂ ਅਦਵੈਤ ਚੇਤਨਾ ਦੀ ਸਥਿਤੀ 'ਚ ਪਹੁੰਚ ਸਕਦੇ ਹੋ। ਕਿਸੇ ਇਕ ਧਿਰ ਦਾ ਪੱਖ ਲੈ ਕੇ ਤੁਸੀਂ ਫਿਰਕਾ-ਵੰਡ ਦੀਆਂ ਨੀਹਾਂ ਮਜ਼ਬੂਤ ਕਰਦੇ ਹੋ ਅਤੇ ਤੁਸੀਂ ਇਸ ਸੰਸਾਰ ਵਿਚ ਅਨੰਤ ਜਨਮਾਂ ਦੇ ਚੱਕਰ ਵਿਚ ਫਸ ਜਾਂਦੇ ਹੋ। ਕੀ ਤੁਸੀਂ ਮੁਕਤੀ ਚਾਹੁੰਦੇ ਹੋ ਜਾਂ ਤੁਸੀਂ ਫਿਰਕਾ-ਵੰਡ ਵਿਚ ਹੀ ਸੜਦੇ ਰਹਿਣਾ ਚਾਹੁੰਦੇ ਹੋ? ਦੇਖੋ, ਧਰਮ ਕਿਸ ਤਰ੍ਹਾਂ ਵਿਭਿੰਨ ਫ਼ਿਰਕਿਆਂ ਦੇ ਰੌਲੇ-ਰੱਪੇ ਵਿਚ ਵੰਡਿਆ ਜਾਂਦਾ ਹੈ? ਇਹ ਫ਼ਿਰਕੇ ਪ੍ਰਸਪਰ ਵਿਰੋਧੀ ਗੁੱਟ ਬਣ ਜਾਂਦੇ ਹਨ।

ਜਿਥੇ ਵੀ ਕ੍ਰੋਧ, ਹੰਕਾਰ, ਕਪਟ ਅਤੇ ਲਾਲਚ ਵਰਗੀਆਂ ਬੁਰਾਈਆਂ ਪਣਪਦੀਆਂ ਹਨ ਉਥੇ ਨਾ ਧਰਮ ਹੁੰਦਾ ਹੈ ਅਤੇ ਨਾ ਹੀ ਮੁਕਤੀ। ਫਿਰ ਲੋਕ ਧਾਰਮਿਕ ਲਿਬਾਦਾ ਪਹਿਨ ਕੇ ਵੀ ਕ੍ਰੋਧ, ਹੰਕਾਰ, ਕਪਟ ਅਤੇ ਲਾਲਚ ਵਰਗੀਆਂ ਬੁਰਾਈਆਂ ਵਿਚ ਕਿਉਂ ਲੱਗੇ ਰਹਿੰਦੇ

ਹਨ? ਆਮ ਤੌਰ 'ਤੇ ਲੋਕ ਇਨ੍ਹਾਂ ਬੁਰੀਆਂ ਬ੍ਰਿਤੀਆਂ ਵਿਚ ਆਪਣੇ ਫ਼ਿਰਕੇ ਜਾਂ ਪੱਖ ਨੂੰ ਮਜ਼ਬੂਤ ਕਰਨ ਹਿਤ ਰੁੱਝੇ ਰਹਿੰਦੇ ਹਨ।

ਲੋਕਾਂ ਨੇ ਧਰਮ ਨੂੰ ਇਕ ਰੇਸ-ਕੋਰਸ ਦੇ ਪੱਧਰ ਲੈ ਆਂਦਾ ਹੈ। ਉਹ ਪੈਰੋਕਾਰਾਂ ਦੀ ਗਿਣਤੀ ਵਧਾਉਣ ਦੀ ਖ਼ਾਤਰ ਇਕ ਅਣਸੁਖਾਵੇ ਮੁਕਾਬਲੇ ਵਿਚ ਉਲਝ ਗਏ ਹਨ। ਜੇ ਇਕ ਅਚਾਰੀਯ ਦੇ ਪੰਜ ਸ਼ਿਸ਼ ਹਨ ਤਾਂ ਮੇਰੇ ਗਿਆਰਾਂ ਹੋਣੇ ਚਾਹੀਦੇ ਹਨ। ਇਸ ਅਚਾਰੀਯ ਨੇ ਆਪਣਾ ਘਰ-ਬਾਰ, ਪਤਨੀ, ਬੱਚੇ ਸਭ ਕੁਝ ਤਜ ਦਿੱਤਾ ਪਰ ਖ਼ੁਦ ਨੂੰ ਗਿਆਰਾਂ ਚੇਲਿਆਂ ਦੇ ਬੰਧਨ ਵਿਚ ਬੰਨ ਲਿਆ। ਉਹ ਆਪਣੇ ਚੇਲਿਆਂ ਉਪਰ ਆਪਣਾ ਗੁੱਸਾ ਝਾੜਦਾ ਹੈ। ਇਸ ਤਰ੍ਹਾਂ ਦੀ ਬੇਚੈਨੀ ਵਾਲੀ ਪ੍ਰਕ੍ਰਿਆ ਨੂੰ ਮੁਕਤੀ ਦਾ ਸਾਧਨ ਕਿਵੇਂ ਕਿਹਾ ਜਾ ਸਕਦਾ ਹੈ?

ਇਕ 'ਵਿਤਰਾਗ' ਹਰ ਮੋਹ ਤੋਂ ਉੱਪਰ ਹੁੰਦਾ ਹੈ। ਇਸ ਲਈ ਉਹ ਕਦੇ ਵੀ ਇਨੀ ਖਰ੍ਹਵੀ ਭਾਸ਼ਾ ਦਾ ਪ੍ਰਯੋਗ ਨਹੀਂ ਕਰੇਗਾ ਪਰੰਤੂ ਇਨ੍ਹਾਂ ਹਾਲਾਤਾਂ ਵਿਚ ਹੋਰ ਸੰਭਵ ਵੀ ਕੀ ਹੈ? ਪੂਰੀ ਤਰ੍ਹਾਂ ਦਇਆ-ਭਰਪੂਰ ਪਰੰਤੂ ਖਰ੍ਹਵੇ ਸ਼ਬਦ, ਪੂਰੀ ਤਰ੍ਹਾਂ ਅਲਗਾਉ ਦੀ ਭਾਵਨਾ ਨਾਲ, ਮਰਜ਼ ਦਾ ਇਲਾਜ ਕਰਨ ਹਿਤ ਮੇਰੇ ਬੁੱਲਾਂ ਵਿਚੋਂ ਨਿਕਲ ਜਾਂਦੀ ਹੈ। ਪਰੰਤੂ ਉਹ ਵੀ ਗ਼ਲਤ ਨਹੀਂ ਹਨ। ਉਹ ਵੀ ਮੁਕਤ ਹੋਣ ਦੀ ਇੱਛਾ ਰਖਦੇ ਹਨ ਪਰੰਤੂ ਅਗਿਆਨਤਾ ਉਨ੍ਹਾਂ ਦੇ ਰਾਹ ਵਿਚ ਰੁਕਾਵਟ ਬਣ ਕੇ ਖੜੋ ਜਾਂਦੀ ਹੈ। ਸਮਾਂ ਵਾਕਈ ਬਹੁਤ ਮਾੜਾ ਹੈ ਅਤੇ ਸਾਰੀ ਮਾਨਵਤਾ ਹੀ ਇਸ ਤੂਫ਼ਾਨ ਵਿਚ ਫਸੀ ਹੋਈ ਹੈ।

ਮੇਰੇ ਮਨ ਵਿਚ ਅਥਾਹ ਦਇਆ ਹੈ। ਮੇਰੀਆਂ ਨਜ਼ਰਾਂ ਵਿਚ ਹਰ ਕੋਈ ਮਾਸੂਮ ਹੈ ਕਿਉਂਕਿ ਮੇਰੀ ਨਜ਼ਰ ਦਇਆ ਨਾਲ ਭਰਪੂਰ ਹੈ। ਇਸ ਲਈ ਮੈਨੂੰ ਹਰ ਕੋਈ ਮਾਸੂਮ ਹੀ ਨਜ਼ਰ ਆਉਂਦਾ ਹੈ।

## 29

## ਸਰਲਤਾ ਦਾ ਰਸਤਾ

ਇਕ ਵਾਰ ਸ਼ਰਧਾਲੂਆਂ ਦੀ ਇਕ ਸੰਗਤ ਵਿਚ ਭਗਵਾਨ ਮਹਾਂਵੀਰ ਦੇ ਬਚਨ ਸੁਣਣ ਲਈ ਇਕ ਅਚਾਰਯ ਮਹਾਰਾਜ ਵੀ ਬੈਠੇ ਹੋਏ ਸਨ। ਅਚਾਰਯ ਜੀ ਦੀ ਹਉਮੈਂ ਨੇ ਉਨ੍ਹਾਂ ਨੂੰ ਵਰਗਲਾ ਕੇ ਉਨ੍ਹਾਂ ਦੇ ਅੰਦਰ ਇਹ ਵਿਚਾਰ ਪੈਦਾ ਕਰ ਦਿੱਤਾ ਕਿ ਮੇਰੇ ਪਾਸ ਇੰਨਾ ਗਿਆਨ ਹੈ ਅਤੇ ਮੈਂ ਵੀ 'ਕੁਝ' ਹਾਂ। ਉਸ ਨੇ ਹਉਮੈ-ਵਸ ਭਗਵਾਨ ਮਹਾਂਵੀਰ ਨੂੰ ਪ੍ਰਸ਼ਨ ਕੀਤਾ: 'ਇਸ ਸਮੇਂ ਮੇਰੇ ਅਤੇ ਤੁਹਾਡੇ ਵਿਚਕਾਰ ਕੀ ਅੰਤਰ ਹੈ? ਮੈਂ ਹਾਲੀਂ ਕਿੰਨੇ ਜਨਮ ਹੋਰ ਲੈਣੇ ਹਨ?' ਆਚਰਯ ਦਾ ਸੋਚਦਾ ਸੀ ਕਿ ਉਸ ਨੂੰ ਵੱਧ ਤੋਂ ਵੱਧ ਤਿੰਨ ਵਾਰ ਹੋਰ ਜਨਮ ਲੈਣਾ ਪਵੇਗਾ ਅਤੇ ਉਸ ਉਪਰੰਤ ਉਸ ਦੀ ਮੁਕਤੀ ਹੋ ਜਾਵੇਗੀ।

ਭਗਵਾਨ ਤਾਂ ਪੂਰੀ ਤਰ੍ਹਾਂ ਨਿਰਲੇਪ ਅਤੇ ਬੇਲਾਗ ਸਨ ਪਰੰਤੂ ਉਹ ਅਚਾਰੀਯ ਦੀ ਭਾਵਨਾ ਵੀ ਸਮਝਦੇ ਸਨ। ਸੋ ਉਨ੍ਹਾਂ ਉੱਤਰ ਦਿੱਤਾ: "ਤੁਹਾਡਾ ਪ੍ਰਸ਼ਨ ਬਹੁਤ ਵਧੀਆ ਹੈ। ਪਰੰਤੂ ਉਨ੍ਹਾਂ ਚਾਰ-ਪੰਜ ਵਿਅਕਤੀਆਂ ਨੂੰ ਬੁਲਾ ਲਿਆਉ ਜਿਨ੍ਹਾਂ ਦੇ ਪੁੰਨ ਕਰਮ ਇਸ ਸਮੇਂ ਚੜ੍ਹਾਈ ਵਿਚ ਹਨ। ਕਿਰਪਾ ਕਰਕੇ ਇਸ ਨਗਰ ਦੇ ਸਭ ਤੋਂ ਅਮੀਰ ਨਗਰ-ਸੇਠ ਨੂੰ ਬੁਲਾ ਲਿਆਉ; ਸਤੀ, ਵੇਸ਼ਵਾ ਅਤੇ ਜੇਬ ਕਤਰੇ ਨੂੰ ਬੁਲਾ ਲਉ। ....ਬਾਹਰ ਜਿਹੜਾ ਗਧਾ ਖੜਾ ਹੈ ਮੈਂ ਉਸ ਦੀ ਗਾਥਾ ਵੀ ਤੁਹਾਨੂੰ ਸੁਣਾਵਾਂਗਾ। ਅਚਾਰੀਯ ਜੀ ਨੇ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਭਗਵਾਨ ਮਹਾਂਵੀਰ ਦੀ ਹਾਜ਼ਰੀ ਵਿਚ ਲੈ ਆਂਦਾ। ਭਗਵਾਨ ਮਹਾਂਵੀਰ ਨੇ ਇੰਝ ਸੱਚ ਪ੍ਰਗਟ ਕਰ ਦਿੱਤਾ: "ਹੇ ਅਚਾਰੀਯ! ਮੇਰੀ ਗੱਲ ਸੁਣੋ। ਮੇਰੇ, ਤੁਹਾਡੇ, ਇਸ ਅਮੀਰ ਵਿਅਕਤੀ, ਸਤੀ, ਵੇਸ਼ਵਾ, ਜੇਬ-ਕਤਰੇ ਅਤੇ ਇਸ ਗਧੇ ਵਿਚ ਕੋਈ ਅੰਤਰ ਨਹੀਂ ਹੈ।"

"ਭਗਵਾਨ, ਇਹ ਤੁਸੀਂ ਕੀ ਕਹਿ ਰਹੇ ਹੋ? ਕੀ ਤੁਹਾਡੇ ਅਤੇ ਸਾਡੇ ਵਿਚਕਾਰ ਕੋਈ ਅੰਤਰ ਨਹੀਂ ਹੈ? ਪਰੰਤੂ ਬਹੁਤ ਸਾਰਾ ਫ਼ਰਕ ਸਾਫ਼ ਦ੍ਰਿਸ਼ਟੀਗੋਚਰ ਹੈ," ਉਸ ਅਚਾਰੀਯ ਨੇ ਕਿਹਾ।

ਭਗਵਾਨ ਮਹਾਂਵੀਰ ਨੇ ਉੱਤਰ ਦਿੱਤਾ: "ਦੇਖੋ! ਜਿਹੜਾ ਅੰਤਰ ਤੁਸੀਂ ਵੇਖ ਰਹੇ ਹੋ ਉਹ ਅੰਤਰ ਤੁਹਾਡੀ ਨਜ਼ਰ ਵਿਚ ਹੈ। ਮੈਂ ਇਸ ਤੋਂ ਪਹਿਲਾਂ ਤੀਜੇ ਜਨਮ ਵਿਚ ਇਕ ਗਿਆਨੀ-ਪੁਰਸ਼ ਦਾ ਚੇਲਾ ਬਣ ਗਿਆ। ਉਸ ਨੇ ਮੇਰੀ ਨਜ਼ਰ ਨੂੰ ਸਾਦਗੀ, ਮਾਸੂਮੀਅਤ ਦਿੱਤੀ। ਇਸ ਸਰਲਤਾ ਵਾਲੀ ਨਜ਼ਰ ਨਾਲ ਮੈਨੂੰ ਸਾਰਾ ਸੰਸਾਰ ਹੀ ਸਰਲ ਅਤੇ ਮਾਸੂਮ ਦਿਸਣ ਲੱਗ ਪਿਆ। ਮੈਂ ਉਸ ਤੋਂ ਬਾਦ ਵਾਲੇ ਦੋ ਜਨਮਾਂ ਵਿਚ ਵੀ ਆਪਣੀ ਨਜ਼ਰ ਦੀ ਸਰਲਤਾ ਅਤੇ ਮਾਸੂਮੀਅਤ ਕਾਇਮ ਰੱਖੀ। ਨਤੀਜੇ ਵਜੋਂ ਇਸ ਜਨਮ ਵਿਚ ਮੈਂ ਪੂਰੀ ਤਰ੍ਹਾਂ ਸਰਲ ਅਤੇ ਮਾਸੂਮ ਬਣ ਗਿਆ ਹਾਂ। ਇਸ ਸਰਲ ਨਜ਼ਰ ਨਾਲ ਮੈਂ ਕਹਿੰਦਾ ਹਾਂ ਕਿ ਮੇਰੇ ਅਤੇ ਤੁਹਾਡੇ ਸਾਰਿਆਂ ਵਿਚਕਾਰ ਕੋਈ ਅੰਤਰ ਨਹੀਂ ਹੈ।

ਅਚਾਰੀਯ ਜੀ ਨੇ ਗੱਲ ਜਾਰੀ ਰਖਦਿਆਂ ਫਿਰ ਕਿਹਾ: "ਪਰੰਤੂ, ਭਗਵਾਨ, ਸਾਨੂੰ ਤਾਂ ਬਹੁਤ ਫ਼ਰਕ ਨਜ਼ਰ ਆਉਂਦਾ ਹੈ। ਇਹ ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਇਹ ਸਤੀ ਅਤੇ ਵੇਸ਼ਵਾ, ਇਹ ਅਮੀਰ ਵਿਅਕਤੀ ਇਹ ਜੇਬ-ਕਤਰਾ, ਮੈਂ ਅਤੇ ਇਹ ਗਧਾ ਸਾਰੇ ਬਰਾਬਰ ਹਾਂ। ਅਸੀਂ ਕਿੰਨ੍ਹਾਂ ਅਰਥਾਂ ਵਿਚ ਬਰਾਬਰ ਹਾਂ? ਠੀਕ ਹੈ, ਮੈਂ ਤੁਹਾਡੀ ਗੱਲ ਨਹੀਂ ਮੰਨ ਸਕਦਾ: ਇਹ ਗੱਲ ਮੰਨਣਯੋਗ ਹੀ ਨਹੀਂ ਹੈ।"

ਭਗਵਾਨ ਨੇ ਫਿਰ ਕਿਹਾ: ਪਿਆਰੇ ਅਚਾਰੀਯ ਜੀ! ਦੇਖੋ। ਮੇਰੇ, ਤੁਹਾਡੇ ਇਸ ਅਮੀਰ ਵਿਅਕਤੀ, ਸਤੀ, ਵੇਸ਼ਵਾ, ਜੇਬ-ਕਤਰੇ ਅਤੇ ਇਸ ਗਧੇ ਦੇ ਅੰਦਰ ਜੋ ਜੀਵਤ ਤੱਤ ਹੈ ਉਹ ਇਕ ਹੀ ਹੈ। ਮੰਨ ਲਉ ਕਿ ਸਾਡੇ ਸਾਰਿਆਂ ਦੇ ਅੰਦਰਲਾ ਤੱਤ 25 ਗਰਾਮ ਕੱਤਿਆ ਹੋਇਆ ਧਾਗਾ ਹੈ। ਫ਼ਰਕ ਸਿਰਫ਼ ਇੰਨਾ ਹੀ ਹੈ ਤੁਹਾਡੇ ਅੰਦਰਲੇ ਧਾਗੇ ਦੀ ਗੁੱਛੀ ਉਲਝੀ ਹੋਈ

ਹੈ ਅਤੇ ਮੇਰੀ ਸਾਫ਼ ਅਤੇ ਸੁਲਝੀ ਹੋਈ ਹੈ। ਮੈਂ ਆਪਣੇ ਗਿਆਨ ਰਾਹੀਂ ਦੇਖ ਸਕਦਾ ਹਾਂ ਇਹ ਗਧਾ ਮੁਕਤੀ ਪ੍ਰਾਪਤੀ ਤੋਂ ਪਹਿਲਾਂ ਤੁਹਾਡੇ ਸਾਰਿਆਂ ਵਿਚੋਂ ਸਭ ਤੋਂ ਘੱਟ ਪੁਨਰ-ਜਨਮ ਲਵੇਗਾ।

ਭਗਵਾਨ ਮਹਾਂਵੀਰ ਨੇ ਅੱਗੇ ਗੱਲ ਜਾਰੀ ਰਖਦਿਆਂ ਹੋਇਆ ਕਿਹਾ: "ਹੇ ਅਚਾਰੀਯ ਮਹਾਰਾਜ! ਤੁਹਾਨੂੰ ਆਪਣੇ ਮਾਨਸਕ ਬੋਝ ਅਤੇ ਹਉਮੈਂ ਤੋਂ ਛੁਟਕਾਰਾ ਪਾ ਕੇ ਮੁਕਤੀ ਹਾਸਲ ਕਰਨ ਲਈ ਹਾਲੇ ਬਹੁਤ ਵਾਰ ਜਨਮ ਲੈਣਾ ਪਵੇਗਾ। ਇਸ ਦੇ ਉਲਟ, ਇਹ ਗਧਾ ਅਗਲੇ ਜਨਮ ਵਿਚ ਹੀ ਕਿਸੇ ਗਿਆਨੀ ਪੁਰਸ਼ ਦੇ ਸੰਪਰਕ ਵਿਚ ਆਵੇਗਾ ਅਤੇ ਮੁਕਤੀ ਦਾ ਭਾਗੀ ਬਣੇਗਾ।"

## 30
## ਅਭਿਮਾਨ ਅਤੇ ਮੁਕਤੀ

**ਪ੍ਰਸ਼ਨ-ਕਰਤਾ** : ਸ੍ਰੀਮਾਨ ਜੀ! ਇਹ ਕਿਵੇਂ ਹੈ ਸਾਡੇ ਦੁਆਰਾ ਧਰਮ-ਗਰੰਥਾਂ ਦਾ ਅਧਿਐਨ ਕਰਕੇ ਗਿਆਨ ਪ੍ਰਾਪਤ ਕਰਨਾ ਸਾਡੀ ਮੁਕਤੀ ਦੇ ਰਾਹ ਵਿਚ ਮੁਸ਼ਕਿਲਾਂ ਖੜੀਆਂ ਕਰ ਸਕਦਾ ਹੈ?

**ਦਾਦਾਸ਼੍ਰੀ** : ਇਹ ਅਭਿਮਾਨ ਕਿ 'ਮੈਨੂੰ ਵੀ ਬਹੁਤ ਗਿਆਨ ਹੈ' ਇਕ ਤਰ੍ਹਾਂ ਦਾ ਭੈੜਾ ਨਸ਼ਾ ਹੈ। ਇਸ ਤਰ੍ਹਾਂ ਦੇ ਅਭਿਮਾਨੀ ਵਿਅਕਤੀ ਕਦੇ ਵੀ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ। ਇਹ ਅਭਿਮਾਨ ਨੀਂਦ ਸਮੇਂ ਵੀ ਕਾਇਮ ਰਹਿੰਦਾ ਹੈ। ਮੁਕਤ ਪਦਾਰਥ ਸਿਰਫ਼ ਨਿਮਰ, ਸਿਆਣੇ ਅਤੇ ਸਹਿਜ ਵਿਅਕਤੀ ਦੇ ਹਿੱਸੇ ਆਉਂਦਾ ਹੈ। ਤੁਸੀਂ ਧਰਮ-ਗਰੰਥਾਂ ਦਾ ਅਧਿਐਨ ਕੀਤਾ ਅਤੇ ਮੂੰਹ-ਜ਼ਬਾਨੀ ਯਾਦ ਵੀ ਕਰ ਲਏ - ਕੀ ਇਹ ਸਾਰੀ ਮਿਹਨਤ ਮੁਕਤੀ ਪ੍ਰਾਪਤੀ ਹਿਤ ਇਕ ਸਾਧਨ ਹੈ ਜਾਂ ਕੀ ਇਹ ਸਭ ਅਮੁੱਕ ਆਵਾਗਵਨ ਦੇ ਚੱਕਰ ਵਿਚ ਫਸੇ ਰਹਿਣ ਲਈ ਹੈ? ਕਿਤਾਬੀ ਗਿਆਨੀ ਮਾਨਸਿਕ ਬੋਝ ਵਿਚ ਵਾਧਾ ਹੀ ਕਰਦਾ ਹੈ। ਇਸ ਦੇ ਨਤੀਜੇ ਵਜੋਂ ਤੁਸੀਂ ਅਭਿਮਾਨ ਦਾ ਸ਼ਿਕਾਰ ਹੋ ਜਾਂਦੇ ਹੋ। ਜੇ ਕਿਸੇ ਸ਼ਰਾਬੀ ਉਪਰ ਠੰਢਾ ਪਾਣੀ ਪਾ ਦੇਈਏ ਤਾਂ ਉਸ ਦਾ ਨਸ਼ਾ ਉਤਾਰਿਆ ਜਾਂ ਘੱਟ ਕੀਤਾ ਜਾ ਸਕਦਾ ਹੈ ਪਰੰਤੂ ਧਰਮ-ਗਰੰਥਾਂ ਦੇ ਕੀਤੇ ਅਧਿਐਨ ਦਾ ਨਸ਼ਾ ਕਿਵੇਂ ਵੀ ਘੱਟ ਨਹੀਂ ਕਰ ਸਕਦੇ। ਜਿੰਨਾ ਹੀ ਇਹ ਨਸ਼ਾ ਘੱਟ ਹੋਵੇਗਾ ਉਨਾ ਹੀ ਮੁਕਤੀ ਜਲਦੀ ਪ੍ਰਾਪਤ ਹੋਵੇਗੀ।

ਜੇ ਇਕ ਵਿਅਕਤੀ ਦੇ ਚਿਹਰੇ ਉਪਰ ਜਰਾ ਕੁ ਜਿੰਨਾ ਵੀ ਮੁਹਾਂਸਾ ਹੋਵੇ ਤਾਂ ਉਹ ਵਾਰ-ਵਾਰ ਸ਼ੀਸ਼ਾ ਵੇਖਦਾ ਹੈ ਕਿਉਂਕਿ ਉਹ ਵਿਸ਼ਵਾਸ਼ ਕਰਦਾ ਹੈ ਕਿ 'ਉਹ ਅਮਿਤ ਹੈ'। ਉਹ ਆਪਣੇ ਸਰੀਰ ਨੂੰ ਹੀ ਆਪਣਾ ਨਿਜ ਸਮਝ ਬੈਠਦਾ ਹੈ। ਇਸ ਲਈ ਉਹ ਵਾਰ-ਵਾਰ ਸ਼ੀਸ਼ੇ ਵਿਚ ਤੱਕਦਾ ਰਹਿੰਦਾ ਹੈ। ਪਰੰਤੂ ਸੱਚ ਤਾਂ ਇਹ ਹੈ ਕਿ ਇਹ ਸਰੀਰ ਤੁਹਾਡਾ ਨਹੀਂ। ਇਹ

ਸਰੀਰ ਤਾਂ ਇਕ ਬੰਧਨ ਹੈ।

**ਪ੍ਰਸ਼ਨ-ਕਰਤਾ** : ਵਿਅਕਤੀ ਦਾ ਸਰੀਰ ਉਸ ਦੇ ਲਈ ਬੰਧਨ ਕਿਵੇਂ ਹੋ ਸਕਦਾ ਹੈ?

**ਦਾਦਾਸ਼੍ਰੀ** : ਜਦੋਂ ਕੋਈ ਲੜਕਾ ਕਿਸੇ ਲੜਕੀ ਨੂੰ ਪਿਆਰ ਕਰਨ ਲਗਦਾ ਹੈ ਤਾਂ ਉਸ ਦਾ ਪਿਤਾ ਉਸ ਨੂੰ ਕਹਿੰਦਾ ਹੈ: 'ਤੂੰ ਇਹ ਬੰਧਨ ਕਿਉਂ ਸਹੇੜ ਰਿਹਾ ਹੈ?' ਉਸ ਸਮੇਂ ਉਸ ਯੁਵਕ ਦਾ ਉੱਤਰ ਹੁੰਦਾ ਹੈ: "ਤੁਸੀਂ ਕੀ ਕਹਿੰਦੇ ਹੋ? ਕੀ ਉਹ ਮੇਰੇ ਲਈ ਇਕ ਬੰਧਨ ਹੈ? ਇਨ੍ਹਾਂ ਗੱਲਾਂ ਦੀ ਤੁਹਾਨੂੰ ਕੀ ਸਮਝ ਹੈ?" ਪਰੰਤੂ ਕੁਝ ਹੀ ਦਿਨਾਂ ਬਾਦ ਉਸ ਯੁਵਤੀ ਨਾਲ ਇਕ ਝਗੜਾ ਖੜਾ ਹੋ ਜਾਦਾ ਹੈ ਜਾਂ ਉਹ ਲੜਕੀ ਹੀ ਉਸ ਨੂੰ ਛੱਡ ਕੇ ਕਿਸੇ ਹੋਰ ਨਾਲ ਪ੍ਰੇਮ-ਲੀਲਾ ਰਚਾ ਲੈਂਦੀ ਹੈ; ਫਿਰ ਉਹ ਮਹਿਸੂਸ ਕਰਦਾ ਹੈ ਕਿ ਸੱਚ ਹੀ ਉਹ ਇਕ ਬੰਧਨ ਸੀ।

ਬਿਲਕੁਲ ਇਸੇ ਤਰ੍ਹਾਂ ਇਹ ਸਰੀਰ ਵੀ ਇਕ ਬੰਧਨ, ਇਕ ਜਾਲ ਹੈ। ਜੇ ਸਰੀਰ ਦਾ ਅਨੁਭਵ ਜਾਂਦਾ ਰਹੇ ਤਾਂ ਇਸ ਦੇ ਨਾਲ ਹੀ ਮੋਹ ਦਾ ਜਾਲ ਵੀ ਟੁੱਟ ਜਾਂਦਾ ਹੈ। ਜਾਲ ਤਾਂ ਹਮੇਸ਼ਾ ਹੀ ਕਪਟੀ ਹੁੰਦਾ ਹੈ। ਮਨੁੱਖਾ ਮਨ, ਬਚਨ ਅਤੇ ਕਰਮ ਸਾਰੇ ਹੀ ਇਕ ਜਾਲ ਹਨ।

ਇਹ ਜਾਲ ਹੈ ਕੀ? ਤੁਸੀਂ ਅਜ਼ਾਦ ਹੋਣਾ ਚਾਹੁੰਦੇ ਹੋ ਪਰ ਤੁਸੀਂ ਅਜ਼ਾਦ ਹੋ ਨਹੀਂ ਸਕਦੇ......ਇਹ ਜਾਲ ਹੈ......ਜਿਸ ਪਲ ਵੀ ਤੁਹਾਨੂੰ ਅਹਿਸਾਸ ਹੋ ਜਾਂਦਾ ਹੈ ਕਿ ਇਹ ਜਾਲ ਹੈ, ਉਸੇ ਪਲ ਇਸ ਜਾਲ ਵਿਚੋਂ ਨਿਕਲਣ ਦਾ ਢੰਗ ਲੱਭਣ ਦੀ ਕੋਸ਼ਿਸ਼ ਕਰੋ। ਪਰੰਤੂ ਜੇ ਤੁਸੀਂ ਖ਼ੁਦ ਹੀ ਜਾਲ ਨੂੰ ਪਿਆਰ ਕਰਨ ਲਗ ਜਾਉ ਤਾਂ ਫਿਰ ਨਤੀਜਾ ਕੀ ਹੋਵੇਗਾ? ਇਸ ਦੀ ਤੁਹਾਡੇ ਉਪਰ ਪਕੜ ਵਧੇਰੇ ਕਰੜੀ ਹੁੰਦੀ ਜਾਵੇਗੀ ਅਤੇ ਇਹ ਜਾਲ ਹੋਰ ਵੀ ਵੱਧ ਕਸਿਆ ਜਾਵੇਗਾ।

ਇਕ ਜਾਲ ਤਾਂ ਮੋਹ ਅਤੇ ਘ੍ਰਿਣਾ ਦੀਆਂ ਭਾਵਨਾਵਾਂ ਉਪਰ ਅਧਾਰਤ ਹੈ। ਮੈਂ ਤੁਹਾਨੂੰ ਮੋਹ ਅਤੇ ਘ੍ਰਿਣਾ ਦੋਹਾਂ ਪ੍ਰਕਾਰ ਦੀਆਂ ਭਾਵਨਾਵਾਂ ਤੋਂ ਮੁਕਤ ਕਰਦਾ ਹੈ। ਇੰਝ ਕਰਨ ਨਾਲ ਜਾਲ ਦੀ ਪਕੜ ਢਿੱਲੀ ਪੈ ਜਾਂਦੀ ਹੈ। ਕੀ ਇੰਦਰੀਆਂ ਨੂੰ ਸਜਾ ਦੇਣ ਜਾਂ ਇੰਦਰੀ-ਦਮਨ ਕਰਨ ਨਾਲ ਵੀ ਇਸ ਜਾਲ ਵਿਚੋਂ ਨਿਕਲਿਆ ਜਾ ਸਕਦਾ ਹੈ? ਨਹੀਂ, ਇਸ ਵਿਚੋਂ ਤਾਂ ਸਿਰਫ਼ ਵਿਤਰਾਗ (ਨਿਰਲੇਪਤਾ) ਅਤੇ ਅਹਿੰਸਾ ਨਾਲ ਹੀ ਨਿਕਲਿਆ ਜਾ ਸਕਦਾ ਹੈ। ਸਾਡੇ ਇਹ ਮਨ, ਬਚਨ ਅਤੇ ਕਰਮ ਸਭ ਬੰਧਨ ਹਨ। ਇਕ ਵਾਰ ਜਦੋਂ ਤੁਸੀਂ ਇਕ ਦ੍ਰਸ਼ਟਾ ਦੇ ਨਾਤੇ ਇਨ੍ਹਾਂ ਨੂੰ ਜਾਣ ਅਤੇ ਪਹਿਚਾਣ ਲਉਗੇ ਤਾਂ ਆਪਣੇ ਆਪ ਹੀ ਇਨ੍ਹਾਂ ਦੀ ਪਕੜ ਢਿੱਲੀ ਪੈ ਜਾਂਦੀ ਹੈ।

## 31
## ਮੁਕਤੀ - ਸਰਵੋਤਮ ਤਾਂਘ

**ਦਾਦਾਸ਼੍ਰੀ** : ਸਾਨੂੰ ਸਿਰਫ਼ ਮੁਕਤੀ ਦੀ ਹੀ ਦਿਲੋਂ ਤਾਂਘ ਰਖਣੀ ਚਾਹੀਦੀ ਹੈ: ਇਸ ਲਈ ਕੋਸ਼ਿਸ਼

ਕਰੋ ਕਿ ਬਾਕੀ ਸਾਰੀਆਂ ਇਛਾਵਾਂ ਤੋਂ ਖ਼ੁਦ ਨੂੰ ਉਪਰ ਉਠਾ ਲਉ। ਅਸੀਂ ਤਾਂ ਸਪਸ਼ਟ ਸ਼ਬਦਾਂ ਵਿਚ ਇਹ ਕਹਾਂਗੇ ਕਿ ਮੁਕਤੀ ਪ੍ਰਾਪਤੀ ਹਿਤ ਜਿਹੜਾ ਵੀ ਰਸਤਾ ਰਸਮਾਂ ਅਤੇ ਰੀਤੀਆਂ ਦਾ ਹੈ ਉਹ ਰਸਤਾ ਲੌਕਿਕ ਹੈ। ਜੇਕਰ ਤੁਸੀਂ ਸੱਚੇ ਮਨ ਨਾਲ ਇਕ ਵਾਰ ਵੀ ਮੁਕਤੀ ਦੀ ਇੱਛਾ ਕੀਤੀ ਹੋਵੇ ਤਾਂ ਤੁਹਾਡੀ ਇਕ ਬ੍ਰਹਮ-ਗਿਆਨੀ ਪੁਰਸ਼ ਨਾਲ ਮੁਲਾਕਾਤ ਜ਼ਰੂਰ ਹੋਵੇਗੀ - ਭਾਵੇਂ ਇਹ ਲੱਖ ਸਾਲ ਬਾਅਦ ਹੀ ਕਿਉਂ ਨਾ ਹੋਵੇ। ਇਹ ਮੁਲਾਕਾਤ ਤੁਹਾਨੂੰ ਮੁਕਤੀ ਦਿਲਾਉਣ ਵਿਚ ਸਫ਼ਲ ਹੋਵੇਗੀ।

**ਪ੍ਰਸ਼ਨ-ਕਰਤਾ** : ਪਰੰਤੂ ਕੋਈ ਵੀ ਮਾਨਵ ਮੁਕਤੀ ਦੀ ਤਾਂਘ ਕਿਉਂ ਰੱਖੇ?

**ਦਾਦਾਸ਼੍ਰੀ** : ਮੁਕਤੀ ਜਾਂ ਮੋਕਸ਼ ਪੂਰਨ ਅਜ਼ਾਦੀ ਦਾ ਦੂਜਾ ਨਾਂ ਹੈ। ਇਹ ਸਾਰੇ ਸੰਸਾਰਕ ਝੰਜਟਾਂ ਤੋਂ ਅਜ਼ਾਦੀ ਦਿਵਾਉਂਦੀ ਹੈ।

**ਪ੍ਰਸ਼ਨ-ਕਰਤਾ** : ਪਰੰਤੂ, ਮਹਾਰਾਜ, ਇਹ ਵੀ ਤਾਂ ਕਹਿੰਦੇ ਹਨ ਕਿ ਮੁਕਤੀ ਦੀ ਪ੍ਰਾਪਤੀ ਬਹੁਤ ਕਠਿਨ ਹੈ।

**ਦਾਦਾਸ਼੍ਰੀ** : ਮੁਕਤੀ ਜਾਂ ਆਜ਼ਾਦੀ ਪ੍ਰਾਪਤੀ ਦੀ ਇੱਛਾ ਮਨੁੱਖ ਦਾ ਕੁਦਰਤੀ ਸੁਭਾਅ ਹੈ। ਮੁਕਤੀ ਆਤਮਾ ਦਾ ਮੂਲ ਸੁਭਾਅ ਹੈ। ਉਦਾਹਰਣ ਦੇ ਲਈ, ਪਾਣੀ ਆਪਦੇ ਮੂਲ ਸੁਭਾਅ ਅਨੁਸਾਰ ਠੰਢਾ ਹੈ। ਇਸ ਨੂੰ ਗਰਮ ਕਰਨ ਲਈ ਸਾਨੂੰ ਯਤਨ ਕਰਨਾ ਪੈਂਦਾ ਹੈ ਪਰੰਤੂ ਇਸ ਨੂੰ ਠੰਢਾ ਕਰਨ ਹਿਤ ਸਾਨੂੰ ਕੋਈ ਵਿਸ਼ੇਸ਼ ਯਤਨ ਨਹੀਂ ਕਰਨਾ ਪੈਂਦਾ। ਇਹ ਆਪਣੇ ਆਪ ਹੀ ਠੰਢਾ ਹੋ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਪਰੰਤੂ ਇਸ ਸਚਾਈ ਨੂੰ ਅਸੀਂ ਕਿਵੇਂ ਸਮਝ ਸਕਦੇ ਹਾਂ?

**ਦਾਦਾਸ਼੍ਰੀ** : ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਇਹ ਕਿਉਂ ਨਹੀਂ ਸਮਝਦੇ ਕਿ ਮੁਕਤੀ ਤੁਹਾਡਾ ਜਮਾਂਦਰੂ ਸੁਭਾਅ ਹੈ? ਅਸੀਂ ਆਪਣੇ ਜਨਮਜਾਤ ਸੁਭਾਅ ਨੂੰ ਹੀ ਨਹੀਂ ਸਮਝਦੇ ਕਿਉਂਕਿ ਅਸੀਂ ਇਕ ਭੁਲੇਖੇ ਅਧੀਨ ਜੀ ਰਹੇ ਹੋ। ਇਹ ਭ੍ਰਾਂਤੀ ਉਤਨੀ ਦੇਰ ਦੂਰ ਨਹੀਂ ਕੀਤੀ ਜਾ ਸਕਦੀ ਜਿਤਨੀ ਦੇਰ ਤੁਸੀਂ ਇਕ ਗਿਆਨੀ ਪੁਰਸ਼ ਦੇ ਸੰਪਰਕ ਵਿਚ ਨਹੀਂ ਆਉਂਦੇ ਅਤੇ ਉਹ ਗਿਆਨੀ ਪੁਰਸ਼ ਤੁਹਾਡੀਆਂ ਸਾਰੀਆਂ ਉਲਝਣਾਂ ਸੁਲਝਾਅ ਨਹੀਂ ਦਿੰਦਾ। ਇਸ ਲਈ ਹਮੇਸ਼ਾ ਉਸ ਗਿਆਨੀ ਪੁਰਸ਼ ਦੀ ਤਲਾਸ਼ ਵਿਚ ਰਹੋ।

ਗਿਆਨੀ ਉਹ ਪੁਰਸ਼ ਹੈ ਜੋ ਖ਼ੁਦ ਮੁਕਤ ਹੈ ਅਤੇ ਹੋਰ ਬਹੁਤ ਸਾਰੀਆਂ ਆਤਮਾਵਾਂ ਨੂੰ ਮੁਕਤ ਕਰ ਸਕਣ ਦੇ ਸਮਰਥ ਹੈ। ਜਦੋਂ ਤੁਹਾਨੂੰ ਉਹ ਗਿਆਨੀ ਪੁਰਸ਼ ਲੱਭ ਪਵੇ ਤਾਂ ਨਿਡਰ ਹੋ ਕੇ ਉਸ ਦਾ ਅਨੁਸਰਣ ਕਰੋ, ਭਾਵ ਉਸ ਦੀ ਦਿਤੀ ਸਿੱਖਿਆ ਉਪਰ ਅਮਲ ਕਰੋ। ਅੱਜ ਦੇ ਇਸ ਯੁਗ ਵਿਚ ਮੈਂ ਗਿਆਨ ਦਾ ਇਕ ਅਦਭੁਤ ਅਵਤਾਰ ਹਾਂ। ਮੈਂ ਇਕ ਘੰਟੇ ਦੇ

ਅੰਦਰ-ਅੰਦਰ ਤੁਹਾਨੂੰ ਮੁਕਤੀ ਪ੍ਰਦਾਨ ਕਰ ਸਕਦਾ ਹਾਂ। ਤੁਸੀਂ ਕੁਝ ਵੀ ਨਹੀਂ ਕਰਨਾ ਹੈ, ਤੁਸੀਂ ਮੈਨੂੰ ਕੁਝ ਵੀ ਅਰਪਣ ਨਹੀਂ ਕਰਨਾ ਹੈ ਕਿਉਂਕਿ ਮੈਨੂੰ ਕਿਸੇ ਚੀਜ ਦੀ ਇੱਛਾ ਨਹੀਂ ਹੈ।......ਪਰਮਾਤਮਾ ਵੀ ਆਪਣੇ ਆਪ ਨੂੰ ਉਸ ਵਿਅਕਤੀ ਅੰਦਰ ਪ੍ਰਗਟ ਕਰਦਾ ਹੈ ਜਿਹੜਾ ਸਭ ਇੱਛਾਵਾਂ ਅਤੇ ਲੋੜਾਂ ਤੋਂ ਉਪਰ ਉਠ ਗਿਆ ਹੋਵੇ।

**ਪ੍ਰਸ਼ਨ-ਕਰਤਾ** : ਬਹੁਤ ਸਾਰੇ ਅਜਿਹੇ ਸਾਧੂ-ਸੰਤ ਹਨ ਜਿਨ੍ਹਾਂ ਨੂੰ ਨਾ ਪੈਸੇ ਦੀ ਇੱਛਾ ਹੈ ਅਤੇ ਨਾ ਹੀ ਕਿਸੇ ਹੋਰ ਵਸਤੂ ਦੀ।

**ਦਾਦਾਸ਼੍ਰੀ** : ਤੁਹਾਨੂੰ ਕਈ ਸਾਧੂ-ਸੰਤ ਮਿਲਣਗੇ ਜਿਹੜੇ ਦੌਲਤ ਦੀ ਕੋਈ ਲਾਲਸਾ ਨਹੀਂ ਰਖਦੇ, ਜਾਂ ਜਿਹੜੇ ਹੋਰ ਇੰਦ੍ਰਿਆਵੀ ਖੁਸ਼ੀਆਂ ਪਿੱਛੇ ਨਹੀਂ ਦੌੜਦੇ ਪਰੰਤੂ ਉਹ ਆਪਣਾ ਸਤਿਕਾਰ, ਆਪਣੀ ਪ੍ਰਸਿੱਧੀ ਅਤੇ ਆਪਣੇ ਚੇਲੇ ਜ਼ਰੂਰ ਚਾਹੁੰਦੇ ਹਨ। ਉਨ੍ਹਾਂ ਦੇ ਦਿਲ ਦੇ ਕਿਸੇ ਨਾ ਕਿਸੇ ਕੋਣੇ ਵਿਚ ਮੰਗਤਿਆਂ ਵਰਗੀ ਇੱਛਾ ਜ਼ਰੂਰ ਵਸਦੀ ਹੈ ਪਰੰਤੂ ਪਰਮਾਤਮਾ ਉਸ ਵਿਅਕਤੀ ਅੰਦਰ ਪ੍ਰਗਟ ਹੁੰਦਾ ਹੈ ਜੋ ਇਨ੍ਹਾਂ ਇਛਾਵਾਂ ਤੋਂ ਪੂਰੀ ਤਰ੍ਹਾਂ ਉੱਪਰ ਉਠ ਗਿਆ ਹੋਵੇ। ਮੈਨੂੰ ਨਾ ਤਾਂ ਧਨ-ਦੌਲਤ ਦੀ ਇੱਛਾ ਹੈ ਨਾ ਇੰਦ੍ਰਿਆਵੀ ਖੁਸ਼ੀਆਂ ਦੀ ਅਤੇ ਨਾ ਹੀ ਕਿਸੇ ਚੇਲੇ ਦੀ। ਮੈਨੂੰ ਨਾ ਹੀ ਪ੍ਰਸਿੱਧੀ ਦੀ ਤਾਂਘ ਹੈ ਅਤੇ ਨਾ ਹੀ ਕਿਸੇ ਹੋਰ ਚੀਜ ਦੀ। ਮੈਨੂੰ ਕਿਸੇ ਵੀ ਚੀਜ ਦੀ ਨਾ ਲੋੜ ਹੈ ਅਤੇ ਨਾ ਹੀ ਇੱਛਾ। ਹਾਂ, ਜੇ ਤੁਹਾਨੂੰ ਮੇਰੇ ਪਾਸੋਂ ਕੁਝ ਚਾਹੀਦਾ ਹੈ ਤਾਂ ਤੁਸੀਂ ਕਹਿ ਸਕਦੇ ਹੋ ਪਰੰਤੂ ਕਹਿਣ ਦਾ, ਮੰਗਣ ਦਾ ਢੰਗ ਸਿਆਣਾ ਹੋਣਾ ਚਾਹੀਦਾ ਹੈ। ਮੰਗਣਾ ਹੀ ਹੈ ਤਾਂ ਮੁਕਤੀ ਦਾ ਦਾਨ ਮੰਗੋ ਤਾਂ ਜੋ ਤੁਹਾਨੂੰ ਮੁੜ ਕੁਝ ਹੋਰ ਕੁਝ ਮੰਗਣਾ ਹੀ ਨਾ ਪਵੇ।

**ਪ੍ਰਸ਼ਨ-ਕਰਤਾ** : ਪਰੰਤੂ ਹਰ ਵਿਅਕਤੀ ਨੂੰ ਜੀਵਨ ਦੌਰਾਨ ਕੁਝ ਦੁਨਿਆਵੀ ਵਸਤਾਂ ਵੀ ਚਾਹੀਦੀਆਂ ਹੁੰਦੀਆਂ ਹਨ।

**ਦਾਦਾਸ਼੍ਰੀ** : ਮਨੁੱਖਾ ਜੀਵਨ ਦਾ ਸਰਵਪ੍ਰਥਮ ਉੱਦੇਸ਼ ਹੈ ਸ਼ੁੱਧ ਆਤਮਾ ਨੂੰ ਪਹਿਚਾਨਣਾ: ਬਾਕੀ ਸਭ ਦੁਨਿਆਵੀ ਖੁਸ਼ੀਆਂ ਇਸ ਦੇ ਨਾਲ ਹੀ ਜੁੜੀਆਂ ਹੋਈਆਂ ਹਨ। ਲੋਕਾਂ ਨੇ ਇਨ੍ਹਾਂ ਦੁਨਿਆਵੀ ਖੁਸ਼ੀਆਂ ਹਿਤ ਕਾਰਖ਼ਾਨੇ ਲਗਾ ਰਖੇ ਹਨ ਪਰੰਤੂ ਅਸਲੀ ਵਸਤੂ (ਮੁਕਤੀ) ਪੈਦਾ ਕਰਨ ਵਾਲੀ ਫੈਕਟਰੀ ਨੂੰ ਉਹ ਭੁੱਲ ਹੀ ਗਏ ਹਨ। ਅਜਿਹੇ ਵਿਅਕਤੀਆਂ ਦੀ ਮੁਕਤੀ ਕਦੋਂ ਹੋਵੇਗੀ? ਸਾਰਾ ਸੰਸਾਰ ਅਗਿਆਨਤਾ ਦੇ ਹਨ੍ਹੇਰੇ ਵਿਚ ਠੋਕਰਾਂ ਖਾ ਰਿਹਾ ਹੈ ਕਿਉਂਕਿ ਇਸ ਨੂੰ ਮੁਕਤੀ ਦਾ ਰਾਹ ਪਤਾ ਨਹੀਂ। ਇਸ ਲਈ ਜਦੋਂ ਵੀ ਕੋਈ ਗੁੰਮਰਾਹ ਹੋ ਜਾਂਦਾ ਹੈ ਤਾਂ ਕੁਦਰਤੀ ਗੱਲ ਹੈ ਕਿ ਉਹ ਗੁਆਚ ਜਾਵੇਗਾ, ਮੰਜ਼ਿਲ ਤੋਂ ਦੂਰ ਹੋ ਜਾਵੇਗਾ।

ਜੇ ਤੁਸੀਂ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਗਿਆਨੀ ਪੁਰਸ਼ ਕੋਲ ਜਾਣਾ ਹੀ ਪਵੇਗਾ। ਉਦਾਹਰਣ ਦੇ ਲਈ, ਜੇ ਤੁਸੀਂ ਦਾਦਰ ਰੇਲਵੇ ਸਟੇਸ਼ਨ ਉਪਰ ਜਾਣਾ ਚਾਹੁੰਦੇ ਹੋ ਤਾਂ ਤੁਹਾਨੂੰ ਕਿਸੇ ਪਾਸੋਂ ਪੁੱਛਣਾ ਤਾਂ ਪਵੇਗਾ ਹੀ ਕਿ ਉਸ ਸਟੇਸ਼ਨ ਲਈ ਕਿਹੜਾ ਰਸਤਾ ਜਾਂਦਾ

ਹੈ। ਇਹੋ ਗੱਲ ਮੁਕਤੀ ਦੇ ਰਾਹ ਉੱਪਰ ਚੱਲਣ ਦੀ ਹੈ। ਮੁਕਤੀ ਦਾ ਰਾਹ ਟੇਢਾ ਵੀ ਹੈ ਤੇ ਮੁਸ਼ਕਲਾਂ ਭਰਿਆ ਵੀ। ਜੇ ਤੁਸੀਂ ਇਸ ਰਸਤੇ ਉੱਪਰ ਇਕੱਲੇ ਹੋ ਅਤੇ ਭਟਕ ਜਾਂਦੇ ਹੋ ਤਾਂ ਤੁਸੀਂ ਗੁਆਚ ਜਾਉਗੇ। ਇਸ ਲਈ, ਜਾਉ ਅਤੇ ਪਹਿਲਾਂ ਇਕ ਗਿਆਨੀ ਪੁਰਸ਼ ਨੂੰ ਲੱਭੋ ਅਤੇ ਫਿਰ ਉਸ ਦਾ ਅਨੁਸਰਣ ਕਰੋ।

ਮੈਂ ਤੁਹਾਨੂੰ ਮੁਕਤੀ ਪ੍ਰਦਾਨ ਕਰ ਸਕਦਾ ਹਾਂ। ਮੈਂ ਤੁਹਾਨੂੰ ਪੂਰਨ ਮੋਕਸ਼ ਦੇ ਸਕਦਾ ਹਾਂ। ਮੈਂ ਗਿਆਨ ਦਾ ਅਵਤਾਰ ਹਾਂ, ਮੈਂ ਅਕਰਮ ਗਿਆਨ-ਅਵਤਾਰ ਹਾਂ। ਮੈਂ ਇਕ ਘੰਟੇ ਦੇ ਅੰਦਰ-ਅੰਦਰ ਤੁਹਾਨੂੰ ਤੁਹਾਡੇ ਅੰਦਰ ਹੀ ਪਰਮਾਤਮਾ ਦੇ ਦਰਸ਼ਨ ਕਰਵਾ ਸਕਦਾ ਹਾਂ ਪਰੰਤੂ ਤੁਹਾਨੂੰ ਇਸ ਦੇ ਲਈ ਪੂਰੀ ਤਰ੍ਹਾਂ ਤਿਆਰ ਹੋਣਾ ਪਵੇਗਾ।

**ਪ੍ਰਸ਼ਨ-ਕਰਤਾ** : ਮੁਕਤੀ ਦੀ ਦਾਤ ਪ੍ਰਾਪਤ ਕਰਨ ਹਿਤ ਕਿਸ ਤਰ੍ਹਾਂ ਦੀ ਤਿਆਰੀ ਕਰ ਕੇ ਆਉਣਾ ਚਾਹੀਦਾ ਹੈ।

**ਦਾਦਾਸ਼੍ਰੀ** : ਤੁਸੀਂ ਮੇਰੇ ਕੋਲ ਸਿਰਫ਼ ਦੋ ਚੀਜਾਂ ਨਾਲ ਲੈ ਕੇ ਆਉਣਾ ਹੈ। ਪਹਿਲੀ ਤਾਂ ਹੈ ਤੁਹਾਡੇ ਮਨ ਦੀ ਸਥਿਤੀ ਕਿ 'ਮੈਂ ਕੁਝ ਨਹੀਂ ਜਾਣਦਾ' ਅਤੇ ਦੂਜੀ ਹੈ ਮੁਕੰਮਲ ਹਲੀਮੀ। 'ਮੈਨੂੰ ਵੀ ਕੁਝ ਪਤਾ ਹੈ' ਦੀ ਭਾਵਨਾ ਵਿਚ ਹਉਮੈਂ ਦਾ ਨਸ਼ਾ ਝਲਕਦਾ ਹੈ ਅਤੇ ਇਹ ਅੱਗੇ ਅੱਖੜਪਣ, ਅਹੰਕਾਰ ਨੂੰ ਜਨਮ ਦਿੰਦਾ ਹੈ।

ਸ਼ੁੱਧ ਆਤਮਾ ਇਕ ਜੋਤਿ-ਰੂਪ ਹੈ ਅਤੇ ਜਿਥੇ ਜੋਤਿ ਦੀ ਰੌਸ਼ਨੀ ਹੈ ਉਥੇ ਇਨਸਾਨ ਠੋਕਰ ਨਹੀਂ ਖਾਂਦਾ। ਪਰੰਤੂ ਜਦੋਂ ਕੋਈ ਹਰ ਕਦਮ ਉਪਰ ਹੀ ਠੋਕਰ ਖਾਵੇ ਤਾਂ ਕੋਈ ਕਿਵੇਂ ਕਹਿ ਸਕਦਾ ਹੈ ਕਿ ਉਸ ਨੇ ਸ਼ੁੱਧ ਆਤਮਾ ਨੂੰ ਪਹਿਚਾਣ ਲਿਆ ਹੈ? ਕੀ ਤੁਹਾਡੀਆਂ ਕੋਈ ਚਿੰਤਾਵਾਂ ਖ਼ਤਮ ਹੋਈਆਂ ਹਨ? ਜੇਕਰ ਤੁਸੀਂ ਸ਼ੁੱਧ ਆਤਮਾ ਨੂੰ ਪਹਿਚਾਣ ਲਿਆ ਹੁੰਦਾ ਤਾਂ ਤੁਹਾਨੂੰ ਕੋਈ ਚਿੰਤਾ ਨਹੀਂ ਹੋਣੀ ਚਾਹੀਦੀ ਸੀ। ਜੇ ਤੁਸੀਂ ਸੋਚਦੇ ਹੋ ਕਿ 'ਮੈਂ ਕੁਝ ਜਾਣਦਾ ਹਾਂ' ਤਾਂ ਮੈਂ ਪਹਿਲਾਂ ਹੀ ਅੱਧ-ਭਰੇ ਭਾਂਡੇ ਵਿਚ ਕੀ (ਅਤੇ ਕਿੰਨਾ ਕੁ) ਪਾ ਸਕਦਾ ਹਾਂ? ਜੇ ਤੁਹਾਡਾ ਮਨ-ਰੂਪੀ ਭਾਂਡਾ ਪੂਰੀ ਤਰ੍ਹਾਂ ਖਾਲੀ ਹੈ ਤਾਂ ਮੈਂ ਇਸ ਨੂੰ ਅੰਮ੍ਰਿਤ ਨਾਲ ਭਰ ਸਕਦਾ ਹਾਂ। ਫਿਰ ਤੁਸੀਂ ਦੁਨੀਆਂ ਵਿਚ ਕਿਧਰੇ ਵੀ ਚਲੇ ਜਾਉ, ਆਪਣੇ ਬੱਚਿਆਂ ਦੀਆਂ ਸ਼ਾਦੀਆਂ ਕਰੋ, ਦੁਨਿਆਵੀ ਜ਼ਿੰਦਗੀ ਜੀਓ ਪਰੰਤੂ ਜ਼ਿੰਦਗੀ ਨੂੰ ਮੇਰੇ ਦੱਸੇ ਸਿਧਾਂਤਾਂ ਅਨੁਸਾਰ ਜੀਓ।

ਇਹ ਚਮਤਕਾਰ ਇਕ ਨਿਰਾਲੀ ਘਟਨਾ ਹੈ ਜਿਸ ਦੀ ਉਦਾਹਰਣ ਭੂਤਕਾਲ ਵਿਚ ਨਾ ਕਦੇ ਦੇਖੀ ਗਈ ਅਤੇ ਨਾ ਕਦੇ ਸੁਣੀ ਗਈ ਹੈ।......ਮੈਂ ਕਰਤਾ ਨਹੀਂ ਹਾਂ ਪਰੰਤੂ ਮੈਂ ਤਾਂ ਇਕ ਸਾਧਨ-ਪਾਤਰ ਹਾਂ ਸੰਸਾਰ ਵਿਚ ਮਾਨਵਤਾ ਦੇ ਭਲੇ ਹਿਤ।

ਸਮੁੱਚਾ ਬ੍ਰਹਿਮੰਡ ਖੋਖਲਾ ਜਾਂ ਅਪ੍ਰਮਾਣਕ ਹੈ। ਮੈ਼ ਇਹ ਗੰਲ ਆਪਣੇ ਗਿਆਨ ਰਾਹੀਂ ਜਾਨਣ ਅਤੇ ਵੇਖਣ ਤੋਂ ਬਾਦ ਕਹਿ ਰਿਹਾ ਹੈ। ਜੇਕਰ ਤੁਸੀਂ ਇਕ ਬ੍ਰਹਿਮੰਡ ਨੂੰ ਸਥਿਰ ਅਤੇ

ਭਰਿਆ ਹੋਇਆ ਮੰਨ ਕੇ ਰਹਿ ਰਹੇ ਹੋ ਤਾਂ ਤੁਸੀਂ ਗਲਤੀ ਉਪਰ ਹੋ। 'ਖੋਖਲਾ ਜਾਂ ਅਪ੍ਰਮਾਣਕ' ਹੋਣ ਤੋਂ ਭਾਵ ਹੈ ਕਿ ਇਹ 'ਭਰਿਆ ਹੋਇਆ, ਪ੍ਰਮਾਣਤ' ਨਹੀਂ ਹੈ ਜਿਸ ਤਰ੍ਹਾਂ ਅਸਮਾਨ ਅਤੇ ਪੁਲਾੜ ਦੇ ਮਾਮਲੇ ਵਿਚ ਹੈ।

**ਪ੍ਰਸ਼ਨ-ਕਰਤਾ** : ਹੁਣ ਕਿਰਪਾ ਕਰਕੇ ਉਦਾਹਰਣ ਦੇ ਰਾਹੀਂ 'ਖੋਖਲਾ, ਅਪ੍ਰਮਾਣਕ' ਸ਼ਬਦ ਦੀ ਵਿਆਖਿਆ ਕਰੋ।

**ਦਾਦਾਸ਼੍ਰੀ** : ਇਕ ਵਾਰ ਇਕ ਵੈਦ ਹੁੰਦਾ ਸੀ। ਉਹ ਆਪਣੇ ਮਰੀਜ਼ਾਂ ਨੂੰ ਬਹੁਤ ਵਧੀਆ ਦਵਾਈ ਦਿਆ ਕਰਦਾ ਸੀ। ਉਹ ਹਮੇਸ਼ਾ ਆਪਣੇ ਮਰੀਜ਼ ਨੂੰ ਮਿਰਚ ਨਾ ਖਾਣ ਦੀ ਸਲਾਹ ਦਿੰਦਾ ਅਤੇ ਦਸਦਾ ਕਿ ਉਸ ਦੀ ਬੀਮਾਰੀ ਲੋੜ ਤੋਂ ਵੱਧ ਮਿਰਚ ਖਾਣ ਦਾ ਨਤੀਜਾ ਹੈ। ਇਕ ਮਰੀਜ ਨੂੰ ਉਸ ਵੈਦ ਨੇ ਸਿਹਤਯਾਬ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਅਤੇ ਆਪਣੀ ਵਧੀਆ ਦਵਾਈ ਦੀ ਖ਼ੁਰਾਕ ਦਿੱਤੀ। ਉਸ ਨੇ ਇਕ ਤੋਂ ਬਾਦ ਇਕ ਦਵਾਈ ਉਸ ਮਰੀਜ਼ ਨੂੰ ਦਿੱਤੀ ਪਰੰਤੂ ਦੋ ਮਹੀਨੇ ਦਾ ਸਮਾਂ ਲੰਘ ਜਾਣ ਬਾਦ ਵੀ ਉਸ ਮਰੀਜ਼ ਦੀ ਬੀਮਾਰੀ ਜਿਉਂ ਦੀ ਤਿਉਂ ਬਣੀ ਰਹੀ। ਫਿਰ ਇਕ ਦਿਨ ਉਹ ਵੈਦ ਉਸ ਮਰੀਜ਼ ਦੇ ਘਰ ਗਿਆ ਅਤੇ ਦੇਖਿਆ ਕਿ ਉਸ ਦਾ ਮਰੀਜ਼ ਖਾਣਾ ਖਾ ਰਿਹਾ ਸੀ ਅਤੇ ਉਸ ਦੀ ਥਾਲੀ ਵਿਚ ਦੋ ਵੱਡੀਆਂ ਹਰੀਆਂ ਮਿਰਚਾਂ ਪਈਆਂ ਸਨ। ਵੈਦ ਨੂੰ ਬਹੁਤ ਗੁੱਸਾ ਆਇਆ। ਗੁੱਸੇ ਵਿਚ ਉਹ ਇੰਨਾ ਭਾਵੁਕ ਹੋ ਗਿਆ ਕਿ ਉਹ ਉਥੇ ਹੀ ਲੁੜਕ ਗਿਆ ਅਤੇ ਆਪਣੇ ਪ੍ਰਾਣ ਤਿਆਗ ਦਿੱਤੇ।

ਇਥੇ ਕਸੂਰ ਕਿਸ ਦਾ ਸੀ? ਮਰੀਜ਼ ਕੁਝ ਵੀ ਕਰੇ। ਉਹ ਤਾਂ ਭਾਵੇਂ ਜ਼ਹਿਰ ਪੀ ਲਵੇ ਪਰੰਤੂ ਤੁਸੀਂ ਜ਼ਹਿਰ ਕਿਉਂ ਪੀਤੀ? ਇਹ ਸਭ ਅਪ੍ਰਮਾਣਿਕ ਹੈ, ਖੋਖਲਾ ਹੈ....ਕਿਸੇ ਵੀ ਸਟੇਸ਼ਨ ਉਪਰ ਰੁਕਣਾ ਬਿਲਕੁਲ ਵਾਜਬ ਨਹੀਂ ਹੈ। ਜੇ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਤੁਸੀਂ ਫਾਥੇ ਜਾਉਗੇ। ਇਸ ਮਾਮਲੇ ਵਿਚ ਮਰੀਜ਼ ਮਿਰਚ ਖਾਂਦਾ ਰਿਹਾ ਪਰੰਤੂ ਮਾਨਸਕ ਕਲੇਸ਼ ਵੈਦ ਸਾਹਿਬ ਨੂੰ ਭੁਗਤਣਾ ਪਿਆ ਜਿਸ ਨਾਲ ਉਸ ਦੀਆਂ ਆਂਤੜੀਆਂ ਫਟ ਗਈਆਂ। ਆਪਣੇ ਮਰੀਜ਼ ਨੂੰ ਮਿਰਚਾਂ ਖਾਂਦਾ ਵੇਖਣ ਨੇ ਜ਼ਹਿਰ ਦਾ ਕੰਮ ਕੀਤਾ। ਜੇ ਕੋਈ ਵਿਅਕਤੀ ਚਾਹ ਦੇ ਆਪਣੇ ਕੱਪ ਵਿਚ ਕਾਲਖ ਡਿਗਦੀ ਵੇਖੇ ਤਾਂ ਉਹ ਗੁੱਸਾ ਹੋਵੇਗਾ ਹੀ....ਪਰੰਤੂ ਜੇ ਉਸ ਨੂੰ ਕਾਲਖ ਡਿੱਗਣ ਦਾ ਪਤਾ ਹੀ ਨਾ ਚੱਲੇ ਤਾਂ ਉਹ ਉਸੇ ਚਾਹ ਨੂੰ ਖੁਸ਼ੀ ਨਾਲ ਪੀ ਲਵੇਗਾ। ਇਸ ਤਰ੍ਹਾਂ ਇਹ ਸਭ ਅਪ੍ਰਮਾਣਕ ਅਤੇ ਖੋਖਲਾ ਹੈ। ਜਦੋਂ ਵਿਅਕਤੀ ਨੂੰ ਸਚਾਈ ਦਾ ਪਤਾ ਲਗਦਾ ਹੈ ਤਾਂ ਉਹ ਡਰ ਜਾਂਦਾ ਹੈ - ਉਸ ਤੋਂ ਬਿਨਾਂ ਨਹੀਂ।

**ਦਾਦਾਸ਼੍ਰੀ**: ਮੈਂ ਇਕ ਹੋਰ ਉਦਾਹਰਣ ਦਿਆਂਗਾ। ਮੇਰੇ ਕੋਲ ਇਕ ਵਿਅਕਤੀ ਆਇਆ ਕਰਦਾ ਸੀ। ਉਸ ਦੇ ਇਕ ਧੀ ਸੀ। ਮੈਂ ਆਰੰਭ ਤੋਂ ਹੀ ਉਸ ਨੂੰ ਦੱਸ ਦਿੱਤਾ ਸੀ ਕਿ 'ਇਹ ਕਲਿਯੁਗ ਹੈ ਅਤੇ ਤੇਰੀ ਧੀ ਵੀ ਕਲਿਯੁਗ ਦੇ ਬੁਰੇ ਪ੍ਰਭਾਵ ਅਧੀਨ ਹੋ ਸਕਦੀ ਹੈ। ਇਸ ਲਈ ਸਾਵਧਾਨ

ਰਹੋ।' ਉਹ ਸਮਝ ਗਿਆ। ਜਦੋਂ ਉਸ ਦੀ ਬੇਟੀ ਕਿਸੇ ਲੜਕੇ ਨਾਲ ਘਰੋਂ ਭੱਜ ਗਈ ਤਾਂ ਉਸ ਵਿਅਕਤੀ ਨੂੰ ਮੇਰੀ ਯਾਦ ਆਈ। ਉਹ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ: "ਜੋ ਤੁਸੀਂ ਮੈਨੂੰ ਦੱਸਿਆ ਸੀ ਉਹ ਸੱਚ ਨਿਕਲਿਆ। ਜੇ ਤੁਸੀਂ ਮੈਨੂੰ ਆਗਾਹ ਨਾ ਕੀਤਾ ਹੁੰਦਾ ਤਾਂ ਮੈਂ ਜ਼ਹਿਰ ਖਾ ਲੈਣ ਸੀ।" ਇਹ ਸਾਰਾ ਸੰਸਾਰ ਖੋਖਲਾ ਹੈ....ਜੋ ਵਾਪਰ ਰਿਹਾ ਹੈ ਉਸ ਨੂੰ ਉਸੇ ਤਰ੍ਹਾਂ ਸਵੀਕਾਰ ਕਰ ਲਉ। ਤੁਸੀਂ ਕੀ ਸੋਚਦੇ ਹੋ ਕਿ ਇਸ ਸੰਸਾਰ ਨੂੰ ਖੋਖਲਾ ਸਵੀਕਾਰ ਕਰ ਲੈਣਾ ਇੰਨਾ ਆਸਾਨ ਹੈ।

ਹੁਣ ਇਕ ਹੋਰ ਉਦਾਹਰਣ ਸੁਣ ਲਵੋ। ਇਹ ਚਰਵਾਹੇ ਕੀ ਕਰਦੇ ਹਨ? ਜਦੋਂ ਉਹ ਸੀਟੀ ਮਾਰ ਕੇ ਮੂੰਹ ਵਿਚੋਂ ਆਵਾਜ਼ ਕੱਢਦੇ ਹਨ ਤਾਂ ਇਸੇ ਆਵਾਜ਼ ਨਾਲ ਉਨ੍ਹਾਂ ਦੀਆਂ ਭੇਡਾਂ ਵਾੜੇ ਵਿਚ ਇਕੱਠੀਆਂ ਹੋ ਜਾਂਦੀਆਂ ਹਨ। ਇੰਝ ਉਹ ਸਾਰੀਆਂ ਭੇਡਾਂ ਨੂੰ ਸੰਭਾਲ ਲੈਂਦੇ ਹਨ। ਭੇਡਾਂ ਸੋਚਦੀਆਂ ਹਨ ਕਿ ਚਰਵਾਹੇ ਨੇ ਸਾਨੂੰ ਸ਼ੇਰ ਤੋਂ ਬਚਾਇਆ ਹੈ ਅਤੇ ਚਰਵਾਹਾ ਵੀ ਉਨ੍ਹਾਂ ਨੂੰ ਕਹਿੰਦਾ ਹੈ ਕਿ 'ਮੈਂ ਤੁਹਾਡਾ ਬਚਾਅ ਕਰਦਾ ਹਾਂ।' ਪਰੰਤੂ ਭੇਡਾਂ ਵਿਚਾਰੀਆਂ ਨੂੰ ਕੀ ਪਤਾ ਕਿ ਚਰਵਾਹਾ ਕਿਸ ਤਰ੍ਹਾਂ ਉਨ੍ਹਾਂ ਦਾ ਸ਼ੋਸ਼ਣ ਕਰਦਾ ਹੈ। ਉਹ ਹਰ ਰੋਜ਼ ਉਨ੍ਹਾਂ ਦਾ ਦੁੱਧ ਚੋਂਦਾ ਹੈ, ਉਨ੍ਹਾਂ ਦੀ ਉੱਨ ਲਾਹੁੰਦਾ ਹੈ (ਉੱਨ ਜਿਹੜੀ ਉਹਨਾਂ ਨੂੰ ਸਰਦੀਆਂ ਦੀ ਠੰਢ ਤੋਂ ਬਚਾਉਂਦੀ ਸੀ) ਅਤੇ ਉਹਨਾਂ ਨੂੰ ਮਾਰ ਕੇ ਉਨ੍ਹਾਂ ਦਾ ਮਾਸ ਮਹਿਮਾਨਾਂ ਅੱਗੇ ਪਰੋਸਦਾ ਹੈ।.....ਇਦਾਂ ਇਹ ਸਾਰਾ ਸੰਸਾਰ ਖੋਖਲਾ ਹੈ।

ਇਸੇ ਕਰਕੇ ਮੈਂ ਕਹਿੰਦਾ ਹਾਂ ਮੁਕਤੀ ਦੀ ਇੱਛਾ ਗੰਭੀਰਤਾ ਅਤੇ ਉਤਸੁਕਤਾ ਨਾਲ ਕਰਨੀ ਚਾਹੀਦੀ ਹੈ।

## 32

## ਮਾਨਵ-ਜਾਤ ਅੰਦਰ ਅਸੁਰੱਖਿਆ ਦੀ ਭਾਵਨਾ

**ਦਾਦਾਸ਼੍ਰੀ** : ਇਸ ਕਲਿਯੁਗ ਵਿਚ ਸਮੁੱਚੀ ਮਾਨਵਤਾ ਹੀ ਅਸੁਰੱਖਿਅਤ ਹੈ - ਬਿਨਾ ਕਿਸੇ ਆਸਰੇ ਅਤੇ ਸੁਰੱਖਿਆ ਦੇ। ਜਾਨਵਰ ਤਾਂ ਸੁਰੱਖਿਅਤ ਹਨ ਪਰੰਤੂ ਮਾਨਵਾਂ ਦੀ ਕੋਈ ਸੁਰੱਖਿਆ ਨਹੀਂ।

**ਪ੍ਰਸ਼ਨ-ਕਰਤਾ** : ਤੁਸੀਂ ਇਹ ਕਿਉਂ ਕਹਿੰਦੇ ਹੋ ਕਿ ਮਾਨਵ-ਜਗਤ ਦੀ ਸੁਰੱਖਿਆ ਨਹੀਂ ਹੈ।

**ਦਾਦਾਸ਼੍ਰੀ** : ਜੇ ਕੋਈ ਵਿਅਕਤੀ ਕਿਸੇ ਹੋਰ ਤੋਂ ਸੁਰੱਖਿਆ ਮੰਗ ਵੀ ਲਵੇ ਤਾਂ ਵੀ ਉਹ ਅਸੁਰੱਖਿਅਤ ਹੀ ਰਹਿੰਦਾ ਹੈ....ਕੋਈ ਹੋਰ ਤੁਹਾਡੀ ਕਿਵੇਂ ਸਹਾਇਤਾ ਕਰ ਸਕਦਾ ਹੈ ਜਦੋਂ ਕਿ ਉਹ ਆਪ ਹੀ ਰਿਫੂਜੀ ਹੈ? ਹੁਣ ਮੈਂ ਤੁਹਾਨੂੰ ਵਿਸਥਾਰ ਵਿਚ ਦੱਸਾਂਗਾ ਕਿ ਮਨੁੱਖ ਅਸੁਰੱਖਿਅਤ

ਕਿਵੇਂ ਹੈ ਅਤੇ ਬਿਨਾਂ ਆਸਰੇ ਦੇ ਕਿਵੇਂ ਹੈ।

**ਪ੍ਰਸ਼ਨ-ਕਰਤਾ** : ਜੀ, ਹਾਂ। ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਇਕ ਵਾਰ ਇਕ ਵਪਾਰੀ, ਇਕ ਸਾਧੂ ਅਤੇ ਉਨ੍ਹਾਂ ਦਾ ਪਾਲਤੂ ਕੁੱਤਾ ਇਕ ਯਾਤਰਾ ਉੱਪਰ ਨਿਕਲੇ। ਰਸਤੇ ਵਿਚ ਉਹ ਇਕ ਸੰਘਣੇ ਜੰਗਲ ਵਿਚੋਂ ਲੰਘੇ ਜਿਥੇ ਉਨ੍ਹਾਂ ਦਾ ਬੰਦੂਕਾਂ ਅਤੇ ਤਲਵਾਰਾਂ ਨਾਲ ਲੈਸ ਚਾਰ ਡਾਕੂਆਂ ਨਾਲ ਆਹਮਣਾ-ਸਾਹਮਣਾ ਹੋਇਆ। ਇਨ੍ਹਾਂ ਤਿੰਨਾਂ ਦੇ ਮਨ ਵਿਚ ਕੀ ਵਿਚਾਰ ਆਇਆ ਹੋਵੇਗਾ।

ਵਪਾਰੀ ਸੋਚਦਾ ਹੋਵੇਗਾ: "ਜੇ ਇਨ੍ਹਾਂ ਡਾਕੂਆਂ ਨੇ ਮੇਰਾ ਦਸ ਹਜਾਰ ਰੁਪਏ ਨਾਲ ਭਰਿਆ ਝੋਲਾ ਲੁੱਟ ਲਿਆ ਤਾਂ ਮੇਰਾ ਕੀ ਬਣੇਗਾ? ਜੇ ਉਨ੍ਹਾਂ ਮੈਨੂੰ ਮਾਰ ਹੀ ਦਿਤਾ ਤਾਂ ਕੀ ਹੋਵੇਗਾ?"

ਸਾਧੂ ਸੋਚਣ ਲੱਗਾ: "ਮੇਰੇ ਕੋਲ ਤਾਂ ਕੋਈ ਅਜਿਹੀ ਵਸਤੂ ਹੈ ਹੀ ਨਹੀਂ ਜਿਹੜੀ ਡਾਕੂ ਮੇਰੇ ਤੋਂ ਖੋਹ ਲੈਣਗੇ। ਜੇ ਉਨ੍ਹਾਂ ਇਹ ਲੋਹੇ ਦਾ ਗੜਵਾ ਖੋਹ ਵੀ ਲਿਆ ਤਾਂ ਕੋਈ ਗੱਲ ਨਹੀਂ। ਪਰ ਜੇ ਇਨ੍ਹਾਂ ਬਦਬਖਤ ਡਾਕੂਆਂ ਨੇ ਮੈਨੂੰ ਕੁੱਟ-ਮਾਰ ਕੇ ਮੇਰੀ ਟੰਗ ਤੋੜ ਦਿੱਤੀ ਤਾਂ ਮੈਂ ਕੀ ਕਰਾਂਗਾ? ਕੌਣ ਮੇਰੀ ਤਾਮੀਰਦਾਰੀ ਕਰੇਗਾ? ਜੇ ਮੈਂ ਲੰਗੜਾ ਹੋ ਗਿਆ ਤਾਂ ਮੇਰਾ ਕੀ ਬਣੇਗਾ?"

ਜਦੋਂ ਕਿ ਕੁੱਤਾ ਇਨ੍ਹਾਂ ਡਾਕੂਆਂ ਨੂੰ ਜ਼ਰੂਰ ਭੌਂਕੇਗਾ ਅਤੇ ਜੇ ਇਨ੍ਹਾਂ ਲੁਟੇਰਿਆਂ ਨੇ ਕੁੱਤੇ ਨੂੰ ਸੋਟੀ ਨਾਲ ਕੁੱਟਿਆ ਤਾਂ ਇਹ ਤਾਂ ਬੱਸ ਚੀਂ-ਚੀਂ ਕਰਦਾ ਰਹਿ ਜਾਵੇਗਾ ਅਤੇ ਬੇਬੱਸ ਜਿਹਾ ਆਪਣੇ ਮਾਲਕ ਨੂੰ ਕੁੱਟ ਪੈਂਦੀ ਵੇਖਦਾ ਰਹੇਗਾ। ਕੁੱਤਾ ਇਹ ਨਹੀਂ ਸੋਚੇਗਾ ਕਿ 'ਮੇਰਾ ਕੀ ਬਣੇਗਾ?' ਜੇ ਕੋਈ ਵਿਅਕਤੀ ਇਹੋ ਸੋਚਦਾ ਰਹਿੰਦਾ ਹੈ ਅਤੇ ਚਿੰਤਾ ਵਿਚ ਡੁੱਬਿਆ ਰਹਿੰਦਾ ਹੈ ਕਿ ਉਸ ਦਾ ਕੀ ਬਣੇਗਾ, ਉਸ ਨਾਲ ਕੀ ਬੀਤੇਗੀ ਤਾਂ ਉਹ ਅਸੁਰੱਖਿਅਤ ਹੈ – ਬਿਲਕੁਲ ਇਕ ਯਤੀਮ ਦੀ ਤਰ੍ਹਾਂ ਅਸੁਰੱਖਿਅਤ ਅਤੇ ਬਿਨਾਂ ਆਸਰੇ। ਕਿਉਂਕਿ ਕੁੱਤਾ ਇਹ ਨਹੀਂ ਸੋਚਦਾ ਕਿ ਹੁਣ ਉਸ ਨਾਲ ਕੀ ਬੀਤੇਗੀ, ਇਸ ਲਈ ਉਹ ਸੁਰੱਖਿਅਤ ਹੈ।

**ਪ੍ਰਸ਼ਨ-ਕਰਤਾ** : ਫਿਰ ਸਾਨੂੰ ਸੁਰੱਖਿਅਤ ਹੋਣ ਦੀ ਭਾਵਨਾ ਦਾ ਅਹਿਸਾਸ ਕਿਵੇਂ ਹੋਵੇਗਾ?

**ਦਾਦਾਸ਼੍ਰੀ** : ਪਰਮਾਤਮਾ ਕੀ ਕਹਿੰਦਾ ਹੈ? ਜਿੰਨੀ ਦੇਰ ਤੁਸੀਂ ਪਰਮਾਤਮਾ ਨੂੰ ਕਿਸੇ ਮਾਨਵੀ ਰੂਪ ਵਿਚ ਪ੍ਰਗਟ ਹੋਇਆ ਨਹੀਂ ਵੇਖਦੇ ਉਨੀ ਦੇਰ ਤੁਸੀਂ ਅਸੁਰੱਖਿਅਤ ਹੀ ਹੋ। ਪਰੰਤੂ ਜੇ ਤੁਸੀਂ ਉਸ ਵਿਅਕਤੀ ਜਿਸ ਅੰਦਰ ਪਰਮਾਤਮਾ ਪ੍ਰਗਟ ਹੈ ਦੇ ਦਰਸ਼ਨ ਕਰ ਲਏ ਤਾਂ ਤੁਸੀਂ ਸੁਰੱਖਿਅਤ ਹੋ।

ਇਕ ਵਾਰ ਤੁਸੀਂ ਉਸ ਗਿਆਨੀ ਪੁਰਸ਼ ਜਿਸ ਅੰਦਰ ਪਰਮਾਤਮਾ ਆਪ ਪ੍ਰਗਟ ਹੋਇਆ ਹੈ ਦੀ ਸ਼ਰਨ ਵਿਚ ਆ ਗਏ ਤਾਂ ਤੁਸੀਂ ਅਤਿ ਅਸੁਖਾਵੇਂ ਹਾਲਾਤਾਂ ਵਿਚ ਵੀ ਇਹ ਕਦੇ ਨਹੀਂ ਸੋਚੋਗੇ 'ਕਿ ਹੁਣ ਮੇਰੇ ਨਾਲ ਕੀ ਹੋਵੇਗਾ?'

ਜਿਹੜਾ ਵਿਅਕਤੀ ਮੇਰੀ ਸ਼ਰਨ ਵਿਚ ਆ ਜਾਂਦਾ ਹੈ ਉਹ ਅਸੁਰੱਖਿਆ ਦੀ ਇਸ ਅਸੀਮ ਭਾਵਨਾ ਤੋਂ ਆਜ਼ਾਦ ਹੋ ਜਾਂਦਾ ਹੈ। ਜਿਹੜੇ ਵੀ ਵਿਅਕਤੀ ਨੂੰ ਗਿਆਨੀ ਪੁਰਸ਼ ਦੀ ਸੁਰੱਖਿਆ ਹਾਸਲ ਹੈ ਉਹ ਇਹ ਕਦੇ ਨਹੀਂ ਸੋਚੇਗਾ ਕਿ 'ਹੁਣ ਮੇਰਾ ਹੁਣ ਕੀ ਬਣੇਗਾ', ਹਾਲਾਤ ਭਾਵੇਂ ਕਿੰਨੇ ਵੀ ਅਸੁਖਾਵੇਂ ਅਤੇ ਖ਼ਤਰਨਾਕ ਹੋਣ ਕਿਉਂਕਿ ਹਰ ਹਾਲਤ ਵਿਚ ਤੁਹਾਨੂੰ ਹਰ ਢੰਗ ਨਾਲ ਸੁਰੱਖਿਆ ਪ੍ਰਦਾਨ ਕਰਨ ਲਈ ਮੈਂ ਅਤੇ ਮੇਰਾ ਗਿਆਨ ਹਮੇਸ਼ਾ ਤੁਹਾਡੇ ਅੰਗ-ਸੰਗ ਹੋਵਾਂਗੇ।

## 33

## ਕੁਦਰਤੀ ਕ੍ਰਮ ਅਤੇ ਭੌਤਿਕ ਵਿਗਿਆਨ

ਅੱਜ ਦੇ ਯੁੱਗ ਵਿਚ ਵਿਦੇਸ਼ਾਂ ਵਿਚ ਭੌਤਿਕ, ਪਦਾਰਥਕ ਵਿਗਿਆਨ ਦਾ ਵਧੇਰੇ ਪ੍ਰਭਾਵ ਹੈ। ਇਹ ਪ੍ਰਭਾਵ ਸਾਧਾਰਨ ਅਵਸਥਾ ਨਾਲੋਂ ਵਧੇਰੇ ਹੈ। ਲੋੜ ਹੈ ਇਸ ਨੂੰ ਸਾਧਾਰਨ ਪੱਧਰ ਉਪਰ ਲੈ ਕੇ ਆਉਣ ਦੀ। ਸਾਰੀਆਂ ਚੀਜਾਂ ਵਿਚ ਹੀ ਇਕ ਵਾਜਬ ਸੰਤੁਲਨ ਹੋਣਾ ਚਾਹੀਦਾ ਹੈ। ਤਾਂ ਹੀ ਤੁਸੀਂ ਖੁਸ਼ ਰਹਿ ਸਕਦੇ ਹੋ। ਉਦਹਰਣ ਦੇ ਲਈ, ਮਨੁੱਖੀ ਬੁਖ਼ਾਰ ਨੂੰ ਮਾਪਣ ਲਈ 97 ਡਿਗਰੀ ਫਾਰਨਹਾਈਟ ਸਾਧਾਰਨ ਤੋਂ ਘੱਟ ਹੈ ਅਤੇ 99 ਡਿਗਰੀ ਸਾਧਾਰਨ ਤੋਂ, ਨਾਰਮਲ ਤੋਂ ਵੱਧ ਹੈ। 98 ਡਿਗਰੀ ਫਾਰਨਹਾਈਟ ਹੀ ਸਾਧਾਰਨ ਪੱਧਰ ਹੈ।

ਅਮਰੀਕਾ ਅਤੇ ਹੋਰ ਵਿਦੇਸ਼ੀ ਮੁਲਕ ਇਸ ਸਾਧਾਰਨ ਪੱਧਰ ਤੋਂ ਵੱਧ ਵਾਲੇ ਬੁਖ਼ਾਰ ਦਾ ਸ਼ਿਕਾਰ ਹਨ। ਇਸ ਦੇ ਉਲਟ, ਭਾਰਤ ਸਾਧਾਰਨ ਪੱਧਰ ਤੋਂ ਘੱਟ ਟੈਂਪਰੇਚਰ ਕਾਰਨ ਬੀਮਾਰ ਹੋ। ਯੋਗ ਸੰਤੁਲਨ ਅਤਿ ਜ਼ਰੂਰੀ ਹੈ। ਇਨ੍ਹਾਂ ਸਾਇੰਸਦਾਨਾਂ ਨੇ ਖ਼ੁਦ ਨੂੰ ਸਾਧਾਰਨ ਪੱਧਰ ਤੋਂ ਉਚੇਰੇ ਪੱਧਰ ਦੀਆਂ ਖੋਜਾਂ ਵਿਚ ਵਿਅਸਤ ਰੱਖਿਆ ਹੋਇਆ ਹੈ ਪਰੰਤੂ ਫਿਰ ਵੀ ਉਨ੍ਹਾਂ ਨੂੰ ਮਨ-ਚਾਹਿਆ ਨਤੀਜਾ ਪ੍ਰਾਪਤ ਨਹੀਂ ਹੋਇਆ। ਇਸ ਦਾ ਕੀ ਮਤਲਬ ਹੋਇਆ? ਇਸ ਦਾ ਮਤਲਬ ਇਹ ਕਿ ਉਹ ਕੁਰਾਹੇ ਜਾ ਰਹੇ ਹਨ। ਇਸ ਸਮੇਂ ਉਹ ਸਾਧਾਰਨ ਪੱਧਰ ਤੋਂ ਇਨਾਂ ਉਚੇਰਾ ਜਾ ਚੁੱਕੇ ਹਨ ਕਿ ਉਨ੍ਹਾਂ ਨੂੰ ਇਹ ਜਾਨਣ ਲਈ ਕਿ ਉਨ੍ਹਾਂ ਦੀ ਕਾਰ ਕਿਸ ਥਾਂ ਪੰਚਰ ਹੋਈ ਹੈ ਇਕ ਵਿਸ਼ੇਸ਼ ਯੰਤਰ ਰੱਖਣ ਦੀ ਲੋੜ ਪੈ ਰਹੀ ਹੈ।

ਪੱਛਮੀ ਮੁਲਕਾਂ ਦੇ ਲੋਕ ਪਦਾਰਥਕ ਵਿਗਿਆਨ ਵਿਚ ਬਹੁਤ ਜ਼ਿਆਦਾ ਪ੍ਰਗਤੀ ਕਰ ਗਏ ਹਨ। ਉਹ ਸਾਧਾਰਨ ਪੱਧਰ ਤੋਂ ਇਨਾ ਉਚੇਰਾ ਜਾ ਚੁੱਕੇ ਹਨ ਕਿ ਲੋਕ ਇਹ ਕਹਿਣ ਲਗ ਪੈਣਗੇ: "ਸਾਨੂੰ ਇਨ੍ਹਾਂ ਵਿਗਿਆਨੀਆਂ ਦੀ ਕੋਈ ਜ਼ਰੂਰਤ ਨਹੀਂ।" ਇਹ ਸਭ ਇਕ ਇਨਕਲਾਬੀ ਤਬਦੀਲੀ ਦੀਆਂ ਤਿਆਰੀਆਂ ਮਾਤਰ ਹਨ।

ਮੇਰੇ ਪਿਆਰੇ ਵਿਗਿਆਨੀ ਵੀਰੋ! ਕਿਰਪਾ ਕਰਕੇ ਉਹ ਸਾਧਨ ਜ਼ਰੂਰ ਖੋਜੋ ਜਿਹੜੇ ਸਰੀਰ ਲਈ ਲਾਹੇਵੰਦ ਹਨ। ਮਰਦਾਂ ਨੇ ਹਰ ਰੋਜ ਆਪਣੀ ਦਾੜ੍ਹੀ ਸ਼ੇਵ ਕਰਨੀ ਹੁੰਦੀ ਹੈ....ਕੋਈ ਅਜਿਹੀ ਖੋਜ ਕਰੋ ਕਿ ਉਨ੍ਹਾਂ ਦੀ ਦਾੜ੍ਹੀ ਉੱਗੇ ਹੀ ਨਹੀਂ। ਇਸ ਸਰੀਰ ਦੀਆਂ ਆਪਣੀਆਂ ਜ਼ਰੂਰਤਾਂ ਹਨ ਅਤੇ ਹਰ ਵਿਅਕਤੀ ਨੇ ਇਨ੍ਹਾਂ ਦੀ ਪੂਰਤੀ ਵੀ ਕਰਨੀ ਹੈ।

ਹੁਣ ਵੇਖੋ, ਜੇ ਅਚਾਨਕ ਤੇਜ਼ ਬਾਰਸ਼ ਪੈਣ ਲੱਗ ਜਾਵੇ ਤਾਂ ਕੀ ਹੋਵੇਗਾ? ਚਾਰੋ ਤਰਫ਼ ਸਭ ਕੁਝ ਬਰਬਾਦ ਹੋ ਜਾਵੇਗਾ। ਜਦੋਂ ਬਾਰਸ਼ ਵੀ ਨਾਰਮਲ ਤੋਂ ਵਧੇਰੇ ਹੋਵੇਗੀ ਤਾਂ ਇਹ ਜ਼ਰੂਰ ਹੀ ਨੁਕਸਾਨ ਜਾਂ ਬਰਬਾਦੀ ਦਾ ਕਾਰਨ ਬਣੇਗੀ।

**ਪ੍ਰਸ਼ਨ-ਕਰਤਾ** : ਅਸੀਂ ਇਕ ਨਾਰਮਲ, ਸੰਤੁਲਿਤ ਜੀਵਨ ਕਿਵੇਂ ਜੀਅ ਸਕਦੇ ਹਾਂ?

**ਦਾਦਾਸ਼੍ਰੀ** : ਅਸੀਂ ਵੇਖਦੇ ਹਾਂ ਕਿ ਜੇ ਥੋੜੀ ਜਿਹੀ ਜ਼ਿਆਦਾ ਗਰਮੀ ਪੈ ਜਾਵੇ ਤਾਂ ਲੋਕ ਕਿਵੇਂ ਹਾਲ-ਪਾਹਰਿਆਂ ਪਾ ਦਿੰਦੇ ਹਨ। ਇਕ ਦਿਨ ਮੇਰਾ ਇਕ ਦੋਸਤ ਵੀ ਇਹ ਰੌਲਾ ਪਾ ਰਿਹਾ ਸੀ। "ਬਹੁਤ ਗਰਮੀ ਹੈ! ਓਹ! ਬਹੁਤ ਹੀ ਗਰਮੀ ਹੈ।" ਮੈਂ ਉਸ ਨੂੰ ਕਿਹਾ: "ਕਲਪਨਾ ਕਰੋ ਕਿ ਤੁਹਾਨੂੰ ਗਰਮੀ ਕੰਟਰੋਲ ਕਰਨ ਵਾਲੇ ਸਟੇਸ਼ਨ ਦਾ ਇੰਚਾਰਜ ਲਗਾ ਦਿੱਤਾ ਜਾਂਦਾ ਹੈ। ਤੁਸੀਂ ਸੰਸਾਰ ਵਿਚ ਕਿੰਨੀ ਗਰਮੀ ਛੱਡੋਗੇ?" ਉਸਦਾ ਉੱਤਰ ਸੀ: "ਮੈਂ ਵੀ ਇੰਨੀ ਗਰਮੀ ਹੀ ਜਾਰੀ ਕਰਾਂਗਾ।" ਫਿਰ ਮੈਂ ਉਸ ਨੂੰ ਸਮਝਾਇਆ: "ਜੇ ਤੁਸੀਂ ਵੀ ਉਤਨੀ ਹੀ ਗਰਮੀ ਜਾਰੀ ਕਰੋਗੇ ਤਾਂ ਫਿਰ ਇਹ ਰੌਲਾ ਕਿਸ ਗੱਲ ਦਾ?" ਇਹ ਪੈ ਰਹੀ ਗਰਮੀ ਨਾਰਮਲ ਹੈ। ਕੁਦਰਤ ਹਰ ਕਿਸੇ ਦੀਆਂ ਲੋੜਾਂ ਪੂਰੀਆਂ ਕਰਦੀ ਹੈ - ਇਹ ਜ਼ਰੂਰਤ ਪਾਵੇਂ ਕਿਸੇ ਦੀ ਵੀ, ਕਿਧਰੇ ਵੀ ਹੋਵੇ। ਪਰੰਤੂ ਇਹ ਬਦਕਿਸਮਤ ਲੋਕ ਕੁਦਰਤ ਨੂੰ ਬੁਰਾ-ਭਲਾ ਕਹਿ ਕੇ ਉਸ ਦੇ ਰਸਤੇ ਵਿਚ ਰੁਕਾਵਟ ਬਨਣ ਦਾ ਯਤਨ ਕਰਦੇ ਹਨ।

ਮੰਨ ਲਓ ਕਿ ਇਕ ਵਿਅਕਤੀ ਸੁਹਣੇ, ਚੰਗੀ ਤਰ੍ਹਾਂ ਇਸਤਰੀ ਕੀਤੇ ਹੋਏ ਕੱਪੜੇ ਪਹਿਨ ਕੇ ਘਰੋਂ ਬਾਹਰ ਚੱਲਿਆ ਹੈ ਅਤੇ ਤੇਜ਼ ਮੀਂਹ ਪੈਣ ਲੱਗ ਜਾਂਦਾ ਹੈ। ਉਹ ਵਿਅਕਤੀ ਬਾਰਸ਼ ਨੂੰ ਬੁਰਾ-ਭਲਾ ਕਹੇਗਾ...ਕੋਈ ਦੂਸਰਾ ਇਹ ਕਹੇਗਾ ਕਿ ਅੱਜ ਮੇਰੀ ਬੇਟੀ ਦੀ ਸ਼ਾਦੀ ਹੈ। ਮੇਰੀ ਇੱਛਾ ਹੈ ਕਿ ਅੱਜ ਮੀਂਹ ਨਾ ਪਵੇ ਜਦੋਂ ਕਿ ਇਕ ਕਿਸਾਨ ਚਾਤ੍ਰਿਕ ਦੀ ਤਰ੍ਹਾਂ ਮੀਂਹ ਲਈ ਤਰਸ ਰਿਹਾ ਹੈ। ਜਦੋਂ ਇਹੋ ਜਿਹੇ ਵਿਰੋਧਾਭਾਸ ਪੈਦਾ ਹੋ ਜਾਂਦੇ ਹਨ ਤਾਂ ਕੁਦਰਤ ਦੇ ਰਾਹ ਵਿਚ ਰੁਕਾਵਟ ਬਣਦੇ ਹਨ।

ਦੈਵੀ ਵਿਵਸਥਾ ਕੁਦਰਤ ਅਤੇ ਇਹੋ ਜਿਹੀਆਂ ਪ੍ਰਸਪਰ ਵਿਰੋਧੀ ਭਾਵਨਾਵਾਂ ਦੇ ਵਖ਼ਰੇਵਿਆਂ ਦੇ ਸੰਤੁਲਨ ਅਨੁਸਾਰ ਚਲਦੀ ਹੈ। ਇਸ ਲਈ ਕੁਦਰਤ ਦੇ ਕੰਮ-ਕਾਜ ਵਿਚ ਰੁਕਾਵਟ ਨਾ ਬਣੋ। ਕੁਦਰਤੀ ਕ੍ਰਮ ਅਨੁਸਾਰ ਤੁਹਾਨੂੰ ਹਰ ਚੀਜ ਮਿਲ ਜਾਵੇਗੀ....ਕੀ ਕਦੇ ਕਿਸੇ ਨੇ ਇਹ ਸੋਚਿਆ ਹੈ ਕਿ ਜੇਕਰ ਕੱਲ ਸਵੇਰੇ ਸੂਰਜ ਨਾਂ ਚੜ੍ਹਿਆ ਤਾਂ ਕੀ ਹੋਵੇਗਾ? ਮੰਨ

ਲਓ ਕਿ ਕੋਈ ਵਿਅਕਤੀ ਅਜਿਹਾ ਸੋਚਦਾ ਵੀ ਹੈ ਤਾਂ ਜੋ ਵੀ ਹੋਵੇਗਾ ਉਹ ਕੁਦਰਤ ਦੇ ਰਸਤੇ ਵਿਚ ਦਖ਼ਲ-ਅੰਦਾਜ਼ੀ ਅਤੇ ਰੁਕਾਵਟ ਹੀ ਹੋਵੇਗਾ। ਇਸ ਲਈ ਕਿਰਪਾ ਕਰਕੇ ਇਸ ਬ੍ਰਹਿਮੰਡ ਦੀ ਵਿਵਸਥਾ ਵਿਚ ਕਿਸੇ ਕਿਸਮ ਦੀ ਦਖ਼ਲ-ਅੰਦਾਜ਼ੀ ਜਾਂ ਰੁਕਾਵਟ ਖੜੀ ਕਰਨ ਦਾ ਯਤਨ ਨਾ ਕਰੋ।

ਜਿਥੇ ਕਿਧਰੇ ਵੀ ਕਿਸੇ ਵੀ ਚੀਜ ਦੀ ਮਾਤਰਾ ਜਿਆਦਤੀ ਵਿਚ ਹੋਵੇਗੀ ਉਥੇ ਹੀ ਉਸ ਦੀ ਘਾਟ ਜਾਂ ਖ਼ਾਤਮਾ ਵੀ ਹੋਵੇਗਾ। ਜੇ ਵਿਅਕਤੀ ਨੂੰ ਲੰਮਾ ਸਮਾਂ ਬੈਠਣਾ ਪੈ ਜਾਵੇ ਤਾਂ ਇਹ ਵੀ ਥਕਾ ਦੇਣ ਵਾਲਾ ਹੈ। ਜ਼ਿਆਦਾ ਦੇਰ ਸੌਣਾ ਵੀ ਥਕਾਵਟ ਪੈਦਾ ਕਰਦਾ ਹੈ। ਦੁਖ ਅਤੇ ਸੁਖ ਨਾਲ-ਨਾਲ ਹੀ ਚਲਦੇ ਹਨ। ਕਲਪਨਾ ਕਰੋ ਉਸ ਅਮੀਰ ਵਿਅਕਤੀ ਦੀ ਜਿਹੜਾ ਧੁੱਪ ਵਿਚ ਸੈਰ ਕਰਨ ਨਿਕਲਿਆ ਹੋਵੇ। ਇਸ ਸਮੇਂ ਉਹ ਕੰਡਿਆਂ ਵਾਲੇ ਕਿੱਕਰ ਦੇ ਦਰਖ਼ਤ ਦੀ ਛਾਂ ਹੇਠ ਬੈਠ ਕੇ ਆਰਾਮ ਕਰਨ ਬੈਠ ਜਾਵੇਗਾ। ਪਰੰਤੂ ਜੇ ਉਸ ਨੂੰ ਚਾਰ ਘੰਟੇ ਉਥੇ ਹੀ ਬੈਠਾ ਰਹਿਣ ਲਈ ਕਹੀਏ ਤਾਂ ਉਹ ਅਜਿਹਾ ਕਰਨ ਤੋਂ ਨਾਂਹ ਕਰ ਦੇਵੇਗਾ ਕਿਉਂਕਿ ਉਥੇ ਬੈਠਾ ਬੈਠਾ ਉਹ ਬੋਰੀਅਤ ਮਹਿਸੂਸ ਕਰੇਗਾ।

ਜੇ ਕੋਈ ਸੱਤ ਫੁੱਟ ਲੰਮਾ ਵਿਅਕਤੀ ਭਾਰਤ ਵਿਚ ਆ ਜਾਵੇ ਤਾਂ ਉਹ ਸਾਨੂੰ ਲੰਮਾ ਜਾਪੇਗਾ ਪਰੰਤੂ ਜਿਸ ਮੁਲਕ ਵਿਚ ਜ਼ਿਆਦਾਤਰ ਵਿਅਕਤੀ ਆਮ ਤੌਰ ਤੇ ਹੀ ਸੱਤ ਫੁੱਟ ਲੰਮੇ ਹੋਣ ਉਥੇ ਅਸੀਂ ਬੌਣੇ ਜਾਪਾਂਗੇ। ਸੋ ਹੁਣ ਤੁਸੀਂ ਹੁਣ ਸਮਝ ਹੀ ਗਏ ਹੋਵੋਗੇ ਕਿ ਸਭ ਕੁਝ ਮੁਕਾਬਲਤਨ ਹੈ। ਇਕ ਵਿਅਕਤੀ ਲੰਮਾ ਜਾਂ ਮਧਰਾ ਦੂਸਰੇ ਦੇ ਮੁਕਾਬਲੇ ਹੀ ਹੈ।

ਜੇ ਕੋਈ ਵਿਅਕਤੀ 55 ਵਰ੍ਹਿਆਂ ਦੀ ਉਮਰ ਤਕ ਕਾਲਜ ਪੜ੍ਹਦਾ ਰਹੇ ਤਾਂ ਲੋਕ ਹੀ ਕਹਿਣਗੇ: 'ਮੂਰਖ਼ ਆਦਮੀ, ਤੂੰ ਵਿਆਹ ਕਦੋਂ ਕਰਵਾਏਂਗਾ?" ਅਜਿਹਾ ਵਿਅਕਤੀ ਨਾਰਮਲ ਦੀ ਸ਼੍ਰੇਣੀ ਵਿਚ ਨਹੀਂ: ਉਹ ਨਾਰਮਲ ਤੋਂ ਉੱਪਰ ਹੈ। ਪਰੰਤੂ ਜੇ ਕਿਸੇ ਦੋ ਸਾਲ ਦੇ ਬੱਚੇ ਦੀ ਸ਼ਾਦੀ ਕਰ ਦਿੱਤੀ ਜਾਵੇ ਤਾਂ ਇਹ ਵੀ ਨਾਰਮਲ ਨਹੀਂ: ਇਹ ਨਾਰਮਲ ਤੋਂ ਘੱਟ ਹੈ।

## 34

## ਪਦਾਰਥਕ ਉੱਨਤੀ ਅਤੇ ਆਤਮਕ ਪ੍ਰਗਤੀ

**ਪ੍ਰਸ਼ਨ-ਕਰਤਾ** : ਕਿਹਾ ਜਾਂਦਾ ਹੈ ਕਿ ਭਾਰਤ ਇਕ ਘੱਟ ਵਿਕਸਿਤ ਦੇਸ਼ ਹੈ।

**ਦਾਦਾਸ਼੍ਰੀ** : ਵਿਦੇਸ਼ੀ ਲੋਕ ਭਾਰਤੀਆਂ ਨੂੰ ਇਸੇ ਨਜ਼ਰ ਨਾਲ ਵੇਖਦੇ ਹਨ ਅਤੇ ਭਾਰਤ ਨੂੰ ਇਕ ਘੱਟ ਵਿਕਸਿਤ ਦੇਸ਼ ਮੰਨਦੇ ਹਨ। ਇਸ ਸਥਿਤੀ ਵਿਚ ਮੈਂ ਉਨ੍ਹਾਂ ਨੂੰ ਦੱਸਣਾ ਚਾਹਾਂਗਾ ਕਿ ਤੁਸੀਂ ਪਦਾਰਥਕ ਤੌਰ 'ਤੇ ਵਿਕਸਿਤ ਹੋ ਪਰੰਤੂ ਜਿਥੋਂ ਤਕ ਆਤਮਕ ਪ੍ਰਗਤੀ ਦਾ ਪ੍ਰਸ਼ਨ ਹੈ ਤੁਸੀਂ

ਘੱਟ ਵਿਕਸਿਤ ਹੋ। ਤੁਹਾਡਾ ਦੇਸ਼ ਪਦਾਰਥਕ ਉਨੱਤੀ ਪੱਖੋਂ ਅੱਗੇ ਲੰਘ ਗਿਆ ਹੈ ਜਦੋਂ ਕਿ ਪਦਾਰਥਕ ਉਨੱਤੀ ਪੱਖੋਂ ਭਾਰਤ ਪਿੱਛੇ ਰਹਿ ਗਿਆ ਹੈ ਪਰੰਤੂ ਭਾਰਤ ਆਤਮਕ ਪੱਖੋਂ ਪੂਰੀ ਤਰ੍ਹਾਂ ਵਿਕਸਿਤ ਹੈ।"

**ਪ੍ਰਸ਼ਨ-ਕਰਤਾ** : ਉਹ ਕਿਵੇਂ, ਮਹਾਰਾਜ ਜੀ।

**ਦਾਦਾਸ਼੍ਰੀ** : ਮੈਂ ਇਕ ਘੰਟੇ ਦੇ ਅੰਦਰ-ਅੰਦਰ ਇਸ ਮਹਾਨ ਦੇਸ਼ ਦੇ ਇਕ ਜੇਬ-ਕਤਰੇ ਨੂੰ ਵੀ ਸੁਧਾਰ ਕੇ ਦੈਵੀ ਦਰਜਾ ਦਿਲਾ ਸਕਦਾ ਹਾਂ। ਭਾਰਤ ਤੋਂ ਬਾਹਰਲੇ ਮੁਲਕਾਂ ਦੇ ਲੋਕ ਆਤਮਕ ਪੱਖੋਂ ਘੱਟ ਵਿਕਸਿਤ ਹਨ। ਕਿਵੇਂ? ਇਨ੍ਹਾਂ ਲੋਕਾਂ ਦੀਆਂ ਗੁੱਸਾ, ਅਹੰਕਾਰ, ਕਪਟ ਅਤੇ ਲਾਲਚ ਦੀਆਂ ਭਾਵਨਾਵਾਂ ਪ੍ਰਗਤੀ ਦੀ ਪ੍ਰਕ੍ਰਿਆ ਵਿਚ ਹਨ ਜਦੋਂ ਕਿ ਭਾਰਤੀ ਲੋਕਾਂ ਅੰਦਰ ਇਹ ਭਾਵਨਾਵਾਂ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕੀਆਂ ਹਨ।

ਜੇ ਤੁਸੀਂ ਕਿਸੇ ਵਿਦੇਸ਼ੀ ਜਾਣੂੰ ਨੂੰ ਇਹ ਕਹੋ ਕਿ ਤੁਸੀਂ ਇਸ ਥਾਂ ਤੋਂ ਪੰਜਾਹ ਮੀਲ ਦੂਰ ਕਿਸੇ ਥਾਂ ਜਾਣਾ ਹੈ ਤਾਂ ਉਹ ਤੁਹਾਨੂੰ ਆਪਣੀ ਕਾਰ ਵਿਚ ਬਿਠਾ ਕੇ ਉਥੇ ਲੈ ਵੀ ਜਾਵੇਗਾ ਅਤੇ ਵਾਪਸ ਵੀ ਲੈ ਆਵੇਗਾ। ਇੰਨਾ ਹੀ ਨਹੀਂ, ਇਹ ਵੀ ਹੋ ਸਕਦਾ ਹੈ ਕਿ ਰਸਤੇ ਵਿਚ ਪੈਂਦੇ ਢਾਬੇ 'ਤੇ ਚਾਹ-ਪਾਣੀ ਦਾ ਬਿਲ ਵੀ ਉਹ ਦੇ ਦੇਵੇ। ਇਸ ਦੇ ਉਲਟ, ਇਥੇ ਜੇ ਤੁਸੀਂ ਆਪਣੇ ਚਾਚੇ -ਤਾਏ ਦੇ ਪੁੱਤਰ ਨੂੰ ਕਹੋ ਕਿ ਤੁਹਾਨੂੰ ਉਸ ਦੀ ਕਾਰ ਦੀ ਇਕ ਦਿਨ ਲੋੜ ਹੈ ਤਾਂ ਉਹ ਤੇਲ ਦਾ ਖ਼ਰਚਾ ਅਤੇ ਕਾਰ ਦੀ ਘਸਾਈ, ਆਦਿ ਦਾ ਹਿਸਾਬ ਲਗਾ ਕੇ ਤੁਹਾਡੇ ਪਾਸ ਝੂਠ ਬੋਲੇਗਾ ਕਿ ਕੱਲ੍ਹ ਤਾਂ ਉਸ ਦੇ ਵੱਡੇ ਅਫ਼ਸਰ ਨੇ ਆਉਣਾ ਹੈ। ਇਸ ਲਈ ਕਾਰ ਨਾ ਦੇ ਸਕਣ ਦੀ ਮਜ਼ਬੂਰੀ ਹੈ।

ਇਹ ਸਭ ਕੀ ਹੈ? ਉਸ ਵਿਦੇਸ਼ੀ ਦੀ ਲਾਲਚ ਦੀ ਭਾਵਨਾ ਹਾਲੇ ਪੂਰੀ ਵਿਕਸਿਤ ਨਹੀਂ ਹੋਈ। ਉਹ ਆਪਣੇ ਲਈ ਅਤੇ ਵੱਧ ਤੋਂ ਵੱਧ ਆਪਣੀ ਪਤਨੀ ਲਈ ਸੋਚਦਾ ਹੈ। ਜਦੋਂ ਉਨ੍ਹਾਂ ਦਾ ਬੇਟਾ 18 ਵਰ੍ਹਿਆਂ ਦਾ ਹੋ ਜਾਂਦਾ ਹੈ ਤਾਂ ਉਹ ਉਸ ਨੂੰ ਕਹਿ ਦਿੰਦੇ ਹਨ ਕਿ ਹੁਣ ਉਹ ਆਪਣੇ ਖਰਚੇ ਆਪ ਕਮਾਏ ਅਤੇ ਉਹ ਇਕ ਵੱਖਰਾ ਪਰਿਵਾਰ ਹੋ ਜਾਂਦਾ ਹੈ। ਇਸ ਦੇ ਉਲਟ ਤੁਹਾਡੇ ਤਾਏ-ਚਾਚੇ ਦੇ ਬੇਟੇ ਦਾ ਲਾਲਚ ਪੂਰੀ ਤਰ੍ਹਾਂ ਵਿਕਸਿਤ ਹੈ। ਉਹ ਸਿਰਫ਼ ਆਪਣੀ ਪਤਨੀ ਅਤੇ ਬੱਚਿਆਂ ਬਾਰੇ ਹੀ ਨਹੀਂ ਸੋਚਦਾ ਸਗੋਂ ਉਹ ਤਾਂ ਆਉਣ ਵਾਲੀਆਂ ਸੱਤ ਪੁਸ਼ਤਾਂ ਦੀ ਚਿੰਤਾ ਕਰ ਰਿਹਾ ਹੈ। ਜੇ ਵਿਦੇਸ਼ੀ ਪਤੀ ਦਾ ਆਪਣੀ ਪਤਨੀ ਨਾਲ ਮਨ-ਮੋਟਾਵ ਹੋ ਗਿਆ ਹੈ ਤਾਂ ਉਹ ਕਹਿ ਦੇਵੇਗਾ ਕਿ ਆਪਾਂ ਹੁਣ ਅਲੱਗ ਹੋ ਜਾਈਏ: ਤੇਰਾ ਆਪਣਾ ਰਾਹ ਅਤੇ ਮੇਰਾ ਆਪਣਾ। ਉਹ ਯਕਦਮ ਤਲਾਕ ਲੈ ਲੈਣਗੇ। ਪਰ ਇਥੇ ਸਾਡੇ ਦੇਸ਼ ਵਿਚ ਮੋਹ ਦੀ ਭਾਵਨਾ ਵੀ ਪੂਰੀ ਵਿਕਸਿਤ ਹੈ। ਮੈਂ ਤੁਹਾਨੂੰ ਇਕ ਘਟਨਾ ਦਾ ਜ਼ਿਕਰ ਕਰਦਾ ਹਾਂ:

ਇਕ ਅੱਸੀ-ਸਾਲਾ ਬਜ਼ੁਰਗ ਔਰਤ ਹਰ ਰੋਜ਼ ਆਪਣੇ 85 ਸਾਲ ਦੀ ਉਮਰ ਦੇ ਪਤੀ ਨਾਲ ਝਗੜਾ ਕਰਦੀ ਹੈ। ਪਰੰਤੂ ਜਦੋਂ ਉਹ ਬਜ਼ੁਰਗ ਆਦਮੀ ਮਰ ਗਿਆ ਤਾਂ ਉਸ ਦੀ ਪਤਨੀ

ਨੇ ਸਾਰੇ ਮਰਨ-ਸੰਸਕਾਰਾਂ ਦਾ ਯੋਗ ਨਿਰਬਾਹ ਕੀਤਾ ਅਤੇ ਪਤੀ ਦੇ ਪਸੰਦ ਦੀਆਂ ਸਾਰੀਆਂ ਵਸਤਾਂ ਇਹ ਕਹਿ ਕੇ ਦਾਨ ਵਿਚ ਦਿਤੀਆਂ ਕਿ "ਤੁਹਾਡੇ ਅੰਕਲ ਨੂੰ ਇਹ ਸਭ ਵਸਤਾਂ ਬਹੁਤ ਪਸੰਦ ਸਨ।" ਮੈਂ ਉਸ ਨੂੰ ਕਿਹਾ, "ਆਂਟੀ, ਪਰ ਤੁਸੀਂ ਤਾਂ ਹਰ ਰੋਜ਼ ਉਸ ਨਾਲ ਲੜਦੇ -ਝਗੜਦੇ ਸੀ।" ਉਸ ਔਰਤ ਨੇ ਉੱਤਰ ਦਿੱਤਾ: "ਮੈਂ ਤੇਰੇ ਅੰਕਲ ਵਰਗੇ ਬੰਦੇ ਨੂੰ ਮੁੜ ਕਦੇ ਨਹੀਂ ਮਿਲ ਸਕਾਂਗੀ। ਮੈਂ ਹਰ ਜਨਮ ਵਿਚ ਉਸੇ ਨੂੰ ਪਤੀ ਦੇ ਤੌਰ 'ਤੇ ਲੈਣਾ ਚਾਹਾਂਗੀ।" ਸੋ ਤੁਸੀਂ ਵੇਖ ਸਕਦੇ ਹੋ ਕਿ ਇਥੇ ਮੋਹ ਦੀ ਭਾਵਨਾ ਵੀ ਕਿੰਨੀ ਵਿਕਸਿਤ ਹੋ ਚੁੱਕੀ ਹੈ।

## 35
## ਸਿਰਜਨਾ ਅਤੇ ਵਿਸਰਜਨ

ਵਿਦੇਸ਼ਾਂ ਦੇ ਲੋਕ ਮਨੋਂ ਹੀ ਸਹਿਜ ਹਨ ਅਤੇ ਉਹ ਹਮੇਸ਼ਾ ਹੀ ਆਪਣੀ ਮੂਲ-ਪ੍ਰਵਿਰਤੀ ਅਤੇ ਅੰਤਰ-ਪ੍ਰੇਰਣਾ ਅਨੁਸਾਰ ਚਲਦੇ ਹਨ। ਉਦਾਹਰਣ ਦੇ ਲਈ ਅਸੀਂ ਇਕ ਪਾਲਤੂ ਗਊ ਦੀ ਗੱਲ ਕਰਦੇ ਹਾਂ ਜਿਹੜੀ ਕਦੇ ਵੀ ਸਿੰਗ ਜਾਂ ਢੁੱਡ ਨਹੀਂ ਮਾਰਦੀ। ਜੇ ਇਕ ਛੋਟਾ ਬੱਚਾ ਵੀ ਉਸ ਦੇ ਸਿੰਗਾਂ ਨੂੰ ਹੱਥ ਲਾਵੇ ਤਾਂ ਉਹ ਉਸ ਨੂੰ ਨੁਕਸਾਨ ਨਹੀਂ ਪਹੁੰਚਾਉਂਦੀ। ਪਰੰਤੂ ਜੇਕਰ ਉਹ ਗਊ ਪਾਲਤੂ ਨਾਂ ਹੋ ਕੇ ਜੰਗਲੀ ਜਾਂ ਅਵਾਰਾ ਹੋਵੇ ਤਾਂ ਉਹ ਤੁਹਾਨੂੰ ਸਿੰਗਾਂ ਨਾਲ ਮਾਰਨ ਪਵੇਗੀ ਭਾਵੇਂ ਤੁਸੀਂ ਉਸ ਨੂੰ ਬਿਲਕੁਲ ਹੀ ਨਾ ਛੇੜੋ। ਸੋ ਇਨ੍ਹਾਂ ਵਿਦੇਸ਼ੀ ਲੋਕਾਂ ਦਾ ਜੀਵਨ ਮੂਲ ਰੂਪ ਵਿਚ ਸਾਦਾ ਹੈ। ਜੇ ਉਹ ਤੁਹਾਨੂੰ ਆਪਣੇ ਨਾਲ ਲਿਜਾਣਾ ਚਾਹੁੰਦੇ ਹਨ ਤਾਂ ਉਹ ਇਕਦਮ 'ਹਾਂ' ਕਹਿ ਦੇਣਗੇ। ਜੇ ਕੋਈ ਵਿਦੇਸ਼ੀ ਤੁਹਾਨੂੰ ਨਾਲ ਲਿਜਾਣਾ ਪਸੰਦ ਨਹੀਂ ਕਰਦਾ ਤਾਂ ਉਹ ਬਿਨਾਂ ਝਿਜਕ 'ਨਾਂਹ' ਕਹਿ ਦੇਵੇਗਾ। ਪਰ ਉਹ ਝੂਠ ਨਹੀਂ ਬੋਲੇਗਾ। ਉਨ੍ਹਾਂ ਪਾਸ ਇਹ ਦੋਵੇਂ ਗੁਣ, ਦੋਵੇ ਂ ਪ੍ਰਵਿਰਤੀਆਂ ਹਨ: ਮੁਕੰਮਲ ਸਪਸ਼ਟਤਾ ਅਤੇ ਮੁਕੰਮਲ ਨਾ-ਪਸੰਦਗੀ ਅਤੇ ਕੁਟਿਲਤਾ।

ਭਾਰਤ ਦੇ ਲੋਕ ਮੂਲ ਰੂਪ ਵਿਚ ਸਹਜ ਪ੍ਰਕ੍ਰਿਤੀ ਅਤੇ ਸਾਦਾ ਨਹੀਂ ਹਨ। ਹਾਂ, ਮੂਲ-ਪ੍ਰਵਿਰਤੀ ਅਤੇ ਅੰਤਰ-ਪ੍ਰੇਰਣਾ ਅਨੁਸਾਰ ਚੱਲਣ ਦੀ ਪਰੰਪਰਾ ਭਾਰਤ ਵਿਚ ਸੀ। ਪਰੰਤੂ ਇਹ ਹੁਣ ਬੀਤ ਚੁੱਕੇ ਦੀ ਗਾਥਾ ਬਣ ਗਈ ਹੈ – ਸਤਿਯੁਗ ਦੇ ਸਮੇਂ ਦੀ। ਇਹ ਆਦਰਸ਼ ਮੂਲ ਪ੍ਰਵਿਰਤੀ ਵਾਲਾ ਜੀਵਨ ਸੀ। ਸਤਿਯੁਗ ਦੇ ਸਮੇਂ ਸਾਰੇ ਲੋਕ ਚਾਰ ਸ਼੍ਰੇਣੀਆਂ ਵਿਚ ਵੰਡੇ ਹੋਏ ਸਨ – ਬ੍ਰਾਹਮਣ, ਖੱਤਰੀ, ਵੈਸ਼ ਅਤੇ ਸੂਦਰ। ਇਹ ਸ਼੍ਰੇਣੀ-ਵੰਡ ਲੋਕਾਂ ਦੀ ਪ੍ਰਗਤੀ ਉਪਰ ਆਧਾਰਤ ਸੀ। ਅੱਜ ਤਾਂ ਸਾਰੇ ਲੋਕ ਹੀ ਪ੍ਰਗਤੀ ਦੀ ਸਿਖ਼ਰ ਛੂਹ ਰਹੇ ਹਨ। ਇਕ ਗਰੀਬ ਮਜ਼ਦੂਰ ਦਾ ਪੁੱਤਰ ਵੀ ਬੌਧਿਕ ਤੌਰ ਤੇ ਉਨਾ ਹੀ ਚਤੁਰ ਅਤੇ ਸਿਆਣਾ ਹੈ ਜਿੰਨਾ ਕੋਈ ਹੋਰ। ਮੂਲ ਪ੍ਰਵਿਰਤੀ ਵਾਲਾ ਸਾਦਾ ਜੀਵਨ ਸੰਪੂਰਨ ਸੀ। ਇਹ ਉੱਤਮਤਾ ਦੀ ਸਿਖ਼ਰ ਉਪਰ ਪਹੁੰਚਿਆ ਹੋਇਆ ਸੀ। ਪਰੰਤੂ ਫਿਰ ਛੇਤੀ ਹੀ ਇਸ ਦਾ ਹੌਲੀ-ਹੌਲੀ ਪਤਨ ਆਰੰਭ ਹੋ ਗਿਆ। ਇਹੋ ਕੁਦਰਤ ਦਾ ਨਿਯਮ ਹੈ।

ਲੋਕਾਂ ਨੇ ਸਮਾਜ ਦੀ ਇਸ ਚਾਰ ਸ਼੍ਰੇਣੀਆਂ ਵਿਚ ਹੋਈ ਵੰਡ ਦਾ ਦੁਰਉਪਯੋਗ ਕਰਨਾ ਆਰੰਭ ਕਰ ਦਿੱਤਾ। ਉਹ ਸ਼ੂਦਰਾਂ ਨੂੰ ਘ੍ਰਿਣਾ ਕਰਨ ਲਗ ਪਏ। ਉਨ੍ਹਾਂ ਨੇ ਆਪਣੀ ਬੌਧਿਕ ਸਮਰਥਾ ਨਾਲ ਉਨ੍ਹਾਂ ਦਾ ਸ਼ੋਸ਼ਣ ਸ਼ੁਰੂ ਕਰ ਦਿੱਤਾ। ਕੀ ਤੁਸੀਂ ਜਾਣਦੇ ਹੋ ਫਿਰ ਕੀ ਵਾਪਰਿਆ? ਸੂਰਜ ਅਸਤ ਹੋਣ ਲੱਗਾ ਅਤੇ ਭਾਰਤ ਨੇ ਆਪਣੀ ਚਮਕ ਗੁਆ ਲਈ। ਲੋਕ ਅਤਿਅੰਤ ਕਠੋਰ ਅਤੇ ਸ਼ੈਤਾਨ ਦੀ ਤਰ੍ਹਾਂ ਕਮੀਨੇ ਬਣ ਗਏ। ਜੇ ਕੋਈ 20 ਸਾਲਾਂ ਦੀ ਵਿਧਵਾ ਲੜਕੀ ਉਨ੍ਹਾਂ ਨੂੰ ਕਿਸੇ ਰਸਤੇ ਉਪਰ ਟੱਕਰ ਲਈ ਤਾਂ ਉਸ ਵਿਚਾਰੀ ਨੂੰ ਧਰਵਾਸਾ ਦੇਣ ਦੀ ਬਜਾਇ ਉਹ ਉਸ ਨੂੰ ਬਦਸ਼ਗਨੀ ਮੰਨਣ ਲਗ ਪਏ। ਕਹਿੰਦੇ ਉਸ ਦੇ ਮੱਥੇ ਲੱਗਣ ਨਾਲ ਮਾੜਾ ਵਾਪਰ ਜਾਏਗਾ। ਮੇਰੇ ਬਦਕਿਸਮਤ ਵੀਰੋ! ਵਿਧਵਾ ਤਾਂ ਪਵਿੱਤਰ ਗੰਗਾ ਵਾਂਗ ਹੈ। ਉਹ ਬਦਸ਼ਗਨ ਕਿਵੇਂ ਹੋ ਸਕਦੀ ਹੈ? ਫਿਰ ਇਥੇ ਅੰਗਰੇਜ਼ ਆ ਗਏ ਅਤੇ ਉਨ੍ਹਾਂ ਨੇ ਭਾਰਤ ਉਪਰ ਆਪਣਾ ਸਾਮਰਾਜ ਸਥਾਪਤ ਕਰ ਲਿਆ। ਉਨ੍ਹਾਂ ਦਾ ਮੂਲ ਪ੍ਰਵਿਰਤੀ ਵਾਲਾ ਸੁਭਾਅ ਸਾਡੇ ਲੋਕਾਂ ਦੇ ਗ਼ੈਰ-ਕੁਦਰਤੀ ਅਤੇ ਜਿਦੀ ਜੀਵਨ ਜਾਚ ਨਾਲ ਰਲ ਗਿਆ....ਸਾਡੇ ਲੋਕਾਂ ਨੂੰ ਥੋੜੀ ਬਹੁਤ ਰਾਹਤ ਮਹਿਸੂਸ ਹੋਈ?

ਇਥੇ ਹਰ ਚੀਜ ਦੀ ਬਹੁਤਾਤ ਸੀ ਅਤੇ ਅਸੀਂ ਇਸ ਦੇ ਮਾੜੇ ਨਤੀਜੇ ਵੀ ਵੇਖੇ। ਹੁਣ ਭਾਰਤ ਦਾ ਸੂਰਜ ਮੁੜ ਉਦੈ ਹੋ ਰਿਹਾ ਹੈ। ਭਾਰਤ ਵਿਚ ਹੁਣ ਪਹੁ-ਫੁਟਾਲਾ ਹੈ ਜਦੋਂ ਕਿ ਵਿਦੇਸ਼ਾਂ ਵਿਚ ਹੁਣ ਹਰ ਥਾਂ ਸ਼ਾਮ ਦਾ ਘੁਸਮੁਸਾ ਹੋਣ ਲੱਗਾ ਹੈ। ਛੇਤੀ ਹੀ ਭਾਰਤ ਵਿਚ ਚਮਕਦਾ ਚਾਨਣ ਹੋਵੇਗਾ। ਮੈਂ ਸੰਨ 1942 ਤੋਂ ਇਹ ਗੱਲ ਕਹਿ ਰਿਹਾ ਹਾਂ ਕਿ ਭਵਿੱਖ ਵਿਚ ਭਾਰਤ ਸਾਰੇ ਸੰਸਾਰ ਦਾ ਕੇਂਦਰ ਹੋਵੇਗਾ। ਪੱਛਮ ਦੇ ਲੋਕ ਹੁਣ ਨਾਰਮਲ ਤੋਂ ਇਨਾਂ ਉਪਰ ਹੋ ਗਏ ਹਨ ਕਿ ਉਹ ਜਿਉਣ ਦੀ ਕਲਾ ਖੋ ਚੁੱਕੇ ਜਾਪਦੇ ਹਨ। ਉਨ੍ਹਾਂ ਪਦਾਰਥਕ ਖੁਸ਼ੀਆਂ ਬਹੁਤ ਜ਼ਿਆਦਾ ਵਧਾ ਲਈਆਂ ਹਨ ਪਰ ਇਸ ਸਭ ਦੇ ਬਾਵਜੂਦ ਵੀ ਰਾਤ ਨੂੰ ਬਿਸਤਰੇ ਉਪਰ ਲੇਟਣ ਲੱਗਿਆਂ ਸੌਣ ਲਈ ਨੀਂਦ ਦੀ ਗੋਲੀ ਖਾਣ ਦੀ ਲੋੜ ਪੈਂਦੀ ਹੈ। ਮੂਰਖੋ! ਤੁਸੀਂ ਇਹ ਜ਼ਹਿਰ ਕਿਉਂ ਖਾਦੇ ਹੋ? ਉਹ ਇੰਨੇ ਬੇਚੈਨ ਅਤੇ ਅਸਾਧਾਰਨ ਹੋ ਚੁੱਕੇ ਹਨ ਕਿ ਉਨ੍ਹਾਂ ਆਪਣੀ ਨੀਂਦ ਵੀ ਗੁਆ ਲਈ ਹੈ – ਨੀਂਦ ਜਿਹੜੀ ਕੁਦਰਤ ਦੀ ਸੁੰਦਰ ਸੌਗਾਤ ਸੀ। ਕੀ ਇਸ ਨੂੰ ਜੀਵਨ ਕਿਹਾ ਜਾ ਸਕਦਾ ਹੈ?

ਤੁਸੀਂ ਚੰਦ ਉਪਰ ਪਹੁੰਚ ਗਏ ਹੋ ਪਰੰਤੂ ਇਸ ਪ੍ਰਾਪਤੀ ਦਾ ਵੀ ਕੀ ਲਾਭ ਜੇ ਤੁਹਾਨੂੰ ਨੀਂਦ ਹੀ ਨਹੀਂ ਆਉਂਦੀ?

## 36

## ਸਾਧਕ ਦੀ ਅਵਸਥਾ

ਸਾਧੂ ਕਿਸ ਨੂੰ ਕਿਹਾ ਜਾ ਸਕਦਾ ਹੈ? ਜਿਹੜਾ ਵੀ ਵਿਅਕਤੀ ਸ਼ੁੱਧ ਆਤਮਾ ਵਾਲੀ ਅਵਸਥਾ ਦੀ ਪ੍ਰਾਪਤੀ ਹਿਤ ਉਸ ਰਸਤੇ ਉਪਰ ਚਲ ਰਿਹਾ ਹੈ ਉਹ ਸਾਧੂ ਹੈ। ਇਕ ਸਾਧੂ ਉਹ

ਵਿਅਕਤੀ ਹੈ ਜਿਹੜਾ ਅਨੁਸ਼ਾਸ਼ਨ-ਬੱਧ ਜ਼ਿੰਦਗੀ ਜਿਉਂਦਾ ਹੈ ਅਤੇ ਹਰ ਸਮੇਂ ਹਮੇਸ਼ਾ ਮੁਕਤੀ ਪ੍ਰਾਪਤੀ ਹਿਤ ਯਤਨਸ਼ੀਲ ਹੈ। ਅੱਜ ਦੇ ਇਸ ਕਲਿਯੁਗ ਦੇ ਸਮੇਂ ਵਿਚ ਇਕ ਸਾਧੂ ਮੁਕਤੀ ਪ੍ਰਾਪਤੀ ਹਿਤ ਯਤਨ ਕਰਦਾ ਹੋ ਸਕਦਾ ਹੈ ਪਰੰਤੂ ਉਸੇ ਸਮੇਂ ਉਸ ਦੀ ਜੀਵਨ-ਜਾਚ ਆਤਮਕ ਪ੍ਰਗਤੀ ਦੇ ਉਲਟ ਦਿਸ਼ਾ ਵਿਚ ਵੀ ਕੰਮ ਕਰਦੀ ਨਜ਼ਰ ਆਵੇਗੀ।

ਉਦਾਹਰਣ ਦੇ ਲਈ, ਇਕ ਸਾਧੂ ਭਗਤੀ ਕਰਨ, ਸਮਾਯਕ ਕਰਨ ਜਾਂ ਪ੍ਰਤਿਕ੍ਰਮਣ ਕਰਨ ਦੇ ਨਤੀਜੇ ਵਜੋਂ 100 ਨੰਬਰ ਪ੍ਰਾਪਤ ਕਰਦਾ ਹੈ ਪਰੰਤੂ ਜਦ ਉਹ ਆਪਣੇ ਚੇਲੇ ਨਾਲ ਝਗੜਾ ਕਰਦਾ ਹੈ ਅਤੇ ਮਾਨਸਕ ਪੀੜਾ ਅਤੇ ਕਸ਼ਟ ਵਿਚੋਂ ਗੁਜ਼ਰਦਾ ਹੈ ਤਾਂ ਉਹ 150 ਨੰਬਰ ਗੁਆ ਲੈਂਦਾ ਹੈ। ਇਹ ਦੋਵੇਂ ਕਾਰਜ ਇਕੋ ਸਮੇਂ ਨਾਲ-ਨਾਲ ਚਲਦੇ ਰਹਿੰਦੇ ਹਨ।

ਅਸਲ ਵਿਚ, ਮੁਕਤੀ ਪ੍ਰਾਪਤੀ ਹਿਤ ਆਤਮਕ ਪ੍ਰਗਤੀ ਵਿਅਕਤੀ ਦੇ ਆਤਮਾ ਦੇ ਸਹੀ ਰੂਪ ਨੂੰ ਜਾਨਣ ਉਪਰੰਤ ਹੀ ਸ਼ੁਰੂ ਹੁੰਦੀ ਹੈ। ਇਸ ਲਈ, ਯਤਨ ਇਸ ਪ੍ਰਕਾਰ ਦੇ ਹੋਣੇ ਚਾਹੀਦੇ ਹਨ ਜਿਹੜੇ ਸਾਰੇ ਨਾਂਹ-ਵਾਚਕ ਪ੍ਰਭਾਵਾਂ ਨੂੰ ਖ਼ਤਮ ਕਰਕੇ ਆਤਮਕ ਪ੍ਰਗਤੀ ਦੇ ਰਾਹ ਉਪਰ ਚੱਲਣ ਵਿਚ ਸਹਾਇਕ ਹੋਣ। ਤਾਂ ਹੀ ਅਸਲੀ ਆਤਮਕ ਪ੍ਰਗਤੀ ਸੰਭਵ ਹੋ ਸਕਦੀ ਹੈ। ਨਹੀਂ ਤਾਂ ਅਜਿਹਾ ਵਿਅਕਤੀ ਮੁਕਤੀ ਵੱਲ ਚੱਲਣ ਦੀ ਬਜਾਇ ਸੰਸਾਰ (ਭਾਵ ਸੰਸਾਰਕ ਜੰਜ਼ਾਲਾਂ) ਵਿਚ ਖਚਿਤ ਹੋ ਜਾਵੇਗਾ। ਸਾਧਕ ਦੀ ਅਵਸਥਾ ਤੋਂ ਭਾਵ ਹੈ ਸਿੱਧੀ (ਭਾਵ ਮੁਕੰਮਲ ਮੁਕਤੀ) ਪ੍ਰਾਪਤੀ ਹਿਤ ਲਗਾਤਾਰ ਯਤਨ ਕਰਦੇ ਰਹਿਣਾ।

ਇਥੇ ਕਿਸੇ ਦਾ ਵੀ ਕਸੂਰ ਨਹੀਂ ਹੈ। ਅਗਿਆਨਤਾ ਹੀ ਵੱਡੀ ਫਾਥੀ ਹੈ। ਨਹੀਂ ਤਾਂ ਸਾਧੂ ਹਮੇਸ਼ਾ ਸਾਧਕ ਅਵਸਥਾ ਵਿਚ ਪਹੁੰਚਣ ਲਈ ਯਤਨਸ਼ੀਲ ਰਹਿੰਦੇ ਹਨ।

## 37

## ਚੰਗੇ ਕਰਮ ਅਤੇ ਬੁਰੇ ਕਰਮ

**ਪ੍ਰਸ਼ਨ-ਕਰਤਾ** : ਵਿਅਕਤੀ ਨੂੰ ਚੰਗੇ ਕਰਮ ਕਿਉਂ ਕਰਨੇ ਚਾਹੀਦੇ ਹਨ ਅਤੇ ਬੁਰੇ ਕਰਮ ਕਰਨ ਤੋਂ ਕਿਉਂ ਬਚਣਾ ਚਾਹੀਦਾ ਹੈ?

**ਦਾਦਾਸ਼੍ਰੀ** : ਦੇਖੋ, ਸੰਸਾਰ ਵਿਚ ਸਿਰਫ਼ ਦੋ ਹੀ ਦ੍ਰਵ ਹਨ - ਸ਼ੁੱਧ ਆਤਮਾ (ਪੁਰਸ਼) ਅਤੇ ਪ੍ਰਕ੍ਰਿਤੀ। ਜੇ ਤੁਸੀਂ ਕਿਸੇ ਵੀ ਹੋਰ ਜੀਵ ਨੂੰ ਸ਼ਾਂਤੀ ਅਤੇ ਸਕੂਨ ਅਤੇ ਖ਼ੁਸ਼ੀ ਦਿੰਦੇ ਹੋ ਤਾਂ ਤੁਸੀਂ ਪੁੰਨ-ਕਰਮ ਕਮਾ ਲੈਂਦੇ ਹੋ। ਇਸ ਦੇ ਉਲਟ, ਜੇ ਤੁਸੀਂ ਕਿਸੇ ਜੀਵ ਨੂੰ ਕਸ਼ਟ ਦਿੰਦੇ ਹੋ ਤਾਂ ਤੁਹਾਡੇ ਖ਼ਾਤੇ ਵਿਚ ਪਾਪ-ਕਰਮ ਜਮ੍ਹਾਂ ਹੋ ਜਾਂਦੇ ਹਨ।

ਪੁੰਨ-ਕਰਮਾਂ ਦਾ ਸਮੁੱਚਾ ਪ੍ਰਭਾਵ ਇਹ ਹੁੰਦਾ ਹੈ ਕਿ ਉਹ ਤੁਹਾਨੂੰ ਵੀ ਖੁਸ਼ੀ ਪ੍ਰਦਾਨ

ਕਰਦੇ ਹਨ ਅਤੇ ਤੁਹਾਡੀਆਂ ਸਭ ਮਨੋ-ਇਛਾਵਾਂ ਪੂਰੀਆਂ ਹੋ ਜਾਂਦੀਆਂ ਹਨ।

ਇਸ ਦੇ ਉਲਟ, ਪਾਪ-ਕਰਮਾਂ ਦਾ ਸਮੁੱਚਾ ਪ੍ਰਭਾਵ ਇਹ ਹੁੰਦਾ ਹੈ ਕਿ ਤੁਸੀਂ ਗ਼ਮੀ ਅਤੇ ਦੁੱਖਾਂ ਦਾ ਸ਼ਿਕਾਰ ਹੋ ਜਾਂਦੇ ਹੋ ਅਤੇ ਤੁਹਾਡੇ ਜੀਵਨ ਦੀਆਂ ਘਟਨਾਵਾਂ ਤੁਹਾਡੀਆਂ ਇੱਛਾਵਾਂ ਦੇ ਉਲਟ ਵਾਪਰਨ ਲਗਦੀਆਂ ਹਨ।

ਆਪਣੇ ਵਿਚਾਰਾਂ ਅਤੇ ਕਰਮਾਂ ਦੇ ਕਾਰਨ ਜਦੋਂ ਤੁਸੀਂ ਪਾਪ-ਕਰਮਾਂ ਜਾਂ ਪੁੰਨ ਕਰਮਾਂ ਦੇ ਪ੍ਰਭਾਵ ਹੇਠ ਜੀਅ ਰਹੇ ਹੁੰਦੇ ਹੋ ਤਾਂ ਤੁਸੀਂ ਉਸ ਸਮੇਂ ਵੀ ਪੁੰਨ-ਕਰਮ ਜਾਂ ਪਾਪ-ਕਰਮ ਕਰਕੇ ਉਹੋ ਜਿਹਾ ਚੰਗਾ ਜਾਂ ਬੁਰਾ ਪ੍ਰਭਾਵ ਕਮਾ ਸਕਦੇ ਹੋ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਸ ਨੂੰ ਰਤਾ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : (1) **ਪਾਪ ਅਨੁਬੰਧ**: ਪਾਪ, ਭਾਵ ਪੁਰਾਣੇ ਬੁਰੇ ਕਰਮਾਂ ਦੇ ਪ੍ਰਭਾਵ ਅਧੀਨ ਦੁੱਖ ਸਹਿੰਦੇ ਹੋਏ ਹੋਰ ਪਾਪ-ਕਰਮ ਕਮਾਉਣੇ।

ਇਕ ਵਿਅਕਤੀ ਜਦੋਂ ਪਹਿਲਾਂ ਕੀਤੇ ਬੁਰੇ ਕਰਮਾਂ ਦੇ ਪ੍ਰਭਾਵ ਕਾਰਨ ਕਸ਼ਟ ਸਹਿ ਰਿਹਾ ਹੁੰਦਾ ਹੈ ਤਾਂ ਫਿਰ ਵੀ ਉਹ ਉਸੇ ਤਰ੍ਹਾਂ ਦੇ ਬੁਰੇ ਕਰਮਾਂ ਵਿਚ ਗਲਤਾਨ ਰਹਿੰਦਾ ਹੈ.... ਉਹ ਹੋਰ ਜੀਵਾਂ ਨੂੰ ਪੀੜਾ ਅਤੇ ਕਸ਼ਟ ਪਹੁੰਚਾਉਣ ਵਾਲੇ ਕਾਰਜ ਕਰਦਾ ਹੀ ਰਹਿੰਦਾ ਹੈ ਅਤੇ ਇਸ ਵਿਚ ਖ਼ੁਦ ਖੁਸ਼ੀ ਮਹਿਸੂਸ ਕਰਦਾ ਹੈ। ਉਦਾਹਰਣ ਦੇ ਲਈ, ਇਕ ਕਸਾਈ, ਮਛੇਰਾ ਜਾਂ ਸ਼ਿਕਾਰੀ ਜਿਹੜਾ ਪਹਿਲਾਂ ਹੀ ਗੁਰਬਤ ਦੀ ਜ਼ਿੰਦਗੀ ਜੀਅ ਰਿਹਾ ਹੁੰਦਾ ਹੈ ਦੂਸਰੇ ਜੀਵਾਂ ਨੂੰ ਕਸ਼ਟ ਪਹੁੰਚਾਉਣ ਤੋਂ ਬਾਜ ਨਹੀਂ ਆਉਂਦਾ ਅਤੇ ਇੰਝ ਨਵੇਂ ਪਾਪ-ਕਰਮ ਕਮਾਉਂਦਾ ਹੈ।

(2) **ਪੁੰਨ-ਅਨੁਬੰਧ**: ਪਾਪ, ਭਾਵ ਪੁਰਾਣੇ ਕੀਤੇ ਬੁਰੇ ਕਰਮਾਂ ਦੇ ਪ੍ਰਭਾਵ ਅਧੀਨ ਕਸ਼ਟ ਸਹਿੰਦੇ ਹੋਏ ਪੁੰਨ-ਕਰਮ ਕਮਾਉਣੇ।

ਇਕ ਵਿਅਕਤੀ ਆਪਣੇ ਪੁਰਾਣੇ ਕੀਤੇ ਬੁਰੇ ਕਰਮਾਂ ਦੇ ਨਤੀਜੇ ਵਜੋਂ ਦੁੱਖ ਭੋਗਦਾ ਹੈ ਪਰੰਤੂ ਚੰਗੇ ਕਰਮ ਅਰਜਿਤ ਕਰਦਾ ਹੈ - ਬਿਲਕੁਲ ਉਸ ਗਰੀਬ ਵਿਅਕਤੀ ਦੀ ਤਰ੍ਹਾਂ ਜਿਹੜਾ ਗੁਰਬਤ ਵਿਚ ਰਹਿੰਦਿਆਂ ਹੋਇਆ ਵੀ ਸਭ ਪ੍ਰਤਿਕੂਲ ਹਾਲਾਤਾਂ ਵਿਚ ਵੀ ਨੈਤਿਕਤਾ ਭਰਪੂਰ ਜ਼ਿੰਦਗੀ ਜਿਉਂਦਾ ਹੈ।

(3) **ਪਾਪ ਅਨੁਬੰਧ**: ਪੁੰਨ, ਭਾਵ ਪੁਰਾਣੇ ਸ਼ੁਭ ਕਰਮਾਂ ਦੇ ਨਤੀਜੇ ਵਜੋਂ ਸੁਖ ਭੋਗਦੇ ਹੋਏ ਨਵੇਂ ਬੁਰੇ-ਕਰਮ ਅਰਜਿਤ ਕਰਨੇ।

ਇਕ ਵਿਅਕਤੀ ਪੁਰਾਣੇ ਸ਼ੁਭ ਕਰਮਾਂ ਦੇ ਫ਼ਲ ਵਜੋਂ ਸੁਖ ਅਤੇ ਖੁਸ਼ੀ ਭੋਗ ਰਿਹਾ ਹੁੰਦਾ ਹੈ ਪਰ ਅਜਿਹੇ ਹੋਰ ਕਰਮ ਕਰਦਾ ਹੈ ਕਿ ਕਿੰਨੇ ਹੀ ਨਵੇਂ ਭੈੜੇ ਕਰਮ ਉਸ ਦੀ ਝੋਲੀ ਪੈ ਜਾਂਦੇ ਹਨ। ਅੱਜ ਦੇ ਸਮੇਂ ਵਿਚ ਇਸ ਪ੍ਰਕਾਰ ਦੇ ਲੋਕ ਬਹੁਗਿਣਤੀ ਵਿਚ ਹਨ। ਇਕ ਅਮੀਰ

ਆਦਮੀ ਪਾਸ ਵੱਡਾ, ਖੁੱਲਾ ਬੰਗਲਾ ਹੈ ਪਰ ਉਹ ਉਸ ਘਰ ਵਿਚ ਖੁਸ਼ੀ ਨਾਲ ਨਹੀਂ ਰਹਿ ਰਿਹਾ। ਉਹ ਹਰ ਸਮੇਂ ਹਰ ਅਨੈਤਿਕ ਢੰਗ ਵਰਤ ਕੇ ਵੱਧ ਤੋਂ ਵੱਧ ਹੋਰ ਧਨ ਕਮਾਉਣ ਦੀ ਹੋੜ ਵਿਚ ਹਰ ਸਮੇਂ ਘਰੋਂ ਬਾਹਰ ਹੀ ਰਹਿੰਦਾ ਹੈ। ਉਸ ਦੀ ਪਤਨੀ ਵੀ ਜ਼ਿਆਦਾਤਰ ਬਾਹਰ ਹੀ ਰਹਿੰਦੀ ਹੈ - ਕਿਸੇ ਨਾ ਕਿਸੇ ਫੈਸ਼ਨ ਮਾਰਕੀਟ ਵਿਚ ਸ਼ਾਪਿੰਗ ਕਰਦੀ ਹੋਈ। ਉਸ ਦੀ ਬੇਟੀ ਆਪਣੀ ਕਾਰ ਵਿਚ ਬਾਹਰ ਘੁੰਮਦੀ ਰਹਿੰਦੀ ਹੈ। ਇਕੋ ਇਕ ਵਿਅਕਤੀ ਜਿਹੜਾ ਬਹੁਤਾ ਸਮਾਂ ਘਰ ਦੇ ਅੰਦਰ ਰਹਿੰਦਾ ਹੈ ਉਹ ਹੈ ਉਸ ਘਰ ਦਾ ਨੌਕਰ।

ਉਸ ਅਮੀਰ ਪਾਸ ਉਸ ਦੇ ਕੀਤੇ ਪੁਰਾਣੇ ਪੁੰਨ-ਕਰਮਾਂ ਦੇ ਸ਼ੁਭ ਫਲ ਵਜੋਂ ਇਸ ਵੇਲੇ ਬੰਗਲਾ ਹੈ, ਕਾਰਾਂ ਹਨ, ਫ਼ਰਿਜ ਹੈ ਅਤੇ ਘਰ ਅੰਦਰ ਹੋਰ ਸਭ ਸੁਖ-ਸਹੂਲਤਾਂ ਹਨ। ਪਰੰਤੂ ਇਸ ਸਮੇਂ ਉਹ ਬੁਰੇ ਕਰਮ ਕਮਾ ਰਿਹਾ ਹੈ। ਉਹ ਆਪਣਾ ਸਮਾਂ ਲਾਲਚ ਅਤੇ ਮੋਹ ਦੀਆਂ ਭਾਵਨਾਵਾਂ ਅਧੀਨ ਗੁਆ ਰਿਹਾ ਹੈ ਅਤੇ ਉਹ ਆਪਣੀ ਖੁਸ਼ਹਾਲੀ ਨੂੰ ਮਾਣ ਸਕਣ ਦੇ ਵੀ ਸਮਰਥ ਨਹੀਂ। ਇਸ ਕਿਸਮ ਦੇ ਵਿਅਕਤੀ ਸਾਰਾ ਸਮਾਂ ਦੂਸਰਿਆਂ ਦੀ ਦੌਲਤ ਅਤੇ ਜਾਇਦਾਦ ਹਥਿਆਉਣ ਅਤੇ ਕਿਸੇ ਵੀ ਕਪਟ ਜਾਂ ਧੋਖੇ ਰਾਹੀਂ ਸਰੀਰਕ ਖੁਸ਼ੀਆਂ ਪ੍ਰਾਪਤ ਕਰਨ ਹਿਤ ਯਤਨਸ਼ੀਲ ਰਹਿੰਦੇ ਹਨ।

ਹਉਮੈਂ, ਹਠ ਧਰਮ ਜਾਂ ਰਸਮਾਂ ਦੇ ਨਿਰਬਾਹ ਹਿਤ ਕੀਤੇ ਗਏ ਸਾਰੇ ਦੇ ਸਾਰੇ ਕਰਮ ਪਾਪਾਨੁਬੰਧ-ਪੁੰਨ ਅਰਜਿਤ ਕਰਨ ਦਾ ਕਾਰਨ ਬਣਦੇ ਹਨ।

(4) **ਪੁੰਨ ਅਨੁਬੰਧ**: ਪੁੰਨ, ਭਾਵ ਪੁਰਾਣੇ ਕੀਤੇ ਪੁੰਨ-ਕਰਮਾਂ ਦੇ ਸ਼ੁਭ ਫ਼ਲ ਵਜੋਂ ਅਜਿਹੇ ਕਰਮ ਕਰਨੇ ਜਿਨ੍ਹਾਂ ਕਾਰਨ ਹੋਰ ਨਵੇਂ ਪੁੰਨ-ਕਰਮ ਅਰਜਿਤ ਹੋਣ।

ਇਕ ਵਿਅਕਤੀ ਆਪਣੇ ਪਹਿਲਾਂ ਕੀਤੇ ਪੁੰਨ-ਕਰਮਾਂ ਦਾ ਫ਼ਲ ਮਾਣ ਰਿਹਾ ਹੁੰਦਾ ਹੈ ਅਤੇ ਇਸ ਦੌਰਾਨ ਆਪਣੇ ਆਪ ਨੂੰ ਆਤਮਕ ਪੱਖੋਂ ਹੋਰ ਉਚੇਰਾ ਚੁੱਕਣ ਦੇ ਮੰਤਵ ਨਾਲ ਜਾਪ ਅਤੇ ਰਸਮਾਂ ਦਾ ਨਿਰਬਾਹ ਕਰਦਾ ਹੈ ਜਿਸ ਨਾਲ ਹੋਰ ਨਵੇਂ ਪੁੰਨ-ਕਰਮ ਅਰਜਿਤ ਕਰਨ ਵਿਚ ਸਫਲ ਹੁੰਦਾ ਹੈ। ਉਹ ਹੋਰ ਨਵੇਂ ਪੁੰਨ-ਕਰਮ ਹਾਸਲ ਕਰ ਲੈਂਦਾ ਹੈ ਅਤੇ ਅਖ਼ੀਰ ਮੁਕਤੀ ਪ੍ਰਾਪਤੀ ਕਰਨ ਵਿਚ ਸਫ਼ਲ ਹੋ ਜਾਂਦਾ ਹੈ।

ਆਪਣੀ ਆਤਮਾ ਦੀ ਬੇਹਤਰੀ ਅਤੇ ਆਪਣੀ ਆਤਮਿਕ ਪ੍ਰਗਤੀ ਹਿਤ ਯੋਗ ਸਮਝ-ਬੂਝ ਨਾਲ ਕੀਤੇ ਗਏ ਸਾਰੇ ਜਪ-ਤਪ ਪੁੰਨ ਅਨੁਬੰਧ ਕਰਮ ਅਰਜਿਤ ਕਰਦੇ ਹਨ। ਜੇ ਖੁਸ਼ਕਿਸਮਤੀ ਨਾਲ ਅਜਿਹੇ ਵਿਅਕਤੀ ਗਿਆਨੀ-ਪੁਰਸ਼ ਦੇ ਸੰਪਰਕ ਵਿਚ ਆ ਜਾਣ ਤਾਂ ਉਹ ਮੁਕਤੀ ਪ੍ਰਾਪਤ ਕਰ ਲੈਂਦੇ ਹਨ।

ਬਿਨਾਂ ਸ਼ੁਭ ਕਰਮ ਕੀਤਿਆਂ ਤੁਹਾਨੂੰ ਦੌਲਤ ਵੀ ਹਾਸਲ ਨਹੀਂ ਹੁੰਦੀ। ਤੁਹਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਕਿਸ ਪ੍ਰਕਾਰ ਦਾ ਸ਼ੁਭ ਕਰਮ ਕਰਨ ਨਾਲ ਕਿਸ ਤਰ੍ਹਾਂ ਦਾ ਫਲ ਮਿਲੇਗਾ।

**ਪ੍ਰਸ਼ਨ-ਕਰਤਾ** : ਇਸ ਸੰਸਾਰ ਵਿਚ ਕਿਸ ਵਿਅਕਤੀ ਬਾਰੇ ਕਹਿ ਸਕਦੇ ਹਾਂ ਕਿ ਉਹ ਸਰਵੋਤਮ ਸ਼ੁਭ ਕਰਮਾਂ ਦਾ ਫਲ ਮਾਣ ਰਿਹਾ ਹੈ?

**ਦਾਦਾਸ਼੍ਰੀ** : ਅਜਿਹਾ ਵਿਅਕਤੀ ਉਹ ਹੈ ਜਿਸ ਨੂੰ ਸਹਿਜ ਹੀ ਸ਼ੁਭ ਵਿਚਾਰ ਮਨ ਅੰਦਰ ਆਉਂਦਾ ਹੋਵੇ, ਜਿਸ ਦੀਆਂ ਲਗਾਤਾਰ ਬਹੁਤ ਸਾਲ ਬਿਨਾਂ ਕਿਸੇ ਕਿਸਮ ਦੀ ਮਿਹਨਤ ਕਰੇ ਜਾਂ ਬਿਨਾਂ ਕੋਈ ਇੱਛਾ ਪ੍ਰਗਟ ਕਰੇ ਮਨਇਛਿਤ ਚਾਹਤਾਂ ਪੂਰੀਆਂ ਹੁੰਦੀਆਂ ਹੋਣ।

ਦੂਜੇ ਨੰਬਰ ਉਪਰ ਅਜਿਹਾ ਵਿਅਕਤੀ ਉਹ ਹੈ ਜਿਹੜਾ ਵਾਰ-ਵਾਰ ਇੱਛਾ ਕਰਨ ਉਪਰੰਤ ਸ਼ਾਮ ਤੱਕ ਆਪਣਾ ਇੱਛਿਤ ਫਲ ਪਾ ਲੈਂਦਾ ਹੈ।

ਤੀਸਰੇ ਨੰਬਰ ਉਪਰ ਅਜਿਹਾ ਵਿਅਕਤੀ ਉਹ ਹੈ ਜਿਹੜਾ ਕਿਸੇ ਚੀਜ ਦੀ ਇੱਛਾ ਕਰਦਾ ਹੈ, ਪ੍ਰਾਪਤੀ ਹਿਤ ਯਤਨ ਵੀ ਕਰਦਾ ਹੈ ਅਤੇ ਅਖ਼ੀਰ ਮਨਚਾਹੀ ਵਸਤੂ ਪ੍ਰਾਪਤ ਕਰ ਲੈਂਦਾ ਹੈ।

ਚੌਥੇ ਨੰਬਰ ਉਪਰ ਅਜਿਹਾ ਵਿਅਕਤੀ ਉਹ ਹੈ ਜਿਹੜਾ ਆਪਣੇ ਮਨਚਾਹੇ ਮੰਤਵ ਨੂੰ ਚੋਖੀ ਮਿਹਨਤ ਕਰਨ ਉਪਰੰਤ ਪਾ ਸਕਣ ਵਿਚ ਸਫ਼ਲ ਹੋ ਜਾਂਦਾ ਹੈ।

ਪੰਜਵੇਂ ਨੰਬਰ ਉਪਰ ਉਹ ਵਿਅਕਤੀ ਹੈ ਜਿਹੜਾ ਕੋਈ ਇੱਛਾ ਤਾਂ ਰਖਦਾ ਹੈ ਪਰ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਵੀ ਉਸ ਦੀ ਇੱਛਾ ਦੀ ਪੂਰਤੀ ਨਹੀਂ ਹੁੰਦੀ। ਅਜਿਹੇ ਲੋਕਾਂ ਨੂੰ ਬਹੁਤ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ। ਇਸ ਦੇ ਬਾਵਜੂਦ ਵੀ ਉਹ ਗਾਲ੍ਹਾਂ ਸੁਣਦੇ ਹਨ ਅਤੇ ਬੜੀ ਮੁਸ਼ਕਲ ਨਾਲ ਹੀ ਥੋੜਾ-ਬਹੁਤ ਪੈਸਾ ਕਮਾ ਸਕਦੇ ਹਨ। ਜੇਕਰ ਅਜਿਹੇ ਵਿਅਕਤੀ ਮਾਨਵੀ ਮਿਹਨਤ ਦਾ ਮੁੱਲ ਹਾਸਲ ਕਰ ਵੀ ਲੈਣ ਤਾਂ ਵੀ ਇਹ ਯਕੀਨਨ ਨਹੀਂ ਕਿ ਘਰ ਜਾ ਕੇ ਉਨ੍ਹਾਂ ਨੂੰ ਰੋਟੀ ਨਸੀਬ ਹੋਵੇਗੀ। ਉਹ ਸਭ ਤੋਂ ਸਖ਼ਤ ਮਿਹਨਤ ਕਰਦੇ ਹਨ ਪਰੰਤੂ ਫਿਰ ਵੀ ਉਨ੍ਹਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਫ਼ਲ ਨਹੀਂ ਮਿਲਦਾ।

**ਪ੍ਰਸ਼ਨ-ਕਰਤਾ** : ਕੁਝ ਲੋਕ ਇਹ ਵੀ ਕਹਿੰਦੇ ਹਨ ਕਿ ਅਣਜਾਣੇ ਵਿਚ ਕੀਤੇ ਗਏ ਪਾਪ ਦਾ ਕੋਈ ਬੁਰਾ ਫ਼ਲ ਨਹੀਂ ਮਿਲਦਾ।

**ਦਾਦਾਸ਼੍ਰੀ** : ਮੈਂ ਪੁੱਛਦਾ ਹਾਂ ਕਿ ਕਿਉਂ ਨਹੀਂ? ਤੁਸੀਂ ਬੇਧਿਆਨੇ ਆਪਣਾ ਹੱਥ ਅੱਗ ਅੰਦਰ ਕਰ ਦਿੰਦੇ ਹੋ ਅਤੇ ਫਿਰ ਦੇਖੋ ਕਿ ਤੁਹਾਡੇ ਇਸ ਕਰਮ ਦਾ ਤੁਹਾਨੂੰ ਕੋਈ ਫਲ ਮਿਲਦਾ ਹੈ ਕਿ ਨਹੀਂ। ਅਣਜਾਣੇ ਵਿਚ ਕੀਤਾ ਅਤੇ ਜਾਣ-ਬੁੱਧ ਕੇ ਕੀਤਾ ਪਾਪ ਇਕੋ ਹੀ ਗੱਲ ਹੈ। ਹਾਂ, ਅਣਜਾਣੇ ਕੀਤੇ ਪਾਪ ਦਾ ਫ਼ਲ ਵੀ ਬੇਧਿਆਨੇ ਹੀ ਭੁਗਤ ਲਿਆ ਜਾਂਦਾ ਹੈ। ਜਾਣ-ਬੁੱਝ ਕੇ ਕੀਤੇ ਪਾਪ ਦਾ ਫ਼ਲ ਵੀ ਚੇਤਨ ਰੂਪ ਵਿਚ ਭੁਗਤਣਾ ਪੈਂਦਾ ਹੈ। ਬਸ ਦੋਹਾਂ ਵਿਚ ਇੰਨਾ ਹੀ ਫ਼ਰਕ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਆਪਾਂ ਦੋ ਭਰਾਵਾਂ ਦੀ ਉਦਾਹਰਣ ਦੇ ਸਕਦੇ ਹਾਂ। ਉਨ੍ਹਾਂ ਵਿਚੋਂ ਇਕ ਦੀ ਉਮਰ 16 ਸਾਲ ਹੈ ਅਤੇ ਦੂਸਰਾ ਉਸ ਦੇ ਨਾਲੋਂ ਦੋ ਸਾਲ ਵੱਡਾ ਹੈ। ਉਨ੍ਹਾਂ ਦੀ ਮਾਤਾ ਸੁਰਗਵਾਸ ਹੋ ਚੁੱਕੀ ਹੈ। ਦੋਹਾਂ ਭਰਾਵਾਂ ਨੂੰ ਉਸ ਪਾਪ ਦਾ ਫ਼ਲ ਭੁਗਤਣਾ ਪੈ ਰਿਹਾ ਸੀ। ਵੱਡੇ ਭਰਾ ਨੂੰ ਇਹ ਦੁੱਖ ਚੇਤਨ ਰੂਪ ਵਿਚ ਸਹਿਣਾ ਪੈ ਰਿਹਾ ਸੀ ਜਦੋਂ ਕਿ ਛੋਟਾ ਭਰਾ ਇਸ ਨੂੰ ਅਚੇਤ ਅਵਸਥਾ ਵਿਚ ਸਹਿ ਰਿਹਾ ਸੀ।

ਅਸੀਂ ਅਚੇਤ ਹੀ ਇਕ ਚੰਗਾ ਕਰਮ ਵੀ ਕਰ ਸਕਦੇ ਹਾਂ। ਉਦਾਹਰਣ ਦੇ ਲਈ, ਤੁਸੀਂ ਚੀਨੀ ਦਾ ਭਰਿਆ ਇਕ ਥੈਲਾ ਲੈ ਕੇ ਘਰ ਆ ਰਹੇ ਹੋ। ਇਸ ਥੈਲੇ ਵਿਚ ਇਕ ਛੋਟੀ ਜਿਹੀ ਮੋਰੀ ਹੈ ਜਿਸ ਰਾਹੀਂ ਚੀਨੀ ਥੈਲੇ ਵਿਚੋਂ ਕਿਰ ਕੇ ਹੇਠਾਂ ਗਿਰ ਰਹੀ ਹੈ। ਤੁਹਾਡੇ ਵਿਚ ਅਚੇਤ ਕਾਰਜ ਤੋਂ ਕੀੜੀਆਂ ਨੂੰ ਲਾਭ ਹੋ ਰਿਹਾ ਹੈ। ਇਹ ਅਚੇਤ ਹੀ ਹੋਇਆ ਸ਼ੁਭ ਕਰਮ ਹੈ ਅਤੇ ਇਸ ਦਾ ਫ਼ਲ ਵੀ ਅਚੇਤ ਹੀ ਮਾਣਿਆ ਜਾਵੇਗਾ।

ਮਨੁੱਖ ਚੰਗੇ ਅਤੇ ਬੁਰੇ ਕਰਮਾਂ ਅਤੇ ਬੁਰੇ ਅਤੇ ਚੰਗੇ ਦੇ ਗੁੰਝਲਦਾਰ ਚੱਕਰ ਵਿਚ ਗੁਆਚਿਆ ਰਹਿੰਦਾ ਹੈ। ਉਹ ਇਸ ਦਵੰਦ ਤੋਂ ਕਦੇ ਵੀ ਮੁਕਤ ਨਹੀਂ ਹੁੰਦਾ। ਜੇ ਉਹ ਚੰਗੇ ਕਰਮ ਕਰਦਾ ਹੈ ਤਾਂ ਉਹ ਦੈਵੀ ਜੂਨ ਪੈਂਦਾ ਹੈ; ਪਰੰਤੂ ਮੁਕਤੀ ਪ੍ਰਾਪਤ ਨਹੀਂ ਹੁੰਦੀ। ਤੁਸੀਂ ਮੁਕਤ ਤਦੋਂ ਹੀ ਹੁੰਦੇ ਹੋ ਜਦੋਂ ਤੁਸੀਂ ਖ਼ੁਸ਼ਕਿਸਮਤੀ ਨਾਲ ਗਿਆਨੀ ਪੁਰਸ਼ ਨੂੰ ਮਿਲਣ ਵਿਚ ਸਫਲ ਹੋ ਜਾਂਦੇ ਹੋ – ਉਹ ਗਿਆਨੀ ਪੁਰਸ਼ ਜਿਹੜਾ ਤੁਹਾਡੇ ਸਮਸਤ ਪਾਪਾਂ ਨੂੰ ਸਾੜ ਕੇ ਸੁਆਹ ਕਰ ਦੇਵੇ ਅਤੇ ਤੁਹਾਨੂੰ ਸ਼ੁੱਧ ਆਤਮਾ ਦਾ ਅਨੁਭਵ ਕਰਵਾ ਦੇਵੇ। ਉਦੋਂ ਤਕ ਵਿਅਕਤੀ ਇਸ ਸੰਸਾਰ ਅੰਦਰ 84 ਲੱਖ ਜੂਨਾਂ ਵਾਲੇ ਆਵਾਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ।

ਕੁਝ ਜੀਵਾਂ, ਸਮੇਤ ਦਰਖ਼ਤਾਂ ਅਤੇ ਪੌਦਿਆਂ ਆਦਿ ਦੇ, ਪਾਸ ਸਿਰਫ਼ ਇਕ ਗਿਆਨ-ਇੰਦਰੀ ਹੁੰਦੀ ਹੈ ਜਦੋਂ ਕਿ ਮਨੁੱਖਾਂ, ਜਾਨਵਰਾਂ, ਆਦਿ ਪਾਸ ਪੰਜ ਗਿਆਨ-ਇੰਦਰੀਆਂ ਹੁੰਦੀਆਂ ਹਨ। ਇਸੇ ਕਰਕੇ ਮਨੁੱਖ ਅਨੰਤ ਦੁੱਖ ਮਹਿਸੂਸ ਕਰਦਾ ਹੈ ਜਿਵੇਂ ਉਸ ਨੂੰ ਕਿਸੇ ਹਨੇਰੀ ਕਾਲ-ਕੋਠੜੀ ਵਿਚ ਬੰਦ ਕਰ ਦਿੱਤਾ ਗਿਆ ਹੋਵੇ ਅਤੇ ਜਿਥੇ ਉਸ ਨੂੰ ਸਿਰਫ਼ ਦੋ ਵੇਲੇ ਦੀ ਰੋਟੀ ਮਿਲਦੀ ਹੋਵੇ। ਆਤਮਾ ਉਪਰ ਇਸ ਤਰ੍ਹਾਂ ਦੀਆਂ ਸੰਘਣੀਆਂ ਪਰਤਾਂ ਅਤੇ ਪੜ੍ਹਦੇ ਹਨ। ਜੇ ਮਾਨਵ-ਜਾਤੀ ਨੂੰ ਇੰਨਾ ਕਸ਼ਟ ਸਹਿਣਾ ਪੈਂਦਾ ਹੈ ਤਾਂ ਜਿਨ੍ਹਾਂ ਪਾਸ ਘੱਟ ਗਿਆਨ-ਇੰਦਰੀਆਂ ਹਨ ਉਨ੍ਹਾਂ ਨੂੰ ਕਿੰਨੀ ਵਧੇਰੇ ਦੁਖ-ਤਕਲੀਫ਼ ਸਹਿਣੀ ਪੈਂਦੀ ਹੋਵੇਗੀ। ਇਸ ਸੰਸਾਰ ਵਿਚ ਕੋਈ ਜੀਵ ਅਜਿਹਾ ਨਹੀਂ ਜਿਸ ਕੋਲ ਛੇ ਗਿਆਨ-ਇੰਦਰੀਆਂ ਹੋਣ। ਇਹ ਪੇੜ ਅਤੇ ਪਸ਼ੂ ਆਪਣਾ ਸਮਾਂ ਤ੍ਰਿਅੰਚ-ਗਤੀ ਵਿਚ ਬਤੀਤ ਕਰਦੇ ਹਨ। ਇਹ ਉਨ੍ਹਾਂ ਲਈ ਕਠਿਨ ਜੇਲ੍ਹ ਦੀ ਤਰ੍ਹਾਂ ਹੈ। ਇਸ ਦੇ ਉਲਟ ਮਾਨਵੀ ਜੀਵਨ ਬਹੁਤ ਸਾਦਾ ਅਤੇ ਸੌਖੀ ਜੇਲ੍ਹ ਹੈ।

ਨਰਕ ਵਿਚ ਰਹਿਣਾ ਅਤਿਅੰਤ ਕਸ਼ਟਦਾਇਕ ਹੁੰਦਾ ਹੈ। ਜੇ ਮੈਂ ਨਰਕ ਦੀ ਸਹੀ

ਤਸਵੀਰ ਦਾ ਚਿੱਤਰ ਤੁਹਾਡੇ ਸਾਹਮਣੇ ਦਰਸਾਉਣ ਲੱਗਾ ਤਾਂ ਤੁਸੀਂ ਡਰ ਨਾਲ ਹੀ ਸਾਹ ਤਿਆਗ ਦਿਉਗੇ। ਜਦੋਂ ਅਸੀਂ ਚਾਵਲ ਉਬਾਲਦੇ ਹਾਂ ਤਾਂ ਕਲਪਨਾ ਕਰੋ ਕਿ ਇਹ ਚਾਵਲ ਗਰਮ ਉਬਲਦੇ ਪਾਣੀ ਵਿਚ ਤਰਲੋਮੱਛੀ ਹੋ ਰਹੇ ਹੁੰਦੇ ਹਨ: ਨਰਕ ਦਾ ਦੁੱਖ ਇਸ ਤੋਂ ਹਜਾਰਾਂ ਗੁਣਾਂ ਵੱਧ ਹੁੰਦਾ ਹੈ। ਮਨੁੱਖ ਇਕੋ ਜੀਵਨ ਵਿਚ ਪੰਜ ਗੁਣਾਂ ਜਾਂ ਇਸ ਤੋਂ ਵੱਧ ਮੌਤ ਦਾ ਦਰਦ ਸਹਿ ਲੈਂਦਾ ਹੈ। ਪਰੰਤੂ ਮੌਤ ਫਿਰ ਵੀ ਨਹੀਂ ਆਉਂਦੀ। ਉਥੇ ਮਨੁੱਖਾਂ ਸਰੀਰ ਤਾਂ ਪਾਰੇ ਦੀ ਨਿਆਈਂ ਹੁੰਦਾ ਹੈ ਕਿਉਂਕਿ ਸਰੀਰ ਦਾ ਇਕ ਅੰਗ ਪਹਿਲਾਂ ਕੱਟ ਦਿੱਤਾ ਜਾਂਦਾ ਹੈ ਅਤੇ ਫਿਰ ਜੋੜ ਦਿੱਤਾ ਜਾਂਦਾ ਹੈ, ਦੁਬਾਰਾ ਫਿਰ ਹੋਰ ਕੋਈ ਅੰਗ ਕੱਟ ਦਿੱਤਾ ਜਾਂਦਾ ਹੈ ਫਿਰ ਜੋੜ ਦਿੱਤਾ ਜਾਂਦਾ ਹੈ ਕਿਉਂਕਿ ਉਥੇ ਮਨੁੱਖ ਨੂੰ ਸਿਰਫ਼ ਕਸ਼ਟ ਹੀ ਤਾਂ ਦਿੱਤਾ ਜਾਣਾ ਹੈ: ਉਥੇ ਮੌਤ ਨਸੀਬ ਨਹੀਂ ਹੁੰਦੀ। ਦਰਦ ਸਹਿਣਾ ਹੀ ਪੈਂਦਾ ਹੈ। ਨਰਕ ਦੀ ਜਿੰਦਗੀ ਮਾਨੋ ਉਮਰ-ਭਰ ਦੀ ਡਾਢੀ ਸਜਾ ਹੈ।

ਦੇਵ-ਲੋਕ ਵਿਚ ਰਹਿ ਰਹੇ ਦੇਵੀ-ਦੇਵਤਾ ਵੀ ਇਕ ਤਰ੍ਹਾਂ ਕੈਦ ਦਾ ਜੀਵਨ ਹੀ ਜੀਅ ਰਹੇ ਹਨ। ਉਹ ਹਮੇਸ਼ਾ ਨਿਗਰਾਨੀ ਅਧੀਨ ਹਨ ਅਤੇ ਉਨ੍ਹਾਂ ਨੂੰ ਮੁਕਤੀ ਨਸੀਬ ਨਹੀਂ ਹੋਣੀ ਹੁੰਦੀ। ਉਦਾਹਰਣ ਦੇ ਲਈ, ਜਦੋਂ ਤੁਹਾਡੀ ਸ਼ਾਦੀ ਹੁੰਦੀ ਹੈ ਤਾਂ ਤੁਸੀਂ ਹੋਰ ਸਭ ਕੁਝ ਭੁੱਲ ਜਾਂਦੇ ਹੋ ਅਤੇ ਸਿਰਫ਼ ਆਪਣੀ ਪਤਨੀ ਨੂੰ ਖੁਸ਼ ਕਰਨ ਅਤੇ ਉਸ ਨਾਲ ਸਰੀਰ-ਸੁਖ ਮਾਨਣ ਵਿਚ ਖੋ ਜਾਂਦੇ ਹੋ। ਤੁਸੀਂ ਆਈਸ-ਕਰੀਮ ਖਾਂਦੇ ਹੋ ਤਾਂ ਤੁਸੀਂ ਜੀਭ-ਰਸ ਮਾਣਦੇ ਹੋ। ਬੈਂਡ-ਬਾਜੇ ਦਾ ਸੰਗੀਤ ਕੰਨਾਂ ਨੂੰ ਰਸ ਦਿੰਦਾ ਹੈ। ਪਤਨੀ ਦੀਆਂ ਅੱਖਾਂ ਵਿਚ ਹੀ ਖੁਸ਼ੀ ਲਭਦੇ ਹੋ। ਸੁਗੰਧੀ ਨੱਕ ਨੂੰ ਚੰਗੀ ਲਗਦੀ ਹੈ ਅਤੇ ਮਠਿਆਈ ਜੀਭ ਨੂੰ ਰਸ ਦਿੰਦੀ ਹੈ। ਇਸ ਤਰ੍ਹਾਂ ਪੰਜੇ ਦੀਆਂ ਪੰਜੇ ਇੰਦਰੀਆਂ ਰੁੱਝ ਜਾਂਦੀਆਂ ਹਨ ਪਰੰਤੂ ਮਨ ਫਿਰ ਵੀ ਬੇਚੈਨ ਰਹਿੰਦਾ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਆਤਮਾ ਨੂੰ ਯਾਦ ਨਹੀਂ ਕੀਤਾ ਜਾ ਸਕਦਾ। ਇਹੋ ਜਿਹੀ ਹੀ ਸਥਿਤੀ ਹੈ ਦੇਵੀਆਂ ਅਤੇ ਦੇਵਤਿਆਂ ਦੀ। ਉਨ੍ਹਾਂ ਪਾਸ ਅਥਾਹ ਖੁਸ਼ੀਆਂ ਹਨ ਜਿਨ੍ਹਾਂ ਕਾਰਨ ਉਹ ਅਚੇਤ ਅਵਸਥਾ ਵਿਚ ਹਨ। ਉਨ੍ਹਾਂ ਨੂੰ ਸ਼ੁੱਧ ਆਤਮਾ ਜਾਂ ਮੁਕਤੀ ਬਾਰੇ ਰਤਾ ਵੀ ਗਿਆਨ ਨਹੀਂ ਹੈ। ਉਹ ਮਾਨਸਕ ਕਸ਼ਮਕਸ਼ ਵਿਚੋਂ ਲੰਘ ਰਹੇ ਹਨ, ਬੇਚੈਨ ਰਹਿੰਦੇ ਹਨ ਅਤੇ ਈਰਖਾ ਦਾ ਸ਼ਿਕਾਰ ਹਨ। ਉਹ ਇਨ੍ਹਾਂ ਸਭ ਖੁਸ਼ੀਆਂ ਤੋਂ ਵੀ ਉਕਤਾ ਚੁੱਕੇ ਹਨ। ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਕੋਈ ਵਿਅਕਤੀ ਕਿਸੇ ਸ਼ਾਦੀ-ਸਮਾਰੋਹ ਵਿਚ ਚਾਰ ਦਿਨ ਲਗਾਤਾਰ ਮਠਿਆਈਆਂ ਅਤੇ ਹੋਰ ਭਾਰੀ ਖ਼ੁਰਾਕ ਖਾ-ਖਾ ਕੇ ਉਕਤਾ ਗਿਆ ਹੋਵੇ ਅਤੇ ਉਹ ਪੰਜਵੇਂ ਦਿਨ ਸਾਦੇ ਦਾਲ-ਚਾਵਲ ਖਾਣ ਦੀ ਤਾਂਘ ਰਖਦਾ ਹੋਵੇ। ਇਹ ਦੇਵੀ-ਦੇਵਤਾ ਤਾਂ ਧਰਤੀ ਉਪਰ ਮਾਨਵੀ ਜੀਵਨ ਲਈ ਤਰਸਦੇ ਹਨ ਅਤੇ ਇਸ ਤੋਂ ਵੀ ਵੱਧ ਭਾਰਤ ਖ਼ੇਤਰ ਵਿਚ ਕਿਸੇ ਭਲੇ ਪਰਿਵਾਰ ਵਿਚ ਜਨਮ ਲੈਣ ਲਈ ਤਾਂ ਜੋ ਉਹ ਉਥੇ ਇਕ ਗਿਆਨੀ-ਪੁਰਸ਼ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਕਰ ਸਕਣ।

ਇਸ ਜੀਵਨ ਦਾ ਰਹੱਸ, ਇਸ ਜੀਵਨ ਦੀ ਬੁਝਾਰਤ ਤਾਂ ਹੀ ਸੁਲਝਾਈ ਜਾ ਸਕਦੀ ਹੈ ਕਿ ਵਿਅਕਤੀ ਨੂੰ ਇਕ ਗਿਆਨੀ-ਪੁਰਸ਼ ਮਿਲ ਪਵੇ; ਨਹੀਂ ਤਾਂ ਉਸ ਨੂੰ ਚਾਰੋਂ ਖਾਣੀਆਂ

ਵਿਚੋਂ ਲੰਘਦਿਆਂ ਚੌਰਾਸੀ ਲੱਖ ਜੂਨਾਂ ਦੇ ਆਵਾਗਵਣ ਵਿਚੋਂ ਲੰਘਣਾ ਪਵੇਗਾ।

**ਪ੍ਰਸ਼ਨ-ਕਰਤਾ** : ਸੰਕਲਪ ਵਿਕਲਪ ਕੀ ਹੈ?

**ਦਾਦਾਸ਼੍ਰੀ** : ਵਿਕਲਪ ਦਾ ਅਰਥ ਹੈ "ਮੈਂ" ਅਤੇ ਸੰਕਲਪ ਦਾ ਭਾਵ ਹੈ "ਮੇਰਾ"। 'ਮੈਂ ਅਮਿਤ ਹਾਂ' ਇਕ ਵਿਕਲਪ ਹੈ: ਇਹ ਸਭ ਤੋਂ ਵੱਧ ਸ਼ਕਤੀਸ਼ਾਲੀ ਵਿਕਲਪ ਹੈ। ਉਹ 'ਮੇਰੀ ਪਤਨੀ ਹੈ; ਉਹ ਮੇਰੇ ਬੱਚੇ ਹਨ; ਇਹ ਮੇਰੀ ਕੋਠੀ ਹੈ' ਆਦਿ ਸਾਰੇ ਸੰਕਲਪ ਹਨ।

## 38
## ਸਿਰਜਣ ਅਤੇ ਵਿਸਰਜਣ

ਇਕ ਵਿਅਕਤੀ ਬਿਸਤਰੇ ਵਿਚ ਲੇਟਿਆ ਹੋਇਆ ਅਨੇਕਾਂ ਪ੍ਰਕਾਰ ਦੀਆਂ ਯੋਜਨਾਵਾਂ ਬਣਾਉਂਦਾ ਹੈ ਅਤੇ ਇਕ ਤਰ੍ਹਾਂ ਇਸ ਬ੍ਰਹਿਮੰਡ ਦੇ ਰਚੈਤਾ ਬ੍ਰਹਮਾ ਵਾਲਾ ਰੋਲ ਅਦਾ ਕਰਦਾ ਹੈ। ਇਕ ਰਚੈਤਾ ਦੇ ਤੌਰ 'ਤੇ ਵਿਅਕਤੀ ਖ਼ੁਦ ਹੀ ਕੋਈ ਸਕੀਮ ਘੜਦਾ ਹੈ ਪਰੰਤੂ ਜਦੋਂ ਉਸ ਕਿਰਤ ਨੂੰ ਖ਼ਤਮ ਕਰਨ ਜਾਂ ਉਸ ਤੋਂ ਕਿਵੇਂ ਛੁਟਕਾਰਾ ਪਾਉਣ ਦੀ ਸੋਚਦਾ ਹੈ ਤਾਂ ਮਾਮਲਾ ਕੁਦਰਤ ਦੇ ਹੱਥ ਚਲਾ ਜਾਦਾ ਹੈ ਅਤੇ ਗੱਲ ਉਸ ਵਿਅਕਤੀ ਦੇ ਵੱਸ ਵਿਚ ਨਹੀਂ ਰਹਿੰਦੀ। ਸੋ ਜਦੋਂ ਡਿਸਚਾਰਜ ਆਰੰਭ ਹੁੰਦਾ ਹੈ ਤਾਂ ਉਹ ਵਿਅਕਤੀ ਠੱਗਿਆ ਗਿਆ ਮਹਿਸੂਸ ਕਰਦਾ ਹੈ। ਕੁਦਰਤੀ ਹੀ ਉਹ ਸਭ ਕੁੱਝ ਆਪਣੇ ਹੱਥ ਵਿਚੋਂ ਨਿਕਲਦਾ ਵੇਖ ਕੇ ਘਬਰਾਇਆ ਵੀ ਹੁੰਦਾ ਹੈ ਅਤੇ ਡਰ ਕਾਰਨ ਬੇਚੈਨ ਵੀ।

ਇਕ ਵਾਰ ਜਦੋਂ ਇਕ ਯੋਜਨਾ ਘੜੀ ਗਈ ਤਾਂ ਇਕ ਵਿਚਾਰ ਜਨਮ ਲੈ ਲੈਂਦਾ ਹੈ ਅਤੇ ਫਿਰ ਉਹ ਵਿਅਕਤੀ ਖ਼ੁਦ ਨੂੰ ਉਸ ਯੋਜਨਾ ਨਾਲ ਇਕ-ਸੁਰ ਕਰ ਲੈਂਦਾ ਹੈ। ਇਸ ਨੂੰ ਚਾਰਜਿੰਗ ਕਹਿੰਦੇ ਹਾਂ ਅਤੇ ਜਦੋਂ ਉਹ ਯੋਜਨਾ/ਵਿਚਾਰ ਸਪਸ਼ਟ ਹੋ ਕੇ ਇਕ ਸਥੂਲ ਰੂਪ (ਰੂਪਕ) ਲੈ ਲੈਂਦੀ ਹੈ ਤਾਂ ਉਹ ਇਸ ਦਾ ਡਿਸਚਾਰਜ ਹੈ। ਚੀਜ ਦਾ ਖ਼ਤਮ ਹੋਣਾ ਡਿਸਚਾਰਜ ਹੈ ਅਤੇ ਇਹ ਅਟਲ ਹੈ। ਜੇ ਇਹ ਵਿਅਕਤੀ ਦੇ ਆਪਣੇ ਵੱਸ ਹੁੰਦਾ ਤਾਂ ਉਹ ਕਦੇ ਵੀ ਕੋਈ ਅਣਸੁਖਾਵੀਂ ਗੱਲ ਨੂੰ ਵਾਪਰਨ ਨਾ ਦਿੰਦਾ। ਉਹ ਸਿਰਫ਼ ਖੁਸ਼ਗਵਾਰ ਘਟਨਾਵਾਂ ਨੂੰ ਹੀ ਘਟਣ ਦਿੰਦਾ। ਪਰੰਤੂ ਖ਼ਤਮ ਹੋਣਾ/ਕਰਨਾ ਸਾਡੇ ਖ਼ੇਤਰ ਤੋਂ ਬਾਹਰ ਹੈ। ਉਥੇ ਵਿਵਸਥਿਤ ਸ਼ਕਤੀ ਆਪਣਾ ਰੋਲ ਅਦਾ ਕਰਦੀ ਹੈ।

ਇਹ ਵਿਵਸਥਿਤ ਸ਼ਕਤੀ ਸਰਵੋਤਮ ਹੈ, ਸਰਵ-ਸ਼ਕਤੀਮਾਨ ਹੈ। ਇਸ ਸ਼ਕਤੀ ਦੇ ਸਨਮੁਖ ਹਰ ਕੋਈ ਬੇਬਸ ਹੈ। ਇਸ ਲਈ ਰਚਨਾ ਕਰਦੇ (ਚਾਰਜਿੰਗ) ਸਮੇਂ ਖ਼ੁਦ ਪ੍ਰਤੀ ਸੱਚੇ ਰਹੋ। ਕਿਸੇ ਕਿਸਮ ਦੀ ਘਟੀਆ ਜਾਂ ਨੀਚ ਚਾਲ ਨਾ ਚੱਲੋ। ਇਕ ਵਾਰ ਜਦੋਂ ਤੁਸੀਂ ਖ਼ੁਦ ਨੂੰ ਰਚੈਤਾ (ਬ੍ਰਹਮਾ) ਦੀ ਸੀਟ ਉਪਰ ਬਿਰਾਜਮਾਨ ਕਰ ਲਿਆ ਤਾਂ ਬ੍ਰਹਮ-ਪਦ ਵਾਲੀ ਸਥਿਤੀ

ਤੁਹਾਡੇ ਤੋਂ ਦੂਰ ਹੀ ਰਹੇਗੀ। ਪਰੰਤੂ ਹਾਂ, ਜਦੋਂ ਅਜਿਹਾ ਵਿਅਕਤੀ ਗਿਆਨੀ ਪੁਰਸ਼ ਨੂੰ ਮਿਲ ਪੈਂਦਾ ਹੈ ਤਾਂ ਉਹ ਗਿਆਨੀ ਉਸ ਨੂੰ ਇਕ ਘੰਟੇ ਦੇ ਅੰਦਰ-ਅੰਦਰ ਉਸ ਦੇ ਗਲਤ ਵਿਸ਼ਵਾਸ਼ਾਂ ਤੋਂ ਬਚਾ ਕੇ ਸਹੀ ਰਸਤੇ ਪਾ ਦਿੰਦਾ ਹੈ ਅਤੇ ਉਸ ਨੂੰ ਉਸ ਦੇ ਨਿਜ ਦੇ ਦਰਸ਼ਨ ਕਰਵਾ ਦਿੰਦਾ ਹੈ। ਇਕ ਵਾਰ ਗਿਆਨੀ ਪੁਰਸ਼ ਉਸ ਨੂੰ ਬ੍ਰਹਮਨਿਸ਼ਠ (ਨਿਜ ਘਰ ਵਿਚ ਸਥਿਤ) ਕਰ ਦੇਵੇ ਤਾਂ ਉਹ ਹਮੇਸ਼ਾ ਲਈ ਆਪਣੇ ਸ਼ੁੱਧ ਨਿਜ ਵਿਚ ਟਿਕਿਆ ਰਹਿੰਦਾ ਹੈ। ਕਰਮਾਂ ਦੀ ਨਵੀਂ ਚਾਰਜਿੰਗ ਖ਼ਤਮ ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਰਚਨਾਤਮਕ ਚਾਰਜਿੰਗ ਦੀ ਯੋਗਤਾ ਸਿਰਫ਼ ਮਾਨਵ-ਜਾਤੀ ਪਾਸ ਹੀ ਹੈ। ਇਸੇ ਕਰਕੇ ਆਤਮਾ ਇਕ ਤੋਂ ਬਾਦ ਇਕ ਕਈ ਸਰੀਰਾਂ ਰਾਹੀਂ ਆਵਾਗਵਣ ਦਾ ਸਫ਼ਰ ਕਰਦੀ ਰਹਿੰਦੀ ਹੈ ਅਤੇ ਅਖ਼ੀਰ ਮੁਕਤੀ ਪ੍ਰਾਪਤ ਕਰ ਲੈਂਦੀ ਹੈ।

## 39

## ਪੁਰਸ਼ ਅਤੇ ਪ੍ਰਕ੍ਰਿਤੀ

**ਪ੍ਰਸ਼ਨ-ਕਰਤਾ** : ਹਰ ਵਿਅਕਤੀ ਦੀ ਪ੍ਰਕ੍ਰਿਤੀ, ਸੁਭਾਅ ਭਿੰਨ-ਭਿੰਨ ਕਿਉਂ ਹੁੰਦੀ ਹੈ?

**ਦਾਦਾਸ਼੍ਰੀ** : ਸ਼ਬਦ 'ਪ੍ਰਾ' ਤੋਂ ਭਾਵ ਹੈ 'ਵਿਸ਼ੇਸ਼ ਯਤਨਾਂ ਨਾਲ ਕੀਤਾ ਹੋਇਆ', ਅਤੇ 'ਕ੍ਰਿਤੀ' ਦਾ ਅਰਥ ਹੈ 'ਰਚਨਾ'। ਇਸ ਦੀ ਰਚਨਾ ਸਾਧਾਰਨ ਵਿਧੀ ਰਾਹੀਂ ਨਹੀਂ ਹੋਈ। ਪ੍ਰਕ੍ਰਿਤੀ ਸ਼ੁੱਧ ਆਤਮਾ ਤੋਂ ਬਿਲਕੁਲ ਭਿੰਨ ਹੈ। ਆਦਿ ਕਾਲ ਤੋਂ ਲੈ ਕੇ ਮਨੁੱਖ ਪੁਰਸ਼ (ਆਤਮਾ) ਅਤੇ ਪ੍ਰਕ੍ਰਿਤੀ (ਕੁਦਰਤ) ਨੂੰ ਸਮਝਣ ਦੇ ਯਤਨਾਂ ਵਿਚ ਲਗਾ ਹੋਇਆ ਹੈ ਪਰੰਤੂ ਇਨ੍ਹਾਂ ਨੂੰ ਸਮਝ ਸਕਣਾ ਇੰਨਾ ਆਸਾਨ ਨਹੀਂ। ਮਾਨਵਤਾ ਪ੍ਰਕ੍ਰਿਤੀ (ਕੁਦਰਤ) ਨੂੰ ਸਮਝਣ ਦਾ ਯਤਨ ਕਰਦੀ ਹੈ ਅਤੇ ਇਸੇ ਵਿਚ ਗਲਤਾਨ ਰਹਿੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਤਮਾ ਨੂੰ ਸਮਝਣ ਉਪਰੰਤ ਹੀ ਪ੍ਰਕ੍ਰਿਤੀ ਨੂੰ ਸਮਝਿਆ ਜਾ ਸਕਦਾ ਹੈ।

ਕਾਰਮਿਕ ਮਾਰਗ ਉਪਰ ਕਦਮ-ਦਰ-ਕਦਮ ਚਲਦਿਆਂ ਹੋਇਆਂ ਪ੍ਰਕ੍ਰਿਤੀ ਨੂੰ ਸਮੁੱਚੇ ਤੌਰ ਤੇ ਜਾਨਣ ਉਪਰੰਤ ਹੀ ਆਤਮਾ ਨੂੰ ਜਾਣਿਆ ਜਾਂਦਾ ਹੈ। ਇਸ ਲਈ ਆਵਾਗਵਣ ਦੇ ਚੱਕਰ ਵਿਚ ਅਨੇਕਾਂ ਵਾਰ ਜਨਮ ਲੈਣ ਉਪਰੰਤ ਵੀ ਇਹ ਰਹੱਸ ਬਰਕਰਾਰ ਹੀ ਰਹਿੰਦਾ ਹੈ।

ਅਕਰਮ ਮਾਰਗ (ਜੋ ਸਭ ਤੋਂ ਸੁਖੈਲਾ ਅਤੇ ਸਹਿਜ ਹੈ) ਵਿਚ ਗਿਆਨੀ ਪੁਰਸ਼ ਜਗਿਆਸੂ ਦੇ ਸਿਰ ਉਪਰ ਆਪਦਾ ਹੱਥ ਰੱਖ ਕੇ ਉਸ ਨੂੰ ਆਸ਼ੀਰਵਾਦ ਦਿੰਦਾ ਹੈ ਅਤੇ ਜਗਿਆਸੂ ਨੂੰ ਸਮੁੱਚੀ ਪ੍ਰਕ੍ਰਿਤੀ ਦੀ ਸਮਝ ਪ੍ਰਾਪਤ ਹੋ ਜਾਂਦੀ ਹੈ। ਉਪਰੰਤ ਸ਼ੁੱਧ ਆਤਮਾ ਅਤੇ ਪ੍ਰਕ੍ਰਿਤੀ ਦੋਵੇਂ ਇਕ-ਦੂਜੇ ਤੋਂ ਭਿੰਨ ਅਤੇ ਵਿਲੱਖਣ ਅਨੁਭਵ ਹੁੰਦੀਆਂ ਹਨ।

**ਪ੍ਰਸ਼ਨ-ਕਰਤਾ** : ਅਜਿਹੇ ਕੇਸ ਵਿਚ, ਜੀਵ ਦੀ ਆਪਣੀ ਪ੍ਰਕ੍ਰਿਤੀ ਅਤੇ ਪੁਰਸ਼ ਦੇ ਰਹੱਸ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ?

**ਦਾਦਾਸ਼੍ਰੀ** : ਵਿਅਕਤੀ ਨੂੰ ਚਾਹੀਦਾ ਹੈ ਪਹਿਲਾਂ ਗਿਆਨੀ ਪੁਰਸ਼ ਦਾ ਅਸ਼ੀਰਵਾਦ ਪ੍ਰਾਪਤ ਕਰੇ ਅਤੇ ਫਿਰ ਸ਼ੁਧ ਆਤਮਾ ਦਾ ਸਰੂਪ ਬਨਣ ਉਪਰੰਤ ਪ੍ਰਕ੍ਰਿਤੀ ਨੂੰ ਸਮਝਣ ਦਾ ਯਤਨ ਕਰੇ। ਤਾਂ ਹੀ ਉਹ ਆਪਣੀ ਪ੍ਰਕ੍ਰਿਤੀ ਨੂੰ ਹਰ ਤਰ੍ਹਾਂ ਨਾਲ ਪੁਰਸ਼ ਨਾਲੋਂ ਵਿਲੱਖਣ ਅਤੇ ਭਿੰਨ ਅਨੁਭਵ ਕਰ ਸਕਦਾ ਹੈ।

## 40
## ਪ੍ਰਕ੍ਰਿਤੀ ਕੀ ਹੈ?

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਪ੍ਰਕ੍ਰਿਤੀ ਨੂੰ ਵਿਸਥਾਰ ਵਿਚ ਦੱਸਣ ਦੀ ਖੇਚਲ ਕਰੋ।

**ਦਾਦਾਸ਼੍ਰੀ** : ਸੁਭਾਅ ਪੱਖੋ ਪ੍ਰਕ੍ਰਿਤੀ ਨੂੰ ਇਸਤਰੀ ਲਿੰਗ ਦਰਸਾਇਆ ਗਿਆ ਹੈ ਜਦੋਂ ਕਿ ਆਤਮਾ ਪੁਰਸ਼ ਹੈ ਅਤੇ ਸੁਭਾਅ ਪੱਖੋ ਇਸ ਨੂੰ ਪੁਲਿੰਗ ਕਿਹਾ ਗਿਆ ਹੈ। ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਕਿਹਾ ਸੀ, "ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ - ਸਤੋ, ਰਜੋ ਅਤੇ ਤਮੋ - ਤੋਂ ਖ਼ੁਦ ਨੂੰ ਅਜ਼ਾਦ ਕਰ ਲਓ ਅਤੇ ਇਕ ਸ਼ੁੱਧ ਆਤਮਾ, ਭਾਵ ਪੁਰਸ਼ ਬਣੋ। ਜੇਕਰ ਤੁਸੀਂ ਸਦਾ ਪ੍ਰਕ੍ਰਿਤੀ ਦੇ ਇਨ੍ਹਾਂ ਗੁਣਾਂ ਅਧੀਨ ਰਹੋਗੇ ਤਾਂ ਤੁਸੀਂ ਕਮਜ਼ੋਰ ਹੋਵੋਗੇ ਪਰੰਤੂ ਜੇਕਰ ਤੁਸੀਂ ਆਤਮਾ ਦੇ ਗੁਣ ਧਾਰਨ ਕਰ ਲਓਗੇ ਤਾਂ ਤੁਸੀਂ ਪੁਰਸ਼ ਬਣ ਜਾਓਗੇ।"

ਪ੍ਰਕ੍ਰਿਤੀ ਇਕ ਭੰਬੀਰੀ ਦੀ ਤਰ੍ਹਾਂ ਹੈ। ਜਦੋਂ ਤੁਸੀਂ ਭੰਬੀਰੀ ਦੀ ਚਾਬੀ ਭਰਦੇ ਹੋ ਤਾਂ ਇਹ ਇਕ ਰਚਨਾ ਹੈ। ਜਿਉਂ-ਜਿਉਂ ਇਹ ਭੰਬੀਰੀ ਘੁੰਮਦੀ ਹੈ ਇਸ ਦੀ ਚਾਬੀ ਖ਼ਤਮ ਹੁੰਦੀ ਜਾਂਦੀ ਹੈ: ਇਹ ਪ੍ਰਕ੍ਰਿਤੀ ਹੈ। ਭੰਬੀਰੀ ਨੂੰ ਚਾਬੀ ਦੇਣਾ, ਇਸ ਦਾ ਘੁੰਮਣਾ ਅਤੇ ਚਾਬੀ ਦਾ ਖ਼ਤਮ ਹੋਣਾ ਬਹੁਤ ਹੀ ਕਲਾਤਮਕ ਹੈ। ਇਕ ਛੋਟਾ ਬੱਚਾ ਵੀ ਖਾਂਦੇ ਸਮੇਂ ਖਾਣ ਵਾਲੀ ਚੀਜ ਨੂੰ, ਰੋਟੀ ਦੀ ਬੁਰਕੀ ਨੂੰ ਕੰਨ ਵਿਚ ਨਹੀਂ ਪਾਵੇਗਾ: ਹਮੇਸ਼ਾ ਮੂੰਹ ਵਿਚ ਹੀ ਪਾਵੇਗਾ। ਇਕ ਸੱਪਣੀ ਮਰ ਜਾਦੀ ਹੈ। ਉਸ ਦੇ ਆਂਡੇ ਟੁੱਟ ਜਾਂਦੇ ਹਨ ਅਤੇ ਉਨ੍ਹਾਂ ਵਿਚੋਂ ਛੋਟੇ-ਛੋਟੇ ਸਪੋਲੀਏ ਨਿਕਲ ਆਉਂਦੇ ਹਨ। ਕੀ ਤੁਸੀਂ ਜਾਣਦੇ ਹੋ ਕਿ ਇਹ ਸਪੋਲੀਏ ਆਂਡਿਆਂ ਵਿਚੋਂ ਬਾਹਰ ਨਿਕਲਣ ਤੋਂ ਤੁਰੰਤ ਬਾਅਦ ਕੀ ਕਰਦੇ ਹਨ? ਉਹ ਆਪਣਾ ਫਣ ਫੈਲਾਉਂਦੇ ਹਨ। ਇਹ ਕੁਦਰਤ ਦਾ ਕਮਾਲ ਹੈ। ਕੁਦਰਤ ਦੀ ਹਰ ਕਿਰਤ ਹੀ ਕਮਾਲ ਹੈ। ਪ੍ਰਕ੍ਰਿਤੀ ਕਿੰਨੀ ਦੇਰ ਤੱਕ ਕ੍ਰਿਆਸ਼ੀਲ ਰਹਿ ਸਕਦੀ ਹੈ? ਪ੍ਰਕ੍ਰਿਤੀ ਅੰਦਰ ਹਰ ਵਸਤੂ ਦੀ ਆਪਣੀ ਹੱਦਬੰਦੀ ਹੈ ਅਤੇ ਉਹ ਇਸ ਹੱਦਬੰਦੀ ਅੰਦਰ ਹੀ ਕ੍ਰਿਆਸ਼ੀਲ ਹੈ। ਇਥੋਂ ਤਕ ਕਿ ਇਕ ਭੰਬੀਰੀ ਦੇ ਘੁੰਮਣ ਦੀ ਵੀ ਇਕ ਹੱਦ ਹੈ। ਉਦਾਹਰਣ ਦੇ ਲਈ, ਇਕ ਵਿਚਾਰ ਦੀ ਆਪਣੀ ਹੱਦ ਹੈ ਅਤੇ ਚਾਹਤ ਦੀ ਆਪਣੀ। ਹਰ ਜੀਵ ਦਾ ਕੇਂਦਰ ਉਸ ਦੀ ਧੁੰਨੀ ਵਿਚ ਸਥਿਤ ਹੈ। ਧੁੰਨੀ ਦੇ ਇਸ ਥੋੜੇ ਜਿਹੇ ਸਥਾਨ ਦੇ ਨਜ਼ਦੀਕ ਆਤਮਾ ਕਦੇ ਵੀ ਨਕਾਬਪੋਸ਼ ਨਹੀਂ ਹੁੰਦੀ। ਗਿਆਨ ਦੀ ਪਵਿੱਤਰ ਜੋਤਿ ਇਸ ਖ਼ੇਤਰ ਵਿਚ ਸਦਾ ਜਗਦੀ ਰਹਿੰਦੀ ਹੈ। ਜੇ ਪ੍ਰਕ੍ਰਿਤੀ ਆਪਣੀਆਂ ਹੱਦਾਂ ਤੋੜ ਲਵੇ ਅਤੇ ਇਸ ਹੱਦਬੰਦੀ ਚੋਂ ਬਾਹਰ ਨਿਕਲ

ਜਾਵੇ ਤਾਂ ਆਤਮਾ ਇਹ ਗਿਆਨ-ਜੋਤਿ ਛਿਪ ਜਾਵੇਗੀ ਅਤੇ ਜੀਵ ਇਕ ਪੱਥਰ ਦੀ ਤਰ੍ਹਾਂ ਨਿਰਜਿੰਦ ਹੋ ਜਾਵੇਗਾ....ਪਰੰਤੂ ਇਸ ਤਰ੍ਹਾਂ ਕਦੇ ਹੁੰਦਾ ਨਹੀਂ। ਕੁਦਰਤ ਦਾ ਕਾਨੂੰਨ ਅਜਿਹਾ ਹੀ ਹੈ ਅਤੇ ਇਥੋਂ ਤਕ ਕਿ ਚਾਹਤ ਵੀ ਉਚਾਈ ਦੀ ਸਿਖ਼ਰ ਉਪਰ ਪਹੁੰਚਣ ਉਪਰੰਤ ਜਦੋਂ ਆਪਣੀ ਸੀਮਾ ਦੇ ਅੰਤ ਉਪਰ ਪਹੁੰਚਦੀ ਹੈ ਤਾਂ ਫਿਰ ਨੀਚੇ ਹੀ ਆਉਂਦੀ ਹੈ। ਇਹ ਸਭ ਕੁਦਰਤ ਦੇ ਆਪਣੇ ਨਿਯਮਾਂ ਅਨੁਸਾਰ ਵਾਪਰਦਾ ਹੈ। ਕੁਦਰਤ ਦੇ ਇਨ੍ਹਾਂ ਨਿਯਮਾਂ ਤੋਂ ਬਾਹਰ ਕਦੇ ਕੁਝ ਨਹੀਂ ਵਾਪਰਦਾ।

## 41

## ਪ੍ਰਕ੍ਰਿਤੀ ਅਤੇ ਉਸ ਦੇ ਤਿੰਨ ਰੂਪ

ਪ੍ਰਕ੍ਰਿਤੀ ਦੇ ਤਿੰਨ ਗੁਣ ਹਨ ਅਤੇ ਇਨ੍ਹਾਂ ਤਿੰਨਾਂ ਗੁਣਾਂ ਦੇ ਬਰਾਬਰ ਤਿੰਨ ਦੈਵੀ ਹਸਤੀਆਂ ਹਨ - ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼। ਇਹ ਤਿੰਨੋਂ ਦੇਵਤੇ ਪ੍ਰਕ੍ਰਿਤੀ ਦੇ ਤਿੰਨ ਗੁਣਾਂ - ਸੱਤਵ ਜਾਂ ਸਤੋ (ਚੰਗਿਆਈ ਵਾਲਾ ਰੂਪ), ਰਜਸ ਜਾਂ ਰਜੋ (ਉਦਵੇਗ ਵਾਲਾ ਰੂਪ) ਅਤੇ ਤਮਸ ਜਾਂ ਤਮੋ (ਅਗਿਆਨਤਾ ਵਾਲਾ ਰੂਪ) ਦੇ ਪ੍ਰਤੀਕ ਹਨ। ਜਿਹੜੇ ਲੋਕਾਂ ਦਾ ਸੁਭਾਅ ਸਾਤਵਿਕ ਹੈ ਉਹ ਬ੍ਰਹਮਾ ਦੀ ਪੂਜਾ ਕਰਦੇ ਹਨ, ਰਜਸਿਕ/ਰਜੋ ਗੁਣਾਂ ਵਾਲੇ ਵਿਅਕਤੀ ਵਿਸ਼ਨੂੰ ਦੀ ਪੂਜਾ ਕਰਦੇ ਹਨ ਅਤੇ ਤਾਮਸਿਕ ਪ੍ਰਕ੍ਰਿਤੀ ਵਾਲੇ ਮਹਾਦੇਵ ਨੂੰ ਪੂਜਦੇ ਹਨ। ਵਿਅਕਤੀ ਜਿਸ ਤਰ੍ਹਾਂ ਦੇ ਦੇਵ ਦੀ ਪੂਜਾ ਕਰਦਾ ਹੈ ਉਸੇ ਤਰ੍ਹਾਂ ਦੇ ਗੁਣ ਉਸ ਅੰਦਰ ਆ ਜਾਂਦੇ ਹਨ। ਭਾਰਤ ਵਿਚ ਬਹੁਗਿਣਤੀ ਰਜੋ ਪ੍ਰਕ੍ਰਿਤੀ ਵਾਲੇ ਲੋਕਾਂ ਦੀ ਹੈ। ਪਰੰਤੂ ਸਮੁੱਚਾ ਸੰਸਾਰ ਸੁਸਤ ਹੋਇਆ ਤਾਮਸਿਕ ਪ੍ਰਕ੍ਰਿਤੀ ਵਿਚ ਪਿਆ ਹੈ। ਵੇਦਾਂ ਦਾ ਵੀ ਕਥਨ ਹੈ: "ਪ੍ਰਕ੍ਰਿਤੀ ਦੇ ਇਨ੍ਹਾਂ ਗੁਣਾਂ ਤੋਂ ਉੱਪਰ ਉੱਠ ਕੇ ਪੁਰਸ਼ ਬਣੋ, ਸ਼ੁਧ ਆਤਮਾ ਬਣੋ"।

ਪ੍ਰਕ੍ਰਿਤੀ ਦਾ ਸੁਭਾਅ ਹੈ ਕਿ ਇਹ ਹਰ ਜੀਵ ਨੂੰ ਆਪਣੇ ਇਸ਼ਾਰੇ ਉਪਰ ਨਚਾਉਂਦੀ ਹੈ, ਪਰੰਤੂ ਮਨੁੱਖ ਇਹ ਕਹਿੰਦਾ ਹੈ ਕਿ "ਮੈਂ ਨਾਚ ਕੀਤਾ"। ਹੇ ਮੂਰਖ ਇਨਸਾਨ! ਭੰਬੀਰੀ ਘੁੰਮ ਰਹੀ ਹੈ: ਇਸ ਵਿਚ ਤੇਰੀ ਕੀ ਪ੍ਰਾਪਤੀ ਹੈ? ਜਦੋਂ ਇਕ ਵਿਅਕਤੀ ਲੱਖ ਰੁਪੈ ਕਮਾ ਲੈਂਦਾ ਹੈ ਤਾਂ ਉਹ ਕਹਿੰਦਾ ਹੈ "ਮੈਂ ਕਮਾਏ"। ਪਰੰਤੂ ਜਦੋਂ ਉਹ ਪੈਸੇ ਗੁਆ ਲੈਂਦਾ ਹੈ ਤਾਂ ਉਹ ਇਹ ਨਹੀਂ ਕਹਿੰਦਾ ਕਿ 'ਮੈਂ ਗੰਵਾਏ"। ਇਸ ਹਾਲਤ ਵਿਚ ਉਹ ਸਾਰਾ ਦੋਸ਼ ਪਰਮਾਤਮਾ ਦੇ ਸਿਰ ਮੜ੍ਹ ਦਿੰਦਾ ਹੈ ਅਤੇ ਉਸ ਨੂੰ ਆਪਣੇ ਨੁਕਸਾਨ ਲਈ ਜਿੰਮੇਵਾਰ ਠਹਿਰਾ ਦਿੰਦਾ ਹੈ। ਵਿਚਾਰਾ ਪਰਮਾਤਮਾ! ਉਸ ਵਿਚਾਰੇ ਦੇ ਨਾ ਤਾਂ ਮਾਂ-ਬਾਪ ਹਨ ਅਤੇ ਨਾ ਕੋਈ ਹੋਰ ਜਿਹੜਾ ਉਸ ਦਾ ਪੱਖ ਲੈ ਸਕੇ। ਇਸੇ ਕਰਕੇ ਬਦਕਿਸਮਤ ਲੋਕ ਅਕਸਰ ਪਰਮਾਤਮਾ ਨੂੰ ਹੀ ਦੋਸ਼ੀ ਠਹਿਰਾਉਂਦੇ ਹਨ।

ਵਿਅਕਤੀ ਦੀ ਆਂਤਰਿਕ ਤਾਕਤ (ਪ੍ਰਕ੍ਰਿਤੀ) ਆਦੇਸ਼ ਕਰਦੀ ਹੈ ਅਤੇ ਉਹ ਉਸੇ ਤਰ੍ਹਾਂ ਕਾਰਜ ਕਰਦਾ ਹੈ, ਪਰੰਤੂ ਉਹ ਕਹਿੰਦਾ ਹੈ ਕਿ "ਮੈਂ ਕਰਦਾ ਹਾਂ"। ਦਾਨ, ਜਪ, ਤਪ,

ਭਗਤੀ, ਦਯਾ, ਅਹਿੰਸਾ ਅਤੇ ਸਤਿ - ਇਹ ਸਭ ਪ੍ਰਕ੍ਰਿਤੀ ਦੇ ਗੁਣ ਹਨ। ਚੰਗੀਆਂ ਆਦਤਾਂ ਅਤੇ ਬੁਰੀਆਂ ਆਦਤਾਂ ਸਭ ਮਕਾਨਕੀ ਕਾਰਜ ਹਨ। ਮਕਾਨਕੀ ਕਾਰਜ ਭਾਵੇਂ ਕਿੰਨਾ ਹੀ ਦਿਲਕਸ਼ ਕਿਉਂ ਨਾ ਹੋਵੇ, ਇਹ ਕਦੋਂ ਧੋਖਾ ਦੇ ਜਾਵੇਗਾ ਅਤੇ ਕਦੋਂ ਵਿਅਕਤੀ ਨੂੰ ਕਲੰਕਿਤ ਕਰ ਦੇਵੇਗਾ ਇਸ ਦਾ ਕੋਈ ਪਤਾ ਨਹੀਂ।

ਇਕ ਵਾਰ ਇਕ ਰਾਜਾ ਸੀ ਜਿਹੜਾ ਬਹੁਤ ਹੀ ਧਾਰਮਕ ਅਤੇ ਉਦਾਰ-ਚਿੱਤ ਸੀ। ਪਰੰਤੂ ਇਕ ਦਿਨ ਉਹ ਜੰਗਲ ਵਿਚ ਰਸਤਾ ਭੁੱਲ ਗਿਆ। ਉਸ ਨੂੰ ਚਾਰ ਦਿਨ ਖਾਣ ਲਈ ਕੁਝ ਨਾ ਮਿਲਿਆ। ਇਨ੍ਹਾਂ ਹਾਲਾਤਾਂ ਵਿਚ ਕੀ ਉਹ ਇਕ ਭੀਲ ਤੋਂ ਵੀ ਕੁਝ ਮੰਗਣ ਵਿਚ ਸ਼ਰਮ ਮਹਿਸੂਸ ਕਰੇਗਾ? ਬਿਲਕੁਲ ਨਹੀਂ। ਉਸ ਦੀ ਉਦਾਰ-ਚਿੱਤ ਪ੍ਰਕ੍ਰਿਤੀ ਕਿੱਥੇ ਗਈ? ਉਸ ਦੀ ਸ਼ਾਹੀ ਸ਼ਾਨ ਕਿਧਰ ਗਈ? ਅੰਦਰੋਂ ਪ੍ਰਕ੍ਰਿਤੀ ਉਸ ਪਾਸੋਂ ਖਾਣ ਦੀ ਮੰਗ ਕਰ ਰਹੀ ਸੀ।

ਹੁਣ ਤੁਸੀਂ ਸਮਝ ਹੀ ਗਏ ਹੋਵੋਗੇ ਕਿ ਕਿਵੇਂ ਹਾਲਾਤਾਂ ਦੇ ਵੱਸ ਹੋ ਕੇ ਇਕ ਰਾਜਾ ਵੀ ਮੰਗਤਾ ਬਣ ਜਾਂਦਾ ਹੈ। ਫਿਰ ਤੁਸੀਂ ਆਮ ਲੋਕਾਂ ਬਾਰੇ ਕੀ ਕਹਿ ਸਕਦੇ ਹੋ? ਇਹ ਤੁਹਾਡੀ ਆਪਣੀ ਪ੍ਰਕ੍ਰਿਤੀ ਹੈ ਜਿਹੜੀ ਤੁਹਾਨੂੰ ਦਾਨ ਦੇਣ ਲਈ ਕਹਿੰਦੀ ਹੈ ਜਾਂ ਮੰਗਣ ਲਈ ਕਹਿੰਦੀ ਹੈ। ਫਿਰ ਇਸ ਵਿਚ ਤੁਸੀਂ ਕੀ ਕਰਦੇ ਹੋ? ਇਕ ਚੋਰ 20 ਰੁਪਏ ਚੁਰਾ ਲੈਂਦਾ ਹੈ, ਹੋਟਲ ਵਿਚ ਜਾਂਦਾ ਹੈ ਅਤੇ ਖਾਣ-ਪੀਣ ਦਾ ਅਨੰਦ ਮਾਣਦਾ ਹੈ। ਪਰੰਤੂ ਜਦੋਂ ਉਹ ਹੋਟਲ ਤੋਂ ਬਾਹਰ ਨਿਕਲ ਰਿਹਾ ਹੁੰਦਾ ਹੈ ਤਾਂ ਉਹ 10 ਰੁਪਏ ਇੱਕ ਭਿਖਾਰੀ ਦੇ ਹੱਥ ਉਪਰ ਧਰ ਦਿੰਦਾ ਹੈ। ਇਸ ਸਾਰੀ ਗੱਲ ਤੋਂ ਤੁਸੀਂ ਕੀ ਸਮਝਦੇ ਹੋ? ਇਹ ਪ੍ਰਕ੍ਰਿਤੀ ਦੀ ਖੇਡ ਹੈ ਜਿਹੜੀ ਸਾਡੀ ਸਮਝ ਤੋਂ ਪਰ੍ਹੇ ਹੈ।

ਕੋਈ ਵਿਅਕਤੀ ਇਹ ਕਹੇਗਾ ਕਿ 'ਮੈਂ ਚਾਰ ਵਾਰ ਸਮਾਯਕ ਕੀਤੀ, ਪ੍ਰਤਿਕ੍ਰਮਣ ਵੀ ਕੀਤਾ ਅਤੇ ਅੱਜ ਦੋ ਘੰਟੇ ਗਰੰਥ ਦਾ ਪਾਠ ਵੀ ਕੀਤਾ। ਤੁਸੀਂ ਇਹ ਸਭ ਆਪਣੀ ਪ੍ਰਕ੍ਰਿਤੀ ਦੇ ਕਾਰਨ ਕੀਤਾ ਪਰੰਤੂ ਫਿਰ ਵੀ ਤੁਸੀਂ ਕਹਿੰਦੇ ਹੋ ਕਿ "ਇਹ ਸਭ ਮੈਂ ਕੀਤਾ"। ਜੇ ਇਨ੍ਹਾਂ ਸਾਰੀਆਂ ਸਮਾਯਕਾਂ ਦੇ 'ਕਰਤਾ' ਤੁਸੀਂ ਹੋ ਤਾਂ ਤੁਸੀਂ ਅਗਲੇ ਦਿਨ ਵੀ ਕਰਨ ਦਾ ਯਤਨ ਕਰੋ। ਪਰੰਤੂ ਅਗਲੇ ਦਿਨ ਤੁਸੀਂ ਕਹੋਗੇ "ਮੈਂ ਇਹ ਨਹੀਂ ਕਰ ਸਕਦਾ। ਮੇਰੇ ਪੇਟ ਵਿਚ ਦਰਦ ਹੈ ਅਤੇ ਮੇਰੇ ਸਿਰ ਵਿਚ ਦਰਦ ਹੈ। ਮੈਂ ਆਪਣੀ ਸਮਾਯਕ ਨਹੀਂ ਕਰ ਸਕਦਾ। ਦੇਖੋ! ਤੁਸੀਂ ਕਿਹਾ "ਮੈਂ ਕੱਲ ਇਹ ਕੀਤਾ"। ਕੀ ਇਹ ਇੰਨਾ ਵੱਡਾ ਵਿਰੋਧਾਭਾਸ ਨਹੀਂ? ਜੇ ਤੁਸੀਂ ਖ਼ੁਦ 'ਕਰਤਾ' ਸੀ ਤਾਂ ਫਿਰ 'ਮੈਂ ਇਹ ਨਹੀਂ ਕਰ ਸਕਦਾ' ਸ਼ਬਦ ਵੀ ਨਹੀਂ ਬੋਲੇ ਜਾਣੇ ਚਾਹੀਦੇ। 'ਮੈਂ ਇਹ ਨਹੀਂ ਕਰ ਸਕਦਾ" ਇਸ ਗੱਲ ਦਾ ਪ੍ਰਤੀਕ ਹੈ ਕਿ ਤੁਸੀਂ ਇਕੱਲੇ 'ਕਰਤਾ' ਨਹੀਂ ਹੋ।

ਯੋਗ ਜਾਂ ਸਹੀ ਸਮਝ ਦੀ ਘਾਟ ਕਾਰਨ ਸਮੁੱਚਾ ਸੰਸਾਰ ਹਨੇਰੇ ਵਿਚ ਭਟਕ ਰਿਹਾ ਹੈ। ਵਿਅਕਤੀ ਦੀ ਪ੍ਰਕ੍ਰਿਤੀ ਹੀ ਉਸ ਨੂੰ ਕਿਸੇ ਚੀਜ ਦਾ ਤਿਆਗ ਕਰਨ ਅਤੇ ਪ੍ਰਕ੍ਰਿਤੀ ਹੀ ਉਸ ਨੂੰ ਕੋਈ ਚੀਜ ਸਵੀਕਾਰ ਕਰਨ ਹਿਤ ਮਜ਼ਬੂਰ ਕਰਦੀ ਹੈ। ਪ੍ਰਕ੍ਰਿਤੀ ਹੀ ਕਰਤਾ ਹੈ। ਬ੍ਰਹਮਚਰਯ ਮਾਮਲੇ ਵਿਚ ਵੀ ਪ੍ਰਕ੍ਰਿਤੀ ਹੀ ਵਿਅਕਤੀ ਨੂੰ ਇਸ ਦੇ ਪਾਲਣ ਕਰਨ ਲਈ ਮਜ਼ਬੂਰ ਕਰਦੀ ਹੈ। ਪਰੰਤੂ ਉਹ ਕਹਿੰਦਾ ਹੈ ਕਿ "ਮੈਂ ਬ੍ਰਹਮਚਰਯ ਦਾ ਪਾਲਣ ਕੀਤਾ। ਕਿਆ

ਵਿਰੋਧਾਭਾਸ ਹੈ। ਮੋਹ-ਤ੍ਰਿਸਕਾਰ, ਦਇਆ-ਜ਼ੁਲਮ, ਲਾਲਚ-ਉਦਾਰਤਾ, ਸੱਚ-ਝੂਠ ਇਹ ਸਭ ਵਿਰੋਧਾਤਮਕ ਗੁਣ ਪ੍ਰਕ੍ਰਿਤੀ ਦੇ ਹਨ। ਸ਼ੁੱਧ ਆਤਮਾ ਇਨ੍ਹਾਂ ਗੁਣਾਂ ਤੋਂ ਨਿਰਲੇਪ ਹੈ।

## 42

## ਸ਼ੁੱਧ ਆਤਮਾ : ਸਗੁਣ ਜਾਂ ਨਿਰਗੁਣ

**ਪ੍ਰਸ਼ਨ-ਕਰਤਾ** : ਕੁਝ ਲੋਕ ਕਹਿੰਦੇ ਹਨ ਕਿ ਭਗਵਾਨ ਅਤੇ ਆਤਮਾ ਦੋਵੇਂ ਹੀ ਨਿਰਗੁਣ ਸਰੂਪ ਹਨ।

**ਦਾਦਾਸ਼੍ਰੀ** : ਹੇ ਪਿਆਰੇ ਬੰਧੂ! ਤੁਸੀਂ ਭਗਵਾਨ ਨੂੰ ਗਾਲੀ ਕਿਉਂ ਦਿੰਦੇ ਹੋ? ਲੋਕ ਇਹ ਵੀ ਕਹਿੰਦੇ ਹਨ ਕਿ ਇਕ ਪਾਗਲ ਮਨੁੱਖ ਗੁਣਾਂ ਤੋਂ ਵਿਹੀਨ ਹੁੰਦਾ ਹੈ। ਪਾਗਲਪਣ ਵੀ ਇਕ ਗੁਣ ਹੈ। ਤੁਸੀਂ ਇਕ ਪਾਗਲ ਵਿਅਕਤੀ ਨੂੰ ਗੁਣਾਂ ਤੋਂ ਕੋਰਾ ਕਿਵੇਂ ਕਹਿ ਸਕਦੇ ਹੋ? ਤੁਸੀਂ ਉਸ ਨੂੰ ਗੁਣ-ਵਿਹੀਨ (ਨਿਰ-ਗੁਣ) ਕਿਵੇਂ ਕਹਿ ਸਕਦੇ ਹੋ?

ਆਤਮਾ ਨੂੰ ਨਿਰਗੁਣ ਕਹਿ ਕੇ ਅਜਿਹੇ ਵਿਅਕਤੀ ਆਤਮਾ ਨੂੰ ਇਕ ਪਾਗ਼ਲ ਵਿਅਕਤੀ ਤੋਂ ਵੀ ਬਦਤਰ ਵਿਖਾਉਣ ਦਾ ਯਤਨ ਕਰਦੇ ਹਲ ਮਾਨੋ ਇਹ ਆਤਮਾ ਅਜੀਵ ਅਤੇ ਜੜ੍ਹ ਹੋਵੇ। ਆਤਮਾ ਨਾ ਤਾਂ ਜੜ੍ਹ ਹੈ ਅਤੇ ਨਾ ਹੀ ਨਿਰਗੁਣ। ਇਸ ਦੇ ਆਪਣੇ ਗੁਣ ਹਨ। ਆਤਮਾ ਅਤੇ ਭਗਵਾਨ ਨੂੰ ਨਿਰਗੁਣ (ਭਾਵ ਗੁਣਾਂ ਤੋਂ ਕੋਰੇ) ਕਹਿਣ ਵਾਲੇ ਵਿਅਕਤੀ ਕੁਰਾਹੇ ਜਾ ਰਹੇ ਹਨ: ਉਹ ਗਲਤ ਰਾਹ ਪੈ ਚੁੱਕੇ ਹਨ। ਇਸ ਲਈ ਕਿਰਪਾ ਕਰਕੇ ਮੇਰਾ ਅਨੁਸਰਣ ਕਰੋ: ਮੇਰੀ ਸਿਖਿਆ ਉੱਪਰ ਅਮਲ ਕਰੋ। ਮੈਂ ਤੁਹਾਨੂੰ ਸਹੀ ਗਿਆਨ ਪ੍ਰਦਾਨ ਕਰਾਂਗਾ।

ਸ਼ੁੱਧ ਆਤਮਾ ਆਪਣੇ ਅੰਤਰੀਵੀ ਗੁਣਾਂ ਨਾਲ ਭਰਪੂਰ ਹੈ ਜਿਹੜੇ ਪ੍ਰਕ੍ਰਿਤੀ ਤੋਂ ਪੂਰੀ ਤਰ੍ਹਾਂ ਭਿੰਨ ਹਨ। ਪ੍ਰਕ੍ਰਿਤੀ ਦਾ ਕੋਈ ਵੀ ਗੁਣ ਸ਼ੁੱਧ ਆਤਮਾ ਵਿਚ ਵੇਖਣ ਨੂੰ ਨਹੀਂ ਮਿਲੇਗਾ। ਬੇਸ਼ਕ ਉਹ ਇਨ੍ਹਾਂ ਅਰਥਾਂ ਵਿਚ ਹੀ ਆਤਮਾ ਨੂੰ ਨਿਰ-ਗੁਣ (ਭਾਵ ਗੁਣਾਂ ਤੋਂ ਬਿਨਾਂ) ਆਖਦੇ ਹਨ। ਸ਼ੁੱਧ ਆਤਮਾ ਦੇ ਗੁਣ ਅਨੰਤ ਅਤੇ ਅਸੀਮ ਹਨ: ਅਨੰਤ ਗਿਆਨ, ਅਨੰਤ ਵੀਯਨ, ਅਨੰਤ ਸ਼ਕਤੀ, ਅਨੰਤ ਆਨੰਦ ਅਤੇ ਅਪਾਰ ਖੁਸ਼ੀ ਦਾ ਘਰ।

ਫਿਰ ਆਤਮਾ ਨੂੰ ਬਿਨਾਂ ਗੁਣਾਂ ਤੋਂ (ਨਿਰ-ਗੁਣ) ਕਿਵੇਂ ਕਿਹਾ ਜਾ ਸਕਦਾ ਹੈ? ਪਵਿੱਤਰ ਆਤਮਾ ਆਪਣੇ ਗੁਣਾਂ ਤੋਂ ਭਿੰਨ ਨਹੀਂ ਹੈ। ਜੇ ਤੁਸੀਂ ਇਹ ਕਹਿੰਦੇ ਹੋ ਕਿ ਆਤਮਾ ਦਾ ਕੋਈ ਗੁਣ ਨਹੀਂ ਤਾਂ ਇਸ ਦਾ ਭਾਵ ਇਹ ਹੋਇਆ ਕਿ ਤੁਹਾਨੂੰ ਇਨ੍ਹਾਂ ਗੁਣਾਂ ਬਾਰੇ ਕੁਝ ਵੀ ਪਤਾ ਨਹੀਂ। ਇਸ ਕਰਕੇ ਤੁਸੀਂ ਆਤਮਾ ਨੂੰ ਕਦੇ ਵੀ ਪਹਿਚਾਣ ਜਾਂ ਅਨੁਭਵ ਨਹੀਂ ਕਰ ਸਕੋਗੇ ਕਿਉਂਕਿ ਸ਼ੁੱਧ ਆਤਮਾ ਆਪਣੇ ਗੁਣਾਂ ਤੋਂ ਭਿੰਨ ਨਹੀਂ ਹੈ।

ਹਰ ਪਦਾਰਥ ਦੇ ਕੁਝ ਆਂਤਰਿਕ ਗੁਣ ਹੁੰਦੇ ਹਨ। ਜੇਕਰ ਤੁਸੀਂ ਪਦਾਰਥ ਦੇ ਗੁਣਾਂ

ਨੂੰ ਜਾਣਦੇ ਹੋ ਤਾਂ ਤੁਸੀਂ ਉਸ ਪਦਾਰਥ ਨੂੰ ਵੀ ਜਾਣ ਸਕਦੇ ਹੋ। ਉਦਾਹਰਣ ਦੇ ਲਈ, ਜੇ ਤੁਸੀਂ ਸੋਨੇ ਨੂੰ ਜਾਨਣਾ ਚਾਹੁੰਦੇ ਹੋ ਤਾਂ ਤੁਹਾਨੂੰ ਸੋਨੇ ਦੇ ਗੁਣਾਂ ਬਾਰੇ ਪਤਾ ਹੋਣਾ ਚਾਹੀਦਾ ਹੈ। ਇਸ ਉਪਰੰਤ ਹੀ ਤੁਸੀਂ ਸੋਨੇ ਨੂੰ ਹੋਰ ਧਾਤੂਆਂ ਨਾਲੋਂ ਨਿਖੇੜ ਕੇ ਵੇਖ ਸਕਦੇ ਹੋ। ਸੋਨਾ ਆਪਣੇ ਗੁਣਾਂ ਤੋਂ ਵੱਖਰਾ ਨਹੀਂ ਹੋ ਸਕਦਾ। ਇਕ ਫੁੱਲ ਅਤੇ ਉਸ ਦੀ ਸੁਗੰਧ ਨੂੰ ਵੱਖਰਿਆਂ ਨਹੀਂ ਕੀਤਾ ਜਾ ਸਕਦਾ। ਇਕ ਸੁਗੰਧ ਤੋਂ ਹੀ ਅਸੀਂ ਅੰਦਾਜ਼ਾ ਲਗਾ ਲੈਂਦਾ ਹਾਂ ਕਿ ਇਹ ਫੁੱਲ ਕਿਹੜਾ ਹੈ। ਇਸੇ ਤਰ੍ਹਾਂ ਆਤਮਾ ਨੂੰ ਵੀ ਇਸ ਦੇ ਗੁਣਾਂ ਤੋਂ ਪਹਿਚਾਣਿਆ ਜਾ ਸਕਦਾ ਹੈ ਅਤੇ ਸ਼ੁੱਧ ਆਤਮਾ ਨੂੰ ਜਾਨਣ ਅਤੇ ਪਹਿਚਾਨਣ ਦਾ ਇਹੋ ਹੀ ਤਰੀਕਾ ਹੈ। ਸਾਨੂੰ ਆਤਮਾ ਦੇ ਧਰਮ (ਭਾਵ ਗੁਣਾਂ) ਨੂੰ ਜਾਨਣਾ ਹੋਵੇਗਾ। ਅਸੀਂ ਅਨੰਤ ਜਨਮਾਂ ਵਿਚੋਂ ਗੁਜ਼ਰਦਿਆਂ ਹੋਇਆ ਪ੍ਰਕ੍ਰਿਤੀ ਦੇ ਗੁਣਾਂ ਨੂੰ ਤਾਂ ਜਾਣ ਲਿਆ ਹੈ ਪਰੰਤੂ ਰਹੱਸ ਨੂੰ ਸਮਝਣਾ ਹਾਲੀਂ ਬਾਕੀ ਹੈ। ਅਸੀਂ ਹਾਲੇ ਤੱਕ ਆਪਣੀ ਮੰਜ਼ਿਲ ਉਪਰ ਨਹੀਂ ਪਹੁੰਚੇ।

**ਪ੍ਰਸ਼ਨ-ਕਰਤਾ** : ਵੱਖ-ਵੱਖ ਧਰਮਾਂ ਦੇ ਪੈਰੋਕਾਰ ਵਿਭਿੰਨ ਕਿਸਮ ਦੀਆਂ ਰੀਤਾਂ ਅਤੇ ਰਸਮਾਂ ਨਿਭਾਉਂਦੇ ਹਨ।

**ਦਾਦਾਸ਼੍ਰੀ** : ਇਸ ਸੰਸਾਰ ਵਿਚ ਜਿੰਨੇ ਵੀ ਧਰਮ ਅਸੀਂ ਵੇਖਦੇ-ਸੁਣਦੇ ਹਾਂ ਉਹ ਸਾਰੇ ਪ੍ਰਕ੍ਰਿਤੀ ਦੇ, ਸਰੀਰ ਦੇ ਧਰਮ ਹਨ। ਸਰਵੋਤਮ ਧਰਮ ਆਤਮਾ ਦਾ ਧਰਮ ਹੁੰਦਾ ਹੈ। ਇਹੋ ਅਸਲੀ ਧਰਮ ਹੈ। ਸਰੀਰ ਨੂੰ ਨਹਾ-ਧੋ ਕੇ ਸਾਫ਼-ਸੁਥਰਾ ਰਖਣਾ ਅਤੇ ਇਸ ਨੂੰ ਖਾਣ-ਪੀਣ ਨੂੰ ਦੇਣਾ ਜਾਂ ਵਰਤ ਰਖਣੇ ਅਤੇ ਹੋਰ ਰਸਮਾਂ ਦਾ ਨਿਰਬਾਹ ਕਰਨਾ ਸਭ ਸਾਪੇਖ, ਪ੍ਰਕ੍ਰਿਤੀ ਦੇ ਧਰਮਾਂ ਦੇ ਲੱਛਣ ਹਨ।

ਜਿੰਨੇ ਵੀ ਮੌਜੂਦਾ ਧਰਮ ਹਨ ਅਤੇ ਉਨ੍ਹਾਂ ਵਿਚ ਪ੍ਰਚਲਤ ਸਾਰੀਆਂ ਰੀਤਾਂ-ਰਸਮਾਂ ਪ੍ਰਕ੍ਰਿਤੀ ਨਾਲ ਸੰਬੰਧਤ ਹਨ। ਇਸੇ ਲਈ ਇਹ ਅਵਿਵਸਥਿਤ ਹਨ ਅਤੇ ਕਾਬੂ ਤੋਂ ਬਾਹਰ ਹਨ ਕਿਉਂਕਿ ਉਹ ਪ੍ਰਕ੍ਰਿਤੀ ਦੇ ਖੇਤਰ ਵਿਚ ਆਉਂਦੇ ਹਨ।

## 43

## ਪ੍ਰਕ੍ਰਿਤੀ ਅਤੇ ਪੁਰਸ਼ ਦੀ ਪੂਜਾ

**ਪ੍ਰਸ਼ਨ-ਕਰਤਾ** : ਇਸ ਢੰਗ ਵਿਚ ਪੂਜਾ ਦੇ ਵੱਖ-ਵੱਖ ਢੰਗ ਪ੍ਰਚਲੱਤ ਹਨ।

**ਦਾਦਾਸ਼੍ਰੀ** : ਅੱਜ ਦੇ ਇਸ ਸੰਸਾਰ ਵਿਚ ਸਭ ਤੋਂ ਵੱਧ ਹਰਮਨਪਿਆਰਾ ਪੂਜਾ ਦਾ ਢੰਗ ਹੈ ਪ੍ਰਕ੍ਰਿਤਕ ਗੁਣਾਂ ਦੀ ਪੂਜਾ। ਇਹ ਗੁਣ ਨਿਰੰਤਰ ਪਰਿਵਰਤਨਸ਼ੀਲ ਹਨ। ਕਲਪਨਾ ਦੇ ਆਧਾਰ 'ਤੇ ਇਹ ਹਮੇਸ਼ਾ ਬਦਲਦੇ ਰਹਿੰਦੇ ਹਨ। ਇਨ੍ਹਾਂ ਦੀ ਕੋਈ ਸਦੀਵੀ, ਸਥਿਰ ਹੋਂਦ ਨਹੀਂ ਹੈ।

ਇਹ ਆਰਜ਼ੀ ਅਤੇ ਕਾਲਿਕ ਗੁਣ 'ਵਾਤ' (ਭਾਵ ਜੋ ਸਰੀਰ ਦੀਆਂ ਗਤੀਵਿਧੀਆਂ, ਨਸਾਂ ਸੰਬੰਧੀ ਸਿਸਟਮ ਅਤੇ ਨਿਸ਼ਕਾਸਨ ਪ੍ਰਕ੍ਰਿਆ ਨੂੰ ਕੰਟਰੋਲ ਕਰਦਾ ਹੈ), 'ਪਿੱਤ' (ਭਾਵ ਜੋ ਹਾਜਮੇ, ਅੰਦਰੂਨੀ ਰਸਾਇਣਕ ਤਬਦੀਲੀ ਅਤੇ ਸ਼ਕਤੀ ਪੈਦਾ ਕਰਨ ਦਾ ਕਾਰਨ ਹੈ) ਅਤੇ 'ਕਫ਼' (ਭਾਵ ਜੋ ਸਰੀਰ ਦੀ ਬਣਤਰ ਨੂੰ ਕੰਟਰੋਲ ਕਰਦਾ ਹੈ) ਦੀ ਅੰਦਰੂਨੀ ਪ੍ਰਕ੍ਰਿਆ ਦੇ ਭੌਤਿਕ ਹਾਲਤਾਂ ਉਪਰ ਨਿਰਭਰ ਕਰਦੇ ਹਨ। ਇਹ ਗੁਣ ਇੰਨੇ ਅਸਥਾਈ ਅਤੇ ਆਰਜ਼ੀ ਹਨ ਕਿ ਮਨੁੱਖ ਇਕਦਮ ਪਾਗਲ ਹੋ ਜਾਵੇ। ਇਸ ਦੇ ਉਲਟ, ਸ਼ੁੱਧ ਆਤਮਾ ਦੇ ਗੁਣ ਸਦੀਵੀ ਅਤੇ ਸੁਤੰਤਰ ਹਨ। ਪ੍ਰਕ੍ਰਿਤੀ ਦੇ ਗੁਣ ਅਨੇਕਾਂ ਘਟਕਾਂ ਉਪਰ ਨਿਰਭਰ ਕਰਦੇ ਹਨ। ਸੰਸਾਰ ਵਿਚ ਹਰ ਥਾਂ ਉਪਰ ਪ੍ਰਕ੍ਰਿਤੀ ਦੀ ਪੂਜਾ ਹੁੰਦੀ ਰਹਿੰਦੀ ਹੈ। ਤੁਹਾਨੂੰ ਕਿਧਰੇ ਵੀ ਸ਼ੁੱਧ ਆਤਮਾ ਦੀ ਪੂਜਾ ਹੁੰਦੀ ਨਹੀਂ ਮਿਲੇਗੀ। ਪ੍ਰਕ੍ਰਿਤੀ-ਪੂਜਾ ਦੇ ਕਾਰਨ ਹੀ, ਇਸ ਦੇ ਨਤੀਜੇ ਵਜੋਂ ਹੀ ਸਾਡਾ ਇਹ ਦੁਨਿਆਵੀ ਜਨਮ ਹੁੰਦਾ ਹੈ ਜਦੋਂ ਕਿ ਸ਼ੁੱਧ ਆਤਮਾ ਦੀ ਪੂਜਾ ਦਾ ਫਲ ਹਮੇਸ਼ਾ ਹੀ ਮੁਕਤੀ ਦੀ ਪ੍ਰਾਪਤੀ ਹੁੰਦਾ ਹੈ।

ਅਸੀਂ ਪੁਰਸ਼ (ਭਾਵ ਸ਼ੁੱਧ ਆਤਮਾ) ਦੇ ਤੌਰ 'ਤੇ ਸੁਤੰਤਰ ਹਾਂ ਅਤੇ ਪਵਿੱਤਰ ਹਾਂ। ਇਸ ਦੇ ਉਲਟ, ਪ੍ਰਕ੍ਰਿਤੀ ਦੇ ਤੌਰ 'ਤੇ ਅਸੀਂ ਆਸ਼ਰਿਤ ਹਾਂ ਅਤੇ ਬੰਧਨ ਵਿਚ ਹਾਂ। ਇਹ ਬ੍ਰਹਿਮੰਡ ਪ੍ਰਕ੍ਰਿਤੀ ਦੇ ਕਾਰਨ ਹੀ ਗਤੀਸ਼ੀਲ ਹੈ ਅਤੇ ਇਸ ਜਗਤ ਨੂੰ ਵਿਵਸਥਿਤ ਕਰਦਾ ਹੈ। ਭਗਵਾਨ ਆਪ ਇਨ੍ਹਾਂ ਗੱਲਾਂ ਵਿਚ ਦਖ਼ਲ ਨਹੀਂ ਦਿੰਦਾ। ਇਕ ਵਾਰ ਤੁਸੀਂ 'ਪੁਰਸ਼' ਪਦ ਦੀ ਪ੍ਰਾਪਤੀ ਕਰ ਲਵੋ ਤਾਂ ਤੁਹਾਡਾ ਪ੍ਰਕ੍ਰਿਤੀ ਨਾਲ ਰਿਸ਼ਤਾ ਖ਼ਤਮ ਹੋ ਜਾਂਦਾ ਹੈ। ਜਦੋਂ ਘਟਨਾਵਾਂ ਵਾਪਰਦੀਆਂ ਹਨ ਤਾਂ ਪ੍ਰਕ੍ਰਿਤੀ ਦਾ ਖ਼ੇਤਰ ਹੈ ਪਰੰਤੂ ਜਿਹੜਾ ਵਿਅਕਤੀ ਨਾ ਕਿਸੇ ਪ੍ਰਕਾਰ ਦਾ ਮੋਹ ਅਤੇ ਨਾ ਹੀ ਪਸੰਦ ਅਤੇ ਨਾ-ਪਸੰਦ ਅਨੁਭਵ ਕਰਦਾ ਹੈ ਉਹ 'ਸ਼ੁੱਧ ਆਤਮਾ' ਹੈ। ਸਾਡਾ ਗਿਆਨ ਇੰਨਾ ਹੈਰਾਨੀਜਨਕ ਹੈ ਕਿ ਜਦੋਂ ਤੁਸੀਂ ਕਿਸੇ ਨਾਲ ਗੁੱਥਮਗੁੱਥਾ ਵੀ ਹੋ ਰਹੇ ਹੋਵੋ ਤਾਂ ਇਹ ਤੁਹਾਨੂੰ ਪ੍ਰਭਾਵਿਤ ਨਹੀਂ ਕਰਦਾ।

## 44

## ਪ੍ਰਕ੍ਰਿਤੀ ਧਰਮ ਅਤੇ ਪੁਰਸ਼ ਧਰਮ

**ਪ੍ਰਸ਼ਨ-ਕਰਤਾ** : ਇਸ ਸੰਸਾਰ ਵਿਚ ਵੱਖ-ਵੱਖ ਪ੍ਰਕ੍ਰਿਤੀ ਵਾਲੇ ਲੋਕ ਰਹਿੰਦੇ ਹਨ।

**ਦਾਦਾਸ਼੍ਰੀ** : ਸਾਰੇ ਵਿਕਲਪ ਜਿਹਾ ਕਿ 'ਮੈਂ ਇਹ ਹਾਂ' 'ਮੈਂ ਉਹ ਹਾਂ' ਪ੍ਰਕ੍ਰਿਤੀ ਦੇ ਖ਼ੇਤਰ ਵਿਚ ਆਉਂਦੇ ਹਨ।

ਮੁੱਖ ਤੌਰ ਤੇ, ਇਕ ਵੈਸ਼, ਇਕ ਖੱਤਰੀ ਜਾਂ ਮੁਸਲਮਾਨ (ਉਦਾਹਰਣ ਦੇ ਲਈ)

ਆਪਣੀ ਪ੍ਰਕ੍ਰਿਤੀ ਦੇ ਗੁਣਾਂ ਕਰਕੇ ਜਾਣਿਆ ਜਾਂਦਾ ਹੈ। ਇਕ ਵੈਸ਼ ਦੀ ਪ੍ਰਕ੍ਰਿਤੀ ਵਿਵੇਕੀ ਅਤੇ ਵਿਚਾਰਸ਼ੀਲ ਹੁੰਦੀ ਹੈ। ਪਟੇਲ ਖੱਤਰੀ ਹਨ। ਇਸੇ ਕਰਕੇ ਉਹ ਪ੍ਰਕ੍ਰਿਤੀ ਪੱਖੋਂ ਸਾਹਸੀ ਹੁੰਦੇ ਹਨ। ਇਕ ਪਟੇਲ ਆਪਣੇ ਦੁਸ਼ਮਣ ਦਾ ਸਿਰ ਕੱਟ ਸਕਦਾ ਹੈ ਪਰ ਜੇ ਉਹ ਪ੍ਰਸੰਨ ਹੋ ਜਾਵੇ ਤਾਂ ਉਹ ਕਿਸੇ ਲਈ ਆਪਣੀ ਜਾਨ ਦੇ ਵੀ ਸਕਦਾ ਹੈ। ਅਸਲ, ਹਰ ਇਕ ਵਿਅਕਤੀ ਦੀ ਪ੍ਰਕ੍ਰਿਤੀ ਦੂਸਰੇ ਦੀ ਪ੍ਰਕ੍ਰਿਤੀ ਨਾਲੋਂ ਭਿੰਨ ਹੁੰਦੀ ਹੈ ਅਤੇ ਇਸ ਦੇ ਕਈ ਰਲੇ-ਮਿਲੇ ਕਾਰਨ ਹੁੰਦੇ ਹਨ। ਇਹ ਭਿੰਨਤਾਵਾਂ ਅਨੰਤ ਪ੍ਰਕਾਰ ਦੀਆਂ ਹਨ।

ਮਨ, ਬਚਨ ਅਤੇ ਕਰਮ ਪ੍ਰਕ੍ਰਿਤੀ ਦੇ ਤਿੰਨ ਅੰਗ ਹਨ। ਇਹ ਤਿੰਨੋਂ ਭਾਵਾਗ੍ਰਾਹੀ ਹਨ। ਪ੍ਰਭਾਵ ਗ੍ਰਹਿਣ ਕਰਦੇ ਹੋਏ ਦੁਬਿਧਾ ਦੇ ਕਾਰਨ ਕਈ ਨਵੇਂ ਕਾਰਨ ਪੈਦਾ ਹੁੰਦੇ ਹਨ, ਅਤੇ ਉਨ੍ਹਾਂ ਤੋਂ ਨਵੀਂ ਪ੍ਰਕ੍ਰਿਤੀ ਦਾ ਜਨਮ ਹੁੰਦਾ ਹੈ। ਇਹ ਵੀ ਕਹਿ ਸਕਦੇ ਹਾਂ ਕਿ ਕਾਰਨ ਤੋਂ ਪੈਦਾ ਹੋਈ ਪ੍ਰਕ੍ਰਿਤੀ ਹੀ ਅੱਗੋਂ ਪ੍ਰਕ੍ਰਿਤੀ ਉਪਰ ਪ੍ਰਭਾਵ ਪਾਉਂਦੀ ਹੈ।

ਜਿੰਨੀ ਦੇਰ ਤਕ ਵਿਅਕਤੀ ਆਪਣੀ ਸ਼ੁੱਧ ਆਤਮਾ ਨੂੰ ਨਹੀਂ ਪਹਿਚਾਣਦਾ ਉਨੀ ਦੇਰ ਤੱਕ ਧਰਮ ਸਾਪੇਖ (relative) ਹੀ ਰਹਿੰਦਾ ਹੈ। ਜਦੋਂ ਦੁਬਿਧਾ ਖ਼ਤਮ ਹੋ ਜਾਂਦੀ ਹੈ ਅਤੇ ਵਿਅਕਤੀ ਨੂੰ ਇਹ ਪੱਕਾ ਯਕੀਨ ਹੋ ਜਾਂਦਾ ਹੈ ਕਿ ਉਹ ਅਸਲ ਵਿਚ ਸ਼ੁੱਧ ਆਤਮਾ ਹੀ ਹੈ ਤਾਂ ਉਹ 'ਪੁਰਸ਼' ਬਣ ਜਾਂਦਾ ਹੈ। ਇਸ ਉਪਰੰਤ ਹੀ ਕਾਰਨ ਤੋਂ ਉਪਜਣ ਵਾਲੀ ਪ੍ਰਕ੍ਰਿਤੀ ਦਾ ਅੰਤ ਹੋ ਜਾਂਦਾ ਹੈ।

## 45

## ਕੁਦਰਤੀ ਬਾਗ਼

**ਪ੍ਰਸ਼ਨ-ਕਰਤਾ** : ਇਕ ਪਰਿਵਾਰ ਵਿਚ ਵੱਖ-ਵੱਖ ਪ੍ਰਕ੍ਰਿਤੀ ਦੇ ਵਿਅਕਤੀ ਕਿਉਂ ਹੁੰਦੇ ਹਨ?

**ਦਾਦਾਸ਼੍ਰੀ** : ਪ੍ਰਭਾਵ ਜੋ ਵੀ ਹੋਵੇ ਜਾਂ ਪ੍ਰਕ੍ਰਿਤੀ ਦਾ ਪ੍ਰਭਾਵ ਅਟਲ ਹੈ: ਇਸ ਨੂੰ ਬਦਲਿਆ ਨਹੀਂ ਜਾ ਸਕਦਾ। ਹਰ ਪਿਤਾ ਇਹ ਚਾਹੁੰਦਾ ਹੈ ਕਿ ਉਸ ਦਾ ਪੁੱਤਰ ਉਸ ਵਰਗਾ ਹੋਵੇ। ਮੇਰੇ ਪਿਆਰੇ ਵੀਰ! ਕੀ ਤੁਸੀਂ ਆਪਣੇ ਘਰ ਨੂੰ ਇਕ ਬਾਗ਼ ਜਾਂ ਖੇਤ ਦਾ ਰੂਪ ਦੇਣਾ ਚਾਹੁੰਦੇ ਹੋ? ਪ੍ਰਕ੍ਰਿਤੀ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਬਦਲਦੀ ਰਹਿੰਦੀ ਹੈ: ਇਹੋ ਸਥਿਤੀ ਬੂਟਿਆਂ ਦੀ ਹੈ ਕਿਉਂਕਿ ਉਨ੍ਹਾਂ ਨੂੰ ਵੀ ਵੱਖ-ਵੱਖ ਰੰਗਾਂ ਅਤੇ ਰੂਪਾਂ ਦੇ ਫੁੱਲ ਲਗਦੇ ਹਨ। ਇਹ ਕਿਵੇਂ ਹੋ ਸਕਦਾ ਹੈ ਦੂਸਰੇ ਦੇ ਘਰ ਲੱਗੇ ਬੂਟਿਆਂ ਨੂੰ ਤੁਹਾਡੇ ਘਰ ਲੱਗੇ ਬੂਟਿਆਂ ਦੇ ਫੁੱਲਾਂ ਵਰਗੇ ਹੀ ਫੁੱਲ ਲੱਗਣ? ਤੁਸੀਂ ਅਜਿਹਾ ਕਿਵੇਂ ਸੋਚ ਸਕਦੇ ਹੋ? ਜੇ ਇਕ ਥਾਂ ਸਿਰਫ਼ ਗੁਲਾਬ ਦੇ ਬੂਟੇ ਹੀ ਲੱਗੇ ਹੋਣ ਤਾਂ ਕੀ ਉਸ ਨੂੰ ਬਾਗ਼ ਕਿਹਾ ਜਾ ਸਕਦਾ ਹੈ? ਨਹੀਂ, ਇਸ ਨੂੰ ਅਸੀਂ ਗੁਲਾਬਾਂ ਦੀ

ਖੇਤੀ ਕਹਿ ਸਕਾਂਗੇ ਜਿਵੇਂ ਕਣਕ ਜਾਂ ਜੌਂ ਦੇ ਖੇਤ ਹੁੰਦੇ ਹਨ। ਪਰੰਤੂ ਜੇ ਉਥੇ ਚੰਪਾ, ਜੂਹੀ, ਕਲੀ, ਆਦਿ ਫੁੱਲਾਂ ਦੇ ਨਾਲ ਨਾਲ ਕੁਝ ਕੈਕਟਸ ਵੀ ਹੋਣ ਤਾਂ ਇਸ ਨੂੰ ਜ਼ਰੂਰ ਬਾਗ ਕਹਿ ਸਕਾਂਗੇ। ਪ੍ਰਕ੍ਰਿਤੀ ਇਕ ਬਾਗ਼ ਹੈ। ਲੋਕ ਗੁਲਾਬ ਹੀ ਚਾਹੁੰਦੇ ਹਨ ਅਤੇ ਉਹ ਕੰਡੇ ਪਸੰਦ ਨਹੀਂ ਕਰਦੇ। ਪਰੰਤੂ ਕੀ ਕੰਡਿਆਂ ਤੋਂ ਬਿਨਾਂ ਗੁਲਾਬ ਹੋ ਸਕਦਾ ਹੈ?

ਲੋਕ ਨਿੰਬੂ ਦਾ ਬੂਟਾ ਲਗਾ ਲੈਂਦੇ ਹਨ, ਪਰੰਤੂ ਇਹ ਉਗਦਾ ਅਤੇ ਵਧਦਾ-ਫੁਲਦਾ ਕਿੱਦਾਂ ਹੈ? ਮਿੱਟੀ, ਪਾਣੀ, ਹਵਾ, ਸੂਰਜ ਦੀ ਰੋਸ਼ਨੀ, ਆਦਿ ਸਾਰੇ ਤੱਤ ਇਸ ਦੇ ਵਧਣ ਵਿਚ ਇਸ ਦੀ ਸਹਾਇਤਾ ਕਰਦੇ ਹਨ। ਉਹ ਬੀਜ ਨੂੰ ਪਾਲਦੇ ਹਨ। ਕੀ ਉਸ ਪਾਲਣ ਵਾਲੀ ਖ਼ੁਰਾਕ ਦਾ ਕਿਸੇ ਪ੍ਰਕਾਰ ਦਾ ਸੁਆਦ ਹੈ? ਕੀ ਇਹ ਸੁਆਦ ਖੱਟਾ ਹੈ? ਨਹੀਂ, ਫਿਰ ਨਿੰਬੂ ਵਿਚ ਖੱਟਾਸ ਕਿਥੋਂ ਆ ਜਾਂਦੀ ਹੈ? ਇਸ ਤੋਂ ਇਲਾਵਾ, ਜੇ ਤੁਸੀਂ ਨਿੰਮ ਦਾ ਦਰਖ਼ਤ ਬੀਜੋ ਤਾਂ ਇਸ ਦੀ ਹਰ ਟਾਹਣੀ, ਹਰ ਪੱਤੇ ਵਿਚ ਕੁੜੱਤਣ ਕਿਥੋਂ ਪੈ ਜਾਂਦੀ ਹੈ? ਨਿੰਬੂ ਅਤੇ ਨਿੰਮ ਦੋਵੇਂ ਹੀ ਉਨ੍ਹਾਂ ਹੀ ਪੰਜ ਤੱਤਾਂ (ਹਵਾ, ਪਾਣੀ ਆਦਿ) ਨਾਲ ਪਾਲੇ ਗਏ ਸਨ। ਕੀ ਪਾਣੀ ਕੌੜਾ ਸੀ? ਨਹੀਂ। ਫਿਰ ਇਹ ਕਿਵੇਂ ਹੋ ਗਿਆ? ਅਸਲ ਵਿਚ, ਖੱਟਾ ਅਤੇ ਕੌੜਾ ਸੁਆਦ ਤਾਂ ਇਨ੍ਹਾਂ ਦੋਹਾਂ ਦੇ ਬੀਜਾਂ ਵਿਚ ਸੀ। ਇਸੇ ਕਰਕੇ ਨਿੰਬੂ ਦੇ ਬੂਟੇ ਨੂੰ ਖੱਟਾ ਫਲ ਲੱਗਾ ਅਤੇ ਨਿੰਮ ਦੇ ਹਿੱਸੇ ਕੌੜਾ ਸੁਆਦ ਆਇਆ। ਬੋਹੜ ਦੇ ਦਰਖ਼ਤ ਦਾ ਬੀਜ ਤੋਰੀਏ ਦੇ ਦਾਣੇ ਨਾਲੋਂ ਵੀ ਛੋਟੇ ਸਾਈਜ਼ ਦਾ ਹੁੰਦਾ ਹੈ ਪਰੰਤੂ ਬੋਹੜ ਦਾ ਦਰਖ਼ਤ ਕਿੱਡਾ ਵੱਡਾ ਹੋ ਜਾਂਦਾ ਹੈ। ਸਮੁੱਚਾ ਬੋਹੜ ਦਾ ਦਰਖ਼ਤ, ਸਮੇਤ ਇਸ ਦੇ ਸਾਰੇ ਟਾਹਣੇ ਅਤੇ ਟਾਹਣੀਆਂ, ਪੱਤੇ ਅਤੇ ਲਟਕਦੀਆਂ ਜੜ੍ਹਾਂ ਦੇ, ਸੂਖ਼ਮ ਰੂਪ ਵਿਚ ਇਸ ਨਿੱਕੇ ਜਿਹੇ ਬੀਜ ਵਿਚ ਹੀ ਸਮਾਇਆ ਹੁੰਦਾ ਹੈ। ਇਹ ਸੰਭਾਵਿਤ ਸ਼ਕਤੀ ਦੇ ਰੂਪ ਵਿਚ ਹੁੰਦਾ ਹੈ। ਵਿਗਿਆਨਕ ਵਿਵਸਥਿਤ ਸਬੂਤ ਆਪਣੀ ਸੰਭਾਵਿਤ ਸ਼ਕਤੀ ਕਾਰਨ ਇਕੱਠੇ ਹੋ ਕੇ ਇਸ ਦੇ ਬੋਹੜ ਦੇ ਦਰਖ਼ਤ ਦੇ ਰੂਪ ਵਿਚ ਉੱਗਣ ਅਤੇ ਪਲਰਨ ਵਿਚ ਸਹਾਇਕ ਹੁੰਦੇ ਹਨ।

ਕੁਦਰਤ ਦਾ ਗਿਆਨ ਕਿੰਨਾ ਹੈਰਾਨੀਜਨਕ ਅਤੇ ਵਿਸਮਾਦਮਈ ਹੈ। ਇਕ ਮਹਾਂਸਾਗਰ ਨੂੰ ਪਾਰ ਕਰਨਾ ਤਾਂ ਸੌਖਾ ਹੋ ਸਕਦਾ ਹੈ ਪਰੰਤੂ ਕੁਦਰਤ ਨੂੰ ਸਮਝਣਾ ਅਤੇ ਉਸ ਉਪਰ ਕਾਬੂ ਪਾਉਣਾ ਸੁਖੈਲਾ ਕਾਰਜ ਨਹੀਂ।

## 46
## ਵੈਰਾਗ

**ਪ੍ਰਸ਼ਨ-ਕਰਤਾ** : ਸੰਨਿਆਸੀ ਭਿੰਨ ਪ੍ਰਕਾਰ ਦੇ ਹੁੰਦੇ ਹਨ।

**ਦਾਦਾਸ਼੍ਰੀ** : ਹਾਂ, ਸੰਨਿਆਸ ਨੂੰ ਤਿੰਨ ਪ੍ਰਕਾਰ ਦਾ ਮੰਨਿਆ ਗਿਆ ਹੈ।

1. **ਦੁਖ-ਗਰਭਿਤ-ਵੈਰਾਗ (ਪਲਾਇਣਵਾਦ)**: ਇਕ ਵਿਅਕਤੀ ਜਿਹੜਾ ਦੁਨਿਆਵੀ ਜੀਵਨ ਤੋਂ ਇਸ ਲਈ ਭੱਜ ਜਾਂਦਾ ਹੈ ਕਿ ਉਹ ਇਸ ਦੀ ਜਦੋ-ਜਹਿਦ, ਦੁੱਖ ਅਤੇ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰ ਸਕਦਾ। ਉਹ ਆਪਣੀ ਪਤਨੀ ਅਤੇ ਬੱਚਿਆਂ ਨੂੰ ਬਿਨਾ ਕਿਸੇ ਸਹਾਇਤਾ ਦੇ ਜਾਂ ਆਸਰੇ ਦੇ ਛੱਡ ਜਾਂਦਾ ਹੈ। ਅਜਿਹਾ ਵਿਅਕਤੀ ਸੰਨਿਆਸ ਧਾਰ ਸਕਦਾ ਹੈ ਕਿਉਂਕਿ ਉਹ ਦੁਨੀਆਦਾਰੀ ਵਿਚ ਸਫ਼ਲ ਨਹੀਂ ਹੈ। ਉਹ ਸ਼ਾਇਦ ਸੋਚੇ ਕਿ 'ਇਕ ਸੰਨਿਆਸੀ ਦੇ ਜੀਵਨ ਵਿਚ ਨੰਗੇ ਪੈਰ ਤੁਰਨ ਅਤੇ ਮੰਗ ਕੇ ਖਾਣ ਤੋਂ ਇਲਾਵਾ ਹੋਰ ਕੋਈ ਮੁਸ਼ਕਿਲ ਨਹੀਂ ਪਰੰਤੂ ਦੋ ਵਕਤ ਦੀ ਰੋਟੀ ਤਾਂ ਮਿਲ ਹੀ ਜਾਂਦੀ ਹੈ।' ਇੰਨੀ ਕੁ ਮੁਸ਼ਕਿਲ ਸ਼ਾਇਦ ਉਸ ਨੂੰ ਤੰਗ ਨਾ ਕਰੇ। ਪਰੰਤੂ ਅਜਿਹੇ ਸੰਨਿਆਸ, ਅਜਿਹੇ ਪਲਾਇਣ ਦਾ ਕਿਸੇ ਨੂੰ ਕੀ ਲਾਭ ਹੋ ਸਕਦਾ ਹੈ? ਅਜਿਹਾ ਵਿਅਕਤੀ 84 ਲੱਖ ਜੂਨਾਂ ਦੇ ਆਵਾਗਵਣ ਵਿਚ ਭਟਕਦਾ ਰਹੇਗਾ।

2. **ਮੋਹ-ਗਰਭਿਤ-ਵੈਰਾਗ**: ਇਕ ਵਿਅਕਤੀ ਸਿਰਫ਼ ਚੇਲੇ ਬਨਾਉਣ, ਪ੍ਰਸਿੱਧੀ ਖੱਟਣ ਅਤੇ ਮਾਣ-ਸਨਮਾਨ ਪ੍ਰਾਪਤ ਕਰਨ ਲਈ ਸੰਨਿਆਸ ਲੈਂਦਾ ਹੈ। ਉਹ ਸੰਨਿਆਸੀ ਬਨਣ ਉਪਰੰਤ ਲੋਕਾਂ ਪਾਸੋਂ ਮਾਣ-ਸਨਮਾਨ ਹਾਸਲ ਕਰਨ ਦੀ ਉਮੀਦ ਰਖਦਾ ਹੈ। ਜਿਹੜਾ ਵਿਅਕਤੀ ਅਜਿਹੀ ਮੋਹ-ਭਾਵਨਾ ਕਾਰਨ ਸੰਨਿਆਸ ਲੈਂਦਾ ਹੈ ਉਸ ਨੂੰ 84 ਲੱਖ ਜੂਨਾਂ ਦੇ ਚੱਕਰ ਵਿਚ ਬੇਚੈਨ ਹੋ ਕੇ ਭਟਕਣਾ ਪੈਂਦਾ ਹੈ।

3. **ਗਿਆਨ-ਗਰਭਿਤ-ਵੈਰਾਗ**: ਇਹ ਹੈ ਸਹੀ ਵੈਰਾਗ, ਸਹੀ ਸੰਨਿਆਸ ਜਿਹੜਾ ਵਿਅਕਤੀ ਸੱਚਾ ਗਿਆਨ ਪ੍ਰਾਪਤ ਕਰਨ ਹਿਤ ਧਾਰਨ ਕਰਦਾ ਹੈ। ਅਜਿਹੇ ਸੰਨਿਆਸੀ ਬਹੁਤ ਟਾਵੇਂ ਹੀ ਮਿਲਦੇ ਹਨ। ਗਿਆਨ, ਸੱਚਾ ਗਿਆਨ ਸਿਰਫ਼ ਗਿਆਨੀ ਪੁਰਸ਼ ਪਾਸੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਸੱਚਾ ਸੰਨਿਆਸ ਉਸ ਗਿਆਨ ਦੀ ਰੌਸ਼ਨੀ ਵਿਚ ਪਲਰਨ ਲਗ ਪੈਂਦਾ ਹੈ।

**ਪ੍ਰਸ਼ਨ-ਕਰਤਾ** : ਹਰ ਵਿਅਕਤੀ ਦੇ ਅੰਦਰ ਉਹੀ ਆਤਮਾ ਹੈ। ਫਿਰ ਇਹ ਕਿਉਂ ਕਿ ਲੋਕ ਵੱਖ-ਵੱਖ ਕਾਰਜਾਂ ਨੂੰ ਤਰਜੀਹ ਦਿੰਦੇ ਹਨ?

**ਦਾਦਾਸ਼੍ਰੀ** : ਹਰ ਵਿਅਕਤੀ ਆਤਮਾ ਦਾ ਵਖਰੇ ਤਰੀਕੇ ਨਾਲ ਉਪਯੋਗ ਕਰਦਾ ਹੈ। ਆਤਮਾ ਦੇ ਉਪਯੋਗ ਦੇ ਚਾਰ ਵੱਖ-ਵੱਖ ਤਰੀਕੇ ਹਨ:

1. **ਅਸ਼ੁੱਧ ਉਪਯੋਗ**: ਇਕ ਵਿਅਕਤੀ ਬਿਨਾਂ ਕਿਸੇ ਵਿਸ਼ੇਸ਼ ਮੰਤਵ ਦੇ ਹਿਰਨ ਦਾ ਸ਼ਿਕਾਰ ਕਰਦਾ ਹੈ। ਉਹ ਸਿਰਫ਼ ਸ਼ਿਕਾਰ ਖੇਡਣ ਦੀ ਖੁਸ਼ੀ ਲਈ ਹਿਰਨ ਦੀ ਜਾਨ ਲੈ ਲੈਂਦਾ ਹੈ। ਬਿਨਾਂ ਕਿਸੇ ਖ਼ਾਸ ਮੰਤਵ ਦੇ ਸਿਰਫ਼ ਆਪਣੀ ਖੁਸ਼ੀ ਲਈ ਕਿਸੇ ਦੀ ਜਾਨ ਲੈ ਲੈਣਾ ਆਤਮਾ ਦਾ ਅਸ਼ੁੱਧ ਉਪਯੋਗ ਹੈ। ਕਿਸੇ ਦੇ ਘਰ ਨੂੰ ਅੱਗ ਲਗਾ ਦੇਣੀ ਅਤੇ ਫਿਰ ਇਸ ਮੂਰਖਤਾ ਭਰੇ ਕਾਰਜ ਉਪਰ ਖੁਸ਼ੀ ਨਾਲ ਨੱਚਣਾ; ਕੋਈ ਵੀ ਬੁਰਾ ਕੰਮ ਕਰਕੇ ਉਸ ਉਪਰ ਹੱਸਣਾ; ਕਿਸੇ ਨੂੰ ਕਸ਼ਟ ਜਾਂ ਨੁਕਸਾਨ ਪਹੁੰਚਾਉਣਾ ਅਤੇ ਦਿਲ ਹੀ ਦਿਲ ਖੁਸ਼ ਹੋਣਾ – ਅਜਿਹੇ ਸਾਰੇ ਕਰਮ

ਵਿਅਕਤੀ ਨੂੰ ਨਰਕ ਦਾ ਭਾਗੀ ਬਣਾਉਂਦੇ ਹਨ।

2. **ਅਸ਼ੁਭ ਉਪਯੋਗ**: ਆਤਮਾ ਦੇ ਅਸ਼ੁੱਧ ਉਪਯੋਗ ਵਿਚ ਕਰਮ ਤਾਂ ਇਕੋ ਤਰ੍ਹਾਂ ਦੇ ਹਨ ਪਰੰਤੂ ਹਰ ਕਰਮ ਕਰਨ ਵਿਚ ਕਰਤਾ ਮਾਣ ਮਹਿਸੂਸ ਕਰਦਾ ਹੈ। ਆਤਮਾ ਦੇ ਅਸ਼ੁਭ ਉਪਯੋਗ ਵਿਚ ਕਰਮ ਦਾ ਕਰਤਾ ਆਪਣੇ ਕੀਤੇ ਉਪਰ ਰੋਂਦਾ ਹੈ ਅਤੇ ਪਸ਼ਚਾਤਾਪ ਕਰਦਾ ਹੈ। ਆਤਮਾ ਦਾ ਅਸ਼ੁਭ ਉਪਯੋਗ ਕਰਨ ਵਾਲੇ ਅਜਿਹੇ ਵਿਅਕਤੀ ਰੇਲ ਦੇ ਦੂਜੇ ਦਰਜੇ ਵਿਚ ਸਫ਼ਰ ਕਰਨ ਵਾਲੇ ਯਾਤਰੂਆਂ ਦੀ ਤਰ੍ਹਾਂ ਹੁੰਦੇ ਹਨ। ਉਨ੍ਹਾਂ ਲਈ ਮੌਤ ਉਪਰੰਤ ਪੰਛੀ ਜਾਂ ਕੀੜੇ-ਮਕੌੜੇ ਦੀ ਜੂਨ ਯਕੀਨੀ ਹੈ।

ਉਦਾਹਰਣ: ਕਿਸੇ ਵਿਅਕਤੀ ਦੇ ਪਰਿਵਾਰ ਦੇ ਜੀਅ ਖਾਣੇ ਲਈ ਤਰਸ ਰਹੇ ਹੋਣ ਅਤੇ ਕਹਿਣ ਕਿ ਅੱਜ ਤਾਂ ਹਿਰਨ ਦਾ ਮਾਸ ਖਾਣੇ ਵਿਚ ਖਾਣਾ ਪਵੇਗਾ ਕਿਉਂਕਿ ਘਰ ਵਿਚ ਖਾਣ ਲਈ ਹੋਰ ਕੁਝ ਵੀ ਉਪਲਬਧ ਨਹੀਂ ਹੈ। ਇਸ ਲਈ ਉਹ ਵਿਅਕਤੀ ਜਾਂਦਾ ਹੈ, ਹਿਰਨ ਦਾ ਸ਼ਿਕਾਰ ਕਰਦਾ ਹੈ ਅਤੇ ਆਪਣੀ ਪਤਨੀ ਅਤੇ ਬੱਚਿਆਂ ਦਾ ਪੇਟ ਭਰਨ ਲਈ ਹਿਰਨ ਦਾ ਮਾਸ ਘਰ ਲੈ ਆਉਂਦਾ ਹੈ। ਪਰੰਤੂ ਉਸ ਦਾ ਮਨ ਹਿਰਨ ਨੂੰ ਮਾਰਨ ਕਾਰਨ ਦੁਖੀ ਹੈ ਅਤੇ ਉਸ ਨੂੰ ਇਸ ਗੱਲ ਦਾ ਪਛਤਾਵਾ ਵੀ ਹੈ: 'ਮੈਂ ਜੋ ਕੀਤਾ ਉਹ ਗ਼ਲਤ ਹੈ'। ਇਹ ਹੈ ਆਤਮਾ ਦਾ ਅਸ਼ੁਭ ਉਪਯੋਗ।

3. **ਸ਼ੁਭ ਉਪਯੋਗ**: ਆਤਮਾ ਦੇ ਇਸ ਉਪਯੋਗ ਵਿਚ ਵਿਅਕਤੀ ਭੁਖ ਨਾਲ ਵਿਲਕਦੇ ਆਪਣੇ ਪਰਿਵਾਰ ਨੂੰ ਦੱਸੇਗਾ ਕਿ ਅਸੀਂ ਆਪਣੀ ਭੁੱਖ ਮਿਟਾਉਣ ਦੀ ਖ਼ਾਤਰ ਕਿਸੇ ਜਾਨਵਰ ਨੂੰ ਨਹੀਂ ਮਾਰਾਂਗੇ। ਇਹ ਆਤਮਾ ਦਾ ਸ਼ੁਭ ਉਪਯੋਗ ਹੈ।

ਦੂਸਰਿਆਂ ਦਾ ਭਲਾ ਸੋਚਣਾ, ਦੂਸਰਿਆਂ ਲਈ ਭਲਾ ਕਰਨਾ, ਦੂਸਰਿਆਂ ਦੀ ਸਹਾਇਤਾ ਕਰਨਾ ਅਤੇ ਆਪਣੇ ਅੰਦਰ ਨੈਤਿਕ ਕਦਰਾਂ-ਕੀਮਤਾਂ ਨੂੰ ਜੀਵਿਤ ਰੱਖਣਾ ਆਤਮਾ ਦਾ ਸ਼ੁਭ ਉਪਯੋਗ ਹੈ। ਬਹੁਤ ਹੀ ਵਿਰਲੇ ਮਨੁੱਖ ਆਤਮਾ ਦਾ ਸਿਰਫ਼ ਸ਼ੁਭ ਉਪਯੋਗ ਕਰਦੇ ਹਨ। ਆਮ ਤੌਰ ਤੇ ਅਸੀਂ ਆਤਮਾ ਦੇ ਸ਼ੁਭ ਅਤੇ ਅਸ਼ੁਭ ਦੋਹਾਂ ਤਰ੍ਹਾਂ ਦਾ ਉਪਯੋਗ ਇਕੱਠੇ ਹੁੰਦਾ ਵੇਖਦੇ ਹਾਂ। ਜਿਹੜੇ ਵਿਅਕਤੀ ਆਤਮਾ ਦਾ ਸ਼ੁਭ ਅਤੇ ਅਸ਼ੁਭ ਦੋਹਾਂ ਤਰ੍ਹਾਂ ਦਾ ਉਪਯੋਗ ਕਰਦੇ ਹਨ ਰੇਲ ਦੇ ਪਹਿਲੇ ਦਰਜੇ ਦੇ ਯਾਤਰੂਆਂ ਵਾਂਗ ਹਨ। ਉਹਨਾਂ ਦਾ ਅਗਲਾ ਜਲਮ ਮਨੁੱਖਾ ਜੂਨ ਵਿਚ ਹੋਣਾ ਯਕੀਨੀ ਹੈ। ਪਰੰਤੂ ਜਿਹੜਾ ਵਿਅਕਤੀ ਆਤਮਾ ਦੇ ਸਿਰਫ਼ ਸ਼ੁਭ ਉਪਯੋਗ ਤੱਕ ਹੀ ਸੀਮਿਤ ਰਹਿੰਦਾ ਹੈ ਉਹ ਰੇਲ ਦੇ ਵਾਤਾਨੁਕੂਲ ਕੈਬਿਨ ਵਿਚ ਸਫ਼ਰ ਕਰਨ ਵਾਲੇ ਯਾਤਰੂਆਂ ਵਾਂਗ ਹਨ। ਉਹ ਦੇਵਗਤੀ ਦੇ ਭਾਗੀਦਾਰ ਹਨ।

4. **ਸ਼ੁੱਧ ਉਪਯੋਗ**: ਆਤਮਾ ਦਾ ਸ਼ੁੱਧ ਉਪਯੋਗ ਕਰਨ ਵਾਲਾ ਵਿਅਕਤੀ ਹਰ ਥਾਂ

ਸਾਰੇ ਜੀਵਾਂ ਅੰਦਰ ਪਵਿੱਤਰ ਆਤਮਾ ਹੀ ਵੇਖਦਾ ਹੈ। ਉਹ ਬਾਹਰਲੀ ਪੈਕਿੰਗ ਵੱਲ ਧਿਆਨ ਨਹੀਂ ਦਿੰਦਾ ਪਰੰਤੂ ਡੱਬੇ ਅੰਦਰਲੀ ਸਮੱਗਰੀ ਨੂੰ ਅਹਿਮੀਅਤ ਦਿੰਦਾ ਹੈ। ਆਤਮਾ ਦਾ ਸ਼ੁੱਧ ਉਪਯੋਗ ਆਤਮਾ ਦੀ ਪਹਿਚਾਣ ਉਪਰੰਤ ਹੀ ਹੁੰਦਾ ਹੈ। ਜਦੋਂ ਆਤਮਾ ਦਾ ਸ਼ੁਭ ਉਪਯੋਗ ਸਦੀਵੀ ਵਰਤਾਰਾ ਬਣ ਜਾਂਦਾ ਹੈ ਤਾਂ ਇਹ ਸਥਿਤੀ ਹੈ ਕੇਵਲ ਗਿਆਨ ਦੀ। ਸ਼ੁੱਧ ਉਪਯੋਗ ਵਿਅਕਤੀ ਨੂੰ ਮੁਕਤੀ ਪ੍ਰਦਾਨ ਕਰਦਾ ਹੈ।

**ਪ੍ਰਸ਼ਨ-ਕਰਤਾ** : ਕੀ ਮੈਂ ਤੁਹਾਨੂੰ ਇਸ ਸੰਦਰਭ ਵਿਚ ਤੁਹਾਡੀ ਆਪਣੀ ਸਥਿਤੀ ਬਾਰੇ ਦੱਸਣ ਦੀ ਬੇਨਤੀ ਕਰ ਸਕਦਾ ਹਾਂ?

**ਦਾਦਾਸ਼੍ਰੀ** : ਮੈਂ ਆਤਮਾ ਦੇ ਸ਼ੁੱਧ ਉਪਯੋਗ ਬਾਰੇ ਹਮੇਸ਼ਾ ਚੇਤੰਨ ਰਹਿੰਦਾ ਹਾਂ। ਇਕ ਵਾਰ ਇਕ ਸਾਧੂ ਨੇ ਮੈਨੂੰ ਪੁੱਛਿਆ: "ਤੁਸੀਂ ਕਾਰ ਵਿਚ ਸਫ਼ਰ ਕਰਦੇ ਹੋ ਅਤੇ ਇਦਾਂ ਸਫ਼ਰ ਕਰਦਿਆਂ ਅਨੇਕਾਂ ਕੀੜੇ-ਮਕੌੜੇ ਕਾਰ ਹੇਠ ਆ ਕੇ ਮਰ ਜਾਂਦੇ ਹੋਣਗੇ। ਕੀ ਤੁਹਾਨੂੰ ਨਹੀਂ ਲਗਦਾ ਕਿ ਇਸ ਪਾਪ ਲਈ ਤੁਸੀਂ ਜ਼ਿੰਮੇਵਾਰ ਹੋ?" ਮੈਂ ਉਸ ਨੂੰ ਉੱਤਰ ਦਿੱਤਾ: "ਮਹਾਰਾਜ! ਇਸ ਬਾਰੇ ਤੁਹਾਡੇ ਧਰਮ-ਗਰੰਥ ਕੀ ਕਹਿੰਦੇ ਹਨ?"

"ਸੱਚਾ ਸਾਧੂ/ਸੰਨਿਆਸੀ ਉਹ ਵਿਅਕਤੀ ਹੈ ਜਿਹੜਾ ਹਮੇਸ਼ਾ ਆਤਮਾ ਦਾ ਸ਼ੁੱਧ ਉਪਯੋਗ ਕਰਦਾ ਹੈ, ਸਹਿਜ ਅਵਸਥਾ ਵਿਚ ਰਹਿੰਦਾ ਹੈ, ਪੂਰਨ ਤੌਰ ਤੇ ਸ਼ਾਂਤ ਹੈ, ਜਿਸ ਦਾ ਗਿਆਨ ਅਤੇ ਭਗਤੀ ਲੁਭਾਵਣੇ ਹਨ, ਜਿਸ ਨੇ ਕਰਮਾਂ ਦੇ ਸਾਰੇ ਪ੍ਰਭਾਵ ਧੋ ਦਿੱਤੇ ਹਨ ਅਤੇ ਜਿਹੜਾ ਹਮੇਸ਼ਾ ਪਰਮ ਆਨੰਦ ਦੀ ਅਵਸਥਾ ਵਿਚ ਰਹਿੰਦਾ ਹੈ।"

"ਮੈਂ ਹਮੇਸ਼ਾ ਆਤਮਾ ਦੇ ਸ਼ੁੱਧ ਉਪਯੋਗ ਵਾਲੀ ਅਵਸਥਾ ਵਿਚ ਵਿਚਰਦਾ ਹਾਂ। ਕੀ ਅਜਿਹੇ ਗਿਆਨੀ ਉਪਰ ਹਿੰਸਾ ਦਾ ਦੋਸ਼ ਲਗ ਸਕਦਾ ਹੈ?" ਉਸ ਸਾਧੂ ਮਹਾਰਾਜ ਨੇ ਵੀ ਨਾਂਹ ਵਿਚ ਉੱਤਰ ਦਿੱਤਾ।

**ਪ੍ਰਸ਼ਨ-ਕਰਤਾ** : ਉਹ ਕਿਵੇਂ?

**ਦਾਦਾਸ਼੍ਰੀ** : ਮੈਂ ਵਿਸਥਾਰ ਵਿਚ ਸਮਝਾਇਆ ਕਿ ਮੈਨੂੰ ਪਾਪ ਨਹੀਂ ਚਿੰਬੜਦਾ ਪਰੰਤੂ ਇਹ ਤੁਹਾਨੂੰ ਜ਼ਰੂਰ ਚਿੰਬੜਦਾ ਹੈ ਕਿਉਂਕਿ ਤੁਸੀਂ ਇਹ ਵਿਸ਼ਵਾਸ ਕਰਦੇ ਹੋ ਕਿ "ਮੈਂ ਮਹਾਰਾਜ ਹਾਂ; ਇਹ ਮੇਰੇ ਹੱਥ-ਪੈਰ ਹਨ; ਅਤੇ ਕੀੜੇ-ਮਕੌੜੇ ਮੇਰੇ ਕਾਰਨ ਦਰੜ ਕੇ ਮਾਰੇ ਜਾ ਰਹੇ ਹਨ। ਇਹ ਗਿਆਨ, ਇਹ ਪ੍ਰਭਾਵ ਤੁਹਾਨੂੰ ਲਗਾਤਾਰ ਕਸ਼ਟ ਦੇ ਰਿਹਾ ਹੈ। ਇਥੋਂ ਤਕ ਕਿ ਨੀਂਦ ਵਿਚ ਵੀ ਤੁਹਾਨੂੰ ਇਸ ਦੀ ਚੋਭ ਮਹਿਸੂਸ ਹੁੰਦੀ ਰਹਿੰਦੀ ਹੈ। ਇਸੇ ਕਰਕੇ ਪਾਪ ਵੀ ਤੁਹਾਨੂੰ ਚਿੰਬੜਿਆ ਰਹਿੰਦਾ ਹੈ। ਇਸ ਦੇ ਉਲਟ, ਮੈਂ ਹਮੇਸ਼ਾ ਆਤਮਾ ਦੇ ਸ਼ੁੱਧ ਉਪਯੋਗ ਦੀ ਅਵਸਥਾ ਵਿਚ ਹੁੰਦਾ ਹਾਂ ਅਤੇ ਇਕ ਪਲ ਵੀ ਕਦੇ ਇਹ ਮਹਿਸੂਸ ਨਹੀਂ ਕਰਦਾ ਕਿ ਇਹ ਸਰੀਰ ਮੇਰਾ ਹੈ। ਸਰੀਰ ਦੀ ਮਲਕੀਅਤ ਵਾਲਾ ਸਮੁੱਚਾ ਅਹਿਸਾਸ ਅਲੋਪ ਹੋ ਗਿਆ ਹੈ। ਇਸ ਕਰਕੇ ਮੈਂ

ਕਿਸੇ ਤਰ੍ਹਾਂ ਦੇ ਵੀ ਪਾਪ ਦੇ ਦਾਗ਼ ਤੋਂ ਮੁਕਤ ਹਾਂ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਮੇਰੀ ਗੱਲ ਸੁਣੋ। ਤੁਹਾਡੇ ਕੋਲ ਕਿਸੇ ਥਾਂ ਇਕ ਪਲਾਟ ਸੀ ਜਿਹੜਾ ਤੁਸੀਂ ਇਕ ਹਫ਼ਤਾ ਪਹਿਲਾਂ ਲੱਲੂਭਾਈ ਨੂੰ ਵੇਚ ਦਿੱਤਾ। ਇਸ ਸੰਬੰਧੀ ਕਾਗਜ਼ ਵੀ ਤਿਆਰ ਕਰ ਲਏ। ਫਿਰ ਇਕ ਦਿਨ ਪੁਲਿਸ ਹੱਥਕੜੀ ਲੈ ਕੇ ਤੁਹਾਡੇ ਘਰ ਆਉਂਦੀ ਹੈ ਅਤੇ ਤੁਹਾਨੂੰ ਕਹਿੰਦੀ ਹੈ: "ਅਮਿਤ! ਤੁਹਾਨੂੰ ਸਾਡੇ ਨਾਲ ਪੁਲਿਸ ਸਟੇਸ਼ਨ ਤੱਕ ਆਉਣਾ ਪਵੇਗਾ।" ਕੁਦਰਤੀ ਗੱਲ ਹੈ ਕਿ ਤੁਸੀਂ ਉਨ੍ਹਾਂ ਨੂੰ ਇਸ ਦਾ ਕਾਰਨ ਤਾਂ ਪੁਛੋਗੇ ਅਤੇ ਇਹ ਵੀ ਕਹੋਗੇ ਕਿ "ਮੈਂ ਕਿਉਂ ਤੁਹਾਡੇ ਨਾਲ ਪੁਲਿਸ ਸਟੇਸ਼ਨ ਜਾਵਾਂ: ਮੈਂ ਕਿਹੜਾ ਜ਼ੁਰਮ ਕੀਤਾ ਹੈ?" ਪੁਲਿਸ ਤੁਹਾਨੂੰ ਸੂਚਿਤ ਕਰਦਿਆਂ ਦੱਸੇਗੀ ਕਿ "ਤੁਹਾਡੇ ਉਸ ਪਲਾਟ ਵਿਚ ਦਸ ਲੱਖ ਰੁਪਏ ਦੇ ਮੁੱਲ ਦਾ ਤਸਕਰੀ ਦਾ ਸੋਨਾ ਦੱਬਿਆ ਹੋਇਆ ਮਿਲਿਆ ਹੈ। ਇਹ ਜ਼ੁਰਮ ਹੈ ਤੁਹਾਡਾ।" ਇਸ ਮੌਕੇ ਤੁਸੀਂ ਇਕਦਮ ਪੁਲਿਸ ਨੂੰ ਕਾਗਜ਼ ਦਿਖਾਉਗੇ ਕਿ ਉਹ ਪਲਾਟ ਤਾਂ ਤੁਸੀਂ ਲੱਲੂਭਾਈ ਨੂੰ ਵੇਚ ਦਿੱਤਾ ਹੈ। ਇਹ ਦੱਸ ਕੇ ਤੁਸੀਂ ਰਾਹਤ ਮਹਿਸੂਸ ਕਰੋਗੇ। ਪੁਲਿਸ ਵੀ ਇਕਦਮ ਸਾਰਾ ਅਮਲਾ ਸਮਝ ਜਾਵੇਗੀ ਅਤੇ ਤੁਹਾਡੇ ਕੋਲੋਂ ਮਾਫ਼ੀ ਮੰਗਣ ਉਪਰੰਤ ਲੱਲੂਭਾਈ ਦੇ ਘਰ ਵੱਲ ਚੱਲ ਪਏਗੀ।

ਮੇਰੀ ਵੀ ਇਹੋ ਅਵਸਥਾ ਹੈ। ਮੈਂ ਇਸ ਸਰੀਰ ਦਾ ਮਾਲਕ ਨਹੀਂ ਹਾਂ। ਮੈਂ ਇਸ ਬ੍ਰਹਿਮੰਡ ਦੇ ਮਾਲਕ ਦੀ ਤਰ੍ਹਾਂ ਹਾਂ ਪਰੰਤੂ ਮੇਰੇ ਅੰਦਰ ਇਸ ਬ੍ਰਹਿਮੰਡ ਦੇ ਕਿਸੇ ਪਲਾਟ ਦੀ ਮਲਕੀਅਤ ਦੀ ਭਾਵਨਾ ਬਿਲਕੁਲ ਨਹੀਂ ਹੈ। ਮੈਂ ਸਾਰੇ ਬ੍ਰਹਿਮੰਡ ਨੂੰ ਹਿਲਾ ਸਕਣ ਦੀ ਸ਼ਕਤੀ ਰਖਦਾ ਹਾਂ ਪਰੰਤੂ ਇਹ ਅੰਬਾਲਾਲ ਮੁਜਲੀਭਾਈ ਕੋਲ ਤਾਂ ਇਕ ਪਾਪੜ ਨੂੰ ਤੋੜ ਸਕਣ ਦੀ ਸਮਰਥਾ ਵੀ ਨਹੀਂ ਹੈ।

## 47
## ਮਾਨਵ-ਜਾਤੀ ਦੀ ਉੱਨਤੀ

**ਪ੍ਰਸ਼ਨ-ਕਰਤਾ** : ਜਾਪਦਾ ਹੈ ਇਸ ਸੰਸਾਰ ਵਿਚ ਭਿੰਨ-ਭਿੰਨ ਪ੍ਰਕਾਰ ਦੇ ਮਾਨਵ ਹਨ?

**ਦਾਦਾਸ਼੍ਰੀ** : ਬਿਲਕੁਲ ਠੀਕ। ਮਾਨਵ-ਜਾਤੀ ਅੰਦਰ ਚੌਦਾਂ ਲੱਖ ਪੱਧਤੀਆਂ ਹਨ। ਉਪਰਲੀਆਂ 50 ਹਜ਼ਾਰ ਪੱਧਤੀਆਂ ਵਾਲੇ ਵਿਅਕਤੀ ਹੀ ਇਸ ਪ੍ਰਵਚਨ ਨੂੰ ਸੁਨਣ ਦੇ ਯੋਗ ਹਨ। ਹੋ ਸਕਦਾ ਹੈ ਇਕ ਵਿਅਕਤੀ ਆਪਣੇ ਮਾਨਵੀ ਜੀਵਨ ਨੂੰ ਮਾਣ ਰਿਹਾ ਹੋਵੇ ਪਰੰਤੂ ਸਾਰੇ ਮਾਨਵ ਸਮਾਨ ਰੂਪ ਵਿਚ ਉੱਨਤ ਨਹੀਂ ਹਨ। ਹਰ ਕਿਸੇ ਦੀ ਆਂਤਰਿਕ ਉੱਚਤਾ ਦਾ ਆਪਣਾ ਪੱਧਰ ਹੈ ਅਤੇ ਉਨ੍ਹਾਂ ਦਾ ਭਗਵਾਨ ਦਾ ਸੰਕਲਪ ਵੀ ਉਨ੍ਹਾਂ ਦੀ ਇਸ ਉੱਚਤਾ ਦੇ ਅਨੁਸਾਰ ਹੀ ਹੁੰਦਾ ਹੈ।

ਕੁਦਰਤ ਦੇ ਇਸ ਕਾਨੂੰਨ ਦੇ ਅਨੁਸਾਰ, ਉਹ ਆਪਣੇ ਭਗਵਾਨ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ਼ ਰਖਦੇ ਹਨ। ਜਿਹੜੇ ਧਰਮ-ਗਰੰਥ ਉਹ ਪੜ੍ਹਦੇ ਜਾਂ ਪਸੰਦ ਕਰਦੇ ਹਨ ਉਹ ਵੀ ਉਨ੍ਹਾਂ ਦੇ ਆਤਮਕ ਪੱਧਰ ਅਨੁਸਾਰ ਹੀ ਹੁੰਦੇ ਹਨ।

ਆਪਣੀ-ਆਪਣੀ ਆਤਮਕ ਪ੍ਰਗਤੀ ਅਨੁਸਾਰ ਸਾਰੇ ਵਿਅਕਤੀ ਵੱਖ-ਵੱਖ ਪੱਧਤੀਆਂ ਉਪਰ ਰਹਿੰਦੇ ਹਨ। ਉਨ੍ਹਾਂ ਦਾ ਭਗਵਾਨ ਦਾ ਸੰਕਲਪ ਵੀ ਉਨ੍ਹਾਂ ਦੀ ਇਸ ਪੱਧਤੀ ਅਨੁਸਾਰ ਹੀ ਹੁੰਦਾ ਹੈ।

ਇਹ ਸਾਰੀਆਂ ਪੱਧਤੀਆਂ ਸਾਪੇਖ ਧਰਮਾਂ ਦੇ ਖੇਤਰ ਵਿਚ ਆਉਂਦੀਆਂ ਹਨ।

## 48
## ਮਾਇਆ ਅਤੇ ਮੁਕਤੀ

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਧਰਮ ਗਰੰਥਾਂ ਵਿਚ ਮਾਇਆ ਦੀ ਤਾਕਤ ਦਾ ਵਾਰ-ਵਾਰ ਜ਼ਿਕਰ ਮਿਲਦਾ ਹੈ। ਮਾਇਆ ਨੂੰ ਮੁਕਤੀ ਪ੍ਰਾਪਤੀ ਦੇ ਰਾਹ ਵਿਚ ਇਕ ਸਰਬ-ਵਿਆਪੀ ਅਤੇ ਸਭ ਤੋਂ ਤਕੜੀ ਰੁਕਾਵਟ ਕਿਹਾ ਗਿਆ ਹੈ। ਇਉਂ ਜਾਪਦਾ ਹੈ ਕਿ ਇਹ ਮਨੁੱਖ ਨੂੰ ਕਮਜ਼ੋਰ ਬਣਾ ਦਿੰਦੀ ਹੈ। ਇਕ ਬਹੁਤ ਪ੍ਰਚਲਤ ਕਹਾਵਤ ਹੈ: "ਮਾਇਆ ਦੇ ਸਿਰ ਉਪਰ ਨੌ ਹੱਥ ਲੰਬੇ ਸਿੰਗ ਹੁੰਦੇ ਹਨ: ਇਹ ਅੱਗੋਂ ਸਿੰਗਾਂ ਨਾਲ ਮਾਰਦੀ ਹੈ ਅਤੇ ਪਿੱਛੇ ਤੋਂ ਦੁਲੱਤੀ ਨਾਲ।" ਕਿਰਪਾ ਕਰਕੇ ਸਾਨੂੰ ਦੱਸਣ ਦੀ ਖੇਚਲ ਕਰੋ ਕਿ ਮਾਇਆ ਦੀ ਤਾਕਤ ਕੀ ਹੈ?

**ਦਾਦਾਸ਼੍ਰੀ** : ਧਰਮ ਗਰੰਥਾਂ ਵਿਚ ਮਾਇਆ ਦਾ ਵਿਵਰਣ ਬਹੁਤਾ ਕਰਕੇ ਉਪਮਾ ਦੇ ਰੂਪ ਵਿਚ ਮਿਲਦਾ ਹੈ। ਉਦਾਹਰਣ ਦੇ ਲਈ, ਮਾਇਆ ਕਹਿੰਦੀ ਹੈ ਕਿ "ਕ੍ਰੋਧ, ਹੰਕਾਰ, ਕਪਟ, ਲਾਲਚ, ਮੋਹ ਅਤੇ ਘ੍ਰਿਣਾ ਮੇਰੇ ਪੁੱਤਰ ਹਨ ਅਤੇ ਮੈਂ ਸੱਤਵੀਂ ਹਾਂ: ਇਸ ਲਈ ਇਹ ਪਰਿਵਾਰ-ਬ੍ਰਿਛ ਹਮੇਸ਼ਾ ਹਰਿਆ-ਭਰਿਆ ਰਹੇਗਾ। ਜਿੰਨੀ ਦੇਰ ਤਕ ਮੇਰਾ ਪੁੱਤਰ ਹੰਕਾਰ ਜੀਵਿਤ ਹੈ ਉਨੀ ਦੇਰ ਜੇ ਤੁਸੀਂ ਮੇਰੇ ਬਾਕੀ ਸਾਰੇ ਪੁੱਤਰਾਂ ਨੂੰ ਮਾਰ ਵੀ ਦਿੰਦੇ ਹੋ ਤਾਂ ਉਹ ਸਾਰੇ ਮੁੜ ਜੀਵਿਤ ਹੋ ਜਾਣਗੇ।" ਇਸੇ ਲਈ ਕਿਹਾ ਜਾਂਦਾ ਹੈ ਕਿ ਮਾਇਆ ਅਤੇ ਉਸ ਦੇ ਛੇ ਪੁੱਤਰਾਂ ਕਾਰਨ ਇਸ ਸੰਸਾਰ ਵਿਚ ਇਕ ਪਲ ਵੀ ਚੈਨ ਦਾ ਨਸੀਬ ਨਹੀਂ ਹੁੰਦਾ।

ਮਾਇਆ ਦੇ ਇਨ੍ਹਾਂ ਛੇ ਪੁੱਤਰਾਂ ਵਿਚੋਂ ਕ੍ਰੋਧ ਸਭ ਤੋਂ ਵਧ ਸਪਸ਼ਟਵਾਦੀ ਹੈ। ਉਹ ਸੁਭਾਵਕ ਹੀ, ਅਣਜਾਣੇ ਵਿਚ ਹੀ ਕਈ ਕੁਝ ਬੋਲ ਜਾਂਦਾ ਹੈ। ਇਸ ਲਈ ਉਸ ਦੀ ਪਹਿਚਾਣ ਕਰਨੀ ਬਹੁਤ ਸੌਖੀ ਹੈ। ਇਸੇ ਲਈ ਤਾਂ ਕਈ ਲੋਕ ਇਹ ਕਹਿੰਦੇ ਸੁਣੀਂਦੇ ਹਨ: 'ਹੇ ਮੂਰਖ! ਗੁੱਸਾ ਕਿਉਂ ਕਰਦਾ ਹੈ?'

ਹੰਕਾਰ ਵੀ ਛੇਤੀ ਹੀ ਪਹਿਚਾਣਿਆ ਜਾਂਦਾ ਹੈ ਪਰੰਤੂ ਇਹ ਕ੍ਰੋਧ ਨਾਲੋਂ ਘੱਟ ਸਪਸ਼ਟ ਹੈ। ਕੋਈ ਵੀ ਇਹ ਕਹਿ ਦਿੰਦਾ ਹੈ: "ਇੰਨਾ ਹੰਕਾਰ ਕਿਉਂ ਕਰਦਾ ਹੈ?"

ਇਕ ਵਿਅਕਤੀ ਅੰਦਰ ਮੋਹ ਅਤੇ ਕਪਟ ਦੀ ਭਾਵਨਾ ਛੇਤੀ ਪਹਿਚਾਣੀ ਨਹੀਂ ਜਾਂਦੀ। ਇਨ੍ਹਾਂ ਦਾ ਸ਼ਿਕਾਰ ਵਿਅਕਤੀ ਵੀ ਇਨ੍ਹਾਂ ਪ੍ਰਤੀ ਅਣਜਾਣ ਹੀ ਰਹਿੰਦਾ ਹੈ।

ਲਾਲਚ ਸਭ ਤੋਂ ਅਖੀਰ ਵਿਚ ਆਉਂਦਾ ਹੈ। ਹੋਰ ਤਾਂ ਹੋਰ ਭਗਵਾਨ ਵੀ ਤੁਹਾਡੇ ਲਾਲਚ ਅਤੇ ਕਪਟ ਤੋਂ ਤੰਗ ਆ ਗਿਆ ਹੈ।

ਮਾਇਆ ਅਤੇ ਇਸ ਦੇ ਪੁੱਤਰ ਇੰਨੇ ਸ਼ਕਤੀਸ਼ਾਲੀ ਹਨ ਕਿ ਮੁਕਤੀ ਪ੍ਰਾਪਤੀ ਦਾ ਉਦੇਸ਼ ਪ੍ਰਾਪਤ ਕਰਨਾ ਅਤਿ ਕਠਿਨ ਹੋ ਜਾਂਦਾ ਹੈ। ਮਾਇਆ ਕਈ ਵਾਰ ਤਾਂ ਅਖੀਰਲੇ ਸਾਹ ਤੱਕ ਅਜਿਤ ਹੀ ਰਹਿੰਦੀ ਹੈ।

**ਪ੍ਰਸ਼ਨ-ਕਰਤਾ** : ਉਪਮਾ ਤੋਂ ਬਿਨਾਂ, ਮਾਇਆ ਦਾ ਅਸਤਿਤਵ ਕੀ ਹੈ ਅਤੇ ਇਸ ਦਾ ਖ਼ੇਤਰ ਕੀ ਹੈ?

**ਦਾਦਾਸ਼੍ਰੀ** : ਅਸਲ ਵਿਚ, ਆਤਮਾ ਦੀ ਆਪਣੇ ਸ਼ੁੱਧ ਰੂਪ ਦੀ ਅਗਿਆਨਤਾ ਹੀ ਮਾਇਆ ਹੈ: ਇਸ ਤੋਂ ਇਲਾਵਾ ਕੁਝ ਨਹੀਂ। ਪੁਰਾਣੇ ਲੱਖਾਂ ਜਨਮਾਂ ਤੋਂ ਲੈ ਕੇ ਹਰ ਮਨੁੱਖ ਦੇ ਮਨ ਅੰਦਰ ਜੋ ਦੁਬਿਧਾ ਪੱਕੀ ਧਸੀ ਹੋਈ ਹੈ ਉਹ ਹੈ ਕਿ 'ਮੈਂ ਫਲਾਂ-ਫਲਾਂ ਹਾਂ', 'ਮੈਂ ਫਲਾਂ ਨਾਂ ਦਾ ਵਿਅਕਤੀ ਹਾਂ'। ਇਹੋ ਮਾਇਆ ਦੀ ਮੂਲ ਜੜ੍ਹ ਹੈ ਜਿਸ ਤੋਂ ਅੱਗੇ ਚਲ ਕੇ ਕ੍ਰੋਧ, ਹੰਕਾਰ, ਕਪਟ, ਲਾਲਚ, ਮੋਹ ਅਤੇ ਘ੍ਰਿਣਾ ਦਾ ਪਰਿਵਾਰ ਪੈਦਾ ਹੁੰਦਾ ਹੈ। ਮਾਇਆ ਦੀ ਇਹ ਦੁਬਿਧਾ ਤੇ ਅਗਿਆਨਤਾ ਕ੍ਰਮਕ ਮਾਰਗ ਉਪਰ ਸਦਾ ਹੀ ਅਜਿਤ ਰਹਿੰਦੀ ਹੈ। ਇਹ ਰੁਕਾਵਟ ਅੰਤਲੇ ਸਮੇਂ ਤਕ ਬਣੀ ਰਹਿੰਦੀ ਹੈ।

ਇਸ ਲਈ, ਮਾਇਆ ਨੂੰ ਬੇਹਤਰ ਸਮਝਣ ਲਈ ਅਸੀਂ ਇਸ ਨੂੰ ਭਰਮ ਕਹਿ ਸਕਦੇ ਹਾਂ। ਜਿੰਨੀ ਦੇਰ ਤੱਕ ਵਿਅਕਤੀ ਇਕ ਗਿਆਨੀ ਪੁਰਸ਼ ਦੀ ਮਿਹਰ ਸਦਕਾ ਆਤਮਾ ਦੇ ਸ਼ੁੱਧ ਰੂਪ ਨੂੰ ਨਹੀਂ ਪਹਿਚਾਣ ਲੈਂਦਾ ਉਨੀ ਦੇਰ ਉਹ ਮਾਇਆ ਦੇ ਜਾਲ ਵਿਚ ਫਸਿਆ ਹੀ ਰਹਿੰਦਾ ਹੈ। ਮਨੁੱਖ ਜੀਵਨ ਦਾ ਰਹੱਸ ਵੀ ਉਦੋਂ ਹੀ ਸਮਝ ਸਕਦਾ ਹੈ ਜਦੋਂ ਉਸ ਨੂੰ ਸ਼ੁੱਧ ਆਤਮਾ ਦਾ ਸਹੀ ਗਿਆਨ ਪ੍ਰਾਪਤ ਹੋ ਜਾਂਦਾ ਹੈ, ਜਦੋਂ ਉਸ ਦਾ ਇਕ ਗਿਆਨੀ ਪੁਰਸ਼ ਨਾਲ ਮਿਲਾਪ ਹੋ ਜਾਂਦਾ ਹੈ। ਉਸ ਸਮੇਂ ਮਾਇਆ ਅਤੇ ਉਸ ਦੇ ਸਮਸਤ ਪਰਿਵਾਰ ਦਾ ਪ੍ਰਭਾਵ ਖੀਣ ਅਤੇ ਖ਼ਤਮ ਹੋ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਇਕ ਗਿਆਨੀ ਪੁਰਸ਼ ਮਾਇਆ ਦੀ ਦੁਬਿਧਾ ਨੂੰ ਕਿਵੇਂ ਦੂਰ ਕਰਦਾ ਹੈ?

**ਦਾਦਾਸ਼੍ਰੀ** : ਮੈਂ ਹੋਰ ਕੁਝ ਨਹੀਂ ਕਰਦਾ ਸਿਵਾਇ ਇਸ ਦੇ ਕਿ ਮੈਂ ਤੁਹਾਡੇ ਮਨ ਅੰਦਰਲੀ ਹੰਕਾਰ ਦੁਆਰਾ ਪੈਦਾ ਹੋਈ ਦੁਬਿਧਾ – ਮੈਂ ਅਮਿਤ ਹਾਂ – ਨੂੰ ਪੂਰੀ ਤਰ੍ਹਾਂ ਧੋ ਕੇ ਸਾਫ਼ ਕਰ ਦਿੰਦਾ ਹਾਂ।

ਇੰਞ ਮਾਇਆ ਦੇ ਬਾਕੀ ਪੁੱਤਰ ਆਪਣੀ ਕੁਦਰਤੀ ਮੌਤ ਆਪ ਹੀ ਮਰ ਜਾਂਦੇ ਹਨ। ਉਪਰੰਤ ਵਿਅਕਤੀ ਇਸ ਬੰਧਨ ਤੋਂ ਮੁਕਤ ਹੋ ਜਾਂਦਾ ਹੈ ਅਤੇ ਮੋਕਸ਼ ਦਾ ਆਨੰਦ ਮਾਣਦਾ ਹੈ। ਜਦੋਂ ਮੈਂ ਤੁਹਾਨੂੰ ਦੀਖਸ਼ਾ ਦਿੰਦਾ ਹਾਂ ਅਤੇ ਤੁਹਾਨੂੰ ਮਹਿਸੂਸ ਕਰਵਾਉਂਦਾ ਹਾਂ ਕਿ ਤੁਹਾਡੀ ਸ਼ੁੱਧ ਆਤਮਾ ਹੀ ਤੁਹਾਡੀ ਅਸਲੀ ਪਹਿਚਾਣ ਹੈ ਤਾਂ ਤੁਹਾਡਾ 'ਮੈਂ ਅਮਿਤ ਹਾਂ' ਦਾ ਸਦੀਆਂ ਪੁਰਾਣਾ ਭਰਮ ਅਤੇ ਅਗਿਆਨਤਾ ਖ਼ਤਮ ਹੋ ਜਾਂਦੇ ਹਨ ਅਤੇ ਤੁਸੀਂ ਮਾਇਆ ਦੇ ਬੰਧਨ ਤੋਂ ਮੁਕਤ ਹੋ ਜਾਂਦੇ ਹੋ।

## 49

## ਖੁਸ਼ੀ ਦੇ ਤਿੰਨ ਪ੍ਰਕਾਰ

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਕੀ ਤੁਸੀਂ ਕਿਰਪਾ ਕਰਕੇ ਵਿਭਿੰਨ ਪ੍ਰਕਾਰ ਦੀਆਂ ਖੁਸ਼ੀਆਂ ਤੋਂ ਸਾਨੂੰ ਜਾਣੂੰ ਕਰਵਾਉਗੇ?

**ਦਾਦਾਸ਼੍ਰੀ** : ਇਸ ਸੰਸਾਰ ਵਿਚ ਖੁਸ਼ੀ ਦੇ ਤਿੰਨ ਪ੍ਰਕਾਰ ਹਨ:

1. **ਇੰਦਰੀ-ਸੁਖ**: ਜਿਨ੍ਹਾਂ ਚੀਜਾਂ ਨੂੰ ਵਿਅਕਤੀ ਆਪਣੀਆਂ ਪੰਜ ਇੰਦਰੀਆਂ ਰਾਹੀਂ ਮਾਣਦਾ ਹੈ ਉਹ ਇੰਦਰੀ-ਸੁਖ ਦਿੰਦੀਆਂ ਹਨ।

2. **ਨਿਰ-ਇੰਦਰੀ ਸੁਖ**: ਕੁਝ ਵਿਅਕਤੀ ਇੰਦਰੀਆਂ ਦੇ ਸੁਖ ਨੂੰ ਤਿਆਗ ਦਿੰਦੇ ਹਨ ਪਰੰਤੂ ਫਿਰ ਵੀ ਉਨ੍ਹਾਂ ਨੂੰ ਆਤਮਕ ਸੁਖ ਨਹੀਂ ਮਿਲਦਾ। ਉਹ ਇਨ੍ਹਾਂ ਦੋਹਾਂ ਅਵਸਥਾਵਾਂ ਦੇ ਵਿਚਕਾਰ ਲਟਕਦੇ ਰਹਿ ਜਾਂਦੇ ਹਨ। ਇਸ ਤਰ੍ਹਾਂ ਦੀ ਖੁਸ਼ੀ ਨੂੰ ਅਸੀਂ ਹਉਮੈਂ ਦੇ ਨਸ਼ੇ ਤੋਂ ਉਪਜੀ ਖੁਸ਼ੀ ਹੀ ਕਹਿ ਸਕਦੇ ਹਾਂ।

ਇਸ ਅਵਸਥਾ ਵਿਚ ਕਈ ਵਿਅਕਤੀ ਭਗਤੀ, ਆਦਿ ਕੋਸ਼ਿਸ਼ਾਂ ਰਾਹੀਂ ਆਪਣੀ ਹਉਮੈਂ ਨੂੰ ਇਕ ਦਿਸ਼ਾ ਦੇਣ ਦੇ ਯਤਨ ਕਰਦੇ ਰਹਿੰਦੇ ਹਨ ਮਾਨੋ ਉਹ ਸਿਰਫ਼ ਆਤਮਾ ਹੋਣ। ਇਹ ਸਭ ਉਨ੍ਹਾਂ ਨੂੰ ਸੁਖ ਪ੍ਰਦਾਨ ਕਰਦਾ ਹੈ ਹਾਲਾਂਕਿ ਅਜਿਹੇ ਵਿਅਕਤੀ ਆਪਣੀ ਸ਼ੁੱਧ ਆਤਮਾ ਨੂੰ ਨਹੀਂ ਪਹਿਚਾਣ ਸਕਦੇ।

3. **ਅਤਿਨਿੰਦਰੀ-ਸੁਖ**: ਇਹ ਸ਼ੁੱਧ ਆਤਮਾ ਉਪਰ ਕੇਂਦ੍ਰਿਤ ਸੁਖ ਹੈ। ਇਹ ਖੁਸ਼ੀ ਇੰਦਰੀਆਂ ਅਤੇ ਹਉਮੈਂ ਤੋਂ ਅਟੰਕ ਸਿਰਫ਼ ਸ਼ੁਧ ਆਤਮਾ ਦਾ ਆਨੰਦ ਦਾ ਅਹਿਸਾਸ ਹੈ। ਇਹ ਸ਼ੁੱਧ ਆਤਮਾ ਦਾ ਅਨੰਤ, ਸਦੀਵੀ ਅਨੰਦ ਹੈ। ਪਰੰਤੂ ਉਹ ਉਨੀ ਦੇਰ ਤਕ ਨਹੀਂ ਅਨੁਭਵ ਕੀਤਾ ਜਾ ਸਕਦਾ ਜਦੋਂ ਤਕ ਤੁਸੀਂ ਸ਼ੁੱਧ ਆਤਮਾ ਨੂੰ ਜਾਣ ਅਤੇ ਪਹਿਚਾਣ ਨਹੀਂ ਲੈਂਦੇ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਇਕ ਵਾਰ ਸਰਦੀ ਦੀ ਅਤਿਅੰਤ ਠੰਢੀ ਰਾਤ ਸੀ। ਹੋਇਆ ਇੰਞ ਕਿ ਤਿੰਨ

ਯਾਤਰੀ ਆਪਣੇ ਸਫ਼ਰ ਦੌਰਾਨ ਇਕ ਪਿੰਡ ਦੀ ਧਰਮਸ਼ਾਲਾ ਵਿਚ ਪਹੁੰਚੇ। ਇਹਨਾਂ ਤਿੰਨਾ ਮੁਸਾਫ਼ਰਾਂ ਵਿਚੋਂ ਇਕ ਇੰਦਰੀ-ਸੁਖ ਮਾਨਣ ਦਾ ਚਾਹਵਾਨ ਸੀ, ਦੂਸਰਾ ਹਉਮੈਂ ਦੀ ਖੁਸ਼ੀ ਮਾਨਣ ਵਾਲਾ ਸੀ ਅਤੇ ਤੀਸਰਾ ਮੁਸਾਫ਼ਰ ਸ਼ੁੱਧ ਆਤਮਾ ਦੇ ਸੁਖ ਵਿਚ ਹੀ ਸੰਤੁਸ਼ਟ ਸੀ। ਰਾਤ ਨੂੰ ਬਰਫ਼ ਵੀ ਪੈ ਗਈ। ਇਨ੍ਹਾਂ ਤਿੰਨਾਂ ਵਿਚੋਂ ਕਿਸੇ ਕੋਲ ਵੀ ਰਾਤ ਨੂੰ ਨਾ ਤਾਂ ਸਰੀਰ ਉਪਰ ਲੈਣ ਲਈ ਕੋਈ ਕੱਪੜਾ ਸੀ ਅਤੇ ਨਾ ਹੀ ਸੌਣ ਵਾਸਤੇ ਹੇਠਾਂ ਵਿਛਾਉਣ ਲਈ। ਕੀ ਤੁਸੀਂ ਜਾਣਦੇ ਹੋ ਕਿ ਉਹਨਾਂ ਨੇ ਰਾਤ ਕਿਵੇਂ ਗੁਜਾਰੀ?

ਇੰਦਰੀ-ਸੁਖ ਮਾਨਣ ਵਾਲਾ ਮੁਸਾਫ਼ਰ ਹਰ ਪੰਜ ਮਿੰਟ ਬਾਦ ਰੋਂਦਾ ਪਿਟਦਾ ਅਤੇ ਕਹਿੰਦਾ: 'ਹੇ ਭਗਵਾਨ! ਇਹ ਠੰਢ ਤਾਂ ਅੱਜ ਮਾਰ ਕੇ ਹੀ ਛੱਡੇਗੀ: ਅੱਜ ਮਰ ਜਾਣਾ ਯਕੀਨੀ ਹੈ।' ਦੇਖੋ! ਅਗਲੀ ਸਵੇਰ ਤਕ ਉਹ ਮਰ ਵੀ ਗਿਆ।

ਦੂਸਰਾ ਯਾਤਰੀ, ਜਿਹੜਾ ਆਪਣੀ ਹਉਮੈਂ ਦੇ ਨਸ਼ੇ ਵਿਚ ਹੀ ਆਨੰਦਿਤ ਰਹਿੰਦਾ ਸੀ, ਹਰ ਮਿੰਟ ਬਾਦ ਇਕੋ ਗੱਲ ਦੁਹਰਾਉਂਦਾ: 'ਓਹ! ਬਹੁਤ ਹੀ ਠੰਢ ਹੈ। ਪਰ ਇਹ ਮੇਰੇ ਉਪਰ ਕੀ ਅਸਰ ਕਰੇਗੀ, ਜੇ ਰਤਾ ਕਰੇਗੀ ਵੀ ਤਾਂ ਸਿਰਫ਼ ਮੇਰੇ ਸਰੀਰ ਉਪਰ ਹੀ ਅਸਰ ਕਰੇਗੀ।' ਇਸ ਤਰ੍ਹਾਂ ਹਉਮੈਂ ਦੇ ਨਸ਼ੇ ਵਿਚ ਆਫ਼ਰੇ ਹੋਏ ਨੇ ਰਾਤ ਗੁਜ਼ਾਰ ਦਿੱਤੀ। ਜੇ ਤੁਸੀਂ ਉਸ ਨੂੰ ਸਵੇਰੇ ਵੇਖਦੇ ਤਾਂ ਉਸ ਦਾ ਸਰੀਰ ਸੁੰਨ ਹੋਇਆ ਪਿਆ ਸੀ ਪਰੰਤੂ ਉਸ ਦੇ ਸਾਹ ਹਾਲੇ ਵੀ ਚਲਦੇ ਸਨ – ਭਾਵੇਂ ਹੌਲੀ-ਹੌਲੀ ਹੀ ਚਲਦੇ ਸਨ। ਇਹ ਵਿਅਕਤੀ ਪੂਰੀ ਤਰ੍ਹਾਂ ਹਉਮੈਂ ਨਾਲ ਨਸ਼ਿਆਇਆ ਹੋਇਆ ਸੀ : ਅਜਿਹਾ ਵਿਅਕਤੀ ਇਕ ਵਿਸ਼ੇਸ਼ ਪ੍ਰਕਾਰ ਦੇ ਨਸ਼ੇ ਵਿਚ ਆਪਣੀ ਹੀ ਆਕੜ ਵਿਚ ਰਹਿੰਦਾ ਹੈ। ਲੋਕ ਉਸ ਨੂੰ 'ਬਾਬਾ' ਕਹਿ ਕੇ ਉਸ ਦੀ ਖੁਸ਼ਾਮਦ ਕਰਦੇ ਹਨ ਅਤੇ ਇਹ ਬਾਬਾ ਅਤੇ ਇਸ ਦੀ ਵਿਚਾਰੀ ਆਤਮਾ!

ਹੁਣ ਵੇਖੀਏ ਜਿਹੜਾ ਵਿਅਕਤੀ ਆਪਣੀ ਸ਼ੁੱਧ ਆਤਮਾ ਵਿਚ ਹੀ ਖੁਸ਼ ਸੀ ਉਸ ਦੀ ਰਾਤ ਕਿਵੇਂ ਬੀਤੀ? ਜਿਉਂ ਹੀ ਬਾਹਰ ਬਰਫ਼ ਪੈਣੀ ਸ਼ੁਰੂ ਹੋਈ ਉਸ ਨੇ ਖ਼ੁਦ ਨੂੰ ਆਪਣੀ ਸ਼ੁੱਧ ਆਤਮਾ ਵਿਚ ਲੀਨ ਕਰ ਲਿਆ। ਸਾਰੀ ਰਾਤ ਉਹ ਆਪਣੇ ਸਰੀਰ ਤੋਂ ਪੂਰੀ ਤਰ੍ਹਾਂ ਅਲੇਪ ਰਿਹਾ। ਉਹ ਅਨੰਤ ਅਨੰਦ ਦੇ ਸਹਿਜ-ਘਰ ਵਿਚ ਸਥਿਰ ਰਿਹਾ ਅਤੇ ਅਗਲੀ ਸਵੇਰ ਧਰਮਸ਼ਾਲਾ ਤੋਂ ਆਪਣੇ ਅਗਲੇ ਸਫ਼ਰ ਉਪਰ ਰਵਾਨਾ ਹੋ ਗਿਆ।

## 50

## ਮੇਲ-ਵਿਕਰਸ਼ਣ-ਅਗਿਆਨ : ਮੋਹ-ਨਫ਼ਰਤ-ਅਗਿਆਨ

**ਪ੍ਰਸ਼ਨ-ਕਰਤਾ** : ਮਨੁੱਖ ਮੁਕਤੀ ਕਿਵੇਂ ਪ੍ਰਾਪਤ ਕਰਦਾ ਹੈ?

**ਦਾਦਾਸ਼੍ਰੀ** : ਵੇਦਾਂਤ ਦਾ ਕਥਨ ਹੈ ਕਿ "ਜਦੋਂ ਮੈਲ, ਵਿਕਰਸ਼ਣ ਅਤੇ ਅਗਿਆਨ ਖ਼ਤਮ ਹੋ ਜਾਂਦੇ ਹਨ ਤਾਂ ਵਿਅਕਤੀ ਮੁਕਤ-ਪਦ ਨੂੰ ਪ੍ਰਾਪਤ ਹੁੰਦਾ ਹੈ।" ਜੈਨ ਧਰਮ ਵਿਚ ਕਿਹਾ ਗਿਆ ਹੈ ਕਿ "ਜਦੋਂ ਰਾਗ, ਦਵੈਸ਼ ਅਤੇ ਅਗਿਆਨ ਖ਼ਤਮ ਹੋ ਜਾਂਦੇ ਹਨ ਤਾਂ ਵਿਅਕਤੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ।"

ਦੋਵੇਂ ਧਾਰਮਿਕ ਵਿਚਾਰਧਾਰਾਵਾਂ ਹੀ ਅਗਿਆਨਤਾ ਨੂੰ ਇਕ ਸਾਂਝੀ ਰੁਕਾਵਟ ਮੰਨ ਕੇ ਇਸ ਨੂੰ ਦੂਰ ਕਰਨ ਉਪਰ ਜ਼ੋਰ ਦਿੰਦੀਆਂ ਹਨ।

ਜਿਹੜੀ ਸਰੀਰਕ ਅਪਵਿੱਤਰਤਾ ਜਾਂ ਮੈਲ ਹੈ ਉਹ ਤਾਂ ਸਰੀਰ ਨੂੰ ਨਹਾ ਧੋ ਕੇ ਸਾਫ਼ ਕਰਨ ਨਾਲ ਧੋਤੀ ਜਾ ਸਕਦੀ ਹੈ ਪਰੰਤੂ ਆਪਣੇ ਮਨ ਦੀ ਮੈਲ ਕਿਵੇਂ ਧੋਤੀ ਜਾਵੇ? ਚਿਤ ਦੀ ਮੈਲ/ਅਪਵਿੱਤਰਤਾ ਦੂਰ ਕਰਨੀ ਹੋਰ ਵੀ ਕਠਿਨ ਕਾਰਜ ਹੈ।

ਜਿੰਨੀ ਦੇਰ ਅਗਿਆਨਤਾ ਹੈ ਉਨੀ ਦੇਰ ਦੁਬਿਧਾ ਅਤੇ ਉਨਮਾਦ ਰਹਿਣਗੇ ਅਤੇ ਅਪਵਿੱਤਰਤਾ ਪੈਦਾ ਹੁੰਦੀ ਰਹੇਗੀ। ਸਾਰੇ ਹੀ ਲੋਕ ਇਸ ਮੈਲ ਜਾਂ ਅਪਵਿੱਤਰਤਾ ਨੂੰ ਧੋਣ ਦਾ ਅਤੇ ਦੁਬਿਧਾ ਨੂੰ ਖ਼ਤਮ ਕਰਨ ਦਾ ਯਤਨ ਕਰਦੇ ਹਨ ਤਾਂ ਜੋ ਉਹ ਆਂਤਰਿਕ ਸ਼ਾਂਤੀ ਅਨੁਭਵ ਕਰ ਸਕਣ ਜਦੋਂ ਕਿ ਇਨ੍ਹਾਂ ਬੁਰਾਈਆਂ ਦਾ ਮਨ ਅੰਦਰ ਦਾਖ਼ਲ ਹੋਣਾ ਜਾਰੀ ਰਹਿੰਦਾ ਹੈ। ਇਸ ਦਾ ਸਹੀ ਹੱਲ ਹੈ ਅਗਿਆਨਤਾ ਨੂੰ ਦੂਰ ਕਰਕੇ ਮਨ ਅੰਦਰ ਸਹੀ ਗਿਆਨ ਦਾ ਚਾਨਣ ਕਰਨਾ ਅਤੇ ਇਹ ਸਹੀ ਗਿਆਨ ਕਿਸੇ ਗਿਆਨੀ ਪੁਰਸ਼ ਕੋਲੋਂ ਹੀ ਮਿਲ ਸਕਦਾ ਹੈ। ਗਿਆਨੀ ਪੁਰਸ਼ ਨੂੰ ਮਿਲ ਕੇ ਸਹੀ ਗਿਆਨ ਪ੍ਰਾਪਤ ਕਰਨ ਉਪਰੰਤ ਵਿਅਕਤੀ ਸਤਿਸੰਗ ਵਿਚ ਸ਼ਾਮਲ ਹੋ ਕੇ ਅਤੇ ਸਹੀ ਸਮਝ ਹਾਸਲ ਕਰਕੇ ਇਨ੍ਹਾਂ ਬੁਰਾਈਆਂ ਤੋਂ ਖਹਿੜਾ ਛੁਡਾ ਸਕਦਾ ਹੈ।

**ਪ੍ਰਸ਼ਨ-ਕਰਤਾ** : ਮਨੁੱਖੀ ਆਤਮਾ ਦੇ ਬੰਧਨ ਦਾ ਕਾਰਨ ਕੀ ਹੈ?

**ਦਾਦਾਸ਼੍ਰੀ** : ਇਹ ਸਭ ਅਗਿਆਨ ਦੇ ਕਾਰਨ ਹੈ।

**ਪ੍ਰਸ਼ਨ-ਕਰਤਾ** : ਫਿਰ ਵਿਅਕਤੀ ਮੁਕਤ ਕਿਵੇਂ ਹੋ ਸਕਦਾ ਹੈ?

**ਦਾਦਾਸ਼੍ਰੀ** : ਗਿਆਨ ਦੇ ਰਾਹੀਂ; ਗਿਆਨ ਦੁਸ਼ਮਣ ਹੈ ਉਸ ਤਾਕਤ ਦਾ ਜਿਹੜੀ ਆਤਮਾ ਦੇ ਬੰਧਨ ਦਾ ਕਾਰਨ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਸ ਨੂੰ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਇਹ ਸੋਚ ਕਿ 'ਮੈਂ ਅਮਿਤ ਹਾਂ' ਇਕ ਗਲਤ ਥਾਂ ਨਾਲ ਜੁੜਨਾ (ਬੰਧਨ) ਹੈ ਪਰੰਤੂ ਇਹ ਬੰਧਨ ਮਨੁੱਖ ਨੂੰ (ਆਪਣੀ ਅਗਿਆਨਤਾ ਕਾਰਨ) ਬਹੁਤ ਪਸੰਦ ਹੈ। ਇਸ ਲਈ, ਉਨੀ ਹੀ ਨਾ-ਪਸੰਦਗੀ ਉਸ ਦੇ ਮਨ ਵਿਚ ਰਹਿੰਦੀ ਹੈ ਇਸ ਦੇ ਵਿਪਰੀਤ ਦਿਸ਼ਾ ਵੱਲ ਝੁਕਾਅ ਪ੍ਰਤੀ। ਇਸ ਦਾ ਭਾਵ ਹੁੰਦਾ ਹੈ ਸ਼ੁੱਧ ਆਤਮਾ ਪ੍ਰਤੀ ਨਾ-ਪਸੰਦਗੀ। ਜੇ ਇਕ ਗੱਲ ਨਾਲ ਸਾਡਾ ਮੋਹ

ਹੈ ਅਤੇ ਅਸੀਂ ਉਸ ਨਾਲ ਜੁੜੇ ਹੋਏ ਹਾਂ ਤਾਂ ਕੁਦਰਤੀ ਹੈ ਕਿ ਉਸ ਦੇ ਵਿਪਰੀਤ ਵਾਲੀ ਗੱਲ ਸਾਨੂੰ ਨਾ-ਪਸੰਦ ਹੋਵੇਗੀ।

ਜਦੋਂ ਮੈਂ ਤੁਹਾਨੂੰ ਸ਼ੁੱਧ ਆਤਮਾ ਨੂੰ ਪਹਿਚਾਨਣ ਲਈ ਕਹਿੰਦਾ ਹਾਂ ਅਤੇ ਤੁਹਾਡੀ ਨਜ਼ਰ ਸ਼ੁੱਧ ਆਤਮਾ ਉਪਰ ਹੀ ਕੇਂਦ੍ਰਿਤ ਕਰ ਦਿੰਦਾ ਹਾਂ ਤਾਂ ਉਸ ਸਮੇਂ ਤੁਸੀਂ ਉਸ ਮੋਹ ਦੇ ਬੰਧਨ ਤੋਂ ਅਜ਼ਾਦ ਹੋ ਜਾਂਦੇ ਹੋ ਅਤੇ ਤੁਸੀਂ ਅਗਾਂਹ ਵਧ ਜਾਂਦੇ ਹੋ। ਤੁਸੀਂ ਹਰ ਪ੍ਰਕਾਰ ਦੀ ਨਾ-ਪਸੰਦਗੀ ਅਤੇ ਨਫ਼ਰਤ ਤੋਂ ਉੱਚੇ ਉਠ ਜਾਂਦੇ ਹੋ: ਇਨ੍ਹਾਂ ਤੋਂ ਮੁਕਤ ਹੋ ਜਾਂਦੇ ਹੋ।

ਵਿਤਰਾਗ ਤੋਂ ਭਾਵ ਹੈ ਸਹਿਜ ਅਵਸਥਾ ਦਾ ਗਿਆਨ, ਸ਼ੁੱਧ ਆਤਮਾ ਦੀ ਪਹਿਚਾਣ। ਮੈਂ ਤੁਹਾਨੂੰ ਸਰਵੋਤਮ ਗਿਆਨ ਅਤੇ ਸਰਵੋਤਮ ਦਰਸ਼ਨ ਨਾਲ ਨਿਵਾਜਦਾ ਹਾਂ ਤਾਂ ਕਿ ਤੁਹਾਡਾ ਦਰਸ਼ਨ ਸੰਪੂਰਣ ਹੋ ਜਾਵੇ। ਪਰੰਤੂ 360° ਵਾਲਾ ਸਰਵੋਤਮ ਗਿਆਨ ਤੁਹਾਨੂੰ ਹਜ਼ਮ ਨਹੀਂ ਹੁੰਦਾ। ਇਸ ਦੇ ਪਿੱਛੇ ਕਾਰਨ ਹੈ ਕਾਲ। ਇਕੋਂ ਤਕ ਕਿ ਸੰਪੂਰਨ, ਸਰਵਉੱਚ ਗਿਆਨ ਦੀ ਸਭ ਤੋਂ ਉਪਰਲੀਆਂ 4° ਮੇਰੀ ਵੀ ਪਹੁੰਚ ਤੋਂ ਪਰ੍ਹੇ ਹਨ। ਮੈਂ ਤੁਹਾਨੂੰ ਬੇਸ਼ਕ 360° ਵਾਲਾ ਸੰਪੂਰਨ, ਸਰਵਉੱਚ ਗਿਆਨ ਪ੍ਰਦਾਨ ਕਰਦਾ ਹਾਂ ਪਰੰਤੂ ਤੁਸੀਂ ਇਸ ਨੂੰ ਹਜ਼ਮ ਕਰ ਸਕਣ ਦੇ ਸਮਰਥ ਨਹੀਂ ਹੋ। ਇਸੇ ਕਰਕੇ ਤੁਹਾਨੂੰ ਅੰਸ਼-ਕੇਵਲ ਗਿਆਨੀ (ਭਾਵ ਜਿਸ ਨੂੰ ਅਧੂਰਾ ਸੰਪੂਰਨ ਗਿਆਨ ਪ੍ਰਾਪਤ ਹੋਵੇ) ਕਿਹਾ ਜਾਂਦਾ ਹੈ। ਸਿਰਫ਼ 'ਭਗਵਾਨ' ਹੀ ਅਜਿਹੇ ਵਿਅਕਤੀ ਹਨ ਜਿਨ੍ਹਾਂ ਪਾਸ ਸੰਪੂਰਨ, ਸਰਵੋਤਮ ਗਿਆਨ ਪ੍ਰਾਪਤ ਹੈ। ਜਦੋਂ ਸ਼ੁੱਧ ਆਤਮਾ ਆਪਣੇ ਆਪ ਨੂੰ ਪ੍ਰਗਟ ਕਰਨਾ ਸ਼ੁਰੂ ਕਰਦੀ ਹੈ ਤਾਂ ਉਸ ਦੇ ਨਾਲ ਨਾਲ ਹੀ ਸਰਵੋਤਮ ਗਿਆਨ ਵੀ ਪ੍ਰਗਟ ਹੋਣਾ ਆਰੰਭ ਹੋ ਜਾਂਦਾ ਹੈ। ਜਦੋਂ ਸ਼ੁੱਧ ਆਤਮਾ ਆਪਣੇ ਆਪ ਨੂੰ ਪੂਰਨ ਤੌਰ ਤੇ ਪ੍ਰਗਟ ਕਰ ਦਿੰਦੀ ਹੈ ਤਾਂ ਇਸ ਨੂੰ ਸੰਪੂਰਨ ਕੇਵਲ ਗਿਆਨ ਕਿਹਾ ਜਾਂਦਾ ਹੈ।

'ਇਕ ਭ੍ਰਾਂਤੀ ਨੂੰ ਦੂਸਰੀ ਭ੍ਰਾਂਤੀ ਨਾਲ ਖ਼ਤਮ ਕਰ ਦਿਉ।' ਮੁਕਤੀ ਹਿਤ ਕਦਮ-ਦਰ-ਕਦਮ ਚੱਲਣ ਹਿਤ ਨਿਰਦੇਸ਼ ਦੇਣ ਵਾਲੀਆਂ ਪਰੰਪਰਾਵਾਂ ਦਾ ਇਹੋ ਸੰਦੇਸ਼ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਜੇ ਇਕ ਕੱਪੜਾ ਗੰਦਾ ਹੋ ਜਾਵੇ ਤਾਂ ਉਸ ਦੀ ਮੈਲ ਧੋਣ ਲਈ ਸਾਨੂੰ ਸਾਬਣ ਚਾਹੀਦੀ ਹੈ। ਪਰੰਤੂ ਉਹ ਸਾਬਣ ਵੀ ਕੱਪੜੇ ਵਿਚ ਆਪਣੇ ਅਵਸ਼ੇਸ਼, ਆਪਣਾ ਅੰਸ਼ ਛੱਡ ਦਿੰਦੀ ਹੈ। ਸਾਬਣ ਦੁਆਰਾ ਪਿੱਛੇ ਛੱਡੇ ਅੰਸ਼ ਨੂੰ ਸਾਫ਼ ਕਰਨ ਲਈ ਸਾਨੂੰ ਕੱਪੜੇ ਧੋਣ ਵਾਲਾ ਪਾਊਡਰ ਲੋੜੀਂਦਾ ਹੈ। ਇਹ ਕੱਪੜੇ ਧੋਣ ਵਾਲਾ ਪਾਊਡਰ ਸਾਬਣ ਦੇ ਇਸ ਬਕਾਏ ਨੂੰ ਪੂਰੀ ਤਰ੍ਹਾਂ ਸਾਫ਼ ਕਰ ਦਿੰਦਾ ਹੈ ਪਰੰਤੂ ਆਪਣੇ ਅਵਸ਼ੇਸ਼ ਪਿੱਛੇ ਛੱਡ ਜਾਂਦਾ ਹੈ। ਇਸ ਅਵਸ਼ੇਸ਼ ਨੂੰ ਸਾਫ਼ ਕਰਨ ਲਈ ਤੁਹਾਨੂੰ ਟੀਨੋਪਾਲ ਵਰਗੇ ਕਿਸੇ ਹੋਰ ਕੈਮੀਕਲ ਦੀ ਲੋੜ ਪੈਂਦੀ ਹੈ। ਇਹ ਚੱਕਰ ਇਸੇ ਤਰ੍ਹਾਂ ਚਲਦਾ ਰਹਿੰਦਾ ਹੈ। ਸਾਧਕ ਜਿਹਨਾਂ ਵੀ ਸੰਪ੍ਰਦਾਵਾਂ ਦਾ ਅਨੁਸਰਣ ਕਰਦਾ ਹੈ ਉਹ ਸਾਰੀਆਂ

ਅਸ਼ੁੱਧਤਾ ਦੇ ਆਪੋ-ਆਪਣੇ ਨਿਸ਼ਾਨ ਛੱਡ ਜਾਂਦੀਆਂ ਹਨ ਅਤੇ ਅਜਿਹਾ ਸਾਧਕ ਕਦੇ ਵੀ ਅਸ਼ੁੱਧਤਾ ਤੋਂ ਪੂਰੀ ਤਰ੍ਹਾਂ ਸ਼ੁੱਧ ਨਹੀਂ ਹੁੰਦਾ।

**ਪ੍ਰਸ਼ਨ-ਕਰਤਾ** : ਇਸ ਸਥਿਤੀ ਵਿਚ ਸਮੱਸਿਆ ਦਾ ਹੱਲ ਕੀ ਹੈ?

**ਦਾਦਾਸ਼੍ਰੀ** : ਜਦੋਂ ਕੋਈ ਵਿਅਕਤੀ ਕਿਸੇ ਪੂਰਨ ਗਿਆਨੀ ਪੁਰਸ਼ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉਹ ਹਰ ਕਿਸਮ ਦੀ ਅਸ਼ੁੱਧਤਾ ਨੂੰ ਧੋ ਲੈਂਦਾ ਹੈ। ਜਿਹੜਾ ਗਿਆਨੀ ਪੁਰਸ਼ ਖ਼ੁਦ ਹਰ ਅਸ਼ੁੱਧਤਾ ਤੋਂ ਪੂਰੀ ਤਰ੍ਹਾਂ ਮੁਕਤ ਹੈ ਉਹ ਹੀ ਤੁਹਾਡੇ ਸਾਰੇ ਪਾਪਾਂ ਨੂੰ ਖ਼ਤਮ ਕਰ ਸਕਦਾ ਹੈ ਅਤੇ ਕੇਵਲ (ਗਿਆਨਵਾਨ) ਸ਼ੁੱਧ ਆਤਮਾ ਨਾਲ ਨਿਵਾਜ਼ ਸਕਦਾ ਹੈ। ਇਸ ਤਰ੍ਹਾਂ ਸਾਰਾ ਰਹੱਸ ਸਮਝ ਆ ਜਾਂਦਾ ਹੈ। ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਨਹੀਂ ਤਾਂ ਵਿਅਕਤੀ ਆਵਾਗਵਨ ਦੇ ਚੱਕਰ ਵਿਚ ਵਿਭਿੰਨ ਜਨਮਾਂ ਦੌਰਾਨ ਆਪਣੇ ਸਰੀਰ-ਰੂਪੀ ਕੱਪੜੇ ਨੂੰ ਧੋਂਦਾ ਰਹਿੰਦਾ ਹੈ ਅਤੇ ਧੋਣ ਹਿਤ ਵਰਤੀ ਜਾਂਦੀ ਸਾਬਣ, ਪਾਊਡਰ, ਆਦਿ ਸਭ ਦੇ ਅਵਸ਼ੇਸ਼ ਇਸ ਕੱਪੜੇ ਵਿਚ ਜਮ੍ਹਾਂ ਹੁੰਦੇ ਰਹਿੰਦੇ ਹਨ।

## 51
## ਬਾਣੀ ਦਾ ਵਿਗਿਆਨ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਬਾਣੀ (ਸ਼ਬਦ) ਦੇ ਵਿਗਿਆਨ ਬਾਰੇ ਵਿਸਥਾਰ ਵਿਚ ਦੱਸੋ।

**ਦਾਦਾਸ਼੍ਰੀ** : ਇਕ ਸੱਸ ਸਵੇਰ ਤੋਂ ਸ਼ਾਮ ਤੱਕ ਆਪਣੀ ਨੂੰਹ ਨਾਲ ਲੜਦੀ ਰਹਿੰਦੀ ਹੈ ਅਤੇ ਨੂੰਹ ਅੰਦਰ ਹੀ ਅੰਦਰ ਖਿਝਦੀ ਅਤੇ ਕੁੜ੍ਹਦੀ ਰਹਿੰਦੀ ਹੈ। ਜੇ ਇਹ ਬਜ਼ੁਰਗ ਸੱਸ ਚਾਰ ਘੰਟੇ ਲਗਾਤਾਰ ਮੰਦਾ ਬੋਲਦੀ ਰਹਿੰਦੀ ਹੈ ਅਤੇ ਜੇ ਅਸੀਂ ਉਸ ਨੂੰ ਇਹ ਕਹੀਏ ਕਿ ਉਹ ਉਹੀ ਗਾਲਾਂ, ਉਹੀ ਮੰਦੇ ਬੋਲ ਦੁਹਰਾਵੇ ਤਾਂ ਕੀ ਉਹ ਉਨ੍ਹਾਂ ਨੂੰ ਦੁਹਰਾ ਸਕੇਗੀ? ਨਹੀਂ। ਪਰ ਕਿਉਂ? ਉਸ ਦੀ ਬਾਣੀ, ਉਸ ਦੇ ਸ਼ਬਦ ਤਾਂ ਉਸ ਰਿਕਾਰਡ ਵਾਂਗ ਹੈ ਜੋ ਪਹਿਲਾਂ ਹੀ ਰਿਕਾਰਡ ਹੋ ਚੁੱਕਾ ਹੈ।

ਜੇ ਇਹ ਰਿਕਾਰਡ ਬੋਲਦਾ ਹੈ ਕਿ "ਚੰਚਲ ਨੂੰ ਕੋਈ ਸਮਝ ਨਹੀਂ; ਚੰਚਲ ਨੂੰ ਕੋਈ ਅਕਲ ਨਹੀਂ" ਤਾਂ ਕੀ ਚੰਚਲ ਉਸ ਰਿਕਾਰਡ ਨੂੰ ਦੱਸ ਸਕੇਗੀ ਕਿ ਉਸ ਰਿਕਾਰਡ ਨੂੰ ਹੀ ਕੋਈ ਸਮਝ ਨਹੀਂ ਹੈ। ਬੋਲ-ਚਾਲ ਤਾਂ ਐਲ.ਪੀ. ਦੇ ਰਿਕਾਰਡ ਦੀ ਤਰ੍ਹਾਂ ਹੈ। ਇਹ ਰਹੱਸ ਦੱਸਣ ਵਾਲਾ ਮੈਂ ਪਹਿਲਾ ਵਿਅਕਤੀ ਹਾਂ।

**ਪ੍ਰਸ਼ਨ-ਕਰਤਾ** : ਇਹ ਤਾਂ ਬਹੁਤ ਅਜੀਬ ਹੈ। ਕਿਰਪਾ ਕਰਕੇ ਵਧੇਰੇ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਬੋਲ-ਚਾਲ ਤਾਂ ਇਕ ਸਥੂਲ ਵਸਤੂ ਹੈ - ਸਿਰਫ਼ ਰਿਕਾਰਡ। ਇਕ ਟੇਪ-ਰਿਕਾਰਡਰ

ਵਿਚ ਟੇਪ ਚਲਦੀ ਹੈ ਪਰੰਤੂ ਉਸ ਟੇਪ ਵਿਚ ਸਭ ਕੁਝ ਪਹਿਲਾਂ ਹੀ ਰਿਕਾਰਡ ਕੀਤਾ ਗਿਆ ਹੁੰਦਾ ਹੈ। ਯੋਗ ਅਤੇ ਸੁਖਾਵੇਂ ਹਾਲਾਤਾਂ ਵਿਚ ਬੋਲ-ਚਾਲ ਰਵਾਨੀ ਨਾਲ ਚਲਦੀ ਹੈ ਜਿਵੇਂ ਗ੍ਰਾਮੋਫੋਨ ਵਿਚੋਂ ਆਵਾਜ਼ ਨਿਕਲਦੀ ਹੈ। ਪਰੰਤੂ ਵਿਅਕਤੀ ਇਹੋ ਕਹਿੰਦਾ ਹੈ ਕਿ 'ਮੈਂ' ਬੋਲਦਾ ਹਾਂ।

ਜਦੋਂ ਇਕ ਵਕੀਲ ਕੋਈ ਕੇਸ ਜਿੱਤ ਜਾਂਦਾ ਹੈ ਤਾਂ ਉਹ ਹਰ ਕਿਸੇ ਨੂੰ ਦੱਸਦਾ ਹੈ ਕਿ "ਮੈਂ ਕੇਸ ਦੀ ਇਸ ਤਰ੍ਹਾਂ ਪੈਰਵਾਈ ਕੀਤੀ, ਮੈਂ ਇਹ ਤਰਕ ਦਿੱਤੇ, ਇੱਦਾਂ ਦਿੱਤੇ ਅਤੇ ਇਹ ਕੇਸ ਜਿੱਤ ਲਿਆ।" ਪਰੰਤੂ ਜਦੋਂ ਉਹੀ ਵਕੀਲ ਕੇਸ ਹਾਰਦਾ ਹੈ ਉਸ ਸਮੇਂ ਉਸ ਦੇ ਤਰਕਾਂ ਦੀ ਰਵਾਨੀ ਕਿਧਰ ਚਲੀ ਗਈ ਸੀ। ਉਸ ਸਮੇਂ ਉਹ ਇੰਝ ਕਹੇਗਾ: "ਮੈਨੂੰ ਇਹ ਕੇਸ ਇਸ ਤਰ੍ਹਾਂ ਨਹੀਂ ਇਸ ਤਰ੍ਹਾਂ ਲੜਨਾ ਚਾਹੀਦਾ ਸੀ ਪਰੰਤੂ ਮੈਂ ਇਦਾਂ ਕਰਨਾ ਭੁੱਲ ਗਿਆ।" ਹੇ ਮੂਰਖ ਵਿਅਕਤੀ! ਬੋਲਦਾ ਤੂੰ ਨਹੀਂ ਹੈ। ਇਹ ਤਾਂ ਰਿਕਾਰਡ ਹੀ ਚਲਦਾ ਹੈ।

ਤੁਸੀਂ ਤਾਂ ਇਕ ਸ਼ਬਦ ਵੀ ਸਹੀ ਉਚਾਰਣ ਨਹੀਂ ਕਰ ਸਕਣਾ ਸੀ ਜੇਕਰ ਤੁਸੀਂ ਸਹੀ-ਸਹੀ ਪਹਿਲਾਂ ਬਣਾਈ ਯੋਜਨਾ ਅਨੁਸਾਰ ਹੀ ਬੋਲਣਾ ਚਾਹੁੰਦੇ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਕੀ ਇਹ ਅਕਸਰ ਨਹੀਂ ਵਾਪਰਦਾ ਕਿ ਭਾਵੇਂ ਤੁਸੀਂ ਆਪਣਾ ਪੱਕਾ ਮਨ ਬਣਾ ਲਿਆ ਸੀ ਕਿ ਤੁਸੀਂ ਆਪਣੀ ਸੱਸ ਜਾਂ ਪਤੀ ਦੇ ਵਿਰੁੱਧ ਬਿਲਕੁਲ ਨਹੀਂ ਬੋਲੋਗੇ ਪਰੰਤੂ ਫਿਰ ਵੀ ਤੁਸੀਂ ਬੋਲੇ ਬਿਨਾਂ ਰਹਿ ਨਹੀਂ ਸਕੇ। ਤੁਹਾਡੇ ਨਾਂ ਚਾਹੁਣ ਦੇ ਬਾਵਜੂਦ ਵੀ ਤੁਹਾਡੇ ਮੂੰਹੋਂ ਸ਼ਬਦ ਨਿਕਲ ਹੀ ਗਏ। ਇਹ ਕੀ ਹੈ? ਤੁਸੀਂ ਮੰਦਾ ਬੋਲਣਾ ਨਹੀਂ ਚਾਹੁੰਦੇ ਸੀ। ਕੀ ਪਤੀ ਇਹ ਚਾਹੁੰਦਾ ਸੀ ਕਿ ਉਸ ਦੀ ਪਤਨੀ ਉਸ ਨੂੰ ਮੰਦਾ ਬੋਲੇ? ਉਹ ਕਿਹੜੀ ਸ਼ਕਤੀ ਸੀ ਜਿਸ ਨੇ ਪਤਨੀ ਨੂੰ ਆਪਣੇ ਪਤੀ ਦੇ ਵਿਰੁੱਧ ਮੰਦੇ ਸ਼ਬਦ ਬੋਲਣ ਹਿਤ ਮਜ਼ਬੂਰ ਕੀਤਾ? ਇਹ ਤਾਂ ਰਿਕਾਰਡ ਹੈ ਜਿਹੜਾ ਚੱਲ ਪੈਂਦਾ ਹੈ ਅਤੇ ਇਸ ਰਿਕਾਰਡ ਹੋਏ-ਹੋਏ ਰੂਪ ਵਿਚ ਕੋਈ ਹੋਰ ਵਿਅਕਤੀ ਤਬਦੀਲੀ ਨਹੀਂ ਕਰ ਸਕਦਾ।

ਇਹ ਅਕਸਰ ਹੁੰਦਾ ਹੈ ਕਿ ਕੋਈ ਵਿਅਕਤੀ ਆਪਣੇ ਵਿਰੋਧੀ ਨੂੰ ਘੂਰਨ ਜਾਂ ਝਿੜਕਣ ਦੇ ਪੱਕੇ ਇਰਾਦੇ ਨਾਲ ਆਉਂਦਾ ਹੈ ਪਰੰਤੂ ਜਦੋਂ ਉਹ ਆਪਣੇ ਵਿਰੋਧੀ ਦੇ ਕੋਲ ਜਾਂਦਾ ਹੈ ਤਾਂ ਵੇਖਦਾ ਹੈ ਕਿ ਉਸ ਪਾਸ ਕੁਝ ਹੋਰ ਵਿਅਕਤੀ ਬੈਠੇ ਹਨ ਤਾਂ ਉਹ ਇਕ ਵੀ ਸ਼ਬਦ ਬੋਲੇ ਵਗੈਰ ਵਾਪਸ ਪਰਤ ਜਾਂਦਾ ਹੈ। ਜੇ ਤੁਹਾਡੀ ਬੋਲ-ਚਾਲ ਤੁਹਾਡੇ ਆਪਣੇ ਵੱਸ ਵਿਚ ਹੁੰਦੀ ਤਾਂ ਤੁਸੀਂ ਆਪਣੇ ਸੋਚੇ ਅਤੇ ਚਾਹੇ ਅਨੁਸਾਰ ਬੋਲ ਦੇਣਾ ਸੀ। ਪਰੰਤੂ ਕੀ ਇੱਦਾਂ ਹੁੰਦਾ ਹੈ? ਇੱਦਾਂ ਕਿਵੇਂ ਹੋ ਸਕਦਾ ਹੈ?

**ਪ੍ਰਸ਼ਨ-ਕਰਤਾ** : ਕੀ ਤੁਹਾਡੀ ਆਪਣੀ ਬੋਲ-ਚਾਲ ਵੀ ਰਿਕਾਰਡ ਵਾਂਗ ਹੀ ਹੈ?

**ਦਾਦਾਸ਼੍ਰੀ** : ਇਹ ਅੰਬਾਲਾਲ ਮੁਲਜੀਭਾਈ ਪਟੇਲ ਦਾ ਇਕ ਸਰੀਰ ਹੈ। ਭਾਵੇਂ ਪਰਮਾਤਮਾ ਪੂਰਨ ਤੌਰ ਤੇ ਉਸ ਦੇ ਅੰਦਰ ਪ੍ਰਗਟ ਹੈ ਪਰੰਤੂ ਫਿਰ ਵੀ ਉਸ ਦੀ ਬੋਲ-ਚਾਲ ਵੀ ਰਿਕਾਰਡ ਹੈ। ਮੇਰਾ ਵੀ ਬੋਲ-ਚਾਲ ਉਪਰ ਕੋਈ ਕੰਟਰੋਲ ਨਹੀਂ ਹੈ। ਮੈਂ ਤਾਂ ਸਿਰਫ਼ ਵੇਖਦਾ ਹੀ ਹਾਂ ਕਿ ਇਹ ਰਿਕਾਰਡ ਕਿਵੇਂ ਵਜਦਾ ਹੈ, ਕਿਵੇਂ ਅਤੇ ਕੀ ਬੋਲਦਾ ਹੈ। ਬੋਲ-ਚਾਲ ਪੂਰਨ ਰੂਪ ਵਿਚ ਸਥੂਲ ਹੈ। ਫਰਕ ਸਿਰਫ਼ ਇਹ ਹੈ ਕਿ ਮੇਰੇ ਸ਼ਬਦ ਮੇਰੇ ਅੰਦਰ ਪ੍ਰਗਟ ਪਰਮਾਤਮਾ ਦੇ ਸੰਪਰਕ ਵਿਚ ਆਉਣ ਤੋਂ ਉਪਰੰਤ ਮੂੰਹ ਰਾਹੀਂ ਬੋਲੇ ਜਾਂਦੇ ਹਨ। ਇਸ ਲਈ ਇਹ ਸਜੀਵ ਅਧਿਆਤਮਕ ਪ੍ਰਵਚਨ ਬਣ ਜਾਂਦੇ ਹਨ। ਇਹ ਤਾਂ ਦ੍ਰਿਸ਼ਟੀਮਾਨ ਵਿਦਿਆ ਦੀ ਦੇਵੀ ਸਰਸਵਤੀ ਦੀ ਤਰ੍ਹਾਂ ਹੈ। ਬਸ, ਇਸ ਫੋਟੋ ਵਿਚ ਸਰਸਵਤੀ ਅਸਲੀ ਨਹੀਂ ਹੈ। ਪਰੰਤੂ ਸਾਡੇ ਸ਼ਬਦ, ਸਾਡਾ ਪ੍ਰਵਚਨ ਅਸਲੀ ਹੈ - ਜੀਵਿਤ ਸਰਸਵਤੀ ਦੀ ਤਰ੍ਹਾਂ। ਇਸ ਨਾਲ ਤੁਹਾਡੇ ਜਨਮਾਂ-ਜਨਮਾਂਤਰਾਂ ਦੇ ਪਾਪ ਸੜ ਕੇ ਸੁਆਹ ਹੋ ਜਾਂਦੇ ਹਨ। ਮੇਰੇ ਸ਼ਬਦ ਵਿਤਰਾਗ ਹਨ - ਮੋਹ ਦੀ ਭਾਵਨਾ ਪੂਰੀ ਤਰ੍ਹਾਂ ਮੁਕਤ।

ਤੁਸੀਂ ਵਿਤਰਾਗ ਨੂੰ ਕਿਸ ਤਰ੍ਹਾਂ ਪਹਿਚਾਣੋਗੇ? ਸਿਰਫ ਉਸ ਦੇ ਬਚਨਾਂ ਰਾਹੀਂ। ਪਰੰਤੂ ਵਿਤਰਾਗ ਦੀ, ਇਨ੍ਹਾਂ ਬਚਨਾਂ ਦੀ ਕੀਮਤ ਇਕ ਜੌਹਰੀ ਦੀ ਨਿਰੀਖਣ ਕਲਾ ਦੇ ਅਨੁਪਾਤ ਵਿਚ ਹੋਵੇਗੀ। ਜਦੋਂ ਕੋਈ ਵਿਚਾਰਾ ਬੇਸਮਝ ਵਿਅਕਤੀ ਕਰੋੜਾਂ ਰੁਪਏ ਦੇ ਮੁਲ ਦੇ ਹੀਰੇ ਦਾ ਮੁੱਲ ਸੈਂਕੜਿਆਂ ਵਿਚ ਪਾਉਂਦਾ ਹੈ ਤਾਂ ਫਿਰ ਹੀਰੇ ਨੂੰ ਹੀ ਬੋਲ ਕੇ ਦੱਸਣਾ ਪਵੇਗਾ ਕਿ ਇਸ ਦੀ ਕੀਮਤ ਤਾਂ ਕਰੋੜਾਂ ਦੀ ਹੈ। ਇਸੇ ਤਰ੍ਹਾਂ ਮੈਨੂੰ ਵੀ ਐਲਾਨ ਕਰਨਾ ਪਵੇਗਾ ਕਿ ਮੈਂ ਦੇਵਤਵ ਨੂੰ ਪਾ ਲਿਆ ਹੈ, ਮੈਂ ਪਰਮਾਤਮਾ ਨਾਲ ਰਹੱਸਮਈ ਇਕਮਿਕਤਾ ਪ੍ਰਾਪਤ ਕਰ ਲਈ ਹੈ। ਮੈਂ ਇਕ ਤਰ੍ਹਾਂ ਨਾਲ ਪਰਮਾਤਮਾ ਤੋਂ ਵੀ ਉੱਤਮ ਹਾਂ - ਪੂਰੀ ਤਰ੍ਹਾਂ ਨਿਰਲੇਪ। ਪਰਮਾਤਮਾ ਨੇ ਮੈਨੂੰ ਆਪ ਹੀ ਆਪਣੇ ਤੋਂ ਵੀ ਉੱਚੀ ਥਾਂ ਦਿੱਤੀ ਹੈ।

**ਪ੍ਰਸ਼ਨ-ਕਰਤਾ** : ਇਹ ਕਿਵੇਂ ਹੋ ਸਕਦਾ ਹੈ?

**ਦਾਦਾਸ਼੍ਰੀ** : ਪਰਮਾਤਮਾ ਨੇ ਮੈਨੂੰ ਕਿਹਾ: "ਮੈਂ ਕਿਸੇ ਯੋਗ ਸਾਧਨ ਦੀ ਤਲਾਸ਼ ਵਿਚ ਸੀ ਅਤੇ ਮੈਂ ਉਹ ਸਾਧਨ ਤੇਰੇ ਅੰਦਰ ਲੱਭ ਲਿਆ ਹੈ। ਬੇਸ਼ਕ ਮੈਂ ਸਹਿਜ ਅਵਸਥਾ, ਮੁਕਤ ਅਵਸਥਾ ਵਿਚ ਪੂਰੀ ਤਰ੍ਹਾਂ ਨਿਰਲੇਪ ਹਾਂ ਪਰੰਤੂ ਮੈਂ ਹੁਣ ਕਿਸੇ ਹੋਰ ਦੀ ਸਹਾਇਤਾ ਨਹੀਂ ਕਰ ਸਕਦਾ। ਤੇਰੇ ਇਸ ਦੁਨਿਆਵੀ, ਜੀਵਿਤ ਸਰੀਰ ਅੰਦਰ ਸਰਵ-ਸ਼ਕਤੀਮਾਨ ਪਰਮਾਤਮਾ ਪ੍ਰਗਟ ਹੈ। ਭਾਵੇਂ ਤੂੰ ਇਕ ਮਾਨਵੀ ਸਰੀਰ ਵਿਚ ਹੈ ਪਰੰਤੂ ਤੂੰ ਵੀ ਪੂਰਨ ਤੌਰ 'ਤੇ ਨਿਰਲੇਪ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਤੇਰੇ ਪਾਸ ਇਕ ਬੇਹਤਰ ਸ਼ਕਤੀ ਹੈ ਅਤੇ ਤੂੰ ਦੁਨੀਆਂ ਅੰਦਰ ਮਾਨਵਤਾ ਦੇ ਭਲੇ ਹਿਤ ਇਕ ਦੈਵੀ ਸਾਧਨ ਹੈਂ।"

ਇਸ ਤਰ੍ਹਾਂ ਨਾਲ ਮੈਂ ਪਰਮਾਤਮਾ ਤੋਂ ਵੀ ਬੇਹਤਰ ਬਣਾ ਦਿੱਤਾ ਗਿਆ। ਚੌਦਾਂ ਲੋਕਾਂ

ਦਾ ਨਾਥ, ਸਮਸਤ ਅਧਿਆਤਮਕ ਸ਼ਕਤੀਆਂ ਦਾ ਮਾਲਕ, ਗਿਆਨ-ਸਰੂਪ ਪਰਮਾਤਮਾ ਮੇਰੇ ਅੰਦਰ ਪੂਰਨ ਪ੍ਰਗਟ ਹੈ।

'ਹੇ ਮਾਨਵ! ਆਪਣੀ ਜੋਤਿ ਨੂੰ ਜਗਾਉ ਅਤੇ ਆਪਣੇ ਰਸਤੇ ਉਪਰ ਤੁਰ ਪਉ। ਬਹੁਤੀ ਤਫਤੀਸ਼ ਨਾ ਕਰੋ ਅਤੇ ਨਾ ਹੀ ਕੋਈ ਬਖੇੜਾ ਪਾਉ।'

**ਪ੍ਰਸ਼ਨ-ਕਰਤਾ** : ਇਸ ਗੱਲ ਵਿਚ ਲੋਕ ਬਹੁਤ ਮੁਸ਼ਕਲ ਨਾਲ ਵਿਸ਼ਵਾਸ਼ ਕਰਨਗੇ।

**ਦਾਦਾਸ਼੍ਰੀ** : ਇਕ ਗਿਆਨੀ ਪੁਰਸ਼ ਦੇ ਗਿਆਨ ਦਾ ਅੰਤ ਨਹੀਂ ਪਾਇਆ ਜਾ ਸਕਦਾ। ਤੁਸੀਂ ਉਸ ਦੇ ਵੱਡਪਣ ਦਾ ਅੰਦਾਜਾ ਕਿਵੇਂ ਲਗਾਉਗੇ? ਇਕ ਗਿਆਨੀ ਪੁਰਸ਼ ਬਾਰੇ ਤੁਸੀਂ ਕਿਵੇਂ ਅੰਦਾਜ਼ਾ ਲਗਾ ਸਕਦੇ ਹੋ ਜਦੋਂ ਕਿ ਤੁਹਾਨੂੰ ਤੁਹਾਡੇ ਆਪਣੇ ਘਰ ਤੁਹਾਡੀ ਪਤਨੀ ਵੀ ਇਕ ਛੋਟੇ ਬੱਚੇ ਦੀ ਤਰ੍ਹਾਂ ਇਹ ਕਹਿ ਕੇ ਝਿੜਕ ਦਿੰਦੀ ਹੈ ਕਿ ਤੁਹਾਨੂੰ ਸਮਝ ਨਹੀਂ ਹੈ? ਕੀ ਤੁਹਾਡੇ ਪਾਸ ਇਕ ਜੌਹਰੀ ਵਾਲਾ ਗੁਣ ਹੈ? ਮੂਰਖ ਇਨਸਾਨ! ਮੇਰੀ ਯੋਗਤਾ ਜਾਨਣ ਦੇ ਯਤਨਾਂ ਦੌਰਾਨ ਤੁਹਾਡੀ ਆਪਣੀ ਪੋਲ ਖੁੱਲ੍ਹ ਜਾਵੇਗੀ। ਇਸ ਲਈ ਤੁਸੀਂ ਆਪਣੀ ਸਾਰੀ ਕੁਟਿਲਤਾ ਨੂੰ ਸਮੁੰਦਰ ਵਿਚ ਸੁੱਟ ਦਿਉ, ਭਾਵ ਪੂਰੀ ਤਰ੍ਹਾਂ ਤਿਆਗ ਦਿਉ। ਸਿੱਧੇ ਅਤੇ ਸਪਸ਼ਟਵਾਦੀ ਬਣੋ। ਮੇਰੇ ਪਾਸ ਮਨ ਅੰਦਰ ਪੂਰਨ ਨਿਮਰਤਾ ਧਾਰਨ ਕਰਕੇ ਆਉ ਅਤੇ ਕਹੋ, "ਸ਼੍ਰੀਮਾਨ ਜੀ! ਮੈਂ ਅਗਿਆਨੀ ਹਾਂ। ਕਿਰਪਾ ਕਰੋ ਅਤੇ ਆਵਾਗਵਣ ਦੇ ਅਨੰਤ ਚੱਕਰ ਤੋਂ ਮੁਕਤੀ ਦਾ ਦਾਨ ਬਖਸ਼ੋ।" ਮੈਂ ਤੁਹਾਨੂੰ ਜੀਵਨ ਦਾ ਰਹੱਸ ਸਮਝਾ ਦਿਆਂਗਾ। "ਇਕ ਗਿਆਨੀ ਪੁਰਸ਼ ਜੋ ਵੀ ਉਹ ਚਾਹੇ ਕਰ ਸਕਦਾ ਹੈ" ਕਿਉਂਕਿ ਉਸ ਪਾਸ ਪਰਮਾਤਮਾ ਵੱਲੋਂ ਬਖਸ਼ਿਆ ਮੁਕਤੀ ਦੇਣ ਦਾ ਵਰ ਹੈ।

ਇਕੋ ਸਮੇਂ ਇਸ ਜਗਤ ਵਿਚ ਕਿੰਨੇ ਕੁ ਗਿਆਨੀ ਪੁਰਸ਼ ਵਿਚਰਦੇ ਹਨ? ਪੰਜ ਜਾਂ ਦਸ? ਸੱਚ ਤਾਂ ਇਹ ਕਿ ਕਦੇ ਹੀ ਕੋਈ ਵਿਰਲਾ ਗਿਆਨੀ ਪੁਰਸ਼ ਇਸ ਧਰਤੀ ਉਪਰ ਆਉਂਦਾ ਹੈ। ਅਕਰਮ ਰਸਤਾ ਦਿਖਾਉਣ ਵਾਲਾ ਗਿਆਨੀ ਪੁਰਸ਼ ਲੱਖਾਂ ਸਾਲਾਂ ਬਾਅਦ ਹੀ ਇਸ ਧਰਤੀ ਉਪਰ ਜਨਮ ਲੈਂਦਾ ਹੈ। ਫਿਰ ਖ਼ਾਸ ਤੌਰ ਤੇ ਅੱਜ ਦੇ ਕਲਿਯੁਗ ਵਰਗੇ ਦੌਰ ਵਿਚ ਜਦੋਂ ਕਿ ਇਥੇ ਅਜੀਬ ਘਟਨਾਵਾਂ ਵਾਪਰ ਰਹੀਆਂ ਹਨ। ਇਕ ਗਿਆਨੀ ਪੁਰਸ਼ ਤੁਹਾਨੂੰ ਆਤਮਕ ਤੌਰ 'ਤੇ ਉੱਚਾ ਉਠਾ ਦਿੰਦਾ ਹੈ ਮਾਨੋਂ ਲਿਫਟ ਵਿਚ ਲਿਜਾ ਕੇ। ਤੁਹਾਨੂੰ ਕੁਝ ਪੌੜੀਆਂ ਚੜਨ ਉਪਰੰਤ ਆਰਾਮ ਕਰਨ ਲਈ ਰੁਕਣਾ ਨਹੀਂ ਪੈਂਦਾ।

ਹੇ ਮੂਰਖ ਵਿਅਕਤੀ! ਇਹ ਤਾਂ ਬਿਜਲੀ ਦੇ ਲਿਸ਼ਕਣ ਵਾਂਗ ਹੈ। ਇਸ ਲਈ ਬੇਹਤਰ ਹੈ ਕਿ ਤੁਸੀਂ ਆਪਣੇ ਮਨ-ਮੋਤੀ ਨੂੰ ਮਾਲਾ-ਰੂਪ ਦੇ ਕੇ ਗਿਆਨੀ ਪੁਰਸ਼ ਦੇ ਹਵਾਲੇ ਕਰ ਦਿਉ।

ਪਰੰਤੂ ਬਦਕਿਸਮਤ ਵਿਅਕਤੀ ਕੀ ਕਰਦੇ ਹਨ? ਮਨ-ਹੀਰੇ ਨੂੰ ਬੇਧ ਕੇ ਕਾਬੂ ਰੱਖਣ ਦੀ ਬਜਾਇ ਧਾਗਾ ਲੱਭਣ ਤੁਰ ਪੈਂਦੇ ਹਨ। ਅਜਿਹੇ ਵਿਅਕਤੀਆਂ ਦਾ ਕੀ ਕੀਤਾ ਜਾਵੇ? ਇਹ ਵਿਅਕਤੀ ਗਿਆਨ ਦੀ ਪ੍ਰਾਪਤੀ ਹਿਤ ਹਾਲੀਂ ਤਿਆਰ ਹੀ ਨਹੀਂ ਹਨ ਕਿਉਂਕਿ ਇਨ੍ਹਾਂ ਕੋਲ

ਲੋੜੀਂਦੇ ਪੁੰਨ ਕਰਮ ਨਹੀਂ ਹਨ।

**ਪ੍ਰਸ਼ਨ-ਕਰਤਾ** : ਇਹ ਤਾਂ ਕਮਾਲ ਹੈ! ਕਿਰਪਾ ਕਰਕੇ ਗਿਆਨੀ ਪੁਰਸ਼ ਦੇ ਬਚਨਾਂ ਦੇ ਗੁਣਾਂ ਬਾਰੇ ਵੀ ਚਾਨਣਾ ਪਾਉ। ਤੁਹਾਡੇ ਪ੍ਰਵਚਨਾਂ ਵਿਚ ਸਾਨੂੰ ਅਟਲ, ਸੰਪੂਰਨ ਗਿਆਨ ਦੀ ਐਨ ਸਪਸ਼ਟ ਵਿਆਖਿਆ ਮਿਲਦੀ ਹੈ।

**ਦਾਦਾਸ਼੍ਰੀ** : ਸਿਰਫ਼ ਵਿਤਰਾਗ ਬਾਣੀ (ਭਾਵ ਉਹ ਸ਼ਬਦ ਜੋ ਹਰ ਪ੍ਰਕਾਰ ਦੇ ਬੰਧਨ ਤੋਂ ਮੁਕਤ ਹੋਣ) ਹੀ ਵਿਅਕਤੀ ਨੂੰ ਮੁਕਤ-ਪਦ ਤਕ ਲਿਜਾ ਸਕਦੀ ਹੈ। ਮੇਰੇ ਬਚਨ ਮਿੱਠੇ ਹਨ, ਸੰਗੀਤਮਈ ਹਨ। ਪਹਿਲਾਂ ਇਸ ਤਰ੍ਹਾਂ ਦੇ ਬਚਨ ਕਦੇ ਨਹੀਂ ਸੁਣੇ ਗਏ। ਇਹ ਸਿੱਧੇ ਅਤੇ ਸਪਸ਼ਟ ਹਨ। ਧਰਮ ਗਰੰਥਾਂ ਵਿਚ ਦਰਜ ਬਚਨ ਅਸਿੱਧੇ ਹਨ। ਜੇ ਕੋਈ ਵਿਅਕਤੀ ਸਿੱਧੇ ਬਚਨ ਸੁਣਦਾ ਹੈ ਤਾਂ ਉਹ ਸਵੈ-ਪਹਿਚਾਣ ਵਾਲੀ ਦੈਵੀ ਅਵਸਥਾ ਨਾਲ ਵਰੋਸਾਇਆ ਜਾਂਦਾ ਹੈ।

ਮੇਰੇ ਪ੍ਰਵਚਨ ਸਯਾਦਵਾਦ ਹਨ। ਇਹ ਕਿਸੇ ਦੇ ਨਜ਼ਰੀਏ ਨੂੰ ਚੋਟ ਨਹੀਂ ਪਹੁੰਚਾਉਂਦੇ ਸਗੋਂ ਇਹ ਸਾਰੀਆਂ ਵਿਚਾਰਧਾਰਾਵਾਂ ਨੂੰ ਸਵੀਕ੍ਰਿਤ ਹਨ। ਇਹ ਸਾਰੇ ਦ੍ਰਿਸ਼ਟੀਕੋਣਾਂ ਨੂੰ ਸਵੀਕਾਰ ਕਰਦੇ ਹਨ ਕਿਉਂਕਿ ਮੈਂ ਕੇਂਦਰ ਵਿਚ ਹਾਂ। ਹਿੰਦੂ, ਮੁਸਲਮਾਨ, ਪਾਰਸੀ, ਖੋਜਾ - ਸਾਰੇ ਹੀ ਮੇਰੇ ਪ੍ਰਵਚਨਾਂ ਨੂੰ ਸੁਣਦੇ ਹਨ ਅਤੇ ਮੈਂ ਉਨ੍ਹਾਂ ਨੂੰ ਉਨ੍ਹਾਂ ਦਾ ਇਕ ਯੋਗ ਹਿਤੈਸ਼ੀ ਜਾਪਦਾ ਹਾਂ ਕਿਉਂਕਿ ਮੈਂ ਇਕ ਨੂੰ ਦੂਸਰੇ ਨਾਲੋਂ ਪਾੜਨ ਦੀ, ਵੱਖ ਕਰਨ ਦੀ ਸੋਚ ਨਹੀਂ ਰਖਦਾ। ਆਖ਼ਰਕਾਰ ਮੈਂ ਵੀ ਉਨ੍ਹਾਂ ਵਿਚੋਂ ਹੀ ਇਕ ਹਾਂ: ਮੈਂ ਵਕਤਾ ਹਾਂ ਅਤੇ ਸਰੋਤਾ ਵੀ। ਇਸ ਲਈ ਜਿਹੜਾ ਵੀ ਵਿਅਕਤੀ ਮੇਰੇ ਸੰਪਰਕ ਵਿਚ ਆਉਂਦਾ ਹੈ ਉਹ ਮੇਰੇ ਨਾਲ ਇਕਮਿਕਤਾ ਦਾ ਤੀਬਰ ਅਹਿਸਾਸ ਅਨੁਭਵ ਕਰਦਾ ਹੈ।

ਜਿਹੜਾ ਵਿਅਕਤੀ ਹਰ ਕਿਸਮ ਦੇ ਬੰਧਨਾਂ ਤੋਂ ਮੁਕਤ ਹੈ ਉਸ ਵਿਅਕਤੀ ਦੀ ਬਾਣੀ (ਵਿਤਰਾਗ ਬਾਣੀ) ਦੂਸਰੇ ਵਿਅਕਤੀਆਂ ਦੇ ਸਮੁੱਚੇ ਆਤਮਕ ਭਲੇ ਹਿਤ ਭਾਵਨਾ ਅਤੇ ਚਿੰਤਾ ਨਾਲ ਭਰਪੂਰ ਹੁੰਦੀ ਹੈ। ਇਕ ਗਿਆਨੀ ਪੁਰਸ਼ ਹੀ ਸਭ ਬੰਧਨਾਂ ਤੋਂ ਮੁਕਤ ਹੁੰਦਾ ਹੈ ਅਤੇ ਉਸ ਦੇ ਸ਼ਬਦ, ਉਸ ਦੀ ਬਾਣੀ ਹੀ ਦੂਸਰਿਆਂ ਦਾ ਭਲਾ ਕਰ ਸਕਦੀ ਹੈ ਅਤੇ ਉਸ ਦੇ ਲਈ ਮੁਕਤੀ ਦਾ ਦਰ ਖੋਲ ਸਕਦੀ ਹੈ।

## 52

## ਸ਼ੁੱਧ ਆਤਮਾ ਦਾ ਮੌਨ

**ਦਾਦਾਸ਼੍ਰੀ** : ਸ਼ਬਦਾਂ ਦਾਂ ਰਿਕਾਰਡ ਸਾਰਾ ਸਮਾਂ ਵਜਦਾ ਰਹਿਣ ਦੇ ਬਾਵਜੂਦ ਵੀ ਮੈਂ ਚੁੱਪ ਹਾਂ।

**ਪ੍ਰਸ਼ਨ-ਕਰਤਾ** : ਉਹ ਕਿਵੇਂ, ਸ਼੍ਰੀਮਾਨ ਜੀ।

**ਦਾਦਾਸ਼੍ਰੀ** : ਮੇਰੇ ਸਾਰੇ ਸ਼ਬਦ, ਸਾਰੇ ਬਚਨ ਸਿਰਫ਼ ਸ਼ੁੱਧ ਆਤਮਾ ਬਾਰੇ ਹੁੰਦੇ ਹਨ, ਹੋਰ ਕਿਸੇ ਵਿਸ਼ੇ ਬਾਰੇ ਨਹੀਂ। ਇਸ ਲਈ ਮੈਂ ਇਸ ਨੂੰ ਚੁੱਪ ਰਹਿਣਾ ਕਹਿੰਦਾ ਹਾਂ। ਜਿਹੜਾ ਵੀ ਵਿਅਕਤੀ ਚੁੱਪ ਰਹੇ ਉਸ ਨੂੰ ਮੁਨੀ ਕਹਿੰਦੇ ਹਨ, ਭਾਵ ਉਹ ਸਾਧੂ ਜਿਸਨੇ ਮੌਨ ਰਹਿਣ ਦੀ ਸਹੁੰ ਲਈ ਹੋਵੇ। ਜਿਹੜਾ ਵਿਅਕਤੀ ਸਿਰਫ਼ ਸਰੀਰਕ ਪੱਖੋਂ ਬਾਹਰੋਂ ਤਾਂ ਮੌਨ ਧਾਰੀ ਰਖਦਾ ਹੈ ਪਰੰਤੂ ਮਨ ਅੰਦਰ ਬੇਚੈਨ ਰਹਿੰਦਾ ਹੈ ਉਸ ਨੂੰ ਮੁਨੀ ਨਹੀਂ ਕਹਿ ਸਕਦੇ। ਉਸ ਨੂੰ ਮੁਨੀ ਕਹਿ ਵੀ ਕਿਵੇਂ ਸਕਦੇ ਹਾਂ? 'ਅਸੀਂ' ਮਹਾਂਮੌਨੀ ਹਾਂ ਜਿਨ੍ਹਾਂ ਦੇ ਮਨ ਅੰਦਰ ਸੰਪੂਰਨ ਸ਼ਾਂਤੀ ਅਤੇ ਸਹਿਜ ਹੈ। ਇਸ ਨੂੰ ਪਰਮਾਰਥ ਮੌਨ (ਭਾਵ ਸ਼ੁੱਧ ਆਤਮਾ ਦਾ ਮੌਨ) ਕਿਹਾ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਸਹੀ ਬਚਨਾਂ ਦੇ ਕੀ-ਕੀ ਗੁਣ ਹੁੰਦੇ ਹਨ?

**ਦਾਦਾਸ਼੍ਰੀ** : ਬਾਣੀ ਦੇ, ਬਚਨਾਂ ਦੇ ਤਿੰਨ ਗੁਣ ਹੁੰਦੇ ਹਨ - ਪਰਉਪਕਾਰ (ਦੂਸਰੇ ਦਾ ਭਲਾ), ਸੰਜਮ ਅਤੇ ਸੁਖਦਾਇਕ। ਇਨ੍ਹਾਂ ਗੁਣਾਂ ਵਾਲੀ ਬੋਲ-ਚਾਲ ਹੀ ਸੱਚੀ ਬਾਣੀ ਹੈ। ਬਾਕੀ ਹਰ ਪ੍ਰਕਾਰ ਦੀ ਬੋਲ-ਚਾਲ ਨੂੰ ਸੱਚੀ ਨਹੀਂ ਕਿਹਾ ਜਾ ਸਕਦਾ। ਇਹ ਨਿਯਮ ਸਾਡੇ ਜੀਵਨ ਦੌਰਾਨ ਰੋਜ਼ਾਨਾ ਦੀ ਬੋਲ-ਚਾਲ ਉਪਰ ਵੀ ਲਾਗੂ ਹੁੰਦਾ ਹੈ।

ਨੱਟੂਭਾਈ, ਦੇਖੋ! ਤੁਸੀਂ ਮੇਰੇ ਬਚਨਾਂ ਨੂੰ ਕਾਪੀ ਵਿਚ ਨੋਟ ਕਰਦੇ ਜਾ ਰਹੇ ਹੋ ਪਰੰਤੂ ਇਸ ਦਾ ਤੁਹਾਨੂੰ ਪੂਰਾ ਨਹੀਂ ਸਿਰਫ਼ 50% ਹੀ ਲਾਭ ਹੋਵੇਗਾ। ਜਿਹੜਾ ਵਿਅਕਤੀ ਇਨ੍ਹਾਂ ਨੂੰ ਪੜ੍ਹੇਗਾ ਉਸ ਨੂੰ ਸਿਰਫ਼ 2% ਹੀ ਲਾਭ ਹੋਵੇਗਾ।

**ਪ੍ਰਸ਼ਨ-ਕਰਤਾ** : ਇਹ ਕਿਵੇਂ ਹੋ ਸਕਦਾ ਹੈ ਜਦੋਂ ਕਿ ਤੁਹਾਡੇ ਤਾਂ ਹਰ ਇਕ ਸ਼ਬਦ ਨੂੰ ਲਿਖਤ ਰੂਪ ਦਿਤਾ ਜਾ ਰਿਹਾ ਹੈ?

**ਦਾਦਾਸ਼੍ਰੀ** : ਇਹ ਜੀਵਿਤ ਪ੍ਰਵਚਨ ਨਹੀਂ ਹੋਵੇਗਾ। ਜਿੰਨੀ ਦੇਰ ਮੇਰਾ ਇਸ ਸਰੀਰ ਰੂਪੀ ਬੁਲਬੁਲਾ ਫਟ ਨਹੀਂ ਜਾਂਦਾ, ਤੁਹਾਨੂੰ ਚਾਹੀਦਾ ਹੈ ਕਿ ਹਰ ਪਲ ਦਾ ਭਰਪੂਰ ਲਾਭ ਉਠਾ ਲਉ ਅਤੇ ਖ਼ੁਦ ਨੂੰ ਸ਼ੁੱਧ ਆਤਮਾ ਵਿਚ ਲੀਨ ਕਰ ਲਉ। ਜਦੋਂ ਇਹ ਸਰੀਰ ਰੂਪੀ ਬੁਲਬੁਲਾ ਫਟ ਗਿਆ, ਉਸ ਤੋਂ ਬਾਦ ਸਾਰੇ ਯਤਨ ਵਿਫਲ ਹੋ ਜਾਣਗੇ। ਅਸੀਂ ਹਰ ਇਕ ਨੂੰ ਕਹਿੰਦੇ ਹਾਂ ਕਿ ਮੇਰੇ ਜੋਤੀ ਜੋਤ ਸਮਾਉਣ ਤੋਂ ਬਾਦ ਮੇਰਾ ਕੋਈ ਬੁੱਤ ਜਾਂ ਫੋਟੋ ਕਿਧਰੇ ਨਾ ਲਾਈ ਜਾਵੇ। ਕੀ ਸਾਡੇ ਪਾਸ ਪਹਿਲਾਂ ਭਗਵਾਨ ਕ੍ਰਿਸ਼ਨ ਜਾਂ ਭਗਵਾਨ ਮਹਾਂਵੀਰ ਦੀਆਂ ਫੋਟੋਆਂ ਨਹੀਂ ਹਨ? ਉਨ੍ਹਾਂ ਨੂੰ ਰੱਖ ਛੱਡੋ। ਮੇਰੀ ਫੋਟੋ ਮਤ ਲਗਾਉਣਾ। ਮੈਂ ਕਿਸੇ ਤਰ੍ਹਾਂ ਵੀ ਤੁਹਾਡੇ ਲਈ ਲਾਹੇਵੰਦ ਨਹੀਂ ਹੋਵਾਂਗਾ। ਮੈਂ ਆਪਣੇ ਪਿੱਛੇ ਗਿਆਨੀ ਪੁਰਸ਼ਾਂ ਦਾ ਵੰਸ਼-ਕ੍ਰਮ ਛੱਡ ਕੇ ਜਾਵਾਂਗਾ। ਮੇਰੇ ਤੋਂ ਬਾਅਦ ਮੇਰੇ ਜਾਨਸ਼ੀਨ ਹੋਣਗੇ ਅਤੇ ਉਸ ਤੋਂ ਬਾਦ ਗਿਆਨੀ ਪੁਰਸ਼ਾਂ ਦੀ ਇਕ ਲੜੀ ਜਾਰੀ ਰਹੇਗੀ। ਇਸ ਲਈ ਕੋਈ ਜੀਵਿਤ ਬੁੱਤ (ਗਿਆਨੀ) ਲੱਭੋ। ਅਜਿਹੇ ਗਿਆਨੀ ਪੁਰਸ਼ ਦੀ ਅਗਵਾਈ ਬਿਨਾ ਇਸ ਰਹੱਸ ਦਾ ਸਮਾਧਾਨ ਨਹੀਂ ਹੋਵੇਗਾ।

## 53

# ਅੰਤਹਕਰਨ

**ਪ੍ਰਸ਼ਨ-ਕਰਤਾ** : ਸਾਡਾ ਅੰਤਹਕਰਨ ਬਹੁਤ ਗੁੰਝਲਦਾਰ ਹੈ। ਹਰ ਵਿਅਕਤੀ ਇਸ ਵਿਚ ਉਲਝ ਜਾਂਦਾ ਹੈ ਅਤੇ ਘਬਰਾ ਜਾਂਦਾ ਹੈ।

**ਦਾਦਾਸ਼੍ਰੀ** : ਸਾਡੇ ਸਰੀਰ ਦੇ ਕਾਰਜਾਂ ਨੂੰ ਅਸੀਂ ਦੋ ਹਿੱਸਿਆਂ ਵਿਚ ਵੰਡ ਕੇ ਵੇਖ ਸਕਦੇ ਹਾਂ:

1. ਬਾਹਰੀਕਰਨ; ਅਤੇ
2. ਅੰਤਹਕਰਨ

ਸਾਰਾ ਸੰਸਾਰ ਉਸ ਆਂਤਰਿਕ ਵਿਗਿਆਨ ਨੂੰ ਜਾਨਣਾ ਚਾਹੁੰਦਾ ਹੈ ਜਿਹੜਾ ਮੈਂ ਪਹਿਲੀ ਵਾਰ ਪ੍ਰਗਟ ਕੀਤਾ ਹੈ। ਮਨ ਨੂੰ ਜਾਨਣਾ, ਸਮਝ ਸਕਣਾ ਅਤਿ ਕਠਿਨ ਹੈ। ਮਨ ਕੀ ਹੈ? ਬੁੱਧੀ ਕੀ ਹੈ? ਚਿੱਤ ਕੀ ਹੈ, ਅਤੇ ਅਹੰਕਾਰ ਕੀ ਹੈ? ਮੈਂ ਤੁਹਾਨੂੰ ਮਨ, ਬੁੱਧੀ, ਚਿਤ ਅਤੇ ਅਹੰਕਾਰ ਬਾਰੇ ਸਹੀ ਸਮਝ ਪ੍ਰਦਾਨ ਕਰਦਾ ਹਾਂ।

ਅੰਤਹਕਰਨ ਦੇ ਚਾਰ ਅੰਗ ਹੁੰਦੇ ਹਨ:

1. ਮਨ, 2. ਬੁੱਧੀ, 3. ਚਿੱਤ, ਅਤੇ 4. ਅਹੰਕਾਰ।

ਇਹ ਚਾਰੋਂ ਹੀ ਅਤਿ ਸੂਖ਼ਮ ਰੂਪ ਹਨ ਅਤੇ ਇਨ੍ਹਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਇਹ ਸਾਰੇ ਹੀ ਸਾਡੀਆਂ ਸਰੀਰਕ ਅੱਖਾਂ ਲਈ ਅਦਿੱਖ ਹਨ ਪਰੰਤੂ ਇਹ ਅਧਿਆਤਮਕ ਗਿਆਨ ਦੀ ਸਹਾਇਤਾ ਨਾਲ ਜਾਣੇ ਜਾ ਸਕਦੇ ਹਨ। ਉਹ ਸਰੀਰਕ ਹਨ ਪਰ ਇੰਨੇ ਸੂਖਮ ਹਨ ਕਿ ਵੇਖੇ ਨਹੀਂ ਜਾ ਸਕਦੇ। ਸ਼ੁੱਧ ਆਤਮਾ ਦਾ ਅੰਤਹਕਰਨ ਨਾਲ ਕੋਈ ਸੰਬੰਧ ਨਹੀਂ। ਇਹ ਪੂਰੀ ਤਰ੍ਹਾਂ ਵੱਖਰੀ ਹੈ। ਮੈਂ ਇਸ ਤੋਂ ਪੂਰੀ ਤਰ੍ਹਾਂ ਵੱਖ ਹਾਂ। ਇਸ ਲਈ ਮੈਂ ਇਸ ਦਾ ਸਹੀ ਵਿਵਰਣ ਦੇ ਸਕਦਾ ਹਾਂ।

**ਪ੍ਰਸ਼ਨ-ਕਰਤਾ** : ਇਹ ਅੰਤਹਕਰਨ ਕੰਮ ਕਿਵੇਂ ਕਰਦਾ ਹੈ?

**ਦਾਦਾਸ਼੍ਰੀ** : ਜਿਵੇਂ ਮੈਂ ਪਹਿਲਾਂ ਵੀ ਕਿਹਾ ਸੀ, ਅੰਤਹਕਰਨ ਵਿਚ ਚਾਰ ਚੀਜਾਂ ਸੰਮਿਲਤ ਹਨ - ਮਨ, ਬੁੱਧੀ, ਚਿੱਤ ਅਤੇ ਅਹੰਕਾਰ। ਇਨ੍ਹਾਂ ਚਾਰਾਂ ਵਿਚੋਂ ਹਰ ਇਕ ਦਾ ਕਾਰਜ ਦੂਜੇ ਸਭ ਨਾਲੋਂ ਭਿੰਨ ਹੈ। ਫਿਰ ਵੀ ਇਨ੍ਹਾਂ ਦਾ ਹਰ ਕਾਰਜ ਚਾਰਾਂ ਦੇ ਸਹਿਯੋਗ ਨਾਲ ਨਿਬਾਹਿਆ ਜਾਦਾ ਹੈ। ਹਰ ਕਾਰਜ ਦਾ ਪਹਿਲੀ ਫੋਟੋ ਜਾਂ ਪ੍ਰਭਾਵ ਦਾ ਸਹੀ ਨਿਸ਼ਾਨ ਆਂਤਰਿਕ ਅੰਗ ਉਪਰ ਪੈਂਦਾ ਹੈ। ਫਿਰ ਉਸ ਦਾ ਬਾਹਰੀ ਪ੍ਰਗਟਾਵਾ ਹੁੰਦਾ ਹੈ - ਬਾਹਰੀ ਅੰਗ ਅਤੇ ਬਾਹਰੀ ਜਗਤ ਵਿਚ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ! ਮਨ ਕੀ ਹੈ?

**ਦਾਦਾਸ਼੍ਰੀ** : ਜਿਹੜਾ ਕਦੇ ਵੀ ਸਰੀਰ ਵਿਚੋਂ ਬਾਹਰ ਨਹੀਂ ਜਾਂਦਾ ਉਹ ਮਨ ਹੈ। ਬੇਚੈਨ ਮਨ ਸਰੀਰ ਦੇ ਅੰਦਰ ਹੀ ਆਪਣਾ ਬਾਂਦਰ-ਨਾਚ ਨਚਦਾ ਰਹਿੰਦਾ ਹੈ ਅਤੇ ਕਈ ਕਿਸਮ ਦੇ ਨਜ਼ਾਰੇ ਵਿਖਾਉਂਦਾ ਹੈ। ਮਨ ਕੋਈ ਜਨਤਕ ਖਾਨਾਬਦੋਸ਼ ਨਹੀਂ। ਲੋਕ ਕਹਿੰਦੇ ਹਨ ਕਿ 'ਮੇਰਾ ਮਨ ਟਿਕਦਾ ਨਹੀਂ, ਇਧਰ ਉਧਰ ਉਡਾਰੀਆਂ ਮਾਰਦਾ ਰਹਿੰਦਾ ਹੈ'। ਇਹ ਸੱਚ ਨਹੀਂ ਹੈ।

**ਪ੍ਰਸ਼ਨ-ਕਰਤਾ** : ਫਿਰ ਬਾਹਰ ਉਡਾਰੀਆਂ ਕੌਣ ਲਾਉਂਦਾ ਹੈ?

**ਦਾਦਾਸ਼੍ਰੀ** : ਜੋ ਬਾਹਰ ਇਧਰ-ਉਧਰ ਫਿਰਦਾ ਹੈ ਉਹ ਚਿੱਤ ਹੈ। ਸਿਰਫ਼ ਚਿੱਤ ਹੀ ਸਰੀਰ ਤੋਂ ਬਾਹਰ ਜਾ ਸਕਦਾ ਹੈ। ਇਹ ਵੀ ਯਥਾਰਥਕ ਫੋਟੋਗ੍ਰਾਫੀ ਕਰ ਲੈਂਦਾ ਹੈ ਜਿਹੜੀ ਵੇਖੀ ਜਾ ਸਕਦੀ ਹੈ।

**ਪ੍ਰਸ਼ਨ-ਕਰਤਾ** : ਬੁੱਧੀ ਦਾ ਕੀ ਰੋਲ ਹੈ?

**ਦਾਦਾਸ਼੍ਰੀ** : ਬੁੱਧੀ ਸਾਨੂੰ ਸਲਾਹ ਦਿੰਦੀ ਹੈ ਅਤੇ ਫੈਸਲੇ ਲੈਂਦੀ ਹੈ ਅਹੰਕਾਰ ਬੁੱਧੀ ਨੂੰ ਸਮਰਥਨ ਦਿੰਦੀ ਹੈ ਅਤੇ ਪੁਸ਼ਟੀ ਕਰਦੀ ਹੈ। ਮਨ, ਬੁੱਧੀ ਅਤੇ ਚਿੱਤ ਵਿਚਕਾਰ ਇਕ ਤਰ੍ਹਾਂ ਦੀ ਸੌਦੇਬਾਜ਼ੀ ਸ਼ੁਰੂ ਹੋ ਜਾਂਦੀ ਹੈ, ਅਤੇ ਮਨ ਜਾਂ ਚਿੱਤ ਨਾਲ ਰਲ ਕੇ ਬੁੱਧੀ ਦੁਆਰਾ ਲਏ ਗਏ ਫੈਸਲੇ ਦੀ ਅਹੰਕਾਰ ਪੁਸ਼ਟੀ ਕਰਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਮੰਨ ਲਉ ਕਿ ਤੁਸੀਂ ਸਾਂਤਾਂਕ੍ਰੂਜ਼ ਵਿਖੇ ਬੈਠੇ ਹੋਏ ਹੋ ਅਤੇ ਤੁਹਾਡਾ ਮਨ ਤੁਹਾਨੂੰ ਪੁਸਤਿਕਾ ਦਿਖਾਉਂਦਾ ਹੈ ਕਿ ਤੁਸੀਂ ਦਾਦਰ ਜਾਣਾ ਹੈ। ਤੁਹਾਡਾ ਚਿੱਤ ਬਿਨਾਂ ਇਕ ਪਲ ਦੀ ਦੇਰੀ ਦੇ ਦਾਦਰ ਲਈ ਉਡਾਰੀ ਮਾਰ ਦਿੰਦਾ ਹੈ ਅਤੇ ਤੁਸੀਂ ਸਾਂਤਾਂਕ੍ਰੂਜ ਬੈਠੇ ਹੋਏ ਦਾਦਰ ਦਾ ਸਪਸ਼ਟ ਚਿੱਤਰ ਦੇਖ ਰਹੇ ਹੁੰਦੇ ਹੋ। ਫਿਰ ਮਨ ਤੁਹਾਨੂੰ ਇਕ ਹੋਰ ਤਸਵੀਰ ਦਿਖਾਵੇਗਾ ਕਿ ਤੁਸੀਂ ਇਕ ਬੱਸ ਵਿਚ ਬੈਠ ਕੇ ਜਾਣਾ ਹੈ। ਚਿੱਤ ਉਡਾਰੀ ਮਾਰ ਕੇ ਬੱਸ ਪਾਸ ਪਹੁੰਚ ਜਾਵੇਗਾ, ਬੱਸ ਨੂੰ ਵੇਖੇਗਾ ਅਤੇ ਵਾਪਸ ਪਰਤ ਆਵੇਗਾ। ਫਿਰ ਮਨ ਤੁਹਾਨੂੰ ਇਕ ਹੋਰ ਤਸਵੀਰ ਦਿਖਾਵੇਗਾ - ਟੈਕਸੀ ਉਪਰ ਜਾਣ ਦੀ। ਫਿਰ ਇਹ ਚੌਥੀ ਤਸਵੀਰ ਦਿਖਾਵੇਗਾ - ਰੇਲ ਰਾਹੀ ਜਾਣ ਦੀ। ਚਿੱਤ ਬਾਹਰ ਵੱਲ ਦੌੜਦਾ ਹੈ ਅਤੇ ਟੈਕਸੀ ਅਤੇ ਰੇਲ ਨੂੰ ਵੇਖ ਕੇ ਵਾਪਸ ਪਰਤ ਆਉਂਦਾ ਹੈ।

ਬੁੱਧੀ+ਮਨ: ਅਹੰਕਾਰ ਦੀ ਪੁਸ਼ਟੀ; ਬੁੱਧੀ+ਚਿੱਤ: ਅਹੰਕਾਰ ਦਾ ਸਮਰਥਨ। ਮਨ ਅਤੇ ਚਿੱਤ ਦੋਹਾਂ ਦੇ ਪਿੱਛੇ ਬੁੱਧੀ ਦਾ ਹੋਣਾ ਜ਼ਰੂਰੀ ਹੈ ਕਿਉਂਕਿ ਬੁੱਧੀ ਤੋਂ ਬਿਨਾਂ ਕੰਮ ਦੇ ਬਾਰੇ ਕੋਈ ਵੀ ਫੈਸਲਾ ਨਹੀਂ ਲਿਆ ਜਾ ਸਕਦਾ। ਜਦੋਂ ਕੋਈ ਫੈਸਲਾ ਲੈ ਲਿਆ ਜਾਂਦਾ ਹੈ ਤਾਂ ਅਹੰਕਾਰ ਉਸ ਦੀ ਪੁਸ਼ਟੀ ਕਰਦਾ ਹੈ ਅਤੇ ਉਸ ਫੈਸਲੇ ਨੂੰ ਅਮਲੀ ਰੂਪ ਦੇ ਦਿੱਤਾ ਜਾਂਦਾ ਹੈ। ਅਹੰਕਾਰ ਤੋਂ ਬਿਨਾਂ ਕੋਈ ਕੰਮ ਵੀ ਨਹੀਂ ਕੀਤਾ ਜਾ ਸਕਦਾ। ਇਥੋਂ ਤੱਕ ਕਿ ਵਿਅਕਤੀ ਪਾਣੀ

ਦਾ ਗਲਾਸ ਪੀਣ ਲਈ ਵੀ ਨਹੀਂ ਉਠ ਸਕਦਾ।

ਅੰਤਹਕਰਨ ਵਿਚ ਪਾਰਲੀਮੈਂਟਰੀ ਸਿਸਟਮ ਹੈ। ਹੁਣ ਮੈਂ ਤੁਹਾਨੂੰ 'ਮਨ ਕੀ ਹੈ ਅਤੇ ਮਨ ਦਾ ਸੁਭਾਅ ਕੀ ਹੈ' ਵਿਸ਼ੇ ਬਾਰੇ ਵਿਸਥਾਰ ਵਿਚ ਦੱਸਾਂਗਾ।

## 54
## ਮਨ ਅਤੇ ਵਿਚਾਰ

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਮਨ ਕੀ ਹੈ?

**ਦਾਦਾਸ਼੍ਰੀ** : ਮਨ ਇਕ ਤਰ੍ਹਾਂ ਦੀ ਸੂਖ਼ਮ ਗੰਢ ਹੈ। ਇਸ ਦੇ ਅੰਦਰ ਕਈ ਹੋਰ ਸੂਖ਼ਮ ਗੰਢਾਂ ਹਨ। ਇਹ ਸੂਖ਼ਮ ਹੈ। ਇਹ ਨਾ ਤਾਂ ਇਕ ਅਣੂ (atom) ਹੈ ਅਤੇ ਨਾ ਹੀ ਇਕ ਕਿਣਕਾ (molecule): ਇਹ ਦੋਹਾਂ ਦੇ ਵਿਚਕਾਰ ਦੀ ਚੀਜ ਹੈ। ਸਾਡੇ ਆਲੇ-ਦੁਆਲੇ ਪ੍ਰਸਥਿਤੀਆਂ ਸਦਾ ਹੀ ਪਰਿਵਰਤਸ਼ੀਲ ਹਨ: ਇਹਨਾਂ ਸਥਿਤੀਆਂ ਵਿਚ ਵਿਅਕਤੀ ਜਾਂ ਤਾਂ ਕਿਸੇ ਵਸਤੂ ਨਾਲ ਮੋਹ ਪਾ ਲੈਂਦਾ ਹੈ ਅਤੇ ਜਾਂ ਨਫ਼ਰਤ ਪਾਲ ਲੈਂਦਾ ਹੈ। ਇਸ ਮੋਹ ਜਾਂ ਨਫ਼ਰਤ ਦੀ ਭਾਵਨਾ ਵਿਚ ਗਲਤਾਨ ਰਹਿਣ ਦੇ ਕਾਰਨ ਵਜੋਂ ਕਾਰਕ-ਮਨ (causal mind) ਦੀ ਉਤਪਤੀ ਹੁੰਦੀ ਹੈ। ਵਿਗਿਆਨਕ ਵਿਵਸਥਿਤ ਸ਼ਕਤੀ (Scientific Circumstantial Evidence) ਦੇ ਅਨੁਸਾਰ ਇਹ ਕਾਰਨ – ਮਨ ਅਖ਼ੀਰ ਨੂੰ ਪ੍ਰਭਾਵਪੂਰਨ, ਵਾਸਤਵਕ ਮਨ (effective mind) ਦਾ ਰੂਪ ਲੈ ਲੈਂਦਾ ਹੈ। ਜਿੰਨਾ ਲੰਮਾ ਸਮਾਂ ਵਿਅਕਤੀ ਚੇਤਨਤਾ ਦੀ ਇਸ ਅਵਸਥਾ ਵਿਚ ਵਿਚਰਦਾ ਹੈ ਉਨੇ ਹੀ ਵਘੇਰੇ ਅਣੂ ਇਕੱਤਰ ਹੁੰਦੇ ਰਹਿੰਦੇ ਹਨ ਅਤੇ ਇਕ ਗੰਢ ਦਾ ਰੂਪ ਲੈ ਲੈਂਦੇ ਹਨ। ਅਗਲੇ ਜਨਮ ਵਿਚ ਇਹੋ ਗੰਢ ਵਾਸਤਵਕ ਮਨ ਬਣ ਜਾਂਦੀ ਹੈ। ਹਰ ਵਿਅਕਤੀ ਦਾ ਮਨ ਦੂਸਰੇ ਵਿਅਕਤੀ ਦੇ ਮਨ ਨਾਲੋਂ ਵੱਖਰਾ ਹੈ ਕਿਉਂਕਿ ਇਹ ਵਾਸਤਵਕ ਮਨ ਹੈ।

**ਪ੍ਰਸ਼ਨ-ਕਰਤਾ** : ਵਿਚਾਰ ਦਾ ਕੀ ਅਰਥ ਹੈ?

**ਦਾਦਾਸ਼੍ਰੀ** : ਮਨ ਅਨੇਕਾਂ ਗੰਢਾਂ ਦਾ ਬਣਿਆ ਹੋਇਆ ਹੁੰਦਾ ਹੈ। ਜਦੋਂ ਕੋਈ ਇਕ ਖ਼ਾਸ ਗੰਢ ਵਿਗਿਆਨਕ ਵਿਵਸਥਿਤ ਸ਼ਕਤੀ ਅਨੁਸਾਰ ਇਕ ਵਿਸ਼ੇਸ਼ ਸਮੇਂ ਉਪਰ ਖੁਲਦੀ ਹੈ ਤਾਂ ਇਸ ਨੂੰ ਅਸੀਂ ਵਿਚਾਰ ਕਹਿੰਦੇ ਹਾਂ।

ਮਨ ਦਾ ਸੁਭਾਅ ਅਤੇ ਜਿਹੜੀ ਗੰਢ ਪਈ ਸੀ ਉਸ ਦੀ ਕਿਸਮ ਵਿਚਾਰ ਤੋਂ ਸਮਝੀ ਜਾ ਸਕਦੀ ਹੈ। ਜਦੋਂ ਵਿਚਾਰ ਪੈਦਾ ਹੁੰਦੇ ਹਨ ਤਾਂ ਇਹ ਪੜ੍ਹੇ ਜਾ ਸਕਦੇ ਹਨ। ਮਨ ਆਪਣੀ ਪਸੰਦ ਦੇ ਵਿਚਾਰਾਂ ਨਾਲ ਆਪਣੇ ਆਪ ਨੂੰ ਇਕ ਰੂਪ ਕਰ ਲੈਂਦਾ ਹੈ ਅਤੇ ਜਿਹੜੇ ਵਿਚਾਰ ਪਸੰਦ ਨਹੀਂ ਹੁੰਦੇ ਉਨ੍ਹਾਂ ਪ੍ਰਤੀ ਘ੍ਰਿਣਾ ਦੀ ਭਾਵਨਾ ਬਣਾ ਲੈਂਦਾ ਹੈ। ਲੋਕ ਕਹਿੰਦੇ ਹਨ ਕਿ ਅਸੀਂ ਮਨ

ਨੂੰ ਜਿੱਤਣ ਹਿਤ ਕ੍ਰਿਆਸ਼ੀਲ ਹਾਂ। ਪਰੰਤੂ ਮਨ ਨੂੰ ਕਦੇ ਵੀ ਕਾਬੂ ਨਹੀਂ ਕੀਤਾ ਜਾ ਸਕਦਾ। ਇਸ ਨੂੰ ਸਹੀ ਗਿਆਨ ਦੇ ਰਾਹੀਂ ਆਪਣੇ ਆਪ ਤੱਕ ਸੀਮਿਤ ਕੀਤਾ ਜਾ ਸਕਦਾ ਹੈ ਜਿਸ ਤਰ੍ਹਾਂ ਅਸੀਂ ਪਾਣੀ ਨੂੰ ਵੀ ਮਿੱਟੀ ਦੇ ਘੜੇ ਵਿਚ ਸਾਂਭ ਸਕਦੇ ਹਾਂ। ਮਨ ਨੂੰ ਜਿੱਤਣਾ ਸਭ ਤੋਂ ਵੱਡੀ ਵਿਰੋਧ-ਉਕਤੀ ਹੈ।

ਪਵਿੱਤਰ ਆਤਮਾ ਚੇਤਨ ਹੈ। ਮਨ ਪੁਦਗਲ ਦਾ ਅੰਗ ਹੋਣ ਕਰਕੇ ਅਚੇਤ ਅਤੇ ਅਜੀਵ ਹੈ। ਇਨ੍ਹਾਂ ਦੋਹਾਂ ਨੂੰ ਕਿਸ ਤਰ੍ਹਾਂ ਜੋੜਿਆ ਜਾ ਮੇਲਿਆ ਜਾ ਸਕਦਾ ਹੈ। ਸਮੱਸਿਆ ਦਾ ਸਮਾਧਾਨ ਤਾਂ ਹੀ ਮਿਲਦਾ ਹੈ ਜਦੋਂ ਸ਼ੁੱਧ ਆਤਮਾ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲਵੇ ਅਤੇ ਮਨ ਨੂੰ ਆਪਦਾ ਕੰਮ ਕਰਨ ਦੇਵੇ। ਵਿਅਕਤੀ ਨੂੰ ਪੂਰੀ ਤਰ੍ਹਾਂ ਸੁਚੇਤ ਹੋਣਾ ਚਾਹੀਦਾ ਹੈ ਪਰੰਤੂ ਮਨ ਦੇ ਕੰਮਾਂ ਵਿਚ ਦਖ਼ਲ-ਅੰਦਾਜ਼ੀ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਇਸ ਦੀ ਕਾਰਜ-ਪ੍ਰਣਾਲੀ ਨਾਲ ਇਕ ਰੂਪ ਹੋਣਾ ਚਾਹੀਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਮਨ ਦੀਆਂ ਗੰਢਾਂ ਵਾਲੇ ਵਿਸ਼ੇ ਨੂੰ ਵਧੇਰੇ ਵਿਸਥਾਰ ਵਿਚ ਸਮਝਾਉਣ ਦੀ ਖੇਚਲ ਕਰੋ।

**ਦਾਦਾਸ਼੍ਰੀ** : ਮੈਂ ਤੁਹਾਨੂੰ ਦਸਦਾ ਹਾਂ ਕਿ ਮਨ ਦੀਆਂ ਗੰਢਾਂ ਕਿੰਨੀ ਸੂਖ਼ਮ ਹੁੰਦੀਆਂ ਹਨ। ਜੇ ਤੁਸੀਂ ਗਰਮੀ ਦੇ ਮੌਸਮ ਵਿਚ ਖੇਤ ਨੂੰ ਜਾਂਦੇ ਹੋ ਤਾਂ ਤੁਸੀਂ ਵੇਖੋਗੇ ਕਿ ਖੇਤ ਪੂਰੀ ਤਰ੍ਹਾਂ ਸਾਫ਼ ਹਨ। ਤੁਹਾਨੂੰ ਇਸ ਤਰ੍ਹਾਂ ਲਗੇਗਾ ਕਿ ਤੁਹਾਡਾ ਖੇਤ ਤਾਂ ਪੂਰੀ ਤਰ੍ਹਾਂ ਸਾਫ਼ ਹੈ। ਪਰੰਤੂ ਜਦੋਂ ਬਾਰਸ਼ ਪੈ ਜਾਂਦੀ ਹੈ ਤਾਂ ਕਈ ਪ੍ਰਕਾਰ ਦੀਆਂ ਵੇਲਾਂ ਵਾੜ ਉਪਰ ਚੜ੍ਹ ਜਾਂਦੀਆਂ ਹਨ ਅਤੇ ਭਿੰਨ ਪ੍ਰਕਾਰ ਦੀ ਬਨਸਪਤੀ ਧਰਤੀ ਨੂੰ ਢੱਕ ਲੈਂਦੀ ਹੈ। ਬਾਰਸ਼ਾਂ ਤੋਂ ਬਾਦ ਕਈ ਕਿਸਮ ਦੇ ਵੇਲ-ਬੂਟੇ ਜਿਹਾ ਕਿ ਕਰੇਲਾ, ਪਰਮਲ, ਚਿੱਭੜ ਆਦਿ ਅਤੇ ਹੋਰ ਕਈ ਜੰਗਲੀ ਵੇਲ-ਬੂਟੇ ਵੀ ਬਾਰਸ਼ ਦੀ ਪਹਿਲੀ ਬੌਛਾਰ ਨਾਲ ਹੀ ਉੱਗ ਪੈਂਦੇ ਹਨ। ਇਹ ਵੇਲ-ਬੂਟੇ ਕਿਥੋਂ ਪੈਦਾ ਹੁੰਦੇ ਹਨ? ਹਰ ਵੇਲ-ਬੂਟੇ ਦੀ ਜੜ੍ਹ ਜਾਂ ਬੀਜ ਪਹਿਲਾਂ ਹੀ ਧਰਤੀ ਵਿਚ ਸੀ। ਇਹ ਬੀਜ/ਜੜ੍ਹ ਪਹਿਲੀ ਬਾਰਸ਼ ਨਾਲ ਹੀ ਧਰਤੀ ਵਿਚੋਂ ਉੱਗ ਕੇ ਬਾਹਰ ਆ ਗਈ। ਫਿਰ ਤੁਸੀਂ ਇਨ੍ਹਾਂ ਵੇਲਾਂ ਨੂੰ ਪੁੱਟ ਦਿੰਦੇ ਹੋ ਤਾਂ ਜੋ ਆਪਣੇ ਖੇਤ ਨੂੰ ਮੁੜ ਸਾਫ਼ ਕਰ ਸਕੋ। ਉਪਰੰਤ ਤੁਸੀਂ ਹਮੇਸ਼ਾ ਇਹੋ ਕਹਿੰਦੇ ਹੋ ਕਿ "ਹੁਣ ਮੇਰਾ ਖ਼ੇਤ ਸਾਫ਼ ਹੋ ਗਿਆ ਹੈ।' ਨਹੀਂ, ਅਸਲ ਵਿਚ ਗੱਲ ਇਹ ਨਹੀਂ ਹੈ। ਆਪਣੇ ਖੇਤ ਨੂੰ ਬਾਰਸ਼ਾਂ ਤੋਂ ਬਾਦ ਹਰ ਸਾਲ ਵੇਖਣ ਜਾਉ। ਜੇ ਮੁੜ ਕਿਸੇ ਕਿਸਮ ਦੇ ਵੇਲ-ਬੂਟੇ ਪੈਦਾ ਨਾ ਹੋਣ ਤਾਂ ਹੀ ਤੁਹਾਡੇ ਖੇਤ ਨੂੰ ਸਾਫ਼ ਮੰਨਿਆ ਜਾ ਸਕਦਾ ਹੈ। "ਤਾਂ ਹੀ ਮਨ ਗੰਢਾਂ ਤੋਂ ਮੁਕਤ ਹੋ ਸਕਦਾ ਹੈ।"

ਇਸੇ ਤਰ੍ਹਾਂ ਇਹ ਮਨ ਵੀ ਕਈ ਗੰਢਾਂ ਦਾ ਬਣਿਆ ਹੋਇਆ ਹੈ। ਇਕ ਵਿਅਕਤੀ ਜਿਸ ਦੀ ਇਕ ਵਿਸ਼ੇਸ਼ ਵਸਤੂ ਲਈ ਗੰਢ ਵਡੇਰੀ ਹੈ ਉਸ ਦੇ ਅੰਦਰ ਵਿਚਾਰ ਵੀ ਵਧੇਰੇ ਪੈਦਾ ਹੋਣਗੇ। ਜਿਸ ਵਿਅਕਤੀ ਦੀ ਕਿਸੇ ਵਸਤੂ ਲਈ ਗੰਢ ਛੋਟੀ ਹੈ ਉਸ ਅੰਦਰ ਉਸ ਵਸਤੂ ਬਾਰੇ

ਬਹੁਤ ਥੋੜੇ ਵਿਚਾਰ ਪੈਦਾ ਹੁੰਦੇ ਹਨ। ਉਦਾਹਰਣ ਦੇ ਲਈ, ਜੇ ਅਸੀਂ ਇਕ ਵੈਸ਼ਣਵ ਵਪਾਰੀ ਦੇ ਪੁੱਤਰ ਨੂੰ ਆਖੀਏ ਕਿ ਤੁਹਾਨੂੰ ਮਾਸ ਖਾਣ ਦਾ ਵਿਚਾਰ ਕਿੰਨੇ ਵਾਰੀ ਆਇਆ ਹੈ ਤਾਂ ਉਹ ਸਾਨੂੰ ਉੱਤਰ ਦੇਵੇਗਾ ਕਿ "ਆਪਣੀ ਸਾਰੀ 22 ਸਾਲ ਦੀ ਉਮਰ ਦੌਰਾਨ ਸਿਰਫ਼ ਚਾਰ ਜਾਂ ਪੰਜ ਵਾਰ ਮੈਨੂੰ ਇਹ ਵਿਚਾਰ ਆਇਆ ਹੋਵੇਗਾ।" ਇਸ ਤੋਂ ਸਪਸ਼ਟ ਪਤਾ ਚਲਦਾ ਹੈ ਕਿ ਉਸ ਦੀ ਮਾਸ ਖਾਣ ਦੀ ਗੰਢ ਬਹੁਤ ਨਿੱਕੀ ਹੈ - ਇਕ ਛੋਟੇ ਬੀਜ ਜਿੰਨੀ ਨਿੱਕੀ। ਜੇ ਅਸੀਂ ਕਿਸੇ ਮੁਸਲਮਾਨ ਭਰਾ ਦੇ ਪੁੱਤਰ ਨੂੰ ਇਹੋ ਪ੍ਰਸ਼ਨ ਕਰੀਏ ਤਾਂ ਉਸ ਦਾ ਉੱਤਰ ਹੋਵੇਗਾ: "ਇਹ ਵਿਚਾਰ ਮੈਨੂੰ ਹਰ ਦਿਨ ਕਈ ਵਾਰ ਆਉਂਦਾ ਹੈ।" ਇਸ ਦਾ ਅਰਥ ਇਹ ਹੈ ਕਿ ਉਸ ਅੰਦਰ ਮਾਸ ਖਾਣ ਵਾਲੀ ਗੰਢ ਕਚਾਲੂ ਜਿੰਨੀ ਵੱਡੀ ਹੈ? ਜੇ ਤੁਸੀਂ ਕਿਸੇ ਜੈਨ ਦੇ ਬੇਟੇ ਨੂੰ ਇਹੋ ਗੱਲ ਪੁੱਛੋ ਤਾਂ ਉਸ ਦਾ ਉੱਤਰ ਹੋਵੇਗਾ: "ਮੈਂ ਸਾਰੀ ਉਮਰ ਕਦੇ ਮਾਸ ਖਾਣ ਬਾਰੇ ਨਹੀਂ ਸੋਚਿਆ।" ਇਸ ਦਾ ਭਾਵ ਇਹ ਕਿ ਉਸ ਦੇ ਅੰਦਰ ਮਾਸ ਖਾਣ ਵਾਲੀ ਗੰਢ ਹੈ ਹੀ ਨਹੀਂ।

ਕਲਪਨਾ ਕਰੋ ਕਿ ਤੁਹਾਨੂੰ ਇਕ ਅਜਿਹਾ ਗ੍ਰਾਫ ਬਨਾਉਣ ਦਾ ਕੰਮ ਦਿੱਤਾ ਗਿਆ ਹੈ ਜਿਸ ਵਿਚ (ਕੁਝ ਵਸਤਾਂ ਬਾਰੇ) ਵਿਚਾਰਾਂ ਦੀ ਵਾਰ-ਵਾਰ ਵਾਪਰਨ ਦੀ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਗਤੀ ਨੂੰ ਦਰਸਾਉਣਾ ਹੋਵੇ। ਤੁਸੀਂ ਵੱਖ-ਵੱਖ ਗਤੀਆਂ ਨੂੰ ਨੋਟ ਕਰਦੇ ਰਹੋ ਅਤੇ ਇਕ ਹਫ਼ਤਾਵਾਰੀ ਗ੍ਰਾਫ਼ ਤਿਆਰ ਕਰੋ। ਫਿਰ ਇਕ ਰੋਜ਼ਾਨਾ ਗ੍ਰਾਫ਼ ਤਿਆਰ ਕਰੋ। ਤੁਸੀ਼ ਇਕ ਦਮ ਨੋਟਿਸ ਕਰੋਗੇ ਕਿ ਕਿਹੜੀਆਂ ਗੰਢਾਂ ਨੇ ਅੰਦਰ ਘਰ ਕੀਤਾ ਹੋਇਆ ਹੈ ਅਤੇ ਉਨ੍ਹਾਂ ਦਾ ਸਾਈਜ਼ ਕੀ ਹੈ। ਪਰੰਤੂ ਮੈਂ ਤੁਹਾਨੂੰ ਇਹ ਵੀ ਦੱਸ ਦਿਆਂ ਕਿ ਆਮ ਤੌਰ ਤੇ 5 ਤੋਂ 10 ਤੱਕ ਵੱਡੀਆਂ ਗੰਢਾਂ ਹੁੰਦੀਆਂ ਹਨ। ਉਹ ਇਨਸਾਨ ਲਈ ਸਮੱਸਿਆ ਹਨ। ਛੋਟੀਆਂ ਗੰਢਾਂ ਦਾ ਬਹੁਤ ਅਸਰ ਨਹੀਂ ਹੁੰਦਾ। ਕੀ ਤੁਸੀਂ ਅਜਿਹਾ ਕੰਮ ਕਰੋਗੇ?

**ਪ੍ਰਸ਼ਨ-ਕਰਤਾ** : ਬਿਲਕੁਲ, ਸ਼੍ਰੀਮਾਨ ਜੀ। ਮੈਂ ਇਹ ਜ਼ਰੂਰ ਕਰਾਂਗਾ।

**ਦਾਦਾਸ਼੍ਰੀ** : ਮੇਰੇ ਅੰਦਰ ਕੋਈ ਗੰਢ ਨਹੀਂ ਹੈ। ਇਸੇ ਲਈ ਮੈਨੂੰ ਨਿਰ-ਗਰੰਥੀ (ਭਾਵ ਗਰੰਥੀ ਜਾਂ ਗੰਢ ਤੋਂ ਬਿਨਾਂ) ਵੀ ਕਹਿੰਦੇ ਹਨ। ਭਾਵ ਇਹ ਕਿ ਮੈਂ ਪੂਰੀ ਤਰ੍ਹਾਂ ਨਿਰਲੇਪ ਹਾਂ ਅਤੇ ਮੈਨੂੰ ਕੋਈ ਮੋਹ-ਭਾਵਨਾ, ਕੋਈ ਮੇਰ-ਤੇਰ ਨਹੀਂ। ਮਨੁੱਖ ਇੱਕ ਗੰਢਦਾਰ ਲੱਕੜ ਦੀ ਤਰ੍ਹਾਂ ਹੈ। ਅਜਿਹੀ ਲੱਕੜ ਫਰਨੀਚਰ ਬਨਾਉਣ ਦੇ ਕੰਮ ਨਹੀਂ ਆਉਂਦੀ। ਜੇ ਇਹ ਗੰਢਾਂ ਬਹੁਤ ਹੀ ਜ਼ਿਆਦਾ ਹੋ ਜਾਣ ਤਾਂ ਉਹ ਸਰੀਰ ਅੰਦਰ ਲਾਵੇ ਦੀ ਤਰ੍ਹਾਂ ਫਟ ਜਾਂਦੀਆਂ ਹਨ। ਫਿਰ ਉਨ੍ਹਾਂ ਨੂੰ ਰਸੌਲੀਆਂ ਕਿਹਾ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਇਹ ਕਿਉਂ ਹੁੰਦਾ ਹੈ ਕਿ ਵਿਅਕਤੀ ਨੂੰ ਉਸ ਦੇ ਨਾ ਚਾਹੁਣ ਦੇ ਬਾਵਜੂਦ ਵੀ ਬੁਰੇ ਵਿਚਾਰ ਆਉਂਦੇ ਹਨ? ਮੇਰੇ ਮਨ ਵਿਚ ਘੜੀ-ਮੁੜੀ ਬੁਰੇ ਵਿਚਾਰ ਮੰਡਲਾਉਂਦੇ ਰਹਿੰਦੇ ਹਨ।

**ਦਾਦਾਸ਼੍ਰੀ** : ਜਦੋਂ ਕਿਸੇ ਵਿਅਕਤੀ ਨੂੰ ਚੰਗੇ ਵਿਚਾਰ ਆਉਂਦੇ ਹਨ ਤਾਂ ਉਸ ਨੂੰ ਇਹ ਭੁਲੇਖਾ ਹੋ ਜਾਂਦਾ ਹੈ: 'ਮੈਂ ਸੋਚਦਾ ਹਾਂ ਕਿ ਮੇਰੇ ਵਿਚਾਰ ਬਹੁਤ ਨੇਕ ਹਨ'। ਜਦੋਂ ਉਸ ਨੂੰ ਬੁਰੇ ਵਿਚਾਰ ਆਉਣ ਲਗਦੇ ਹਨ ਤਾਂ ਉਹ ਕਹਿੰਦਾ ਹੈ: "ਮੈਨੂੰ ਬਹੁਤ ਸਾਰੇ ਬੁਰੇ ਵਿਚਾਰ ਆਉਂਦੇ ਹਨ। ਮੈਂ ਉਨ੍ਹਾਂ ਦਾ ਆਉਣਾ ਬੰਦ ਕਰਦਾ ਹਾਂ ਪਰੰਤੂ ਫਿਰ ਵੀ ਬੁਰੇ ਵਿਚਾਰ ਆਉਂਦੇ ਰਹਿੰਦੇ ਹਨ।" ਇਹ ਸਭ ਕਿਸ ਦਿਸ਼ਾ ਵੱਲ ਇਸ਼ਾਰਾ ਕਰਦਾ ਹੈ? ਤੁਸੀਂ ਹੰਕਾਰ ਮਹਿਸੂਸ ਕਰਦੇ ਹੋ ਕਿ ਚੰਗੇ ਵਿਚਾਰਾਂ ਦੇ ਸੋਚਣ ਵਾਲੇ ਤੁਸੀਂ ਹੋ। ਪਰੰਤੂ ਜਦ ਤੁਹਾਨੂੰ ਬੁਰੇ ਵਿਚਾਰ ਤੰਗ ਕਰਦੇ ਹਨ ਤਾਂ ਤੁਸੀਂ ਕਹਿੰਦੇ ਹੋ ਕਿ 'ਮੈਂ ਕੀ ਕਰ ਸਕਦਾ ਹਾਂ?' ਜੇ ਵਿਅਕਤੀ ਆਪ ਹੀ ਆਪਣੇ ਵਿਚਾਰਾਂ ਦਾ ਸੋਚਣ ਵਾਲਾ ਹੁੰਦਾ ਤਾਂ ਹਰ ਕੋਈ ਭਲੇ ਅਤੇ ਨੇਕ ਵਿਚਾਰ ਹੀ ਸੋਚਣੇ ਚਾਹੇਗਾ ਅਤੇ ਬੁਰੇ ਵਿਚਾਰ ਤਾਂ ਕੋਈ ਵੀ ਕਦੇ ਵੀ ਨਹੀਂ ਸੋਚੇਗਾ। ਪਰੰਤੂ ਕੀ ਇੰਦਾ ਕਦੇ ਹੁੰਦਾ ਹੈ? ਨਹੀਂ, ਇਸ ਤਰ੍ਹਾਂ ਤਾਂ ਕਦੇ ਵੀ ਨਹੀਂ ਹੁੰਦਾ। ਫਿਰ ਇਹ ਤਾਂ ਯਕੀਨੀ ਹੈ ਕਿ ਚੰਗੇ ਵੀ ਅਤੇ ਬੁਰੇ ਵਿਚਾਰ ਵੀ ਹਮੇਸ਼ਾ ਵਾਰ-ਵਾਰ ਤੁਹਾਨੂੰ ਇਸੇ ਤਰ੍ਹਾਂ ਆਉਂਦੇ ਰਹਿਣਗੇ।

ਮਨ ਸ਼ੁੱਧ ਆਤਮਾ ਨਾਲੋਂ ਬਿਲਕੁਲ ਭਿੰਨ ਹੈ ਅਤੇ ਇਹ ਕਦੇ ਵੀ ਉਸ ਨਾਲ ਇਕ ਨਹੀਂ ਹੋ ਸਕਦਾ।

## 55

## ਮਨ : ਕਾਰਜ ਲਈ ਪ੍ਰੇਰਨਾ

**ਪ੍ਰਸ਼ਨ-ਕਰਤਾ** : ਕਹਿੰਦੇ ਹਨ ਕਿ ਉਹ ਪਰਮਾਤਮਾ ਹੀ ਹੈ ਜੋ ਵਿਅਕਤੀ ਨੂੰ ਸੋਚਣ ਲਈ ਪ੍ਰੇਰਿਤ ਕਰਦਾ ਹੈ।

**ਦਾਦਾਸ਼੍ਰੀ** : ਫਿਰ ਤਾਂ ਕੋਈ ਇਹ ਵੀ ਕਹਿ ਸਕਦਾ ਹੈ: 'ਮੇਰੇ ਅੰਦਰਲਾ ਪਰਮਾਤਮਾ ਮੈਨੂੰ ਚੋਰੀ ਕਰਨ ਲਈ ਉਤਸ਼ਾਹਿਤ ਕਰਦਾ ਹੈ।" ਕੀ ਤੁਹਾਡਾ ਕਹਿਣ ਤੋਂ ਭਾਵ ਇਹ ਹੈ ਕਿ ਤੁਸੀਂ ਤਾਂ ਮਾਸੂਮ ਹੋ ਅਤੇ ਪਰਮਾਤਮਾ ਚੋਰ ਹੈ? ਮੂਰਖ ਮਨੁੱਖ! ਕੀ ਪਰਮਾਤਮਾ ਕਦੇ ਵੀ ਕਿਸੇ ਵੀ ਵਿਅਕਤੀ ਨੂੰ ਅਜਿਹੇ ਕੰਮ ਲਈ ਉਤਸ਼ਾਹਿਤ ਕਰ ਸਕਦਾ ਹੈ? ਪਰਮਾਤਮਾ ਨਾ ਤਾਂ ਕਿਸੇ ਨੂੰ ਚੋਰੀ ਕਰਨ ਲਈ ਪ੍ਰੇਰਦਾ ਹੈ ਅਤੇ ਨਾ ਹੀ ਚੋਰੀ ਨਾ ਕਰਨ ਲਈ। ਕਾਨੂੰਨ ਕੀ ਕਹਿੰਦਾ ਹੈ? ਜਿਹੜਾ ਵੀ ਕੋਈ ਕਿਸੇ ਵਿਅਕਤੀ ਨੂੰ ਚੋਰੀ ਕਰਨ ਦੀ ਸਲਾਹ ਦਿੰਦਾ ਹੈ ਜਾਂ ਪ੍ਰੇਰਿਤ ਕਰਦਾ ਹੈ ਉਹ ਖੁਦ ਵੀ ਚੋਰ ਹੈ।

ਕੀ ਤੁਸੀਂ ਸੋਚਦੇ ਹੋ ਕਿ ਪਰਮਾਤਮਾ ਵੀ ਕਦੇ ਇਹੋ ਜਿਹੇ ਕੰਮ ਵਿਚ ਭਾਗੀਦਾਰ ਹੋ ਸਕਦਾ ਹੈ? ਉਹ ਸਰਵ-ਗਿਆਤਾ ਹੈ, ਨਿਰੀਖਕ ਹੈ ਅਤੇ ਅਨੰਤ ਅਨੰਦ ਹੈ। ਉਹ ਹਰ ਕਿਸੇ

ਨੂੰ ਵੇਖਦਾ ਵੀ ਹੈ ਅਤੇ ਜਾਣਦਾ ਵੀ ਹੈ।

**ਪ੍ਰਸ਼ਨ-ਕਰਤਾ** : ਫਿਰ ਪ੍ਰੇਰਨਾ ਕੀ ਹੈ?

**ਦਾਦਾਸ਼੍ਰੀ** : ਇਹ ਚੋਰੀ ਦੀ ਗ੍ਰੰਥੀ ਜਾਂ ਗੰਢ ਹੈ ਜੋ ਮਨੁੱਖ ਦੇ ਅੰਦਰੋਂ ਹੀ ਉਗਮਦੀ ਹੈ ਅਤੇ ਜਿਹੜੀ ਚੋਰੀ ਕਰਨ ਦਾ ਵਿਚਾਰ ਦਿੰਦੀ ਹੈ। ਜੇ ਇਹ ਗੰਢ ਵੱਡੀ ਹੋਵੇ ਤਾਂ ਮਨੁੱਖ ਨੂੰ ਕਈ ਵਿਚਾਰ ਆਉਣਗੇ ਅਤੇ ਉਹ ਚੋਰੀ ਕਰਨ ਵੀ ਜ਼ਰੂਰ ਜਾਵੇਗਾ। ਉਹ ਇਸ ਗੱਲ ਦੀ ਸ਼ੇਖੀ ਵੀ ਮਾਰੇਗਾ ਕਿ ਉਸ ਨੇ ਕਿੰਨੀ ਚਲਾਕੀ ਨਾਲ ਚੋਰੀ ਕੀਤੀ ਹੈ। ਜਦੋਂ ਤੁਸੀਂ ਇਸ ਤਰ੍ਹਾਂ ਸ਼ੇਖੀ ਮਾਰ ਕੇ ਕਹਿੰਦੇ ਹੋ ਤਾਂ ਚੋਰੀ ਵਾਲੀ ਗੰਢ ਨੂੰ ਤਾਕਤ ਮਿਲਦੀ ਹੈ। ਇਸ ਖ਼ੁਰਾਕ ਨੂੰ ਮਿਲਣ ਨਾਲ ਕਰਮਾਂ ਦੇ ਨਵੇਂ ਬੀਜ ਮਨ-ਧਰਤੀ ਉਪਰ ਡਿਗਦੇ ਹਨ, ਜੰਮਦੇ ਹਨ ਅਤੇ ਇਹ ਗੰਢ ਹੋਰ ਵਡੇਰੀ ਹੁੰਦੀ ਚਲੀ ਜਾਂਦੀ ਹੈ।

ਇਸ ਦੇ ਉਲਟ, ਇਕ ਚੋਰ ਹੋਰ ਵੀ ਹੈ ਜਿਹੜਾ ਚੋਰੀ ਤਾਂ ਕਰਦਾ ਹੈ ਪਰੰਤੂ ਉਸ ਦੀ ਆਤਮਾ ਉਸ ਨੂੰ ਕਹਿੰਦੀ ਹੈ ਕਿ 'ਚੋਰੀ ਕਰਨ ਦਾ ਇਹ ਕੰਮ ਪਾਪ ਹੈ'। ਪਰ ਮੈਂ ਕਰਾਂ ਵੀ ਕੀ? ਪੇਟ ਭਰਨ ਲਈ ਇਹ ਤਾਂ ਕਰਨਾ ਹੀ ਪੈਣਾ ਹੈ। ਉਸ ਨੂੰ ਇਸ ਗੱਲ ਦਾ ਪਛਤਾਵਾ ਹੈ ਕਿ ਉਸ ਨੇ ਚੋਰੀ ਕੀਤੀ। ਉਹ ਦਿਲੋਂ ਪਸ਼ਚਾਤਾਪ ਕਰਦਾ ਹੈ। ਇਸ ਲਈ ਉਸ ਦੀ ਚੋਰੀ ਵਾਲੀ ਗੰਢ ਨੂੰ ਤਾਕਤ ਨਹੀਂ ਮਿਲਦੀ। ਇਸ ਲਈ ਉਹ ਜਿਹੜੇ ਕਰਮਾਂ ਦੇ ਬੀਜ ਬੀਜਦਾ ਹੈ ਉਹ ਚੋਰੀ ਨਾ ਕਰਨ ਵਾਲੇ ਹਨ। ਨਤੀਜੇ ਵਜੋਂ ਅਗਲੇ ਜਨਮ ਵਿਚ ਉਹ ਚੋਰੀ ਵਰਗੀ ਬੁਰਾਈ ਤੋਂ ਬਚਿਆ ਰਹਿੰਦਾ ਹੈ।

**ਪ੍ਰਸ਼ਨ-ਕਰਤਾ** : ਪਰੰਤੂ ਮਨ ਦੀ ਕ੍ਰਿਆਸ਼ੀਲਤਾ ਤਾਂ ਨਿਰੰਤਰ ਹੈ। ਫਿਰ ਕੋਈ ਮਨ ਨੂੰ ਕਾਬੂ ਕਿਵੇਂ ਕਰ ਸਕਦਾ ਹੈ?

**ਦਾਦਾਸ਼੍ਰੀ** : ਸਾਡਾ ਮਨ ਜੋ ਵੀ ਕਲਪਨਾ ਕਰਦਾ ਹੈ ਜਾਂ ਜੋ ਵੀ ਸ਼ੱਕ ਕਰਦਾ ਹੈ ਇਹ ਉਸ ਦੀ ਕਾਰਕ-ਮਨ ਵਜੋਂ ਤਸਵੀਰ ਬਣ ਜਾਂਦੀ ਹੈ। ਤਸਵੀਰ ਦਾ 'ਨੈਗੇਟਿਵ' ਤਿਆਰ ਹੋ ਜਾਂਦਾ ਹੈ। ਆਉਣ ਵਾਲੇ ਕਿਸੇ ਜਨਮ ਵਿਚ ਇਹ ਕ੍ਰਿਆਸ਼ੀਲ ਹੋ ਜਾਂਦਾ ਹੈ ਅਤੇ ਪ੍ਰਭਾਵਸ਼ਾਲੀ, ਯਥਾਰਥਕ ਮਨ ਵਜੋਂ ਬਾਹਰ ਪ੍ਰਗਟ ਹੋ ਜਾਂਦਾ ਹੈ। ਫਿਰ ਇਹ 'ਨੈਗੇਟਿਵ' ਦੀ ਬਜਾਇ ਪਰਦੇ ਉਪਰ ਸਹੀ ਤਸਵੀਰ ਦੀ ਤਰ੍ਹਾਂ ਨਜ਼ਰ ਆਉਣ ਲਗਦਾ ਹੈ।

ਜਿਹੜੀ ਫ਼ਿਲਮ ਤੁਸੀਂ ਕਿਸੇ ਸਿਨੇਮਾ-ਘਰ ਵਿਚ ਵੇਖਦੇ ਹੋ ਉਹ ਤਿੰਨ ਘੰਟੇ ਚਲਦੀ ਹੈ। ਇਸ ਫ਼ਿਲਮ ਦਾ ਇਕ ਅੰਤ ਨਿਸ਼ਚਤ ਹੈ ਜਦੋਂ ਕਿ ਮਨ ਦੀ ਫ਼ਿਲਮ ਤਾਂ ਅੰਤ-ਹੀਣ ਹੈ। ਇਸ ਦੇ ਅੰਤ ਉਪਰ ਪਹੁੰਚਣ ਤੋਂ ਭਾਵ ਹੈ ਮੁਕਤੀ ਦੀ ਪ੍ਰਾਪਤੀ। ਸਾਡੇ ਕਵੀਰਾਜ ਨਵਨੀਤ ਜੀ ਨੇ ਔਰੰਗਾਬਾਦ ਦੇ ਇਕ ਸਿਨਮਾ-ਘਰ ਦੇ ਉਦਘਾਟਨ ਸਮੇਂ ਇਸ ਤਰਜ ਦਾ ਇਕ ਗੀਤ ਗਾਇਆ ਸੀ।

'ਜਗਤ ਵਿਚ ਹਰ ਥਾਂ ਫ਼ਿਲਮ ਦਾ ਸ਼ੋਅ ਚਲਦਾ ਤਿੰਨ ਘੰਟੇ
ਪਰ ਮਨ ਦੀ ਫ਼ਿਲਮ ਦਾ ਅੰਤ ਕਹਾਵੇ ਮੁਕਤ-ਪਦ'।

ਬਹੁਤ ਸਾਰੇ ਲੋਕ ਮਨ ਨੂੰ ਕਾਬੂ ਕਰਨ ਵਿਚ ਲਗੇ ਹੋਏ ਹਨ। ਜਦੋਂ ਕੋਈ ਅਣ-ਸੁਖਾਵੀਂ ਫ਼ਿਲਮ ਦੇਖਣ ਨੂੰ ਮਿਲਦੀ ਹੈ ਤਾਂ ਇਹ ਲੋਕ ਉਸ ਨੂੰ ਕੱਟ ਦੇਣ ਦਾ ਯਤਨ ਕਰਦੇ ਹਨ। ਪਰੰਤੂ ਇਸ ਨੂੰ ਕੱਟ ਕਿਵੇਂ ਸਕਦੇ ਹੋ? ਫ਼ਿਲਮ ਦੀ ਸ਼ੂਟਿੰਗ ਕਰਦੇ ਸਮੇਂ ਹੀ ਵਧੇਰੇ ਧਿਆਨ ਰੱਖਣਾ ਚਾਹੀਦਾ ਸੀ। ਮਨ ਤਾਂ ਇਕ ਫ਼ਿਲਮ ਵਾਂਗ ਹੈ। ਫ਼ਿਲਮ ਵਿਚ ਜੋ ਵੀ ਦਿਖਾਈ ਆਉਂਦਾ ਹੈ ਉਹ ਤਾਂ ਦੇਖਣਾ ਵੀ ਹੈ ਅਤੇ ਜਾਨਣਾ ਵੀ। ਕਈ ਮੂਰਖ ਵਿਅਕਤੀ ਰੋਣ ਲਗਦੇ ਹਨ ਜਦੋਂ ਉਹ ਸਿਨਮਾ-ਘਰ ਵਿਚ ਕੁਰਸੀ ਉਪਰ ਬੈਠੇ ਫ਼ਿਲਮ ਵਿਚ ਇਕ ਇਸਤਰੀ ਨੂੰ ਮਰਦਿਆਂ ਵੇਖਦੇ ਹਨ ਮਾਨੋ ਇਹ ਉਸ ਦੀ ਆਪਣੀ ਪਤਨੀ ਹੋਵੇ। ਹੇ ਮੂਰਖ ਜੀਵ! ਤੁਸੀਂ ਕਿਉਂ ਰੋਂਦੇ ਹੋ? ਇਹ ਤਾਂ ਮਾਤਰ ਇਕ ਫ਼ਿਲਮ ਹੈ।

## 56
## ਗਿਆਤਾ-ਗਿਆਨ ਸੰਬੰਧ

**ਪ੍ਰਸ਼ਨ-ਕਰਤਾ** : ਇਕ ਗਿਆਨੀ ਪੁਰਸ਼ ਆਪਣੇ ਵਿਚਾਰਾਂ ਨਾਲ ਕਿਵੇਂ ਸਿੱਝਦਾ ਹੈ?

**ਦਾਦਾਸ਼੍ਰੀ** : ਮੈਂ ਮਨ ਦੀ ਫ਼ਿਲਮ ਨੂੰ ਸਿਰਫ਼ ਦੇਖਦਾ ਹਾਂ ਅਤੇ ਜਾਣਦਾ ਹਾਂ। ਮੈਂ ਦੇਖਦਾ ਅਤੇ ਜਾਣਦਾ ਹਾਂ ਕਿ ਕਿਹੜਾ ਵਿਚਾਰ ਆਇਆ ਅਤੇ ਕਿਹੜਾ ਵਿਚਾਰ ਗਿਆ। ਮੇਰਾ ਵਿਚਾਰਾਂ ਨਾਲ ਕੇਵਲ ਹੱਥ ਮਿਲਾਉਣ ਵਾਲਾ, ਭਾਵ ਔਪਚਾਰਕ ਜਿਹਾ ਰਿਸ਼ਤਾ ਹੈ। ਮੈਂ ਉਨ੍ਹਾਂ ਨੂੰ ਆਪਣੇ ਨਾਲ ਘੁੱਟ ਕੇ ਨਹੀਂ ਰਖਦਾ ਅਤੇ ਉਨ੍ਹਾਂ ਨੂੰ ਆਪਣਾ ਪੱਕਾ ਸਾਥੀ ਨਹੀਂ ਬਣਾਉਂਦਾ। ਭਗਵਾਨ ਮਹਾਂਵੀਰ ਵੀ ਇਸ ਤਰ੍ਹਾਂ ਹੀ ਕਰਿਆ ਕਰਦੇ ਸਨ। ਉਹ ਵਿਚਾਰਾਂ ਨੂੰ ਆਉਂਦੇ ਅਤੇ ਜਾਂਦੇ ਵੇਖਦੇ ਸਨ। ਵਿਚਾਰ ਆਉਂਦੇ ਸਨ ਅਤੇ ਚਲੇ ਜਾਂਦੇ ਸਨ। ਉਨ੍ਹਾਂ ਨੂੰ ਅੰਤਿਮ ਸਾਹ ਤਕ ਵਿਚਾਰ ਆਉਂਦੇ ਰਹੇ।

ਦੋਸਤ! ਮੇਰੀ ਗੱਲ ਸੁਣੋ। ਤੁਸੀਂ ਵਿਚਾਰਾਂ ਦੇ ਸਿਰਫ਼ ਗਿਆਤਾ ਹੋ। ਉਹ ਜਾਣੀ ਜਾ ਸਕਣ ਵਾਲੀ ਵਸਤੂ ਹਨ ਜਦੋਂ ਕਿ ਤੁਸੀਂ ਗਿਆਤਾ ਹੋ। ਇਹ ਗਿਆਤਾ ਅਤੇ ਜਾਣੀ ਜਾ ਸਕਣ ਵਾਲੀ ਚੀਜ ਦਾ ਪ੍ਰਸਪਰ ਰਿਸ਼ਤਾ ਹੈ। ਜਦੋਂ ਤਕ ਤੁਹਾਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ ਉਦੋਂ ਅਖ਼ੀਰਲੇ ਪਲ ਤਕ ਤੁਸੀਂ ਮਨ ਦੀ ਫ਼ਿਲਮ ਵੇਖਦੇ ਰਹੋਗੇ। ਪਰੰਤੂ ਜਦ ਇਹ ਫ਼ਿਲਮ ਖ਼ਤਮ ਹੋ ਜਾਂਦੀ ਹੈ ਤਾਂ ਉਸ ਉਪਰੰਤ ਪੂਰਨ ਮੁਕਤੀ ਹੈ - ਨਿਰਵਾਣ।

ਜੇ ਤੁਹਾਨੂੰ ਡਾਕੂਆਂ ਦਾ ਡਰ ਹੈ ਤਾਂ ਤੁਹਾਨੂੰ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਅੱਜ

ਨਹੀਂ ਤਾਂ ਕੱਲ੍ਹ ਇਕ ਦਿਨ ਤੁਸੀਂ ਲੁੱਟੇ ਹੀ ਜਾਉਗੇ। ਪਰੰਤੂ ਜੇਕਰ ਤੁਹਾਨੂੰ ਅਜਿਹੇ ਵਿਚਾਰ ਨਹੀਂ ਆਉਂਦੇ ਤਾਂ ਇਹ ਸਮਝ ਲਓ ਕਿ ਤੁਸੀਂ ਲੁੱਟੇ ਨਹੀਂ ਜਾਉਗੇ। ਆਉਣ ਵਾਲੀਆਂ ਘਟਨਾਵਾਂ ਵਿਚਾਰਾਂ ਦੇ ਰੂਪ ਵਿਚ ਆਪਣਾ ਪਰਛਾਵਾਂ ਪਹਿਲਾਂ ਹੀ ਕਰ ਦਿੰਦੀਆਂ ਹਨ। ਮਨੁੱਖ ਦਾ ਅੰਦਰਲਾ ਗੁਦਾਮ ਚੀਜਾਂ ਨਾਲ ਪੂਰੀ ਤਰ੍ਹਾਂ ਭਰਿਆ ਪਿਆ ਹੈ ਇਸ ਲਈ ਇਹ ਸਭ ਵਿਚਾਰਾਂ ਦੇ ਰੂਪ ਵਿਚ ਪ੍ਰਗਟ ਹੋ ਜਾਂਦੇ ਹਨ। ਤੁਹਾਨੂੰ ਇਸ ਤਰ੍ਹਾਂ ਦੇ ਵਿਚਾਰ ਆਉਣ ਤੋਂ ਭਾਵ ਇਹ ਹੈ ਕਿ ਤੁਹਾਨੂੰ ਵਧੇਰੇ ਸਾਵਧਾਨ ਰਹਿਣ ਦੀ ਲੋੜ ਹੈ। ਇਸ ਸੰਸਾਰ ਵਿਚ ਵਿਅਕਤੀ ਨੂੰ ਵਿਸ਼ੇਸ਼ ਤੌਰ ’ਤੇ ਮਨ ਦੇ ਵਿਗਿਆਨ ਨੂੰ ਸਮਝਣ ਦੀ ਲੋੜ ਹੈ। ਬਹੁਤ ਸਾਰੇ ਲੋਕ ਮਨ ਨੂੰ ਮਾਰਨ ਦਾ ਯਤਨ ਕਰਦੇ ਹਨ। ਮੇਰੇ ਪਿਆਰੇ ਮਾਨਵ! ਮਨ ਨੂੰ ਮਾਰਨਾ ਨਹੀਂ ਹੈ : ਜੇ ਮਨ ਹੀ ਮਰ ਗਿਆ ਤਾਂ ਵਿਅਕਤੀ ਪਾਗ਼ਲ ਹੋ ਜਾਵੇਗਾ।

**ਪ੍ਰਸ਼ਨ-ਕਰਤਾ** : ਇਹ ਕਿਹਾ ਜਾਂਦਾ ਹੈ ਕਿ ਸਾਨੂੰ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਸਾਨੂੰ ਚੰਗੇ, ਸ਼ੁਭ ਵਿਚਾਰ ਹੀ ਆਉਣ।

**ਦਾਦਾਸ਼੍ਰੀ** : ਮਨ ਵਿਚ ਸਿਰਫ਼ ਸ਼ੁਭ ਵਿਚਾਰ ਹੀ ਆਉਣ ਸਾਨੂੰ ਇਹ ਉਮੀਦ ਨਹੀਂ ਰਖਣੀ ਚਾਹੀਦੀ। ਜੋ ਵੀ ਅਤੇ ਜਿਸ ਤਰ੍ਹਾਂ ਦੇ ਵੀ ਵਿਚਾਰ ਮਨ ਵਿਚ ਆਉਣ ਉਨ੍ਹਾਂ ਦਾ ਜੀ-ਆਇਆਂ। ਅਸੀਂ ਮਨ ਨੂੰ ਕੀ ਕਹਿ ਸਕਦੇ ਹਾਂ? ਤੁਸੀਂ ਆਪਣਾ ਰਾਗ ਅਲਾਪਦੇ ਰਹੋ ਜਿਵੇਂ ਤੁਹਾਡਾ ਮਨ ਕਰਦਾ ਹੈ। ਅਸੀਂ ਕੌਣ ਹੁੰਦੇ ਹਾਂ ਕਿਸੇ ਦਾ ਯਥਾਰਥਕ ਮਨ ਨੂੰ ਬਦਲਣ ਜਾਂ ਕੰਟਰੋਲ ਕਰਨ ਵਾਲੇ? ਕੋਈ ਵੀ ਵਿਅਕਤੀ ਇਸ ਤਰ੍ਹਾਂ ਨਹੀਂ ਕਰ ਸਕਦਾ ਕਿਉਂਕਿ ਮਨ ਹੀ ਪ੍ਰਭਾਵ, ਯਥਾਰਥ ਹੈ। ਅਸੀਂ ਇਸ ਤੋਂ ਕਿਉਂ ਡਰੀਏ? ਜੇ ਇਹ ਸੰਗੀਤ ਨਹੀਂ ਵਜਾਉਂਦਾ ਤਾਂ ਫਿਰ ਅਸੀਂ ਕੀ ਸੁਣੀਏ? ਸਾਨੂੰ ਇਸ ਨਾਲ ਸੰਤੁਲਨ ਬਿਠਾਉਣਾ ਪਵੇਗਾ। ਹੇ ਮੇਰੇ ਮਨ! ਆਪਣੀ ਸ਼ੁੱਧ ਆਤਮਾ ਨੂੰ ਪਹਿਚਾਨਣ ਤੋਂ ਪਹਿਲਾਂ ‘ਅਸੀ’ ਸਿਰਫ਼ ਵਧੀਆ ਸੰਗੀਤ ਨੂੰ ਹੀ ਪਸੰਦ ਕਰਦੇ ਸੀ ਅਤੇ ਹੋਰ ਕਿਸੇ ਪ੍ਰਕਾਰ ਦਾ ਸੰਗੀਤ ਸਾਨੂੰ ਪਸੰਦ ਨਹੀਂ ਸੀ। ਹੁਣ ਅਸੀਂ ਸਹੀ ਸੰਤੁਲਨ ਬਿਠਾ ਲਿਆ ਹੈ, ਇਸ ਲਈ ਜਿਹੜਾ ਮਰਜੀ ਸੰਗੀਤ ਵਜਾਉਂਦਾ ਰਹਿ। ਹੁਣ ਮੈਂ ਪਸੰਦ ਅਤੇ ਨਾ-ਪਸੰਦ ਵਾਲੀ ਭਾਵਨਾ ਤੋਂ ਅਗਾਂਹ ਲੰਘ ਗਿਆ ਹਾਂ।

## 57

## ਮਨ ਦੀ ਸਵਾਰੀ

**ਪ੍ਰਸ਼ਨ-ਕਰਤਾ** : ਜਦੋਂ ਮਨ ਸਾਨੂੰ ਬਹੁਤ ਹੀ ਤੰਗ ਕਰੇ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ?

**ਦਾਦਾਸ਼੍ਰੀ** : ਜਦੋਂ ਹਾਲੀ ਮੈਂ ਸਹਿਜ ਅਵਸਥਾ ਵਿਚ ਪਹੁੰਚ ਕੇ ਆਤਮਾ ਨੂੰ ਨਹੀਂ ਸੀ

ਪਹਿਚਾਣਿਆ ਤਾਂ ਉਸ ਸਮੇਂ ਮੈਨੂੰ ਜਦੋਂ ਬਹੁਤ ਜ਼ਿਆਦਾ ਵਿਚਾਰ ਆਉਂਦੇ ਤਾਂ ਮੈਂ ਇਕ-ਦਮ ਸਮਝ ਜਾਂਦਾ ਕਿ ਇਹ ਮੈਨੂੰ ਅੱਜ ਰਾਤ ਸੋਣ ਨਹੀਂ ਦੇਣਗੇ। ਉਸ ਸਮੇਂ ਮੈਂ ਆਪਣੇ ਮਨ ਨੂੰ ਕਹਿੰਦਾ: "ਦੌੜ। ਦੌੜ। ਸ਼ਾਬਾਸ਼ ਹੋਰ ਦੌੜ। ਜਿੰਨਾ ਚਾਹੁੰਦਾ ਹੈ ਉਨਾ ਦੌੜ ਲੈ। ਤੂੰ ਅਤੇ ਮੈਂ ਦੋਵੇਂ ਇਥੇ ਹਾਂ।" ਸਾਡੇ ਵਿਚਕਾਰ ਸਵੇਰ ਦੇ ਸੱਤ ਵਜੇ ਤਕ ਇਵੇਂ ਹੀ ਚਲਦਾ ਰਹਿੰਦਾ।

ਇਸ ਸੰਸਾਰ ਅੰਦਰ ਕਾਨੂੰਨ ਕੀ ਹੈ? ਜੇ ਤੁਸੀਂ ਮਨ ਨੂੰ ਕਾਬੂ ਕਰਨ ਜਾਂ ਰੋਕਣ ਦਾ ਯਤਨ ਕਰੋਗੇ ਤਾਂ ਇਹ ਆਪਣੀ ਆਮ ਨਾਲੋਂ ਦੁੱਗਣੀ ਰਫ਼ਤਾਰ 'ਤੇ ਦੌੜੇਗਾ। ਇਸ ਲਈ ਇਸ ਨੂੰ ਰੋਕਣ ਦਾ ਯਤਨ ਹੀ ਨਹੀਂ ਕਰਨਾ ਚਾਹੀਦਾ। ਜੇ ਤੁਸੀਂ ਇਕ ਆਗਿਆਕਾਰੀ ਮਨ ਦੇ ਰਾਹ ਵਿਚ ਰੁਕਾਵਟ ਖੜੀ ਕਰੋਗੇ ਤਾਂ ਠੀਕ ਹੈ। ਪਰੰਤੂ ਜੇ ਮਨ ਆਗਿਆਕਾਰੀ ਨਹੀਂ ਹੈ ਤਾਂ ਤੁਹਾਨੂੰ ਚਾਹੀਦਾ ਹੈ ਕਿ ਇਸ ਨੂੰ ਉਨੀ ਦੇਰ ਤਕ ਦੁੜਾਉਂਦੇ ਰਹੋ ਜਿੰਨੀ ਦੇਰ ਤਕ ਇਹ ਥੱਕ ਨਹੀਂ ਜਾਂਦਾ ਅਤੇ ਸਾਹੋ-ਸਾਹ ਨਹੀਂ ਹੋ ਜਾਂਦਾ। ਚਿੰਤਾ ਕਿਉਂ ਕਰਦੇ ਹੋ? ਉਸ ਦੀ ਵਾਗ ਸਾਡੇ ਹੱਥ ਵਿਚ ਹੈ। ਫਿਰ ਲੋਕ ਆਮ ਤੌਰ 'ਤੇ ਕੀ ਕਹਿੰਦੇ ਹਨ: 'ਹੇ ਪਰਮਾਤਮਾ! ਅੱਜ ਮੈਨੂੰ ਨੀਂਦ ਨਹੀਂ ਆਵੇਗੀ।" ਅਜਿਹਾ ਵਿਅਕਤੀ ਮਨ ਨੂੰ ਦਬਾਉਣ ਜਾਂ ਰੋਕਣ ਦਾ ਯਤਨ ਕਰੇਗਾ।

ਪਿਆਰੇ ਮਾਨਵ! ਆਪਣੀ ਨੀਂਦ ਦੀ ਗੱਲ ਨੂੰ ਛੱਡ ਦਿਉ। ਇਹ ਇਕ ਦੁਰਲਭ ਮੌਕਾ ਹੈ। ਤੁਹਾਡੇ ਪਾਸ ਮਨ ਦੀ ਸਵਾਰੀ ਕਰਨ ਦਾ ਬਹੁਤ ਵਧੀਆ ਮੌਕਾ ਹੋਵੇਗਾ। ਪਰੰਤੂ ਅਜਿਹਾ ਮੌਕਾ ਤੁਹਾਨੂੰ ਮਿਲੇਗਾ ਕਦੋਂ? ਮੈਂ ਖ਼ੁਦ ਕਈ ਵਾਰ ਇਸ ਤਰ੍ਹਾਂ ਦੀ ਸਵਾਰੀ ਕਰ ਚੁੱਕਾ ਹਾਂ। ਉਸ ਉਪਰੰਤ ਮੈਨੂੰ ਆਤਮ-ਗਿਆਨ ਦੀ ਪ੍ਰਾਪਤੀ ਹੋਈ ਹੈ।

**ਪ੍ਰਸ਼ਨ-ਕਰਤਾ** : ਲੋਕ ਇਹ ਵੀ ਕਹਿੰਦੇ ਹਨ ਕਿ ਮਨ ਨੂੰ ਅੱਗ ਲਗਾ ਦਿਉ; ਇਸ ਨੂੰ ਖ਼ਤਮ ਕਰ ਦਿਉ।

**ਦਾਦਾਸ਼੍ਰੀ** : ਪਿਆਰੇ ਦੋਸਤ! ਮਨ ਤਾਂ ਇਸ ਭਵਸਾਗਰ ਵਿਚ ਇਕ ਕਿਸ਼ਤੀ ਦੀ ਤਰ੍ਹਾਂ ਹੈ। ਲੋਕ ਮਨ ਨੂੰ ਤੋੜ ਦਿੰਦੇ ਹਨ ਅਤੇ ਇਕ ਵਿਚਾਰ-ਵਿਹੀਣ ਅਵਸਥਾ ਪੈਦਾ ਕਰਨ ਦਾ ਭਰਮ ਪਾਲਦੇ ਹਨ। ਪਰੰਤੂ ਵਿਚਾਰ-ਵਿਹੀਣ ਅਵਸਥਾ ਇਸ ਢੰਗ ਨਾਲ ਕਦੇ ਵੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਇਹ ਲੋਕ ਵਿਚਾਰ-ਵਿਹੀਣ ਸਥਿਤੀ ਕਿਸ ਨੂੰ ਕਹਿੰਦੇ ਹਨ? ਉਹ ਕਈ ਕਿਸਮ ਦੀਆਂ ਗੱਲਾਂ ਨੂੰ ਦਬਾ ਲੈਂਦੇ ਹਨ ਜਿਸ ਕਰਕੇ ਮਨ ਬਾਂਦਰ-ਟਪੂਸੀਆਂ ਮਾਰਨ ਲੱਗ ਜਾਂਦਾ ਹੈ। ਪਰੰਤੂ ਮਨ ਇਕ ਨੂੰ ਛੱਡ ਕੇ ਦੂਜੀ ਗੱਲ ਵਲ ਸ਼ਿਫਟ ਕਰ ਜਾਵੇਗਾ ਪਰੰਤੂ ਇਸ ਦਾ ਦੌੜਨਾ ਜਾਰੀ ਰਹੇਗਾ।

**ਪ੍ਰਸ਼ਨ-ਕਰਤਾ** : ਫਿਰ ਵਿਚਾਰ-ਵਿਹੀਣ ਸਥਿਤੀ ਕਿਸ ਨੂੰ ਕਿਹਾ ਜਾ ਸਕਦਾ ਹੈ?

**ਦਾਦਾਸ਼੍ਰੀ** : ਵਿਚਾਰਾਂ ਦੇ ਪ੍ਰਵਾਹ ਨੂੰ ਸ਼ੁੱਧ ਆਤਮਾ ਵਿਚ ਟਿਕਾ ਕੇ ਅਤੇ ਪੂਰੀ ਤਰ੍ਹਾਂ ਆਵੇਗਹੀਣ ਹੋ ਕੇ ਅਤੇ ਹਰ ਸਥਿਤੀ ਤੋਂ ਉੱਪਰ ਉਠ ਕੇ ਹਰ ਪਲ ਵੇਖਣਾ ਅਤੇ ਜਾਨਣਾ ਹੀ ਭਗਵਾਨ ਦੇ

ਸ਼ਬਦਾਂ ਵਿਚ ਵਿਚਾਰ-ਵਿਹੀਣ ਸਥਿਤੀ ਹੈ।

**ਪ੍ਰਸ਼ਨ-ਕਰਤਾ** : ਕਈ ਵਿਅਕਤੀ ਮਨ ਨੂੰ ਜਿੱਤਣ ਦੇ ਉਦੇਸ਼ ਨਾਲ ਸੰਸਾਰ ਨੂੰ ਤਿਆਗ ਦਿੰਦੇ ਹਨ।

**ਦਾਦਾਸ਼੍ਰੀ** : ਹਾਂ, ਅਜਿਹੇ ਲੋਕ ਬਸ ਇਕ ਛੋਟਾ ਜਿਹਾ ਲੰਗੋਟ ਪਹਿਨ ਕੇ ਹੀ ਤਨ ਢਕਦੇ ਹਨ। ਘਰ-ਬਾਰ, ਪਤਨੀ, ਬੱਚੇ ਸਭ ਕੁਝ ਤਿਆਗ ਦਿੰਦੇ ਹਨ। ਅਜਿਹੇ ਵਿਅਕਤੀ ਮਨ ਨੂੰ ਜਿੱਤਣ ਦੇ ਲਈ ਜੰਗਲਾਂ ਵਿਚ ਰਮਣ ਕਰਦੇ ਹਨ। ਲੋਕਾਂ ਨੂੰ ਵੇਖਣ ਅਤੇ ਨਿਰੀਖਣ ਦੀ ਬਜਾਇ, ਅਜਿਹਾ ਵਿਅਕਤੀ ਜੰਗਲਾਂ ਵਿਚ ਜੰਗਲੀ ਜਾਨਵਰਾਂ ਅਤੇ ਦਰਖ਼ਤਾਂ ਨੂੰ ਵੇਖਦਾ ਰਹਿੰਦਾ ਹੈ। ਉਥੇ ਪਹੁੰਚ ਕੇ ਉਹ ਸਾਰੇ ਹੀ ਕੰਮ ਕਰੇਗਾ – ਗਾਂ ਨੂੰ ਜਾਂ ਬੱਕਰੀ ਨੂੰ ਪਾਲੇਗਾ; ਗ਼ੁਲਾਬ ਦੇ ਬੂਟੇ ਲਗਾਵੇ ਗਾ ਅਤੇ ਇਕ ਝੌਂਪੜੀ ਵੀ ਉਸਾਰੇਗਾ। ਮਨ ਜਿਥੇ ਵੀ ਜਾਵੇਗਾ ਉਹ ਆਪਦੇ ਲਈ ਇਕ ਸੰਸਾਰ ਦੀ ਰਚਨਾ ਜ਼ਰੂਰ ਕਰੇਗਾ: ਇਹ ਮਨ ਦਾ ਸੁਭਾਅ ਹੈ। ਵਿਅਕਤੀ ਹਿਮਾਲੀਆ ਪਹਾੜ 'ਤੇ ਵੀ ਚਲਾ ਜਾਵੇ, ਮਨ ਉਥੇ ਵੀ ਆਪਣਾ ਸੰਸਾਰ ਸਿਰਜ ਲਵੇਗਾ। ਹੁਣ ਦੱਸੋਂ ਤੁਸੀਂ ਇਸ ਤਰ੍ਹਾਂ ਦੇ ਮਨ ਨੂੰ ਕਿਸ ਤਰ੍ਹਾਂ ਕਾਬੂ ਕਰ ਸਕਦੇ ਹੋ? ਮਨ ਨੂੰ ਜਿੱਤਣਾ ਜਾਂ ਕਾਬੂ ਕਰਨਾ ਆਪਣੇ ਆਪ ਵਿਚ ਇਕ ਵਿਰੋਧਾਭਾਸ ਹੈ। ਮਨ ਦੇ ਸੁਭਾਅ ਨੂੰ ਜਿੱਤਣਾ ਜਾਂ ਕਾਬੂ ਕਰ ਸਕਣਾ ਸੰਭਵ ਨਹੀਂ ਹੈ।

**ਪ੍ਰਸ਼ਨ-ਕਰਤਾ** : ਕਈ ਲੋਕ ਇਹ ਵੀ ਕਹਿੰਦੇ ਹਨ ਕਿ ਯੋਗ ਕ੍ਰਿਆ ਦੁਆਰਾ ਮਨ ਨੂੰ ਵੱਸ ਕੀਤਾ ਜਾ ਸਕਦਾ ਹੈ।

**ਦਾਦਾਸ਼੍ਰੀ** : ਹੋ ਸਕਦਾ ਹੈ ਇਸ ਸੰਸਾਰ ਵਿਚ ਕੋਈ ਯੋਗੀ ਹੋਏ ਹੋਣ ਜਿਨ੍ਹਾਂ ਦੇ ਮਨ ਦੀਆਂ ਗੰਢਾਂ ਇਸ ਪ੍ਰਕਾਰ ਦੀਆਂ ਹੋਣ ਕਿ ਉਨ੍ਹਾਂ ਨੂੰ ਇੰਝ ਜਾਪੇ ਕਿ ਉਨ੍ਹਾਂ ਦਾ ਮਨ ਉਨ੍ਹਾਂ ਦੇ ਵੱਸ ਵਿਚ ਹੈ। ਪਰੰਤੂ ਜਦੋਂ ਕਦੇ ਮਨ ਉਨ੍ਹਾਂ ਦੀ ਅਵੱਗਿਆ ਕਰਦਾ ਹੈ ਤਾਂ ਉਨ੍ਹਾਂ ਨੂੰ ਗਿਆਨ ਹੋ ਜਾਂਦਾ ਹੈ ਮਨ ਉਨ੍ਹਾਂ ਦੇ ਬਿਲਕੁਲ ਹੀ ਵੱਸ ਵਿਚ ਨਹੀਂ ਹੈ। ਜੇਕਰ ਤੁਸੀਂ ਯੋਗ ਕ੍ਰਿਆ ਕਰਨ ਵਾਲੇ ਯੋਗੀਆਂ ਨੂੰ ਛੇੜ ਕੇ ਵੇਖੋਗੇ ਤਾਂ ਤੁਹਾਨੂੰ ਪਤਾ ਚੱਲ ਜਾਵੇਗਾ ਕਿ ਉਨ੍ਹਾਂ ਦਾ ਮਨ ਕਿੰਨਾ ਕੁ ਉਨ੍ਹਾਂ ਦੇ ਕਾਬੂ ਵਿਚ ਸੀ। ਯੋਗ ਕ੍ਰਿਆ ਕਰਨੀ ਉਨ੍ਹਾਂ ਦੀ ਗੰਢ ਹੈ। ਯੋਗ ਕਰਨਾ ਉਨ੍ਹਾਂ ਦੇ ਸੁਭਾਅ ਦੇ ਅਨੁਸਾਰ ਹੈ। ਪਰੰਤੂ ਅਜਿਹਾ ਮੂਰਖ ਵਿਅਕਤੀ ਸਮਝਦਾ ਹੈ ਕਿ 'ਮੈਂ ਯੋਗ ਕੀਤਾ ਹੈ' ਅਤੇ ਇਸ ਤਰ੍ਹਾਂ ਮੈਂ ਮਨ ਉਪਰ ਕਾਬੂ ਪਾ ਲਿਆ ਹੈ।

**ਪ੍ਰਸ਼ਨ-ਕਰਤਾ** : ਫਿਰ ਮਨ ਨੂੰ ਜਿੱਤਿਆ ਕਿਵੇਂ ਜਾ ਸਕਦਾ ਹੈ?

**ਦਾਦਾਸ਼੍ਰੀ** : ਮਨ ਨੂੰ ਸਹੀ ਗਿਆਨ ਰਾਹੀਂ ਹੀ ਜਿੱਤਿਆ ਜਾ ਸਕਦਾ ਹੈ। ਇਸ ਦਾ ਭਾਵ ਇਹ ਹੈ ਕਿ ਇਕ ਗਿਆਨੀ-ਪੁਰਸ਼ ਸ਼ੁੱਧ ਆਤਮਾ ਦੇ ਗਿਆਨ ਦੀ ਸਹਾਇਤਾ ਨਾਲ ਮਨ ਦੀਆਂ ਗੰਢਾਂ ਨੂੰ ਖੋਰ ਦਿੰਦਾ ਹੈ ਅਤੇ ਖ਼ਤਮ ਕਰ ਦਿੰਦਾ ਹੈ। ਇਸ ਤਰ੍ਹਾਂ ਕਰਨ ਨਾਲ ਵਿਅਕਤੀ ਪੂਰਨ ਤੌਰ 'ਤੇ ਨਿਰਲੇਪਤਾ ਪ੍ਰਾਪਤ ਕਰ ਲੈਂਦਾ ਹੈ।

ਤੁਹਾਡਾ ਮਨ ਤੁਹਾਡੀ ਸਮ੍ਰਿਧੀ ਦੀ ਤਸਵੀਰ ਹੈ। ਆਪਣੇ ਮਨ ਨੂੰ ਜਾਣੋ। ਮਨ ਦੇ ਸੁਭਾਅ ਨੂੰ ਪੂਰੀ ਤਰ੍ਹਾਂ ਜਾਣੋ। ਇਕ ਖੱਤਰੀ ਦੇ ਮਨ ਦਾ ਸੁਭਾਅ ਕੀ ਹੋਵੇਗਾ? ਇਸ ਦਾ ਸੁਭਾਅ ਬਹੁਤ ਉਦਾਰ ਹੁੰਦਾ ਹੈ, ਸ਼ਾਹੀ ਸੁਭਾਅ। ਉਹ ਮੰਦਰ ਜਾਵੇਗਾ, ਆਪਣੀ ਜੇਬ ਵਿਚ ਹੱਥ ਪਾਵੇਗਾ ਅਤੇ ਜਿੰਨੇ ਵੀ ਪੈਸੇ ਹੱਥ ਵਿਚ ਆਏ ਉਹ ਸਾਰੇ ਹੀ ਉਹ ਚੜ੍ਹਾਵੇ ਵਿਚ ਚੜ੍ਹਾ ਦੇਵੇਗਾ। ਉਹ ਇਨ੍ਹਾਂ ਪੈਸਿਆਂ ਨੂੰ ਗਿਨਣ ਲਈ ਨਹੀਂ ਰੁਕੇਗਾ ਕਿ ਉਸ ਨੇ ਜੇਬ ਵਿਚੋਂ ਕਿੰਨੇ ਪੈਸੇ ਕੱਢੇ ਅਤੇ ਕਿੰਨੇ ਚੜ੍ਹਾਏ।

ਇਸ ਦੇ ਉਲਟ, ਇਕ ਵਪਾਰੀ ਕਿਸਮ ਦੇ ਸੁਭਾਅ ਵਾਲਾ ਵਿਅਕਤੀ ਛੋਟੇ ਦਿਲ ਵਾਲਾ ਹੁੰਦਾ ਹੈ। ਗੁਜਰਾਤ ਦੇ ਪੱਟੀਦਾਰ (ਪਟੇਲ ਕੌਮ) ਖੱਤਰੀ ਕਹੇ ਜਾਂਦੇ ਹਨ। ਉਹ ਸ਼ਾਹੀ, ਬਹੁਤ ਫਰਾਖ ਦਿਲ ਦੇ ਮਾਲਕ ਹੁੰਦੇ ਹਨ। ਪਰੰਤੂ ਉਨ੍ਹਾਂ ਦਾ ਨਜ਼ਰੀਆ ਇਕ ਵਪਾਰੀ ਬਿਰਤੀ ਦੇ ਵਿਅਕਤੀ ਦੇ ਨਜ਼ਰੀਏ ਦੀ ਤਰ੍ਹਾਂ ਉਪਯੋਗਤਾਵਾਦੀ ਨਹੀਂ ਹੁੰਦਾ। ਕੋਈ ਵੀ ਵਿਅਕਤੀ ਸੰਪੂਰਨ ਨਹੀ ਹੈ।

## 58
## ਧਨ ਦੀ ਦੇਵੀ ਦੀ ਰਿਹਾਇਸ਼ਗਾਹ

ਧਨ ਦੀ ਦੇਵੀ (ਲਕਸ਼ਮੀ; ਲੱਛਮੀ) ਕੀ ਕਹਿੰਦੀ ਹੈ? "ਮੈਂ ਉਸ ਵਿਅਕਤੀ ਦੇ ਘਰ ਰਹਿੰਦੀ ਹਾਂ ਜਿਹੜਾ ਸੈਂਕੜੇ ਵਿਅਕਤੀਆਂ ਨਾਲ ਈਮਾਨਦਾਰ ਹੈ, ਨਿਸ਼ਕਪਟ ਹੈ, ਸ਼ੁੱਧ ਹੈ। ਅਜਿਹੇ ਵਿਅਕਤੀ ਦਾ ਘਰ ਖੁਸ਼ਹਾਲੀ ਅਤੇ ਧਨ-ਦੌਲਤ ਨਾਲ ਭਰਪੂਰ ਰਹਿੰਦਾ ਹੈ ਜਦੋਂ ਕਿ ਬਾਕੀ ਸਾਰੇ ਥਾਂ ਹੋਰਾਂ ਨੂੰ ਉਨ੍ਹਾਂ ਦੀ ਕੀਤੀ ਮਿਹਨਤ ਅਨੁਸਾਰ ਹੀ ਮੁਆਵਜ਼ਾ ਮਿਲਦਾ ਹੈ।"

ਹੁਣ ਸਾਨੂੰ ਇਹ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਈਮਾਨਦਾਰ ਜਾਂ ਨਿਸ਼ਕਪਟ ਜਾਂ ਸ਼ੁੱਧ ਹੋਣ ਤੋਂ ਕੀ ਭਾਵ ਹੈ? ਇਕ ਵਿਅਕਤੀ ਨੂੰ ਕਿਉਂ ਨਿਸ਼ਕਪਟ ਜਾਂ ਈਮਾਨਦਾਰ ਕਿਹਾ ਜਾਂਦਾ ਹੈ? ਇਸ ਪ੍ਰਸ਼ਨ ਦਾ ਉੱਤਰ ਸਮਝਣ ਲਈ ਤੁਹਾਨੂੰ ਆਪਣੇ ਮਨ ਨੂੰ ਜਾਨਣਾ ਚਾਹੀਦਾ ਹੈ, ਈਮਾਨਦਾਰੀ ਦੇ ਗੁਣਾਂ ਅਤੇ ਇਸ ਦੀ ਹੱਦ ਨੂੰ ਸਮਝਣਾ ਪਵੇਗਾ।

ਲੋਕ ਆਪਣੀ ਮਿਹਨਤ/ਸਖ਼ਤ ਮਿਹਨਤ ਸਦਕਾ ਨਹੀਂ ਕਮਾਉਂਦੇ। ਜਿਹੜੇ ਵਿਅਕਤੀ ਉਦਾਰ ਅਤੇ ਖੁੱਲ੍ਹੇ ਦਿਲ ਵਾਲੇ ਹਨ ਉਹ ਕਮਾਉਂਦੇ ਹਨ। ਕੀ ਇਹ ਅਮੀਰ ਸੇਠ ਲੋਕ ਵਧੇਰੇ ਮਿਹਨਤ ਕਰਦੇ ਹਨ? ਨਹੀਂ, ਉਨ੍ਹਾਂ ਕੋਲ ਸ਼ਾਹੀ (ਅਮੀਰ) ਮਨ ਹੈ। ਉਨ੍ਹਾਂ ਦੇ ਮੁਨੀਮ ਹੀ ਉਨ੍ਹਾਂ ਲਈ ਮਿਹਨਤ ਕਰਦੇ ਹਨ ਅਤੇ ਇਹ ਅਮੀਰ ਲੋਕ ਅਨੰਦ ਮਾਣਦੇ ਹਨ।

ਮਨ ਦਾ ਸੁਭਾਅ ਦੈਵੀ ਹੋਣਾ ਚਾਹੀਦਾ ਹੈ। ਇਹ ਦੈਵੀ ਮਨ ਅਜਿਹਾ ਹੈ ਕਿ ਇਹ

ਤਾਂ ਅਕਿਰਤਘਣ ਦੀ ਵੀ ਸਹਾਇਤਾ ਕਰੇਗਾ। ਮੰਨ ਲਉ ਕਿ ਸਾਡਾ ਇਕ ਵਿਰੋਧੀ ਸਾਡੀ ਦੌਲਤ ਹੜਪ ਲਵੇ ਅਤੇ ਉਹ ਸਾਨੂੰ ਮੂਰਖ ਕਹਿੰਦਾ ਫਿਰੇ ਪਰੰਤੂ ਜਦੋਂ ਵੀ ਉਹ ਹਾਲਾਤਾਂ ਦੀ ਜਕੜ ਵਿਚ ਆਵੇਗਾ ਤਾਂ ਉਸ ਵੇਲੇ ਉਸ ਦੀ ਸਹਾਇਤਾ ਦੈਵੀ ਸੁਭਾਅ ਦੇ ਮਨ ਵਾਲਾ ਵਿਅਕਤੀ ਹੀ ਕਰੇਗਾ। ਦੈਵੀ ਸੁਭਾਅ ਦੇ ਮਨ ਵਾਲਾ ਵਿਅਕਤੀ ਪੁੰਨ ਕਮਾਉਂਦਾ ਹੈ ਅਤੇ ਦੇਵਗਤੀ ਦਾ ਭਾਗੀ ਬਣਦਾ ਹੈ।

ਇਕ ਵਪਾਰੀ ਮਨੋ-ਵ੍ਰਿਤੀ ਕਿਸ ਤਰ੍ਹਾਂ ਕੰਮ ਕਰਦੀ ਹੈ? ਕਲਪਨਾ ਕਰੋ ਕਿ ਤੁਸੀਂ ਸਰਦੀਆਂ ਦੇ ਮੌਸਮ ਵਿਚ ਕਿਸੇ ਥਾਂ ਕੈਂਪਿੰਗ ਕਰ ਰਹੇ ਹੋ ਅਤੇ ਤੁਹਾਨੂੰ ਉਪਰ ਲੈਣ ਲਈ ਰਜਾਈ ਨਹੀਂ ਮਿਲ ਸਕੀ ਜਦੋਂ ਕਿ ਵਪਾਰੀ-ਕਰਣ ਦੀ ਮਨੋ-ਵ੍ਰਿਤੀ ਵਾਲਾ ਵਿਅਕਤੀ ਰਜਾਈ ਲੈਣ ਵਿਚ ਸਫ਼ਲ ਹੋ ਜਾਂਦਾ ਹੈ। ਅਜਿਹਾ ਵਿਅਕਤੀ ਅੱਗੋ ਕੀ ਕਰੇਗਾ? ਉਹ ਆਪਣੇ ਆਪ ਨੂੰ ਸਿਰ ਤੋਂ ਪੈਰਾਂ ਤੱਕ ਰਜਾਈ ਵਿਚ ਲਪੇਟ ਕੇ ਨਿੱਘ ਦਾ ਆਨੰਦ ਲਏਗਾ। ਉਹ ਡੂੰਘੀ ਨੀਂਦੇ ਹੋਣ ਦਾ ਦਿਖਾਵਾ ਵੀ ਕਰੇਗਾ। ਹੁਣ ਕੋਈ ਹੋਰ ਅਜਿਹੇ ਵਿਅਕਤੀ ਨੂੰ ਰਜਾਈ ਦਾ ਨਿੱਘ ਸਾਂਝਾ ਕਰਨ ਲਈ ਕਿਵੇਂ ਕਹਿ ਸਕੇਗਾ ਕਿਉਂਕਿ ਉਹ ਤਾਂ ਸੁੱਤੇ ਹੋਣ ਦਾ ਡਰਾਮਾ ਕਰ ਰਿਹਾ ਹੈ। ਮਨ ਦੀ ਇਹ ਕਿਸਮ ਦੂਸਰਿਆਂ ਲਈ ਬਹੁਤ ਦੁੱਖ ਅਤੇ ਨੁਕਸਾਨ ਦਾ ਕਾਰਨ ਬਣਦੀ ਹੈ। ਪਰਮ-ਆਨੰਦ ਤਾਂ ਉਦਾਰ ਅਤੇ ਫਰਾਖ ਮਨ ਦੇ ਹਿੱਸੇ ਹੀ ਆਉਂਦਾ ਹੈ। ਇਹ ਸੰਸਾਰ ਤੁਹਾਡਾ ਆਪਣਾ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਜਿਹਾ ਆਨੰਦ ਕਿਵੇਂ ਮਾਣਿਆ ਜਾਵੇ।

ਸੰਤ ਕਬੀਰ ਅਤਿ ਸਿਆਣਪ ਵਾਲੇ ਵਿਅਕਤੀ ਸਨ। ਉਹ ਕਿਹਾ ਕਰਦੇ ਸਨ: 'ਹੇ ਮਾਨਵ! ਆਪ ਵੀ ਚੰਗਾ ਖਾਉ ਅਤੇ ਪੀਉ ਅਤੇ ਇਸ ਜੀਵਨ ਨੂੰ ਦੂਸਰਿਆਂ ਦੀ ਸੇਵਾ ਹਿਤ ਇਕ ਮੌਕਾ ਸਮਝੋ ਕਿਉਂਕਿ ਜਦੋਂ ਤੁਸੀਂ ਇਸ ਸੰਸਾਰ ਤੋਂ ਰੁਖ਼ਸਤ ਹੋਣਾ ਹੈ ਤਾਂ ਖਾਲੀ ਹੱਥ ਜਾਣਾ ਹੈ: ਕੁਝ ਵੀ ਨਾਲ ਨਹੀਂ ਜਾਂਦਾ।

ਇਸ ਮਾਨਵ-ਜੀਵਨ ਦੇ ਮੌਕੇ ਦਾ ਲਾਭ ਉਠਾਉ। ਭਾਵ ਇਹ ਕਿ ਖ਼ੁਦ ਨੂੰ ਮੁਕਤ-ਪਦ ਲਈ ਤਿਆਰ ਕਰੋ।

ਕੰਜੂਸ ਅਤੇ ਤੰਗ-ਦਿਲ ਮਨੋ-ਵ੍ਰਿਤੀ ਲੱਛਮੀ ਦੇ ਆਉਣ ਨੂੰ ਰੋਕਦੀ ਹੈ। ਇਸ ਤਰ੍ਹਾਂ ਦੀ ਮਨੋ-ਵ੍ਰਿਤੀ ਤੋਂ ਬਿਨਾਂ ਕੌਣ ਉਸ ਦੇ ਰਾਹ ਦੀ ਰੁਕਾਵਟ ਬਣ ਸਕਦਾ ਹੈ? ਇਸ ਤਰ੍ਹਾਂ ਦੀ ਵਪਾਰੀ-ਕਰਣ ਵਾਲੀ ਮਨੋ-ਵ੍ਰਿਤੀ ਨੂੰ ਸਿਆਣਪ ਅਤੇ ਅਮਲੀ ਕਿਹਾ ਜਾਂਦਾ ਹੈ ਪਰੰਤੂ ਅਸੀਂ ਇਹ ਨਹੀਂ ਸਮਝਦੇ ਕਿ ਇਹ ਮਨੋ-ਵ੍ਰਿਤੀ ਸਾਡੇ ਮੁਕਤੀ ਪ੍ਰਾਪਤੀ ਦੇ ਰਾਹ ਵਿਚ ਕਿੰਨੀ ਵੱਡੀ ਰੁਕਾਵਟ ਹੈ।

## 59

# ਮਨ ਦੀ ਉਦਾਰਤਾ ਅਤੇ ਕੰਜੂਸੀ

**ਪ੍ਰਸ਼ਨ-ਕਰਤਾ** : ਕੁਝ ਲੋਕ ਬਹੁਤ ਉਦਾਰ ਮਨ ਵਾਲੇ ਹੁੰਦੇ ਹਨ ਜਦੋਂ ਕਿ ਕੁਝ ਹੋਰ ਬਹੁਤ ਤੰਗ, ਕੰਜੂਸ ਮਨ ਵਾਲੇ ਹੁੰਦੇ ਹਨ। ਅਜਿਹਾ ਕਿਉਂ?

**ਦਾਦਾਸ਼੍ਰੀ** : ਜੇ ਮਨ ਵੀ ਹਿਸਾਬੀ-ਕਿਤਾਬੀ ਹੋਵੇ ਅਤੇ ਹਰ ਚੀਜ ਦਾ ਹਿਸਾਬ ਰੱਖੇ ਤਾਂ ਸ਼ਾਇਦ ਵਿਅਕਤੀ ਅਗਲੇ ਦਿਨ ਵਾਸਤੇ ਦਾਲ ਵੀ ਨਾ ਰਿੱਝਣੀ ਰੱਖੇ। ਮੰਨ ਲਉ ਕਿ ਇਕ ਵਿਅਕਤੀ ਇਕ ਦਿਨ ਸ਼ਾਮ ਤੀਕ ਇਕ ਰੁਪਈਆ ਵੀ ਨਹੀਂ ਕਮਾ ਸਕਦਾ ਤਾਂ ਇਸ ਤਾ ਮਤਲਬ ਇਹ ਤਾਂ ਨਹੀਂ ਕਿ ਉਹ ਅਗਲੇ ਦਿਨ ਦਾਲ ਹੀ ਨਾ ਬਣਾਵੇ।

ਮਨ ਕਿਸ ਤਰ੍ਹਾਂ ਚਲਦਾ ਹੈ? ਇਹ ਲੋੜ ਅਨੁਸਾਰ ਫੈਲ ਸਕਦਾ ਹੈ ਅਤੇ ਜੇ ਹਾਲਾਤ ਬਣ ਜਾਣ ਤਾਂ ਇਹ ਸੁੰਗੜ ਵੀ ਸਕਦਾ ਹੈ ਤਾਂ ਜੋ ਇਹ ਉਸ ਹਾਲਤ ਵਿਚੋਂ ਬਾਹਰ ਨਿਕਲ ਸਕੇ। ਜੇ ਪਗਡੰਡੀ ਸਿਰਫ਼ ਪੰਜ ਫੁੱਟ ਚੌੜੀ ਹੈ ਤਾਂ ਰਸਤੇ ਦੇ ਇਕ ਪਾਸੇ ਉੱਗੀ ਹੋਈ ਝਾੜੀ ਸਾਡੇ ਕੱਪੜੇ ਪਾੜ ਦੇਵੇਗੀ। ਜੇ ਪਗਡੰਡੀ ਦੋ ਫੁੱਟ ਹੀ ਚੌੜੀ ਹੋਵੇ ਤਾਂ ਵੀ ਇਹੋ ਕੁਝ ਹੀ ਹੋਵੇਗਾ। ਜੇ ਰਸਤਾ ਹੋਰ ਵੀ ਭੀੜਾ ਹੋਵੇ ਕਿ ਉਸ ਤੋਂ ਮੁਸ਼ਕਲ ਨਾਲ ਹੀ ਲੰਘਿਆ ਜਾ ਸਕੇ ਤਾਂ ਵੀ ਉਹ ਝਾੜੀ ਸਾਡੇ ਕਪੜਿਆਂ ਨੂੰ ਚਿੰਮੜੇਗੀ। ਪਰ ਉਹ ਵਿਅਕਤੀ ਇਨ੍ਹਾਂ ਸਾਰੇ ਹਾਲਾਤਾਂ ਵਿਚ ਹੀ ਉਸ ਪਗਡੰਡੀ ਤੋਂ ਗੁਜ਼ਰ ਜਾਵੇਗਾ। ਉਹ ਭੀੜੇ ਤੋਂ ਭੀੜੇ ਰਸਤੇ ਵਿਚੋਂ ਵੀ ਲੰਘ ਜਾਵੇਗਾ। ਉਸ ਦੇ ਮਨ ਨੂੰ ਭਲੀ-ਭਾਂਤ ਪਤਾ ਹੈ ਕਿ ਭੀੜੀ ਪਗਡੰਡੀ ਰਾਹੀਂ ਕਿਵੇਂ ਲੰਘਣਾ ਹੈ। ਉਹ ਹਰ ਹਾਲਾਤ ਵਿਚ ਆਪਣੇ ਆਪ ਨੂੰ ਲੋੜ ਅਨੁਸਾਰ ਸੰਗੋੜ ਲੈਂਦਾ ਹੈ। ਮਨੁੱਖ ਤਾਂ ਵਾੜ ਹਿਤ ਲਾਈਆਂ ਦੋ ਤਾਰਾਂ ਵਿਚੋਂ ਦੀ ਵੀ ਲੰਘ ਜਾਂਦਾ ਹੈ।

ਇਸ ਕਰਕੇ ਮੈਂ ਕਹਿੰਦਾ ਹਾਂ ਕਿ ਕਿਰਪਾ ਕਰਕੇ ਆਪਣੇ ਸ਼ਾਹੀ, ਫਰਾਖ਼ ਮਨ ਨੂੰ ਮੰਗਤਾ ਨਾ ਬਣਾਉ। ਜੇ ਪੂਰਾ ਫੁੱਲ ਨਹੀਂ ਤਾਂ ਘੱਟੋ ਘੱਟ ਫੁੱਲ ਦੀ ਇਕ ਪੱਤੀ ਤਾਂ ਭੇਟਾ ਕਰੋ। ਪਰੰਤੂ ਆਪਣੇ ਮਨ ਨੂੰ ਇੰਨਾ ਕੰਜੂਸ, ਇੰਨਾ ਤੰਗ ਨਾ ਬਨਣ ਦਿਉ। ਕਈ ਵਾਰ ਇਕ ਰਾਜੇ ਨੂੰ ਵੀ ਮੰਗਣਾ ਪੈਂਦਾ ਹੈ ਜੇਕਰ ਹਾਲਾਤ ਉਸ ਨੂੰ ਇਸ ਗੱਲ ਲਈ ਮਜ਼ਬੂਰ ਕਰ ਦੇਣ। ਪਰੰਤੂ ਕੀ ਤੁਹਾਨੂੰ ਜਾਪਦਾ ਹੈ ਕਿ ਅਜਿਹੀ ਹਾਲਤ ਵਿਚ ਉਸ ਦਾ ਮਨ ਵੀ ਕੰਜੂਸ ਹੋ ਜਾਂਦਾ ਹੈ। ਉਸ ਦਾ ਮਨ ਤਾਂ ਹੁਣ ਵੀ ਉਨਾ ਹੀ ਸ਼ਾਹਾਨਾ ਅਤੇ ਉਦਾਰ ਰਹੇਗਾ।

ਮਨ ਜਿੰਨਾ ਵੀ ਉਦਾਰ ਹੋਵੇਗਾ, ਆਜ਼ਾਦੀ ਉਨੀ ਹੀ ਵਧੇਰੇ ਹੋਵੇਗੀ। ਮਨ ਜਿੰਨਾ ਵੀ ਤੰਗ ਹੋਵੇਗਾ, ਮਨੁੱਖ ਦਾ ਬੰਧਨ ਵੀ ਉਨਾ ਹੀ ਤਕੜਾ ਹੋਵੇਗਾ।

**ਪ੍ਰਸ਼ਨ-ਕਰਤਾ** : ਪਰ ਇਹ ਕਿਉਂ ਹੁੰਦਾ ਹੈ ਕਿ ਕਿਸੇ ਦਾ ਮਨ ਉਦਾਰ ਅਤੇ ਕਿਸੇ ਦਾ ਕੰਜੂਸ?

**ਦਾਦਾਸ਼੍ਰੀ** : ਇਹ ਮਨ ਦੀ ਗੰਢ ਉਪਰ ਆਧਾਰਤ ਹੈ। ਇਕ ਲਾਲਚੀ ਵਿਅਕਤੀ ਦੇ ਮਨ ਅੰਦਰ ਲਾਲਚ ਹੀ ਗੰਢ ਹੋਵੇਗੀ ਅਤੇ ਇਕ ਫਰਾਖ਼ ਦਿਲ ਵਿਅਕਤੀ ਦੇ ਮਨ ਅੰਦਰ ਉਦਾਰਤਾ ਦੀ; ਇਕ ਮੁਨੀ ਦੇ ਮਨ ਨੂੰ ਤਿਆਗ ਦੀ, ਸੰਨਿਆਸ ਦੀ ਗੰਢ ਹੋਵੇਗੀ ਅਤੇ ਗ੍ਰਹਿਸਥ ਜੀਵਨ ਦੀਆਂ ਖੁਸ਼ੀਆਂ ਤਿਆਗ ਕੇ ਉਦਾਸੀ ਬਣੇ ਸਾਧੂ ਦੇ ਮਨ ਨੂੰ ਤਿਆਗ ਦੀ। ਸਾਧੂ ਦੇ ਮਨ ਦੀ ਗੰਢ ਉਸ ਨੂੰ ਤਿਆਗ ਹਿਤ ਪ੍ਰੇਰਦੀ ਹੈ ਅਤੇ ਉਹ ਕਹਿੰਦਾ ਹੈ ਕਿ "ਮੈਂ ਤਿਆਗ ਦਿੱਤਾ ਹੈ"। ਪਿਆਰੇ ਮਾਨਵ! ਇਸ ਤਰ੍ਹਾਂ ਤੁਸੀਂ ਇਸ ਗੰਢ ਨੂੰ ਹੋਰ ਪੱਕਾ ਕਰ ਦਿੱਤਾ ਅਤੇ ਪਹਿਲਾਂ ਤੋਂ ਵੱਧ ਗੁੰਝਲਦਾਰ ਕਰਕੇ ਇਕ ਹੋਰ ਗੰਢ ਮਾਰ ਦਿੱਤੀ। ਇਹ ਗੰਢ ਕਦੋਂ ਖੁੱਲ੍ਹੇਗੀ ਅਤੇ ਰਹੱਸ ਦਾ ਖੁਲਾਸਾ ਕਦੋਂ ਹੋਵੇਗਾ?

**ਪ੍ਰਸ਼ਨ-ਕਰਤਾ** : ਮਨ ਦੀ ਇਸ ਗੰਢ ਨੂੰ ਖੋਲਣ ਲਈ ਵਿਅਕਤੀ ਕੀ ਕਰੇ?

**ਦਾਦਾਸ਼੍ਰੀ** : ਪਹਿਲਾਂ ਤਾਂ ਗੰਢ ਨੂੰ ਵੇਖਣਾ ਅਤੇ ਪਹਿਚਾਨਣਾ ਹੈ। ਤੁਸੀ਼ ਅਤੇ ਤੁਹਾਡੀ ਇਹ ਗੰਢ ਇਕ ਦੂਜੇ ਤੋਂ ਭਿੰਨ ਹੈ।

ਸਾਡਾ ਮਨ ਸਾਡੇ ਤੋਂ ਵੱਖਰਾ ਹੈ। ਇਹ ਤੱਥ ਬਹੁਤ ਹੀ ਸਪਸ਼ਟ ਹੈ। ਤੁਸੀਂ ਵੇਖ ਸਕਦੇ ਹੋ ਕਿ ਕਈ ਵਾਰ ਕਿਸੇ ਵਿਅਕਤੀ ਦਾ ਮਨ ਇਧਰ-ਉਧਰ ਇਨਾ ਭਟਕਦਾ ਹੈ ਕਿ ਉਹ ਉਸ ਵਿਅਕਤੀ ਨੂੰ ਚਾਹੁਣ ਦੇ ਬਾਵਜੂਦ ਵੀ ਸੌਣ ਨਹੀਂ ਦਿੰਦਾ।

ਵਿਦੇਸ਼ੀ ਲੋਕ ਮਨ ਦੀ ਸ਼ਾਂਤੀ ਦੀ ਤਲਾਸ਼ ਵਿਚ ਭਾਰਤ ਆਉਂਦੇ ਹਨ। ਪਰੰਤੂ ਵਿਅਕਤੀ ਮਨ ਦੀ ਸ਼ਾਂਤੀ ਕਿਵੇਂ ਪ੍ਰਾਪਤ ਕਰ ਸਕਦਾ ਹੈ? ਇਹ ਜੈਨੀ ਲੋਕ ਵੀ ਸ਼ਾਂਤੀ ਨਾਲ ਭਗਵਾਨ ਦੇ ਦਰਸ਼ਨਾਂ ਹਿਤ ਜਾਂਦੇ ਹਨ ਅਤੇ ਉਥੇ ਜਾ ਕੇ ਭਗਵਾਨ ਦੇ ਬੁੱਤ ਦੀ ਪੂਜਾ ਵੀ ਕਰਦੇ ਹਨ। ਪਰੰਤੂ ਭਗਵਾਨ ਦਾ ਕਹਿਣਾ ਹੈ ਕਿ "ਤੁਸੀਂ ਮੇਰੇ ਦਰਸ਼ਨਾਂ ਹਿਤ ਆਉਂਦੇ ਹੋ ਪਰੰਤੂ ਤੁਹਾਡਾ ਮਨ ਉਸ ਸਮੇਂ ਤੁਹਾਡੀਆਂ ਜੁੱਤੀਆਂ ਅਤੇ ਤੁਹਾਡੀ ਦੁਕਾਨ ਦੇ ਦਰਸ਼ਨ ਵੀ ਕਰਦਾ ਰਹਿੰਦਾ ਹੈ। ਇਸ ਹਾਲਤ ਵਿਚ ਤੁਸੀਂ ਸ਼ਾਂਤੀ ਪ੍ਰਾਪਤ ਕਿਵੇਂ ਕਰ ਸਕਦੇ ਹੋ? ਇਸ ਨਾਲੋਂ ਤਾਂ ਬੇਹਤਰ ਹੈ ਕਿ ਤੁਸੀਂ ਆਪਣੀ ਬੇਟੀ ਦਾ ਨਾਂ ਹੀ ਸ਼ਾਂਤੀ ਰੱਖ ਲਉ ਅਤੇ ਫਿਰ ਸਾਰਾ ਦਿਨ 'ਸ਼ਾਂਤੀ', 'ਸ਼ਾਂਤੀ' ਕਰਦੇ ਰਹੋ। ਤੁਹਾਡੇ ਮਨ ਨੂੰ ਵਧੇਰੇ ਸਕੂਨ, ਵਧੇਰੇ ਸ਼ਾਂਤੀ ਮਿਲੇਗੀ।

## 60

## ਮਨ ਦੀ ਕਲਹ ਅਤੇ ਵਿਵਹਾਰ

**ਪ੍ਰਸ਼ਨ-ਕਰਤਾ** : ਵਿਚਾਰਾਂ ਅਤੇ ਵਿਵਹਾਰ ਵਿਚਕਾਰ ਪ੍ਰਸਪਰ ਵਿਰੋਧਾਭਾਸ ਜਾਪਦਾ ਹੈ।

**ਦਾਦਾਸ਼੍ਰੀ** : ਕਲਿਯੁਗ ਦੇ ਇਸ ਦੌਰ ਵਿਚ ਮਨੁੱਖ ਦੇ ਮਨ, ਬਚਨ ਅਤੇ ਕਰਮ ਅੰਦਰ ਸ਼ਾਂਤੀ

ਅਤੇ ਸਹਿਜ ਨਹੀਂ ਹੈ। ਸਗੋਂ ਇਨ੍ਹਾਂ ਵਿਚਕਾਰ ਅਸੰਮਤੀ ਹੈ।

ਉਦਾਹਰਣ ਦੇ ਲਈ, ਰਮੇਸ਼ ਅਤੇ ਉਸਦਾ ਦੋਸਤ ਇਕ ਯਾਤਰਾ ਉਪਰ ਨਿਕਲੇ। ਰਮੇਸ਼ ਸੋਚਦਾ ਕੁਝ ਹੈ, ਕਹਿੰਦਾ ਉਸ ਤੋਂ ਅਲੱਗ ਕੁਝ ਹੋਰ ਹੈ ਅਤੇ ਕਰਦਾ ਉਸ ਤੋਂ ਵੀ ਅਲੱਗ। ਰਮੇਸ਼ ਦੇ ਮਨ ਦੇ ਅੰਦਰ ਵਿਚਾਰ ਉਠਦਾ ਹੈ ਬਹੁਤ ਸਸਤੇ ਰੇਟ 'ਤੇ ਚੀਜ ਖਰੀਦਣ ਦਾ ਪਰੰਤੂ ਉਸ ਦੇ ਬਚਨ ਅਤੇ ਕਰਮ ਇਹ ਦਿਖਾਵਾ ਕਰਦੇ ਹਨ ਕਿ ਉਹ ਵਾਜਬ ਰੇਟ ਉਪਰ ਖਰੀਦਣ ਲਈ ਸਹਿਮਤ ਹੈ। ਇਸ ਦੇ ਉਲਟ ਉਸ ਦਾ ਦੋਸਤ ਮਨ, ਬਚਨ ਅਤੇ ਕਰਮ ਤਿੰਨਾਂ ਕਰਕੇ ਹੀ ਵਾਜਬ ਰੇਟ ਉਪਰ ਖਰੀਦਣ ਲਈ ਤਿਆਰ ਹੈ। ਰਮੇਸ਼ ਦਾ ਦੋਸਤ ਦੈਵੀ ਜੀਵਨ ਦਾ ਅਨੰਦ ਮਾਣੇਗਾ ਜਦੋਂ ਕਿ ਰਮੇਸ਼ ਦੁੱਖ ਹੀ ਭੋਗੇਗਾ।

ਤੁਸੀਂ ਆਪਣੇ ਮਨ ਨੂੰ ਇਕ-ਮੱਤ, ਸਹਿਜ ਕਿਉਂ ਨਹੀਂ ਕਰਦੇ? ਕਰਮਾਂ ਦੀ ਤੀਬਰਤਾ ਮਨੁੱਖ ਦੇ ਮਨ ਅੰਦਰਲੀ ਅਸੰਮਤੀ ਦੇ ਵੱਧ ਜਾਂ ਘੱਟ ਉਪਰ ਨਿਰਭਰ ਰਹਿੰਦੀ ਹੈ।

ਮਨ, ਬਚਨ ਅਤੇ ਕਰਮ ਵਿਚਕਾਰ ਕਲਹ ਅਤੇ ਅਸੰਮਤੀ ਪਰਮਾਤਮਾ ਦੀਆਂ ਨਜ਼ਰਾਂ ਤੋਂ ਲੁਕੀ ਨਹੀਂ ਰਹਿੰਦੀ। ਇਹ ਕਲਿਯੁਗ ਹੈ। ਇਸ ਲਈ ਹਰ ਕਿਸੇ ਦੇ ਮਨ ਅੰਦਰ ਥੋੜੀ ਜਾਂ ਬਹੁਤ ਅਸੰਮਤੀ ਜ਼ਰੂਰ ਰਹੇਗੀ।

## 61

## ਮਨ ਦਾ ਸੁਭਾਅ

**ਪ੍ਰਸ਼ਨ-ਕਰਤਾ** : ਇਹ ਕਿਉਂ ਹੈ ਕਿ ਮਨ ਕਦੇ ਪ੍ਰਸੰਨ ਹੁੰਦਾ ਹੈ ਅਤੇ ਕਦੇ ਅਪ੍ਰਸੰਨ ਜਾਂ ਉਦਾਸ?

**ਦਾਦਾਸ਼੍ਰੀ** : ਜੇ ਤੁਸੀਂ ਆਪਣੇ ਮਨ ਨੂੰ ਆਪਣੇ ਤੋਂ ਘੱਟ ਪ੍ਰਸੰਨ ਅਤੇ ਘੱਟ ਸੁਖੀ ਵਿਅਕਤੀ ਦਰਸਾਉਂ ਤਾਂ ਮਨ ਇਹ ਸੋਚ ਕੇ ਵਧੇਰੇ ਪ੍ਰਸੰਨ ਮਹਿਸੂਸ ਕਰਦਾ ਹੈ ਕਿ ਉਸ ਤੋਂ ਘੱਟ ਸੁਖੀ ਜਾਂ ਘੱਟ ਖੁਸ਼ ਵੀ ਕੋਈ ਹੈ। ਹੇ ਦਮਯੰਤੀ! ਦੇਖੋ! ਤੁਹਾਡੇ ਕੋਲ ਸਿਰਫ਼ ਦੋ ਕਮਰਿਆਂ ਦਾ ਘਰ ਹੈ। ਸੰਭਵ ਹੈ ਕਿਸੇ ਦਿਨ ਤੁਹਾਡਾ ਮਨ ਤੁਹਾਨੂੰ ਇਸ ਗੱਲ ਲਈ ਕਲੇਸ਼ ਵਿਚ ਪਾਵੇ ਕਿ ਤੁਹਾਡੇ ਕੋਲ ਵੱਡਾ ਫਲੈਟ ਨਹੀਂ ਹੈ। ਉਸ ਸਮੇਂ ਤੁਸੀਂ ਮਨ ਨੂੰ ਉਹ ਇਸਤਰੀ ਵਿਖਾਉ ਜਿਹੜੀ ਵਿਚਾਰੀ ਇਕੋ ਕਮਰੇ ਵਿਚ ਗੁਜਾਰਾ ਕਰਦੀ ਹੈ। ਉਹ ਇਕ ਕਮਰੇ ਵਿਚ ਕਿਵੇਂ ਰਹਿ ਰਹੀ ਹੈ? ਉਸ ਪਾਸ ਤਾਂ ਬੈਠਣ ਲਈ ਕੋਈ ਕੁਰਸੀ ਵੀ ਨਹੀਂ। ਜੇ ਤੁਸੀਂ ਮਨ ਨੂੰ ਅਜਿਹੀ ਇਸਤਰੀ ਵਿਖਾਉਗੇ ਤਾਂ ਇਹ ਵਧੇਰੇ ਸੁਖੀ ਅਤੇ ਪ੍ਰਸੰਨ ਮਹਿਸੂਸ ਕਰੇਗਾ।

ਆਪਣੇ ਮਨ ਨੂੰ ਇਸ ਤਰ੍ਹਾਂ ਦੀ ਸਿਖਲਾਈ ਦਿਉ। ਕੌਣ ਜਾਣਦਾ ਹੈ ਇਹ ਕਿਸ ਦਿਨ

ਵਿਹਲਾ ਹੋਵੇ ਅਤੇ ਇਸ ਨੂੰ ਆਪਣੇ ਵਿਚਾਰ ਹਿਤ ਕੋਈ ਖ਼ੁਰਾਕ ਚਾਹੀਦੀ ਹੋਵੇ। ਖ਼ਾਸ ਤੌਰ 'ਤੇ ਉਹ ਵਿਅਕਤੀ ਜਿਨ੍ਹਾਂ ਦਾ ਮਨ ਕਮਜ਼ੋਰ ਹੈ ਉਸ ਮਨ ਨੂੰ ਇਸ ਸਿਖਲਾਈ ਦੀ ਲੋੜ ਹੈ। ਪਰੰਤੂ ਜਿਹੜਾ ਗਿਆਨ ਮੈਂ ਤੁਹਾਨੂੰ ਇਥੇ ਦੇ ਰਿਹਾ ਹਾਂ ਉਸ ਉਪਰੰਤ ਤੁਹਾਨੂੰ ਹੋਰ ਕਿਸੇ ਚੀਜ ਦੀ ਜ਼ਰੂਰਤ ਨਹੀਂ।

ਵਿਵਸਥਤਾ ਦਾ ਗਿਆਨ ਅਜਿਹਾ ਹੈ ਕਿ ਇਸ ਤੋਂ ਬਾਅਦ ਮਨ ਕਿਸੇ ਹੋਰ ਚੀਜ ਲਈ ਨਹੀਂ ਤਾਂਘਦਾ। ਫਿਰ ਮਨ ਜਿਥੇ ਕਿਧਰੇ ਵੀ ਭਟਕਦਾ ਰਹੇ ਇਹ ਹਮੇਸ਼ਾ ਪੂਰੀ ਤਰ੍ਹਾਂ ਸਹਿਜ ਅਤੇ ਸ਼ਾਂਤ ਅਵਸਥਾ ਵਿਚ ਰਹੇਗਾ। ਜਦੋਂ ਮਨੁੱਖ ਹਰ ਅਵਸਥਾ ਵਿਚ ਹੀ ਸਹਿਜ ਅਤੇ ਸ਼ਾਂਤ ਰਹਿਣਾ ਸਿੱਖ ਲੈਂਦਾ ਹੈ ਤਾਂ ਇਹ ਸਹੀ ਗਿਆਨ ਹੈ। ਇਹੋ ਸੱਚਾ ਧਰਮ ਹੈ।

**ਪ੍ਰਸ਼ਨ-ਕਰਤਾ** : ਮਨ ਦਾ ਸੁਭਾਅ ਬਹੁਤ ਅਜੀਬ ਹੈ।

**ਦਾਦਾਸ਼੍ਰੀ** : ਹਾਂ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਹ ਕਦੋਂ ਕਿਸੇ ਪਾਸੋਂ ਪੰਜ ਰੁਪਏ ਖੋਹ ਲਏਗਾ ਅਤੇ ਫਿਰ ਦੋ ਰੁਪਏ ਕਿਸੇ ਹੋਰ ਨੂੰ ਦੇ ਦੇਵੇਗਾ। ਹੋ ਸਕਦਾ ਹੈ ਇਹ ਕਿਸੇ ਸਮੇਂ ਉਸ ਵਿਅਕਤੀ ਨੂੰ ਨਾ-ਪਸੰਦ ਕਰਨ ਲੱਗ ਜਾਵੇ ਜਿਸ ਦੇ ਅਸੀਂ ਪਹਿਲਾਂ ਇਨੇ ਤਾਰੀਫ਼ ਦੇ ਪੁਲ ਬੰਨਦੇ ਰਹਿੰਦੇ ਸੀ। ਇਸ ਲਈ ਮਨ ਦੇ ਆਖੇ ਨਾ ਲੱਗੋ। ਜਾਣਦੇ ਹੋ ਸੰਤ ਕਬੀਰ ਨੇ ਕਿਹਾ ਹੈ ਕਿ ਜਿਹੜਾ ਵਿਅਕਤੀ ਆਪਣੇ ਮਨ ਦੇ ਮਗਰ ਲਗਦਾ ਹੈ ਉਹ ਸਭ ਕੁਝ ਗੁਆ ਲੈਂਦਾ ਹੈ।

ਮਨ ਇੰਨਾ ਚਪਲ ਅਤੇ ਪਰਿਵਰਤਨਸ਼ੀਲ ਹੈ ਕਿ ਇਹ ਵਿਅਕਤੀ ਨੂੰ ਪਤਾ ਵੀ ਨਹੀਂ ਲੱਗਣ ਦਿੰਦਾ ਕਿ ਇਹ ਉਸ ਨੂੰ ਕਦੋਂ ਧੋਖਾ ਦੇ ਗਿਆ। ਅਜਿਹਾ ਵਿਅਕਤੀ ਪਹਿਲਾਂ ਜਾ ਕੇ ਛੱਪੜ ਵਿਚ ਛਾਲ ਮਾਰੇਗਾ ਅਤੇ ਫਿਰ ਚਿੱਲਾਏਗਾ: "ਮੈਨੂੰ ਬਚਾਉ। ਮੈਨੂੰ ਬਚਾਉ!" ਇਸ ਯੁਗ ਵਿਚ ਲੋਕਾਂ ਦੇ ਮਨ ਭੰਗ ਹੋ ਚੁੱਕੇ ਹਨ। ਸੋ ਜਦੋਂ ਉਹ ਚੋਟੀ ਉਪਰ ਪਹੁੰਚ ਜਾਂਦੇ ਹਨ ਤਾਂ ਫਿਰ ਉਹ ਸਮੁੰਦਰ ਵਿਚ ਛਾਲ ਵੀ ਮਾਰ ਸਕਦੇ ਹਨ।

**ਪ੍ਰਸ਼ਨ-ਕਰਤਾ** : ਲੋਕ ਇਹ ਵੀ ਕਹਿੰਦੇ ਹਨ ਕਿ ਮਨ ਇਕ ਨਚਾਰ ਦੀ ਤਰ੍ਹਾਂ ਹੈ।

**ਦਾਦਾਸ਼੍ਰੀ** : ਲੋਕ ਕਹਿੰਦੇ ਹਨ ਕਿ ਬਾਦਸ਼ਾਹ ਹੀ ਨਚਾਰ ਨੂੰ ਨਾਚ ਨਚਾਉਂਦਾ ਹੈ। ਪਰੰਤੂ ਮੈਂ ਤੁਹਾਨੂੰ ਦੱਸ ਦਿਆਂ ਕਿ ਇਹ ਗੱਲ ਠੀਕ ਨਹੀਂ। ਨਚਾਰ ਬਾਦਸ਼ਾਹ ਨੂੰ ਨਚਾਉਂਦਾ ਹੈ। ਉਸੇ ਤਰ੍ਹਾਂ ਤੁਹਾਡਾ ਮਨ ਵੀ ਤੁਹਾਨੂੰ ਨਚਾਉਂਦਾ ਹੈ।

**ਪ੍ਰਸ਼ਨ-ਕਰਤਾ** : ਮਨ ਕਿਸ ਤਰ੍ਹਾਂ ਵਿਅਕਤੀ ਨੂੰ ਨਚਾਉਂਦਾ ਹੈ?

**ਦਾਦਾਸ਼੍ਰੀ** : ਕਲਪਨਾ ਕਰੋ ਕਿ ਦੋ ਦੋਸਤ ਇਕ ਸੜਕ ਉਪਰ ਤੁਰੇ ਜਾ ਰਹੇ ਹਨ। ਉਨ੍ਹਾਂ ਵਿਚ ਇਕ ਮਾਸ ਦੀ ਗੰਧ ਦਾ ਅਨੰਦ ਅਨੁਭਵ ਕਰਦਾ ਹੈ। ਇਸ ਤਰ੍ਹਾਂ ਉਸ ਦੇ ਮਨ ਵਿਚ ਮਾਸ ਖਾਣ ਦੀ ਗੰਢ ਬਨਣੀ ਆਰੰਭ ਹੋ ਜਾਂਦੀ ਹੈ। ਉਸ ਅੰਦਰ ਮਾਸ ਖਾਣ ਦੀ ਤੀਬਰ ਇੱਛਾ ਹੁੰਦੀ

ਹੈ ਅਤੇ ਉਹ ਆਪਣੇ ਦੋਸਤ ਨੂੰ ਕਹਿੰਦਾ ਹੈ ਕਿ ਉਹ ਆਪਣੇ ਇਕ ਰਿਸ਼ਤੇਦਾਰ ਨੂੰ ਮਿਲ ਕੇ ਆਉਂਦਾ ਹੈ। ਉਹ ਆਪਣੇ ਦੋਸਤ ਨੂੰ ਉਥੇ ਰੁਕ ਕੇ ਉਸ ਦੀ ਉਡੀਕ ਕਰਨ ਲਈ ਵੀ ਕਹਿੰਦਾ ਹੈ। ਇੰਝ ਆਪਣੇ ਦੋਸਤ ਕੋਲ ਝੂਠ ਬੋਲ ਕੇ ਉਹ ਮਾਸ ਖਾਣ ਲਈ ਚਲਾ ਜਾਂਦਾ ਹੈ। ਅਜਿਹੇ ਮੌਕੇ ਉਹ ਰੱਬ ਦਾ ਨਾਂ ਲੈ ਕੇ ਸਹੁੰ ਵੀ ਖਾ ਲੈਂਦਾ ਹੈ। ਜਿਉਂ ਹੀ ਇਹ ਗੰਢ ਬਣਦੀ ਹੈ ਉਹ ਵਿਅਕਤੀ ਝੂਠ ਬੋਲਣ ਦਾ ਆਦੀ ਹੋ ਜਾਂਦਾ ਹੈ। ਇਹ ਮੂਰਖ ਵਿਅਕਤੀ ਇੰਝ ਕਪਟ ਦੀ ਗੰਢ ਵੀ ਪੱਕੀ ਕਰ ਲੈਂਦਾ ਹੈ ਅਤੇ ਨਾਲ ਹੀ ਝੂਠ ਬੋਲਣ ਅਤੇ ਮਾਸ ਖਾਣ ਦੀਆਂ ਗੰਢਾਂ ਵੀ ਪੀਡੀਆ ਕਰ ਲੈਂਦਾ ਹੈ।

ਜਦੋਂ ਇਕ ਅਗਿਆਨੀ ਵਿਅਕਤੀ ਅੰਦਰ ਇਕ ਗੰਢ ਬਣਦੀ ਹੈ ਤਾਂ ਉਹ ਕਈ ਹੋਰ ਗੰਢਾਂ ਵੀ ਨਾਲ ਬਣਾ ਲੈਂਦਾ ਹੈ। ਇਸ ਦੇ ਉਲਟ, ਜਦੋਂ ਉਸ ਦੇ ਮਨ ਅੰਦਰ ਮਾਸ ਖਾਣ ਦੀ ਗੰਢ ਬਨਣ ਲੱਗੀ ਸੀ ਜੇ ਉਹ ਉਦੋਂ ਹੀ ਇਸ ਗੰਢ ਨੂੰ ਢਿੱਲੀ ਕਰ ਦਿੰਦਾ ਤਾਂ ਕਿਸੇ ਨਾ ਕਿਸੇ ਦਿਨ ਉਸ ਦੀ ਸਮੱਸਿਆ ਹੱਲ ਹੋ ਜਾਣੀ ਸੀ। ਆਪਣੀ ਅਗਿਆਨਤਾ ਦੀ ਅਵਸਥਾ ਦੌਰਾਨ ਉਹ ਇਨ੍ਹਾਂ ਗੰਢਾਂ ਤੋਂ ਮੁਕਤ ਨਹੀਂ ਹੋ ਸਕੇਗਾ। ਪਰੰਤੂ ਜੇ ਉਹ ਮੀਟ ਖਾਣ ਜਾਣ ਲੱਗਿਆਂ ਸੱਚ ਬੋਲਣਾ ਆਰੰਭ ਕਰ ਦੇਵੇ ਤਾਂ ਉਸ ਨੂੰ ਬਹੁਤ ਲਾਭ ਹੋਵੇਗਾ। ਜੇ ਉਸ ਦਾ ਮਿੱਤਰ ਨੇਕ ਹੋਇਆ ਤਾਂ ਹੋ ਸਕਦਾ ਹੈ ਉਹ ਉਸ ਨੂੰ ਮਾਸ ਖਾਣ ਦੀ ਗੰਢ ਤੋਂ ਵੀ ਆਜ਼ਾਦ ਕਰਵਾ ਦੇਵੇ ਜਾਂ ਉਸ ਨੂੰ ਕੋਈ ਹੋਰ ਰਸਤਾ ਵਿਖਾ ਦੇਵੇ ਜਾਂ ਉਸ ਨੂੰ ਮਾਸ ਨਾ ਖਾਣ ਲਈ ਸਮਝਾ ਕੇ ਮਨਾ ਲਵੇ। ਜੇ ਉਹ ਪਸ਼ਚਾਤਾਪ ਕਰਦਾ ਰਹੇ ਤਾਂ ਉਹ ਅੰਤ ਨੂੰ ਇਸ ਬੁਰੀ ਆਦਤ ਤੋਂ ਮੁਕਤ ਹੋ ਸਕਦਾ ਹੈ। ਪਰੰਤੂ ਜੇ ਉਹ ਪਸ਼ਚਾਤਾਪ ਨਹੀਂ ਕਰਦਾ ਅਤੇ ਮਾਸ ਖਾਣਾ ਜਾਰੀ ਰਖਦਾ ਹੈ ਅਤੇ ਝੂਠ ਬੋਲਣਾ ਅਤੇ ਕਿਸੇ ਨੂੰ ਧੋਖਾ ਦੇਣਾ ਵੀ ਜਾਰੀ ਰਖਦਾ ਹੈ ਤਾਂ ਉਹ ਕਦੇ ਵੀ ਆਜ਼ਾਦ ਨਹੀਂ ਹੋਵੇਗਾ ਸਗੋਂ ਮਾਸ ਖਾਣ ਦੀ ਗੰਢ ਦੇ ਨਾਲ-ਨਾਲ ਝੂਠ ਬੋਲਣ ਅਤੇ ਕਪਟ ਕਮਾਉਣ ਦੀਆਂ ਗੰਢਾਂ ਵੀ ਪੀਡੀਆ ਕਰ ਲਵੇਗਾ। ਇਸੇ ਲਈ ਭਗਵਾਨ ਨੇ ਸਾਨੂੰ ਕਿਹਾ ਹੈ ਕਿ ਸਾਨੂੰ ਸ਼ਬਦਾਂ ਜਾਂ ਵਿਚਾਰਾਂ ਰਾਹੀਂ ਕਿਸੇ ਨੂੰ ਧੋਖਾ ਨਹੀਂ ਦੇਣਾ ਚਾਹੀਦਾ ਤਾਂ ਕਿ ਕਿਸੇ ਦਿਨ ਇਹ ਗੰਢ ਖ਼ਤਮ ਹੋ ਜਾਵੇ।

**ਪ੍ਰਸ਼ਨ-ਕਰਤਾ** : ਮਨ ਵਿਚ ਆਮ ਤੌਰ ਤੇ ਕਿਹੜੀਆਂ-ਕਿਹੜੀਆਂ ਗੰਢਾਂ ਹੁੰਦੀਆਂ ਹਨ?

**ਦਾਦਾਸ਼੍ਰੀ** : ਸਾਡੇ ਮਨ ਅੰਦਰ ਲਾਲਚ, ਹੰਕਾਰ, ਕਪਟ, ਕ੍ਰੋਧ, ਆਦਿ ਦੀਆਂ ਗੰਢਾਂ ਹੁੰਦੀਆਂ ਹਨ। ਲਾਲਚ ਦੀ ਗੰਢ ਨਾਲੋਂ ਹੰਕਾਰ ਦੀ ਗੰਢ ਰਤਾ ਵਧ ਚੰਗੀ ਹੁੰਦੀ ਹੈ, ਲਾਲਚ ਦੀ ਗੰਢ ਤਾਂ ਸਪ ਤੋਂ ਹੀ ਬਦਤਰ ਹੈ। ਕਈ ਵਾਰ ਵਿਅਕਤੀ ਖ਼ੁਦ ਵੀ ਇਸ ਤੋਂ ਅਣਜਾਣ ਹੁੰਦਾ ਹੈ। ਹੰਕਾਰ ਦੀ ਗੰਢ ਤਾਂ ਦੂਸਰੇ ਵਿਅਕਤੀ ਸੌਖਿਆਂ ਹੀ ਵੇਖ ਲੈਂਦੇ ਹਨ। ਕੋਈ ਵਿਅਕਤੀ ਇਹ ਵੀ ਕਹਿ ਸਕਦਾ ਹੈ: 'ਹੇ ਮੂਰਖ ਮਾਨਵ! ਤੁਸੀਂ ਇੰਨੇ ਹੰਕਾਰ ਅਤੇ ਆਕੜਖਾਨ ਕਿਉਂ ਹੋ ਗਏ ਹੋ? ਇਸ ਤਰ੍ਹਾਂ ਹੰਕਾਰ ਦੀ ਗੰਢ ਰਤਾ ਢਿੱਲੀ ਪੈਂਦੀ ਹੈ। ਇਕ-ਨਾ-ਇਕ ਦਿਨ ਤਾਂ ਹੰਕਾਰ ਦੀ ਗੰਢ ਦਾ

ਤਾਂ ਵਿਅਕਤੀ ਨੂੰ ਖ਼ੁਦ ਵੀ ਪਤਾ ਚੱਲ ਜਾਂਦਾ ਹੈ ਪਰੰਤੂ ਕਪਟ ਦੀ ਗੰਢ ਦਾ ਕਦੇ ਵੀ ਪਤਾ ਨਹੀਂ ਲਗਦਾ।

## 62
## ਮਨ ਦੀ ਗੰਢਾਂ ਕਿਵੇਂ ਖੋਲ੍ਹੀਏ?

**ਪ੍ਰਸ਼ਨ-ਕਰਤਾ** : ਵਿਅਕਤੀ ਮਨ ਦੀਆਂ ਇਨ੍ਹਾਂ ਗੰਢਾਂ ਨੂੰ ਕਿਵੇਂ ਖੋਲ੍ਹ ਅਤੇ ਖ਼ਤਮ ਕਰ ਸਕਦਾ ਹੈ?

**ਦਾਦਾਸ਼੍ਰੀ** : ਲਾਲਚ ਅਤੇ ਕ੍ਰੋਧ ਦੀਆਂ ਗੰਢਾਂ ਸਾਨੂੰ ਬਾਕੀ ਹੋਰ ਗੰਢਾਂ ਦੀ ਤਰ੍ਹਾਂ ਹੀ ਨੁਕਸਾਨਦੇਹ ਹਨ। ਦਾਦਾ ਭਗਵਾਨ ਨੇ ਸਾਨੂੰ ਦੱਸਿਆ ਹੈ ਕਿ ਜਿਸ ਵਿਅਕਤੀ ਦੇ ਮਨ ਅੰਦਰ ਲਾਲਚ ਦੀ ਗੰਢ ਹੈ ਉਸ ਨੂੰ ਆਪਣਾ ਸੁਭਾਅ ਦਾਨੀ ਬਨਾਉਣਾ ਚਾਹੀਦਾ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਕਦੇ-ਕਦੇ ਕਾਫ਼ੀ ਸਾਰੇ ਸਿੱਕੇ ਲਵੇ ਅਤੇ ਸੜਕ ਉਪਰ ਬਿਖੇਰਦਾ ਚਲਾ ਜਾਵੇ – ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿਸਾਨ ਖੇਤ ਵਿਚ ਬੀਜ ਖਿਲੇਰਦਾ ਹੈ। ਜਦੋਂ ਉਸ ਦਾ ਮਨ ਉਸ ਨੂੰ ਇਹ ਕਾਰਜ ਕਰਨ ਤੋਂ ਵਰਜੇ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਹੋਰ ਵਧੇਰੇ ਸਿੱਕੇ ਬਿਖੇਰੇ। ਹੌਲੀ-ਹੌਲੀ ਸਮਾਂ ਪਾ ਕੇ ਉਸ ਦਾ ਮਨ ਚੁੱਪ ਅਤੇ ਸ਼ਾਂਤ ਹੋ ਜਾਵੇਗਾ।

ਪਰੰਤੂ ਜੇਕਰ ਲਾਲਚ ਦੀ ਗੰਢ ਸੋਚਣ-ਵਿਚਾਰਨ ਅਤੇ ਚਿੰਤਨ ਕਰਨ ਨਾਲ ਹੀ ਢਿੱਲੀ ਪੈ ਜਾਂਦੀ ਹੈ ਤਾਂ ਇਹ ਸਰਵੋਤਮ ਹੱਲ ਹੈ। ਵਿਅਕਤੀ ਨੂੰ ਇਹ ਜ਼ਰੂਰ ਵਿਚਾਰਨਾ ਚਾਹੀਦਾ ਹੈ ਕਿ ਉਹ ਦੌਲਤ ਕਿਸ ਦੇ ਲਈ ਇੱਕਠੀ ਕਰ ਰਿਹਾ ਹੈ ਅਤੇ ਕਿਸ ਕਿਸਮ ਦੀ ਖੁਸ਼ੀ ਦੀ ਪ੍ਰਾਪਤੀ ਹਿਤ ਕਰ ਰਿਹਾ ਹੈ। ਉਸ ਨੂੰ ਪਤਾ ਚੱਲ ਜਾਵੇਗਾ ਕਿ ਇੰਝ ਕਰਨ ਨਾਲ ਉਸ ਨੂੰ ਖੁਸ਼ੀ ਪ੍ਰਾਪਤ ਨਹੀਂ ਹੋਈ ਬਲਕਿ ਦੂਸਰਿਆਂ ਦੀ ਖ਼ਾਤਰ ਉਸ ਨੇ ਆਪਣੀ ਖੁਸ਼ੀ ਖੋ ਦਿੱਤੀ। ਉਸ ਨੂੰ ਇਹ ਵੀ ਅਹਿਸਾਸ ਹੋਵੇਗਾ ਕਿ ਉਹ ਤਾਂ ਇਹ ਦੌਲਤ ਇੱਕਠੀ ਕਰਨ ਹਿਤ ਵਰਤੇ ਗਏ ਅਨੈਤਿਕ ਤਰੀਕਿਆਂ ਦੇ ਵਰਤਣ ਦੇ ਜ਼ੁਰਮ ਲਈ ਵੀ ਜ਼ਿੰਮੇਵਾਰ ਹੈ।

ਜਦੋਂ ਮਨ ਅੰਦਰ ਗੰਢ ਪੈਦਾ ਹੁੰਦੀ ਹੈ ਤਾਂ ਗਿਆਨੀ ਪੁਰਸ਼ ਇਹ ਸਭ ਵੇਖਦਾ ਅਤੇ ਸਮਝਦਾ ਹੈ। ਜੇਕਰ ਕੋਈ ਵਿਅਕਤੀ ਗਿਆਨੀ ਪੁਰਸ਼ ਦੇ ਕਹੇ ਅਨੁਸਾਰ ਸ਼ੁੱਧ ਆਤਮਾ ਦੇ ਸਹੀ ਪਰਿਪੇਖ ਤੋਂ ਸ਼ੁੱਧ ਆਤਮਾ ਦੀ ਰੋਸ਼ਨੀ ਵਿਚ ਮਨ ਅੰਦਰ ਦੀਆਂ ਗੰਢਾ ਨੂੰ ਵੇਖਦਾ ਅਤੇ ਵਾਚਦਾ ਹੈ ਤਾਂ ਧੀਰੇ-ਧੀਰੇ ਇਹ ਗੰਢਾਂ ਖ਼ਤਮ ਹੋ ਜਾਂਦੀਆਂ ਹਨ।

ਮੇਰੇ ਕੋਲ ਅਸੀਮ ਸ਼ਕਤੀਆਂ ਹਨ। ਮੈਂ ਤੁਹਾਡੀਆਂ ਇਹ ਗੰਢਾਂ ਖ਼ਤਮ ਕਰ ਸਕਦਾ ਹੈ ਪਰੰਤੂ ਜਿਥੋਂ ਤਕ ਸੰਭਵ ਹੋ ਸਕੇ ਮੈਂ ਇਨ੍ਹਾਂ ਸ਼ਕਤੀਆਂ ਦਾ ਇਸਤੇਮਾਲ ਤੁਹਾਡੇ ਲਈ ਕਰਨ ਤੋਂ ਗੁਰੇਜ਼ ਕਰਦਾ ਹਾਂ। ਮੇਰੇ ਦੁਆਰਾ ਇਦਾ ਕਰਨ ਨਾਲ ਤੁਹਾਡੀ ਆਪਣੀ ਸਮਰਥਾ ਉਜਾਗਰ ਹੋ ਕੇ ਸਾਹਮਣੇ ਨਹੀਂ ਆਏਗੀ। ਮੈਂ ਤਾਂ ਤੁਹਾਨੂੰ ਰਸਤਾ ਵਿਖਾਵਾਂਗਾ। ਜਦੋਂ ਗੰਢਾਂ ਪੈਦਾ

ਹੁੰਦੀਆਂ ਹਨ ਤਾਂ ਤੁਸੀਂ ਉਨ੍ਹਾਂ ਨੂੰ ਅਨੁਭਵ ਕਰਦੇ ਹੋ ਅਤੇ ਉਨ੍ਹਾਂ ਦੀ ਤਸਵੀਰ ਵੀ ਵੇਖਦੇ ਹੋ। ਜੇਕਰ ਜਾਨਣ ਹਿਤ ਕੋਈ ਵਸਤੂ ਹੈ ਹੀ ਨਹੀਂ ਤਾਂ ਫਿਰ ਗਿਆਤਾ ਕੀ ਕਰੇਗਾ? ਜਿੰਨਾ ਮਨ ਖਿੜਦਾ ਹੈ ਉਨੀ ਹੀ ਆਤਮਾ ਵੀ ਖਿੜਦੀ ਹੈ। ਇਸ ਨਾਲ ਜਿਸ ਅਨੁਪਾਤ ਵਿਚ ਜਾਣੀਆਂ ਜਾਣ ਵਾਲੀਆਂ ਵਸਤਾਂ ਵਧਦੀਆਂ ਹਨ ਉਸੇ ਅਨੁਪਾਤ ਵਿਚ ਸ਼ੁੱਧ ਆਤਮਾ ਦੀ ਸ਼ਕਤੀ ਵੀ ਵਧ ਜਾਂਦੀ ਹੈ।

ਜਦੋਂ ਵੀ ਤੁਹਾਡਾ ਮਨ ਮੈਲਾ ਹੋ ਜਾਂਦਾ ਹੈ ਤਾਂ ਉਸੇ ਵੇਲੇ ਤੁਸੀਂ ਮੇਰੇ ਸ਼ਬਦਾਂ ਨੂੰ ਸਾਬਣ ਦੇ ਤੌਰ 'ਤੇ ਵਰਤੋਂ ਅਤੇ ਤੁਹਾਡਾ ਮਨ ਬੁਰਾਈਆਂ ਦੀ ਮੈਲ ਤੋਂ ਪੂਰੀ ਤਰ੍ਹਾਂ ਸਾਫ਼ ਹੋ ਜਾਵੇਗਾ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਹ ਵੀ ਦੱਸਣ ਦੀ ਖੇਚਲ ਕਰੋ ਕਿ ਵਿਅਕਤੀ ਆਪਣੇ ਖਿਆਲਾਂ ਨਾਲ ਕਿਵੇਂ ਨਿਪਟੇ? ਨਵੇਂ ਪੈਦਾ ਹੁੰਦੇ ਖਿਆਲਾਂ ਨੂੰ ਕੋਈ ਕਿਵੇਂ ਵੇਖੇ?

**ਦਾਦਾਸ਼੍ਰੀ** : ਜੇਕਰ ਤੁਹਾਡਾ ਮਨ ਨਮਕੀਨ ਭੁਜੀਆ ਖਾਣ ਨੂੰ ਕਰਦਾ ਹੈ ਤਾਂ ਇਕਦਮ ਚੇਤੰਨ ਹੋ ਜਾਉ ਅਤੇ ਵੇਖੋ ਕਿ ਕੀ ਇਹ ਤਾਂਘ ਵਿਵਸਥਤ ਸ਼ਕਤੀ ਦੇ ਕਾਰਨ ਤਾਂ ਨਹੀਂ ਜਾਂ ਕਿਤੇ ਇਹ ਅੰਦਰੋਂ ਹੀ ਕੋਈ ਸ਼ੈਤਾਨੀ ਪ੍ਰਵਿਰਤੀ ਤਾਂ ਨਹੀਂ ਬੋਲ ਰਹੀ। ਜੇਕਰ ਤੁਹਾਨੂੰ ਤਿੰਨ ਵਾਰ ਦਿੱਤੀ ਦਸਤਕ ਸੁਣਾਈ ਦੇਵੇ ਤਾਂ ਸਮਝ ਲਉ ਕਿ ਇਹ ਵਿਵਸਥਤ ਸ਼ਕਤੀ ਦੀ ਅਵਾਜ਼ ਹੈ।

ਜੇਕਰ ਸਰੀਰ ਨੂੰ ਇਸ ਦੀ ਲੋੜ ਜਿੰਨੀ ਖ਼ੁਰਾਕ ਮਿਲ ਰਹੀ ਹੈ ਤਾਂ ਮਨ ਅਤੇ ਬੁੱਧੀ ਚੁੱਪ, ਸ਼ਾਂਤ ਰਹਿੰਦੇ ਹਨ। ਜਿਹੜਾ ਗਿਆਨ ਅਸੀਂ ਦਿੰਦੇ ਹਾਂ ਉਸ ਵਿਚ ਅਸੀਂ ਇਸ ਗੱਲ ਉਪਰ ਜ਼ੋਰ ਨਹੀਂ ਦਿੰਦੇ ਕਿ ਤੁਸੀਂ ਇਸ ਨੂੰ ਸਵੀਕਾਰ ਕਰੋ ਅਤੇ ਇਸ ਨੂੰ ਸਵੀਕਾਰ ਨਾ ਕਰੋ। ਬ੍ਰਹਿਮੰਡ ਦੇ ਨਿਰਪੱਖ ਅਤੇ ਵਿਵਸਥਾ ਪੂਰਨ ਪ੍ਰਬੰਧਕ ਵਜੋਂ ਵਿਵਸਥਤ ਸ਼ਕਤੀ ਤੁਹਾਨੂੰ ਦਿਖਾ ਦੇਵੇਗੀ ਕਿ ਤੁਸੀਂ ਕਿਵੇਂ ਕਾਰਜ ਕਰਨਾ ਹੈ।

**ਪ੍ਰਸ਼ਨ-ਕਰਤਾ** : ਇਹ ਵੀ ਕਿਹਾ ਜਾਂਦਾ ਹੈ ਕਿ ਵਿਅਕਤੀ ਨੂੰ ਇੱਕਲ ਵਿਚ ਰਹਿਣ ਦਾ ਅਨੁਭਵ ਕਰਨਾ ਚਾਹੀਦਾ ਹੈ।

**ਦਾਦਾਸ਼੍ਰੀ** : ਇੱਕਲ ਵਿਚ ਮਨ ਬੇਕਾਬੂ ਹੋ ਜਾਂਦਾ ਹੈ ਅਤੇ ਇਹ ਨਿਯੰਤਰਣਯੋਗ ਨਹੀਂ ਰਹਿੰਦਾ। ਮਨ ਨੂੰ ਹਮੇਸ਼ਾ ਆਪਣੀ ਖ਼ੁਰਾਕ ਚਾਹੀਦੀ ਹੈ। ਇਸ ਲਈ ਇਹ ਹਮੇਸ਼ਾ ਦਬਾਅ ਅਧੀਨ ਹੋਣਾ ਚਾਹੀਦਾ ਹੈ। ਇਸ ਲਈ ਇਹ ਇੱਕਠ ਵਿਚ ਹੁੰਦਿਆਂ ਹੋਇਆ ਵੀ ਇਕੱਲ ਮਹਿਸੂਸ ਕਰਦਾ ਹੈ। ਜਿਨ੍ਹਾਂ ਮਹਾਤਮਾਵਾਂ ਨੂੰ ਮੈਂ ਦੀਖਸ਼ਾ ਦਿੱਤੀ ਹੈ ਉਹ ਸੰਸਾਰ ਵਿਚ ਰਹਿੰਦਿਆਂ ਵੀ ਨਿਰਲੇਪ ਰਹਿੰਦੇ ਹਨ, ਇੱਕਠ ਵਿਚ ਰਹਿੰਦਿਆਂ ਵੀ ਇੱਕਲਤਾ ਦਾ ਅਹਿਸਾਸ ਮਾਣਦੇ ਹਨ। ਜਦੋਂ ਇਕ ਭੀੜ ਦੇ ਦਮਿਆਨ ਮਨ ਨੂੰ ਆਪਣੀ ਖ਼ੁਰਾਕ ਮਿਲ ਜਾਂਦੀ ਹੈ ਅਤੇ ਇਹ ਪੂਰੀ ਤਰ੍ਹਾਂ ਇਸ ਵਿਚ ਰੁੱਝ ਜਾਂਦਾ ਹੈ ਤਾਂ ਸ਼ੁੱਧ ਆਤਮਾ ਇੱਕਲ ਅਤੇ ਆਨੰਦ ਮਾਣਦੀ ਹੈ।

ਜੇ ਕਿਸੇ ਵਿਅਕਤੀ ਦਾ ਮਨ ਕਮਜ਼ੋਰ ਹੋ ਗਿਆ ਹੈ ਤਾਂ ਇਕ ਅਗਿਆਨੀ ਵਿਅਕਤੀ ਵੀ ਕਹੇਗਾ: “ਤੁਸੀਂ ਸੋਚਦੇ ਕਿਉਂ ਰਹਿੰਦੇ ਹੋ? ਉਠੋ ਅਤੇ ਬਾਹਰ ਫਿਰ-ਤੁਰ ਆਉ”।

ਇਹ ਘੁਮੱਕੜ ਮਨ ਆਪਣੇ ਆਪ ਨੂੰ ਅਨੇਕਾਂ ਪ੍ਰਕਾਰ ਨਾਲ ਵਿਅਕਤ ਕਰ ਸਕਦਾ ਹੈ।

**ਪ੍ਰਸ਼ਨ-ਕਰਤਾ** : ਲੋਕ ਕਹਿੰਦੇ ਹਨ ਕਿ ਸਾਨੂੰ ਬੁਰੇ ਵਿਚਾਰ ਦੂਰ ਰਖਣੇ ਚਾਹੀਦੇ ਹਨ।

**ਦਾਦਾਸ਼੍ਰੀ** : ਕੀ ਲੋਕਾਂ ਨੂੰ ਕਦੇ ਮੌਤ ਦਾ ਵਿਚਾਰ ਨਹੀਂ ਆਉਂਦਾ? ਯਕੀਨਨ ਇਹੋ ਜਿਹੇ ਵਿਚਾਰ ਵੀ ਆਉਂਦੇ ਹਨ। ਹਰ ਕੋਈ ਮੌਤ ਬਾਰੇ ਸੋਚਦਾ ਹੈ। ਪਰੰਤੂ ਕੀ ਤੁਹਾਨੂੰ ਪਤਾ ਹੈ ਕਿ ਲੋਕ ਆਮ ਤੌਰ ’ਤੇ ਵੀ ਕਰਦੇ ਹਨ? ਜਿਸ ਪਲ ਹੀ ਮੌਤ ਦਾ ਵਿਚਾਰ ਆਉਂਦਾ ਹੈ ਇਹ ਇਸ ਨੂੰ ਇਉਂ ਭਜਾਉਂਦੇ ਹਨ ਜਿਵੇਂ ਆਪਾਂ ਅਵਾਰਾ ਕੁੱਤੇ ਨੂੰ ਭਜਾਉਂਦੇ ਹਾਂ। ਮੂਰਖ ਮਾਨਵ! ਤੁਸੀਂ ਬੁਰੇ ਵਿਚਾਰਾਂ ਨੂੰ ਹੀ ਕਿਉਂ ਨਹੀਂ ਦੂਰ ਭਜਾ ਦਿੰਦੇ? ਨਹੀਂ, ਜੇ ਵਿਅਕਤੀ ਦੇ ਮਨ ਅੰਦਰ ਖੁਸ਼ੀ ਵਾਲਾ ਵਿਚਾਰ ਆਉਂਦਾ ਹੈ ਤਾਂ ਉਹ ਉਸ ਨੂੰ ਕਦੇ ਨਹੀਂ ਭਜਾਉਂਦਾ।

ਜਿਹੜਾ ਗਿਆਨ ਮੈਂ ਤੁਹਾਨੂੰ ਦਿੰਦਾ ਹਾਂ ਉਹ ਤੁਹਾਨੂੰ ਦਸਦਾ ਹੈ ਕਿ ਸ਼ੁੱਧ ਆਤਮਾ ਮੌਤ ਸਮੇਂ ਹੀ ਸੰਪੂਰਨ ਰੂਪ ਵਿਚ ਪ੍ਰਗਟ ਹੁੰਦੀ ਹੈ। ਸ਼ੁੱਧ ਆਤਮਾ ਆਪਣੀ ਗੁਫਾ ਅੰਦਰ ਚਲੀ ਜਾਂਦੀ ਹੈ। ਮਨ, ਚਿੱਤ, ਅਹੰਕਾਰ ਅਤੇ ਬੁੱਧੀ ਸਾਰੇ ਚੁੱਪ ਹੋ ਜਾਂਦੇ ਹਨ ਜਿਵੇਂ ਕੋਈ ਵਿਅਕਤੀ ਬੰਬ ਗਿਰਨ ਦੇ ਡਰ ਨਾਲ ਸਹਿਮ ਕੇ ਚੁੱਪ ਕਰ ਗਿਆ ਹੋਵੇ। ਸ਼ੁੱਧ ਆਤਮਾ ਬਾਰੇ ਅਨੁਭਵੀ ਗਿਆਨ ਪ੍ਰਾਪਤ ਕਰਨ ਵਾਲੇ ਵਿਅਕਤੀ ਮੌਤ ਮੌਕੇ ਸਮਾਧੀ ਵਿਚ ਹੁੰਦੇ ਹੋਏ ਬਹੁਤ ਹੀ ਸੌਖੀ ਮਾਨੋ ਆਨੰਦਮਈ ਮੌਤ ਦੀ ਗੋਦ ਵਿਚ ਚਲੇ ਜਾਂਦੇ ਹਨ।

## 63
## ਮਨ: ਇਕ ਸਥੂਲ ਵਸਤੂ

**ਪ੍ਰਸ਼ਨ-ਕਰਤਾ** : ਮਨ ਵਿਅਕਤੀ ਨੂੰ ਬਹੁਤ ਬੇਚੈਨ ਕਰਦਾ ਹੈ। ਇਹ ਬਹੁਤ ਸ਼ਕਤੀਸ਼ਾਲੀ ਹੈ।

**ਦਾਦਾਸ਼੍ਰੀ** : ਮਨ ਪੂਰੀ ਤਰ੍ਹਾਂ ਸਥੂਲ ਹੈ, ਮਕੈਨੀਕਲ ਹੈ।

**ਪ੍ਰਸ਼ਨ-ਕਰਤਾ** : ਵਾਕਿਆ ਹੀ? ਮੈਨੂੰ ਸਮਝ ਨਹੀਂ ਆਈ? ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਜਦੋਂ ਕੋਈ ਵਿਅਕਤੀ ਇਕ ਮਸ਼ੀਨ ਬਣਾਉਂਦਾ ਹੈ ਤਾਂ ਉਸ ਦੀ ਆਤਮਾ, ਉਸ ਦੀ ਚੇਤਨਤਾ ਪੂਰੀ ਤਰ੍ਹਾਂ ਉਸ ਦੀਆਂ ਸਰਗਰਮੀਆਂ ਨਾਲ ਇਕਮਿਕ ਹੋ ਜਾਂਦੀ ਹੈ। ਜਦੋਂ ਇਹ ਮਸ਼ੀਨ ਕੰਮ ਕਰਨਾ ਆਰੰਭ ਕਰ ਦਿੰਦੀ ਹੈ ਤਾਂ ਉਹ ਵਿਅਕਤੀ ਹਉਮੈਂ ਅਧੀਨ ਸ਼ੇਖੀ ਮਾਰਦਾ ਹੈ: “ਕਿਆ ਕਮਾਲ ਦੀ ਮਸ਼ੀਨ ਬਣਾਈ ਹੈ ਮੈਂ!” ਪਰੰਤੂ ਜੇ ਉਸ ਨੂੰ ਬੰਦ ਕਰਨ/ਰੋਕਣ ਹਿਤ

ਕੋਈ ਸਵਿੱਚ ਜਾਂ ਕੋਈ ਹੋਰ ਸੰਦ ਨਾ ਹੋਵੇ ਤਾਂ ਕੀ ਉਹ ਸਿਰਫ਼ ਆਪਣੇ ਹੁਕਮ ਦੇਣ ਨਾਲ ਹੀ ਉਸ ਮਸ਼ੀਨ ਨੂੰ ਰੋਕ ਸਕਦਾ ਹੈ? ਮੰਨ ਲਓ ਗਲਤੀ ਨਾਲ ਉਸ ਵਿਅਕਤੀ ਦੀ ਉਂਗਲ ਉਸ ਚਲਦੀ ਮਸ਼ੀਨ ਦੇ ਗੇਅਰ ਜਾਂ ਕਿਸੇ ਹੋਰ ਅਜਿਹੀ ਥਾਂ ਫਸ ਜਾਵੇ ਤਾਂ ਕੀ ਉਹ ਮਸ਼ੀਨ ਆਪਣੇ ਨਿਰਮਾਤਾ ਪ੍ਰਤੀ ਅਹਿਸਾਨਮੰਦ ਹੋਵੇਗੀ ਅਤੇ ਉਸ ਦੀ ਉਂਗਲ ਨੂੰ ਸੱਟ ਨਹੀਂ ਮਾਰੇਗੀ? ਸੱਚ ਤਾਂ ਇਹ ਕਿ ਮਸ਼ੀਨ ਉਸ ਉਂਗਲ ਨੂੰ ਇਕ ਪਲ ਵਿਚ ਵੱਢ ਸੁੱਟੇਗੀ ਕਿਉਂਕਿ ਮਸ਼ੀਨ ਅਜੀਵ ਹੈ, ਮਕੈਨੀਕਲ ਹੈ। ਨਿਰਮਾਤਾ ਦੀ ਸ਼ਕਤੀ ਇਥੇ ਕੰਮ ਨਹੀਂ ਕਰਦੀ।

ਇਹੋ ਗੱਲ ਮਨ ਉਪਰ ਵੀ ਸਹੀ ਲਾਗੂ ਹੁੰਦੀ ਹੈ। ਇਨਸਾਨ ਖ਼ੁਦ ਹੀ ਆਪਣੇ ਮਨ ਦਾ ਨਿਰਮਾਤਾ ਹੈ।

ਮਨੁੱਖ ਦੀ ਆਵਾਜ਼ ਦਾ ਨਿਰਮਾਣ ਉਸ ਦੇ ਸਰੀਰ ਦੇ ਅਣੂਆਂ ਤੋਂ ਵੀ ਹਲਕੇ ਅਣੂਆਂ ਦੁਆਰਾ ਹੁੰਦਾ ਹੈ ਅਤੇ ਮਨ ਦਾ ਨਿਰਮਾਣ ਇਨ੍ਹਾਂ ਆਵਾਜ਼ ਦੇ ਨਿਰਮਾਤਾ ਅਣੂਆਂ ਤੋਂ ਵੀ ਹਲਕੇ ਅਣੂਆਂ ਨਾਲ ਹੁੰਦਾ ਹੈ।

## 64
## ਮਨ ਦੀਆਂ ਕਿਸਮਾਂ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਮਨ ਅਤੇ ਇਸ ਦੀ ਕ੍ਰਿਆ-ਪ੍ਰਣਾਲੀ ਬਾਰੇ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਮਨ ਦੋ ਪ੍ਰਕਾਰ ਦਾ ਹੁੰਦਾ ਹੈ - ਸਥੂਲ ਅਤੇ ਸੂਖ਼ਮ! ਸੂਖ਼ਮ ਮਨ ਨੂੰ ਭਾਵ- ਮਨ ਵੀ ਕਿਹਾ ਜਾਂਦਾ ਹੈ ਅਤੇ ਸਥੂਲ ਮਨ ਨੂੰ ਦ੍ਰਵ-ਮਨ ਵੀ ਕਹਿੰਦੇ ਹਨ। ਭਾਵ ਮਨ ਦਾ ਕੇਂਦਰ ਅੱਖਾਂ ਦੀਆਂ ਭਵਾਂ ਦੇ ਵਿਚਕਾਰ ਮੱਥੇ ਦੇ ਤਿੰਨ ਇੰਚ ਅੰਦਰ ਸਥਿਤ ਹੁੰਦਾ ਹੈ ਅਤੇ ਇਹ ਸਾਡੀਆਂ ਬਾਹਰੀ, ਸਰੀਰਕ ਅੱਖਾਂ ਰਾਹੀਂ ਵੇਖਿਆ ਨਹੀਂ ਜਾ ਸਕਦਾ। ਸਥੂਲ ਮਨ ਸਾਡੇ ਦਿਲ ਵਿਚ ਹੁੰਦਾ ਹੈ। ਇਸ ਦੇ ਕਈ ਤਹਿਆਂ ਹੁੰਦੀਆਂ ਹਨ। ਇਸੇ ਲਈ ਲੋਕ ਕਹਿੰਦੇ ਹਨ: "ਮੇਰਾ ਦਿਲ ਨਹੀਂ ਮੰਨਦਾ।" ਜੇ ਵਿਅਕਤੀ ਨੂੰ ਅਚਾਨਕ ਹੀ ਕੋਈ ਸਦਮਾ ਪਹੁੰਚਦਾ ਹੈ ਤਾਂ ਦਿਲ ਬਹੁਤ ਜ਼ਿਆਦਾ ਬੇਚੈਨ ਅਤੇ ਵਿਆਕੁਲ ਹੋ ਜਾਂਦਾ ਹੈ। ਇਹ ਸਥੂਲ ਮਨ ਹੈ। ਇਹ ਪੂਰੀ ਤਰ੍ਹਾਂ ਪ੍ਰਭਾਵਸ਼ੀਲਤਾ ਵਾਲੀ ਸਥਿਤੀ ਹੈ। ਜਦੋਂ ਕਿ ਭਾਵ-ਮਨ ਕਾਰਨ ਪੈਦਾ ਕਰਦਾ ਹੈ ਅਤੇ ਨਤੀਜੇ ਵਜੋਂ ਚਾਰਜਿੰਗ ਵੀ ਕਰਦਾ ਹੈ।

ਭਾਵ-ਮਨ ਦੇ ਆਪਣੇ ਮੰਤਵ ਹੁੰਦੇ ਹਨ। ਇਸ ਲਈ ਕਰਮਾਂ ਦੇ ਨਵੇਂ ਬੀਜ ਬੀਜਦੇ ਰਹਿੰਦੇ ਹਨ। ਭਾਵ-ਮਨ ਨੂੰ ਅਸੀਂ ਉਸ ਦੇ ਮੰਤਵ ਤੋਂ ਵੇਖ ਜਾਂ ਪਹਿਚਾਣ ਸਕਦੇ ਹਾਂ। ਪਰੰਤੂ ਇਸ ਭਾਵ-ਮਨ ਨੂੰ ਕੌਣ-ਕੌਣ ਵੇਖ ਸਕਦਾ ਹੈ? ਜਿਹੜਾ ਵਿਅਕਤੀ ਸ਼ੁੱਧ ਆਤਮਾ ਬਣ ਗਿਆ

ਹੋਵੇ, ਜਿਹੜਾ ਵਿਅਕਤੀ ਪੂਰੀ ਤਰ੍ਹਾਂ ਨਿਰਲੇਪਤਾ ਦਾ ਜੀਵਨ ਜੀਅ ਰਿਹਾ ਹੋਵੇ ਤਾਂ ਜੋ ਉਹ ਇਕ ਫ਼ਿਲਮ ਦੀ ਤਰ੍ਹਾਂ ਮਨ ਨੂੰ ਆਪਣੇ ਆਪ ਤੋਂ ਵੱਖ ਕਰਕੇ ਵੇਖ ਸਕਦਾ ਹੋਵੇ। ਸਿਰਫ਼ ਉਦੋਂ ਹੀ ਕੋਈ ਵਿਅਕਤੀ ਮਨ ਨੂੰ ਵੇਖ ਅਤੇ ਸਮਝ ਸਕਦਾ ਹੈ। ਕੇਵਲ ਗਿਆਨੀ ਪੁਰਸ਼ ਹੀ ਸਰਬ-ਗਿਆਤਾ ਹੈ ਕਿਉਂਕਿ ਉਹ ਵੀ ਤੁਹਾਡੇ ਭਾਵ-ਮਨ ਨੂੰ "ਸੀਲ" (ਭਾਵ ਪੂਰੀ ਤਰ੍ਹਾਂ ਡੱਬੀ-ਬੰਦ ਕਰ ਸਕਦਾ ਹੈ ਤਾਂ ਕਿ ਉਹ ਨਵੇਂ ਸਿਰਿਉਂ ਚਾਰਜ ਨਾ ਹੋਵੇ ਅਤੇ ਕਰਮਾਂ ਦੇ ਨਵੇਂ ਬੀਜ ਨਾ ਬੀਜੇ। ਫਿਰ ਜੋ ਬਾਕੀ ਬਚਦਾ ਹੈ ਉਹ ਹੈ ਡਿਸਚਾਰਜ ਮਨ ਅਤੇ ਉਸ ਦੇ ਪ੍ਰਭਾਵ ਜਿਹੜੇ ਮਨੁੱਖ ਦੀ ਆਤਮਾ ਦੁਆਰਾ ਵੇਖੇ ਅਤੇ ਜਾਣੇ ਜਾ ਸਕਦੇ ਹਨ।

**ਪ੍ਰਸ਼ਨ-ਕਰਤਾ** : ਅਰਧ-ਚੇਤਨ ਮਨ ਕੀ ਹੈ?

**ਦਾਦਾਸ਼੍ਰੀ** : ਜਿਸ ਨੂੰ ਵਿਦੇਸ਼ੀ ਅਤੇ ਮਨੋਵਿਗਿਆਨੀ ਅਰਧ-ਚੇਤਨ ਅਤੇ ਚੇਤਨ ਮਨ ਕਹਿੰਦੇ ਹਨ ਉਹ ਸਾਰੇ ਮਕੈਨੀਕਲ ਅਤੇ ਸਥੂਲ ਮਨ ਹਨ। ਕੋਈ ਵੀ ਵਿਅਕਤੀ ਸਥੂਲ ਮਨ ਦਾ ਤਾਂ ਇਕ ਕਣ ਵੀ ਨਹੀਂ ਵੇਖ ਸਕਦਾ। ਇਹ ਤਾਂ ਸਿਰਫ ਗਿਆਨੀ ਪੁਰਸ਼ ਦੀ ਪਹੁੰਚ ਅੰਦਰ ਹੀ ਹੁੰਦਾ ਹੈ ਕਿਉਂਕਿ ਭਾਵ-ਮਨ ਨੂੰ ਤਾਂ ਸਿਰਫ਼ ਗਿਆਨ ਦੇ ਰਾਹੀਂ ਹੀ ਵੇਖਿਆ ਅਤੇ ਜਾਣਿਆ ਜਾ ਸਕਦਾ ਹੈ।

ਸ਼ੁੱਧ ਆਤਮ-ਗਿਆਨ ਦੇ ਪ੍ਰਾਪਤ-ਕਰਤਾ ਵਜੋਂ ਤੁਹਾਨੂੰ ਤੁਹਾਡੇ ਸ਼ੁੱਧ ਸਰੂਪ ਪ੍ਰਤੀ ਗਿਆਨ ਦਿੱਤਾ ਜਾਂਦਾ ਹੈ। ਇਸ ਗਿਆਨ ਦੀ ਪ੍ਰਾਪਤੀ ਨਾਲ ਤੁਸੀਂ ਮਨ ਤੋਂ ਪੂਰੀ ਤਰ੍ਹਾਂ ਆਜ਼ਾਦ ਹੋ ਜਾਂਦੇ ਹੋ। ਮੈਂ ਤੁਹਾਡੇ ਭਾਵ-ਮਨ ਨੂੰ ਪੂਰੀ ਤਰ੍ਹਾਂ ਸੀਲ-ਬੰਦ ਕਰ ਦਿੱਤਾ ਹੈ ਅਤੇ ਮੈਂ ਤੁਹਾਨੂੰ ਪੂਰਨ ਰੂਪ ਵਿਚ ਡਿਸਚਾਰਜਿੰਗ ਦੇ ਗਿਆਤਾ ਅਤੇ ਦ੍ਰਸ਼ਟਾ ਬਣਾ ਦਿੱਤਾ ਹੈ। ਇਸ ਲਈ ਤੁਸੀਂ ਦ੍ਰਵ ਮਨ ਦੀਆਂ ਅਸੀਮ ਅਤੇ ਵਿਭਿੰਨ ਅਵਸਥਾਵਾਂ ਦਾ ਸਾਹਮਣਾ ਕਰਦੇ ਹੋਏ ਵੀ ਸ਼ੁੱਧ ਆਤਮਾ ਦੇ ਤੌਰ 'ਤੇ ਵਿਚਰ ਸਕਦੇ ਹੋ। ਇਹੋ ਗਿਆਨ ਹੈ।

ਜਦੋਂ ਵਿਅਕਤੀ ਬੇਚੈਨ ਹੋ ਜਾਂਦਾ ਹੈ ਅਤੇ ਡਿਸਚਾਰਜਿੰਗ ਮਨ ਦੀ ਅਵਸਥਾ ਵਿਚ ਉਲਝ ਜਾਂਦਾ ਹੈ ਤਾਂ ਭਾਵ-ਮਨ ਫਿਰ ਚਾਰਜ ਹੁੰਦਾ ਹੈ ਅਤੇ ਇਹ ਹੁਣ ਜਦੋਂ ਡਿਸਚਾਰਜ ਹੋਵੇਗਾ ਤਾਂ ਮੁੜ ਬੇਚੈਨ ਅਤੇ ਵਿਆਕੁਲ ਹੋ ਜਾਵੇਗਾ। ਇਸ ਤਰ੍ਹਾਂ ਭਾਵ-ਮਨ ਦੇ ਚਾਰਜ ਹੋਣ ਅਤੇ ਫਿਰ ਅਗਲੇ ਜਨਮ ਵਿਚ ਡਿਸਚਾਰਜ ਹੋਣ ਦੀ ਪ੍ਰਕ੍ਰਿਆ ਬਿਨਾਂ ਰੁਕੇ ਚਲਦੀ ਰਹਿੰਦੀ ਹੈ।

## 65
## ਮਨ ਅਤੇ ਆਤਮਾ ਦਾ ਪ੍ਰਸਪਰ ਰਿਸ਼ਤਾ

**ਪ੍ਰਸ਼ਨ-ਕਰਤਾ** : ਆਤਮਾ ਅਤੇ ਮਨ ਕਿਸ ਤਰ੍ਹਾਂ ਇਕ ਦੂਜੇ ਨਾਲ ਸੰਬੰਧਤ ਹਨ?

**ਦਾਦਾਸ਼੍ਰੀ** : ਆਤਮਾ ਸਦੀਵ ਕਾਲ ਲਈ ਸਥਿਰ ਹੈ ਅਤੇ ਇਹ ਗਿਆਤਾ ਹੈ ਜਦੋਂ ਕਿ ਵਿਚਾਰ ਅਸਥਿਰ ਅਤੇ ਘਟਦੇ-ਵਧਦੇ ਰਹਿੰਦੇ ਹਨ। ਆਤਮਾ ਅਤੇ ਵਿਚਾਰ ਦੋਵੇਂ ਇਕ-ਦੂਜੇ ਤੋਂ ਬਿਲਕੁਲ ਭਿੰਨ ਹਨ। ਇਨ੍ਹਾਂ ਵਿਚਕਾਰ ਹੋਰ ਕੋਈ ਰਿਸ਼ਤਾ ਨਹੀਂ ਸਿਵਾਇ ਇਸ ਦੇ ਕਿ ਆਤਮਾ ਗਿਆਤਾ ਹੈ ਅਤੇ ਵਿਚਾਰ ਜਾਣੀ ਜਾ ਸਕਣ ਵਾਲੀ ਵਸਤੂ। ਇਸ ਲਈ ਮੈਂ ਤੁਹਾਨੂੰ ਸਾਰੀ ਗੱਲ ਸਮਝਾਉਂਦਾ ਹਾਂ। ਕਿਸੇ ਵੀ ਹਾਲਤ ਵਿਚ ਆਪਣੀਆਂ ਭਾਵਨਾਵਾਂ ਨੂੰ ਦੂਸ਼ਿਤ ਜਾਂ ਨਸ਼ਟ ਨਾ ਕਰੋ। ਤੁਹਾਡੇ ਘਰ ਕੋਈ ਬਿਨਾਂ ਬੁਲਾਇਆ ਮਹਿਮਾਨ ਵੇਲੇ-ਕੁਵੇਲੇ ਕਿਸੇ ਸਮੇਂ ਆ ਸਕਦਾ ਹੈ। ਉਸ ਬਾਰੇ ਕੋਈ ਮੰਦ-ਭਾਵਨਾ ਨਾ ਲਿਆਉ। ਉਸ ਨੂੰ ਸਾਦੀ ਦਾਲ-ਰੋਟੀ ਦੇ ਦਿਉ ਪਰੰਤੂ ਉਸ ਬਾਰੇ ਕੋਈ ਮੰਦੀ ਭਾਵਨਾ ਨਾ ਆਉਣ ਦਿਉ। ਆਪਣੇ ਮਨ ਨੂੰ ਨਿਰਧਨ, ਬਲਹੀਣ ਨਾ ਹੋਣ ਦਿਉ।

ਜੇ ਅਸੀਂ ਕਿਸੇ ਵਿਅਕਤੀ ਨਾਲ ਗੁੱਸੇ ਹੁੰਦੇ ਹਾਂ ਤਾਂ ਅਸੀਂ ਉਸ ਦਾ ਦਿਲ ਤੋੜ ਦਿੰਦੇ ਹਾਂ। ਹਾਲਾਤ ਮੁੜ ਸੁਧਰਨ ਦੀ ਸਥਿਤੀ ਤੋਂ ਅਗਾਂਹ ਲੰਘ ਜਾਂਦੇ ਹਨ। ਨਤੀਜੇ ਵਜੋਂ ਸਾਨੂੰ ਆਪ ਨੂੰ ਕਈ ਜਨਮਾਂ ਵਿਚੋਂ ਲੰਘਣਾ ਪੈਂਦਾ ਹੈ। ਇਕ ਕਹਾਵਤ ਹੈ ਕਿ ਮਨ, ਮੋਤੀ ਅਤੇ ਕੱਚ ਜੇ ਇਕ ਵਾਰ ਟੁੱਟ ਜਾਣ ਤਾਂ ਮੁੜ ਜੁੜਦੇ ਨਹੀਂ: ਤ੍ਰੇੜ ਹਮੇਸ਼ਾ ਬਣੀ ਰਹਿ ਜਾਂਦੀ ਹੈ। ਇਹ ਇੰਨੇ ਕੋਮਲ, ਇੰਨੇ ਨਾਜ਼ੁਕ ਹਨ।

ਇਕ ਗਿਆਨੀ ਪੁਰਸ਼ ਜਿਸ ਵਿਅਕਤੀ ਦੇ ਵੀ ਸੰਪਰਕ ਵਿਚ ਆਉਂਦਾ ਹੈ ਉਸ ਦੇ ਮਨ ਅੰਦਰ ਚਲਦੇ ਵਿਚਾਰਾਂ ਦੀ ਗੂੰਜ ਨੂੰ ਮਹਿਸੂਸ ਕਰਦਾ ਹੈ। ਉਹ ਇਨ੍ਹਾਂ ਵਿਚਾਰਾਂ ਨੂੰ ਹੌਲੀ-ਹੌਲੀ ਪਰ ਸਪਸ਼ਟ ਤੌਰ ’ਤੇ ਵੇਖ, ਪੜ੍ਹ ਅਤੇ ਜਾਣ ਸਕਦਾ ਹੈ। ਇਸ ਨੂੰ ਮਨ ਦੇ ਪੜ੍ਹਨ ਦਾ ਗਿਆਨ ਕਹਿੰਦੇ ਹਨ। ਪਰੰਤੂ ਵਿਤਰਾਗ ਦੀ ਭਾਸ਼ਾ ਵਿਚ ਆਪਣੇ ਮਨ ਦੀਆਂ ਸਾਰੀਆਂ ਤਹਿਆਂ ਨੂੰ ਸਹਿਜ-ਗਿਆਨ ਰਾਹੀਂ ਵੇਖਣ ਅਤੇ ਜਾਨਣ ਨੂੰ ਮਨ ਪੜ੍ਹਨ ਦਾ ਗਿਆਨ ਕਿਹਾ ਗਿਆ ਹੈ।

ਇਸ ਸੰਸਾਰ ਵਿਚ ਮੈਂ ਮਨ ਦਾ ਵੈਦ ਹਾਂ। ਸਰੀਰ ਦੇ ਵੈਦ ਤਾਂ ਹਰ ਥਾਂ ਉਪਲਬਧ ਹਨ। ਪਰੰਤੂ ਤੁਸੀਂ ਮਨ ਦਾ ਵੈਦ ਲੱਭਣ ਦਾ ਯਤਨ ਕਰੋ। ਸਾਰੀਆਂ ਸਰੀਰਕ ਅਲਾਮਤਾਂ ਮਾਨਸਕ ਕਸ਼ਟਾਂ ਅਤੇ ਰੋਗਾਂ ਦਾ ਨਤੀਜਾ ਹਨ। ਮੈਂ ਤੁਹਾਡੇ ਮਨ ਦੇ ਸਾਰੇ ਰੋਗਾਂ ਦਾ ਇਲਾਜ ਕਰ ਸਕਦਾ ਹਾਂ। ਤੁਹਾਨੂੰ ਕੋਈ ਨਵਾਂ ਮਾਨਸਕ ਰੋਗ ਨਾ ਲੱਗੇ ਉਸ ਨੂੰ ਵੀ ਰੋਕ ਸਕਦਾ ਹਾਂ। ਪੁਨਰ ਹਾਸਲ ਹੋਈ ਸਿਹਤ ਨੂੰ ਤੁਸੀਂ ਠੀਕ ਤਰ੍ਹਾਂ ਸੰਭਾਲ ਸਕੋ ਮੈਂ ਤੁਹਾਡੀ ਇਸ ਵਿਚ ਵੀ ਮਦਦ ਕਰ ਸਕਦਾ ਹਾਂ। ਅਖ਼ੀਰ, ਮੈਂ ਤੁਹਾਡੇ ਮਨ ਨੂੰ ਤੁਹਾਡੇ ਤੋਂ ਵੱਖ ਕਰਕੇ ਤੁਹਾਨੂੰ ਤੁਹਾਡੀ ਸ਼ੁੱਧ ਆਤਮਾ ਦੇ ਦਰਸ਼ਨ ਕਰਵਾਉਂਦਾ ਹਾਂ। ਫਿਰ ਇਹ ਮਨ ਤੁਹਾਨੂੰ ਬੇਚੈਨ, ਵਿਆਕੁਲ ਨਹੀਂ ਕਰੇਗਾ। ਇਹ ਨਾ ਸਿਰਫ ਤੁਹਾਨੂੰ ਮੁਕਤੀ ਦੇ ਰਸਤੇ ਉਪਰ ਲੈ ਜਾਵੇਗਾ ਸਗੋਂ ਹਮੇਸ਼ਾ ਤੁਹਾਡੇ ਕਹਿਣੇ ਵਿਚ ਰਹੇਗਾ।

## 66
# ਬੁੱਧੀ ਅਤੇ ਗਿਆਨ

**ਪ੍ਰਸ਼ਨ-ਕਰਤਾ** : ਹੁਣ ਕਿਰਪਾ ਕਰਕੇ ਇਹ ਵਿਸਥਾਰ ਵਿਚ ਦੱਸੋ ਕਿ ਬੁੱਧੀ ਕੀ ਹੈ?

**ਦਾਦਾਸ਼੍ਰੀ** : ਸੰਸਾਰ ਦੇ ਸਾਰੇ ਵਿਸ਼ਿਆਂ ਬਾਰੇ ਭਰਪੂਰ ਗਿਆਨ ਬੁੱਧੀ ਅੰਦਰ ਸਮਾ ਸਕਦਾ ਹੈ। ਪਰੰਤੂ ਨਿਰ-ਅਹੰਕਾਰੀ ਗਿਆਨ ਹੀ ਅਸਲੀ, ਸੱਚੀ ਸਿਆਣਪ ਹੈ, ਸੱਚਾ ਗਿਆਨ ਹੈ। ਜੇ ਸੰਸਾਰਕ ਜਾਣਕਾਰੀ ਵਿਚ ਅਹੰਕਾਰ ਹੈ, ਹਉਮੈਂ ਹੈ ਤਾਂ ਇਹ ਬੁੱਧੀ ਵਿਚ ਸ਼ਾਮਲ ਹੋ ਜਾਂਦਾ ਹੈ।

ਵਿਅਕਤੀ ਨੂੰ ਕਦੇ ਵੀ ਅਹੰਕਾਰ-ਯੁਕਤ ਬੁੱਧੀ ਰਾਹੀਂ ਪ੍ਰਾਪਤ ਕੀਤੇ ਗਏ ਗਿਆਨ ਉਪਰ ਨਿਰਭਰ ਨਹੀਂ ਕਰਨਾ ਚਾਹੀਦਾ।

**ਪ੍ਰਸ਼ਨ-ਕਰਤਾ** : ਵਿਅਕਤੀ ਨੂੰ ਬੁੱਧੀ ਉਪਰ ਨਿਰਭਰ ਕਿਉਂ ਨਹੀਂ ਹੋਣਾ ਚਾਹੀਦਾ?

**ਦਾਦਾਸ਼੍ਰੀ** : ਕਿਉਂਕਿ ਤੁਹਾਡਾ ਬੁੱਧੀ ਉੱਪਰ ਨਿਰਭਰ ਹੋਣਾ ਕਿਸੇ ਸਮੇਂ ਵੀ ਅਸਫਲ ਹੋ ਸਕਦਾ ਹੈ। ਹਾਲਾਤਾਂ ਦੀ ਪਕੜ ਵਿਚ ਆਏ ਹੋਏ ਕਈ ਬਹੁਤ ਹੀ ਬੁੱਧੀਮਾਨ ਵਿਅਕਤੀ ਵੀ ਮੂਰਖਾਂ ਵਰਗੇ ਔਸਤ ਮੇਲ ਦੇ ਸਾਬਤ ਹੋਏ ਹਨ। ਇਕ ਬੁੱਧੀਮਾਨ ਵਿਅਕਤੀ ਵੀ ਮੂਰਖ ਹੋ ਸਕਦਾ ਹੈ।

ਬੁੱਧੀ ਅਸਿੱਧੀ ਰੋਸ਼ਨੀ ਹੈ ਜਿਹੜੀ ਹਉਮੈਂ ਦੇ ਦਰਵਾਜ਼ੇ ਰਾਹੀਂ ਆਉਂਦੀ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਇਹ ਸੂਰਜ ਦੇ ਉਸ ਚਾਨਣ ਦੀ ਤਰ੍ਹਾਂ ਹੈ ਜਿਹੜਾ ਛੱਤ ਵਿਚ ਹੋਈ ਇਕ ਮੋਰੀ ਰਾਹੀਂ ਲੰਘ ਕੇ ਸ਼ੀਸ਼ੇ ਉਪਰ ਪੈਂਦਾ ਹੈ ਅਤੇ ਫਿਰ ਉਥੋਂ ਪ੍ਰਤਿਬਿੰਬਤ ਹੋ ਕੇ ਕਿਸੇ ਹੋਰ ਚੀਜ ਉਪਰ ਪੈਂਦਾ ਹੈ। ਬੁੱਧੀ ਵੀ ਅਜਿਹੀ ਪ੍ਰਤਿਬਿੰਬਤ ਰੋਸ਼ਨੀ ਦੀ ਤਰ੍ਹਾਂ ਹੈ।

**ਪ੍ਰਸ਼ਨ-ਕਰਤਾ** : ਬੁੱਧੀ ਅਤੇ ਗਿਆਨ ਵਿਚ ਕੀ ਅੰਤਰ ਹੈ?

**ਦਾਦਾਸ਼੍ਰੀ** : ਗਿਆਨ ਆਤਮਾ ਵਿਚੋਂ ਆਉਂਦੀ ਸਿੱਧੀ ਰੋਸ਼ਨੀ ਹੈ। ਇਹ ਪੂਰਨ ਰੋਸ਼ਨੀ ਹੈ। ਪਰਮ-ਸੱਤਾ ਨੂੰ, ਸੱਚ ਨੂੰ ਉਸ ਦੇ ਅਸਲੀ, ਯਥਾਰਥਕ ਰੂਪ ਵਿਚ ਦਿਖਾਉਣ ਵਾਲੀ ਰੋਸ਼ਨੀ ਗਿਆਨ ਹੈ। ਬੁੱਧੀ ਸਵੈ-ਪ੍ਰਕਾਸ਼ ਨਹੀਂ ਹੈ ਜਦੋਂ ਕਿ ਗਿਆਨ ਆਪ ਹੀ ਰੋਸ਼ਨੀ ਹੈ, ਸਵੈ-ਪ੍ਰਕਾਸ਼ਤ ਹੈ ਅਤੇ ਇਸ ਵਿਚ ਸਮੁੱਚੇ ਬ੍ਰਹਿਮੰਡ ਨੂੰ ਪ੍ਰਕਾਸ਼ਮਾਨ ਕਰਨ ਦੀ ਅਸੀਮ ਸ਼ਕਤੀ ਹੈ। ਸੂਰਜ ਸਵੈ-ਪ੍ਰਕਾਸ਼ਤ ਹੈ ਅਤੇ ਇਹ ਦੂਸਰੀਆਂ ਚੀਜਾਂ ਨੂੰ ਵੀ ਪ੍ਰਕਾਸ਼ਮਾਨ ਕਰ ਸਕਦਾ ਹੈ ਪਰੰਤੂ ਚੰਦਰਮਾ ਸੂਰਜ ਦੁਆਰਾ ਪ੍ਰਕਾਸ਼ਮਾਨ ਹੁੰਦਾ ਹੈ।

ਪੂਰਨ ਗਿਆਨ ਦੇ ਮੁਕਾਬਲੇ ਬੁੱਧੀ ਤਾਂ ਸੂਰਜ ਸਾਹਮਣੇ ਇਕ ਛੋਟੇ ਮਿੱਟੀ ਦੇ ਦੀਵੇ

ਵਾਂਗ ਹੈ। ਮੇਰੇ ਕੋਲ ਗਿਆਨ ਦਾ ਸੰਪੂਰਨ ਚਾਨਣ ਹੈ। ਇਸ ਲਈ ਮੇਰੇ ਪਾਸ ਰੱਤਾ ਵੀ ਬੁੱਧੀ ਨਹੀਂ ਹੈ: ਮੈਂ ਪੂਰੀ ਤਰ੍ਹਾਂ ਅਬੁੱਧ ਹਾਂ। ਇਹ ਤਾਂ ਇੰਝ ਹੈ ਮਾਨੋ ਦਰਿਆ ਦੇ ਇਸ ਕਿਨਾਰੇ ਮੈਂ ਅਹੰਕਾਰ-ਰਹਿਤ ਬੁੱਧੀ ਤੋਂ ਆਜ਼ਾਦ ਹੋ ਗਿਆ ਹੋਵਾਂ ਅਤੇ ਦਰਿਆ ਦੇ ਦੂਸਰੇ ਕਿਨਾਰੇ ਮੈਨੂੰ ਸਰਵੱਗਤਾ ਵਾਲੀ ਅਵਸਥਾ ਜੀ-ਆਇਆ ਕਹਿ ਰਹੀ ਹੋਵੇ। ਜਿਹੜਾ ਵਿਅਕਤੀ ਅਬੁੱਧ ਹੋ ਜਾਂਦਾ ਹੈ ਉਹ ਸਰਵ-ਗਿਆਤਾ ਬਣ ਸਕਦਾ ਹੈ।

## 67
## ਬੁੱਧੀ ਦੇ ਰੂਪ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਨੂੰ ਬੁੱਧੀ ਬਾਰੇ ਹੋਰ ਵਧੇਰੇ ਗਿਆਨ ਦੇ ਕੇ ਨਿਵਾਜੋ।

**ਦਾਦਾਸ਼੍ਰੀ** : ਬੁੱਧੀ ਦੋ ਪ੍ਰਕਾਰ ਦੀ ਹੁੰਦੀ ਹੈ - ੳ) ਸਮਯਕ ਬੁੱਧੀ ਅਤੇ ਭ੍ਰਸ਼ਟ (ਦੁਸ਼ਟ) ਬੁੱਧੀ।

ਸਮਯਕ ਬੁੱਧੀ ਉਹ ਹੈ ਜਿਹੜੀ ਸਾਨੂੰ ਮੁਕਤੀ ਦੇ ਰਾਹ ਲੈ ਕੇ ਜਾਂਦੀ ਹੈ। ਇਹ ਬੁੱਧੀ ਸਹਿਜ ਅਵਸਥਾ ਦੀ ਪ੍ਰਾਪਤੀ ਉਪਰੰਤ ਹੀ ਹਾਸਲ ਹੋ ਸਕਦੀ ਹੈ ਅਤੇ ਇਹ ਸਾਨੂੰ ਪਰਮ-ਸੱਤ ਦੇ ਉਸੇ ਰੂਪ ਵਿਚ ਦਰਸ਼ਨ ਕਰਵਾਉਂਦੀ ਹੈ ਜੋ ਰੂਪ ਅਸਲ ਵਿਚ ਹੈ। ਇਹ ਸਮਯਕ ਬੁੱਧੀ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ। ਜਿਥੇ ਵੀ ਸਮਯਕ ਬੁੱਧੀ ਦੀ ਘਾਟ ਜਾਂ ਅਣਹੋਂਦ ਹੋਵੇਗੀ ਉਥੇ ਜ਼ਰੂਰ ਹੀ ਭ੍ਰਸ਼ਟ ਬੁੱਧੀ ਦਾ ਰਾਜ ਹੋਵੇਗਾ।

ਭ੍ਰਸ਼ਟ ਬੁੱਧੀ ਦੀ ਮੁਕਤੀ ਨਾਲ ਪ੍ਰਸਪਰ ਵਿਰੋਧਤਾ ਹੈ। ਇਥੋਂ ਦੀ ਸੰਸਾਰਕ ਜ਼ਿੰਦਗੀ ਦੀ ਨੀਂਹ ਨੂੰ ਵਧੇਰੇ ਪੱਕਿਆ ਕਰਨ ਵਾਲੇ ਭਰਮ-ਭੁਲੇਖੇ ਦਿਖਾਉਣੇ ਇਸ ਬੁੱਧੀ ਦਾ ਕੁਦਰਤੀ ਸੁਭਾਅ ਹੈ। ਇਸ ਦੇ ਨਤੀਜੇ ਵਜੋਂ ਇਹ ਵਿਅਕਤੀ ਦੀ ਮੁਕਤੀ ਪ੍ਰਾਪਤੀ ਦੇ ਉਦੇਸ਼ ਵਿਚ ਰੁਕਾਵਟ ਬਣਦੀ ਹੈ। ਬੁੱਧੀ ਸੰਸਾਰ ਮਗਰ ਲਗਦੀ ਹੈ; ਇਸ ਦੀ ਨਜ਼ਰ ਸੰਸਾਰਕ ਵਸਤਾਂ ਉਪਰ ਹੀ ਰਹਿੰਦੀ ਹੈ; ਅਤੇ ਇਹ ਹਰ ਸਮੇਂ ਸਾਨੂੰ ਲਾਭ-ਹਾਨੀ ਬਾਰੇ ਹੀ ਸੁਚੇਤ ਕਰਦੀ ਰਹਿੰਦੀ ਹੈ। ਇਹ ਕਦੇ ਵੀ ਮੁਕਤੀ ਬਾਰੇ ਨਹੀਂ ਸੋਚਦੀ।

**ਪ੍ਰਸ਼ਨ-ਕਰਤਾ** : ਉਹ ਕੀ ਹੈ ਜੋ ਮਨੁੱਖ ਲਈ ਵਧੇਰੇ ਚਿੰਤਾ ਦਾ ਕਾਰਨ ਹੈ? ਇੰਝ ਜਾਪਦਾ ਹੈ ਕਿ ਇਥੇ ਬੁੱਧੀ ਕੰਮ ਨਹੀਂ ਕਰਦੀ।

**ਦਾਦਾਸ਼੍ਰੀ** : ਜਿਉਂ-ਜਿਉਂ ਬੁੱਧੀ ਵਧਦੀ ਹੈ ਵਿਅਕਤੀ ਦੀਆਂ ਚਿੰਤਾਵਾਂ ਵੀ ਵਧਦੀਆਂ ਹਨ। ਜੇ ਇਕ ਦੋ ਸਾਲਾਂ ਦੇ ਨਿੱਕੇ ਜਿਹੇ ਬੱਚੇ ਦੀ ਮਾਂ ਮਰਨ ਕਿਨਾਰੇ ਹੋਵੇ ਤਾਂ ਉਸ ਬੱਚੇ ਨੂੰ ਕੋਈ ਦੁੱਖ ਨਹੀਂ ਹੋਵੇਗਾ। ਉਹ ਬੱਚਾ ਤਾਂ ਖੇਡਦਾ ਫਿਰਦਾ ਹੈ ਅਤੇ ਖੁਸ਼ ਹੈ ਜਦੋਂ ਕਿ ਉਸ ਇਸਤਰੀ ਦਾ ਵੀਹ ਸਾਲਾਂ ਦਾ ਵੱਡਾ ਬੇਟਾ ਰੋ-ਕੁਰਲਾ ਰਿਹਾ ਹੋਵੇਗਾ। ਵੱਡੇ ਬੇਟੇ ਦੀ ਬੁੱਧੀ ਉੱਨਤ ਹੈ ਅਤੇ

ਇਸ ਦੇ ਨਾਲ ਹੀ ਉਸ ਦੀਆਂ ਚਿੰਤਾਵਾਂ ਵੀ ਵਧ ਗਈਆਂ ਹਨ। ਮਜ਼ਦੂਰਾਂ ਦੀਆਂ ਆਮ ਤੌਰ ’ਤੇ ਚਿੰਤਾਵਾਂ ਘੱਟ ਹੁੰਦੀਆਂ ਹਨ ਅਤੇ ਉਹ ਰਾਤ ਨੂੰ ਗੂੜ੍ਹੀ ਨੀਂਦ ਸੌਂਦੇ ਹਨ ਜਦੋਂ ਕਿ ਅਮੀਰ ਵਿਅਕਤੀ ਵਧੇਰੇ ਚਿੰਤਾਵਾਂ ਵਿਚ ਗਲਤਾਨ ਰਹਿੰਦੇ ਹਨ। ਉਨ੍ਹਾਂ ਨੂੰ ਰਾਤ ਨੂੰ ਵੀ ਨੀਂਦ ਨਹੀਂ ਆਉਂਦੀ। ਇਸ ਤਰ੍ਹਾਂ ਕਿਉਂ ਹੁੰਦਾ ਹੈ? ਅਮੀਰ ਵਿਅਕਤੀਆਂ ਦੀ ਬੁੱਧੀ ਵਧੇਰੇ ਉੱਨਤ ਹੁੰਦੀ ਹੈ। ਜਿਥੇ ਬੁੱਧੀ ਜਿੰਨੀ ਉੱਨਤ ਹੈ ਉਥੇ ਉਨੀਆਂ ਹੀ ਚਿੰਤਾਵਾਂ ਅਤੇ ਬੇਚੈਨੀ ਵੱਧ ਹਨ। ਜਿਥੇ ਬੁੱਧੀ ਹੈ ਉਥੇ ਹਉਮੈਂ ਵੀ ਹੈ ਅਤੇ ਉਥੇ ਉਨੀ ਹੀ ਚਿੰਤਾ ਹੈ। ਇਸ ਤਰ੍ਹਾਂ ਦੀ ਹਉਮੈਂ-ਯੁਕਤ ਬੁੱਧੀ ਸਾਨੂੰ ਪਰਮਾਤਮਾ ਤੋਂ ਵੱਖ ਕਰਦੀ ਹੈ।

ਭਗਵਾਨ ਕ੍ਰਿਸ਼ਨ ਜੀ ਨੇ ਬੁੱਧੀ ਨੂੰ ਭ੍ਰਸ਼ਟ ਦੁਸ਼ਟ ਕਿਹਾ ਹੈ। “ਇਹ ਸਾਨੂੰ ਭਵਸਾਗਰ ਅੰਦਰ ਭੌਂਦੇ ਰਹਿਣ ਦਾ ਕਾਰਨ ਬਣਦੀ ਹੈ,” ਉਨ੍ਹਾਂ ਨੇ ਕਿਹਾ ਹੈ।

**ਪ੍ਰਸ਼ਨ-ਕਰਤਾ** : ਬੁੱਧੀ ਕਿੰਨੀ ਅਤੇ ਕਦੋਂ ਤਕ ਜ਼ਰੂਰੀ ਹੈ?

**ਦਾਦਾਸ਼੍ਰੀ** : ਜਿੰਨੀ ਦੇਰ ਤਕ ਵਿਅਕਤੀ ਨੂੰ (ਆਤਮ) ਗਿਆਨ ਪ੍ਰਾਪਤ ਨਹੀਂ ਹੁੰਦਾ ਉਸ ਸਮੇਂ ਤਕ ਬੁੱਧੀ ਲਾਹੇਵੰਦ ਹੈ। ਜੇ ਦੁਨਿਆਵੀ ਕੰਮਾਂ ਦੀ ਗੱਲ ਕਰੀਏ ਤਾਂ ਮੰਨ ਲਓ ਇਕ ਵਿਅਕਤੀ ਦੀ ਉਂਗਲ ਕਿਸੇ ਪੱਥਰ ਹੇਠ ਆ ਜਾਵੇ ਤਾਂ ਉਂਗਲ ਨੂੰ ਪੱਥਰ ਹੇਠੋਂ ਕੱਢਣ ਹਿਤ ਬੁੱਧੀ ਦੀ ਲੋੜ ਹੈ। ਬੁੱਧੀ ਦੀ ਇਸ ਲਈ ਵੀ ਲੋੜ ਹੈ ਕਿ ਇਹ ਮੁੜ ਅਜਿਹੇ ਪੱਥਰ ਹੇਠ ਨਾ ਆਵੇ। ਪਰੰਤੂ ਬੁੱਧੀ ਦਾ ਇਸਤੇਮਾਲ ਦੁਨਿਆਵੀ ਦੌਲਤ ਇੱਕਠੀ ਕਰਨ ਲਈ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਕਿਸੇ ਨੂੰ ਧੋਖਾ ਦੇਣ ਲਈ ਕਿਉਂਕਿ ਇੰਝ ਕਰਨ ਵਿਚ ਅਤਿਅੰਤ ਖ਼ਤਰਾ ਹੈ।

ਦੌਲਤ ਦੀ ਪ੍ਰਾਪਤੀ ਸਾਨੂੰ ਸਾਡੇ ਪੁੰਨ ਕਰਮਾਂ ਸਦਕਾ ਹੁੰਦੀ ਹੈ: ਇਹ ਬੁੱਧੀ ਦੀ ਪੈਦਾਵਾਰ ਨਹੀਂ ਹੈ। ਵੱਡੇ-ਵੱਡੇ ਕਾਰਖ਼ਾਨਿਆਂ ਦੇ ਮਾਲਕ ਅਤੇ ਹੋਰ ਅਮੀਰ ਵਿਅਕਤੀ ਜ਼ਰੂਰੀ ਨਹੀਂ ਬੁੱਧੀਮਾਨ ਹੋਣ ਪਰੰਤੂ ਉਨ੍ਹਾਂ ਪਾਸ ਦੁਨਿਆਵੀ ਦੌਲਤ ਦੇ ਭੰਡਾਰ ਹੁੰਦੇ ਹਨ ਜਦੋਂ ਕਿ ਉਨ੍ਹਾਂ ਦੇ ਸੈਕਟਰੀ, ਮੈਨੇਜਰ ਅਤੇ ਹੋਰ ਕਰਮਚਾਰੀ ਆਪਣੀ ਬੁੱਧੀ ਇਨ੍ਹਾਂ ਲਈ ਵਰਤਦੇ ਹਨ। ਇਹ ਮੈਨੇਜਰ ਹੀ ਆਮਦਨ ਕਰ ਵਿਭਾਗ ਜਾਂਦੇ ਹਨ ਅਤੇ ਉਥੇ ਅਫ਼ਸਰ ਦੀ ਝਿੜਕਾਂ ਚੁੱਪ ਕਰਕੇ ਸਹਿੰਦੇ ਹਨ ਜਦੋਂ ਕਿ ਉਨ੍ਹਾਂ ਦੇ ਮਾਲਕ ਘਰੇ ਚੈਨ ਦੀ ਬੰਸਰੀ ਵਜਾਉਂਦੇ ਰਹਿੰਦੇ ਹਨ।

## 68
## ਬੁੱਧੀ ਦਾ ਉੱਦੇਸ਼

**ਪ੍ਰਸ਼ਨ-ਕਰਤਾ** : ਹਰ ਵਿਅਕਤੀ ਆਪੋ-ਆਪਣੇ ਘਰ ਅੰਦਰ ਖੁਸ਼ ਹੈ।

**ਦਾਦਾਸ਼੍ਰੀ** : ਬਿਲਕੁਲ ਠੀਕ। ਇਹ ਸਭ ਉਸ ਦੀ ਬੁੱਧੀ ਦੇ ਉੱਦੇਸ਼ ਦੇ ਕਾਰਨ ਹੈ। ਇਕ ਛੋਟੀ

ਝੌਂਪੜੀ ਵਿਚ ਰਹਿਣ ਵਾਲਾ ਵਿਅਕਤੀ ਇਕ ਵੱਡੇ ਬੰਗਲੇ ਵਿਚ ਖੁਸ਼ ਨਹੀਂ ਮਹਿਸੂਸ ਕਰੇਗਾ ਅਤੇ ਇਸੇ ਤਰ੍ਹਾਂ ਬੰਗਲੇ ਵਿਚ ਰਹਿਣ ਵਾਲਾ ਵਿਅਕਤੀ ਵੀ ਇਕ ਝੌਂਪੜੀ ਵਿਚ ਖੁਸ਼ ਨਹੀਂ ਰਹਿ ਸਕੇਗਾ। ਇਕ ਵਿਅਕਤੀ ਦੀ ਬੁੱਧੀ ਦਾ ਜੋ ਉਦੇਸ਼ ਹੁੰਦਾ ਹੈ ਉਹ ਉਹੀ ਪ੍ਰਾਪਤ ਕਰਦਾ ਹੈ। ਹਰ ਵਿਅਕਤੀ ਲਈ ਬੁੱਧੀ ਦੇ ਉੱਦੇਸ਼ ਦੀ ਸਮੱਗਰੀ ਵੱਖ-ਵੱਖ ਹੁੰਦੀ ਹੈ।

ਆਮ ਤੌਰ 'ਤੇ ਵਧੇਰੇ ਲੋਕ ਆਪਣੇ ਪੁੰਨ ਕਰਮਾਂ ਦੇ ਫਲ ਵਜੋਂ ਵੱਡੀਆਂ ਕਾਰਾਂ, ਬੰਗਲੇ, ਪਤਨੀ ਅਤੇ ਪੁੱਤ-ਧੀ ਦਾ ਸੁਖ, ਆਦਿ ਹੀ ਚਾਹੁੰਦੇ ਹਨ। ਨਤੀਜੇ ਵਜੋਂ ਉਨ੍ਹਾਂ ਪੁੰਨ ਕਰਮਾਂ ਦਾ ਮੁਸ਼ਕਲ ਨਾਲ ਇਕ ਜਾਂ ਦੋ ਫੀਸਦੀ ਹੀ ਧਰਮਾਰਥ ਹਿਤ ਬਚਦਾ ਹੈ।

**ਪ੍ਰਸ਼ਨ-ਕਰਤਾ** : ਕੀ ਇਕ ਵਿਅਕਤੀ ਹਮੇਸ਼ਾ ਉਹੀ ਪ੍ਰਾਪਤ ਕਰਦਾ ਹੈ ਜੋ ਉਹ ਚਾਹੁੰਦਾ ਹੈ?

**ਦਾਦਾਸ਼੍ਰੀ** : ਵਿਅਕਤੀ ਦੀ ਬੁੱਧੀ ਦੇ ਉਦੇਸ਼ ਵਿਚ ਜੋ ਵੀ ਸ਼ਾਮਲ ਹੁੰਦਾ ਹੈ ਉਹ ਦੋ ਤਰੀਕਿਆਂ ਨਾਲ ਅਮਲ ਵਿਚ ਆਉਂਦਾ ਹੈ। ਵਿਅਕਤੀ ਨੇ ਜੋ ਵੀ ਪੁੰਨ ਕਰਮ ਜਾਂ ਪਾਪ ਕਰਮ ਕਮਾਏ ਹੁੰਦੇ ਹਨ ਉਨ੍ਹਾਂ ਦੇ ਫਲ ਵਜੋਂ ਉਸ ਨੂੰ ਚੰਗਾ ਜਾਂ ਮਾੜਾ, ਮਨ-ਚਾਹਿਆ ਜਾਂ ਮਨ ਦੀ ਇੱਛਾ ਦੇ ਵਿਪਰੀਤ ਫਲ ਮਿਲਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਥੋੜਾ ਵਿਸਥਾਰ ਵਿਚ ਦਸੋ।

**ਦਾਦਾਸ਼੍ਰੀ** : ਮੰਨ ਲਉ ਦੋ ਚੋਰ ਹਨ ਜਿਹੜੇ ਚੋਰੀ ਕਰਦੇ ਹਨ। ਉਨ੍ਹਾਂ ਵਿਚੋਂ ਇਕ ਫੜਿਆ ਜਾਂਦਾ ਹੈ ਅਤੇ ਦੂਸਰਾ ਆਪਣੀ ਚਲਾਕੀ ਨਾਲ ਬਚ ਕੇ ਨਿਕਲ ਜਾਂਦਾ ਹੈ। ਇਹ ਕੀ ਸੰਕੇਤ ਕਰਦਾ ਹੈ? ਦੋਹਾਂ ਹੀ ਚੋਰਾਂ ਨੇ ਬੁੱਧੀ ਦੇ ਉਦੇਸ਼ ਵਜੋਂ ਚੋਰੀ ਕਰਨ ਦੀ ਇਕੋ ਹੀ ਪਰਵਿਰਤੀ ਪਾਈ ਸੀ ਪਰੰਤੂ ਜਿਹੜਾ ਫੜਿਆ ਗਿਆ ਇਹ ਉਸ ਦੇ ਪਹਿਲੇ ਪਾਪ ਕਰਮਾਂ ਦਾ ਨਤੀਜਾ ਸੀ ਜਿਹੜੇ ਪਾਪ ਕਰਮ ਇਥੇ ਖ਼ਰਚ ਹੋ ਗਏ। ਇਸ ਦੇ ਉਲਟ ਜਿਹੜਾ ਚੋਰ ਬਚ ਕੇ ਨਿਕਲਣ ਵਿਚ ਸਫ਼ਲ ਹੋ ਗਿਆ ਇਹ ਉਸ ਦੇ ਪਹਿਲਾਂ ਕਮਾਏ ਪੁੰਨ ਕਰਮਾਂ ਦਾ ਫਲ ਸੀ ਜਿਹੜੇ ਪੁੰਨ ਕਰਮ ਇਥੇ ਖ਼ਰਚ ਹੋ ਗਏ।

ਇਸ ਤਰ੍ਹਾਂ ਪਹਿਲਾਂ ਕਮਾਏ ਪੁੰਨ ਕਰਮਾਂ ਅਤੇ ਪਾਪ ਕਰਮਾਂ ਦਾ ਪ੍ਰਭਾਵ ਵਿਅਕਤੀ ਦੀ ਬੁੱਧੀ ਦੇ ਉਦੇਸ਼ ਉਪਰ ਪੈਂਦਾ ਹੈ। ਜੇ ਕੋਈ ਵਿਅਕਤੀ ਬਹੁਤ ਸਾਰਾ ਧਨ ਇੱਕਠਾ ਕਰਨ ਦੀ ਇੱਛਾ ਵਾਲਾ ਬੁੱਧੀ ਦਾ ਉਦੇਸ਼ ਲੈ ਕੇ ਇਸ ਸੰਸਾਰ ਅੰਦਰ ਜਨਮ ਲੈਂਦਾ ਹੈ ਤਾਂ ਉਸ ਪਾਸ ਦੁਨਿਆਵੀ ਦੌਲਤ ਦੇ ਭੰਡਾਰ ਹੋਣਗੇ ਅਤੇ ਉਸ ਦੇ ਪਹਿਲਾਂ ਕਮਾਏ ਸਾਰੇ ਪੁੰਨ ਕਰਮ ਇਸ ਵਿਚ ਖ਼ਰਚ ਹੋ ਜਾਣਗੇ। ਇਸੇ ਤਰ੍ਹਾਂ ਇਕ ਹੋਰ ਵਿਅਕਤੀ ਵੀ ਬਹੁਤ ਸਾਰੀ ਦੌਲਤ ਇੱਕਠੀ ਕਰ ਸਕਣ ਵਾਲੇ ਬੁੱਧੀ ਦੇ ਉਦੇਸ਼ ਨਾਲ ਜਨਮ ਲੈਂਦਾ ਹੈ ਪਰੰਤੂ ਉਸ ਦੇ ਪਹਿਲਾਂ ਕਮਾਏ ਪਾਪ ਕਰਨ ਅਮਲ ਵਿਚ ਆ ਜਾਂਦੇ ਹਨ। ਨਤੀਜੇ ਵਜੋਂ ਧਨ ਦੀ ਦੇਵੀ ਲੱਛਮੀ ਉਸ ਨੂੰ ਆਪਣੀ ਸ਼ਕਲ ਨਹੀਂ ਵਿਖਾਉਂਦੀ।

ਕੁਦਰਤ ਦਾ ਕਾਨੂੰਨ, ਕੁਦਰਤ ਦਾ ਹਿਸਾਬ ਇਨਾ ਸਪਸ਼ਟ ਹੈ ਕਿ ਇਸ ਦੇ ਸਾਹਮਣੇ ਹਰ ਵਿਅਕਤੀ ਬੇਵੱਸ ਹੈ। ਇਕ ਵਿਅਕਤੀ ਦਾ ਵਿਸ਼ਵਾਸ ਹੈ ਕਿ ਉਸ ਨੇ ਲੱਖਾਂ ਰੁਪਏ ਕਮਾਏ। ਪਰੰਤੂ ਉਹ ਇਹ ਮਹਿਸੂਸ ਨਹੀਂ ਕਰਦਾ ਕਿ ਇਨ੍ਹਾਂ ਲੱਖਾਂ ਰੁਪਈਆ ਨੂੰ ਕਮਾਉਣ ਵਿਚ ਉਸ ਦੇ ਸਾਰੇ ਪੁੰਨ ਕਰਮ ਖਰਚ ਹੋ ਗਏ ਹਨ। ਇਸ ਲਈ ਤੁਹਾਡੇ ਲਈ ਬੇਹਤਰ ਹੋਵੇਗਾ ਜੇਕਰ ਤੁਸੀਂ ਆਪਣੀ ਬੁੱਧੀ ਦੇ ਉਦੇਸ਼ ਨੂੰ ਬਦਲ ਲਓ। ਵਿਅਕਤੀ ਨੂੰ ਆਪਣੀ ਬੁੱਧੀ ਦਾ ਉਦੇਸ਼ ਸਿਰਫ ਧਰਮ, ਸੱਚੇ ਧਰਮ ਹਿਤ ਵਰਤਣਾ ਚਾਹੀਦਾ ਹੈ। ਵਿਅਕਤੀ ਨੂੰ ਕਦੇ ਵੀ ਕਾਰਾਂ, ਬੰਗਲੇ, ਆਦਿ ਵਰਗੀਆਂ ਦੁਨਿਆਵੀ ਨਾਸ਼ਵਾਨ ਵਸਤਾਂ ਦੀ ਤਾਂਘ ਨਹੀਂ ਕਰਨੀ ਚਾਹੀਦੀ।

**ਪ੍ਰਸ਼ਨ-ਕਰਤਾ** : ਸਮੁੱਚੇ ਤੌਰ 'ਤੇ ਸਾਡਾ ਬੁੱਧੀ ਦਾ ਸਰਵੋਤਮ ਉਦੇਸ਼ ਕੀ ਹੋਣਾ ਚਾਹੀਦਾ ਹੈ?

**ਦਾਦਾਸ਼੍ਰੀ** : ਜੋ ਵੀ ਤੁਹਾਨੂੰ ਮਿਲਿਆ ਹੈ ਉਸ ਨੂੰ ਉਸੇ ਤਰ੍ਹਾਂ ਸਵੀਕਾਰ ਕਰੋ ਪਰੰਤੂ ਹੁਣ ਤੋਂ ਲੈ ਕੇ ਆਪਣੀ ਬੁੱਧੀ ਦੇ ਉਦੇਸ਼ ਨੂੰ ਧਰਮ ਕਮਾਉਣ ਹਿਤ ਬਦਲਣ ਹਿਤ ਯਤਨਸ਼ੀਲ ਰਹੋ। ਇਹੋ ਆਤਮ-ਰਾਹ ਹੈ।

ਮੇਰੀ ਬੁੱਧੀ ਦਾ ਉਦੇਸ਼ ਸੌ ਫੀਸਦੀ ਸੱਚੇ ਧਰਮ ਹਿਤ ਹੈ ਅਤੇ ਮਾਨਵਤਾ ਦੇ ਭਲੇ ਹਿਤ ਹੈ। ਮੇਰੇ ਪੁੰਨ ਕਰਮ ਦੌਲਤ, ਕਾਰ, ਬੰਗਲਾ, ਪੁਤ-ਧੀਆਂ, ਆਦਿ ਦੀ ਪ੍ਰਾਪਤੀ ਦੀ ਇੱਛਾ ਵਿਚ ਖਰਚ ਨਹੀਂ ਹੁੰਦੇ। ਪੁੰਨ ਕਰਮਾਂ ਦਾ ਫਲ ਵਿਅਕਤੀ ਦੀ ਬੁੱਧੀ ਦੇ ਉਦੇਸ਼ ਅਨੁਸਾਰ ਹੀ ਮਿਲਦਾ ਹੈ।

ਜਿਹੜੇ ਵਿਅਕਤੀ ਮੇਰੇ ਸੰਪਰਕ ਵਿਚ ਆਏ ਹਨ ਅਤੇ ਜਿਨਾਂ ਨੇ ਮੇਰੇ ਪਾਸੋਂ ਦੀਖਸ਼ਾ ਪ੍ਰਾਪਤ ਕੀਤੀ ਹੈ ਉਨ੍ਹਾਂ ਨੇ ਸੱਚੇ ਧਰਮ ਦੀ ਪ੍ਰਾਪਤੀ ਨੂੰ ਆਪਣੀ ਬੁੱਧੀ ਦੇ ਉਦੇਸ਼ ਵਿਚ ਦੋ ਤੋਂ ਪੰਜ ਫੀਸਦੀ ਹਿੱਸਾ ਹੀ ਦਿੱਤਾ ਹੈ। ਮੈਂ ਆਪਣੀ ਬੁੱਧੀ ਦੇ ਉਦੇਸ਼ ਦਾ ਸੌ ਪ੍ਰਤਿਸ਼ਤ ਧਰਮਾਰਥ ਹਿਤ ਦੇ ਦਿੱਤਾ ਹੋਇਆ ਹੈ। ਇਹੋ ਕਾਰਨ ਹੈ ਕਿ ਹਰ ਥਾਂ ਤੋਂ ਮੈਨੂੰ ਧਰਮ ਹਿਤ 'ਕੋਈ ਇਤਰਾਜ਼ ਨਹੀਂ" ਸਰਟੀਫਿਕੇਟ ਪ੍ਰਾਪਤ ਹੋਇਆ ਹੈ।

## 69
## ਗਣਪਤੀ : ਬੁੱਧੀ ਦੇ ਪ੍ਰਧਾਨ ਦੇਵਤਾ

**ਪ੍ਰਸ਼ਨ-ਕਰਤਾ** : ਬਹੁਤ ਸਾਰੇ ਲੋਕ ਗਣਪਤੀ ਦੀ ਪੂਜਾ ਕਰਦੇ ਹਨ।

**ਦਾਦਾਸ਼੍ਰੀ** : ਗਣਪਤੀ ਜਿਸ ਨੂੰ ਗਣੇਸ਼ ਦੇ ਨਾਂ ਨਾਲ ਵੀ ਜਾਣਦੇ ਹਾਂ ਬੁੱਧੀ ਦਾ ਪ੍ਰਧਾਨ ਦੇਵਤਾ ਹੈ। ਮੁੱਖ ਤੌਰ 'ਤੇ, ਉਸ ਕੋਲ ਧਰਮ-ਗਰੰਥਾਂ ਨੂੰ ਲਿਖਣ ਦਾ ਅਧਿਕਾਰ ਹੈ। ਉਸ ਦੀ ਬੁੱਧੀ ਦੀ ਰੋਸ਼ਨੀ ਉਸ ਦੇ ਸਮੁੱਚੇ ਵਜੂਦ ਨੂੰ ਰੁਸ਼ਨਾ ਦਿੰਦੀ ਹੈ। ਇਸੇ ਲਈ ਉਸ ਦੀ ਪੂਜਾ ਬਾਕੀ ਸਾਰੇ ਦੇਵੀ-ਦੇਵਤਿਆਂ ਵਿਚ ਸਭ ਤੋਂ ਪਹਿਲਾਂ ਕੀਤੀ ਜਾਂਦੀ ਹੈ। ਗਣਪਤੀ ਦੀ ਪੂਜਾ ਕਰਨ ਦੇ ਨਤੀਜੇ

ਵਜੋਂ ਸ਼ਰਧਾਲੂ ਦੀ ਬੁੱਧੀ ਅੰਦਰ ਨਿਮਰਤਾ ਪੈਦਾ ਹੋ ਜਾਂਦੀ ਹੈ। ਉਸ ਦੇ ਪੂਜਾ ਦੇ ਕਾਰਨ ਹੀ ਸ਼ਰਧਾਲੂ ਦੀ ਬੁੱਧੀ ਸਭ ਭਰਮਾਂ ਤੋਂ ਮੁਕਤ ਹੋ ਜਾਂਦੀ ਹੈ ਅਤੇ ਇਹ ਕਿਸੇ ਪ੍ਰਤੀ ਵੀ ਨਾ ਤਾਂ ਵਿਰੋਧਪੂਰਣ ਰਹਿੰਦੀ ਹੈ ਅਤੇ ਨਾ ਹੀ ਪ੍ਰਤਿਕੂਲ।

ਹੋ ਸਕਦਾ ਹੈ ਪੂਰੇ ਇਕ ਮਹੀਨੇ ਦੇ ਸਮੇਂ ਦੌਰਾਨ ਇਕ ਵਿਅਕਤੀ ਨੂੰ ਬੌਧਿਕ ਤੌਰ 'ਤੇ ਸਿਰਫ਼ ਦੋ ਮੁਸ਼ਕਿਲਾਂ ਦਾ ਹੀ ਸਾਹਮਣਾ ਕਰਨਾ ਪਵੇ ਪਰੰਤੂ ਜੇ ਡਰ ਲਗਾਤਾਰ ਬਣਿਆ ਰਹਿੰਦਾ ਹੈ ਤਾਂ ਉਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਪ੍ਰਤਿਕੂਲ ਬੁੱਧ ਦੇ ਕਾਰਨ ਹੀ ਹੈ। ਸਾਰੇ ਗੁਣਾਂ ਦੇ ਮਾਲਕ ਗਣਪਤੀ ਨੂੰ ਪੂਜਾ ਕਰਨ ਲਗਿਆਂ ਪਹਿਲ ਦਿੱਤੀ ਜਾਂਦੀ ਹੈ ਤਾਂ ਕਿ ਸਾਡੀ ਬੁੱਧੀ ਵਿਚੋਂ ਭਰਮ, ਵਿਰੋਧਤਾ ਅਤੇ ਗ਼ੈਰ-ਦੋਸਤਾਨਾ ਰਵੱਈਆ ਪੂਰੀ ਤਰ੍ਹਾਂ ਖ਼ਤਮ ਹੋ ਜਾਵੇ। ਪਰੰਤੂ ਕਿਉਂਕਿ ਇਹ ਪੂਜਾ ਇਸ ਸਭ ਕੁਝ ਤੋਂ ਅਣਜਾਣ ਰਹਿ ਕੇ ਕੀਤੀ ਜਾਂਦੀ ਹੈ, ਇਸ ਲਈ ਇਹ ਪੂਜਾ ਉਨੀ ਸਾਰਥਕ ਅਤੇ ਲਾਹੇਵੰਦ ਨਹੀਂ ਹੁੰਦੀ ਜਿੰਨੀ ਇਹ ਹੋਣੀ ਚਾਹੀਦੀ ਹੈ।

ਜੇਕਰ ਗਣਪਤੀ ਦੀ ਪੂਜਾ ਯੋਗ ਵਿਧੀ ਰਾਹੀਂ ਕੀਤੀ ਜਾਵੇ ਤਾਂ ਇਸ ਦਾ ਬਹੁਤ ਲਾਭ ਹੁੰਦਾ ਹੈ। ਗਣਪਤੀ ਉਹ ਦੇਵਤਾ ਹੈ ਜਿਹੜਾ ਬੁੱਧੀ ਦੀਆਂ ਸਾਰੀਆਂ ਜਟਿਲਤਾਵਾਂ ਅਤੇ ਪੇਚੀਦਗੀਆਂ ਵਿਚੋਂ ਸਫ਼ਲਤਾਪੂਰਵਕ ਲੰਘਿਆ ਹੋਇਆ ਹੈ। ਜੇ ਗਣਪਤੀ ਜੀ ਦੀ ਪੂਜਾ ਪੂਰੀ ਸਮਝ ਅਤੇ ਸਿਆਣਪ ਨਾਲ ਕੀਤੀ ਜਾਵੇ ਤਾਂ ਵਿਅਕਤੀ ਆਪਣੀ ਬੁੱਧੀ ਨੂੰ ਸਭ ਭ੍ਰਾਂਤੀਆਂ ਤੋਂ ਮੁਕਤ ਕਰ ਸਕਦਾ ਹੈ ਅਤੇ ਇਕ ਗੁਣਵਾਨ ਬੁੱਧੀ ਹਾਸਲ ਕਰ ਸਕਦਾ ਹੈ।

## 70
## ਬੁੱਧੀ ਅਤੇ ਸਮਝ ਰਾਹੀਂ ਅਨੁਭਵ

**ਪ੍ਰਸ਼ਨ-ਕਰਤਾ** : ਬੁੱਧੀ ਕੀ ਹੈ?

**ਦਾਦਾਸ਼੍ਰੀ** : ਬੁੱਧੀ ਤੁਹਾਡੇ ਪਹਿਲੇ ਜਨਮ ਦਾ ਇਕ ਦ੍ਰਿਸ਼ਟੀਕੋਣ ਹੈ। ਉਦਾਹਰਣ ਦੇ ਲਈ, ਤੁਸੀਂ ਇਕ ਮੁੱਖ ਸੜਕ ਉਪਰ ਆਪਣੀ ਮੋਟਰ ਚਲਾਉਂਦੇ ਜਾ ਰਹੇ ਹੋ ਅਤੇ ਪਹਿਲਾ ਇਕ ਮੀਲ ਸਫ਼ਰ ਪੂਰਾ ਕਰ ਲੈਣ ਉਪਰੰਤ ਤੁਸੀਂ ਇਕ ਖ਼ਾਸ ਨਜ਼ਾਰਾ ਵੇਖਦੇ ਹੋ। ਤੁਹਾਡੀ ਬੁੱਧੀ ਇਸ ਦੀ ਇਨ੍ਹਾਂ ਸ਼ਬਦਾਂ ਨਾਲ ਪੁਸ਼ਟੀ ਕਰਦੀ ਹੈ: "ਕਿੰਨਾ ਵਧੀਆ ਹੋਵੇ ਜੇ ਮੇਰੇ ਕੋਲ ਵੀ ਇਹੋ ਹੋਵੇ...."। ਇਸ ਤਰ੍ਹਾਂ ਪਹਿਲੇ ਮੀਲ ਦਾ ਦ੍ਰਿਸ਼ਟੀਕੋਣ ਪ੍ਰਪੱਕ ਹੋ ਜਾਂਦਾ ਹੈ। ਜਦੋਂ ਤੁਸੀਂ ਆਪਣੇ ਸਫ਼ਰ ਉਪਰ ਅੱਗੇ ਵੱਧਦੇ ਹੋ ਅਤੇ ਦੂਸਰੇ ਮੀਲ ਨੂੰ ਲੰਘ ਲੈਣ ਉਪਰੰਤ ਤੁਹਾਨੂੰ ਇੱਕ ਵਖਰਾ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਇਸ ਨਾਲ ਸਾਰਾ ਦ੍ਰਿਸ਼ਟੀਕੋਣ ਹੀ ਬਦਲ ਜਾਂਦਾ ਹੈ। ਫਿਰ ਬੁੱਧੀ ਇਸ ਗੱਲ ਦਾ ਸਮਰਥਨ ਕਰਦੀ ਹੈ ਕਿ 'ਇਹ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਸੀ। ਪਰੰਤੂ ਇਸ ਦੇ

ਬਾਵਜੂਦ ਵੀ ਪਹਿਲਾ ਦ੍ਰਿਸ਼ਟੀਕੋਣ ਭੁੱਲਿਆ ਨਹੀਂ ਸੀ। ਇਸ ਲਈ ਉਹ ਵੀ ਅਕਸਰ ਤੁਹਾਡੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ।

ਜੇਕਰ ਤੁਸੀਂ ਪਹਿਲੇ ਦ੍ਰਿਸ਼ਟੀਕੋਣਾਂ ਨੂੰ ਵਿਚਾਰਾਧੀ ਨਹੀਂ ਲਿਆਉਂਦੇ ਤਾਂ ਵੀ ਕੋਈ ਦਿੱਕਤ ਨਹੀਂ ਪਰੰਤੂ ਤੁਸੀਂ ਉਨ੍ਹਾਂ ਨੂੰ ਵਿਚਾਰੇ ਬਗੈਰ ਨਹੀਂ ਰਹਿ ਸਕਦੇ। ਉਹ ਦ੍ਰਿਸ਼ਟੀਕੋਣ ਤੁਹਾਨੂੰ ਰੁਕਾਵਟ ਪਾਉਂਦਾ ਹੈ। ਇਸ ਨੂੰ ਅਸੀਂ ਗਿਆਨ ਕਹਿੰਦੇ ਹਾਂ – ਪੁਰਾਤਨ ਦਾ ਪ੍ਰਤੱਖ ਗਿਆਨ – ਕਿਉਂਕਿ ਬੁੱਧੀ ਨੇ ਇਸ ਨੂੰ ਦਸਖ਼ਤ ਕਰਕੇ ਸੀਲ ਕਰ ਦਿੱਤਾ ਹੋਇਆ ਹੁੰਦਾ ਹੈ। ਇਸ ਲਈ ਮਨੁੱਖ ਦੇ ਮਨ ਅੰਦਰ ਵਿਚਾਰਾਂ ਦੀ ਭਿੰਨਤਾ ਵਿਚ ਬਹੁਤ ਗੁਣਾ ਵਾਧਾ ਹੋ ਜਾਂਦਾ ਹੈ।

ਤੁਹਾਡੀ ਮੌਜੂਦਾ ਬੁੱਧੀ ਤੁਹਾਡੇ ਪਹਿਲੀ ਜ਼ਿੰਦਗੀ ਦਾ ਦ੍ਰਿਸ਼ਟੀਕੋਣ ਹੈ ਅਤੇ ਤੁਹਾਡਾ ਮੌਜੂਦਾ ਦ੍ਰਿਸ਼ਟੀਕੋਣ ਤੁਹਾਡੇ ਆਉਣ ਵਾਲੇ ਜਨਮ ਸਮੇਂ ਬੁੱਧੀ ਹੋਵੇਗਾ। ਇਸ ਤਰ੍ਹਾਂ ਇਹ ਚੱਕਰ ਅਰੁਕ ਚਲਦਾ ਰਹਿੰਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਕ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਇਕ ਚੋਰ ਆਪਣੇ ਪਹਿਲੇ ਜਨਮ ਦੇ ਦ੍ਰਿਸ਼ਟੀਕੋਣ ਕਾਰਨ ਚੋਰੀ ਕਰਦਾ ਹੈ ਪਰੰਤੂ ਜੇ ਉਹ ਨੇਕ ਬੰਦਿਆਂ ਦੀ ਸੁਹਬਤ ਵਿਚ ਆ ਜਾਂਦਾ ਹੈ ਤਾਂ ਹੋ ਸਕਦਾ ਹੈ ਉਸ ਦਾ ਦ੍ਰਿਸ਼ਟੀਕੋਣ ਬਦਲ ਜਾਵੇ ਅਤੇ ਉਹ ਇਹ ਸੋਚਣ ਲਗ ਜਾਵੇ ਕਿ ਚੋਰੀ ਕਰਨਾ ਬੁਰਾ ਹੈ। ਉਹ ਆਪਣੇ ਪਿਛਲੇ ਜਨਮ ਦੇ ਦ੍ਰਿਸ਼ਟੀਕੋਣ ਦੇ ਕਾਰਨ ਇਸ ਜਨਮ ਦੌਰਾਨ ਚੋਰੀ ਕਰਦਾ ਹੈ। ਪਰੰਤੂ ਉਸ ਦਾ ਮੌਜੂਦਾ ਦ੍ਰਿਸ਼ਟੀਕੋਣ ਵੀ ਤਬਦੀਲ ਹੁੰਦਾ ਜਾ ਰਿਹਾ ਹੈ। ਇਸ ਦੇ ਨਤੀਜੇ ਵਜੋਂ ਉਸ ਦੇ ਅਗਲੇ ਜਨਮ ਵਿਚ ਉਸ ਦੀ ਬੁੱਧੀ ਉਸ ਨੂੰ ਚੋਰੀ ਨਾ ਕਰਨ ਦੀ ਸਲਾਹ ਦੇਵੇਗੀ।

**ਪ੍ਰਸ਼ਨ-ਕਰਤਾ** : ਅਨੁਭਵ ਅਤੇ ਬੁੱਧੀ, ਅਤੇ ਅਨੁਭਵ ਅਤੇ ਆਤਮਾ ਸੰਬੰਧੀ ਗਿਆਨ ਵਿਚ ਕੀ ਭਿੰਨਤਾਵਾਂ ਹਨ?

**ਦਾਦਾਸ਼੍ਰੀ** : ਉਸ ਵਿਅਕਤੀ ਦੀ ਕਲਪਨਾ ਕਰੋ ਜਿਸ ਨੇ ਆਪਣੇ ਜੀਵਨ ਵਿਚ ਕਦੇ ਵੀ ਆਈਸ-ਕਰੀਮ ਦਾ ਸਵਾਦ ਨਾ ਰੱਖਿਆ ਹੋਵੇ। ਉਸ ਨੂੰ ਘੁੱਪ ਹਨੇਰੇ ਵਿਚ ਆਈਸ-ਕਰੀਮ ਦੇ ਦਿੱਤੀ ਜਾਵੇ। ਉਹ ਇਹ ਸੋਚਦਾ ਅਤੇ ਕਲਪਨਾ ਕਰਦਾ ਰਹੇਗਾ: ਕੀ ਠੰਡਕ ਆਈਸ-ਕਰੀਮ ਦਾ ਹੀ ਇਕ ਗੁਣ ਹੈ? ਕੀ ਦੁੱਧ ਦਾ ਮੂਲ ਸੁਭਾਅ ਵੀ ਉਨਾ ਹੀ ਠੰਡਕ-ਭਰਪੂਰ ਹੋਵੇਗਾ ਜਿਨਾ ਕਿ ਆਈਸ-ਕਰੀਮ ਦਾ ਹੈ? ਕੀ ਇਲਾਇਚੀ ਵੀ ਸੁਭਾਅ ਪੱਖੋਂ ਇਸ ਦੇ ਵਾਂਗ ਹੀ ਠੰਢਾ ਹੋਵੇਗਾ?

ਇਸ ਦੇ ਉਲਟ ਜਿਸ ਵਿਅਕਤੀ ਨੂੰ ਆਈਸ-ਕਰੀਮ ਖਾਣ ਦਾ ਅਨੁਭਵ ਹੈ ਉਹ ਆਈਸ-ਕਰੀਮ ਬਨਾਉਣ ਹਿਤ ਵਰਤੀਆਂ ਜਾਣ ਵਾਲੀਆਂ ਵਸਤਾਂ ਨੂੰ ਵੀ ਜਾਣਦਾ ਅਤੇ ਸਮਝਦਾ ਹੈ ਅਤੇ ਉਨ੍ਹਾਂ ਵਸਤਾਂ ਦੇ ਮੂਲ ਸੁਭਾਅ ਨੂੰ ਵੀ। ਉਹ ਆਪਣੇ ਬੌਧਿਕ ਅਨੁਭਵ ਰਾਹੀਂ

ਇਹ ਸਮਝਦਾ ਹੈ ਕਿ ਆਈਸ-ਕਰੀਮ ਠੰਡੀ ਕਿਉਂ ਹੈ?

ਜਦੋਂ ਬੁੱਧੀ ਸੰਸਾਰ ਅੰਦਰ ਅਜਿਹੇ ਲਾਹੇਵੰਦ ਕਾਰਜ ਕਰ ਸਕਦੀ ਹੈ ਤਾਂ ਤੁਸੀਂ ਕਲਪਨਾ ਕਰੋ ਕਿ ਸ਼ੁੱਧ ਆਤਮਾ, ਜਿਹੜੀ ਅਤਿਅੰਤ ਸ਼ਕਤੀਸ਼ਾਲੀ ਹੈ ਅਤੇ ਪਰਮ-ਜੋਤਿ ਹੈ, ਕਿਹੜੇ-ਕਿਹੜੇ ਕਰਤੱਬ ਕਰ ਸਕੇਗੀ।

**ਪ੍ਰਸ਼ਨ-ਕਰਤਾ** : ਕੀ ਵਿਅਕਤੀ ਨੂੰ ਸ਼ੁੱਧ ਆਤਮਾ ਦੀ ਪਹਿਚਾਣ ਤੋਂ ਬਾਅਦ ਵੀ ਬੁੱਧੀ ਦੀ ਸਹਾਇਤਾ ਦੀ ਲੋੜ ਪੈਂਦੀ ਹੈ?

**ਦਾਦਾਸ਼੍ਰੀ** : ਸਾਰੇ ਸੰਸਾਰ ਨੂੰ ਹੀ ਬੁੱਧੀ ਦੀ ਜ਼ਰੂਰਤ ਹੈ। ਇਹ ਉਨ੍ਹਾਂ ਸਭ ਦਾ ਸਹਾਰਾ ਵੀ ਹੈ। ਪਰੰਤੂ ਜਿਹੜੇ ਵੀ ਵਿਅਕਤੀਆਂ ਨੇ ਮੇਰੇ ਤੋਂ ਦੀਖ਼ਸ਼ਾ ਲਈ ਹੈ ਮੈਂ ਉਨ੍ਹਾਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਆਪਣੀ ਬੁੱਧੀ ਨੂੰ ਪੈਨਸ਼ਨ ਦੇ ਕੇ ਰਿਟਾਇਰ ਕਰ ਦੇਣ ਕਿਉਂਕਿ ਆਤਮਾ ਦਾ ਗਿਆਨ ਅਜਿਹਾ ਹੈ ਕਿ ਉਥੇ ਬੁੱਧੀ ਕਿਸੇ ਕੰਮ ਨਹੀਂ ਆਉਂਦੀ। ਮੈਂ ਬੁੱਧੀ ਨੂੰ ਮੱਕਾਰ ਅਤੇ ਝੂਠ ਦਾ ਆਦੀ ਕਹਾਂਗਾ। ਕਦੇ ਵੀ ਇਸ ਦਾ ਵਿਸ਼ਵਾਸ ਨਾ ਕਰੋ। ਤੁਸੀਂ ਬੁੱਧੀ ਨੂੰ ਹਮੇਸ਼ਾ ਕਹੋ: 'ਹੇ ਭੈਣ ਬੁੱਧੀ! ਤੂੰ ਮੈਨੂੰ ਮੇਰੇ ਹਰ ਜਨਮ ਵਿਚ ਹਰ ਸਮੇਂ ਤੰਗ ਕਰਦੀ ਰਹੀ ਹੈਂ। ਕਿਰਪਾ ਕਰਕੇ ਹੁਣ ਚਲੀ ਜਾਹ। ਕਿਸੇ ਲੋੜਵੰਦ ਕੋਲ ਚਲੀ ਜਾਹ ਕਿਉਂਕਿ ਮੈਨੂੰ ਤੇਰੀ ਲੋੜ ਨਹੀਂ ਹੈ।' ਇਸ ਲਈ ਬੁੱਧੀ ਨੂੰ ਹੁਣ 'ਪੈਨਸ਼ਨ' ਦੇ ਦਿਉ ਅਤੇ ਵਿਦਾ ਕਰ ਦਿਉ।

ਤੁਸੀਂ ਉਸ ਨੂੰ ਹਿੰਸਕ ਝਟਕਾ ਦਿਉ ਇਹ ਜ਼ਰੂਰੀ ਨਹੀਂ। ਜਿੰਨੀ ਦੇਰ ਤਕ ਤੁਹਾਡੇ ਅੰਦਰ ਨਫ਼ਰਤ ਦੀ ਭਾਵਨਾ ਹੈ ਉਨੀ ਦੇਰ ਮੁਕਤੀ ਦੀ ਪ੍ਰਾਪਤੀ ਨਹੀਂ ਹੋਵੇਗੀ। ਇਸ ਲਈ ਬੁੱਧੀ ਨੂੰ ਸਮਝਾ-ਬੁਝਾ ਕੇ ਮਨਾਉ, ਚਾਪਲੂਸੀ ਕਰੋ ਪਰ ਉਸ ਨੂੰ ਹਰ ਹਾਲਤ 'ਪੈਨਸ਼ਨ' ਦੇ ਕੇ ਤੋਰ ਦਿਉ: ਇਥੇ 'ਪੈਨਸ਼ਨ' ਤੋਂ ਸਾਡਾ ਭਾਵ ਹੈ 'ਦਿਲਾਸਾ' ਜਾਂ 'ਧਰਵਾਸ'।

**ਪ੍ਰਸ਼ਨ-ਕਰਤਾ** : ਮੁਕਤੀ ਦੀ ਪ੍ਰਾਪਤੀ ਹਿਤ ਬੁੱਧੀ ਵਿਅਕਤੀ ਦੀ ਕਿਵੇਂ ਸਹਾਇਤਾ ਕਰਦੀ ਹੈ?

**ਦਾਦਾਸ਼੍ਰੀ** : ਜੇ ਤੁਸੀਂ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਬੁੱਧੀ ਦੀ ਸਲਾਹ ਕਦੇ ਵੀ ਨਹੀਂ ਸੁਨਣੀ ਚਾਹੀਦੀ। ਬੁੱਧੀ ਤਾਂ ਕਿਸੇ ਬਹੁਤ ਹੀ ਦਾਨਸ਼ਵਰ ਵਿਅਕਤੀ ਦੀਆਂ ਵੀ ਕਮਜ਼ੋਰੀਆਂ ਕੱਢਣ ਲੱਗ ਜਾਵੇਗੀ। ਹੇ ਬਦਕਿਸਮਤ ਮਨੁੱਖ! ਤੁਸੀਂ ਤਾਂ ਉਸ ਵਿਅਕਤੀ ਦੀਆਂ ਗਲਤੀਆਂ ਕੱਢਣ ਲੱਗ ਪਏ ਜਿਸ ਵਿਅਕਤੀ ਦੇ ਰਾਹੀਂ ਤੁਸੀਂ ਮੁਕਤੀ ਪ੍ਰਾਪਤ ਕਰ ਸਕਦੇ ਸੀ। ਇਸੇ ਕਰਕੇ ਮੁਕਤ-ਪਦ ਤੁਹਾਡੇ ਤੋਂ ਹੋਰ ਵੀ ਦੂਰ ਹੁੰਦਾ ਚਲਾ ਜਾਵੇਗਾ - ਅਨੰਤ ਜਨਮਾਂ ਤੱਕ।

ਬੁੱਧੀ ਵਿਅਕਤੀ ਨੂੰ ਹਨੇਰੇ ਵਿਚ ਹੱਥ-ਪੈਰ ਮਾਰਨ ਦੇ ਰਾਹ ਤੋਰਦੀ ਹੈ। ਜੇ ਇਕ ਵਿਅਕਤੀ ਆਪਣੀ ਪਤਨੀ ਦੀ ਸਲਾਹ ਉਪਰ ਚਲਦਾ ਹੈ ਤਾਂ ਉਸ ਦਾ ਜੀਵਨ ਦੁਖੀ ਹੋਵੇਗਾ ਅਤੇ ਉਥੇ ਟਕਰਾਅ ਵੀ ਹੋਵੇਗਾ। ਫਿਰ ਉਸ ਦੀ ਭੈਣ ਬੁੱਧੀ ਦੀ ਕੀ ਗੱਲ ਕਰ ਸਕਦੇ ਹਾਂ! ਜੇ ਕੋਈ ਉਸ ਦੀ ਉਸ ਦੀ ਸਲਾਹ ਉਪਰ ਚਲਦਾ ਹੈ ਤਾਂ ਉਹ ਸੰਸਾਰ ਦੇ ਦੂਜੇ ਪਾਸੇ ਵਗਾਹ

ਮਾਰਿਆ ਜਾਵੇਗਾ! ਭੈਣ ਬੁੱਧੀ ਤਾਂ ਤੁਹਾਨੂੰ ਰਾਤ ਦੇ ਦੋ ਵਜੇ ਜਗਾ ਦੇਵੇਗੀ ਅਤੇ ਤੁਹਾਨੂੰ ਗੁੰਮਰਾਹ ਕਰੇਗੀ। ਤੁਹਾਡੀ ਪਤਨੀ ਤਾਂ ਕੁਝ ਖਾਸ ਸਮਿਆਂ ਉਪਰ ਹੀ ਤੁਹਾਡੇ ਨਾਲ ਭਿੜੇਗੀ ਪਰੰਤੂ ਭੈਣ ਬੁੱਧੀ ਤਾਂ ਲਗਾਤਾਰ ਸਾਥ ਦੇਣ ਵਾਲੀ ਹੈ। ਬੁੱਧੀ ਤਾਂ ਇਨੀ ਕਪਟੀ ਹੈ ਕਿ ਇਹ ਤੁਹਾਨੂੰ ਤੁਹਾਡੇ ਪਦ ਤੋਂ ਲਾਹ ਦੇਵੇਗੀ।

ਮੰਨ ਲਉ ਇਕ ਹੀਰਾ ਹੈ ਜਿਸ ਦੀ ਕੀਮਤ ਪੰਜ ਕਰੋੜ ਹੈ ਅਤੇ ਤੁਸੀਂ ਪੂਰੇ ਸੌ ਜੌਹਰੀਆਂ ਨੂੰ ਉਸ ਹੀਰੇ ਦੀ ਕੀਮਤ ਆਂਕਣ ਹਿਤ ਬੁਲਾ ਲੈਂਦੇ ਹੋ। ਸਾਰੇ ਹੀ ਜੌਹਰੀ ਉਸ ਹੀਰੇ ਦੀ ਕੀਮਤ ਅੰਦਾਜਨ ਵੱਖਰੀ-ਵੱਖਰੀ ਦੱਸਣਗੇ ਕਿਉਂਕਿ ਉਹ ਸਾਰੇ ਆਪਣੀ-ਆਪਣੀ ਬੁੱਧੀ ਅਨੁਸਾਰ ਚਲ ਰਹੇ ਹੋਣਗੇ। ਇਹ ਕਿਉਂ ਹੋਵੇਗਾ ਕਿ ਹੀਰਾ ਇਕ ਹੋਣ ਦੇ ਬਾਵਜੂਦ ਵੀ ਉਸ ਦੀ ਕੀਮਤ ਵੱਖਰੀ-ਵੱਖਰੀ ਆਂਕੀ ਜਾਵੇਗੀ? ਇਹ ਇਸ ਲਈ ਹੋਵੇਗਾ ਕਿ ਹਰ ਜੌਹਰੀ ਦੀ ਬੁੱਧੀ ਦਾ ਪੱਧਰ ਵੱਖਰਾ ਹੈ। ਇਸੇ ਲਈ ਮੈਂ ਤੁਹਾਨੂੰ ਦੱਸਦਾ ਹਾਂ ਕਿ ਗਿਆਨੀ ਪੁਰਸ਼ ਨੂੰ ਸਮਝ ਸਕਣਾ ਤੁਹਾਡੀ ਬੁੱਧੀ ਦੀ ਸਮਝ ਤੋਂ ਪਰ੍ਹੇ ਹੈ। ਕਿਰਪਾ ਕਰਕੇ ਉਸ ਨੂੰ, ਉਸ ਦੀ ਆਤਮਕ ਮਹਾਨਤਾ ਨੂੰ ਮਾਪਣ ਦਾ ਯਤਨ ਨਾ ਕਰੋ।

ਕਿਸੇ ਗਿਆਨੀ ਪੁਰਸ਼ ਅੱਗੇ ਆਪਣੀ ਬੁੱਧੀ ਦਾ ਇਸਤੇਮਾਲ ਗਲਤੀ ਨਾਲ ਵੀ ਨਾ ਕਰੋ। ਗਿਆਨੀ ਪੁਰਸ਼ ਦੇ ਸਰੀਰ ਦਾ ਹਰ ਅੰਗ, ਉਸ ਦਾ ਹਰ ਕਰਮ ਪੂਜਣ ਯੋਗ ਹੈ। ਉਥੇ ਬੁੱਧੀ ਨੂੰ ਨਾ ਵਰਤੋ। ਉਹ ਗਿਆਨੀ ਪੁਰਸ਼ ਵੀ ਸਰੀਰਕ ਤੌਰ ਤੇ ਸਾਡੇ ਵਰਗਾ ਹੀ ਹੈ ਪਰੰਤੂ ਆਤਮਕ ਤੌਰ ਤੇ ਉਹ ਸਦੈਵ ਹੀ ਹੈਰਾਨੀਜਨਕ ਢੰਗ ਨਾਲ ਚੇਤੰਨ ਹੁੰਦਾ ਹੈ, ਸੁਚੇਤ ਹੁੰਦਾ ਹੈ। ਜੋ ਤੁਹਾਨੂੰ ਨਜ਼ਰ ਆਉਂਦਾ ਹੈ ਉਹ ਤਾਂ ਗਿਆਨੀ ਪੁਰਸ਼ ਦਾ ਬਾਹਰੀ ਸਰੀਰ ਹੈ। ਮੈਂ ਤਾਂ ਸਦਾ ਅੰਦਰਲੀ ਆਤਮਾ, ਅੰਦਰਲੀ ਜੋਤਿ ਨਾਲ ਜੁੜਿਆ ਰਹਿੰਦਾ ਹਾਂ। ਮੈਂ ਬੁੱਧੀ-ਵਿਹੀਣ ਹਾਂ। ਇਕ ਵਿਅਕਤੀ ਬੁੱਧੀ ਦੇ ਬੰਧਨ ਤੋਂ ਸਿਰਫ਼ ਅਜਿਹੇ ਗਿਆਨੀ ਪੁਰਸ਼ ਦੀ ਸੰਗਤ ਵਿਚ ਰਹਿ ਕੇ ਹੀ ਮੁਕਤ ਹੋ ਸਕਦਾ ਹੈ।

ਬੁੱਧੀ ਦੁਨਿਆਵੀ ਵਿਅਕਤੀਆਂ ਦੇ ਮਾਮਲੇ ਵੇਖਦੀ ਹੈ ਜਦੋਂ ਕਿ ਵਿਵਸਥਿਤ ਸ਼ਕਤੀ, ਜਿਹੜੀ ਬ੍ਰਹਿਮੰਡ ਦੀ ਪੂਰੀ ਤਰ੍ਹਾਂ ਸੰਤੁਲਿਤ, ਅਵਿਅਕਤੀਗਤ ਪ੍ਰਬੰਧਕ ਹੈ, ਗਿਆਨੀ ਪੁਰਸ਼ਾਂ ਦੇ ਕਾਰਜਾਂ ਨੂੰ ਨਿਰਦੇਸ਼ਤ ਕਰਦੀ ਹੈ। ਇਸ ਲਈ ਇਥੇ ਪ੍ਰਬੰਧਨ ਵਿਚ ਕੋਈ ਗਲਤੀ ਨਹੀਂ ਹੋ ਸਕਦੀ।

## 71
## ਮਤਭੇਦ ਕਿਉਂ?

**ਪ੍ਰਸ਼ਨ-ਕਰਤਾ** : ਇਕ ਵਿਅਕਤੀ ਦੇ ਦੂਸਰੇ ਵਿਅਕਤੀਆਂ ਨਾਲ ਵਖਰੇਵੇਂ, ਮਤਭੇਦ ਕਿਉਂ ਹੁੰਦੇ ਹਨ?

**ਦਾਦਾਸ਼੍ਰੀ** : ਹਰ ਵਿਅਕਤੀ ਦਾ ਆਪਣਾ-ਆਪਣਾ ਦ੍ਰਿਸ਼ਟੀਕੋਣ ਹੁੰਦਾ ਹੈ, ਆਪਣੀ ਰਾਇ ਹੁੰਦੀ ਹੈ। ਇਸ ਲਈ ਉਹ ਹਰ ਚੀਜ ਨੂੰ, ਹਰ ਘਟਨਾ ਨੂੰ ਵੱਖਰੀ ਤਰ੍ਹਾਂ ਵੇਖਦਾ ਹੈ। ਇਕ ਚੋਰ ਚੋਰੀ ਕਰਦਾ ਹੈ: ਇਹ ਉਸ ਦਾ ਆਪਣਾ ਦ੍ਰਿਸ਼ਟੀਕੋਣ ਹੈ। ਇਕ ਗੱਲ ਯਾਦ ਰਖੋ: ਉਹ ਆਪ ਚੋਰ ਨਹੀਂ ਹੈ।

ਕਿਸੇ ਵੀ ਵਿਅਕਤੀ ਦੇ ਦ੍ਰਿਸ਼ਟੀਕੋਣ ਨੂੰ ਗਲਤ ਕਹਿਣ ਤੋਂ ਭਾਵ ਹੈ ਉਸ ਦੀ ਆਤਮਾ ਨੂੰ ਝੂਠਾ ਕਹਿਣਾ।

**ਪ੍ਰਸ਼ਨ-ਕਰਤਾ** : ਇਹ ਕਿਵੇਂ ਹੋਇਆ?

**ਦਾਦਾਸ਼੍ਰੀ** : ਕਿਉਂਕਿ ਇਹ ਉਸ ਦਾ ਵਿਸ਼ਵਾਸ ਹੈ ਅਤੇ ਕਿਉਂਕਿ ਉਹ ਆਪਣੇ ਸਰੀਰਕ ਆਪੇ ਨੂੰ ਆਪਣੀ ਆਤਮਾ ਨਾਲ ਇਕਮਿਕ ਕਰਕੇ ਵੇਖਦਾ ਹੈ। ਇਸ ਲਈ ਉਸ ਦੇ ਦ੍ਰਿਸ਼ਟੀਕੋਣ ਨੂੰ ਗਲਤ ਕਹਿਣਾ ਉਸ ਦੀ ਆਤਮਾ ਨੂੰ ਝੂਠਾ ਕਹਿਣ ਦੇ ਬਰਾਬਰ ਹੈ। ਇਹ ਗੱਲ ਉਸ ਦੇ ਦ੍ਰਿਸ਼ਟੀਕੋਣ ਤੋਂ ਸਹੀ ਹੈ। ਜਦੋਂ ਤਕ ਉਹ ਅਗਿਆਨਤਾ ਦੀ ਅਵਸਥਾ ਵਿਚ ਹੈ ਉਸ ਦਾ ਸੰਪੂਰਨ ਆਧਾਰ ਉਸ ਦੀ ਹਉਮੈਂ ਹੈ, ਉਸ ਦਾ ਆਪਣਾ ਦ੍ਰਿਸ਼ਟੀਕੋਣ ਹੈ। ਉਹ ਕੇਂਦਰ ਵਿਚ ਉਦੋਂ ਹੀ ਪਹੁੰਚਦਾ ਹੈ ਜਦੋਂ ਉਹ ਸਵੈ-ਪਹਿਚਾਣ ਕਰ ਲੈਂਦਾ ਹੈ। ਫਿਰ ਉਸ ਦੀ ਅਗਿਆਨਤਾ ਅਤੇ ਉਸ ਦਾ ਦ੍ਰਿਸ਼ਟੀਕੋਣ ਦੋਵੇਂ ਹੀ ਲਾਚਾਰ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਹਉਮੈਂ ਤੋਂ ਮਿਲਣ ਵਾਲਾ ਸਹਾਰਾ ਖ਼ਤਮ ਹੋ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਪਰੰਤੂ ਸੰਸਾਰ ਵਿਚ ਅਜਿਹੇ ਵੀ ਕਈ ਲੋਕ ਹਨ ਜਿਹੜੇ ਸਪਸ਼ਟ ਤੌਰ ਤੇ ਗਲਤ ਹਨ।

**ਦਾਦਾਸ਼੍ਰੀ** : ਮੈਂ ਕਦੇ ਕਿਸੇ ਵਿਅਕਤੀ ਨੂੰ ਇਹ ਨਹੀਂ ਕਹਿੰਦਾ ਕਿ ਤੁਸੀਂ ਗਲਤ ਹੋ। ਮੈਂ ਤਾਂ ਕਿਸੇ ਚੋਰ ਨੂੰ ਵੀ ਨਹੀਂ ਕਹਿੰਦਾ ਕਿ ਉਹ ਗਲਤ ਹੈ ਕਿਉਂਕਿ ਆਪਣੇ ਦ੍ਰਿਸ਼ਟੀਕੋਣ ਤੋਂ ਉਹ ਠੀਕ ਹੈ। ਪਰ ਹਾਂ, ਮੈਂ ਉਸ ਨੂੰ ਇਹ ਗੱਲ ਜ਼ਰੂਰ ਸਮਝਾ ਦਿਆਂਗਾ ਕਿ ਚੋਰੀ ਦੇ ਨਤੀਜੇ ਮਾੜੇ ਹੀ ਨਿਕਲਦੇ ਹਨ।

ਦੁਨੀਆਂ ਦੇ ਸਾਰੇ ਹੀ ਲੋਕ ਚੰਗੀ ਬੁੱਧ ਅਤੇ ਮਾੜੀ ਬੁੱਧ ਵਿਚਕਾਰ ਹੀ ਟੱਕਰਾਂ ਮਾਰ ਰਹੇ ਹਨ। ਚੰਗੀ, ਨੇਕ ਬੁੱਧ ਚੰਗੀਆਂ ਚੀਜਾਂ ਹੀ ਵਿਖਾਉਂਦੀ ਹੈ ਅਤੇ ਮਾੜੀ ਬੁੱਧੀ ਮਾੜੀਆਂ ਚੀਜਾਂ ਹੀ ਵਿਖਾਉਂਦੀ ਹੈ। ਪਰੰਤੂ ਅਖ਼ੀਰ ਵਿਚ ਨੇਕ ਅਤੇ ਮੰਦੀ ਬੁੱਧੀ ਦੋਵ੍ਹੇ ਹੀ ਮਨੁੱਖ ਨੂੰ ਦੁਨਿਆਵੀ ਜੀਵਨ ਵੱਲ ਖਿਚਦੀਆਂ ਹਨ ਅਤੇ ਉਸੇ ਵਿਚ ਗਲਤਾਨ ਕਰ ਦਿੰਦੀਆਂ ਹਨ। ਇਸ ਲਈ ਮੈਂ ਇਸ ਨੂੰ ਵਿਪਰੀਤ ਬੁੱਧੀ ਕਹਿੰਦਾ ਹਾਂ। ਇਹ ਵਿਪਰੀਤ ਬੁੱਧ ਦੇਣ ਵਾਲੇ ਅਤੇ ਲੈਣ ਵਾਲੇ ਦੋਹਾਂ ਨੂੰ ਹੀ ਨੁਕਸਾਨ ਅਤੇ ਦੁੱਖ ਪਹੁੰਚਾਉਣ ਦਾ ਕਾਰਨ ਬਣਦੀ ਹੈ। ਇਸ ਦੇ ਉਲਟ, ਸਮਯਕ ਬੁੱਧੀ ਦੋਹਾਂ ਲਈ ਹੀ ਲਾਹੇਵੰਦ ਹੁੰਦੀ ਹੈ।

ਬੁੱਧੀ ਸਾਨੂੰ ਬਹੁਤ ਸਾਰਾ ਦੁਖ-ਦਰਦ ਪਹੁੰਚਾਉਣ ਦਾ ਕਾਰਨ ਬਣਦੀ ਹੈ। ਜੇ ਤੁਹਾਡੇ ਪਰਿਵਾਰ ਦਾ ਕੋਈ ਜੀਅ ਬਿਮਾਰ ਹੋ ਜਾਦਾ ਹੈ ਅਤੇ ਜੇ ਤੁਹਾਡੀ ਬੁੱਧੀ ਤੁਹਾਨੂੰ ਇਹ ਦਸਦੀ ਹੈ ਕਿ ਇਹ ਬਿਮਾਰ ਵਿਅਕਤੀ ਬਚ ਨਹੀਂ ਸਕਦਾ ਅਤੇ ਮਰ ਜਾਵੇਗਾ ਤਾਂ ਕਲਪਨਾ ਕਰੋ ਕਿ ਕੀ ਹੋਵੇਗਾ? ਬੁੱਧੀ ਤੁਹਾਡੇ ਸਾਰੀ ਰਾਤ ਰੋਂਦੇ ਰਹਿਣ ਦਾ ਕਾਰਨ ਬਣੇਗੀ।

**ਪ੍ਰਸ਼ਨ-ਕਰਤਾ** : ਕੀ ਵੱਖ-ਵੱਖ ਲੋਕਾਂ ਅੰਦਰ ਬੁੱਧੀ ਦੇ ਰੂਪ ਵੀ ਵੱਖ-ਵੱਖ ਹੁੰਦੇ ਹਨ?

**ਦਾਦਾਸ਼੍ਰੀ** : ਵਪਾਰੀ ਜਮਾਤ ਨਾਲ ਸੰਬੰਧਤ ਕਈ ਲੋਕਾਂ ਦੀ ਬੁੱਧੀ ਬਹੁਤ ਤੇਜ਼ ਹੁੰਦੀ ਹੈ। ਇਸੇ ਕਰਕੇ ਉਹ ਦੁਖੀ ਵੀ ਵੱਧ ਹੁੰਦੇ ਹਨ। ਬੁੱਧੀ ਦਾ ਇਸ ਤਰ੍ਹਾਂ ਦਾ ਝੁਕਾਅ ਮੁਕਤੀ ਦੇ ਰਸਤੇ ਵਿਚ ਇਕ ਰੁਕਾਵਟ ਬਣਦਾ ਹੈ। ਮੁਕਤੀ ਪ੍ਰਾਪਤ ਕਰ ਸਕਣਾ ਇਕ ਬਹਾਦਰ, ਇਕ ਦਲੇਰ ਜਮਾਤ ਦੇ ਲੋਕਾਂ ਦਾ ਹੀ ਕੰਮ ਹੈ। ਖੱਤਰੀ ਲੋਕ ਤਾਕਤਵਰ ਹੁੰਦੇ ਹਨ। ਆਤਮਾ ਜਮਾਤ ਤੋਂ ਬਿਲਕੁਲ ਅਲੱਗ ਹੈ ਪਰੰਤੂ ਸਾਖੇਪ ਗੁਣ ਇਸ ਨੂੰ ਉਲਝਾ ਅਤੇ ਵਰਗਲਾ ਲੈਂਦੇ ਹਨ। ਸਾਰੇ ਦੇ ਸਾਰੇ 24 ਤੀਰਥੰਕਰ ਖੱਤਰੀ ਜਮਾਤ ਨਾਲ ਸੰਬੰਧਤ ਸਨ। ਜਦੋਂ ਖੱਤਰੀ ਆਪਣੇ ਮਨ ਅੰਦਰ ਮੁਕਤੀ ਪ੍ਰਾਪਤੀ ਦੀ ਤਾਂਘ ਪੈਦਾ ਕਰ ਲੈਣ ਤਾਂ ਉਹ ਇਕ-ਦਮ ਦੁਨਿਆਵੀ ਵਸਤਾਂ ਨੂੰ ਬੇਮਾਅਨੀਆਂ ਅਤੇ ਬੇਅਰਥ ਸਮਝਣ ਲਗ ਜਾਂਦੇ ਹਨ। ਪਰੰਤੂ ਜਦੋਂ ਇਕ ਬਾਣੀਏ ਦੇ ਮਨ ਵਿਚ ਮੁਕਤੀ ਪ੍ਰਾਪਤੀ ਦੀ ਇੱਛਾ ਪੈਦਾ ਹੋ ਜਾਂਦੀ ਹੈ ਤਾਂ ਫਿਰ ਵੀ ਉਹ ਦੁਨਿਆਵੀ ਵਸਤਾਂ ਨੂੰ ਮਹੱਤਾ ਦਿੰਦਾ ਹੀ ਰਹੇਗਾ। ਇਸ ਤਰ੍ਹਾਂ ਦੀ ਬੁੱਧੀ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਇਹ ਮੁਕਤੀ ਦੇ ਰਸਤੇ ਉਪਰ ਬਹੁਤ ਉਲਝਣਾਂ ਖੜੀਆਂ ਕਰਦੀ ਹੈ।

ਇਕ ਬਾਣੀਏ ਦੇ ਅੰਦਰ ਲਾਲਚ ਦੀ ਤਕੜੀ ਗੰਢ ਹੁੰਦੀ ਹੈ ਜਿਹੜੀ ਦਿਖਾਈ ਨਹੀਂ ਦਿੰਦੀ। ਇਸ ਦੇ ਉਲਟ, ਜਦੋਂ ਇਕ ਖੱਤਰੀ ਬੇਚੈਨ ਹੁੰਦਾ ਹੈ ਤਾਂ ਉਸ ਦੇ ਹਿੰਸਕ ਸੁਭਾਅ ਦਾ ਹਰ ਥਾਂ ਪਤਾ ਲਗ ਜਾਂਦਾ ਹੈ। ਪਰੰਤੂ ਜਦੋਂ ਉਹ ਇਸ ਕਾਰਨ ਦੁੱਖ ਭੋਗਦਾ ਹੈ ਅਤੇ ਕੁੱਟ ਸਹਿੰਦਾ ਹੈ ਤਾਂ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ। ਜਦੋਂ ਇਕ ਖੱਤਰੀ ਆਪਣੀ ਜੇਬ ਅੰਦਰ ਹੱਥ ਪਾਉਂਦਾ ਹੈ ਅਤੇ ਜੇਬ ਅੰਦਰੋਂ ਕਾਫੀ ਸਾਰੇ ਸਿੱਕੇ (ਭਾਵ, ਰਕਮ) ਕੱਢ ਲੈਂਦਾ ਹੈ ਤਾਂ ਉਹ ਸਾਰੇ ਦੇ ਸਾਰੇ ਮੰਦਰ ਦੀ ਦਾਨ-ਪੇਟੀ ਵਿਚ ਪਾ ਦਿੰਦਾ ਹੈ। ਪਰੰਤੂ ਇਕ ਬਾਣੀਆ ਆਪਣੇ ਘਰੋਂ ਚੱਲਣ ਤੋਂ ਪਹਿਲਾ ਬਣਾਈ ਯੋਜਨਾ ਅਨੁਸਾਰ ਮੰਦਰ ਜਾਂਦਿਆਂ ਰਸਤੇ ਵਿਚੋਂ ਖੁਲ੍ਹੇ ਪੈਸੇ ਲਵੇਗਾ ਅਤੇ ਹਰ ਮੰਦਰ ਵਿਚ ਪੰਜ ਜਾਂ ਦਸ ਪੈਸੇ ਹੀ ਚੜ੍ਹਾਵੇਗਾ। ਇਕ ਬਾਣੀਏ ਦੀ ਮੁਕਤੀ ਪ੍ਰਾਪਤੀ ਦੀ ਤਾਂਘ ਕਿੰਨੀ ਹੀ ਤੀਬਰ ਕਿਉਂ ਨਾ ਹੋਵੇ, ਉਹ ਫਿਰ ਵੀ ਆਪਣੀ ਬੁੱਧੀ ਦਾ ਇਸਤੇਮਾਲ ਕਰੇਗਾ।

**ਪ੍ਰਸ਼ਨ-ਕਰਤਾ** : ਇਹ ਵੀ ਕਹਿੰਦੇ ਹਨ ਕਿ ਦੌਲਤ ਕਮਾਉਣ ਲਈ ਬੁੱਧੀ ਅਤਿ ਜ਼ਰੂਰੀ ਹੈ।

**ਦਾਦਾਸ਼੍ਰੀ** : ਇਹ ਦੌਲਤ ਕੀ ਹੈ? ਇਹ ਤਾਂ ਸਿਰਫ 'ਪੂਰਨ-ਗਲਣ' ਹੀ ਹੈ, ਭਾਵ 'ਭਰਾਈ'

ਅਤੇ 'ਨਿਕਾਸੀ'। ਜੇ ਇਕ ਦਿਸ਼ਾ ਵਲੋਂ ਭਰਾਈ ਹੁੰਦੀ ਹੈ ਤਾਂ ਜ਼ਰੂਰੀ ਹੈ ਕਿ ਕਿਸੇ ਦੂਸਰੀ ਦਿਸ਼ਾ ਵਿਚ ਨਿਕਾਸੀ ਵੀ ਹੋਵੇਗੀ। ਇਹ ਤਾਂ ਇਕ ਵਹੀ ਵਿਚ ਦਰਜ ਖਾਤੇ ਦੀ ਨਿਆਈਂ ਹੈ: ਪੈਸੇ ਜਮ੍ਹਾਂ ਵੀ ਹੁੰਦੇ ਹਨ ਅਤੇ ਕੱਢੇ ਵੀ ਜਾਂਦੇ ਹਨ। ਇਥੇ ਲੋਕ ਦੁਨਿਆਵੀ ਬੁੱਧੀ ਦਾ ਇਸਤੇਮਾਲ ਕਰਦੇ ਹਨ ਅਤੇ ਹਾਲਤ ਨੂੰ ਹੋਰ ਵੀ ਬਦਤਰ ਬਣਾ ਦਿੰਦੇ ਹਨ। ਇਹ ਅਗਿਆਨੀ ਲੋਕ (ਤਿਜੌਰੀ) ਭਰਨ ਅਤੇ ਮੁੜ ਖਾਲੀ ਕਰਨ ਵਿਚ ਆਪਣੀ ਤਾਕਤ ਅਜਾਈਂ ਗੰਵਾ ਰਹੇ ਹਨ। ਦੌਲਤ ਤਾਂ ਸਿਰਫ਼ ਬੈਂਕ-ਖਾਤੇ ਵਿਚ ਦਰਜ ਬਕਾਇਆ ਵਾਲਾ ਇਕ ਇੰਦਰਾਜ ਹੈ - ਸਿਰਫ਼ ਇਕ ਖਾਤਾ, ਉਹ ਵੀ ਪੂਰਵ-ਨਿਰਧਾਰਤ, ਸਮਾਂ-ਬੱਧ। ਫਿਰ ਲੋਕ ਆਪਣੀ ਬੁੱਧੀ ਦੀ ਵਰਤੋਂ ਦੌਲਤ ਕਮਾਉਣ ਲਈ ਹੀ ਕਰਦੇ ਹਨ ਅਤੇ ਇੰਝ ਆਪਣੀ ਭਗਤੀ, ਆਪਣੀ ਪਾਠ-ਪੂਜਾ ਅਤੇ ਆਪਣੇ ਆਉਣ ਵਾਲੇ ਜਨਮ ਨੂੰ ਵੀ ਬਰਬਾਦ ਕਰ ਲੈਂਦੇ ਹਨ।

**ਪ੍ਰਸ਼ਨ-ਕਰਤਾ** : ਵਪਾਰ ਨਾਲ ਸਬੰਬੰਧਤ ਮਸਲੇ ਬਹੁਤ ਟੇਢੇ, ਗੁੰਝਲਦਾਰ ਅਤੇ ਛਲ ਲੈਣ ਵਾਲੇ ਹੁੰਦੇ ਹਨ।

**ਦਾਦਾਸ਼੍ਰੀ** : ਮਾਨੋ ਬੁੱਧੀ ਦਾ ਆਮ ਹਾਲਾਤਾਂ ਅਤੇ ਮਸਲਿਆਂ ਦੌਰਾਨ ਇਸਤੇਮਾਲ ਕਾਫੀ ਨਾ ਹੋਵੇ, ਲੋਕਾਂ ਨੇ ਛਲ-ਕਪਟ ਕਰਨ ਦੀ ਕਲਾ ਵਿਚ ਵੀ ਮੁਹਾਰਤ ਹਾਸਲ ਕਰ ਲਈ ਹੈ।

ਛਲ-ਕਪਟ ਕਰਨ ਤੋਂ ਭਾਵ ਹੈ ਘੱਟ ਬੁੱਧੀ ਵਾਲੇ ਕਿਸੇ ਵੀ ਵਿਅਕਤੀ ਦਾ ਸ਼ੋਸ਼ਣ ਕਰਨਾ, ਉਸ ਦੀਆਂ ਵਸਤਾਂ (ਭਾਵ ਦੌਲਤ, ਜਾਇਦਾਦ, ਆਦਿ) ਨੂੰ ਆਪਣਾ ਬਣਾ ਲੈਣ ਦਾ ਯਤਨ ਕਰਨਾ ਅਤੇ ਆਪਣੀ ਬੇਹਤਰ ਸ਼ੈਤਾਨੀ ਬੁੱਧੀ ਨਾਲ ਉਸ ਨੂੰ ਧੋਖਾ ਦੇਣਾ। ਅਜਿਹਾ ਛਲ-ਕਪਟ ਕਰਨ ਵਾਲਾ ਵਿਅਕਤੀ ਬਹੁਤ ਚਲਾਕ ਹੁੰਦਾ ਹੈ। ਇਕ ਚੋਰ ਵੀ ਤਾਂ ਬਹੁਤ ਚਲਾਕ ਹੁੰਦਾ ਹੈ। ਇਕ ਕਪਟੀ ਵਿਅਕਤੀ ਨੂੰ ਘੋਰ ਨਰਕ ਵਾਲੀ ਜ਼ਿੰਦਗੀ ਨਸੀਬ ਹੁੰਦੀ ਹੈ।

ਜਿਨ੍ਹਾਂ ਵਿਅਕਤੀਆਂ ਦੀ ਬੁੱਧੀ ਦਾ ਰੁਝਾਨ ਵਪਾਰਕ ਕੰਮਾਂ ਵੱਲ ਹੈ ਉਹ ਆਪਣੀ ਬੁੱਧੀ ਨਾਲ ਇਕ ਅਜਿਹਾ ਸਮਝੌਤਾ ਕਰਦੇ ਹਨ ਜਿਹੜਾ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਮਕਸਦ ਦੀ ਪ੍ਰਾਪਤੀ ਹਿਤ ਸਹਾਇਕ ਸਿਧ ਹੋਵੇ। ਉਹ ਕਿਸੇ ਦੀ, ਆਪਣੇ ਗੁਆਂਢੀਆਂ ਦੇ ਭਲੇ-ਬੁਰੇ ਦੀ ਵੀ ਪਰਵਾਹ ਨਹੀਂ ਕਰਦੇ। ਫਿਰ ਉਹ ਆਪਣੀ ਬੁੱਧੀ ਨਾਲ ਖੜੀ ਕੀਤੀ ਦੀਵਾਰ ਦੇ ਸਹਾਰੇ ਆਪਣੇ ਦੁਨਿਆਵੀ ਜੀਵਨ ਵਿਚ ਨੇਕ ਕਿਵੇਂ ਜਾਪਦੇ ਹਨ? ਇਕ ਵਪਾਰਕ ਵਿਰਤੀ ਵਾਲੀ ਬੁੱਧੀ ਦਾ ਮਾਲਕ ਵਿਅਕਤੀ ਸਿਰਫ਼ ਆਪਣੇ ਨਿਜੀ ਮੁਫਾਦ ਨੂੰ ਹੀ ਵੇਖਦਾ ਹੈ। ਉਹ ਖੁਦਗਰਜੀ ਦੀ ਦਲਦਲ ਵਿਚ ਹਮੇਸ਼ਾ ਹੀ ਫਸਿਆ ਰਹਿੰਦਾ ਹੈ। ਉਹ ਅਜਿਹਾ ਇਕ ਸ਼ਬਦ ਵੀ ਮੂੰਹੋਂ ਨਹੀਂ ਕੱਢੇਗਾ ਜਿਸ ਨਾਲ ਉਸ ਦੇ ਖੁਦਗਰਜੀ ਵਾਲੇ ਮੰਤਵ ਦਾ ਪਰਦਾ ਫਾਸ਼ ਹੁੰਦਾ ਹੋਵੇ।

ਜੇਕਰ ਤੁਸੀਂ ਵਪਾਰਕ ਵਿਰਤੀ ਵਾਲੀ ਬੁੱਧੀ ਦੇ ਮਾਲਕ ਵਿਅਕਤੀ ਨੂੰ ਕੋਈ ਨਿਰਣਾ ਕਰਨ ਲਈ ਕਹਿ ਦਿੰਦੇ ਹੋ ਤਾਂ ਉਹ ਯਕੀਨੀ ਬਣਾ ਲਵੇਗਾ ਕਿ ਉਸ ਦੇ ਨਿਰਣੇ ਨਾਲ ਦੂਜੀ

ਧਿਰ ਖੁਸ਼ ਹੋਵੇਗੀ ਜਾਂ ਨਾ-ਖੁਸ਼। ਇਸ ਦੇ ਨਤੀਜੇ ਵਜੋਂ ਉਸ ਦਾ ਫੈਸਲਾ ਇਸ ਤਰ੍ਹਾਂ ਦਾ ਕਾਰਜ-ਸਾਧਕ ਹੋਵੇਗਾ ਕਿ ਨਿਆਂ ਦੇ ਦੂਸਰੇ ਪਾਸੇ ਵਾਲੀ ਧਿਰ ਵੀ ਨਾ-ਖੁਸ਼ ਨਾ ਹੋਵੇ। ਉਹ ਦੂਜੀ ਧਿਰ ਨੂੰ ਖੁਸ਼ ਰੱਖਣ ਹਿਤ ਝੂਠ ਵੀ ਬੋਲ ਸਕਦਾ ਹੈ। ਉਹ ਗਲਤ ਫੈਸਲਾ ਵੀ ਕਰ ਸਕਦਾ ਹੈ।

ਪਰੰਤੂ ਉਸ ਦੇ ਅੰਦਰ ਵਿਦਮਾਨ ਭਗਵਾਨ ਭਲੀ-ਭਾਂਤ ਵੇਖਦਾ ਵੀ ਹੈ ਅਤੇ ਜਾਣਦਾ ਵੀ ਹੈ ਕਿ ਇਸ ਨੇ ਦੋਹਾਂ ਹੀ ਧਿਰਾਂ ਉਪਰ ਪਰਦਾ ਪਾਇਆ ਹੈ। ਵਿਅਕਤੀ ਨੂੰ ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ, ਸੱਚ ਬੋਲੋ ਪਰ ਉਹ ਕੌੜਾ ਨਾ ਲੱਗੇ। ਪਰੰਤੂ ਇਹ ਵਿਅਕਤੀ ਤਾਂ ਸੱਚ ਨੂੰ ਛੁਪਾ ਕੇ ਝੂਠਾ, ਗਲਤ ਨਿਰਣਾ ਦਿੰਦਾ ਹੈ। ਇਹ ਤਾਂ ਆਪਣੇ ਸਿਰ ਇਕ ਬਹੁਤ ਖ਼ਤਰਨਾਕ ਜ਼ਿੰਮੇਵਾਰੀ ਲੈਣ ਵਾਂਗ ਹੈ। ਇਕ ਕਸੂਰਵਾਰ ਵਿਅਕਤੀ ਨੂੰ ਮਾਸੂਮ ਸਾਬਤ ਕਰਨ ਤੋਂ ਭਾਵ ਹੈ ਆਪਣੇ ਸਿਰ ਇਕ ਵੱਡੀ ਜ਼ਿੰਮੇਵਾਰੀ ਲੈਣਾ। ਵਿਅਕਤੀ ਨੂੰ ਸਦਾ ਸੱਚ ਹੀ ਬੋਲਣਾ ਚਾਹੀਦਾ ਹੈ – ਸੱਚ ਜੋ ਵੀ ਹੋਵੇ।

ਤੁਸੀਂ ਪ੍ਰਸ਼ਨ ਕਰ ਸਕਦੇ ਹੋ ਕਿ ਇਹ ਇਸ ਤਰ੍ਹਾਂ ਕਿਉਂ ਹੈ। ਇਸ ਦੇ ਕਾਰਨ ਕੀ ਹਨ? ਵਪਾਰੀ ਵਿਰਤੀ ਵਾਲੀ ਬੁੱਧੀ ਵਾਲਾ ਵਿਅਕਤੀ ਹਮੇਸ਼ਾ ਖੁਦਗਰਜ਼ੀ ਦੇ ਤੰਗ ਦਾਇਰੇ ਅੰਦਰ ਰਹਿੰਦਾ ਹੈ ਅਤੇ ਆਪਣੀ ਚਲਾਕੀ ਨਾਲ ਦੂਸਰੀ ਧਿਰ ਨੂੰ ਹਮੇਸ਼ਾ ਵੀ ਆਪਣੇ ਸਹੀ ਮਕਸਦ ਪ੍ਰਤੀ ਹਨੇਰੇ ਵਿਚ ਰਖਦਾ ਹੈ ਅਤੇ ਉਸ ਨਾਲ ਹਮੇਸ਼ਾ ਚੰਗੇ, ਦੋਸਤਾਨਾ ਸੰਬੰਧ ਰਖਦਾ ਹੈ। ਉਹ ਆਪਣੇ ਅੰਦਰ ਸਾਰੀਆਂ ਬੁਰਾਈਆਂ ਰਖਦਾ ਹੈ: ਇਹ ਬੁਰਾਈਆਂ ਹਮੇਸ਼ਾ ਉਸ ਨੂੰ ਅੰਦਰੇ-ਅੰਦਰ ਖਾਂਦੀਆਂ ਰਹਿਣਗੀਆਂ ਜਦੋਂ ਤਕ ਕਿ ਉਹ ਮੁਕਤੀ ਪ੍ਰਾਪਤ ਨਹੀਂ ਕਰ ਲੈਂਦਾ। ਇਹ ਗੱਲਾਂ, ਇਹ ਬੁਰਾਈਆਂ ਉਸ ਨੂੰ ਬਹੁਤ ਤੰਗ ਕਰਨਗੀਆਂ ਅਤੇ ਉਸ ਨੂੰ ਸੌਖਿਆਂ ਮੁਕਤੀ ਪ੍ਰਾਪਤ ਨਹੀਂ ਕਰਨ ਦੇਣਗੀਆਂ।

ਵਪਾਰੀ ਵਿਰਤੀ ਵਾਲੇ ਬਹੁਤ ਸਾਰੇ ਵਿਅਕਤੀ ਨਾ ਤਾਂ ਕਦੇ ਕਿਸੇ ਵੀ ਜੀਵ-ਜੰਤੂ ਜਾਂ ਕੀੜੇ-ਮਕੌੜੇ ਨੂੰ ਮਾਰਦੇ ਹਨ ਅਤੇ ਨਾ ਹੀ ਕਦੇ ਕਿਸੇ ਦੀ ਜੇਬ ਕਟਦੇ ਹਨ। ਉਨ੍ਹਾਂ ਅੰਦਰੋਂ ਅਸਭਿਅ ਅਤੇ ਸਪਸ਼ਟ ਰੂਪ ਦੀ ਹਿੰਸਾ ਅਤੇ ਚੋਰੀ ਦੀ ਆਦਤ ਖ਼ਤਮ ਹੋ ਚੁੱਕੀ ਹੁੰਦੀ ਹੈ। ਪਰੰਤੂ ਸੂਖ਼ਮ ਅਤੇ ਅਦ੍ਰਿਸ਼ ਰੂਪ ਵਿਚ ਉਹ ਬਹੁਤ ਮਾਤਰਾ ਵਿਚ ਚੋਰੀ ਵੀ ਕਰਦੇ ਹਨ ਅਤੇ ਹਿੰਸਾ ਵੀ। ਸਪਸ਼ਟ ਰੂਪ ਵਿਚ ਚੋਰਾਂ ਦੇ ਤਾਂ ਇਕ ਦਿਨ ਸੁਧਰ ਸਕਣ ਦੀ ਸੰਭਾਵਨਾ ਹੈ ਪਰੰਤੂ ਇਸ ਤਰ੍ਹਾਂ ਦੇ ਛਲ-ਕਪਟ ਵਾਲੇ ਚੋਰ ਕਦੇ ਨਹੀਂ ਸੁਧਰਦੇ।

ਪਰਮਾਤਮਾ ਨੇ ਇਸ ਨੂੰ 'ਅਦ੍ਰਿਸ਼ ਹਿੰਸਾ' ਕਿਹਾ ਹੈ। ਉਨ੍ਹਾਂ ਨੇ ਇਹ ਵੀ ਤਾੜਨਾ ਕੀਤੀ ਹੈ ਕਿ 'ਬੰਦੂਕ ਦੀ ਗੋਲੀ ਨਾਲ ਮਾਰਨ ਵਾਲੇ ਵਿਅਕਤੀ ਦੀ ਸਮੱਸਿਆ ਦਾ ਤਾਂ ਸਮਾਂ ਪਾ ਕੇ ਸਮਾਧਾਨ ਹੋ ਜਾਵੇਗਾ ਪਰੰਤੂ ਛਲ ਕਰਨ ਵਾਲੇ ਦੀ ਸਮੱਸਿਆ ਦਾ ਸਮਾਧਾਨ ਕਦੇ ਵੀ

ਨਹੀਂ ਹੁੰਦਾ।' ਕਾਤਲ ਤਾਂ ਕਿਸੇ ਨਾ ਕਿਸੇ ਦਿਨ ਮੁਕਤੀ ਹਾਸਲ ਕਰ ਲਵੇਗਾ ਪਰੰਤੂ ਇਕ ਕਪਟੀ ਵਿਅਕਤੀ ਹਮੇਸ਼ਾ ਹਨੇਰੇ ਵਿਚ ਭਟਕਦਾ ਰਹੇਗਾ। ਬੰਦੂਕ ਨਾਲ ਮਾਰਨ ਵਾਲਾ ਵਿਅਕਤੀ ਨਰਕ ਨੂੰ ਜਾਵੇਗਾ, ਫਿਰ ਦੁਬਾਰਾ ਜਨਮ ਲਵੇਗਾ ਅਤੇ ਮੁਕਤੀ ਦਾ ਮਾਰਗ ਲੱਭੇਗਾ। ਪਰੰਤੂ ਕਪਟ ਅਤੇ ਛਲ ਨਾਲ ਮਾਰਨ ਵਾਲਾ ਵਿਅਕਤੀ ਭਵਸਾਗਰ ਦੀ ਦਲਦਲ ਵਿਚ ਹੋਰ ਵਧੇਰੇ ਫਸਦਾ ਜਾਵੇਗਾ। ਉਸ ਪਾਸ ਦੌਲਤ ਦੇ ਭਾਵੇਂ ਅੰਬਾਰ ਹੋਣ ਜਿਹੜੇ ਉਹ ਦਾਨ ਵਿਚ ਦਿੰਦਾ ਰਹੇ; ਕਰਮਾਂ ਦੇ ਬੀਜ ਬੀਜੇ ਜਾਂਦੇ ਰਹਿਣਗੇ ਅਤੇ ਦੁਨਿਆਵੀ ਜੀਵਨ ਚਲਦਾ ਰਹੇਗਾ। ਇਨ੍ਹਾਂ ਨੂੰ ਸਭਿਅਕ ਕਪਟ (ਸ਼ਹਿਦ ਲਪੇਟੀ ਜਹਿਰ ਵਾਂਗ) ਕਿਹਾ ਗਿਆ ਹੈ।

ਗਿਆਨੀ ਪੁਰਸ਼ ਅੰਦਰ ਬਿਲਕੁਲ ਕੋਈ ਛਲ ਜਾਂ ਕਪਟ ਨਹੀਂ ਹੁੰਦਾ ਹੈ।

ਕੀ ਵਪਾਰਕ ਵਿਰਤੀ ਵਾਲੀ ਬੁੱਧੀ ਕਪਟ ਉਪਰ ਹੀ ਅਧਾਰਤ ਨਹੀਂ ਹੈ? ਚੰਗਾ ਹੋਵੇ ਜੇ ਵਿਅਕਤੀ ਨੂੰ ਬਿਲਕੁਲ ਹੀ ਕਪਟ ਵਾਲਾ ਵਿਵਹਾਰ ਕਰਨਾ ਨਾ ਆਉਂਦਾ ਹੋਵੇ। ਮੈਨੂੰ ਸਵੈ-ਪਹਿਚਾਣ ਹੋਣ ਤੋਂ ਪਹਿਲਾਂ ਮੈਂ ਵੀ ਲੋਕਾਂ ਨੂੰ ਚਤੁਰਾਈ ਦੀ ਜੁਗਤ ਹੀ ਸਿਖਾਉਂਦਾ ਸੀ ਪਰੰਤੂ ਮੈਂ ਇਹ ਸਭ ਉਨ੍ਹਾਂ ਵਿਅਕਤੀਆਂ ਪ੍ਰਤੀ ਹਮਦਰਦੀ ਵਜੋਂ ਹੀ ਕਰਦਾ ਸੀ ਜਿਹੜੇ ਕਿਸੇ ਨਾ ਕਿਸੇ ਜਾਲ ਵਿਚ ਫਸੇ ਹੁੰਦੇ ਸਨ। ਕੋਈ ਚਤੁਰਾਈ, ਕੋਈ ਕਪਟ, ਕੋਈ ਜੁਗਤ ਨਹੀਂ ਪਰੰਤੂ ਜੀਵਨ ਜਿਸ ਤਰ੍ਹਾਂ ਦਾ ਹੈ ਉਸੇ ਤਰ੍ਹਾਂ ਜਿਉਣ ਦਾ ਯਤਨ ਕਰੋ। ਮਨੁੱਖ ਦੇ ਅੰਦਰ ਮਨ, ਬਚਨ ਅਤੇ ਕਰਮ ਦੀ ਇਕਸੁਰਤਾ ਹੋਣੀ ਚਾਹੀਦੀ ਹੈ ਨਾ ਕਿ ਮਤਭੇਦ ਅਤੇ ਕਲਹ।

ਮੰਨ ਲਉ ਤੁਸੀਂ ਨੱਬੇ ਰੁਪਏ ਦੀ ਇਕ ਘੜੀ ਖ਼ਰੀਦ ਲਿਆਉਂਦੇ ਹੋ। ਫਿਰ ਤੁਸੀਂ ਇਸ ਨੂੰ ਮੁਨਾਫਾ ਲੈਣ ਹਿਤ 110 ਰੁਪਏ ਵਿਚ ਵੇਚਣੀ ਚਾਹੁੰਦੇ ਹੋ। ਤੁਸੀਂ ਕੀ ਕਰੋਗੇ? ਸ਼ਾਇਦ ਤੁਸੀਂ ਇਸ ਤਰ੍ਹਾਂ ਦੀ ਚਲਾਕੀ ਵਰਤਣ ਦਾ ਯਤਨ ਕਰੋ: 'ਮੈਂ ਇਹ ਘੜੀ 110 ਰੁਪਏ ਵਿਚ ਖਰੀਦੀ ਹੈ ਅਤੇ ਹੁਣ ਬਿਨਾਂ ਕੋਈ ਮੁਨਾਫਾ ਕਮਾਉਣ ਦੇ ਲਾਗਤ-ਮੁੱਲ ਵਿਚ ਹੀ ਦੇਣੀ ਚਾਹੁੰਦਾ ਹਾਂ। ਇਸ ਤਰ੍ਹਾਂ ਦੀ ਚੁਸਤੀ ਵਰਤਣ ਦੀ ਬਜਾਇ ਤੁਸੀਂ ਸਾਫ਼ ਅਤੇ ਸਪਸ਼ਟ ਕਿਉਂ ਨਹੀਂ ਕਹਿੰਦੇ ਕਿ ਤੁਸੀਂ ਇਹ ਨੱਬੇ ਰੁਪਏ ਵਿਚ ਖਰੀਦੀ ਹੈ ਅਤੇ ਹੁਣ ਵੀਹ ਰੁਪਏ ਮੁਨਾਫਾ ਲੈ ਕੇ 110 ਰੁਪਏ ਵੇਚਣੀ ਚਾਹੁੰਦੇ ਹੋ? ਜੇ ਖ਼ਰੀਦਦਾਰ ਨੂੰ ਸਚਮੁਚ ਹੀ ਇਹ ਘੜੀ ਚਾਹੀਦੀ ਹੋਵੇਗੀ ਤਾਂ ਉਹ 110 ਰੁਪਏ ਅਦਾ ਕਰਕੇ ਇਸ ਘੜੀ ਨੂੰ ਖਰੀਦ ਲਵੇਗਾ। ਵਿਵਸਥਿਤ ਸ਼ਕਤੀ ਇਹੋ ਜਿਹੀ ਹੈ ਕਿ ਤੁਹਾਨੂੰ 110 ਰੁਪਏ ਜ਼ਰੂਰ ਹੀ ਮਿਲ ਜਾਣਗੇ - ਤੁਸੀਂ ਕੋਈ ਚੁਸਤੀ ਜਾਂ ਕਪਟ ਵਰਤੋਂ ਜਾਂ ਨਾ ਵਰਤੋਂ। ਜੇ ਵਿਵਸਥਿਤਾ ਇਨੀ ਹੀ ਸਹੀ ਅਤੇ ਅਟਲ ਹੈ ਤਾਂ ਤੁਸੀਂ ਬਿਨਾਂ ਕਿਸੇ ਜ਼ਰੂਰਤ ਦੇ ਚੁਸਤੀ ਵਿਖਾਉਣ ਦੀ ਜਿੰਮੇਵਾਰੀ ਕਿਉਂ ਲੈਂਦੇ ਹੋ? ਤੁਸੀਂ ਅਣਜਾਣੇ ਹੀ ਇਹ ਜਿੰਮੇਵਾਰੀ ਲੈ ਲੈਂਦੇ ਹੋ ਇਸ ਦਾ ਫਲ ਇਹ ਹੁੰਦਾ ਹੈ ਕਿ ਤੁਸੀਂ ਆਤਮਕ ਪਖੋਂ ਗਿਰਾਵਟ ਵਿਚ ਚਲੇ ਜਾਂਦੇ ਹੋ।

ਧਨ ਦੀ ਦੇਵੀ (ਲੱਛਮੀ) ਤੁਹਾਡੇ ਤੋਂ ਦੂਰ ਕਿਉਂ ਰਹਿੰਦੀ ਹੈ? ਉਹ ਤੁਹਾਡੇ ਤੋਂ ਦੂਰ ਇਸ ਲਈ ਭਜਦੀ ਹੈ ਕਿਉਂਕਿ ਤੁਸੀਂ ਚੁਸਤੀ ਅਤੇ ਕਪਟ ਦਾ ਸਹਾਰਾ ਲੈਂਦੇ ਹੋ। ਤੁਸੀਂ ਇੰਝ ਕਰਨ ਦੇ ਆਦੀ ਹੋ ਚੁਕੇ ਹੋ। ਨਹੀਂ ਤਾਂ ਇਕ ਬਾਣੀਆਂ ਆਪਣਾ ਵਪਾਰ ਈਮਾਨਦਾਰੀ ਨਾਲ ਕਰਦਾ ਰਹੇ ਅਤੇ ਚੋਖਾ ਪੈਸਾ ਕਮਾਵੇ। ਕੀ ਉਸ ਨੂੰ ਇਦਾਂ ਦਾ ਕੋਈ ਕੰਮ ਕਰਨਾ ਚਾਹੀਦਾ ਹੈ?

## 72
## ਵਪਾਰ ਵਿਚ ਈਮਾਨਦਾਰੀ

**ਪ੍ਰਸ਼ਨ-ਕਰਤਾ** : ਇਸ ਵਪਾਰੀ ਦੇ ਤੌਰ 'ਤੇ ਸਾਨੂੰ ਕੀ ਕਰਨਾ ਚਾਹੀਦਾ ਹੈ?

**ਦਾਦਾਸ਼੍ਰੀ** : ਤੁਹਾਡੇ ਸਰਵੋਤਮ ਭਲੇ ਲਈ ਮੈਂ ਤੁਹਾਨੂੰ ਦਸਦਾ ਹਾਂ ਕਿ "ਛਲ-ਕਪਟ ਛੱਡ ਦਿਉ। ਈਮਾਲਦਾਰੀ ਨਾਲ ਵਪਾਰ ਕਰੋ।" ਸਪਸ਼ਟ ਸ਼ਬਦਾਂ ਵਿਚ ਆਪਣੇ ਗਾਹਕ ਨੂੰ ਦੱਸ ਦਿਉ ਕਿ ਤੁਹਾਡਾ ਮੁਨਾਫਾ 15% ਹੈ ਅਤੇ ਜੇ ਉਹ ਚਾਹੁਣ ਤਾਂ ਤੁਹਾਡੇ ਪਾਸੋਂ ਚੀਜ ਖ਼ਰੀਦ ਸਕਦੇ ਹਨ। ਦਾਦਾ ਭਗਵਾਨ ਨੇ ਕੀ ਕਿਹਾ ਪਤਾ ਹੈ? "ਜੇ ਤੁਹਾਨੂੰ 300/- ਰੁਪਏ ਪ੍ਰਾਪਤ ਹੋਣੇ ਹਨ ਤਾਂ ਇਹ ਯਕੀਨਨ ਹੀ ਹੋ ਜਾਣਗੇ ਫਿਰ ਭਾਵੇਂ ਤੁਸੀਂ ਚੋਰੀ ਕਰੋ, ਜਾਂ ਧੋਖੇਬਾਜ਼ੀ ਕਰੋ ਜਾਂ ਬੇਈਮਾਨ ਦਾ ਧੰਦਾ ਕਰੋ। ਤੁਹਾਨੂੰ ਇਕ ਧੇਲਾ ਵੀ ਵੱਧ ਜਾਂ ਘੱਟ ਨਹੀਂ ਮਿਲੇਗਾ।" ਫਿਰ ਤੁਸੀਂ ਚੋਰੀ ਕਰਨ ਜਾਂ ਧੋਖਾ ਕਰਨ ਦਾ ਖ਼ਤਰਾ ਮੁੱਲ ਕਿਉਂ ਲੈਂਦੇ ਹੋ? ਸਿਰਫ਼ ਕੁਝ ਦਿਨਾਂ ਲਈ ਹੀ ਈਮਾਨਦਾਰੀ ਨਾਲ ਧੰਦਾ ਕਰਨ ਦਾ ਯਤਨ ਕਰੋ ਅਤੇ ਫਿਰ ਦੇਖੋ ਕੀ ਹੁੰਦਾ ਹੈ? ਪਹਿਲਾ ਕੁਝ ਸਮਾਂ, ਸ਼ਾਇਦ ਕੁਝ ਮਹੀਨੇ ਜਾਂ ਇਕ ਸਾਲ ਤੁਹਾਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਪਰੰਤੂ ਉਸ ਤੋਂ ਬਾਅਦ ਤੁਹਾਡਾ ਵਪਾਰ ਚਮਕ ਜਾਵੇਗਾ। ਤੁਸੀਂ ਵਧੀਆ ਕਮਾਈ ਕਰੋਗੇ। ਲੋਕ ਵੀ ਸਮਝ ਜਾਣਗੇ ਕਿ ਇਹ ਵਿਅਕਤੀ ਈਮਾਨਦਾਰੀ ਨਾਲ ਧੰਦਾ ਕਰਦਾ ਹੈ ਅਤੇ ਇਹ ਕਪਟੀ ਜਾਂ ਧੋਖੇਬਾਜ਼ ਨਹੀਂ ਹੈ। ਉਨ੍ਹਾਂ ਨੂੰ ਪਤਾ ਚੱਲ ਜਾਵੇਗਾ ਕਿ ਤੁਸੀਂ ਮਿਲਾਵਟਖੋਰ ਨਹੀਂ ਹੋ। ਇਸ ਤਰ੍ਹਾਂ ਗਾਹਕ ਤੁਹਾਡੇ ਪਾਸ ਆਉਣਗੇ ਅਤੇ ਉਹ ਵੀ ਆਪਣੇ ਆਪ ਬਗੈਰ ਤੁਹਾਡੀ ਕਿਸੇ ਤਰ੍ਹਾਂ ਦੀ ਖੁਸ਼ਾਮਦ ਦੇ।

ਤੁਹਾਡੀ ਦੁਕਾਨ ਉਪਰ ਕਿੰਨੇ ਗਾਹਕ ਆਉਂਦੇ ਹਨ ਇਹ ਗਿਣਤੀ ਵੀ ਵਿਵਸਥਿਤ ਸ਼ਕਤੀ ਦੇ ਹੱਥ ਹੈ ਅਤੇ ਇਹ ਗੱਲ ਬਹੁਤ ਚੰਗੀ ਤਰ੍ਹਾਂ ਯੋਜਨਾਬੱਧ ਅਤੇ ਕ੍ਰਮਬੱਧ ਹੁੰਦੀ ਹੈ। ਪਰੰਤੂ ਬਦਕਿਸਮਤ ਆਦਮੀ ਕਾਊਂਟਰ ਦੇ ਪਿੱਛੇ ਬੈਠਾ ਮਨ ਵਿਚ ਸੋਚਦਾ ਰਹਿੰਦਾ ਹੈ ਕਿ "ਜੇ ਹੁਣ ਇਕ ਗਾਹਕ ਆ ਜਾਵੇ ਤਾਂ ਠੀਕ ਰਹੇਗਾ; ਮੈਂ ਚਾਹੁੰਦਾ ਹਾਂ ਕਿ ਹੁਣ ਇਕ ਗਾਹਕ ਆ ਜਾਵੇ।" ਇੰਝ ਉਹ ਆਪਣੀ ਭਗਤੀ ਅਤੇ ਪੂਜਾ ਸਭ ਖ਼ਰਾਬ ਕਰ ਲੈਂਦਾ ਹੈ।

ਜੇ ਇਕ ਵਿਅਕਤੀ ਈਮਾਨਦਾਰੀ ਨਾਲ ਵਪਾਰ ਕਰਨ ਦਾ ਮਨ ਬਣਾ ਲੈਂਦਾ ਹੈ ਤਾਂ ਉਹ ਇੱਦਾ ਜ਼ਰੂਰ ਕਰ ਲਵੇਗਾ। "ਜੇ ਤੁਸੀਂ ਖਾਣ ਵਾਲੀ ਚੀਜ ਜਾਂ ਸੋਨੇ ਵਿਚ ਮਿਲਾਵਟ ਕਰਦੇ ਹੋ ਤਾਂ ਤੁਸੀਂ ਇਕ ਗੰਭੀਰ ਅਪਰਾਧ ਕਰ ਰਹੇ ਹੋ।"

ਕੂਚੀ ਲੋਕ ਵੀ 'ਛਲ-ਕਪਟ' ਨਾਂ ਦੀ ਬਿਮਾਰੀ ਦਾ ਸ਼ਿਕਾਰ ਹਨ ਅਤੇ ਉਹ ਤਾਂ ਇਸ ਕਲਾ ਵਿਚ ਬਾਣੀਆਂ ਤੋਂ ਵੀ ਅੱਗੇ ਹਨ।

**ਪ੍ਰਸ਼ਨ-ਕਰਤਾ** : ਹੁਣ ਤਾਂ ਸਮਾਂ ਹੀ ਅਜਿਹਾ ਹੈ ਕਿ ਤੁਹਾਨੂੰ ਕਪਟੀ ਅਤੇ ਧੋਖੇਬਾਜ ਲੋਕਾਂ ਵਿਚਕਾਰ ਰਹਿਣਾ ਪੈਂਦਾ ਹੈ।

**ਦਾਦਾਸ਼੍ਰੀ** : ਪਰੰਤੂ ਤੁਸੀਂ ਇਕ ਗੱਲ ਹਮੇਸ਼ਾ ਮਨ ਵਿਚ ਯਾਦ ਰਖੋ ਕਿ ਤੁਸੀਂ ਅਜਿਹੇ ਲੋਕਾਂ ਤੋਂ ਕਿਵੇਂ ਬਚਾਅ ਕਰਨਾ ਹੈ। ਜੇ ਤੁਸੀਂ ਇਹ ਗੱਲ ਮਨ ਵਿਚ ਰਖਦੇ ਹੋ ਤਾਂ ਤੁਸੀਂ ਪਸ਼ਚਾਤਾਪ ਦੇ ਰਾਹੀਂ ਇਕ ਬਹੁਤ ਵੱਡੀ ਜਿੰਮੇਵਾਰੀ ਤੋਂ ਸੁਰਖ਼ਰੂ ਹੋ ਜਾਉਗੇ ਅਤੇ ਤੁਹਾਡੇ ਲਈ ਆਉਣ ਵਾਲੇ ਹਾਲਾਤ ਵੀ ਸੁਖਾਵੇਂ ਹੋਣਗੇ। ਉਨ੍ਹਾਂ ਹਾਲਾਤਾਂ ਵਿਚ ਤੁਹਾਨੂੰ ਕੋਈ ਧੋਖਾ ਜਾਂ ਛਲ ਕਰਨ ਦੀ ਲੋੜ ਨਹੀਂ ਪਵੇਗੀ। ਤੁਹਾਡਾ ਧੰਦਾ ਵਧੇ-ਫੁੱਲੇਗਾ ਅਤੇ ਲੋਕ ਤੁਹਾਡੇ ਧੰਦੇ ਦੀ ਤਾਰੀਫ਼ ਕਰਨਗੇ।

ਜੇ ਅਸੀਂ ਮੁਕਤੀ ਪ੍ਰਾਪਤ ਕਰਨੀ ਚਾਹੁੰਦੇ ਹਾਂ ਤਾਂ ਸਾਨੂੰ ਹਮੇਸ਼ਾ ਗਿਆਨੀ ਪੁਰਸ਼ ਦੀ ਅਗਵਾਈ ਅਧੀਨ ਚਲਣਾ ਚਾਹੀਦਾ ਹੈ। ਜੇ ਅਸੀਂ ਮੁਕਤ-ਪਦ ਦੀ ਪ੍ਰਾਪਤੀ ਨਹੀਂ ਚਾਹੁੰਦੇ ਤਾਂ ਫਿਰ ਅਸੀਂ ਭੇਡ ਚਾਲ ਚਲਦਿਆਂ ਦੂਜਿਆਂ ਦੀ ਤਰ੍ਹਾਂ ਹੀ ਵਿਵਹਾਰ ਕਰ ਸਕਦੇ ਹਾਂ। ਪਰੰਤੂ ਸਾਨੂੰ ਸਾਡੇ ਮਨ ਅੰਦਰ ਹਮੇਸ਼ਾ ਚੇਤੰਨ ਰਹਿਣਾ ਚਾਹੀਦਾ ਹੈ ਕਿ ਅਸੀਂ ਧੋਖੇਬਾਜ਼ੀ ਵਾਲੇ ਧੰਦੇ ਵਿਚ ਨਹੀਂ ਪੈਣਾ ਚਾਹੁੰਦੇ। ਇੰਝ ਅਸੀਂ ਜ਼ਰੂਰ ਆਪਣੀ ਪਸੰਦ ਦਾ ਵਪਾਰ ਹਾਸਲ ਕਰਨ ਵਿਚ ਸਫ਼ਲ ਹੋ ਜਾਵਾਂਗੇ।

ਸਾਡੀ ਵਪਾਰ ਕਰਨ ਦੀ ਪਾਲਿਸੀ ਇਹੋ ਜਿਹੀ ਹੋਣੀ ਚਾਹੀਦੀ ਹੈ ਕਿ ਜਦੋਂ ਬੱਚੇ ਵੀ ਤੁਹਾਡੀ ਦੁਕਾਨ ਉਪਰ ਆਉਣ ਤਾਂ ਉਨ੍ਹਾਂ ਦੇ ਮਾਪਿਆਂ ਨੂੰ ਰੱਤਾ ਵੀ ਚਿੰਤਾ ਨਾ ਹੋਵੇ ਕਿ ਉਨ੍ਹਾਂ ਦੇ ਬੱਚਿਆਂ ਨਾਲ ਕੋਈ ਠੱਗੀ ਹੋ ਸਕਦੀ ਹੈ।

## 73
## ਪੈਸੇ ਦੀ ਤੰਗੀ ਕਿਉਂ?

**ਪ੍ਰਸ਼ਨ-ਕਰਤਾ** : ਅਕਸਰ ਹੀ ਵਿਅਕਤੀ ਨੂੰ ਪੈਸੇ ਦੀ ਤੰਗੀ ਦਾ ਸਾਹਮਣਾ ਕਰਨਾ ਪੈਂਦਾ ਹੈ?

**ਦਾਦਾਸ਼੍ਰੀ** : ਕੀ ਤੁਸੀਂ ਜਾਣਦੇ ਹੋ ਕਿ ਵਿਅਕਤੀ ਨੂੰ ਪੈਸੇ ਦੀ ਤੰਗੀ ਕਿਉਂ ਆਉਂਦੀ ਹੈ? ਪੈਸੇ

ਦੀ ਤੰਗੀ ਦਾ ਮੁੱਖ ਕਾਰਨ ਹੈ ਚੋਰੀ। ਜਿਥੇ ਕਿਧਰੇ ਵੀ ਮਨ, ਬਚਨ ਜਾਂ ਕਰਮ ਦੇ ਰਾਹੀਂ ਨਾ ਕੋਈ ਚੋਰੀ ਕੀਤੀ ਜਾਂਦੀ ਹੈ ਅਤੇ ਨਾ ਹੀ ਕੋਈ ਧੋਖਾਧੜੀ, ਉਥੇ ਧਨ ਦੀ ਦੇਵੀ, ਲੱਛਮੀ, ਵੀ ਦੌਲਤ ਦਾ ਖੁੱਲ੍ਹਾ ਮੀਂਹ ਵਰਸਾ ਕੇ ਖੁਸ਼ੀ ਮਹਿਸੂਸ ਕਰਦੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਚੋਰੀ ਦੌਲਤ ਮਿਲਣ ਦੇ ਰਾਹ ਵਿਚ ਰੁਕਾਵਟ ਹੈ।

ਦੌਲਤ ਕਮਾਉਣ ਹਿਤ ਬੁੱਧੀ ਦਾ ਇਸਤੇਮਾਲ ਕਰਨ ਦੀ ਜ਼ਰੂਰਤ ਨਹੀਂ। ਬੁੱਧੀ ਦਾ ਇਸਤੇਮਾਲ ਤਾਂ ਆਮ ਲੋਕਾਂ ਦੇ ਭਲੇ ਹਿਤ ਕਰਨ ਵਾਲੇ ਕਾਰਜਾਂ ਲਈ ਕਰਨਾ ਚਾਹੀਦਾ ਹੈ।

ਸਹੀ ਗਿਆਨ ਪ੍ਰਾਪਤ ਕਰਕੇ ਹੀ ਵਿਅਕਤੀ ਨੂੰ ਚਾਨਣਾ ਹੋ ਜਾਂਦਾ ਹੈ ਅਤੇ ਉਹ ਸਪਸ਼ਟ ਵੇਖ ਅਤੇ ਜਾਣ ਸਕਦਾ ਹੈ ਕਿ ਕਿਹੜੇ ਕਾਰਜ ਉਸ ਨੂੰ ਖੁਸ਼ੀ ਦਿੰਦੇ ਹਨ ਅਤੇ ਕਿਹੜੇ ਕਾਰਜ ਉਸ ਦੇ ਲਈ ਦੁਖਾਂ ਦਾ ਕਾਰਨ ਬਣਦੇ ਹਨ। ਇਹ ਅਖੌਤੀ ਗਿਆਨਵਾਨ ਪ੍ਰਾਣੀ ਆਪਣੀਆਂ ਚਲਾਕੀਆਂ ਨਾਲ ਸਭ ਕੁਝ ਖ਼ਰਾਬ ਕਰ ਦਿੰਦੇ ਹਨ।

ਸਾਡੇ ਕੋਸ਼ ਵਿਚ ਕਪਟ, ਧੋਖਾ, ਆਦਿ ਸ਼ਬਦ ਹੋਣੇ ਹੀ ਨਹੀਂ ਚਾਹੀਦੇ। ਤੁਹਾਨੂੰ ਵਿਗਿਆਨਕ ਵਿਵਸਥਿਤ ਸ਼ਕਤੀ ਬਾਰੇ ਗਿਆਨ ਕਿਉਂ ਦਿੱਤਾ ਗਿਆ ਹੈ? ਘਟਨਾਵਾਂ ਜਿਵੇਂ ਵਿਵਸਥਿਤਾ ਨੇ ਵਾਪਰਨੀਆਂ ਨੀਯਤ ਕੀਤੀਆਂ ਹਨ ਉਨ੍ਹਾਂ ਨੂੰ ਉਸੇ ਤਰ੍ਹਾਂ ਵਾਪਰਨ ਦਿਉ। ਜੇ ਇਕ ਵਪਾਰੀ/ਦੁਕਾਨਦਾਰ ਨੂੰ 1100 ਰੁਪਏ ਦਾ ਮੁਨਾਫਾ ਹੋਣਾ ਹੈ ਤਾਂ ਇਸ ਨੂੰ ਜੀ-ਆਇਆਂ ਅਤੇ ਜੇ ਉਨ੍ਹਾਂ ਹੀ ਘਾਟਾ ਪੈ ਰਿਹਾ ਹੈ ਤਾਂ ਉਸ ਨੂੰ ਵੀ ਉਸੇ ਭਾਵਨਾ ਨਾਲ ਜੀ-ਆਇਆਂ। ਇਹ ਸਭ ਵਿਵਸਥਿਤਾ ਦੇ ਘੇਰੇ ਵਿਚ ਹੈ। ਸਾਡੇ ਆਪਣੇ ਹੱਥ-ਵੱਸ ਕੁਝ ਵੀ ਨਹੀਂ। ਜੇ ਵਿਅਕਤੀ ਦੇ ਆਪਣੇ ਵੱਸ ਵਿਚ ਹੋਵੇ ਤਾਂ ਕੀ ਉਹ ਆਪਣੇ ਸਿਰ ਦੇ ਕਾਲੇ ਵਾਲਾਂ ਨੂੰ ਧੌਲਿਆਂ ਵਿਚ ਬਦਲਣ ਦੇਵੇਗਾ? ਉਹ ਕੋਈ ਨਾ ਕੋਈ ਚੁਸਤੀ ਵਰਤ ਕੇ ਅਤੇ ਧੋਖਾਧੜੀ ਕਰਕੇ ਹਮੇਸ਼ਾ ਲਈ ਆਪਣੇ ਵਾਲ ਕਾਲੇ ਹੀ ਬਣਾਈ ਰੱਖੇ।

ਚੁਸਤੀ-ਚਲਾਕੀ ਅਤੇ ਹੇਰਾਫੇਰੀ ਨਾ ਕਰਨ ਵਾਲਾ ਵਿਅਕਤੀ ਸਾਫ਼-ਦਿਲ ਅਤੇ ਭੋਲਾ-ਭਾਲਾ ਹੁੰਦਾ ਹੈ। ਉਸ ਦੇ ਚੇਹਰੇ ਉਪਰ ਨਜ਼ਰ ਪੈਣ ਨਾਲ ਹੀ ਸਾਨੂੰ ਪ੍ਰਸੰਨਤਾ ਮਿਲਦੀ ਹੈ। ਪਰੰਤੂ ਇਕ ਧੋਖੇਬਾਜ ਦਾ ਚੇਹਰਾ ਹਮੇਸ਼ਾ ਬੇਲੋੜਾ ਗੰਭੀਰ ਜਾਪਦਾ ਹੈ। ਮਾਨੋ ਉਸ ਨੇ ਅਰਿੰਡ ਦਾ ਤੇਲ ਪੀ ਲਿਆ ਹੋਵੇ। ਉਸ ਦਾ ਸਮੁੱਚਾ ਚੌਗਿਰਦਾ ਉਦਾਸੀ ਨਾਲ ਘਿਰਿਆ ਹੁੰਦਾ ਹੈ। ਜਦੋਂ ਪ੍ਰਾਣੀ ਸ਼ੁੱਧ ਆਤਮਾ ਬਣ ਜਾਂਦਾ ਹੈ ਤਾਂ ਉਸ ਨੂੰ ਆਪਣੇ ਅੰਦਰਲੀਆਂ ਸਭ ਬੁਰਾਈਆਂ ਬਾਹਰ ਕੱਢ ਸੁੱਟਣੀਆਂ ਹੁੰਦੀਆਂ ਹਨ। ਵਿਅਕਤੀ ਜੋ ਵੀ ਹਾਸਲ ਕਰਦਾ ਹੈ ਉਸ ਨੇ ਉਹ ਵਾਪਸ ਵੀ ਮੋੜਨਾ ਹੁੰਦਾ ਹੈ। ਠੀਕ ਹੈ? ਇਸ ਭੁਲੇਖੇ ਵਿਚ ਨਾ ਰਹੋ ਕਿ ਤੁਹਾਨੂੰ ਚਲਾਕੀ ਅਤੇ ਹੇਰਾ-ਫੇਰੀ ਨਾਲ ਇਕੱਤਰ ਕੀਤਾ ਹੋਇਆ ਪੈਸਾ ਵਾਪਸ ਕਰਨ ਲਈ ਮਜ਼ਬੂਰ ਨਹੀਂ ਹੋਣਾ ਪਵੇਗਾ। ਤੁਹਾਨੂੰ ਹਰ ਚੀਜ ਮੋੜਨੀ ਪਵੇਗੀ ਅਤੇ ਉਹ ਵੀ ਬਹੁਤ ਸਾਰਾ ਦੁਖ-ਦਰਦ ਭੋਗਣ

ਤੋਂ ਬਾਦ। ਇਸ ਲਈ ਮੈਂ ਤੁਹਾਨੂੰ ਸਲਾਹ ਦਿੰਦਾ ਹਾਂ: 'ਈਮਾਨਦਾਰੀ ਸਭ ਤੋਂ ਵਧੀਆ ਪਾਲਿਸੀ ਹੈ ਅਤੇ ਬੇਈਮਾਨੀ ਸਭ ਤੋਂ ਵੱਡੀ ਮੂਰਖਤਾ'।

## 74

## ਬੁੱਧੀ ਅਤੇ ਗਿਆਨ ਦੀਆਂ ਕ੍ਰਿਆਵਾਂ

**ਪ੍ਰਸ਼ਨ-ਕਰਤਾ** : ਬੁੱਧੀ ਕਿਸ ਤਰ੍ਹਾਂ ਕਾਰਜਗਤ ਹੁੰਦੀ ਹੈ ਅਤੇ ਗਿਆਨ ਕਿਵੇਂ ਕੰਮ ਕਰਦਾ ਹੈ?

**ਦਾਦਾਸ਼੍ਰੀ** : ਕੀ ਅਪਵਿੱਤਰ ਹੈ? ਕੀ ਬੁਰਾ ਹੈ ਅਤੇ ਕੀ ਚੰਗਾ ਹੈ? ਇਸ ਬਾਰੇ ਜਾਣਕਾਰੀ ਦੇਣਾ ਬੁੱਧੀ ਦਾ ਕੰਮ ਹੈ, ਗਿਆਨ ਦਾ ਨਹੀਂ। ਗਿਆਨ ਦਾ ਕੰਮ ਸਿਰਫ 'ਪਵਿੱਤਰ' ਨੂੰ ਵੇਖਣਾ ਅਤੇ ਜਾਨਣਾ ਹੈ। ਪਰੰਤੂ ਬੁੱਧੀ ਗਲਤੀ ਨਾਲ ਇਹ ਵਿਸ਼ਵਾਸ ਕਰਦੀ ਹੈ ਕਿ ਜਾਣੀ ਜਾਣ ਵਾਲੀ ਵਸਤੂ ਹੀ ਜਾਨਣ ਵਾਲਾ ਹੈ: ਦੋਵੇਂ ਇਕ ਹੀ ਹਨ। 'ਮੈਂ ਅਮਿਤ ਹਾਂ' ਜਾਣੀ ਜਾਣ ਵਾਲੀ ਵਸਤੂ ਹੈ ਅਤੇ ਇਸ ਨੂੰ ਹੀ ਜਾਨਣ ਵਾਲਾ ਤਸਲੀਮ ਕਰਨਾ ਗਲਤਫਹਿਮੀ ਹੈ। ਇਹ ਕਾਰਜ ਬੁੱਧੀ ਦਾ ਹੈ। ਹਉਮੈਂ ਵਿਚ ਹਮੇਸ਼ਾ ਹੀ ਬੁੱਧੀ ਦਾ ਮੇਲ ਹੁੰਦਾ ਹੈ ਅਤੇ ਇਹ ਗਲਤੀ ਨਾਲ ਹੀ ਜਾਣੀ ਜਾਣ ਵਾਲੀ ਵਸਤੂ ਨੂੰ ਹੀ ਜਾਨਣ ਵਾਲਾ ਮੰਨ ਲੈਣ ਦੀ ਗਲਤੀ ਕਰਦੀ ਹੈ। ਜੇ ਅਸੀਂ ਬੁੱਧੀ ਦੇ ਕਾਰਜ ਨੂੰ ਹੀ ਗਿਆਨ ਦਾ ਕਾਰਜ ਸਮਝਣ ਦੀ ਭੁੱਲ ਕਰਦੇ ਹਾਂ ਤਾਂ ਅਸੀਂ ਇਥੇ ਮੁਕਤੀ ਕਿਸ ਤਰ੍ਹਾਂ ਪ੍ਰਾਪਤ ਕਰ ਸਕਦੇ ਹਾਂ?

**ਪ੍ਰਸ਼ਨ-ਕਰਤਾ** : ਬੁੱਧੀ ਵੀ ਵਿਅਕਤੀ ਨੂੰ ਮਹਿਸੂਸ ਕਰਨ ਅਤੇ ਵੇਖਣ ਵਿਚ ਸਹਾਇਤਾ ਕਰਦੀ ਹੈ।

**ਦਾਦਾਸ਼੍ਰੀ** : ਜਾਣੇ ਹੋਏ ਨੂੰ ਜਾਣਿਆ ਹੋਇਆ ਮਹਿਸੂਸ ਕਰਨਾ ਬੁੱਧੀ ਦੀ ਪਹੁੰਚ ਤੋਂ ਪਰ੍ਹੇ ਹੈ ਕਿਉਂਕਿ ਬੁੱਧੀ ਤਾਂ ਆਪ ਇਕ ਜਾਣੀ ਹੋਈ ਵਸਤੂ ਹੈ। ਇਸ ਲਈ ਇਹ 'ਸੱਚ' ਨੂੰ ਵੇਖ ਹੀ ਨਹੀਂ ਸਕਦੀ।

**ਪ੍ਰਸ਼ਨ-ਕਰਤਾ** : ਕੀ ਅਸੀਂ ਬੁੱਧੀ ਦੀ ਸਹਾਇਤਾ ਨਾਲ ਸੰਸਾਰ ਦੀ ਉਤਪਤੀ ਬਾਰੇ ਨਹੀਂ ਜਾਣ ਸਕਦੇ?

**ਦਾਦਾਸ਼੍ਰੀ** : 'ਇਸ ਸੰਸਾਰ ਦਾ ਨਾਂ ਤਾਂ ਕੋਈ ਆਦਿ ਹੈ ਅਤੇ ਨਾ ਹੀ ਕੋਈ ਅੰਤ। ਇਹ ਤਾਂ ਸਦੀਵੀ ਹੈ।' ਇਸ ਅਮਲੇ ਵਿਚ ਵੀ ਲੋਕ ਆਪਣੀ ਬੁੱਧੀ ਨੂੰ ਇਸਤੇਮਾਲ ਕਰਦੇ ਹਨ ਅਤੇ ਕਈ ਭਰਮ-ਭੁਲੇਖੇ ਪੈਦਾ ਕਰਦੇ ਹਨ। ਇਸ ਤਰ੍ਹਾਂ ਦੀ ਜਾਣਕਾਰੀ ਦਾ ਤੁਹਾਨੂੰ ਕੀ ਲਾਭ ਹੈ? ਇਹ ਤਾਂ ਅਸੀਮਿਤ ਅਤੇ ਅਨੰਤ ਹੈ। ਇਹ ਤਾਂ ਇਕ ਗੋਲ ਚੱਕਰ ਦੀ ਨਿਆਈਂ ਹੈ: ਇਕ ਗੋਲ

ਚੱਕਰ ਦਾ ਕੋਈ ਆਦਿ ਜਾਂ ਅੰਤ ਕਿਵੇਂ ਹੋ ਸਕਦਾ ਹੈ? ਇਸ ਸੰਸਾਰ ਦੇ ਆਦਿ ਅਤੇ ਅੰਤ ਦੇ ਨਾਂ ਹੋਣ ਬਾਰੇ ਜਿਸ ਪਲ ਤੁਹਾਨੂੰ ਚਾਨਣਾ ਹੋ ਜਾਵੇਗਾ ਉਸੇ ਪਲ ਤੁਸੀਂ ਆਪਣੀ ਬੁੱਧੀ ਤੋਂ ਉਪਰ ਉਠ ਕੇ ਗਿਆਨੀ ਪੁਰਸ਼ ਬਣ ਜਾਉਗੇ।

**ਪ੍ਰਸ਼ਨ-ਕਰਤਾ** : ਕੀ ਬੁੱਧੀ ਵਿਅਕਤੀ ਨੂੰ ਆਪਣੇ ਆਪ ਆਪਣੀ ਆਤਮਕ ਪ੍ਰਗਤੀ ਦੇ ਰਸਤੇ ਉਪਰ ਚਲਣ ਵਿਚ ਲਾਹੇਵੰਦ ਹੋ ਸਕਦੀ ਹੈ?

**ਦਾਦਾਸ਼੍ਰੀ** : ਮਨਮੌਜੀ ਕਿਸਮ ਦਾ ਰਵੱਈਆ ਭ੍ਰਮਿਤ ਬੁੱਧੀ ਹੈ। ਬੇ-ਰੋਕਟੋਕ ਵਾਲਾ ਅਤੇ ਵਿਲਾਸੀ ਜੀਵਨ ਜਿਉਂ ਕੇ ਲੋਕ ਖ਼ੁਦ ਦਾ ਹੀ ਨੁਕਸਾਨ ਕਰਦੇ ਹਨ। ਜਦੋਂ ਕੋਈ ਵਿਅਕਤੀ ਇਸ ਤਰ੍ਹਾਂ ਮਨਮਰਜੀ ਅਨੁਸਾਰ ਹੀ ਸਾਰੇ ਕੰਮ-ਕਾਰ ਕਰਦਾ ਹੈ ਤਾਂ ਇਹ ਲਾਪਰਵਾਹੀ ਵਾਲੇ ਕਾਰਜ ਹੁੰਦੇ ਹਨ - ਭਾਵੇਂ ਅਜਿਹਾ ਵਿਅਕਤੀ ਕੋਈ ਨੇਕ ਕੰਮ ਕਰ ਰਿਹਾ ਹੋਵੇ ਜਾਂ ਬੁਰਾ ਕੰਮ ਅਤੇ ਭਾਵੇਂ ਉਹ ਕੋਈ ਧਰਮ-ਗਰੰਥ ਦਾ ਪਾਠ ਹੀ ਕਰ ਰਿਹਾ ਹੋਵੇ। ਜੇ ਧਰਮ-ਗਰੰਥ ਪੜਦਿਆਂ ਹੋਇਆਂ ਵੀ ਮਨ ਅੰਦਰ ਕੋਈ ਗਲਤ ਵਿਚਾਰ ਉਗਮਦਾ ਹੈ ਤਾਂ ਵੀ ਇਸ ਦਾ ਫਲ ਅਨੰਤ ਜਨਮਾਂ ਦੇ ਚੱਕਰ ਵਿਚ ਭਟਕਣਾ ਹੀ ਹੋਵੇਗਾ। ਇਸ ਲਈ ਬੁੱਧੀ ਦੇ ਮਨਮੌਜੀ, ਜਿੱਦੀ ਹੋਣ ਤੋਂ ਬਚ ਕੇ ਰਹੋ।

ਜਦੋਂ ਪਥ-ਭ੍ਰਸ਼ਟ ਬੁੱਧੀ ਤੁਹਾਡੀ ਅਗਵਾਈ ਕਰਨੀ ਸ਼ੁਰੂ ਕਰ ਦਿੰਦੀ ਹੈ ਤਾਂ ਇਸ ਲਈ ਸਿਰਫ਼ ਅਤੇ ਸਿਰਫ਼ ਤੁਸੀਂ ਆਪ ਹੀ ਜਿੰਮੇਵਾਰ ਹੋ। ਪਰਮਾਤਮਾ ਤੁਹਾਡੇ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਨਹੀਂ ਕਰਦਾ। ਇਹੋ ਜਿਹੀ ਪਥ-ਪ੍ਰਸ਼ਟ ਬੁੱਧੀ ਲੈਣ ਵਾਲੇ ਅਤੇ ਦੇਣ ਵਾਲੇ ਦੋਹਾਂ ਲਈ ਹੀ ਦੁੱਖ ਦਾ ਕਾਰਨ ਬਣਦੀ ਹੈ।

**ਪ੍ਰਸ਼ਨ-ਕਰਤਾ** : ਬੁੱਧੀ ਨੇ ਬਹੁਤ ਉੱਨਤੀ ਕੀਤੀ ਹੈ ਪਰੰਤੂ ਫਿਰ ਵੀ ਖ਼ੁਸ਼ੀ ਕਿਉਂ ਨਹੀਂ? ਇਹ ਮੇਰੀ ਸਮਝ ਤੋਂ ਬਾਹਰ ਹੈ।

**ਦਾਦਾਸ਼੍ਰੀ** : ਬੁੱਧੀ ਦੋ ਪ੍ਰਕਾਰ ਦੀ ਹੁੰਦੀ ਹੈ - ਅੰਦਰੂਨੀ/ਆਂਤਰਿਕ ਜਾਂ ਆਤਮਕ ਬੁੱਧੀ ਅਤੇ ਬਾਹਰੀ/ਦੁਨਿਆਵੀ ਬੁੱਧੀ। ਭਾਰਤੀਆਂ ਕੋਲ ਆਂਤਰਿਕ ਬੁੱਧੀ ਹੈ ਅਤੇ ਵਿਦੇਸ਼ੀਆਂ ਕੋਲ ਦੁਨਿਆਵੀ ਬੁੱਧੀ। ਜਿਨ੍ਹਾਂ ਵਿਅਕਤੀਆਂ ਕੋਲ ਆਂਤਰਿਕ ਬੁੱਧੀ ਹੈ ਉਹ ਵਧੇਰੇ ਉਤੇਜਨਾਸ਼ੀਲ ਹੋ ਜਾਂਦੇ ਹਨ ਕਿਉਂਕਿ ਆਂਤਰਿਕ ਬੁੱਧੀ ਜਿੰਨੀ ਵਧੇਰੇ ਉੱਨਤ ਹੋਵੇਗੀ ਉਨੀ ਵਧੇਰੇ ਇਹ ਉਤੇਜਿਤ ਮਹਿਸੂਸ ਕਰੇਗੀ। ਇਸ ਦੇ ਉਲਟ, ਵਿਦੇਸ਼ੀ ਸਹਿਜ ਅਤੇ ਸ਼ਾਂਤ ਹੁੰਦੇ ਹਨ ਜਦੋਂ ਕਿ ਭਾਰਤੀ ਕਈ ਮਾਮਲਿਆਂ ਵਿਚ ਸਹਿਜ ਹਨ ਅਤੇ ਕਈ ਹੋਰ ਮਸਲਿਆਂ ਵਿਚ ਉਹ ਵਧੇਰੇ ਵਿਕਲਪੀ ਅਤੇ ਵਿਆਕੁਲ ਹੁੰਦੇ ਹਨ। ਪਰੰਤੂ ਇਹ ਪੱਕੀ ਗੱਲ ਹੈ ਕਿ ਸਿਰਫ਼ ਆਂਤਰਿਕ ਬੁੱਧੀ ਹੀ ਆਤਮਕ ਖ਼ੇਤਰ ਵਿਚ ਸਹਾਇਕ ਸਾਬਤ ਹੋ ਸਕਦੀ ਹੈ।

ਬਾਹਰੀ/ਦੁਨਿਆਵੀ ਬੁੱਧੀ ਬਾਹਰੀ ਜਗਤ ਦੀ ਛਾਣ-ਬੀਣ ਹੀ ਕਰਦੀ ਹੈ: ਬਾਹਰੀ ਜਗਤ ਵਿਚ ਅਨੇਕਾਂ ਵਸਤਾਂ ਅਤੇ ਵਿਸ਼ੇ ਹਨ। ਜੇਕਰ ਬੁੱਧੀ ਅੰਦਰੂਨੀ ਖੋਜ ਕਰ ਸਕੇ ਤਾਂ ਇਹ ਲਾਹੇਵੰਦ ਹੁੰਦੀ ਹੈ। ਲੋਕਾਂ ਦੀ ਬੁੱਧੀ ਲਗਾਤਾਰ ਬਾਹਰੀ ਜਗਤ ਵਿਚ ਭਟਕਦੀ ਰਹਿੰਦੀ ਹੈ ਜਿਸ ਦੇ ਨਤੀਜੇ ਵਜੋਂ ਇਹ ਥੱਕ ਜਾਂਦੀ ਹੈ। ਪਰੰਤੂ ਜਦੋਂ ਮੈਂ ਅਜਿਹੇ ਵਿਅਕਤੀ ਨੂੰ ਉਹ ਬੁੱਧੀ ਦਿੰਦਾ ਹਾਂ ਜਿਹੜੀ ਲਗਾਤਾਰ ਅੰਦਰ ਵਲ ਹੀ ਸਫ਼ਰ ਕਰਦੀ ਹੈ ਤਾਂ ਉਸ ਦੇ ਜੀਵਨ ਦੀ ਪਹੇਲੀ ਹੱਲ ਹੋ ਜਾਂਦੀ ਹੈ। ਤੁਹਾਡੀ ਬੁੱਧੀ ਪਥ-ਭ੍ਰਸ਼ਟ ਹੈ। ਇਹ ਖੁਸ਼ੀ ਨੂੰ ਦੂਰ ਭਜਾ ਦਿੰਦੀ ਹੈ ਅਤੇ ਦੁੱਖਾਂ ਨੂੰ ਬੁਲਾਵਾ ਦਿੰਦੀ ਹੈ ਕਿਉਂਕਿ ਤੁਸੀਂ ਅਸਲ ਖੁਸ਼ੀ ਅਤੇ ਦੁੱਖ ਵਿਚ ਫ਼ਰਕ ਸਮਝਣ ਦੇ ਅਸਮਰਥ ਹੋ।

ਬੁੱਧੀ ਤੁਹਾਨੂੰ ਸਹੀ ਰਸਤੇ ਤੋਂ ਭਟਕਾਉਂਦੀ ਹੈ। ਇਹ ਪਦਾਰਥਕ ਵਸਤਾਂ ਤੋਂ ਸਿਰਫ਼ ਵਕਤੀ ਖੁਸ਼ੀ ਹਾਸਲ ਕਰਦੀ ਹੈ। ਵਸਤਾਂ ਦਾ ਤਾਂ ਕੋਈ ਅੰਤ ਹੀ ਨਹੀਂ। ਕਲਪਨਾ ਕਰੋ ਕਿ ਕੋਈ ਵਿਅਕਤੀ ਤੁਹਾਡੀ ਨਵੀਂ ਕਾਰ ਉਪਰ ਚਾਰ ਝਰੀਟਾਂ ਮਾਰ ਦਿੰਦਾ ਹੈ ਜਾਂ ਉਸ ਵਿਚ ਕੋਈ ਚਿੱਬ ਪਾ ਦਿੰਦਾ ਹੈ ਤਾਂ ਕੀ ਹੋਵੇਗਾ? ਬੁੱਧੀ ਜਿਹੜੀਆਂ ਵੀ ਖੁਸ਼ੀਆਂ ਸਮੇਟਦੀ ਹੈ ਉਹ ਸਾਰੀਆਂ ਅਖੀਰ ਦੁੱਖਾਂ ਵਿਚ ਤਬਦੀਲ ਹੋ ਜਾਂਦੀਆਂ ਹਨ। ਇਨ੍ਹਾਂ ਦੁਨਿਆਵੀ ਵਸਤਾਂ ਦੀ ਖਿੱਚ ਨਾਲ ਮੋਹੀ ਹੋਈ ਬੁੱਧੀ ਉਨ੍ਹਾਂ ਉੱਪਰ ਖੁਸ਼ੀ ਦਾ ਪਰਦਾ ਪਾ ਦਿੰਦੀ ਹੈ। ਸੱਚ ਤਾਂ ਇਹ ਕਿ ਦੁਨਿਆਵੀ ਵਸਤਾਂ ਵਿਚ ਕੋਈ ਖੁਸ਼ੀ ਨਹੀਂ।

ਆਪਣੀ ਸ਼ੁੱਧ ਆਤਮਾ ਦੇ ਅਨੰਦ ਨੂੰ ਖੋਜਣ ਦੇ ਲਈ ਹਰ ਵਿਅਕਤੀ ਦੀ ਆਤਮਾ ਇਕ ਤੋਂ ਬਾਦ ਦੂਜੀ ਵਸਤੂ ਦਾ ਅਨੰਦ ਲੈਣਾ ਸ਼ੁਰੂ ਕਰ ਦਿੰਦੀ ਹੈ ਅਤੇ ਫਿਰ ਇਹ ਜਾਨਣ ਦਾ ਯਤਨ ਕਰਦੀ ਹੈ ਕਿ ਉਹ ਕਿਹੜੀ ਵਸਤੂ ਹੈ ਜਿਸ ਨੇ ਮੈਨੂੰ ਆਂਤਰਿਕ ਅਨੰਦ ਦਿੱਤਾ ਹੈ। ਇੰਝ ਹਰ ਵਿਅਕਤੀ ਦੀ ਆਤਮਾ ਪ੍ਰਸੰਨਤਾ ਦੀ ਭਾਲ ਵਿਚ ਇਕ ਸਫ਼ਰ ਉਪਰ ਨਿਕਲ ਪੈਂਦੀ ਹੈ। ਵਿਅਕਤੀ ਪਹਿਲਾਂ ਫੈਸਲਾ ਕਰਦਾ ਹੈ ਕਿ ਇਹ ਖੁਸ਼ੀ ਦੌਲਤ ਵਿਚ ਹੈ। ਇਸ ਲਈ ਉਹ ਵਿਸ਼ਵਾਸ ਕਰਦਾ ਹੈ ਕਿ ਦੌਲਤ ਹੀ ਖੁਸ਼ੀ ਦਾ ਕਾਰਨ ਹੈ। ਪਰੰਤੂ ਜਦੋਂ ਉਹ ਦੌਲਤ ਪਿੱਛੇ ਪਾਗਲਾਂ ਦੀ ਤਰ੍ਹਾਂ ਦੌੜਦਾ ਹੈ ਤਾਂ ਉਹ ਖੁਸ਼ ਹੋਣ ਦੀ ਬਜਾਇ ਦੁਖੀ ਹੋ ਜਾਂਦਾ ਹੈ।

ਹੁਣ ਉਹ ਫੈਸਲਾ ਕਰਦਾ ਹੈ ਕਿ ਅਸਲੀ ਪ੍ਰਸੰਨਤਾ ਔਰਤ-ਸੁਖ ਵਿਚ ਹੈ। ਇਕ ਔਰਤ ਇਹ ਸੋਚਦੀ ਹੈ ਕਿ ਪ੍ਰਸੰਨਤਾ ਤਾਂ ਮਰਦ-ਸੁਖ ਵਿਚ ਹੀ ਹੈ ਅਤੇ ਮਰਦ ਸੋਚਦਾ ਹੈ ਕਿ ਅਸਲੀ ਖੁਸ਼ੀ ਇਸਤਰੀ-ਸੁਖ ਵਿਚ ਹੈ। ਉਹ ਸੋਚਦੇ ਹਨ ਕਿ ਪ੍ਰਸੰਨਤਾ ਭੋਗ-ਵਿਲਾਸ ਅਤੇ ਦੌਲਤ ਵਿਚ ਹੀ ਹੈ। ਉਹ ਫੈਸਲਾ ਕਰ ਲੈਂਦੇ ਹਨ ਕਿ ਆਨੰਦ ਤਾਂ ਸਿਰਫ਼ ਇਨ੍ਹਾਂ ਦੋ ਚੀਜਾਂ ਵਿਚ ਹੀ ਹੈ। ਪਰੰਤੂ ਜੇਕਰ ਪਤਨੀ ਪਤੀ ਦੇ ਵਿਰੁੱਧ ਡੰਡਾ ਚੁੱਕ ਲਵੇ ਤਾਂ ਫਿਰ ਦੁਖ ਹੀ ਦੁਖ ਹੈ।

ਕਲਪਨਾ ਕਰੋ ਜੇ ਦੌਲਤ ਵੀ ਤੁਹਾਡੇ ਵਿਰੁੱਧ ਚਲੀ ਜਾਵੇ। ਜੇ ਅਚਾਨਕ ਹੀ ਤੁਹਾਡੇ

ਘਰ/ਦੁਕਾਨ 'ਤੇ ਆਮਦਨ ਕਰ ਵਿਭਾਗ ਦਾ ਛਾਪਾ ਪੈ ਜਾਵੇ ਤਾਂ ਇਹੋ ਦੌਲਤ ਤੁਹਾਡੇ ਵਿਰੁੱਧ ਚਲੀ ਜਾਵੇਗੀ ਅਤੇ ਤੁਹਾਡੇ ਲਈ ਵੱਡੇ ਦੁੱਖ ਦਾ ਕਾਰਨ ਬਣੇਗੀ।

## 75

## ਵੱਖਰੀ ਬੁੱਧ : ਵੱਖਰਾ ਵਿਚਾਰ

**ਪ੍ਰਸ਼ਨ-ਕਰਤਾ** : ਇਕ ਕਹਾਵਤ ਹੈ ਕਿ ਵੱਖ-ਵੱਖ ਵਿਅਕਤੀਆਂ ਦੇ ਖਿਆਲਾਤ ਵੱਖ-ਵੱਖ ਹੁੰਦੇ ਹਨ। ਇਹ ਵੀ ਕਿਹਾ ਜਾਦਾ ਹੇ ਕਿ ਜਿਹੋ ਜਿਹੀ ਕਿਸੇ ਦੀ ਨਜ਼ਰ ਹੈ ਉਸ ਨੂੰ ਸਾਰਾ ਸੰਸਾਰ ਉਹੋ ਜਿਹਾ ਹੀ ਨਜ਼ਰ ਆਉਂਦਾ ਹੈ। ਕਿਰਪਾ ਕਰਕੇ ਜੀਵਨ ਦੇ ਇਸ ਅਹਿਮ ਪੱਖ ਬਾਰੇ ਰਤਾ ਵਿਸਥਾਰ ਵਿਚ ਸਮਝਾਉਣ ਦੀ ਖੇਚਲ ਕਰਨਾ।

**ਦਾਦਾਸ਼੍ਰੀ** : ਦ੍ਰਿਸ਼ਟੀ ਜਾਂ ਨਜ਼ਰੀਆ ਦੀ ਰਚਨਾ ਵਿਅਕਤੀ ਦੇ ਖ਼ਿਆਲਾਂ ਉਪਰ ਆਧਾਰਤ ਹੁੰਦੀ ਹੈ ਅਤੇ ਫਿਰ ਵਿਅਕਤੀ ਉਸੇ ਨਜ਼ਰ ਅਨੁਸਾਰ ਵੇਖਦਾ ਹੈ। ਵਿਤਕਰਾ-ਭਰਪੂਰ ਨਜ਼ਰ ਮਨੁੱਖ ਲਈ ਅਮੁਕ ਜਨਮ-ਮਰਨ ਦਾ ਚੱਕਰ ਚਲਾ ਦਿੰਦੀ ਹੈ। ਚੋਰੀ ਦਾ ਇਕ ਚਸ਼ਮਦੀਦ ਗਵਾਹ ਹੋਣ ਦੇ ਬਾਵਜੂਦ ਵੀ ਜਿਸ ਵਿਅਕਤੀ ਦੀ ਨਜਰ ਵਿਚ ਉਸ ਚੋਰ ਪ੍ਰਤੀ ਕੋਈ ਵਿਤਕਰਾ ਨਹੀਂ ਉਹ ਗਿਆਨੀ ਪੁਰਸ਼ ਹੈ। ਸਾਡੇ ਪਾਸ ਕੀ ਸਬੂਤ ਹੈ ਕਿ ਕੱਲ ਨੂੰ ਇਹ ਚੋਰ ਇਕ ਨੇਕ ਅਤੇ ਇੱਜਤਦਾਰ ਇਨਸਾਨ ਨਹੀਂ ਬਣ ਜਾਵੇਗਾ?

ਜੇ ਸਾਡੀਆਂ ਇੰਦਰੀਆਂ ਇਕ ਸੁਆਦੀ ਅੰਬ ਦੇ ਫਲ ਨੂੰ ਸਵੀਕਾਰ ਕਰਦੀਆਂ ਹਨ ਤਾਂ ਸਾਡੇ ਪਾਸ ਇਤਰਾਜ ਕਰਨ ਦਾ ਕੋਈ ਕਾਰਨ ਨਹੀਂ ਹੈ। ਪਰੰਤੂ ਬਾਅਦ ਵਿਚ ਇਸ ਦੀ ਯਾਦ ਪਿੱਛੇ ਰਹਿ ਜਾਂਦੀ ਹੈ ਅਤੇ ਇਹ ਨੁਕਸਾਨਦੇਹ ਹੈ ਕਿਉਂਕਿ ਉਸ ਯਾਦ ਦੇ ਪਿੱਛੇ ਉਹ ਵਿਚਾਰ ਹੈ ਕਿ 'ਇਹ ਅੰਬ ਵਧੀਆ ਹੈ' ਅਤੇ ਇਹ ਵਿਚਾਰ ਰਾਗ-ਦਵੇਸ਼ ਦੀ ਭਾਵਨਾ ਪੈਦਾ ਕਰਦਾ ਹੈ।

**ਪ੍ਰਸ਼ਨ-ਕਰਤਾ** : ਉਹ ਕਿਹੜੀ ਚੀਜ ਹੈ ਜਿਸ ਕਾਰਨ ਵਿਅਕਤੀ ਕੋਈ ਧਾਰਨਾ ਬਣਾ ਲੈਂਦਾ ਹੈ?

**ਦਾਦਾਸ਼੍ਰੀ** : ਸਿਰਫ਼ ਉਹ ਵਿਸ਼ਵਾਸ਼ ਜਿਸ ਨੂੰ ਆਮ ਤੌਰ 'ਤੇ ਲੋਕ ਮੰਨਦੇ ਹਨ, ਉਹ ਲੋਕ ਜਿਹੜੇ ਤੁਹਾਡੇ ਆਲੇ-ਦੁਆਲੇ ਹਨ ਅਤੇ ਜਿਹੜੇ ਤੁਹਾਡੇ ਵੱਲ ਆਸ ਦੀ ਨਜ਼ਰ ਨਾਲ ਵੇਖਦੇ ਹਨ ਕਿਉਂਕਿ ਇਕ ਵਿਅਕਤੀ ਦਾ ਵਿਸ਼ਵਾਸ਼ ਹਰਮਨਪਿਆਰੀ ਜਾਣਕਾਰੀ ਉਪਰ ਆਧਾਰਿਤ ਹੁੰਦਾ ਹੈ। ਇਸ ਦੇ ਅਨੁਸਾਰ ਹੀ ਬੁੱਧੀ ਇਹ ਫੈਸਲਾ ਕਰਦੀ ਹੈ ਕਿ ਉਸ ਨੇ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਹੈ। ਇਕ ਵਾਰ ਤੁਸੀਂ ਗਿਆਨੀ ਪੁਰਸ਼ ਦੀਆਂ ਸਿੱਖਿਆਵਾਂ ਉਪਰ ਅਮਲ ਕਰਨਾ ਆਰੰਭ ਕਰ ਦਿਉ, ਆਮ ਲੋਕਾਂ ਦੀ ਅਖੌਤੀ ਸਿਆਣਪ ਦਾ ਪ੍ਰਭਾਵ ਅਲੋਪ ਹੋ ਜਾਵੇਗਾ।

ਦਾਦਾਸ਼੍ਰੀ ਦਾ ਕਥਨ ਹੈ ਕਿ 'ਵਿਚਾਰ ਤਾਂ ਬੁੱਧੀ ਦੇ ਪਾਤਰ ਉਪਰ ਨਿਰਭਰ ਹੈ'। ਵਿਚਾਰ ਤਾਂ ਇਸ ਗੱਲ ਉਪਰ ਨਿਰਭਰ ਕਰਦਾ ਹੈ ਕਿ ਬੁੱਧੀ ਦੇ ਵਿਸ਼ਵਾਸ਼ ਅਨੁਸਾਰ ਪ੍ਰਸੰਨਤਾ ਕਿਸ ਗੱਲ ਵਿਚ ਹੈ। ਜੇ ਇਕ ਵਿਅਕਤੀ ਨੂੰ ਖੁਸ਼ੀ ਆਪਣੇ ਵਾਲ/ਦਾੜ੍ਹੀ ਫਰੈਂਚ ਸਟਾਈਲ ਵਿਚ ਕਟਵਾ ਕੇ ਮਿਲਦੀ ਹੈ ਤਾਂ ਉਸ ਦੇ ਵਿਚਾਰ ਫਰੈਂਚ ਸਟਾਈਲ ਹੇਅਰ-ਕੱਟ ਦੇ ਹਾਮੀ ਹੋਣਗੇ।

ਇਹ ਤੁਹਾਡੇ ਨਜ਼ਰੀਏ ਦਾ ਕਸੂਰ ਨਹੀਂ ਹੈ ਕਿ ਇਕ ਵਿਅਕਤੀ ਕਿਸੇ ਹੋਰ ਵਿਸ਼ੇਸ਼ ਵਿਅਕਤੀ ਦੀ ਹਾਜ਼ਰੀ ਦੌਰਾਨ ਅਸਹਿਜ ਮਹਿਸੂਸ ਕਰਦਾ ਹੈ। ਗਲਤੀ ਤਾਂ ਉਸ ਵਿਚਾਰ ਦੁਆਰਾ ਕੀਤੀ ਜਾ ਰਹੀ ਹੈ ਜਿਸ ਦੇ ਕਾਰਨ ਇਹ ਨਜ਼ਰੀਆ ਬਣਿਆ।

**ਪ੍ਰਸ਼ਨ-ਕਰਤਾ** : ਕਈ ਵਾਰ ਇਕ ਵਿਅਕਤੀ ਕਿਸੇ ਵਿਸ਼ੇਸ਼ ਵਿਅਕਤੀ ਦੀ ਹਾਜ਼ਰੀ ਦੌਰਾਨ ਅਸਹਿਜ ਮਹਿਸੂਸ ਕਰਨ ਲਗਦਾ ਹੈ। ਅਜਿਹਾ ਕਿਉਂ?

**ਦਾਦਾਸ਼੍ਰੀ** : ਉਸ ਵਿਸ਼ੇਸ਼ ਵਿਅਕਤੀ ਬਾਰੇ ਬੁਰੇ ਵਿਚਾਰਾਂ ਦੀ ਰਤਾ ਜਿੰਨੀ ਵੀ ਤਰੰਗ ਜਦੋਂ ਸਾਡੇ ਪਾਸ ਪਹੁੰਚਦੀ ਹੈ ਤਾਂ ਇਹ ਆਪਣੇ ਰੀਜ਼ਲਟ ਦਿਖਾਉਣੇ ਸ਼ੁਰੂ ਕਰ ਦਿੰਦੀ ਹੈ। ਇਥੇ ਤੁਰੰਤ ਪ੍ਰਤਿਕ੍ਰਮਣ (ਤੁਰੰਤ ਹੀ ਉਸ ਵਿਅਕਤੀ ਜਾਂ ਉਸ ਦੀ ਆਤਮਾ ਪਾਸੋਂ ਆਪਣੀ ਜਾਣੀ ਜਾਂ ਅਣਜਾਣੀ ਗਲਤੀ ਲਈ ਮਾਫ਼ੀ ਮੰਗਣੀ ਅਤੇ ਪਸਚਾਤਾਪ ਕਰਨਾ) ਉਨ੍ਹਾਂ ਤਰੰਗਾਂ ਨੂੰ ਸਾਡੇ ਨਜ਼ਦੀਕ ਪਹੁੰਚਣ ਤੋਂ ਰੋਕ ਸਕਦਾ ਹੈ ਅਤੇ ਜੇ ਇਹ ਤਰੰਗਾਂ ਸਾਡੇ ਪਾਸ ਪਹੁੰਚ ਵੀ ਚੁੱਕੀਆਂ ਹੋਣ ਤਾਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਮਿਟਾ ਵੀ ਸਕਦਾ ਹੈ। ਇਕ ਵਾਰ ਵਿਚਾਰ ਦੀ ਹੋਂਦ ਮਿਟ ਗਈ ਤਾਂ ਉਸ ਵਿਅਕਤੀ ਪ੍ਰਤੀ ਸਾਡੀ ਬੋਲ-ਬਾਣੀ ਅਤੇ ਵਿਵਹਾਰ ਵਿਚ ਵੀ ਕੁਦਰਤੀਪਣ ਆ ਜਾਵੇਗਾ। ਇਹ ਬੋਲ-ਬਾਣੀ ਅਤੇ ਵਿਵਹਾਰ ਉਸ ਵਿਸ਼ੇਸ਼ ਵਿਅਕਤੀ ਦੇ ਦਿਲ ਨੂੰ ਟੁੰਬ ਜਾਣਗੇ : ਇਹ ਗੱਲ ਯਕੀਤੀ ਹੈ। ਇਸ ਦੇ ਉਲਟ, ਉਸ ਵਿਅਕਤੀ ਦੀਆਂ ਕਮਜ਼ੋਰੀਆਂ ਉਪਰ ਆਧਾਰਤ ਸਾਡੇ ਵਿਚਾਰ ਕਾਰਨ ਬਣਿਆ ਸਾਡਾ ਨਜ਼ਰੀਆ ਉਸ ਵਿਅਕਤੀ ਦੇ ਮਨ ਉਪਰ ਵੀ ਆਪਣਾ ਪ੍ਰਛਾਵਾ ਪਾ ਦਿੰਦਾ ਹੈ। ਇਸ ਦੇ ਕਾਰਨ ਹੀ ਜਦੋਂ ਉਹ ਵਿਅਕਤੀ ਸਾਡੇ ਨਜ਼ਦੀਕ ਹੁੰਦਾ ਹੈ ਤਾਂ ਅਸਹਿਜਤਾ ਦੀ ਅਵਸਥਾ ਪੈਦਾ ਹੁੰਦੀ ਹੈ।

**ਪ੍ਰਸ਼ਨ-ਕਰਤਾ** : ਵਿਚਾਰ ਬਨਾਉਣ ਵਿਚ ਇਨਾ ਨੁਕਸਾਨਦੇਹ ਕੀ ਹੈ?

**ਦਾਦਾਸ਼੍ਰੀ** : ਵਿਚਾਰ ਹੀ ਸਾਡੀ ਬੋਲ-ਬਾਣੀ ਅਤੇ ਦੂਸਰੇ ਨੂੰ ਚੋਟ ਪਹੁੰਚਾਉਣ ਵਾਲੇ ਸ਼ਬਦਾਂ ਵਿਚਕਾਰਲੀ ਕੜੀ ਦਾ ਕਾਰਨ ਹੈ ਜਦੋਂ ਕਿ ਸ਼ੱਕ ਵਿਚਾਰ-ਸਿਰਜਣਾ ਪਿੱਛੇ ਕਾਰਨਾਂ ਵਿਚੋਂ ਇਕ ਹੈ। ਮਨੁੱਖਾ ਸਰੀਰ ਸਮੂਹਕ ਤੌਰ 'ਤੇ ਪ੍ਰਤਿਸ਼ਿਠਤ ਆਤਮਾ ਦੇ ਵਿਚਾਰ ਅਨੁਸਾਰ ਕ੍ਰਿਆ ਕਰਦਾ ਹੈ। ਵਿਚਾਰ ਰੁਕਾਵਟਾਂ ਨੂੰ ਸੱਦਾ ਦਿੰਦੇ ਹਨ। ਵਿਚਾਰਾਂ ਦੁਆਰਾ ਪੈਦਾ ਕੀਤੀਆਂ ਗਈਆਂ ਰੁਕਾਵਟਾਂ ਦੇ ਭਿਆਨਕ ਖਤਰੇ ਹੁੰਦੇ ਹਨ। ਇਹ ਵਿਅਕਤੀ ਨੂੰ ਉਨ੍ਹਾਂ ਖੇਤਰਾਂ ਵਿਚ ਵਧੇਰੇ ਕਸ ਕੇ ਬੰਨ੍ਹੀ ਰਖਦੇ ਹਨ ਜਿਥੇ ਉਹ ਅਜ਼ਾਦ ਹੋਣਾ ਲੋਚਦਾ ਹੈ।

ਇਕ ਵਾਰ ਦੋ ਤੋਂ ਪੰਜ ਤੱਕ ਵੱਡੇ, ਅਹਿਮ ਵਿਚਾਰ ਮਿਟ ਜਾਣ ਤਾਂ ਵਿਅਕਤੀ ਇਉਂ ਮਹਿਸੂਸ ਕਰਨ ਲਗਦਾ ਹੈ ਮਾਨੋਂ ਉਹ ਮੁਕਤੀ ਵਰਗੀ ਅਨੰਦਮਈ ਅਵਸਥਾ ਵਿਚ ਵਿਚਰ ਰਿਹਾ ਹੋਵੇ।

ਕਰਮ ਦਾ ਬੀਜ ਕਰਮ ਦੇ ਰਾਹੀਂ ਨਹੀਂ ਪਰੰਤੂ ਉਸ ਕਰਮ ਦੇ ਪਿੱਛੇ ਜੋ ਭਾਵਨਾ ਹੁੰਦੀ ਹੈ ਉਸ ਦੁਆਰਾ ਬੀਜਿਆ ਜਾਂਦਾ ਹੈ। ਜਿਹੜੇ ਵਿਚਾਰ ਜੀ ਆਇਆਂ ਕਹੇ ਜਾਣ ਦੇ ਯੋਗ ਹਨ ਉਹ ਹਨ ਬ੍ਰਹਮਚਰੀਯ ਦਾ ਵਿਚਾਰ ਅਤੇ ਇਹ ਤੱਥ ਕਿ ਸਰੀਰ ਸਭ ਤੋਂ ਵੱਡਾ ਧੋਖਾ ਹੈ, ਭਰਮ ਹੈ। ਵਿਚਾਰ ਦੀ ਬਣਤਰ ਹਉਮੈਂ ਦੇ ਪਰਮਾਣੂਆਂ ਕਾਰਨ ਹੁੰਦੀ ਹੈ। ਵਿਚਾਰ ਸਾਡੇ ਵਿਅਕਤਿਤਵ ਨੂੰ ਦਰਸਾਉਂਦੇ ਹਨ। ਇਹ ਪੂਰਨ ਤੌਰ 'ਤੇ ਵਿਅਕਤੀ ਦੇ ਨਜ਼ਰੀਏ ਨੂੰ ਤਬਦੀਲ ਕਰ ਦਿੰਦੇ ਹਨ। ਬੇਜਾਨ ਵਿਚਾਰਾਂ ਪ੍ਰਤਿ ਕੋਈ ਇਤਰਾਜ ਵਾਲੀ ਗੱਲ ਨਹੀਂ ਹੈ। ਜਿਹੜੇ ਵਿਚਾਰ ਵਾਰ-ਵਾਰ ਆਉਂਦੇ ਹਨ ਉਹ ਗਿਆਨ ਅਤੇ ਸਾਡੇ ਵਿਚਕਾਰ ਦੀਵਾਰ ਬਣ ਜਾਂਦੇ ਹਨ।

ਅਚੇਤਨ ਬਾਰੇ ਵਿਚਾਰਾਂ ਤੋਂ ਮੁਕਤ ਹੋਣਾ ਵਿਅਕਤੀ ਦੇ ਸਿਰਫ ਆਪਦੇ ਵਸ ਹੈ। ਜੇ ਇਕ ਵਿਅਕਤੀ ਦੂਸਰੇ ਵਿਅਕਤੀ ਬਾਰੇ ਆਪਣੇ ਵਿਚਾਰਾਂ ਤੋਂ ਮੁਕਤੀ ਪਾ ਵੀ ਲੈਂਦਾ ਹੈ ਤਾਂ ਉਹ ਦੂਸਰਾ ਵਿਅਕਤੀ ਉਸ ਨੂੰ ਨਹੀਂ ਛਡਦਾ। ਦੂਸਰੇ ਵਿਅਕਤੀਆਂ ਬਾਰੇ ਵਿਚਾਰ ਬਣਾ ਲੈਣੇ – ਖ਼ਾਸ ਤੌਰ 'ਤੇ ਉਹ ਵਿਅਕਤੀ ਜਿਨ੍ਹਾਂ ਦੇ ਚਿਹਰੇ ਉਪਰ ਗੁੱਸੇ ਅਤੇ ਬਦਲੇ ਦੀ ਭਾਵਨਾ ਦੇ ਹਾਵ-ਭਾਵ ਸਪਸ਼ਟ ਦਿਖਾਈ ਦਿੰਦੇ ਹੋਣ – ਗੰਭੀਰ ਨਤੀਜਿਆਂ ਨੂੰ ਸੱਦਾ ਦੇਣਾ ਹੈ।

**ਪ੍ਰਸ਼ਨ-ਕਰਤਾ** : ਪਰੰਤੂ ਕੋਈ ਵੀ ਵਿਅਕਤੀ ਆਪਣੇ ਵਿਚਾਰਾਂ ਨੂੰ ਕਿਵੇਂ ਮੇਟ ਸਕਦਾ ਹੈ: ਇਹ ਤਾਂ ਬਹੁਤ ਡੂੰਘੇ ਧਸੇ ਹੋਏ ਹੁੰਦੇ ਹਨ।

**ਦਾਦਾਸ਼੍ਰੀ** : ਇਕ ਵਾਰ ਵਿਅਕਤੀ ਇਹ ਫੈਸਲਾ ਕਰ ਲਵੇ ਕਿ ਮੈਂ ਇਹ ਵਿਚਾਰ ਭੰਗ ਕਰਨੇ, ਖ਼ਤਮ ਕਰਨੇ ਹਨ, ਫਿਰ ਇਹ ਵਿਚਾਰ ਆਪਣੇ-ਆਪ ਟੁੱਟਣੇ, ਖ਼ਤਮ ਹੋਣੇ ਸ਼ੁਰੂ ਹੋ ਜਾਣਗੇ। ਜਿਹੜੇ ਵਿਚਾਰ ਮਨ ਅੰਦਰ ਬਹੁਤ ਡੂੰਘਾ ਘਰ ਕਰ ਚੁੱਕੇ ਹਨ ਉਨ੍ਹਾਂ ਨੂੰ ਖ਼ਤਮ ਕਰਨ ਲਈ ਪ੍ਰਤਿਕ੍ਰਮਣ ਕਰੋ: ਹਰ ਰੋਜ ਪ੍ਰਤਿਕ੍ਰਮਣ ਕਰਨ ਨਾਲ ਇਹ ਖ਼ਤਮ ਹੋ ਜਾਣਗੇ। ਮਨੁੱਖ ਦੇ ਵਿਚਾਰ ਕੁਝ ਵੀ ਹੋਣ, ਪਰੰਤੂ ਉਨ੍ਹਾਂ ਵਿਚਾਰਾਂ ਦੇ ਅਨੁਕੂਲ ਬਨਣ ਵਾਲੇ ਪੁਦਗਲ ਦਾ ਪ੍ਰਭਾਵ ਇਸ ਤਰ੍ਹਾਂ ਦਾ ਹੋਵੇਗਾ ਕਿ ਇਹ ਅਗਲੇ ਜਨਮ ਵਿਚ ਵੀ ਪ੍ਰਭਾਵਿਤ ਕਰੇਗਾ।

ਕੋਈ ਵੀ ਵਿਚਾਰ ਬਦਲਣ ਦੇ ਲਈ ਵਿਅਕਤੀ ਉਸ ਵਿਚਾਰ ਦੇ ਐਨ ਉਲਟ ਹੋਰ ਵਿਚਾਰ ਮਨ ਵਿਚ ਬਿਠਾਉਣਾ ਪਵੇਗਾ। ਇਸ ਵਿਚਾਰ ਕਿ ਫਲਾਂ ਵਿਅਕਤੀ ਚੋਰ ਹੈ ਨੂੰ ਮਿਟਾਉਣ ਦੀ ਖ਼ਾਤਰ ਤੁਹਾਨੂੰ ਇਹ ਕਹਿਣਾ ਹੀ ਪਵੇਗਾ ਕਿ ਉਹ ਈਮਾਨਦਾਰ ਅਤੇ ਇੱਜ਼ਤਦਾਰ ਵਿਅਕਤੀ ਹੈ ਅਤੇ ਅਖ਼ੀਰ ਸਾਨੂੰ ਇਹ ਨਜ਼ਰੀਆ ਅਪਨਾਉਣਾ ਪਵੇਗਾ ਕਿ ਉਹ ਵਿਅਕਤੀ ਹੈ ਤਾਂ ਸ਼ੁੱਧ ਆਤਮਾ ਹੀ।

ਜਿਹੜਾ ਵਿਚਾਰ ਮਨ ਅੰਦਰ ਸੂਖਮ ਰੂਪ ਵਿਚ ਪੱਕਾ ਹੋ ਚੁੱਕਾ ਹੈ ਉਸ ਨੂੰ ਹਟਾਉਣ ਬਾਰੇ ਵਿਚਾਰ ਨੂੰ ਖ਼ਤਮ ਕਰਕੇ ਉਸ ਤੋਂ ਨਿਰਲੇਪ ਰਹਿਣਾ ਜ਼ਰੂਰੀ ਹੈ।

ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਿਸ ਵਿਅਕਤੀ ਨੇ ਪਰਮ-ਪਦ ਜਾਂ ਮੁਕਤ-ਪਦ ਦੀ ਪ੍ਰਾਪਤੀ ਕਰ ਲਈ ਹੈ, ਜਿਸ ਨੇ ਸਵੈ-ਪਹਿਚਾਣ ਉਪਰੰਤ ਸਹਿਜ ਅਵਸਥਾ ਦੀ ਪ੍ਰਾਪਤੀ ਕਰ ਲਈ ਹੈ ਉਹ ਕੋਈ ਵੀ ਪੁਰਸ਼ਾਰਥ ਜਾਂ ਪ੍ਰਾਕਰਮ ਕਰ ਸਕਣ ਦੇ ਸਮਰਥ ਹੈ।

**ਪ੍ਰਸ਼ਨ-ਕਰਤਾ** : ਕਈ ਵਾਰ ਕਿਸੇ ਪਰਿਵਾਰ ਵਿਚ ਵੀ ਕਿਸੇ ਸਮੇਂ ਵਿਤਕਰੇ ਪੈਦਾ ਹੋ ਜਾਂਦੇ ਹਨ।

**ਦਾਦਾਸ਼੍ਰੀ** : ਅੱਜ ਦੇ ਆਧੁਨਿਕ ਸੰਸਾਰ ਅੰਦਰ ਘਰ ਵਿਚ ਭਾਵੇਂ ਸਿਰਫ਼ ਤਿੰਨ ਹੀ ਵਿਅਕਤੀ ਹੋਣ ਪਰੰਤੂ ਸ਼ਾਮ ਤੱਕ ਉਨ੍ਹਾਂ ਤਿੰਨਾਂ ਵਿਚਕਾਰ ਤੇਤੀ ਵਖਰੇਵੇ ਹੋਣਗੇ। ਫਿਰ ਇਨ੍ਹਾਂ ਵਖਰੇਵਿਆਂ ਦਾ ਸਮਾਧਾਨ ਕੀ ਹੋ ਸਕਦਾ ਹੈ? ਸਿਰਫ ਇਕੋ ਦਿਨ ਦੇ ਅੰਦਰ-ਅੰਦਰ ਗੁਰੂ ਅਤੇ ਚੇਲੇ ਵਿਚਕਾਰ ਵੀ ਵਿਚਾਰਾਂ ਦੀਆਂ ਅਨੇਕ ਭਿੰਨਤਾਵਾਂ ਹੋ ਸਕਦੀਆਂ ਹਨ।

**ਪ੍ਰਸ਼ਨ-ਕਰਤਾ** : ਫਿਰ ਇਨ੍ਹਾਂ ਵਖਰੇਵਿਆਂ, ਇਨ੍ਹਾਂ ਭਿੰਨਤਾਵਾਂ ਦਾ ਅੰਤ ਕਿਵੇਂ ਹੋ ਸਕਦਾ ਹੈ?

**ਦਾਦਾਸ਼੍ਰੀ** : ਜਿਥੇ ਬੁੱਧੀ ਅੰਦਰ ਵਿਤਕਰੇ ਦੀ ਭਾਵਨਾ ਹੋਵੇਗੀ ਉਥੇ ਵਿਚਾਰਾਂ ਦੇ ਵਖਰੇਵੇਂ ਹੋਣੇ ਕੁਦਰਤੀ ਗੱਲ ਹਨ। ਜੇ ਅਸੀਂ ਬੁੱਧੀ ਅੰਦਰੋਂ ਸਮਸਤ ਵਖਰੇਵੇਂ ਅਤੇ ਵਿਤਕਰੇ ਖ਼ਤਮ ਕਰ ਦੇਈਏ ਤਾਂ ਜੀਵਨ ਦੀਆਂ ਸਮੱਸਿਆਵਾਂ ਦਾ ਸਮਾਧਾਨ ਹੋ ਸਕਦਾ ਹੈ। ਜਿਹੜਾ ਕੋਈ ਵਿਅਕਤੀ ਨਿਰਪੱਖ ਹੋ ਜਾਵੇ ਅਤੇ ਕਿਸੇ ਨਾਲ ਪੱਖਪਾਤ ਨਾ ਕਰੇ ਉਹ ਕੇਂਦਰ ਵਿਚ ਬੈਠਦਾ ਹੈ ਅਤੇ ਉਸ ਨੂੰ ਹਰ ਕੋਈ ਮਾਸੂਮ ਜਾਪਦਾ ਹੈ। ਪਰੰਤੂ ਜਦੋਂ ਸਾਨੂੰ ਸਾਡੀ ਬੁੱਧੀ ਕੋਈ ਚੀਜ ਜਾਂ ਮਾਮਲਾ ਇਕ ਵਿਗੜੇ, ਪੁੱਠੇ ਰੂਪ ਵਿਚ ਵਿਖਾਉਂਦੀ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਸਹੀ ਬੁੱਧੀ ਨੂੰ ਇਕਦਮ ਕਹੀਏ ਕਿ ਉਹ ਇਨ੍ਹਾਂ ਵਖਰੇਵਿਆਂ ਨੂੰ ਖਤਮ ਕਰੇ: ਸਾਡੀ ਸਹੀ ਬੁੱਧੀ ਇਹ ਕਰ ਦੇਵੇਗੀ। ਜਦੋਂ ਸਾਡੀ ਆਤਮਾ ਚਕਮਾ ਖਾ ਜਾਂਦੀ ਹੈ ਤਾਂ ਇਹ ਸੰਸਾਰ ਹੋਂਦ ਵਿਚ ਆਉਂਦਾ ਹੈ। ਜਦੋਂ ਵਿਅਕਤੀ ਦੀ ਪੁੱਠੀ ਬੁੱਧੀ ਚਕਮਾ ਖਾ ਜਾਂਦੀ ਹੈ ਤਾਂ ਸਾਡੇ ਅੰਦਰ ਗਿਆਨ ਪ੍ਰਗਟ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਤੁਸੀਂ ਕਿਸੇ ਨਾਲ ਵੀ ਇੰਨੇ ਪ੍ਰੇਮ-ਪੂਰਵਕ ਢੰਗ ਨਾਲ ਕਿਵੇਂ ਵਿਵਹਾਰ ਕਰ ਲੈਂਦੇ ਹੋ?

**ਦਾਦਾਸ਼੍ਰੀ** : ਮੈਂ ਸਾਹਮਣੇ ਵਾਲੇ ਵਿਅਕਤੀ ਦੀ ਬੁੱਧੀ ਨੂੰ ਨਹੀਂ ਵੇਖਦਾ ਪਰੰਤੂ ਮੈਂ ਉਸ ਦੀ ਸਮਝ ਨੂੰ ਜ਼ਰੂਰ ਵਾਚਦਾ ਹਾਂ। ਬੁੱਧੀ ਤਾਂ ਇਕ ਸਤਰ ਉਪਰ 300 ਡਿਗਰੀ ਤਕ ਟੇਢੀ ਹੋ ਸਕਦੀ ਹੈ ਪਰੰਤੂ ਜੇ ਉਸ ਵਿਅਕਤੀ ਦੀ ਸਮਝ ਠੀਕ ਹੈ ਤਾਂ ਫਿਰ ਕੋਈ ਸਮੱਸਿਆ ਨਹੀਂ। ਇਕ ਬੁੱਧੀਮਾਨ ਵਿਅਕਤੀ ਦੁਨਿਆਵੀ ਜੀਵਨ ਅੰਦਰ ਤਾਂ ਆਪਣੀ ਤੇਜ ਬੁੱਧੀ ਸਦਕਾ ਸ਼ਾਇਦ ਉਚੀ ਥਾਂ ਪ੍ਰਾਪਤ ਕਰ ਲਵੇ ਪਰੰਤੂ ਉਸ ਦੇ ਨੀਵਾਂ ਡਿੱਗਣ ਦਾ ਖ਼ਤਰਾ ਬਣਿਆ ਰਹੇਗਾ। ਇਸ ਦੇ

ਉਲਟ, ਸਹੀ ਸਮਝ ਵਾਲਾ ਵਿਅਕਤੀ ਸਦਾ ਹੀ ਆਤਮਕ ਪੱਖੋਂ ਉਚੇਰਾ ਉਠਦਾ ਰਹਿੰਦਾ ਹੈ ਜਦੋਂ ਤਕ ਕਿ ਉਹ ਚੋਟੀ ਉਪਰ ਨਹੀਂ ਪਹੁੰਚ ਜਾਂਦਾ ਜਿਥੋਂ ਉਹ ਮੁੜ ਕਦੇ ਨੀਵਾਂ ਨਹੀਂ ਡਿਗਦਾ। ਬੁੱਧੀ ਸਿਰਫ਼ ਇਕ ਕੁਦਰਤੀ ਗੁਣ ਹੈ; ਇਹ ਸ਼ੁੱਧ ਆਤਮਾ ਦਾ ਗੁਣ ਨਹੀਂ ਹੈ। ਸਹਿਜ-ਬੋਧ ਸ਼ੁੱਧ ਆਤਮਾ ਦਾ ਇਕ ਕੁਦਰਤੀ ਗੁਣ ਹੈ।

ਪਿੱਤ ਦੇ ਮਾਦੇ ਵਾਲੇ ਸਰੀਰ ਵਾਲੇ ਵਿਅਕਤੀ ਦੀ ਬੁੱਧੀ ਤੇਜ਼ ਹੁੰਦੀ ਹੈ ਪਰ ਵਾਯੂ ਮਾਦੇ ਵਾਲੇ ਦੀ ਸਮਝ ਡੂੰਘੀ ਅਤੇ ਗੰਭੀਰ ਹੁੰਦੀ ਹੈ।

**ਪ੍ਰਸ਼ਨ-ਕਰਤਾ** : ਵੱਖ-ਵੱਖ ਧਰਮ ਗਰੰਥਾਂ ਵਿਚ ਜੋ ਵਰਨਣ ਮਿਲਦਾ ਹੈ ਉਸ ਵਿਚ ਇਕਸੁਰਤਾ ਨਹੀਂ ਹੈ।

**ਦਾਦਾਸ਼੍ਰੀ** : ਹਰ ਚੀਜ ਬੋਧ ਦੀ ਕਲਪਨਾ ਵਿਚੋਂ ਪੈਦਾ ਹੋਈ ਹੈ। ਇਹ ਸਾਪੇਖ ਹੈ, ਦੁਨਿਆਵੀ ਅਤੇ ਥੋੜ-ਚਿਰੀ ਹੈ। ਵਿਭਿੰਨ ਲੋਕਾਂ ਦੇ ਬੋਧ ਦੀ ਕਲਪਨਾ ਦੇ ਸ਼ੀਸ਼ੇ ਉਪਰ ਜੋ ਵੀ ਪਰਛਾਈਂ ਪਈ ਉਹ ਵੱਖ-ਵੱਖ ਧਰਮਾਂ ਦੇ ਗਰੰਥਾਂ ਵਿਚ ਰਿਕਾਰਡ ਕਰ ਲਈ ਗਈਾਂ। ਇਕ ਧਰਮ ਗਰੰਥ ਤਾਂ ਬੁੱਧੀ ਦੇ ਗਿਆਨ ਤੋਂ ਉਪਜਿਆ ਹੋਇਆ ਹੈ। ਇਸ ਵਿਚ ਸ਼ੁੱਧ ਚੇਤਨਤਾ ਕਿਧਰੇ ਨਹੀਂ ਮਿਲਦੀ।

ਪਰੰਤੂ ਗਿਆਨ ਸਵੈ-ਪ੍ਰਕਾਸ਼ ਹੈ ਅਤੇ ਹਰ ਸਮੇਂ ਗਿਆਨੀ ਪੁਰਸ਼ ਦੇ ਦਿਲ ਵਿਚ ਵਸਦਾ ਹੈ। ਬੁੱਧੀ ਦੇ ਆਪਣੇ ਵਿਭਿੰਨ ਵਿਧੀਆਂ ਅਤੇ ਪਹਿਲੂ ਹੁੰਦੇ ਹਨ। ਇਸ ਦੇ ਕਾਇਲ ਕਰ ਸਕਣ ਦੀਆਂ ਯੁਕਤੀਆਂ ਵਿਭਿੰਨ ਅਤੇ ਅਨੇਕਾਂ ਹੁੰਦੀਆਂ ਹਨ। ਇਹ ਆਪਣੇ ਆਪ ਨੂੰ ਸ਼ੁੱਧ ਆਤਮਾ ਸਾਬਤ ਕਰਨ ਹਿਤ ਕਈ ਵਿਧੀਆਂ ਦਾ ਪ੍ਰਯੋਗ ਕਰਦੀ ਹੈ। ਇਸੇ ਲਈ ਮੈਂ ਤੁਹਾਨੂੰ ਵਾਰ-ਵਾਰ ਕਹਿੰਦਾ ਰਹਿੰਦਾ ਹਾਂ: "ਬੁੱਧੀ ਤੋਂ ਬਚ ਕੇ ਰਹੋ"। ਜਦੋਂ ਬੁੱਧੀ ਤੁਹਾਨੂੰ ਪ੍ਰਲੋਭਿਤ ਕਰਦੀ ਹੈ ਤਾਂ ਤੁਸੀਂ ਕਹਿੰਦੇ ਹੋ ਕਿ 'ਮੈਂ ਵਿਤਰਾਗ (ਭਾਵ ਉਦਾਸੀਨ, ਕਿਸੇ ਦੁਨਿਆਵੀ ਵਸਤੂ ਨਾਲ ਮੋਹ ਨਾ ਰਖਣ ਵਾਲਾ) ਹਾਂ'।

ਇਕ ਗਿਆਨੀ ਪੁਰਸ਼ ਕਦੇ ਵੀ ਦੂਸਰੇ ਵਿਅਕਤੀ ਅੰਦਰ ਕੋਈ ਬੁਰਾਈ ਜਾਂ ਕਮਜੋਰੀ ਨਹੀਂ ਵੇਖਦਾ। ਬੁੱਧੀ ਹਰ ਕਿਸੇ ਵਿਚ ਹੀ ਬੁਰਾਈ ਵੇਖਦੀ ਹੈ। ਇਹ ਤਾਂ ਕਈ ਵਾਰ ਤੁਹਾਨੂੰ ਤੁਹਾਡੇ ਭਰਾ ਨੂੰ ਵੀ ਬੁਰਾ ਹੀ ਵਿਖਾਉਂਦੀ ਹੈ ਪਰੰਤੂ ਗਿਆਨ ਕਿਸੇ ਵਿਚ ਵੀ ਕੋਈ ਬੁਰਾਈ ਨਹੀਂ ਵੇਖਦਾ - ਮਤਰੇਈ ਮਾਂ ਵਿਚ ਵੀ ਨਹੀਂ। ਇਕ ਬੇਟਾ ਰਾਤ ਦਾ ਖਾਣਾ ਖਾ ਰਿਹਾ ਹੋਵੇਗਾ ਪਰੰਤੂ ਜਦੋਂ ਉਸ ਦੀ ਮਤਰੇਈ ਮਾਂ ਉਸ ਦੀ ਥਾਲੀ ਵਿਚ ਥੱਲੇ ਲੱਗੀ ਹੋਈ, ਸੜੀ ਹੋਈ ਖਿਚੜੀ ਪਾਉਂਦੀ ਹੈ ਤਾਂ ਉਸ ਬੇਟੇ ਦੀ ਬੁੱਧੀ ਸਾਹਮਣੇ ਆਉਂਦੀ ਹੈ ਅਤੇ ਉਸ ਨੂੰ ਦਸਦੀ ਹੈ ਕਿ 'ਇਹ ਮਤਰੇਈ ਮਾਂ ਤਾਂ ਸਚਮੁਚ ਬੁਰੀ ਹੈ'। ਤੁਸੀਂ ਸਾਰੇ ਜਾਣਦੇ ਹੀ ਹੋ ਕਿ ਇਹ ਭਾਵਨਾ ਸਿਰਫ਼ ਗ਼ਮ ਦਾ ਕਾਰਨ ਹੀ ਬਣਦੀ ਹੈ। ਪਰੰਤੂ ਜੇ ਉਸ ਬੇਟੇ ਨੇ ਦੀਖਸ਼ਾ ਲਈ ਹੋਈ ਹੈ ਤਾਂ ਗਿਆਨ ਇਕ ਦਮ ਉਸ ਦੀ ਸਹਾਇਤਾ ਲਈ ਅੱਗੇ ਆਉਂਦਾ ਹੈ ਅਤੇ ਕਹਿੰਦਾ ਹੈ ਕਿ 'ਮਤਰੇਈ

ਮਾਂ ਵੀ ਤਾਂ ਸ਼ੁੱਧ ਆਤਮਾ ਹੈ। ਇਹ ਪੁਦਗਲ ਦੀ ਖੇਡ ਹੈ ਜਿਹੜੀ ਖੇਡੀ ਜਾ ਰਹੀ ਹੈਂ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਬੁੱਧੀ ਅਤੇ ਗਿਆਨ ਬਾਰੇ ਥੋੜਾ ਹੋਰ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਦੇਖੋ, ਸਾਡਾ ਸਰੀਰ ਮਿੱਟੀ ਦਾ ਪੁਤਲਾ ਹੈ ਅਤੇ ਬੁੱਧੀ ਜੋਤਿ ਸਰੂਪ ਹੈ। ਕਿਉਂਕਿ ਬੁੱਧੀ ਰੋਸ਼ਨੀ ਦਿੰਦੀ ਹੈ, ਇਸ ਲਈ ਕਦੇ-ਕਦੇ ਇਹ ਸੜ ਵੀ ਜਾਂਦੀ ਹੈ। ਇਸੇ ਲਈ ਮੈਂ ਬੁੱਧੀ ਨੂੰ ਬਹੁਤ ਚਲਾਕ ਅਤੇ ਕਪਟੀ ਕਹਿੰਦਾ ਹਾਂ। ਸਾਨੂੰ ਬੁੱਧੀ ਤੋਂ ਅਗਾਂਹ ਜਾਣ ਦੀ ਜ਼ਰੂਰਤ ਹੈ, ਇਸ ਤੋਂ ਉੱਪਰ ਉੱਠਣ ਦੀ ਲੋੜ ਹੈ। ਬੁੱਧੀ ਮਨੁੱਖ ਨੂੰ ਆਮ ਤੋਂ ਵੱਧ ਬਣਾਉਂਦੀ ਹੈ ਅਤੇ ਇਹ ਉਸ ਨੂੰ ਆਮ ਤੋਂ ਹੇਠਾਂ ਵੀ ਧੱਕ ਦਿੰਦੀ ਹੈ। ਸੰਸਾਰ ਅੰਦਰ ਹਰ ਗੱਲ ਵਿਚ, ਹਰ ਮਾਮਲੇ ਵਿਚ ਆਮ ਵਰਗੀ ਸਥਿਤੀ ਹੀ ਹੋਣੀ ਚਾਹੀਦੀ ਹੈ। ਜਿੰਨੀ ਦੇਰ ਤੁਸੀਂ ਬੁੱਧੀ ਤੋਂ ਆਜ਼ਾਦ (ਅਬੁੱਧ) ਨਹੀਂ ਹੋ ਜਾਂਦੇ ਅਤੇ ਇਸ ਤੋਂ ਉਤਾਂਹ ਨਹੀਂ ਉੱਠ ਖੜੋਂਦੇ, ਉਨੀ ਦੇਰ ਆਮ ਵਰਗੀ ਸਥਿਤੀ ਪੈਦਾ ਨਹੀਂ ਹੋਵੇਗੀ। ਮੈਂ ਅਬੁੱਧ ਹਾਂ ਅਤੇ ਫ਼ਰਾਖ-ਦਿਲ ਹਾਂ ਅਤੇ ਹਮੇਸ਼ਾ ਆਮ ਵਰਗੀ ਸਥਿਤੀ ਵਿਚ ਵਿਚਰਦਾ ਹਾਂ। ਮੈਂ ਸ਼ੁੱਧ ਆਤਮਾ ਦੀ ਦੈਵੀ ਜੋਤਿ ਸਦਕਾ ਸਰਵੱਗ ਬਣ ਗਿਆ ਹਾਂ। ਇਕ ਸਾਧਾਰਨ ਬੁੱਧੀ ਵਾਲੇ ਵਿਅਕਤੀ ਪਾਸ ਇਕ ਨਰਮ ਅਤੇ ਕ੍ਰਿਪਾਲੂ ਦਿਲ ਹੁੰਦਾ ਹੈ। ਜੇ ਉਹ ਜ਼ਿੰਦਗੀ ਦੀ ਗੁੰਝਲ ਨੂੰ ਹੱਲ ਕਰਨ ਦਾ ਦ੍ਰਿੜ ਇਰਾਦਾ ਬਣਾ ਲੈਂਦਾ ਹੈ ਤਾਂ ਉਹ ਇਦਾਂ ਕਰ ਸਕੇਗਾ। ਪਰੰਤੂ ਜੇ ਉਹ ਪਥ ਪ੍ਰਸ਼ਟ ਹੋ ਗਿਆ ਤਾਂ ਉਹ ਆਤਮਕ ਗਿਰਾਵਟ ਵਿਚ ਚਲਾ ਜਾਵੇਗਾ। ਜੇ ਇਕ ਵਿਅਕਤੀ ਹਫ਼ਤੇ ਵਿਚ ਇਕ ਦਿਨ (ਮੰਨ ਲਓ ਐਤਵਾਰ ਦੇ ਦਿਨ) ਆਪਣੀ ਬੁੱਧੀ ਨੂੰ ਆਰਾਮ ਦੇ ਦਿੰਦਾ ਹੈ ਤਾਂ ਵੀ ਉਹ ਆਪਣੇ ਲਈ ਚੋਖਾ ਲਾਹਾ ਕਮਾ ਲਵੇਗਾ। ਜੇਕਰ ਤੁਸੀਂ ਆਪਣੇ ਅਗਲੇ ਜਨਮ ਲਈ ਬੀਜ ਬੀਜਣੇ ਚਾਹੁੰਦੇ ਹੋ ਤਾਂ ਫਿਰ ਆਪਣੀ ਬੁੱਧੀ ਦਾ ਇਸਤੇਮਾਲ ਕਰੋ।

ਬੁੱਧੀ ਨੂੰ ਤੇਜ ਕਰ ਸਕਣਾ ਤੁਹਾਡੀ ਸਮਰੱਥਾ ਤੋਂ ਬਾਹਰ ਹੈ ਪਰੰਤੂ ਤੁਸੀਂ ਇਸ ਨੂੰ ਮੱਧਮ ਜ਼ਰੂਰ ਕਰ ਸਕਦੇ ਹੋ। ਬੁੱਧੀ ਦੀ ਜੋਤ ਨੂੰ ਹਮੇਸ਼ਾ ਮੱਧਮ ਹੀ ਰਖੋ। ਬੁੱਧੀ ਹਮੇਸ਼ਾ ਲਾਹੇਵੰਦ ਨਹੀਂ ਹੁੰਦੀ ਜਦੋਂ ਕਿ ਗਿਆਨ ਹਮੇਸ਼ਾ ਹੀ ਲਾਹੇਵੰਦ ਹੁੰਦਾ ਹੈ।

## 76
## ਬੁੱਧੀ ਦੀ ਤਾਕਤ

**ਪ੍ਰਸ਼ਨ-ਕਰਤਾ** : ਬੁੱਧੀ ਜਾਂਚ-ਪੜਤਾਲ/ਖੋਜ ਕਰਨ ਵਿਚ ਲਾਹੇਵੰਦ ਹੁੰਦੀ ਹੈ।

**ਦਾਦਾਸ਼੍ਰੀ** : ਜਿਸ ਵਿਅਕਤੀ ਦੀ ਬੁੱਧੀ ਸੰਕੀਰਣ ਸੋਚ ਵਾਲੀ ਅਤੇ ਘੱਟ ਉੱਨਤ ਹੈ ਉਸ ਦੇ ਮਨ

ਅੰਦਰ ਦੂਸਰਿਆਂ ਪ੍ਰਤੀ ਬੁਰੀ ਭਾਵਨਾ ਵਧੇਰੇ ਹੋਵੇਗੀ ਜਦੋਂ ਕਿ ਇਕ ਖੁੱਲੀ ਸੋਚ ਵਾਲੀ ਅਤੇ ਉੱਨਤ ਬੁੱਧੀ ਇਹੋ ਜਿਹੀਆਂ ਭਾਵਨਾਵਾਂ ਨਹੀਂ ਰਖਦੀ। ਜਦੋਂ ਅਸੀਂ ਅਜਾਇਬ ਘਰ ਜਾਂਦੇ ਹਾਂ ਤਾਂ ਕੀ ਅਸੀਂ ਆਪਣੀ ਨਫ਼ਰਤ ਕਿਸੇ ਉਪਰ ਵੀ ਕੱਢ ਸਕਦੇ ਹਾਂ? ਬੁੱਧੀ ਦੀ ਬਹੁਤ ਜ਼ਿਆਦਾ ਅਤੇ ਬੇਲੋੜੀ ਉਤਸੁਕਤਾ ਤਾਂ ਉਸ ਬੁਰੀ ਸੰਗਤ ਦੇ ਸਮਾਨ ਹੈ ਜਿਹੜੀ ਜ਼ਿੰਦਗੀ ਦੇ ਸਾਰੇ ਮਾਮਲਿਆਂ ਵਿਚ ਗੰਦ ਘੋਲ ਦਿੰਦੀ ਹੈ ਅਤੇ ਜ਼ਿੰਦਗੀ ਵਿਚ ਅਫਰਾਤਫਰੀ ਅਤੇ ਅਵਿਵਸਥਾ ਪੈਦਾ ਕਰਦੀ ਹੈ।

**ਪ੍ਰਸ਼ਨ-ਕਰਤਾ** : ਕਈ ਵਿਅਕਤੀਆਂ ਦੀ ਬੁੱਧੀ ਇੰਨੀ ਤਾਕਤਵਰ ਅਤੇ ਤਿੱਖੀ ਹੁੰਦੀ ਹੈ ਕਿ ਇਹ ਕਈ ਪ੍ਰਕਾਰ ਦੇ ਕੰਮ ਕਰ ਸਕਣ ਦੇ ਸਮਰਥ ਹੁੰਦੀ ਹੈ।

**ਦਾਦਾਸ਼੍ਰੀ** : ਇਹ ਬੁੱਧੀ ਦੀ ਸ਼ਕਤੀ ਹੈ ਜਿਸ ਉਪਰ ਬਹੁ-ਪਰਤੀ ਕਾਰਜਾਂ ਪ੍ਰਤੀ ਧਿਆਨ ਨਿਰਭਰ ਕਰਦਾ ਹੈ। ਇਕ ਚੋਰ ਜਦੋਂ ਚੋਰੀ ਕਰਦਾ ਹੈ ਤਾਂ ਉਸ ਦਾ ਧਿਆਨ ਇਕੋ ਸਮੇਂ ਸੋਲਾਂ (ਭਾਵ, ਬਹੁਤ ਸਾਰੀਆਂ) ਗੱਲਾਂ ਉਪਰ ਕੇਂਦ੍ਰਿਤ ਹੁੰਦਾ ਹੈ। ਇਹ ਚੋਰ ਘਰੋਂ ਬਿਨਾਂ ਖਾਣਾ ਖਾਧੇ ਚੋਰੀ ਕਰਨ ਲਈ ਨਿਕਲਦਾ ਹੈ ਤਾਂ ਕਿ ਉਸ ਦਾ ਧਿਆਨ ਕੇਂਦ੍ਰਿਤ ਕਰਨ ਦੀ ਸਮਰਥਾ ਵਧੇਰੇ ਰਹੇ: ਇਹ ਗੱਲ ਉਸ ਨੂੰ ਚੋਰੀ ਕਰਦੇ ਸਮੇਂ ਬਹੁ-ਪਰਤੀ ਧਿਆਨ ਕੇਂਦ੍ਰਿਤ ਰਖਣ ਵਿਚ ਸਹਾਇਤਾ ਕਰਦੀ ਹੈ। ਚੋਰੀ ਕਿਥੇ ਕੀਤੀ ਜਾਵੇ? ਕਿਸ ਵਿਸ਼ੇਸ਼ ਸਥਾਨ 'ਤੇ ਕੀਤੀ ਜਾਵੇ? ਕਿਸ ਵਕਤ ਉਪਰ ਕੀਤੀ ਜਾਵੇ? ਉਸ ਸਮੇਂ ਪੁਲੀਸ ਦਾ ਸਿਪਾਹੀ ਕਿਥੇ ਹੋਵੇਗਾ? ਉਸ ਦਾ ਆਪਣਾ ਬਟੂਆ ਕਿੱਥੇ ਹੈ, ਭਾਵ ਕਿਸ ਜੇਬ ਵਿਚ ਹੈ? ਸਮਾਂ ਆਉਣ 'ਤੇ ਬਚ ਕੇ ਕਿਵੇਂ ਨਿਕਲਣਾ ਹੈ? ਕਿਸ ਦਰਵਾਜ਼ੇ ਰਾਹੀਂ ਨਿਕਲਣਾ ਹੈ। ਇਕ ਚੋਰ ਇਕੋ ਸਮੇਂ ਅਜਿਹੇ ਦਰਜਨਾਂ ਨੁਕਤਿਆਂ ਉਪਰ ਆਪਣਾ ਧਿਆਨ ਦੇ ਸਕਦਾ ਹੈ।

ਬੁੱਧੀ ਦੇ ਉੱਦੇਸ਼ ਵਿਚ ਜਿਹੜੇ ਕਰਮਾਂ ਦਾ ਸਮੂਹ ਵੀ ਇਕ ਵਿਅਕਤੀ ਆਪਣੇ ਪਿਛਲੇ ਜਨਮ ਤੋਂ ਇਸ ਜਨਮ ਵਿਚ ਲੈ ਕੇ ਆਉਂਦਾ ਹੈ ਉਨ੍ਹਾਂ ਕਰਮਾਂ ਦਾ ਪ੍ਰਭਾਵ ਇਸ ਜਨਮ ਵਿਚ ਵੇਖਣ ਨੂੰ ਮਿਲਦਾ ਹੈ ਅਤੇ ਉਨ੍ਹਾਂ ਕਰਮਾਂ ਦਾ ਫਲ ਵੀ ਵਿਅਕਤੀ ਇਸ ਜਨਮ ਵਿਚ ਭੁਗਤਦਾ ਹੈ। ਉਨ੍ਹਾਂ ਕਰਮਾਂ ਦਾ ਫਲ ਹੀ ਇਸ ਜਨਮ ਵਿਚ ਭੁਗਤਣਾ ਪੈਂਦਾ ਹੈ।

**ਪ੍ਰਸ਼ਨ-ਕਰਤਾ** : ਕੀ ਬੁੱਧੀ ਸਿਰਫ਼ ਮਾਇਆ ਹੈ?

**ਦਾਦਾਸ਼੍ਰੀ** : ਨਹੀਂ, ਅਸਲ ਵਿਚ ਜਿਸ ਨੂੰ ਅਸੀਂ ਮਾਇਆ ਕਹਿੰਦੇ ਹਾਂ ਉਹ ਤਾਂ ਅਗਿਆਨਤਾ ਹੈ। ਜਦੋਂ ਵਿਅਕਤੀ ਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਅਗਿਆਨਤਾ ਜਾਂ ਮਾਇਆ ਅਲੋਪ ਹੋ ਜਾਂਦੀ ਹੈ ਪਰੰਤੂ ਅੰਤਹਕਰਨ ਕਾਇਮ ਰਹਿੰਦਾ ਹੈ। ਬੁੱਧੀ ਵੀ ਬਣੀ ਰਹਿੰਦੀ ਹੈ। ਬੁੱਧੀ ਵਿਅਕਤੀ ਨੂੰ ਉਨ੍ਹਾਂ ਮਾਮਲਿਆਂ ਵਿਚ ਹਿੱਸਾ ਲੈਣ ਹਿਤ ਪ੍ਰੇਰਿਤ ਕਰਦੀ ਹੈ ਜਿਹੜੇ ਦੁਨਿਆਵੀ ਪੱਖੋਂ ਲਾਭਦਾਇਕ ਹੋਣ। ਇੰਝ ਉਹ ਵਿਅਕਤੀ ਨੂੰ ਭਵਸਾਗਰ ਅੰਦਰ ਆਵਾਗਵਣ ਦੇ ਚੱਕਰ

ਵਿਚ ਪਾਈ ਰਖਦੀ ਹੈ। ਇਹ ਬੁੱਧੀ ਕੀ ਹੈ? ਜੇ ਕੋਈ ਤੁਹਾਡੇ ਪੁੱਤਰ ਨੂੰ ਉਲਝਾਉਂਣਾ ਚਾਹੇ ਤਾਂ ਤੁਹਾਡੀ ਬੁੱਧੀ ਤੁਹਾਨੂੰ ਆਪਣੇ ਪੁੱਤਰ ਦੇ ਪੱਖ ਵਿਚ ਦਖ਼ਲ ਦੇਣ ਲਈ ਮਜ਼ਬੂਰ ਕਰੇਗੀ।

ਅਸਲ ਵਿਚ, ਇਹ ਵਿਵਸਥਿਤ ਸ਼ਕਤੀ ਹੈ ਜਿਹੜੀ ਸੰਸਾਰ ਅੰਦਰ ਇਨ੍ਹਾਂ ਸਭ ਕੰਮਾਂ ਲਈ ਜਿੰਮੇਵਾਰ ਹੈ। ਫਿਰ ਵੀ ਬੁੱਧੀ ਇਨ੍ਹਾਂ ਸਭ ਮਾਮਲਿਆਂ ਵਿਚ ਆਪਣੇ ਵਲੋਂ ਦਖ਼ਲ ਦਿੰਦੀ ਹੈ। ਸਭ ਤੋਂ ਪਹਿਲਾਂ ਸਾਡਾ ਮਨ ਬੁੱਧੀ ਨੂੰ ਸੰਦੇਸ਼ ਭੇਜਦਾ ਹੈ। ਇਹ ਮਨ ਨੂੰ ਮੁੜ ਪੁਛਦੀ ਹੈ: "ਤੂੰ ਕੀ ਕਿਹਾ? ਕੀ.....?" ਅਤੇ ਫਿਰ ਦਖ਼ਲਅੰਦਾਜ਼ੀ ਕਰਦੀ ਹੈ। ਬੁੱਧੀ ਤਾਂ ਹਰ ਮਾਮਲੇ ਵਿਚ ਆਪਣਾ ਦਖ਼ਲ ਦੇਣ ਲਈ ਹਰ ਸਮੇਂ ਤਤਪਰ ਰਹਿੰਦੀ ਹੈ। ਜਦੋਂ ਵਿਅਕਤੀ ਰਾਤ ਦੇ ਸਮੇਂ ਸੌਂ ਰਿਹਾ ਹੁੰਦਾ ਹੈ ਜਾਂ ਨੀਂਦ ਵਿਚ ਸੁਪਨਾ ਲੈਂ ਰਿਹਾ ਹੁੰਦਾ ਹੈ ਤਾਂ ਉਸ ਸਮੇਂ ਵਿਅਕਤੀ ਦੇ ਅੰਦਰ ਸਭ ਠੀਕ-ਠਾਕ ਚਲਦਾ ਰਹਿੰਦਾ ਹੈ। ਫਿਰ ਤੁਸੀਂ ਕਿਉਂ ਨਹੀਂ ਸਮਝਦੇ ਕਿ ਇਹ ਜਾਗਤ ਅਵਸਥਾ ਵੀ ਇਕ ਤਰ੍ਹਾਂ ਦਾ ਸੁਪਨਾ ਹੀ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕਿਸੇ ਉਦਾਹਰਣ ਦੀ ਸਹਾਇਤਾ ਨਾਲ ਸਮਝਾਉ।

**ਦਾਦਾਸ਼੍ਰੀ** : ਮੰਨ ਲਓ ਇਕ ਡਰਾਈਵਰ ਕਾਰ ਚਲਾ ਰਿਹਾ ਹੈ ਅਤੇ ਸਾਹਮਣੇ ਤੋਂ ਇਕ ਹੋਰ ਵਾਹਨ ਉਸ ਦੇ ਵੱਲ ਨਜ਼ਦੀਕ ਹੀ ਆ ਰਿਹਾ ਹੈ। ਉਸ ਸਮੇਂ ਜੋ ਇਕ ਵਿਅਕਤੀ ਜਿਹੜਾ ਕਾਰ ਡਰਾਈਵਰ ਦੇ ਬਰਾਬਰ ਦੀ ਸੀਟ ਉਪਰ ਬੈਠਾ ਹੈ ਉਸ ਦੀ ਬਾਂਹ ਫੜ ਲੈਂਦਾ ਹੈ ਤਾਂ ਕੀ ਹੋਵੇਗਾ? ਨਤੀਜਾ ਇਕ ਦੁਰਘਟਨਾ ਹੋ ਸਕਦੀ ਹੈ। ਪਰੰਤੂ ਲੋਕ ਬਹੁਤ ਚੁਸਤ ਹਨ। ਉਹ ਸਟੀਅਰਿੰਗ ਵੀਲ ਨੂੰ ਨਹੀਂ ਫੜਦੇ ਕਿਉਂਕਿ ਉਹ ਜਾਣਦੇ ਹਨ ਕਿ ਉਹ ਤਾਂ ਡਰਾਈਵਰ ਨੇ ਫੜਿਆ ਹੋਇਆ ਹੈ। ਹਰ ਕੋਈ ਆਪਣਾ ਆਪਣਾ ਕਾਰਜ ਕਰਦਾ ਹੈ। ਇਕ ਮੋਟਰ-ਕਾਰ (ਇਕ ਦੁਨਿਆਵੀ ਵਸਤੂ) ਦੇ ਮਾਮਲੇ ਵਿਚ ਤਾਂ ਲੋਕ ਇਸ ਗੱਲ ਨੂੰ ਭਲੀ-ਭਾਂਤ ਸਮਝਦੇ ਹਨ। ਪਰੰਤੂ ਉਹ ਇਹ ਸਮਝਣ ਤੋਂ ਅਸਮਰਥ ਹਨ ਕਿ ਉਨ੍ਹਾਂ ਦੇ ਅੰਦਰ ਕੀ ਵਾਪਰਦਾ ਹੈ। ਉਹ 'ਖ਼ੁਦ' ਹੀ ਦਖ਼ਲਅੰਦਾਜ਼ੀ ਕਰਦਾ ਹੈ ਅਤੇ ਇਸੇ ਲਈ ਦਖ਼ਲਅੰਦਾਜ਼ੀ ਚਾਰੋਂ ਪਾਸੇ ਪ੍ਰਚਲਿਤ ਹੈ। ਜੇ ਲੋਕ ਦਖ਼ਲਅੰਦਾਜ਼ੀ ਕਰਨਾ ਬੰਦ ਕਰ ਦੇਣ ਅਤੇ ਘਟਨਾਵਾਂ ਨੂੰ ਆਪਣੇ ਕੁਦਰਤੀ ਕ੍ਰਮ ਅਨੁਸਾਰ ਵਾਪਰਨ ਦੇਣ ਤਾਂ ਕਿਧਰੇ ਵੀ ਅਵਿਵਸਥਾ ਜਾਂ ਅਫਰਾਤਫਰੀ ਨਹੀਂ ਹੋਵੇਗੀ – ਬਿਲਕੁਲ ਉਸੇ ਤਰ੍ਹਾਂ ਜਿਵੇਂ ਉਹ ਕਾਰ ਦੇ ਡਰਾਈਵਰ ਨੂੰ ਕਾਰ ਚਲਾਉਣ ਦਿੰਦੇ ਹਨ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ! ਤੱਤਵ-ਬੁੱਧੀ ਕੀ ਹੈ?

**ਦਾਦਾਸ਼੍ਰੀ** : "ਮੈਂ ਇਕ ਸ਼ੁੱਧ ਆਤਮਾ ਹਾਂ"। ਇਸ ਗੱਲ ਨੂੰ ਸਮਝਣਾ ਉਸ ਬੁੱਧੀ ਦਾ ਨਾਂ ਹੈ ਜਿਹੜੀ ਸਤਿ ਉਪਰ ਕੇਂਦ੍ਰਿਤ ਹੈ, ਭਾਵ ਤੱਤਵ-ਬੁੱਧੀ। ਜਿਹੜਾ ਵਿਅਕਤੀ ਇਸ ਸੱਚ ਨੂੰ ਸਮਝ ਲੈਂਦਾ ਹੈ ਉਸ ਦੀ ਦੇਹ-ਬੁੱਧੀ (ਭਾਵ ਸਰੀਰ ਉਪਰ ਕੇਂਦ੍ਰਿਤ ਬੁੱਧੀ) ਅਲੋਪ ਹੋ ਜਾਂਦੀ ਹੈ। ਜਿਹੜੀ ਬੁੱਧੀ ਪਹਿਲਾਂ ਸਰੀਰ ਦੇ ਅੰਦਰ ਤਕ ਹੀ ਸੀਮਿਤ ਸੀ ਹੁਣ ਤੱਤਵ ਰੂਪ ਲੈ ਲੈਂਦੀ ਹੈ।

ਤੱਤਵ-ਬੁੱਧੀ ਨੂੰ ਅਸੀਂ ਸਮਯਕ ਬੁੱਧੀ ਵੀ ਕਹਿ ਸਕਦੇ ਹਾਂ। ਜਦੋਂ ਵਿਅਕਤੀ ਨੂੰ ਸਹੀ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਸਹੀ ਬੁੱਧੀ ਜਾਂ ਤੱਤਵ ਬੁੱਧੀ ਜਨਮ ਲੈਂਦੀ ਹੈ। ਇਸ ਦੀ ਗੈਰਹਾਜ਼ਰੀ ਦੌਰਾਨ ਵਿਪਰੀਤ ਬੁੱਧੀ ਦਾ ਬੋਲ-ਬਾਲਾ ਰਹਿੰਦਾ ਹੈ।

## 77

## ਚਿੱਤ : ਅੰਤਹਕਰਣ ਦਾ ਤੀਜਾ ਅੰਗ

**ਪ੍ਰਸ਼ਨ-ਕਰਤਾ** : ਅੰਤਹਕਰਣ ਦੇ ਚਾਰ ਅੰਗਾਂ ਵਿਚੋਂ ਮਨ ਅਤੇ ਬੁੱਧੀ ਬਾਰੇ ਚਾਨਣਾ ਪਾਉਣ ਉਪਰੰਤ ਹੁਣ ਸਾਨੂੰ ਕਿਰਪਾ ਕਰਕੇ ਚਿੱਤ ਬਾਰੇ ਵੀ ਸਮਝਾਉ : ਚਿੱਤ ਅੰਤਹਕਰਣ ਦਾ ਤੀਜਾ ਅੰਗ ਹੈ।

**ਦਾਦਾਸ਼੍ਰੀ** : ਮਨ ਅਤੇ ਬੁੱਧੀ ਤੋ਼ ਬਾਦ ਸਾਡੇ ਅੰਤਹਕਰਣ ਦਾ ਤੀਸਰਾ ਭਾਗ ਹੈ ਚਿੱਤ। ਚਿੱਤ ਦਾ ਕੰਮ ਹੈ ਇਧਰ-ਉਧਰ ਭਟਕਣਾ ਅਤੇ ਕਲਪਨਾ ਕਰਨੀ। ਇਹ ਵੱਖ-ਵਸਤਾਂ ਦੀਆਂ ਉਨ੍ਹਾਂ ਦੇ ਮੂਲ ਰੂਪ ਵਿਚ ਤਸਵੀਰਾਂ ਬਣਾ ਲੈਂਦਾ ਹੈ। ਇਹ ਅਮਰੀਕਾ ਜਾਂ ਕਿਸੇ ਵੀ ਹੋਰ ਮੁਲਕ ਦੀਆਂ ਤਸਵੀਰਾਂ, ਜਦੋਂ ਤੁਸੀਂ ਦੂਰ ਆਪਣੇ ਮੁਲਕ ਭਾਰਤ ਵਿਚ ਬੈਠੇ ਹੋ, ਤੁਹਾਡੇ ਅੰਦਰਲੇ ਪੜਦੇ ਉਪਰ ਪ੍ਰਸਤੁਤ ਕਰ ਦਿੰਦਾ ਹੈ। ਚਿੱਤ ਦਾ ਇਹੋ ਕਾਰਜ ਹੈ।

**ਪ੍ਰਸ਼ਨ-ਕਰਤਾ** : ਲੋਕ ਤਾਂ ਕਹਿੰਦੇ ਹਨ ਕਿ ਮਨ ਲਗਾਤਾਰ ਇਧਰ-ਉਧਰ ਭਟਕਦਾ ਰਹਿੰਦਾ ਹੈ।

**ਦਾਦਾਸ਼੍ਰੀ** : ਇਹ ਸਿਰਫ ਕਹਿਣ ਦੀਆਂ ਗੱਲਾਂ ਹਨ। ਮਨ ਇਸ ਸਰੀਰ ਤੋਂ ਬਾਹਰ ਨਹੀਂ ਜਾਂਦਾ। ਜਿਹੜੀ ਚੀਜ ਬਾਹਰ ਜਾਂਦੀ ਹੈ ਉਹ ਹੈ ਚਿੱਤ। ਜੇ ਸੰਖੇਪ ਵਿਚ ਗੱਲ ਕਰੀਏ ਤਾਂ ਜੋ ਬਾਹਰ ਭਟਕਦਾ ਰਹਿੰਦਾ ਹੈ ਉਹ ਅਸ਼ੁੱਧ ਚਿੱਤ ਹੈ। ਸ਼ੁੱਧ ਚਿੱਤ ਤਾਂ ਸ਼ੁੱਧ ਆਤਮਾ ਹੀ ਹੈ।

ਚਿੱਤ ਤੋਂ ਭਾਵ ਹੈ ਗਿਆਨ+ਦਰਸ਼ਨ। ਅਸ਼ੁੱਧ ਚਿੱਤ ਤੋਂ ਭਾਵ ਹੈ ਅਸ਼ੁੱਧ ਗਿਆਨ+ਅਸ਼ੁੱਧ ਦਰਸ਼ਨ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਅੰਤਹਕਰਣ ਦੇ ਕਾਰਜਾਂ ਬਾਰੇ ਵਿਸਥਾਰ ਵਿਚ ਦਸੋ।

**ਦਾਦਾਸ਼੍ਰੀ** : ਮਨ ਇਕ ਪੈਂਫਲਿਟ ਦਿਖਾਉਂਦਾ ਹੈ ਅਤੇ ਚਿੱਤ ਇਕ ਤਸਵੀਰ ਦਿਖਾਉਂਦਾ ਹੈ। ਜਦੋਂ ਮਨ ਅਤੇ ਚਿੱਤ ਦੋਵੇਂ ਕਿਸੇ ਚੀਜ ਜਾਂ ਗੱਲ ਉੱਪਰ ਚਿੰਤਨ ਕਰਦੇ ਹਨ ਤਾਂ ਬੁੱਧੀ ਆਪਣਾ ਫੈਸਲਾ ਦਿੰਦੀ ਹੈ ਅਤੇ ਹਉਮੈਂ ਉਸ ਫ਼ੈਸਲੇ ਦੀ ਪ੍ਰੋੜਤਾ ਕਰਦੀ ਹੈ। ਉਸ ਉਪਰੰਤ ਅੱਗੇ ਕਾਰਜ ਹੁੰਦਾ ਹੈ। ਚਿੱਤ ਇਕ ਅਵਸਥਾ ਹੈ। ਇਹ ਅਸ਼ੁੱਧ ਗਿਆਨ ਅਤੇ ਅਸ਼ੁੱਧ ਦਰਸ਼ਨ ਦੀ ਸਥਿਤੀ ਹੈ। ਇਸ ਤੋਂ ਪਹਿਲਾਂ ਕਿ ਬੁੱਧੀ ਆਪਣਾ ਫੈਸਲਾ ਦੇਵੇ, ਮਨ ਅਤੇ ਚਿੱਤ ਅੰਦਰ ਅਫਰਾਤਫਰੀ ਅਤੇ ਅਵਿਵਸਥਾ ਫੈਲ ਜਾਂਦੀ ਹੈ ਪਰੰਤੂ ਜਦੋਂ ਇਕ ਵਾਰ ਬੁੱਧੀ ਫੈਸਲਾ ਲੈ ਲੈਂਦੀ ਹੈ ਤਾਂ ਉਸ

ਤੋਂ ਬਾਦ ਸਭ ਚੁੱਪ ਅਤੇ ਸ਼ਾਂਤ ਹੋ ਜਾਂਦਾ ਹੈ। ਜੇ ਬੁੱਧੀ ਨੇ ਇਕ ਪਾਸੇ ਹੋ ਕੇ ਬੈਠਣ ਲਈ ਕਹਿ ਦਿੱਤਾ ਜਾਵੇ ਤਾਂ ਮਨ ਜਾਂ ਚਿੱਤ ਕਦੇ ਵੀ ਬੇਚੈਨ ਜਾਂ ਵਿਆਕੁਲ ਮਹਿਸੂਸ ਨਹੀਂ ਕਰਦੇ।

**ਪ੍ਰਸ਼ਨ-ਕਰਤਾ** : ਚਿੱਤ ਇਧਰ-ਉਧਰ ਕਿਉਂ ਭਟਕਦਾ ਹੈ?

**ਦਾਦਾਸ਼੍ਰੀ** : ਆਦਿ ਕਾਲ ਤੋਂ ਹੀ ਚਿੱਤ ਆਪਣੇ ਅਸਲੀ 'ਟਿਕਾਣੇ' ਦੀ ਭਾਲ ਵਿਚ ਫਿਰ ਰਿਹਾ ਹੈ। ਇਹ ਇਧਰ-ਉਧਰ ਭਟਕ ਰਿਹਾ ਹੈ ਅਤੇ ਜ਼ਿੰਦਗੀ ਦੇ ਬਹੁਤ ਸਾਰੇ ਰੰਗੀਨ ਨਜ਼ਾਰੇ ਅਤੇ ਆਲੇ-ਦੁਆਲੇ ਦੀ ਅਨੰਤ ਵਿਭਿੰਨ ਵਸਤਾਂ ਵੀ ਵੇਖਦਾ ਰਹਿੰਦਾ ਹੈ। ਇਸ ਤਰ੍ਹਾਂ ਨਾਲ ਇਸ ਦਾ ਵਿਭਿੰਨ ਚੀਜਾਂ ਬਾਰੇ ਬੋਧ ਅਤੇ ਪ੍ਰਤੱਖ ਗਿਆਨ ਇਕੱਤਰ ਹੁੰਦੇ ਰਹਿੰਦੇ ਹਨ ਅਤੇ ਅੰਦਰ ਜਮ੍ਹਾਂ ਹੁੰਦੇ ਰਹਿੰਦੇ ਹਨ। ਫਿਰ ਇਹ ਉਹ ਸਾਰੀਆਂ ਯਾਦ ਵਿਚ ਜਮ੍ਹਾਂ ਹੋਈਆਂ ਤਸਵੀਰਾਂ ਨੂੰ ਯੋਗ ਸਮੇਂ ਉਪਰ ਵਿਖਾ ਦਿੰਦਾ ਹੈ ਕਿ ਕਿਹੜੀ ਚੀਜ ਕਿਸ ਤਰ੍ਹਾਂ ਦੀ ਸੀ। ਜੇ ਚਿੱਤ ਇਨ੍ਹਾਂ ਨਾਲ ਜੁੜ ਜਾਂਦਾ ਹੈ (ਭਾਵ ਵਧੇਰੇ ਮੋਹ ਪਾ ਲੈਂਦਾ ਹੈ) ਤਾਂ ਇਹ ਜੋ ਵੀ ਵੇਖਦਾ ਹੈ ਉਨ੍ਹਾਂ ਅਣੂੰਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਇਹ ਅਣੂੰ ਇਕੱਤਰ ਹੁੰਦੇ ਰਹਿੰਦੇ ਹਨ ਅਤੇ ਗੰਢਾਂ ਦਾ ਰੂਪ ਧਾਰਨ ਕਰ ਲੈਂਦੇ ਹਨ ਜਿਹੜੀਆਂ ਬਾਦ ਵਿਚ ਮਨ ਦਾ ਰੂਪ ਲੈ ਲੈਂਦੀਆਂ ਹਨ। ਜਦੋਂ ਚਿਤ ਦੇ ਝੁਕਾਅ ਵੀ ਇਧਰ-ਉਧਰ ਹੁੰਦੇ ਹਨ ਤਾਂ ਕੁਦਰਤੀ ਗੱਲ ਹੈ ਕਿ ਸਰੀਰ ਨੂੰ ਉਵੇਂ ਹੀ ਇਧਰ-ਉਧਰ ਹੋਣਾ ਪਵੇਗਾ।

ਅਗਲੇ ਜਨਮ ਵਿਚ ਇਹ ਮਨ ਸਹੀ ਸਮਾਂ ਆਉਣ 'ਤੇ ਵਿਭਿੰਨ ਪੈਂਫਲਿਟਾਂ ਨੂੰ ਪ੍ਰਦਰਸ਼ਤ ਕਰਦਾ ਹੈ। ਚਿੱਤ ਇਨ੍ਹਾਂ ਨੂੰ ਤਸਵੀਰਾਂ ਦੇ ਰੂਪ ਵਿਚ ਪੇਸ਼ ਕਰਦਾ ਹੈ ਅਤੇ ਬੁੱਧੀ ਆਪਣਾ ਫੈਸਲਾ ਸੁਣਾਉਂਦੀ ਹੈ।

ਚਿੱਤ ਆਪਣੇ ਅਸਲੀ ਟਿਕਾਣੇ (ਸ਼ੁੱਧ ਆਤਮਾ) ਦੀ ਤਲਾਸ਼ ਵਿਚ ਭਟਕਦਾ ਰਹਿੰਦਾ ਹੈ। ਇਹ ਜੋ ਕੁਝ ਵੀ ਵੇਖਦਾ ਹੈ ਉਸ ਵਿਚੋਂ ਪ੍ਰਸੰਨਤਾ ਤਲਾਸ਼ਣ ਦਾ ਯਤਨ ਕਰਦਾ ਹੈ। ਜਿਥੇ ਕਿਤੇ ਵੀ ਚਿੱਤ ਰੁਕ ਜਾਂਦਾ ਹੈ ਅਤੇ ਜਿਸ ਕਿਸੇ ਨੁਕਤੇ ਉਪਰ ਕੇਂਦ੍ਰਿਤ ਹੋ ਜਾਂਦਾ ਹੈ ਤਾਂ ਅੰਤਹਕਰਣ ਦਾ ਦੂਜਾ ਭਾਗ ਚੁੱਪ ਰਹਿੰਦਾ ਹੈ। ਇਹ ਮਨੁੱਖ ਨੂੰ ਪ੍ਰਸੰਨਤਾ ਪ੍ਰਦਾਨ ਕਰਦਾ ਹੈ ਪਰੰਤੂ ਇਹ ਛੇਤੀ ਹੀ ਇਸ ਤੋਂ ਅੱਕ ਜਾਂਦਾ ਹੈ। ਇਹ ਇਕੋ ਅਵਸਥਾ ਵਿਚ ਕਿੰਨੀ ਦੇਰ ਰਹਿ ਸਕਦਾ ਹੈ? ਸੋ ਚਿੱਤ ਹੁਣ ਕਿਸੇ ਹੋਰ ਵਸਤੂ ਵਲ ਭਟਕਣ ਲਗਦਾ ਹੈ - ਕਿਸੇ ਹੋਰ ਵਸਤੂ ਵਿਚ ਖੁਸ਼ੀ ਦੀ ਤਲਾਸ਼ ਹਿਤ।

ਛੇਤੀ ਹੀ ਜੋ ਪਹਿਲਾਂ ਖੁਸ਼ੀ ਦੀ ਵਸਤੂ ਜਾਂ ਖੁਸ਼ੀ ਦਾ ਕਾਰਨ ਜਾਪਦਾ ਸੀ ਹੁਣ ਉਹ ਦੁਖਦਾਈ ਜਾਪਣ ਲਗਦਾ ਹੈ ਕਿਉਂਕਿ ਜਦੋਂ ਤੁਸੀਂ ਬਾਹਰ ਖੁਸ਼ੀ ਦਾ ਤਲਾਸ਼ ਕਰਦੇ ਹੋ ਤਾਂ ਨਤੀਜਾ ਅਪ੍ਰਸੰਨਤਾ ਜਾਂ ਦੁੱਖ ਹੀ ਹੁੰਦਾ ਹੈ। ਇਸ ਦਾ ਕਾਰਨ ਇਹ ਕਿ ਬੁੱਧੀ ਦਾ ਇਹ ਕੁਦਰਤੀ ਸੁਭਾਅ ਹੈ ਕਿ ਇਹ ਜਿਸ ਨੂੰ ਪਹਿਲਾਂ ਠੀਕ ਸਮਝਦੀ ਸੀ ਹੁਣ ਗਲਤ ਸਮਝਣ ਲਗ ਜਾਵੇਗੀ,

ਜੋ ਵਸਤੂ ਪਹਿਲਾਂ ਖੁਸ਼ੀ ਦਿੰਦੀ ਸੀ ਉਹ ਹੁਣ ਖੁਸ਼ੀ ਦਿੰਦੀ ਨਹੀਂ ਜਾਪੇਗੀ। ਇਸ ਤੋਂ ਚਿੱਤ ਦੁਬਾਰਾ ਫਿਰ ਆਪਣੀ ਭਟਕਣਾ ਆਰੰਭ ਕਰ ਦਿੰਦਾ ਹੈ।

**ਪ੍ਰਸ਼ਨ-ਕਰਤਾ** : ਮਨੁੱਖ ਦਾ ਚਿੱਤ ਇਸ ਤਰ੍ਹਾਂ ਲਗਾਤਾਰ ਬਿਨਾਂ ਰੁਕੇ ਭਟਕਣਾ ਦੀ ਸਥਿਤੀ ਵਿਚ ਰਹਿੰਦਾ ਹੈ: ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ? ਆਂਤਰਿਕ ਸ਼ਾਂਤੀ ਕਿਸ ਤਰ੍ਹਾਂ ਪ੍ਰਾਪਤ ਕੀਤੀ ਜਾ ਸਕਦੀ ਹੈ?

**ਦਾਦਾਸ਼੍ਰੀ** : ਮੈਂ (ਭਾਵ ਗਿਆਨੀ ਪੁਰਸ਼) ਤੁਹਾਡੇ ਮਨ ਦੀ ਬਾਹਰੀ ਭਟਕਣਾ (ਚਿੱਤ-ਵ੍ਰਿਤੀ) ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹਾਂ। ਇਸ ਲਈ ਕੁਦਰਤੀ ਹੀ ਚਿੱਤ ਦੀ ਬਾਹਰੀ ਭਟਕਣਾ ਘਟ ਜਾਂਦੀ ਹੈ। ਇੰਝ ਚਿੱਤ-ਵ੍ਰਿਤੀਆਂ ਇੱਕ ਹੱਦ ਅੰਦਰ ਸੀਮਿਤ ਹੋ ਜਾਂਦੀਆਂ ਹਨ ਅਤੇ ਇਹ ਮੁਕਤੀ ਪ੍ਰਾਪਤੀ ਹਿਤ ਚਲਣ ਦਾ ਸਹੀ ਰਸਤਾ ਹੈ। ਅਸ਼ੁੱਧ ਚਿੱਤ-ਵ੍ਰਿਤੀਆਂ ਆਦਿ ਕਾਲ ਤੋਂ ਹੀ ਬਾਹਰ ਭਟਕਦੀਆਂ ਰਹੀਆਂ ਹਨ। ਜੇ ਤੁਸੀਂ ਯਤਨ ਕਰੋ ਅਤੇ ਉਨ੍ਹਾਂ ਨੂੰ ਇਕ ਵਿਸ਼ੇਸ਼ ਦਿਸ਼ਾ ਵਿਚ ਮੋੜ ਲਿਆਉ ਤਾਂ ਉਹ ਪਹਿਲਾਂ ਨਾਲੋਂ ਵਧੇਰੇ ਤਾਕਤ ਅਤੇ ਤੇਜ਼ੀ ਨਾਲ ਉਸੇ ਦਿਸ਼ਾ ਵੱਲ ਮੁੜ ਪੈਣਗੀਆਂ। ਹੁਣ ਗਿਆਨੀ ਪੁਰਸ਼ ਦੀ ਕ੍ਰਿਪਾ ਸਦਕਾ ਇਹ ਚਿੱਤ-ਵ੍ਰਿਤੀਆਂ ਆਪਣੇ ਮੂਲ ਟਿਕਾਣੇ ਉਪਰ ਪਰਤ ਆਉਂਦੀਆਂ ਹਨ, ਭਾਵ ਸ਼ੁੱਧ ਆਤਮਾ ਵਿਚ ਸਮਾ ਜਾਂਦੀਆਂ ਹਨ। ਕੀ ਇਹ ਇਕ ਮਹਾਨ ਕਰਾਮਾਤ ਨਹੀਂ ਹੈ?

ਕ੍ਰਮਿਕ ਮਾਰਗ ਉਪਰ ਚਲਦੇ ਹੋਏ ਵਿਅਕਤੀ ਨੂੰ ਮਨ ਅਤੇ ਚਿੱਤ ਦੀਆਂ ਅਨੰਤ ਅਵਸਥਾਵਾਂ ਦੀਆਂ ਮੁਸ਼ਕਿਲਾਂ ਨੂੰ ਲੰਘਣਾ ਪੈਂਦਾ ਹੈ। ਇਸ ਉਪਰੰਤ ਹੀ ਉਹ ਸਾਪੇਖ ਹਉਮੈਂ ਨੂੰ ਜਾਣ ਪਾਉਂਦਾ ਹੈ - ਬਿਲਕੁਲ ਉਸੇ ਤਰ੍ਹਾਂ ਜਿਵੇਂ ਕੋਈ ਵਿਅਕਤੀ ਸ਼ੀਸ਼ੇ ਅੰਦਰ ਕਿਸੇ ਪਰਛਾਵੇਂ ਨੂੰ ਵੇਖਦਾ ਹੈ। ਮੈਂ ਤੁਹਾਨੂੰ ਇਹ ਸਮਰਥਾ ਪ੍ਰਦਾਨ ਕਰ ਦਿੱਤੀ ਹੈ ਕਿ ਤੁਸੀਂ ਇਨ੍ਹਾਂ ਸਾਰੀਆਂ ਰੁਕਾਵਟਾਂ ਨੂੰ ਸਹਿਜ ਹੀ ਪਾਰ ਕਰ ਸਕੋ। ਇੰਝ ਮੈਂ ਤੁਹਾਨੂੰ ਤੁਹਾਡੇ ਸ਼ੁੱਧ ਸਵੈ ਵਿਚ ਬਿਠਾ ਦਿੱਤਾ ਹੈ: ਇਹੋ ਤੁਹਾਡਾ ਆਪਣਾ ਸਥਾਨ ਹੈ।

ਇਸ ਲਈ ਕੋਈ ਵੀ ਵਿਅਕਤੀ ਜਿਹੜਾ ਬਾਹਰੀ ਵਸਤਾਂ ਵਿਚ ਖੁਸ਼ੀ ਲੱਭਣ ਦਾ ਯਤਨ ਕਰਦਾ ਹੈ ਅਖ਼ੀਰ ਨੂੰ ਦੁੱਖ ਹੀ ਭੋਗਦਾ ਹੈ ਕਿਉਂਕਿ ਸੱਚ ਤਾਂ ਇਹ ਹੈ ਕਿ ਬਾਹਰੀ ਵਸਤਾਂ ਵਿਚ ਖੁਸ਼ੀ ਹੈ ਹੀ ਨਹੀਂ।

ਇੰਝ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਦੋਂ ਤੱਕ ਚਿੱਤ-ਵ੍ਰਿਤੀਆਂ ਦੀ ਬਾਹਰੀ ਭਟਕਣਾ ਖ਼ਤਮ ਨਹੀਂ ਹੋ ਜਾਂਦੀ ਅਤੇ ਇਹ ਚਿੱਤ ਆਪਣੇ ਅਸਲੀ ਟਿਕਾਣੇ ਵਿਚ ਸਥਿਰ ਨਹੀਂ ਹੋ ਜਾਂਦਾ ਉਨੀ ਦੇਰ ਇਸ ਭਟਕਣਾ ਦਾ ਕੋਈ ਅੰਤ ਨਹੀਂ। ਜਦੋਂ ਚਿੱਤ ਸੱਚੀ ਖੁਸ਼ੀ ਦਾ ਸੁਆਦ ਮਾਣ ਲੈਂਦਾ ਹੈ ਤਾਂ ਬਾਕੀ ਸਾਰੀਆਂ ਖੁਸ਼ੀਆਂ ਬੇਸੁਆਦੀਆਂ ਜਾਪਣ ਲਗਦੀਆਂ ਹਨ। ਇਸ ਤੋਂ ਬਾਦ ਸਿਰਫ਼ ਬਾਕੀ ਬਚਦਾ ਅਸ਼ੁੱਧ ਚਿਤ ਹੀ ਬਾਹਰ ਭਟਕਦਾ ਹੈ ਜਦੋਂ ਕਿ ਸ਼ੁੱਧ ਚਿਤ ਇਸ

ਨੂੰ ਵੇਖਦਾ ਹੈ ਅਤੇ ਇਸ ਦੀ ਅਸਲੀਅਤ ਨੂੰ ਪਹਿਚਾਣਦਾ ਹੈ। ਇਸ ਤੋਂ ਪਿਛੋਂ ਅਸ਼ੁੱਧ ਚਿੱਤ ਦੀਆਂ ਅਵਸਥਾਵਾਂ ਘਟਦੀਆਂ ਜਾਂਦੀਆਂ ਹਨ ਜਦੋਂ ਤਕ ਕਿ ਉਹ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਜਾਂਦੀਆਂ। ਉਪਰੰਤ ਜੋ ਬਚਦਾ ਹੈ ਉਹ ਹੈ ਸ਼ੁੱਧ ਚਿੱਤ ਦੀ ਅਵਸਥਾ ਅਤੇ ਇਸ ਦਾ ਦੂਜਾ ਨਾਂ ਹੈ ਕੇਵਲ ਗਿਆਨ, ਸੰਪੂਰਨ ਗਿਆਨ।

ਇਕ ਗਿਆਨੀ ਪੁਰਸ਼ ਤੁਹਾਡੇ ਅਸ਼ੁੱਧ ਚਿੱਤ ਨੂੰ ਨਹੀਂ ਛੂੰਹਦਾ ਪਰੰਤੂ ਉਹ ਤੁਹਾਨੂੰ ਸਦੀਵੀ ਖੁਸ਼ੀ ਦੇ ਆਨੰਦ ਦਾ ਅਨੁਭਵ ਕਰਵਾ ਦਿੰਦਾ ਹੈ। ਇਹ ਅਮੁੱਕ ਖੁਸ਼ੀ ਦੀ ਨੀਂਹ ਹੈ। ਨਤੀਜੇ ਵਜੋਂ ਆਪਣੇ ਅਸਲੀ ਟਿਕਾਣੇ ਵਿਚ ਸਥਿਰ ਹੋ ਕੇ ਜਿਹੜਾ ਸ਼ੁੱਧ ਚਿੱਤ ਸਾਨੂੰ ਮਿਲਦਾ ਹੈ ਉਹ ਹੋਰ ਕੁਝ ਨਹੀਂ ਸਗੋਂ ਸ਼ੁੱਧ ਆਤਮਾ ਹੀ ਹੈ। ਕਿਉਂਕਿ ਸ਼ੁੱਧ ਚਿੱਤ ਸਿਰਫ਼ ਅਤੇ ਸਿਰਫ਼ ਸ਼ੁੱਧ ਨੂੰ ਵੇਖਦਾ ਹੈ, ਅਸ਼ੁੱਧ ਚਿੱਤ ਹੌਲੀ-ਹੌਲੀ ਕਮਜ਼ੋਰ ਪੈ ਜਾਂਦਾ ਹੈ ਅਤੇ ਉਹ ਨਿਰਲੇਪ ਹੋ ਜਾਂਦਾ ਹੈ। ਅਖ਼ੀਰ, ਸਿਰਫ਼ ਸ਼ੁੱਧ ਚਿਤ ਹੀ ਬਾਕੀ ਰਹਿ ਜਾਂਦਾ ਹੈ। ਜਦੋਂ ਅਸ਼ੁੱਧ ਚਿੱਤ ਦਾ ਰੋਲ ਖ਼ਤਮ ਹੋ ਜਾਂਦਾ ਹੈ ਤਾਂ ਪਿਛੇ ਸਿਰਫ਼ ਪੂਰਨ ਸ਼ੁੱਧ ਆਤਮਾ ਰਹਿ ਜਾਂਦੀ ਹੈ। ਇਹੋ ਹੈ ਅਨੰਤ ਅਤੇ ਸਦੀਵੀ ਅਨੰਦ ਦੀ ਅਵਸਥਾ।

## 78
## ਚਿੱਤ ਦਾ ਸ਼ੁੱਧੀਕਰਣ

**ਪ੍ਰਸ਼ਨ-ਕਰਤਾ** : ਮੈਂ ਆਪਣੇ ਚਿੱਤ ਨੂੰ ਸ਼ੁੱਧ ਕਿਵੇਂ ਕਰ ਸਕਦਾ ਹਾਂ?

**ਦਾਦਾਸ਼੍ਰੀ** : ਸੰਸਾਰ ਦੇ ਸਾਰੇ ਹੀ ਧਰਮ ਅਸ਼ੁੱਧ ਚਿੱਤ ਨੂੰ ਸ਼ੁੱਧ ਕਰਨ ਦੇ ਯਤਨਾਂ ਵਿਚ ਹਨ - ਮਾਨੋ ਸਾਬਣ ਨਾਲ ਮੈਲੇ ਕੱਪੜੇ ਧੋਣ ਦੀ ਗੱਲ ਹੋਵੇ। ਇਹ ਤਾਂ ਸਚਾਈ ਹੈ ਕਿ ਜੇ ਮੈਲੇ ਕੱਪੜਿਆਂ ਨੂੰ ਸਾਬਣ ਨਾਲ ਧੋਈਏ ਤਾਂ ਉਨ੍ਹਾਂ ਦੀ ਮੈਲ ਤਾਂ ਨਿਕਲ ਜਾਂਦੀ ਹੈ ਪਰੰਤੂ ਸਾਬਣ ਦੇ ਅਵਸ਼ੇਸ਼ ਪਿੱਛੇ ਕੱਪੜਿਆਂ ਵਿਚ ਜ਼ਰੂਰ ਰਹਿ ਜਾਂਦੇ ਹਨ। ਫਿਰ ਤੁਹਾਨੂੰ ਸਾਬਣ ਦੇ ਇਹ ਅਵਸ਼ੇਸ਼ ਕੱਪੜਿਆਂ ਵਿਚੋਂ ਸਾਫ਼ ਕਰਨ ਦੇ ਲਈ ਇਕ ਹੋਰ ਪਾਊਡਰ ਦੀ ਲੋੜ ਪਵੇਗੀ। ਇਹ ਧੋਣ ਵਾਲਾ ਪਾਊਡਰ ਸਾਬਣ ਦੇ ਅਵਸ਼ੇਸ਼ ਤਾਂ ਧੋ ਕੇ ਬਾਹਰ ਕੱਢ ਦੇਵੇਗਾ ਪਰੰਤੂ ਆਪਣੇ ਅਵਸ਼ੇਸ਼ ਕੱਪੜੇ ਵਿਚ ਛੱਡ ਦੇਵੇਗਾ। ਇੰਝ ਅਸੀਂ ਵੇਖਦੇ ਹਾਂ ਇਕ ਧੋਣ ਵਾਲੇ ਸਾਬਣ ਜਾਂ ਪਾਊਡਰ ਨਾਲ ਧੋਤੇ ਹੋਏ ਕੱਪੜੇ ਨੂੰ ਜੇ ਕਿਸੇ ਹੋਰ ਪਾਊਡਰ ਵਗੈਰਾ ਨਾਲ ਧੋਈਏ ਤਾਂ ਇਹ ਉਸ ਧੋਤੇ ਹੋਏ ਕੱਪੜੇ ਵਿਚ ਆਪਣੇ ਅਵਸ਼ੇਸ਼ ਜ਼ਰੂਰ ਛੱਡ ਦੇਵੇਗਾ। ਸੰਸਾਰ ਦੇ ਇਨ੍ਹਾਂ ਸਾਰੇ ਧਰਮਾਂ ਦੇ ਮਾਮਲੇ ਵਿਚ ਵੀ ਇਹੋ ਗੱਲ ਕਹੀ ਜਾ ਸਕਦੀ ਹੈ। ਇਨ੍ਹਾਂ ਧਰਮਾਂ ਦੇ ਪੈਰੋਕਾਰਾਂ ਦੇ ਹੌਲੀ-ਹੌਲੀ ਸ਼ੁੱਧ ਹੋਏ ਚਿੱਤ ਵਿਚ ਵੀ ਮੈਲ ਦੇ ਕਣ ਜ਼ਰੂਰ ਰਹਿ ਹੀ ਜਾਂਦੇ ਹਨ।

**ਪ੍ਰਸ਼ਨ-ਕਰਤਾ** : ਇਨ੍ਹਾਂ ਹਾਲਾਤਾਂ ਵਿਚ ਇਕ ਵਿਅਕਤੀ ਅਖ਼ੀਰ ਆਪਣੀ ਸ਼ੁੱਧ ਆਤਮਾ ਨੂੰ ਕਿਵੇਂ ਪਹਿਚਾਣ ਸਕਦਾ ਹੈ?

**ਦਾਦਾਸ਼੍ਰੀ** : ਇਕ ਉਹ ਵਿਅਕਤੀ ਹੀ ਜਿਸ ਦੀ ਚੇਤਨਾ ਸੰਪੂਰਨ ਰੂਪ ਵਿਚ ਸ਼ੁੱਧ ਹੋ ਚੁੱਕੀ ਹੈ ਸਾਨੂੰ ਸ਼ੁੱਧ ਕਰ ਸਕਦਾ ਹੈ। ਇਹ ਕੰਮ ਇਹੋ ਜਿਹਾ ਗਿਆਨੀ ਪੁਰਸ਼ ਹੀ ਕਰ ਸਕਦਾ ਹੈ। ਉਸ ਤੋਂ ਬਿਨਾਂ ਹੋਰ ਕੋਈ ਵੀ ਵਿਅਕਤੀ ਅਜਿਹਾ ਕਰ ਸਕਣ ਦੇ ਸਮਰਥ ਨਹੀਂ। ਇਸੇ ਲਈ ਸੰਸਾਰ ਦੇ ਸਾਰੇ ਹੀ ਧਰਮ ਗਰੰਥ ਇਕ ਰਾਇ ਹੋ ਕੇ ਕਹਿੰਦੇ ਹਨ ਕਿ "ਜੇ ਤੁਸੀਂ ਆਪਣੀ ਪਵਿੱਤਰ ਆਤਮਾ ਨੂੰ ਪਹਿਚਾਨਣਾ ਚਾਹੁੰਦੇ ਹੋ ਤਾਂ ਗਿਆਨੀ ਪੁਰਸ਼ ਦੀ ਸੰਗਤ ਵਿਚ ਜਾਉ।" ਸਿਰਫ਼ ਉਹ ਹੀ ਤੁਹਾਨੂੰ ਗਿਆਨ ਦੇ ਸਕਦਾ ਹੈ ਅਤੇ ਤੁਹਾਨੂੰ ਸ਼ੁੱਧ ਆਤਮਾ ਪਹਿਚਾਨਣ ਦੇ ਸਮਰਥ ਬਣਾ ਸਕਦਾ ਹੈ।

ਧਰਮ ਗਰੰਥਾਂ ਵਿਚ ਸਿਰਫ਼ ਮੈਲੀ ਜਾਂ ਖੋਟੀ ਆਤਮਾ ਦਾ ਹੀ ਜ਼ਿਕਰ ਮਿਲਦਾ ਹੈ ਜਿਸ ਦਾ ਕੋਈ ਮੁੱਲ ਨਹੀਂ, ਕੋਈ ਅਹਿਮੀਅਤ ਨਹੀਂ ਕਿਉਂਕਿ ਇਥੇ ਤਾਂ ਸਿਰਫ਼ ਆਤਮਾ ਦਾ ਵਰਨਣ ਮਾਤਰ ਹੈ ਜਿਹੜਾ ਤੁਹਾਨੂੰ ਸ਼ੁੱਧ ਆਤਮਾ ਨੂੰ ਅਨੁਭਵ ਕਰਨ ਅਤੇ ਪਹਿਚਾਨਣ ਦੇ ਸਮਰਥ ਨਹੀਂ ਬਣਾ ਸਕਦਾ।

**ਪ੍ਰਸ਼ਨ-ਕਰਤਾ** : ਪਰੰਤੂ ਅਸੀਂ ਮਨ ਨੂੰ ਸ਼ੁੱਧ ਕਿਵੇਂ ਕਰੀਏ ਤਾਂ ਜੋ ਅਸੀਂ ਪਰਮ-ਪਦ ਜਾਂ ਮੁਕਤੀ ਪ੍ਰਾਪਤ ਕਰ ਸਕੀਏ?

**ਦਾਦਾਸ਼੍ਰੀ** : ਮੁਕਤੀ ਦੇ ਸਫ਼ਰ ਵਿਚ ਮਨ ਨੂੰ ਤਾਂ ਬਿਲਕੁਲ ਹੀ ਗੱਲ ਕਰਨ ਦੀ ਲੋੜ ਨਹੀਂ ਹੈ। ਸਿਰਫ਼ ਆਪਣੇ ਚਿੱਤ ਨੂੰ ਅਸੀਂ ਹਰ ਤਰ੍ਹਾਂ ਦੀ ਮੈਲ ਤੋਂ ਸ਼ੁੱਧ ਕਰਨਾ ਹੈ। ਤਾਂ ਹੀ ਜ਼ਿੰਦਗੀ ਦਾ ਰਹੱਸ ਜਾਣਿਆ ਜਾ ਸਕਦਾ ਹੈ। ਕੁਝ ਲੋਕ ਅਣਜਾਣੇ ਪਲ ਵਿਚ ਆਪਣੇ ਮਨ ਨੂੰ ਬਹੁਤ ਤਸੀਹੇ ਦਿੰਦੇ ਹਨ ਤਾਂ ਜੋ ਉਹ ਮਨ ਨੂੰ ਜਿੱਤ ਸਕਣ। ਆਪਣੇ ਪੱਖ ਤੋਂ ਉਹ ਸ਼ਾਇਦ ਠੀਕ ਹੋਣਗੇ ਪਰੰਤੂ ਜੇਕਰ ਕੋਈ ਵਿਅਕਤੀ ਮੁਕਤੀ ਪ੍ਰਾਪਤ ਕਰਨ ਦਾ ਇੱਛੁਕ ਹੈ ਤਾਂ ਉਸ ਲਈ ਜ਼ਰੂਰੀ ਹੈ ਕਿ ਉਹ ਤੱਥਾਂ ਪ੍ਰਤੀ ਚੇਤੰਨ ਹੋਵੇ। ਇਹ ਤੱਥ ਉਪਰੋਕਤ ਕਿਸਮ ਦੇ ਵਿਅਕਤੀਆਂ ਨੂੰ ਗਲਤ ਸਾਬਤ ਕਰਦੇ ਹਨ। ਜਦੋਂ ਇਕ ਵਾਰ ਚਿੱਤ ਸ਼ੁੱਧ ਹੋ ਜਾਂਦਾ ਹੈ ਤਾਂ ਵਿਅਕਤੀ ਦਾ ਇਸ ਮੰਤਵ ਹਿਤ ਮਨ ਨਾਲ ਕੋਈ ਸੰਬੰਧ ਨਹੀਂ ਰਹਿੰਦਾ ਕਿਉਂਕਿ ਸ਼ੁੱਧ ਚਿੱਤ ਤਾਂ ਨਿਰਲੇਪ ਰਹਿ ਕੇ ਮਨ ਦੀ ਫ਼ਿਲਮ ਨੂੰ ਵੇਖਦਾ ਹੈ।

ਕਈ ਚੀਜਾਂ ਅਤੇ ਸਥਾਨ ਅਜਿਹੇ ਹਨ ਜਿਹੜੇ ਮਨ ਨੂੰ ਰੁਝੇਵੇਂ ਵਿਚ ਰਖਦੀਆਂ ਹਨ ਪਰੰਤੂ ਇਨ੍ਹਾਂ ਵਿਚੋਂ ਕੋਈ ਵੀ ਚਿੱਤ ਨੂੰ ਰੁਝੇਵੇਂ ਵਿਚ ਨਹੀਂ ਰਖ ਸਕਦੀ। ਕੀ ਤੁਸੀਂ ਕਦੇ ਕੁਝ ਲੋਕਾਂ ਨੂੰ ਤਾਸ਼ ਖੇਡਦੇ ਹੋਏ ਨਹੀਂ ਵੇਖਿਆ? ਇਹ ਕੀ ਹੈ? ਇਹ ਖੇਡ ਖੇਡਣ ਵਿਚ ਉਨ੍ਹਾਂ ਨੂੰ ਕੀ ਖੁਸ਼ੀ ਪ੍ਰਾਪਤ ਹੁੰਦੀ ਹੈ। ਇਹ ਤਾਂ ਇਕ ਸਾਧਨ ਮਾਤਰ ਹੈ ਜਿਹੜਾ ਉਨ੍ਹਾਂ ਨੇ ਚਿੱਤ ਨੂੰ ਆਹਰੇ

ਲਾਉਣ ਹਿਤ ਅਪਣਾਇਆ ਹੈ। ਚਿੱਤ ਨੂੰ ਤਾਸ਼ ਦੀ ਖੇਡ ਦੇ ਵਿਚ ਆਹਰ ਲਾਉਣਾ ਇਕ ਤਿਲਕਣਬਾਜ਼ੀ ਹੈ ਪਰੰਤੂ ਇਸ ਖੇਡ ਵਿਚ ਲੱਗੇ ਵਿਅਕਤੀ ਫਿਰ ਹੋਰ ਅਤੇ ਹੋਰ ਨੈਤਿਕ ਤੇ ਆਤਮਕ ਗਿਰਾਵਟ ਵੱਲ ਤਿਲਕਦੇ ਰਹਿੰਦੇ ਹਨ। ਪਰੰਤੂ ਚਿੱਤ ਨੂੰ ਕਿੰਨੀ ਕੁ ਦੇਰ ਤੱਕ ਤਾਸ਼ ਦੀ ਖੇਡ ਵਿਚ ਆਹਰੇ ਲਾਇਆ ਜਾ ਸਕਦਾ ਹੈ। ਅਤੇ ਚਿੱਤ ਨੂੰ ਇੰਝ ਥੋੜੇ ਸਮੇਂ ਲਈ ਅਸਥਾਈ ਤੌਰ 'ਤੇ ਤਾਸ਼ ਦੀ ਖੇਡ ਵਿਚ ਵਿਅਸਤ ਰਖਣਾ ਕੀ ਅਖ਼ੀਰ ਨੂੰ ਗ਼ਮ ਅਤੇ ਬੋਰੀਅਤ ਪੈਦਾ ਨਹੀਂ ਕਰਦਾ?

**ਪ੍ਰਸ਼ਨ-ਕਰਤਾ** : ਚਿੱਤ ਕੁਝ ਖ਼ਾਸ ਵਸਤਾਂ ਜਾਂ ਘਟਨਾਵਾਂ ਵੱਲ ਹੀ ਕਿਉਂ ਭਟਕਦਾ ਹੈ?

**ਦਾਦਾਸ਼੍ਰੀ** : ਆਪਣੇ ਵੱਲੋਂ ਚਿੱਤ ਉਨ੍ਹਾਂ ਥਾਵਾਂ ਅਤੇ ਵਸਤਾਂ ਵੱਲ ਵਧੇਰੇ ਖਿੱਚਿਆ ਜਾਂਦਾ ਹੈ ਜੋ ਇਸ ਨੂੰ ਵਧੇਰੇ ਪਸੰਦ ਹਨ ਜਾਂ ਜਿਨ੍ਹਾਂ ਤੋਂ ਇਸ ਨੂੰ ਡਰ ਲਗਦਾ ਹੈ। ਜੇ ਕੋਈ ਵਿਅਕਤੀ ਦੁਪਹਿਰ ਦੇ ਸਮੇਂ ਕਮਰੇ ਵਿਚ ਸੱਪ ਨੂੰ ਵੇਖ ਲੈਂਦਾ ਹੈ, ਤਾਂ ਰਾਤ ਨੂੰ ਸੌਣ ਸਮੇਂ ਵੀ ਉਸ ਸੱਪ ਦਾ ਖ਼ਿਆਲ ਉਸ ਉਪਰ ਮੰਡਰਾਉਂਦਾ ਰਹੇਗਾ। ਜਦੋਂ ਚਿੱਤ ਕਿਸੇ ਸਥਾਨ ਤੋਂ ਡਰਦਾ ਹੈ ਤਾਂ ਇਹ ਵਾਰ-ਵਾਰ ਉਥੇ ਜਾਂਦਾ ਹੈ। ਅਸ਼ੁੱਧ ਚਿਤ ਕਿਧਰੇ ਵੀ ਭਟਕ ਸਕਦਾ ਹੈ - ਜੀਵ ਅਤੇ ਅਜੀਵ ਦੋਹਾਂ ਵਸਤਾਂ ਦੇ, ਦੋਹਾਂ ਗੁਣਾਂ ਦੇ ਸੁਮੇਲ ਵੱਲ। ਚਿੱਤ ਇੰਝ ਇਸ ਲਈ ਕਰਦਾ ਹੇ ਕਿਉਂਕਿ ਇਸ ਨੂੰ ਇਧਰ-ਉਧਰ ਜਾਣ ਲਈ ਕਿਸੇ ਟਿਕਟ ਦੀ ਲੋੜ ਨਹੀਂ ਪੈਂਦੀ। ਜੇ ਇਸ ਨੂੰ ਭਟਕਣ ਹਿਤ ਟਿਕਟ ਖਰੀਦਣ ਦੀ ਸ਼ਰਤ ਹੁੰਦੀ ਤਾਂ ਸ਼ਾਇਦ ਇਹ ਇੰਨੀ ਦੂਰ-ਦੂਰ ਤਕ ਨਾ ਭਟਕਦਾ।

ਪਹਿਲੇ ਜੀਵਨ ਵਿਚ ਵਿਅਕਤੀ ਨੇ ਜਿਨਾਂ ਵੀ ਅਵਸਥਾਵਾਂ ਨੂੰ ਅਨੁਭਵ ਕੀਤਾ ਹੁੰਦਾ ਹੈ ਉਹ ਫਿਰ ਪ੍ਰਗਟ ਹੋ ਜਾਂਦੀਆਂ ਹਨ। ਜਦੋਂ ਉਹ ਪ੍ਰਗਟ ਹੁੰਦੀਆਂ ਹਨ ਤਾਂ ਚਿੱਤ ਘੰਟਿਆਂ ਬੱਧੀ ਉਨ੍ਹਾਂ ਨਾਲ ਚਿਮਟਿਆ ਰਹਿੰਦਾ ਹੈ ਅਤੇ ਫਿਰ ਬਹੁਤ ਹੀ ਨੁਕਸਾਨਦੇਹ ਕਰਮਾਂ ਦੇ ਬੀਜ਼ ਬੋ ਦਿੱਤੇ ਜਾਂਦੇ ਹਨ। ਪਰੰਤੂ ਜਿਨ੍ਹਾਂ ਅਵਸਥਾਵਾਂ ਦੀ ਯਾਦ ਧੁੰਦਲੀ ਹੋ ਗਈ ਹੁੰਦੀ ਹੈ ਉਹ ਚਿੱਤ ਨਾਲ ਵਧੇਰੇ ਨੇੜਿਉਂ ਨਹੀਂ ਜੁੜਦੀਆਂ ਅਤੇ ਇਹ ਇਕ ਦਮ ਚਿੱਤ ਤੋਂ ਵੱਖ ਵੀ ਹੋ ਜਾਂਦੀਆਂ ਹਨ।

'ਚੇਤਨ' ਸ਼ਬਦ ਵੀ 'ਚਿੱਤ' ਤੋਂ ਹੀ ਬਣਿਆ ਹੈ। ਸ਼ੁੱਧ ਗਿਆਨ ਅਤੇ ਸ਼ੁੱਧ ਦਰਸ਼ਨ ਮਿਲ ਕੇ 'ਸ਼ੁੱਧ ਚੇਤਨ' ਬਣਦੇ ਹਨ।

**ਪ੍ਰਸ਼ਨ-ਕਰਤਾ** : ਗਿਆਨ ਕੀ ਹੈ? ਅਤੇ ਦਰਸ਼ਨ ਕੀ ਹੈ?

**ਦਾਦਾਸ਼੍ਰੀ** : ਜੇ ਅਸੀਂ ਗਿਆਨ ਅਤੇ ਦਰਸ਼ਨ ਦੋਹਾਂ ਦੀ ਇਕੱਠਿਆਂ ਗੱਲ ਕਰਨੀ ਚਾਹੀਏ ਤਾਂ ਅਸੀਂ ਇਸ ਨੂੰ ਚਿੱਤ ਕਹਾਂਗੇ। ਚਿੱਤ ਸਿਰਫ਼ ਅਸਥਾਈ ਵਸਤਾਂ ਵਿਖਾਉਂਦਾ ਹੈ। ਜਿੱਥੇ ਜਿੱਥੇ ਵੀ ਆਵੇਗ ਅਤੇ ਆਵੇਸ਼ ਆ ਜਾਂਦੇ ਹਨ ਉਥੇ ਚਿੱਤ ਦਾ ਜਾਣਾ ਵੀ ਲਾਜ਼ਮੀ ਹੈ। ਦਰਸ਼ਨ ਅਪ੍ਰਤੱਖ ਬੋਧ ਹੈ ਜਦੋਂ ਕਿ ਗਿਆਨ ਪ੍ਰਤੱਖ ਅਤੇ ਸਹੀ ਬੋਧ ਹੈ।

**ਪ੍ਰਸ਼ਨ-ਕਰਤਾ** : ਮੰਦਰ ਨੂੰ ਜਾਂਦੇ ਸਮੇਂ ਦੈਵੀ ਇਸ਼ਟ ਦੇ ਬੁੱਤ ਦੇ ਵੱਖ-ਵੱਖ ਰੂਪ ਉਭਰਦੇ ਹਨ। ਇਹ ਕਿਉਂ ਹੁੰਦਾ ਹੈ?

**ਦਾਦਾਸ਼੍ਰੀ** : ਮੰਦਰ ਵਿਚ ਇਸ਼ਟ ਦੇ ਬੁੱਤ ਦੇ ਦਰਸ਼ਨ ਕਰਨ ਦੌਰਾਨ ਤੁਹਾਡਾ ਆਪਣਾ ਨਜ਼ਰੀਆ ਬਦਲਦਾ ਰਹਿੰਦਾ ਹੈ। ਪਹਿਲੇ ਇਕ ਘੰਟੇ ਦੌਰਾਨ ਇਕ ਨਜ਼ਰੀਆ ਅਤੇ ਦੂਜੇ ਘੰਟੇ ਦੌਰਾਨ ਇਕ ਵਖਰਾ ਨਜ਼ਰੀਆ ਹੁੰਦਾ ਹੈ। ਇਹ ਸਭ ਚਿੱਤ ਵ੍ਰਿਤੀਆਂ ਦੇ ਭਟਕਣ ਦੀਆਂ ਅਵਸਥਾਵਾਂ ਅਤੇ ਮਨ ਦੀਆਂ ਅਵਸਥਾਵਾਂ ਦੇ ਆਂਤਰਿਕ ਸੰਕੇਤਾਂ ਦੇ ਰਿਸ਼ਤਿਆਂ ਦੇ ਸੰਦਰਭ ਵਿਚ ਸਮਝਿਆ ਜਾ ਸਕਦਾ ਹੈ। ਬੁੱਤ ਦੇ ਦਰਸ਼ਨ ਦੇ ਨਜ਼ਾਰੇ ਦਾ ਸਰੂਪ ਵਿਅਕਤੀ ਦੇ ਆਪਣੇ ਆਂਤਰਿਕ ਸੰਕੇਤਾਂ ਅਤੇ ਬਾਹਰੀ ਸੰਕੇਤਾਂ ਦੋਹਾਂ ਦੇ ਸਰੂਪ ਉਪਰ ਆਧਾਰਤ ਹੁੰਦਾ ਹੈ। ਜੇ ਮੰਦਰ ਦੇ ਅਗਲੇ ਪਾਸੇ ਤੋਂ ਰੋਸ਼ਨੀ ਆ ਰਹੀ ਹੈ ਤਾਂ ਦਰਸ਼ਨ ਦਾ ਸਰੂਪ ਵਖਰਾ ਹੋਵੇਗਾ ਅਤੇ ਜੇ ਇਹ ਰੋਸ਼ਨੀ ਮੰਦਰ ਦੇ ਇਕ ਪਾਸੇ ਤੋਂ ਆ ਰਹੀ ਹੈ ਤਾਂ ਇਹ ਦਰਸ਼ਨ ਵਖਰਾ ਹੋਵੇਗਾ।

ਉਸੇ ਤਰ੍ਹਾਂ ਗਿਆਨੀ ਪੁਰਸ਼ ਦਾ ਚਿਹਰਾ-ਮੁਹਰਾ ਬਾਕੀ ਵਿਅਕਤੀ ਦੀ ਤਰ੍ਹਾਂ ਹੀ ਹੈ ਪਰੰਤੂ ਲੋਕ ਉਸ ਨੂੰ ਆਪਣੇ ਮਨ ਦੀਆਂ ਵਿਭਿੰਨ ਅਵਸਥਾਵਾਂ ਅਤੇ ਚਿੱਤ ਵ੍ਰਿਤੀਆਂ ਦੀ ਵਿਆਕੁਲ ਅਵਸਥਾ ਦੇ ਅਨੁਸਾਰ ਵੱਖਰਾ-ਵੱਖਰਾ ਤਸਲੀਮ ਕਰਦੇ ਹਨ। ਪਰੰਤੂ ਗਿਆਨੀ ਪੁਰਸ਼ ਦੇ ਦਰਸ਼ਨ ਕਰਨ ਦਾ ਢੰਗ ਇਕੋ ਹੀ ਹੈ ਕਿਉਂਕਿ ਉਹ ਤਾਂ ਸ਼ੁੱਧ ਆਤਮਾ ਹੈ।

## 79
## ਚਿੱਤ ਦੀ ਖੁਸ਼ੀ

**ਪ੍ਰਸ਼ਨ-ਕਰਤਾ** : ਅਨੰਦਘਣ ਜੀ ਦੀ ਬਾਣੀ ਦੇ ਇਕ ਸ਼ਬਦ ਵਿਚ ਦੱਸਿਆ ਗਿਆ ਹੈ ਕਿ ਰਿਸ਼ਭਦੇਵ ਜੀ ਦੇ ਬੁੱਤ ਦਾ ਸਰੂਪ ਮੁਸਕੁਰਾਉਂਦਾ ਹੋਇਆ ਜਾਪਦਾ ਹੈ। ਇਸ ਬੁੱਤ ਦੀਆਂ ਅੱਖਾਂ ਕੱਚ ਦੀਆਂ ਬਾਣੀਆਂ ਹੋਈਆਂ ਹਨ। ਫਿਰ ਇਹ ਮੁਸਕੁਰਾਉਂਦੀਆਂ ਹੋਈਆਂ ਕਿਉਂ ਜਾਪਦੀਆਂ ਹਨ?

**ਦਾਦਾਸ਼੍ਰੀ** : ਇਹ ਠੀਕ ਹੈ ਕਿ ਉਨ੍ਹਾਂ ਦੀਆਂ ਅੱਖਾਂ ਮੁਸਕੁਰਾ ਰਹੀਆਂ ਪ੍ਰਤੀਤ ਹੁੰਦੀਆਂ ਹਨ ਕਿਉਂਕਿ ਵੇਖਣ ਵਾਲੇ ਵਿਅਕਤੀ ਦੀ ਆਪਣੀ ਚਿੱਤ ਵ੍ਰਿਤਤੀ ਅਤੇ ਉਸ ਦੀ ਆਪਣੀ ਚੇਤਨਤਾ ਇਸ ਉਪਰ ਹਾਵੀ ਹੁੰਦੀਆਂ ਹਨ। ਇਸ ਲਈ ਇਹ ਬੁੱਤ ਮੁਸਕੁਰਾ ਰਿਹਾ ਜਾਪਦਾ ਹੈ। ਇਸ ਨੂੰ ਚਿੱਤ ਦੀ ਖੁਸ਼ੀ, ਚਿੱਤ ਦਾ ਪੂਰਨ ਤੌਰ ਤੇ ਖਿੜਨਾ ਕਿਹਾ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਵਿਅਕਤੀ ਦਾ ਚਿੱਤ ਕਿਵੇਂ ਅਤੇ ਕਦੋਂ ਖੁਸ਼ੀ ਨਾਲ ਪੂਰੀ ਤਰ੍ਹਾਂ ਖਿੜ ਜਾਂਦਾ ਹੈ?

**ਦਾਦਾਸ਼੍ਰੀ** : ਚਿੱਤ ਖੁਸ਼ੀ ਨਾਲ, ਪੂਰਨ ਆਨੰਦ ਨਾਲ ਉਦੋਂ ਖਿੜਦਾ ਹੈ ਜਦੋਂ ਵਿਅਕਤੀ ਦੇ ਸਾਰੇ

ਕਪਟ ਵਾਲੇ ਆਵੇਗ ਅਲੋਪ ਹੋ ਜਾਂਦੇ ਹਨ। ਚਿੱਤ ਦਾ ਆਨੰਦ ਅਤੇ ਕਪਟ ਕਦੇ ਵੀ ਨਾਲ-ਨਾਲ ਨਹੀਂ ਰਹਿ ਸਕਦੇ। ਤੁਸੀਂ ਜਾਣਦੇ ਹੋ ਮਹਾਨ ਸੰਤ ਕਬੀਰ ਜੀ ਨੇ ਕੀ ਕਿਹਾ ਸੀ? ਉਨ੍ਹਾਂ ਕਿਹਾ ਸੀ ਕਿ "ਮੈਨੂੰ ਜਾਪਦਾ ਸੀ ਕਿ ਰੱਬ ਕਿਧਰੇ ਦੂਰ ਵਸਦਾ ਹੈ ਪਰ ਉਹ ਤਾਂ ਮੇਰੇ ਅੰਦਰ ਹੈ ਪਰੰਤੂ ਫਿਰ ਵੀ ਕਪਟ ਦੀ, ਝੂਠ ਦੀ ਇਕ ਦੀਵਾਰ ਮੇਰੇ ਅਤੇ ਰੱਬ ਦੇ ਵਿਚਕਾਰ ਖੜੀ ਹੋਣ ਕਾਰਨ ਮੈਂ ਉਸ ਦਾ ਦੀਦਾਰ ਨਹੀਂ ਕਰ ਸਕਦਾ।"

ਝੂਠ, ਕਪਟ ਦੀ ਦੀਵਾਰ ਇਕ ਰੁਕਾਵਟ ਪੈਦਾ ਕਰਦੀ ਹੈ, ਅਤੇ ਤੁਸੀਂ ਭਗਵਾਨ ਦੇ ਦਰਸ਼ਨ ਨਹੀਂ ਕਰ ਸਕਦੇ। ਚਿੱਤ ਦੀ ਸ਼ੁੱਧ ਵ੍ਰਿਤੀ ਦੁਨਿਆਵੀ ਵਸਤਾਂ ਉਪਰ ਨਹੀਂ ਮੰਡਰਾਉਂਦੀ ਰਹਿੰਦੀ। ਜੇਕਰ ਮੇਰੇ ਤੋਂ ਦੀਖਸ਼ਾ ਲੈ ਚੁੱਕੇ ਵਿਅਕਤੀ ਆਪਣੇ ਚਿੱਤ ਅੰਦਰ ਦੁਨਿਆਵੀ ਵਸਤਾਂ ਪ੍ਰਤੀ ਮੋਹ ਦੀ ਭਾਵਨਾ ਨਹੀਂ ਰਖਦੇ ਤਾਂ ਇਸ ਨਾਲ ਉਨ੍ਹਾਂ ਅੰਦਰ ਚਿੱਤ ਦੇ ਸੰਪੂਰਨ ਅਨੰਦ ਨਾਲ ਸੱਚੀ ਭਗਤੀ ਭਾਵਨਾ ਆਰੰਭ ਹੋ ਜਾਂਦੀ ਹੈ।

ਚਿੱਤ ਜਾਂ ਮਨ ਦੀ ਇਕੋ ਅਵਸਥਾ ਵਿਚ ਅਟਕਿਆ ਹੋਇਆ ਵਿਅਕਤੀ ਦੁਨਿਆਵੀ ਖੁਸ਼ੀਆਂ ਮਾਨਣ ਤੋਂ ਵੀ ਵਾਂਝਾ ਰਹਿ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਉਹ ਕਿਵੇਂ?

**ਦਾਦਾਸ਼੍ਰੀ** : ਜੇ ਕਿਸੇ ਪਿਛਲੇ ਇਕ ਘੰਟੇ ਤੋਂ ਵਿਅਕਤੀ ਦਾ ਚਿੱਤ ਜਾਂ ਮਨ ਇਕੋ ਅਵਸਥਾ ਵਿਚ ਅਟਕ ਗਿਆ ਹੈ ਅਤੇ ਉਹ ਉਥੇ ਹੀ ਅਟਕਿਆ ਰਹਿੰਦਾ ਹੈ ਤਾਂ ਉਸ ਅਵਸਥਾ ਦਾ ਪ੍ਰਭਾਵ ਆਉਣ ਵਾਲੇ ਘੰਟੇ ਵਿਚ ਅਤੇ ਇਥੋਂ ਤੱਕ ਕਿ ਉਸ ਤੋਂ ਬਾਦ ਤੱਕ ਵੀ ਬਣਿਆ ਰਹਿੰਦਾ ਹੈ ਅਤੇ ਉਹ ਉਸ ਸਮੇਂ ਜੋ ਵੀ ਖਾਂਦਾ ਜਾਂ ਪੀਂਦਾ ਹੈ ਉਹ ਵੀ ਇਸ ਪ੍ਰਭਾਵ, ਇਸੇ ਭਾਰ ਹੇਠ ਕਰਦਾ ਹੈ। ਦੁਨਿਆਵੀ ਮਾਮਲਿਆਂ ਵਿਚ ਸਿਰਫ਼ ਚਿੱਤ ਹੀ ਚੇਤਨ ਹੈ ਅਤੇ ਤੁਸੀਂ ਜੋ ਵੀ ਕਰਦੇ ਹੋ ਉਹ ਸਾਰਾ ਕੀਤਾ ਤਾਂ ਹੀ ਮਹੱਤਵਪੂਰਨ ਹੈ ਜੇ ਉਸ ਵਿਚ ਚਿੱਤ ਲੱਗਾ ਹੋਇਆ ਹੈ। ਉਸ ਸਾਰੇ ਖਾਧੇ ਜਾਂ ਪੀਤੇ ਦਾ ਕੀ ਲਾਭ ਜੇ ਉਸ ਪਲ ਤੁਹਾਡਾ ਮਨ ਹੀ ਉਸ ਖਾਣ-ਪੀਣ ਵਿਚ ਨਹੀਂ ਸੀ?

ਮਨ ਨੂੰ ਚਿੰਤਾ-ਮੁਕਤ, ਗਮ-ਮੁਕਤ ਰੱਖਣਾ ਹੀ ਸਾਰੇ ਧਰਮਾਂ ਦਾ ਤੱਤ ਹੈ। ਜੇਕਰ ਤੁਸੀਂ ਇਹ ਅਵਸਥਾ ਪ੍ਰਾਪਤ ਕਰ ਲੈਂਦੇ ਹੋ ਤਾਂ ਤੁਹਾਡਾ ਆਵਾਗਵਣ ਦਾ ਚੱਕਰ ਖ਼ਤਮ ਹੋ ਜਾਵੇਗਾ।

**ਪ੍ਰਸ਼ਨ-ਕਰਤਾ** : ਪਿਛਲੀ ਰਾਤ ਜਦੋਂ ਮੈਂ ਸੌਂ ਰਿਹਾ ਸੀ ਤਾਂ ਬਹੁਤ ਸਮਾਂ ਮੈਨੂੰ ਸੂਰਜ ਵਰਗੀ ਤੇਜ਼ ਰੋਸ਼ਨੀ ਵਿਖਾਈ ਦਿੱਤੀ। ਇਹ ਕੀ ਹੋ ਸਕਦਾ ਹੈ?

**ਦਾਦਾਸ਼੍ਰੀ** : ਇਹ ਚਿੱਤ ਦੀ ਇੱਕ ਕਰਾਮਾਤੀ ਕਿਰਤ ਹੈ। ਚਿੱਤ ਪਾਸ ਕਰਾਮਾਤੀ ਕੰਮ ਕਰਨ ਦੀ ਅਦਭੁਤ ਸ਼ਕਤੀ ਹੈ। ਸ਼ੁਰੂ-ਸ਼ੁਰੂ ਵਿਚ ਵਿਅਕਤੀ ਚਿੱਤ ਦੀਆਂ ਕਰਾਮਾਤਾਂ ਨੂੰ ਅਨੁਭਵ

ਕਰਦਾ ਹੈ ਅਤੇ ਫਿਰ ਇਸ ਤੋਂ ਬਾਦ ਸਿਆਣਪ ਦੀ ਰੋਸ਼ਨੀ ਹੋ ਜਾਂਦੀ ਹੈ।

**ਪ੍ਰਸ਼ਨ-ਕਰਤਾ** : ਮੰਦਰਾਂ ਅੰਦਰ ਘੰਟੀਆਂ/ਟੱਲ ਕਿਉਂ ਲਟਕਦੇ ਹੁੰਦੇ ਹਨ?

**ਦਾਦਾਸ਼੍ਰੀ** : ਚਿੱਤ ਨੂੰ ਇਕ ਥਾਂ ਕੇਂਦ੍ਰਿਤ ਕਰਨ ਲਈ। ਮਨ ਅਤੇ ਚਿੱਤ ਦੋਵੇਂ ਹੀ ਥੋੜੇ ਸਮੇਂ ਲਈ ਇਕ ਥਾਂ ਕੇਂਦ੍ਰਿਤ ਹੁੰਦੇ ਹਨ, ਖ਼ਾਸ ਤੌਰ ਤੇ ਜਦੋਂ ਨਗਾੜਾ ਵਜਦਾ ਹੈ ਜਾਂ ਟੱਲ ਖੜਕਦਾ ਹੈ। ਪਰੰਤੂ ਜਦੋਂ ਤਕ ਅਸੀਂ ਸ਼ੁੱਧ ਆਤਮਾ ਨੂੰ ਨਹੀਂ ਪਹਿਚਾਣਦੇ, ਪੂਰੀ ਤਰ੍ਹਾਂ ਧਿਆਨ ਕੇਂਦ੍ਰਿਤ ਕਰ ਸਕਣਾ ਸੰਭਵ ਨਹੀਂ।

**ਪ੍ਰਸ਼ਨ-ਕਰਤਾ** : ਕਈ ਵਸਤਾਂ ਹਨ ਜਿਹੜੀਆਂ ਚਿੱਤ ਦੀ ਭਟਕਣਾ ਅਤੇ ਚੰਚਲਤਾ ਦਾ ਕਾਰਨ ਹਨ।

**ਦਾਦਾਸ਼੍ਰੀ** : ਉਹ ਸਭ ਚੀਜਾਂ ਜਿਨਾਂ ਪਿੱਛੇ ਤੁਹਾਡਾ ਚਿੱਤ ਭਟਕਦਾ ਹੈ ਤੁਹਾਡੇ ਆਵੇਗ ਹਨ: ਇਹ ਆਵੇਗ ਤੁਹਾਡੇ ਚਿੱਤ ਨੂੰ ਕਾਬੂ ਕਰ ਲੈਂਦੇ ਹਨ। ਨਮਕੀਨ ਭੁਜੀਆ ਖਾਣਾ ਅਤੇ ਉਸ ਦਾ ਆਨੰਦ ਮਾਨਣਾ ਕੋਈ ਗਲਤ ਗੱਲ ਨਹੀਂ, ਪਰੰਤੂ ਤੁਹਾਡਾ ਮਨ ਉਸੇ ਵਿਚ ਖੁੱਭ ਜਾਂਦਾ ਹੈ ਅਤੇ ਉਸੇ ਅਨੁਭਵ ਦੀ ਯਾਦ ਵਿਚ ਗੁਆਚਿਆ ਰਹਿੰਦਾ ਹੈ। ਇਹ ਚਿੱਤ ਲਈ ਇਕ ਜਾਲ ਦੀ ਤਰ੍ਹਾਂ ਹੈ। ਜਦੋਂ ਚਿੱਤ ਸ਼ੁੱਧ ਆਤਮਾ ਤੋਂ ਬਾਹਰ ਨਿਕਲ ਕੇ ਇਧਰ-ਉਧਰ ਭਟਕਦਾ ਹੈ ਤਾਂ ਉਸ ਸਮੇਂ ਅਗਲੇ ਜਨਮ ਲਈ ਕਰਮਾਂ ਦੇ ਬੀਜ ਬੀਜੇ ਜਾਂਦੇ ਹਨ। ਚਿੱਤ ਹਮੇਸ਼ਾ ਤਸਵੀਰਾਂ ਬਣਾਉਂਦਾ ਹੈ: ਕਦੇ ਕਦੇ ਇਹ ਤਸਵੀਰਾਂ ਬਹੁਤ ਸਾਫ਼ ਅਤੇ ਸਪਸ਼ਟ ਹੁੰਦੀਆਂ ਹਨ ਅਤੇ ਕਦੇ-ਕਦੇ ਧੁੰਦਲੀਆਂ। ਪਰੰਤੂ ਇਕ ਗੱਲ ਯਾਦ ਰਖੋ: ਇਹ ਤਸਵੀਰਾਂ ਬਾਅਦ ਵਿਚ ਤੁਸੀਂ ਹੀ ਵੇਖਣੀਆਂ ਹਨ ਅਤੇ ਇਨ੍ਹਾਂ ਕਾਰਨ ਦੁੱਖ ਵੀ ਸਹਿਣਾ ਹੈ। ਇਸ ਲਈ ਕਿਰਪਾ ਕਰਕੇ ਤਸਵੀਰਾਂ ਵਧੀਆ ਖਿੱਚੋ। ਚਿੱਤ ਦੀ ਫ਼ਿਲਮ ਨੂੰ ਅਜਾਈਂ ਨਾ ਗੁਆਉ।

## 80
## ਹਉਮੈਂ

**ਦਾਦਾਸ਼੍ਰੀ** : ਅੰਤਹਕਰਣ ਦੇ ਚੌਥੇ ਅਤੇ ਅਖ਼ੀਰਲੇ ਅੰਗ ਦਾ ਨਾਂ ਹੈ ਹਉਮੈਂ।

**ਪ੍ਰਸ਼ਨ-ਕਰਤਾ** : ਇਹ ਹਉਮੈਂ ਜਾਂ ਅਹੰਕਾਰ ਹੈ ਕੀ?

**ਦਾਦਾਸ਼੍ਰੀ** : ਮਨ ਜਾਂ ਚਿੱਤ ਦੀ ਸਹਿਮਤੀ ਨਾਲ ਬੁੱਧੀ ਜੋ ਵੀ ਫ਼ੈਸਲਾ ਕਰਦੀ ਹੈ ਉਸ ਫ਼ੈਸਲੇ ਨੂੰ ਅੰਤਿਮ ਪ੍ਰੋੜਤਾ ਦੇਣ ਵਾਲੀ ਸ਼ਕਤੀ ਦਾ ਨਾਂ ਹੈ ਹਉਮੈਂ ਜਾਂ ਹਉਂ ਜਾਂ ਅਹੰਕਾਰ। ਜਿੰਨੀ ਦੇਰ ਤੱਕ ਹਉਮੈਂ ਪ੍ਰੋੜਤਾ ਨਹੀਂ ਕਰਦੀ ਉਨੀ ਦੇਰ ਤੱਕ ਕੋਈ ਕਾਰਵਾਈ ਨਹੀਂ ਹੋ ਸਕਦੀ। ਪਰੰਤੂ ਬੁੱਧੀ, ਜੋ ਕਿ ਹਉਮੈਂ ਦੇ ਰਾਹੀਂ ਆਉਣ ਵਾਲੀ ਅਸਿੱਧੀ ਰੋਸ਼ਨੀ ਹੈ, ਜਦੋਂ ਫ਼ੈਸਲਾ ਲੈਂਦੀ ਹੈ ਤਾਂ ਹਉਮੈਂ ਆਪਣੇ ਆਪ ਹੀ ਖ਼ੁਦ ਨੂੰ ਇਸ ਨਾਲ ਇਕ-ਮਿਕ ਕਰ ਲੈਂਦੀ ਹੈ ਅਤੇ ਕਾਰਵਾਈ

ਆਰੰਭ ਹੋ ਜਾਂਦੀ ਹੈ।

'ਮੈਂ ਅਮਿਤ ਹਾਂ' - ਇਕ ਗਿਆਨੀ ਪੁਰਸ਼ ਦੇ ਅਨੁਸਾਰ ਇਹ ਸਭ ਤੋਂ ਪਹਿਲੀ ਹਉਮੈਂ ਹੈ। ਸਾਰੇ ਸੰਸਾਰ ਦੀ ਹੋਂਦ ਇਸੇ ਧੁਰੇ ਦੇ ਦੁਆਲੇ ਹੈ। ਜੇ 'ਮੈਂ ਅਮਿਤ ਹਾਂ' ਦੀ ਹਉਮੈਂ ਵਾਲੀ ਭਾਵਨਾ ਖ਼ਤਮ ਹੋ ਜਾਂਦੀ ਹੈ ਤਾਂ ਵਿਅਕਤੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਇਸ ਜੀਵਨ ਦਾ ਆਧਾਰ ਕਿਹੜੀ ਨੀਂਹ ਉਪਰ ਹੈ? ਕੀ ਇਸ ਦੀ ਹੋਂਦ ਪੈਰਾਂ ਉਪਰ ਜਾਂ ਸਰੀਰ ਉਪਰ ਹੈ? ਦੋਹਾਂ ਉਪਰ ਨਹੀਂ। ਇਸ ਦੀ ਹੋਂਦ ਹੈ "ਮੈਂ ਹਾਂ" ਵਾਲੀ ਹਉਮੈਂ ਦੀ ਭਾਵਨਾ ਉਪਰ। ਵਿਅਕਤੀ ਸ਼ੁੱਧ ਹਉਮੈਂ (ਮੈਂ ਸ਼ੁੱਧ ਆਤਮਾ ਹਾਂ) ਰਾਹੀਂ ਮੁਕਤੀ ਪ੍ਰਾਪਤ ਕਰ ਸਕਦਾ ਹੈ। ਬਾਕੀ ਹਰ ਪ੍ਰਕਾਰ ਦੀ ਹਉਮੈਂ ਵਿਅਕਤੀ ਦੇ ਆਵਾਗਵਣ ਦੇ ਚੱਕਰ ਨੂੰ ਹੋਰ ਵੱਡਾ ਕਰ ਦਿੰਦੀ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਸ ਨੂੰ ਹੋਰ ਵਿਸਥਾਰ ਵਿਚ ਸਮਝਾਉ। ਆਮ ਤੌਰ 'ਤੇ ਅਸੀਂ ਹੰਕਾਰ ਨੂੰ ਹੀ ਹਉਮੈਂ ਕਹਿੰਦੇ ਹਾਂ।

**ਦਾਦਾਸ਼੍ਰੀ** : ਅਸਲ ਵਿਚ ਵਿਅਕਤੀ ਦਾ ਅਨਾਤਮ ਵਿਚ ਇਹ ਵਿਸ਼ਵਾਸ਼ ਹੈ ਕਿ 'ਮੈਂ ਹਾਂ' ਹੀ ਹਉਮੈਂ ਹੈ। ਜੇ ਤੁਸੀਂ ਸ਼ੁੱਧ ਆਤਮਾ ਵਿਚ ਇਹ ਮਹਿਸੂਸ ਕਰਦੇ ਹੋ ਕਿ 'ਮੈਂ ਹਾਂ' ਤਾਂ ਇਹ ਹਉਮੈਂ ਨਹੀਂ। ਇਕ ਵਿਅਕਤੀ ਕਹਿੰਦਾ ਹੈ: "ਮੈ ਹਾਂ"। ਪਰੰਤੂ ਤੁਹਾਨੂੰ ਇਹ ਠੀਕ ਪਤਾ ਨਹੀਂ ਕਿ ਇਹ 'ਮੈਂ ਹਾਂ' ਦੀ ਇਹ ਭਾਵਨਾ ਕਿਧਰ ਨੂੰ ਸੰਕੇਤ ਕਰਦੀ ਹੈ। ਵਿਅਕਤੀ ਨੂੰ ਅਨਾਤਮ ਵਿਚ 'ਮੈਂ ਹਾਂ' ਕਹਿਣ ਦਾ ਅਧਿਕਾਰ ਨਹੀਂ। ਸਹੀ ਮਾਅਨਿਆਂ ਵਿਚ ਤਾਂ ਵਿਅਕਤੀ ਨੂੰ ਇਹ ਪਤਾ ਹੀ ਨਹੀਂ ਕਿ ਉਹ ਕੌਣ ਹੈ। ਜੇ ਕੋਈ ਵਿਅਕਤੀ ਇਸ ਰਹੱਸ ਤੋਂ ਜਾਣੂੰ ਹੋ ਜਾਂਦਾ ਹੈ ਤਾਂ ਸਮਝ ਲਉ ਉਸ ਨੇ ਜੰਗ ਜਿੱਤ ਲਈ।

**ਪ੍ਰਸ਼ਨ-ਕਰਤਾ** : ਇਹ ਸੰਸਾਰ ਆਪਣੀ ਮਰਜੀ ਅਨੁਸਾਰ ਆਪਣੇ ਆਪ ਹੀ ਚੱਲ ਰਿਹਾ ਹੈ: ਇਸ ਨੂੰ ਕਿਸੇ ਨੇ ਨਹੀਂ ਤੋਰਿਆ ਅਤੇ ਨਾ ਹੀ ਕੋਈ ਇਦਾਂ ਕਰ ਸਕਦਾ ਹੈ। ਸਿਰਫ਼ ਹਉਮੈਂ ਹੀ ਸ਼ੇਖੀ ਮਾਰਦੀ ਹੈ: "ਮੈਂ ਹੀ ਸੰਸਾਰ ਨਾਂ ਦੀ ਇਸ ਮਸ਼ੀਨ ਨੂੰ ਚਲਾ ਰਿਹਾ ਹਾਂ"। ਜਿੰਨੀ ਦੇ ਰ ਤਕ ਵਿਅਕਤੀ ਸ਼ੁੱਧ ਆਤਮਾ ਨੂੰ ਨਹੀਂ ਪਹਿਚਾਣਦਾ ਉਨੀ ਦੇਰ ਉਹ ਚਾਬੀ ਦਿੱਤੇ ਖਿਡੌਣੇ ਦੀ ਤਰ੍ਹਾਂ ਹੈ।

## 81

## ਤਿਆਗ

**ਪ੍ਰਸ਼ਨ-ਕਰਤਾ** : ਤਿਆਗ ਕਿਸ ਵਸਤੂ ਦਾ ਕੀਤਾ ਜਾਵੇ? ਕਿਹਾ ਜਾਂਦਾ ਹੈ ਕਿ ਮੁਕਤੀ ਪ੍ਰਾਪਤੀ ਹਿਤ ਸੰਸਾਰਕ ਜੀਵਨ ਅਤੇ ਝਮੇਲਿਆਂ ਨੂੰ ਤਿਆਗਣਾ ਪੈਂਦਾ ਹੈ।

**ਦਾਦਾਸ਼੍ਰੀ** : ਅਸਲ ਵਿਚ ਦਾਦਾ ਭਗਵਾਨ ਨੇ ਕਿਹਾ ਹੈ: "ਜੇਕਰ ਤੁਸੀਂ ਮੁਕਤੀ ਚਾਹੁੰਦੇ ਹੋ ਤਾਂ ਤੁਹਾਨੂੰ ਕੁਝ ਵੀ ਤਿਆਗਣ ਦੀ ਜ਼ਰੂਰਤ ਨਹੀਂ ਹੈ। ਜੇ ਅਹੰ (ਹਉਮੈਂ, ਅਹੰਕਾਰ) ਅਤੇ ਮੋਹ ਨੂੰ ਤਿਆਗ ਦਿੱਤਾ ਜਾਵੇ ਤਾਂ ਮਾਨੋ ਸਭ ਕੁਝ ਤਿਆਗ ਦਿੱਤਾ। "ਮੈਂ" ਅਤੇ "ਮੇਰਾ" - "ਮੈਂ ਤੋਂ ਭਾਵ ਹੈ ਅਹੰ ਜਾਂ ਹਉਮੈਂ ਅਤੇ 'ਮੇਰਾ' ਤੋਂ ਭਾਵ ਹੈ ਮੋਹ, ਸੰਸਾਰ ਅਤੇ ਸੰਸਾਰਕ ਵਸਤਾਂ ਦਾ ਮੋਹ। ਇਸ ਲਈ ਸਿਰਫ਼ "ਮੈਂ" ਅਤੇ "ਮੇਰਾ" ਦੀਆਂ ਭਾਵਨਾਵਾਂ ਨੂੰ ਹੀ ਤਿਲਾਂਜਲੀ ਦੇਣੀ ਹੈ।

ਜਦੋਂ ਮੈਂ ਤੁਹਾਨੂੰ ਦੀਕਸ਼ਾ ਦਿੰਦਾ ਹਾਂ ਤਾਂ ਮੈਂ ਤੁਹਾਨੂੰ ਤੁਹਾਡੀ ਸ਼ੁੱਧ ਆਤਮਾ ਦੇ ਦਰਸ਼ਨ ਕਰਵਾਉਂਦਾ ਹਾਂ ਅਤੇ ਤੁਹਾਡੀ ਹਉਮੈਂ ਅਤੇ ਮੋਹ ਦਾ ਤਿਆਗ ਕਰਵਾਉਂਦਾ ਹਾਂ। ਇਕ ਪਾਸੇ ਜੇਕਰ ਤੁਸੀਂ 'ਮੈਂ' ਅਤੇ 'ਮੇਰਾ' ਦਾ ਤਿਆਗ ਕਰ ਦਿੰਦੇ ਹੋ ਤਾਂ ਮੈਂ ਦੂਜੇ ਪਾਸੇ ਤੁਹਾਨੂੰ ਕੀ ਦਿਲਾ ਦਿੰਦਾ ਹਾਂ ਕੀ ਤੁਸੀਂ ਜਾਣਦੇ ਹੋ? ਮੈਂ ਤੁਹਾਨੂੰ ਤੁਹਾਡੀ ਸ਼ੁੱਧ ਆਤਮਾ ਦੇ ਸਨਮੁਖ ਕਰਵਾ ਦਿੰਦਾ ਹਾਂ। ਸੋ ਕੁਝ ਸਵੀਕਾਰਨ ਜਾਂ ਅਸਵੀਕਾਰਨ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਤਿਆਗ ਤੋਂ ਭਾਵ ਸਿਰਫ਼ ਹਉਮੈਂ ਦੀ ਭਾਵਨਾ ਨੂੰ ਖ਼ਤਮ ਕਰਨਾ ਹੈ। ਮੈਂ ਤੁਹਾਡੇ ਸਮੁੱਚੇ ਅਹੰ ਨੂੰ ਸਵੀਕਾਰ ਕਰਦਾ ਹਾਂ। ਫਿਰ ਤੁਹਾਡੀ ਸਮੁੱਚੀ ਹੋਂਦ ਦਾ ਝੁਕਾਅ ਕਿਧਰ ਨੂੰ ਜਾਂਦਾ ਹੈ? ਇਹ ਤਾਂ ਤੁਹਾਡੀ ਹੋਂਦ ਦੀਆਂ ਜੜ੍ਹਾਂ ਵਿਚ ਸਥਿਰ ਹੈ। ਹਉਮੈਂ ਦੀ ਹੋਂਦ ਇਸ ਦੇ ਯੋਗ ਸਥਾਨ ਉਪਰ ਹੈ ਅਤੇ ਮੈਂ ਇਸ ਨੂੰ ਸ਼ੁੱਧ ਆਤਮਾ ਦੇ ਰੂਪ ਵਿਚ ਇਸ ਦਾ ਸਹੀ ਸਥਾਨ ਦਿਖਾ ਦਿੰਦਾ ਹਾਂ।

ਜੇਕਰ ਤੁਸੀਂ ਸਵੇਰੇ ਪੰਜ ਵਜੇ ਜਾਗਣ ਦਾ ਪੱਕਾ ਨਿਸ਼ਚਾ ਕਰ ਲੈਂਦੇ ਹੋ ਤਾਂ ਯਕੀਨਨ ਹੀ ਸਮੇਂ ਸਿਰ ਤੁਹਾਡੀ ਜਾਗ ਖੁੱਲ ਜਾਵੇਗੀ। ਦੂਸਰੇ ਸ਼ਬਦਾਂ ਵਿਚ ਪੱਕਾ ਨਿਸ਼ਚਾ ਹੀ ਅਹੰ ਹੈ। ਅਹੰ ਲਈ ਕੁਝ ਵੀ ਅਸੰਭਵ ਨਹੀਂ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦਿਉ।

**ਦਾਦਾਸ਼੍ਰੀ** : ਇਕ ਵਾਰ ਦੀ ਗੱਲ ਹੈ ਕਿ ਸਵਾਮੀ ਸਹਿਜਾਨੰਦ ਜੀ ਕਾਠੀਆਵਾੜ ਖੇਤਰ ਵਿਚ ਵਿਚਰ ਰਹੇ ਸਨ। ਉਥੇ ਉਨ੍ਹਾਂ ਨੂੰ ਇਕ ਬਾਦਸ਼ਾਹ ਮਿਲਿਆ। ਬਾਦਸ਼ਾਹ ਨੇ ਸਵਾਮੀ ਜੀ ਨੂੰ ਦੱਸਿਆ: "ਇਕ ਸਾਧੂ-ਜਨ ਆਏ ਹੋਏ ਹਨ। ਹਰ ਵਾਰ ਜਦੋਂ ਉਹ ਮੇਰੇ ਸ਼ਹਿਰ ਚਰਨ ਪਾਉਂਦੇ ਹਨ ਤਾਂ ਇਕ ਪੰਦਰਵਾੜੇ ਦਾ ਸਮਾਂ ਉਹ ਧਰਤੀ ਦੇ ਅੰਦਰ ਦਫਨ ਰਹਿ ਕੇ ਬਿਤਾਉਂਦੇ ਹਨ।" ਸਵਾਮੀ ਜੀ ਨੇ ਬਾਦਸ਼ਾਹ ਨੂੰ ਕਿਹਾ: "ਉਨ੍ਹਾਂ ਨੂੰ ਕਹੋ ਕਿ ਇਹ ਸਾਰਾ ਮੇਰੀ ਮੌਜੂਦਗੀ ਵਿਚ ਕਰਨ।" ਉਹ ਸਾਧੂ ਪੂਰਾ ਪੰਦਰਵਾੜਾ ਧਰਤੀ ਹੇਠ ਦਫ਼ਨ ਰਹੇ। ਫਿਰ ਸਵਾਮੀ ਜੀ ਨੇ ਬਾਦਸ਼ਾਹ ਨੂੰ ਕਿਹਾ: "ਹਰ ਵਾਰ ਪੰਦਰਵਾੜੇ ਤੋਂ ਉਪਰੰਤ ਤੁਸੀਂ ਨਿਜੀ ਤੌਰ 'ਤੇ ਪੂਰੇ ਜਲਸਾ-ਜਲੂਸ ਅਤੇ ਢੋਲ-ਢਮੱਕੇ ਨਾਲ ਉਸ ਨੂੰ ਜੀ-ਆਇਆ ਕਹਿਣ ਜਾਂਦੇ ਹੋ। ਪਰੰਤੂ ਇਸ ਵਾਰ ਇਹ ਪਰੰਪਰਾ ਬੰਦ ਕਰਨੀ ਪਵੇਗੀ। ਜਿਸ ਦਿਨ ਉਹ ਸਾਧੂ ਧਰਤੀ ਹੇਠੋਂ ਬਾਹਰ

ਨਿਕਲਣ ਤੁਸੀਂ ਸਿਰਫ਼ ਦੋ ਸਿਪਾਹੀ ਉਨ੍ਹਾਂ ਦੇ ਸੁਆਗਤ ਲਈ ਭੇਜੋ।" ਬਾਦਸ਼ਾਹ ਨੇ ਇਦਾਂ ਹੀ ਕੀਤਾ। ਸਾਧੂ ਧਰਤੀ ਹੇਠੋਂ ਬਾਹਰ ਨਿਕਲਿਆ ਪਰੰਤੂ ਉਸ ਨੇ ਦੇਖਿਆ ਕਿ ਨਾ ਤਾਂ ਬਾਦਸ਼ਾਹ ਹੀ ਉਸ ਨੂੰ ਮਿਲਣ ਆਇਆ ਸੀ ਅਤੇ ਨਾ ਹੀ ਜਲਸਾ-ਜਲੂਸ ਸੀ ਅਤੇ ਨਾ ਹੀ ਕੋਈ ਢੋਲ ਢਮੱਕਾ। ਸੋ ਉਹ ਉਚੀ-ਉਚੀ ਅਵਾਜ਼ ਵਿਚ ਚੀਕਣ-ਚਿਲਾਉਣ ਲੱਗਾ। "ਬਾਦਸ਼ਾਹ ਸਲਾਮਤ ਕਿੱਥੇ ਹਨ? ਉਨ੍ਹਾਂ ਦਾ ਰਥ ਕਿੱਥੇ ਹੈ? ਬੈਂਡ-ਬਾਜਾ ਕਿਥੇ ਹੈ?" ਇਸ ਤਰ੍ਹਾਂ ਚੀਕਦਾ-ਚਿਲਾਉਂਦਾ ਹੀ ਨਿਢਾਲ ਹੋ ਕੇ ਸਾਧੂ ਧਰਤੀ ਉਪਰ ਚੌਫਾਲ ਡਿਗ ਪਿਆ।

ਜਿੰਨੀ ਦੇਰ ਉਸ ਦੀ ਹਉਮੈਂ ਜ਼ਿੰਦਾ ਰਹੀ, ਉਹ ਸਾਧੂ ਵੀ ਜ਼ਿੰਦਾ ਰਿਹਾ। ਜਦੋਂ ਉਸ ਦੀ ਹਉਮੈਂ ਨੂੰ ਪੱਠੇ ਨਾ ਪਏ ਤਾਂ ਉਹ ਅੱਲਾ ਨੂੰ ਪਿਆਰਾ ਹੋ ਗਿਆ। ਜੋ ਤੁਹਾਡਾ ਸਹੀ ਸਥਾਨ ਨਹੀਂ ਖ਼ੁਦ ਨੂੰ ਉਸ ਥਾਂ ਉਪਰ ਠੋਸਣਾ ਹੀ ਹਉਮੈਂ ਹੈ।

ਸੱਚ ਪੁੱਛੋ ਤਾਂ ਆਤਮਾ ਕਦੇ ਮਰਦੀ ਨਹੀਂ। ਇਹ ਹਉਮੈਂ ਹੀ ਹੈ ਜੋ ਮਰ ਜਾਂਦੀ ਹੈ ਅਤੇ ਮੁੜ ਜਨਮ ਲੈਂਦੀ ਹੈ। ਜਿੰਨੀ ਦੇਰ ਮਨੁੱਖ ਹਉਮੈਂ ਨੂੰ ਪਾਲੀ ਰਖਦਾ ਹੈ, ਉਨੀ ਦੇਰ ਉਸ ਨੂੰ ਮੌਤ ਨਹੀਂ ਆਉਂਦੀ। ਪਰੰਤੂ ਬਦਕਿਸਮਤ ਇਨਸਾਨ ਇਸ ਤਰ੍ਹਾਂ ਕਰਨ ਤੋਂ ਬਾਜ ਨਹੀਂ ਆ ਸਕਦਾ।

ਜਦੋਂ ਕੋਈ ਵਿਅਕਤੀ ਦੁੱਖ ਵਿਚ ਹੋਵੇ, ਬੀਮਾਰੀ ਕਾਰਨ ਮੰਜੇ ਉਪਰ ਪਿਆ ਹੋਵੇ ਜਾਂ ਕਿਸੇ ਹੋਰ ਕਾਰਨ ਬਹੁਤ ਹੀ ਦੁਖਮਈ ਸਥਿਤੀ ਵਿਚ ਹੋਵੇ ਤਾਂ ਉਹ ਮੰਨਦਾ ਹੈ ਕਿ ਇਸ ਨਾਲੋਂ ਤਾਂ ਮੌਤ ਹੀ ਆ ਜਾਵੇ.... ਇੰਝ ਉਹ ਖ਼ੁਦ ਮੌਤ ਮੰਗ ਲੈਂਦਾ ਹੈ ਅਤੇ ਮੌਤ ਉਸ ਨੂੰ ਮਿਲ ਜਾਂਦੀ ਹੈ।

## 82

## ਖੁਸ਼ੀ ਦਾ ਮਾਨਣਹਾਰ ਕੌਣ?

**ਪ੍ਰਸ਼ਨ-ਕਰਤਾ** : ਮੇਰੇ ਖ਼ਿਆਲ ਅਨੁਸਾਰ ਸ਼ੁੱਧ ਆਤਮਾ ਹੀ ਇੰਦਰੀਆਂ ਦੇ ਰਾਹੀਂ ਜੀਵਨ ਦਾ ਸੁਖ ਮਾਨਣ ਵਾਲੀ ਹੈ।

**ਦਾਦਾਸ਼੍ਰੀ** : ਸ਼ੁੱਧ ਆਤਮਾ ਕਿਸੇ ਚੀਜ ਨੂੰ ਨਹੀਂ ਮਾਣਦੀ। ਅਸਲ ਵਿਚ, ਇਹ ਕਦੇ ਵੀ ਕਿਸੇ ਵੀ ਚੀਜ ਨੂੰ ਮਾਣ ਹੀ ਨਹੀਂ ਸਕਦੀ। ਜੇ ਖੁਸ਼ੀ ਨੂੰ ਮਾਨਣਾ ਸ਼ੁੱਧ ਆਤਮਾ ਦਾ ਮੂਲ ਸੁਭਾਅ ਹੁੰਦਾ ਤਾਂ ਸ਼ੁੱਧ ਆਤਮਾ ਉਸ ਸੁਭਾਅ ਨੂੰ ਛੱਡ ਨਹੀਂ ਸੀ ਸਕਦੀ ਅਤੇ ਨਤੀਜੇ ਵਜੋਂ ਸ਼ੁੱਧ ਆਤਮਾ ਨੂੰ ਕਦੇ ਵੀ ਮੁਕਤੀ ਪ੍ਰਾਪਤ ਨਹੀਂ ਸੀ ਹੋਣੀ। ਖੁਸ਼ੀ ਮਾਨਣ ਵਾਲਾ ਸਿਰਫ਼ ਸ਼ੇਖੀ ਮਾਰਦਾ ਹੈ ਕਿ ਉਹ ਖੁਸ਼ੀ ਨੂੰ ਮਾਣ ਰਿਹਾ ਹੈ।

ਇੰਦਰੀਆਂ ਪ੍ਰਭਾਵ ਦੇ ਲਈ ਗ੍ਰਹਿਣਸ਼ੀਲ ਹਨ ਅਤੇ ਜਦੋਂ ਉਹ ਕਿਸੇ ਕਾਰਨ ਦੇ

ਪ੍ਰਭਾਵ ਨੂੰ ਸਹਿੰਦੀਆਂ ਹਨ ਜਾਂ ਅਜਿਹਾ ਵਿਅਕਤੀ ਆਪਣੀ ਭ੍ਰਾਂਤੀ ਵਾਲੀ ਅਵਸਥਾ ਵਿਚ ਇਹੋ ਕਹਿੰਦਾ ਹੈ: "ਮੈਂ ਖੁਸ਼ੀ ਮਾਣ ਰਿਹਾ ਹਾਂ, ਮੈਂ ਮਾਣ ਰਿਹਾ ਹਾਂ"। ਜੇ ਮਨੁੱਖ ਆਪਣੀ ਇਹ ਭ੍ਰਾਂਤੀ ਕਿ 'ਉਹ ਹੀ ਕਰਤਾ ਹੈ' ਨੂੰ ਛੱਡ ਦੇਵੇ ਅਤੇ ਜੇ ਉਹ ਇਹ ਠੀਕ ਤਰ੍ਹਾਂ ਸਮਝ ਲਵੇ ਕਿ 'ਅਸਲ ਵਿਚ ਕਰਤਾ ਕੌਣ ਹੈ' ਤਾਂ ਸਮਝ ਲਉ ਕਿ ਮੁਕਤੀ ਦੂਰ ਨਹੀਂ। ਮੁਕਤ ਅਵਸਥਾ ਤਾਂ ਇਸ ਸੰਸਾਰ ਵਿਚ ਵਿਚਰਦਿਆਂ ਇਸੇ ਜਨਮ ਵਿਚ ਅਨੁਭਵ ਕੀਤੀ ਜਾ ਸਕਦੀ ਹੈ।

ਬਹੁਤੀ ਭੀੜ ਮਨੁੱਖਾਂ ਦੀ ਨਹੀਂ ਹੁੰਦੀ ਸਗੋਂ ਬਹੁਤੀ ਭੀੜ ਤਾਂ ਹਉਮੈਂ ਦੀ ਹੁੰਦੀ ਹੈ। ਮਨੁੱਖ ਗਿਅਨ ਸਦਕਾ ਇਸ ਭੀੜ ਦਰਮਿਆਨ ਰਹਿ ਸਕਦਾ ਹੈ। ਕੁਦਰਤ ਆਪਣੇ ਹੀ ਕਾਨੂੰਨ ਅਨੁਸਾਰ ਚਲਦੀ ਹੈ। ਸ਼ੁੱਧ ਆਤਮਾ ਆਪਣੇ ਸੁਭਾਅ ਅਨੁਸਾਰ ਚਲਦੀ ਹੈ। ਪਰੰਤੂ ਸ਼ੁੱਧ ਆਤਮਾ ਅਤੇ ਅਸ਼ੁੱਧ ਆਤਮਾ ਵਿਚਕਾਰ ਹਉਮੈਂ ਦੀ ਭਾਵਨਾ ਦੁੱਖਾਂ ਦਾ ਕਾਰਨ ਹੈ ਅਤੇ ਇਹ ਉਹ ਕੁਝ ਕਰ ਦਿੰਦੀ ਹੈ ਜੋ ਇਸ ਨੂੰ ਨਹੀਂ ਕਰਨਾ ਚਾਹੀਦਾ। ਸਮੁੱਚੇ ਸੰਸਾਰ ਦੀ ਹੋਂਦ ਹੀ ਹਉਮੈਂ ਦੇ ਧੁਰੇ ਦੁਆਲੇ ਕਾਇਮ ਹੈ। ਇਹ ਚਾਰ ਜੂਨਾਂ – ਮਾਨਵ ਜੂਨ, ਪਸ਼ੂ-ਪੰਛੀ ਦੀ ਜੂਨ, ਦੈਵੀ ਜੂਨ ਅਤੇ ਨਰਕ ਦਾ ਜੀਵਨ – ਜਿਨ੍ਹਾਂ ਵਿਚੋਂ ਇਕ ਜੀਵ ਨੂੰ ਲੰਘਣਾ ਪੈਂਦਾ ਹੈ ਸਭ ਹਉਮੈਂ ਦੇ ਕਾਰਨ ਹੀ ਹਨ। ਇਸੇ ਹਉਮੈਂ ਨੇ ਸਾਨੂੰ ਸਭ ਨੂੰ ਪਰਮਾਤਮਾ ਨਾਲੋਂ ਵਿਛੋੜਿਆ ਹੋਇਆ ਹੈ।

ਇਕ ਬਹੁਤ ਸੁੰਦਰ ਵਿਅਕਤੀ ਵੀ ਅਤਿ ਭੱਦਾ ਪ੍ਰਤੀਤ ਹੋਵੇਗਾ ਜੇ ਉਸ ਅੰਦਰ ਹਉਮੈਂ ਭਰੀ ਹੋਈ ਹੈ। ਇਕ ਵਿਅਕਤੀ ਸੁੰਦਰ ਕਦੋਂ ਲਗਦਾ ਹੈ? ਸਾਡਾ ਮੰਨਣਾ ਹੈ ਕਿ ਇਕ ਵਿਅਕਤੀ ਉਦੋਂ ਹੀ ਸੁੰਦਰ ਲੱਗਣ ਲਗਦਾ ਹੈ ਜਦੋਂ ਉਹ ਸਭ ਨੂੰ ਪਿਆਰ ਕਰਨ ਲੱਗੇ – ਜਦੋਂ ਉਸ ਦੀ ਆਤਮਾ ਪਿਆਰ ਨਾਲ ਲਬਰੇਜ਼ ਹੋਵੇ। ਜੇ ਇਕ ਵਿਅਕਤੀ ਦੇ ਚਿਹਰੇ ਉਪਰ ਫੋੜਾ ਹੋਇਆ ਹੋਵੇ ਤਾਂ ਉਹ ਵਿਅਕਤੀ ਵੇਖਣ ਨੂੰ ਕਿੰਨਾ ਭੱਦਾ ਜਾਪੇਗਾ? ਇਸੇ ਤਰ੍ਹਾਂ ਉਹ ਵਿਅਕਤੀ ਜਿਹੜਾ ਸਰੀਰਕ ਤੌਰ ਤੇ ਭਾਵੇਂ ਕਿੰਨਾ ਹੀ ਸੁੰਦਰ ਹੋਵੇ ਭੱਦਾ ਹੀ ਜਾਪੇਗਾ ਜੇ ਉਸ ਅੰਦਰ ਹਉਮੈਂ ਦਾ ਫੋੜਾ ਹੈ।

**ਪ੍ਰਸ਼ਨ-ਕਰਤਾ** : ਕੀ ਹਉਮੈਂ ਦੀਆਂ ਵੀ ਵੱਖ-ਵੱਖ ਕਿਸਮਾਂ ਹਨ?

**ਦਾਦਾਸ਼੍ਰੀ** : ਜਿਸ ਪਲ ਤੁਸੀਂ ਇਹ ਕਹਿੰਦੇ ਹੋ ਕਿ 'ਮੈਂ ਭਲਾ ਵਿਅਕਤੀ ਹਾਂ' ਤਾਂ ਇਹ ਹਉਮੈਂ ਹੈ। ਹੰਕਾਰ, ਆਕੜ, ਦਿਖਾਵਾ, ਈਰਖਾ, ਮਾਣ, ਇੱਜ਼ਤ ਅਤੇ ਬੇਇਜ਼ਤੀ, ਅਨਾਦਰ, ਆਦਿ ਸਾਰੇ ਸ਼ਬਦ ਅਸੀਂ ਵੱਖ-ਵੱਖ ਮੌਕਿਆਂ ਉਪਰ ਵਰਤਦੇ ਹਾਂ। ਪਰੰਤੂ ਸਾਰਿਆਂ ਲੋਕਾਂ ਨੇ ਹੀ ਹਉਮੈਂ ਦੇ ਸਥੂਲ ਅਰਥ ਨੂੰ ਹੀ ਸਮਝਿਆ ਹੈ। ਇਸ ਕਰਕੇ ਵਿਦਵਾਨ ਲੋਕਾਂ ਨੇ ਹਉਮੈਂ ਲਈ ਵੱਖ-ਵੱਖ ਪਦਾਂ ਦਾ ਪ੍ਰਯੋਗ ਕੀਤਾ ਹੈ।

**ਪ੍ਰਸ਼ਨ-ਕਰਤਾ** : ਕਈ ਵਿਅਕਤੀ ਕਹਿੰਦੇ ਹਨ ਉਨ੍ਹਾਂ ਅੰਦਰ ਹਉਮੈਂ ਨਹੀਂ ਹੈ।

**ਦਾਦਾਸ਼੍ਰੀ** : ਅਜਿਹੇ ਵਿਅਕਤੀ ਜਦੋਂ ਇਹ ਗੱਲ ਕਹਿੰਦੇ ਹਨ ਤਾਂ ਇਹ ਕਹਿਣਾ ਹੀ ਭਰਮਾਊ

ਉਤੇਜਨਾ ਦੇ ਨਸ਼ੇ ਦੀ ਭਾਵਨਾ ਦਾ ਪ੍ਰਤੀਕ ਹੈ। ਇਹ ਨਸ਼ਾ ਇਕ ਬਹੁਤ ਹੀ ਹਉਮੈਂ-ਪ੍ਰਸਤ ਵਿਅਕਤੀ ਦੇ ਨਸ਼ੇ ਨਾਲੋਂ ਵੀ ਜ਼ਿਆਦਾ ਹੈ। ਅਜਿਹਾ ਵਿਅਕਤੀ ਆਪਣੇ ਅਖੌਤੀ ਰੂਪ ਵਿਚ ਹਉਮੈਂ-ਵਿਹੀਣ ਹੋਣ ਦਾ ਹੀ ਹੰਕਾਰ ਪਾਲ ਰਿਹਾ ਹੁੰਦਾ ਹੈ। ਅਜਿਹੇ ਅਖੌਤੀ ਹਉਮੈਂ-ਵਿਹੀਣ ਵਿਅਕਤੀ ਦੇ ਅੰਦਰ ਕਿਸੇ ਸਮੇਂ ਵੀ ਹਉਮੈਂ ਦਾ ਨਾਗ ਫਣ ਚੁੱਕ ਸਕਦਾ ਹੈ। ਸਵੈ-ਪਹਿਚਾਣ ਤੋਂ ਬਿਨਾਂ ਹਉਮੈਂ ਕਦੇ ਵੀ ਖ਼ਤਮ ਨਹੀਂ ਹੁੰਦੀ। ਕਈ ਵਿਅਕਤੀ ਆਪਣੇ ਆਪ ਨੂੰ ਹਉਮੈਂ ਤੋਂ ਮੁਕਤ ਕਰਨ ਹਿਤ ਬਥੇਰੇ ਪਾਪੜ ਵੇਲਦੇ ਹਨ ਪਰੰਤੂ ਉਹ ਗੁਮਰਾਹ ਹੋ ਜਾਂਦੇ ਹਨ ਕਿਉਂਕਿ ਉਹ ਇਸ ਮਾਣ ਦੀ ਆਕੜ ਅਤੇ ਨਸ਼ੇ ਦੀ ਵਧਦੀ ਤੀਬਰਤਾ ਤੋਂ ਲਾਪਰਵਾਹ ਰਹਿੰਦੇ ਹਨ। ਇਕ ਪਲ ਲਈ ਹਉਮੈਂ ਦੇ ਸੂਖਮ ਅਤੇ ਭਿਆਨਕ ਰੂਪ ਬਾਰੇ ਸੋਚੋ। ਹਉਮੈਂ ਦਾ ਇਹ ਰੂਪ ਇਸ ਕਿਸਮ ਦੇ ਨਸ਼ੇ ਤੋਂ ਅਤੇ ਅਖੌਤੀ ਹਉਮੈਂ-ਮੁਕਤ ਅਵਸਥਾ ਵਿਚ ਆਕੜ ਤੋਂ ਹੀ ਪੈਦਾ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਫਿਰ ਵਿਅਕਤੀ ਇਸ ਹਉਮੈਂ ਤੋਂ ਖਹਿੜਾ ਕਿਵੇਂ ਛੁਡਾਵੇ?

**ਦਾਦਾਸ਼੍ਰੀ** : ਆਤਮ-ਗਿਆਨ ਦੀ ਪ੍ਰਾਪਤੀ ਤੋਂ ਬਾਅਦ ਅੰਤਹਕਰਣ ਆਪਣੀ ਮੂਲ ਸਥਿਤੀ ਵਿਚ ਰਹਿੰਦਾ ਹੈ। ਗਿਆਨੀ ਪੁਰਸ਼ ਅਜਿਹੇ ਵਿਅਕਤੀ ਦੇ ਸਾਰੇ ਸੰਸੇ, ਸਭ ਦੁਬਿਧਾਵਾਂ ਖ਼ਤਮ ਕਰ ਦਿੰਦਾ ਹੈ ਕਿਉਂਕਿ ਅਜਿਹੇ ਵਿਅਕਤੀ ਨੇ 'ਮੈਂ' ਦੀ ਮੈਲ ਲਾਈ ਹੁੰਦੀ ਹੈ, ਉਹ 'ਮੈਂ' ਜਿਸ ਦਾ ਕੋਈ ਯਥਾਰਥ ਨਹੀਂ।

ਮੈਂ ਤੁਹਾਡੀ 'ਮੈਂ' ਨੂੰ ਅਸਲੀ 'ਮੈਂ' ਵਿਚ ਮਿਲਾ ਦਿੰਦਾ ਹਾਂ। ਇਸ ਤੋਂ ਬਾਅਦ ਵੀ ਪਿੱਛੇ ਬਚੀ ਰਹਿਣ ਵਾਲੀ ਅੰਤਹਕਰਣ ਹਉਮੈਂ ਤੁਹਾਡੇ ਸਾਰੇ ਦੁਨਿਆਵੀ ਕਾਰਜਾਂ ਨੂੰ ਵਿਵਸਥਿਤ ਕਰਦੀ ਹੈ। ਇਸ ਨੂੰ ਪੂਰੀ ਤਰ੍ਹਾਂ ਕਾਬੂ ਨਹੀਂ ਕਰਨਾ ਹੈ ਬਲਕਿ ਇਸ ਨੂੰ ਹਰ ਗੱਲ ਵਿਚ ਆਪਣਾ ਨੱਕ ਘੁਸੇੜਨ ਦੇ ਮਾਮਲੇ ਪ੍ਰਤੀ ਉਦਾਸੀਨ ਬਣਾ ਦੇਣਾ ਹੈ।

## 83

## ਹਉਮੈਂ ਦੇ ਸੁਆਦ ਨੂੰ ਖ਼ਤਮ ਕਰਨਾ

**ਪ੍ਰਸ਼ਨ-ਕਰਤਾ** : ਮੈਂ ਅਕਸਰ ਹੀ ਨਰਾਜ਼ਗੀ ਕਾਰਨ ਦੁੱਖ ਮਹਿਸੂਸ ਕਰਦਾ ਹਾਂ।

**ਦਾਦਾਸ਼੍ਰੀ** : ਜਦੋਂ ਤੁਸੀਂ ਕਿਧਰੇ ਜਾ ਰਹੇ ਹੋਵੋ ਅਤੇ ਤੁਹਾਨੂੰ ਕੋਈ ਸਾਹਮਣੇ ਤੋਂ ਟੱਕਰ ਜਾਵੇ ਅਤੇ ਕਹੇ ਕਿ 'ਤੁਸੀਂ ਬੜੇ ਮੂਰਖ ਹੋ; ਸਿੱਧੇ ਤੁਰੋ' ਤਾਂ ਉਸ ਸਮੇਂ ਤੁਹਾਡੀ ਹਉਮੈਂ ਨੂੰ ਸੱਟ ਵਜਦੀ ਹੈ ਅਤੇ ਤੁਸੀਂ ਉਤੇਜਿਤ ਵੀ ਹੁੰਦੇ ਹੋ ਅਤੇ ਨਰਾਜ਼ ਵੀ। ਤੁਹਾਨੂੰ ਕ੍ਰੋਧ ਆਉਂਦਾ ਹੈ ਪਰ ਕੀ ਇਥੇ ਕ੍ਰੋਧਿਤ ਹੋਣ ਦਾ ਕੋਈ ਕਾਰਨ ਹੈ?

ਜੇ ਇਕ ਵਾਰ ਤੁਸੀਂ ਅਸਲੀਅਤ ਨੂੰ ਸਮਝ ਲੈਂਦੇ ਹੋ ਤਾਂ ਤੁਸੀਂ ਹਉਮੈਂ ਦੇ ਸਾਰੇ

ਸੁਆਦਾਂ ਨੂੰ ਬਾਹਰ ਕੱਢ ਮਾਰੋਗੇ। ਫਿਰ ਸਾਡੇ ਪਾਸ ਹਾਲਾਤ ਨੂੰ ਹੋਰ ਵਿਗਾੜਨ ਦਾ ਕੋਈ ਕਾਰਨ ਨਹੀਂ ਰਹੇਗਾ। ਇਸ ਲਈ ਅਸੀਂ ਹਉਮੈਂ ਦੇ ਸਾਰੇ ਸੁਆਦ ਪੂਰੀ ਤਰ੍ਹਾਂ ਖ਼ਤਮ ਕਰਨੇ ਹਨ।

ਕੋਈ ਵੀ ਵਿਅਕਤੀ ਨਹੀਂ ਚਾਹੁੰਦਾ ਕਿ ਉਸ ਦੀ ਬੇਇਜ਼ਤੀ ਹੋਵੇ ਪਰ ਮੈਂ ਕਹਿੰਦਾ ਹਾਂ ਇਹ ਬਹੁਤ ਸਹਾਈ ਹੁੰਦੀ ਹੈ।

**ਪ੍ਰਸ਼ਨ-ਕਰਤਾ** : ਅਜਿਹੀ ਬੇਇੱਜਤੀ ਸਹਾਇਕ ਕਿਵੇਂ ਹੋ ਸਕਦੀ ਹੈ?

**ਦਾਦਾਸ਼੍ਰੀ** : ਇੱਜਤ ਅਤੇ ਬੇਇੱਜਤੀ ਹਉਮੈਂ ਦੇ ਦੋ ਵਖਰੇ-ਵਖਰੇ ਰਸ ਹਨ - ਇਕ ਮਿੱਠਾ ਅਤੇ ਇਕ ਕੌੜਾ। ਮੈਂ ਤੁਹਾਨੂੰ ਇਹ ਦੱਸ ਦੇਣਾ ਚਾਹਾਂਗਾ ਜੇ ਜਿਹੜਾ ਮਨੁੱਖ ਤੁਹਾਡੀ ਬੇਇਜ਼ਤੀ ਕਰਦਾ ਹੈ ਉਹ ਤੁਹਾਡੇ ਅੰਦਰੋਂ ਹਉਮੈਂ ਦਾ ਕੌੜਾ ਰਸ ਬਾਹਰ ਕੱਢ ਰਿਹਾ ਹੈ। ਜਦੋਂ ਕੋਈ ਇਹ ਕਹਿੰਦਾ ਹੈ ਕਿ 'ਤੁਸੀਂ ਤਾਂ ਮੂਰਖ ਹੋ' ਤਾਂ ਇਸ ਦਾ ਭਾਵ ਇਹ ਹੈ ਕਿ ਉਸ ਨੇ ਤੁਹਾਡੇ ਅੰਦਰੋਂ ਕੁੜੱਤਣ ਵਾਲਾ ਰਸ ਬਾਹਰ ਕੱਢ ਦਿੱਤਾ ਹੈ। ਤੁਹਾਡੀ ਹਉਮੈਂ ਉਸੇ ਅਨੁਪਾਤ ਵਿਚ ਚੋਟਿਤ ਮਹਿਸੂਸ ਕਰਦੀ ਹੈ ਜਿਸ ਵਿਚ ਤੁਹਾਡੇ ਅੰਦਰੋਂ ਕੁੜੱਤਣ ਬਾਹਰ ਨਿਕਲੀ ਹੈ। ਇਹ ਕਾਰਜ ਕਰਦਾ ਕੋਈ ਹੋਰ ਹੈ। ਤੁਹਾਨੂੰ ਬਿਲਕੁਲ ਮਿਹਨਤ ਨਹੀਂ ਕਰਨੀ ਪਈ। ਹਉਮੈਂ ਰਸ ਦੀ ਭਰੀ ਹੋਈ ਹੈ। ਜਦੋਂ ਕੋਈ ਇਸ ਨੂੰ ਅਣਜਾਣੇ ਹੀ ਨਚੋੜਦਾ ਹੈ ਤਾਂ ਵਿਅਕਤੀ ਨੂੰ ਤੀਬਰ ਅਤੇ ਉਤੇਜਕ ਅਨੁਭੂਤੀ ਹੁੰਦੀ ਹੈ। ਇਸ ਨੂੰ ਆਪਣੇ ਆਪ ਅਤੇ ਸਾਡੀ ਪੂਰੀ ਚੇਤਨਾ ਦੌਰਾਨ ਬਾਹਰ ਆਉਣ ਦਿਉ। ਜੇ ਕੋਈ ਵਿਅਕਤੀ ਆਪਣੀ ਮਰਜ਼ੀ ਨਾਲ ਸਾਡੀ ਹਉਮੈਂ ਦਾ ਰਸ ਨਚੋੜ ਕੇ ਬਾਹਰ ਕੱਢ ਰਿਹਾ ਹੈ ਤਾਂ ਇਸ ਤੋਂ ਵੱਧ ਸਹਾਇਕ ਗੱਲ ਕੀ ਹੋ ਸਕਦੀ ਹੈ? ਇਹ ਤਾਂ ਉਸ ਭਲਮਾਣਸ ਦੁਆਰਾ ਤੁਹਾਡੀ ਖ਼ਾਸ ਸਹਾਇਤਾ ਹੈ।

ਜੀਵਨ ਦਾ ਰਹੱਸ, ਜੀਵਨ ਦੀ ਗੁੰਝਲ ਤਾਂ ਉਦੋਂ ਹੀ ਸੁਲਝਦੀ ਹੈ ਜਦੋਂ ਹਉਮੈਂ ਦਾ ਰਸ ਸਾਡੇ ਆਪਣੇ ਯਤਨਾਂ ਰਾਹੀਂ ਪੂਰੀ ਤਰ੍ਹਾਂ ਬਾਹਰ ਕੱਢ ਦਿੱਤਾ ਜਾਂਦਾ ਹੈ।

ਹਉਮੈਂ ਲਾਹੇਵੰਦ ਵੀ ਹੈ। ਇਸ ਤੋਂ ਬਿਨਾਂ ਦੁਨੀਆਦਾਰੀ ਦੇ ਕਾਰ-ਵਿਹਾਰ ਕਿੰਝ ਚੱਲਣਗੇ?

ਪਰੰਤੂ ਇਕ ਗੱਲ ਜੋ ਅਸਾਂ ਕਰਨੀ ਹੈ ਉਹ ਇਹ ਕਿ ਅਸੀਂ ਹਉਮੈਂ ਨੂੰ ਬੇਸੁਆਦੀ ਬਣਾ ਦੇਣਾ ਹੈ। ਜਿਹੜੀ ਮੈਲ ਅਸੀਂ ਧੋ ਕੇ ਸਾਫ਼ ਕਰ ਦੇਣੀ ਚਾਹੁੰਦੇ ਸੀ ਉਹ ਕਿਸੇ ਹੋਰ ਨੇ ਧੋ ਕੇ ਸਾਫ਼ ਕਰ ਦਿੱਤੀ ਅਤੇ ਸਾਡਾ ਫ਼ਾਇਦਾ ਕਰ ਦਿੱਤਾ।

ਗਿਆਨੀ ਪੁਰਸ਼ ਅਬੁੱਧ ਹੈ ਪਰੰਤੂ ਉਹ ਜਾਣਦਾ ਹੈ ਕਿ ਉਸ ਪਾਸ ਅਨੰਤ ਸ਼ਕਤੀਆਂ ਹਨ ਅਤੇ ਉਹ ਆਪਣੀ ਹਉਮੈਂ ਅੰਦਰੋਂ ਸਾਰਾ ਹੀ 'ਰਸ' ਆਪਣੀਆਂ ਹੀ ਕੋਸ਼ਿਸ਼ਾਂ ਸਦਕਾ

ਸੌਖਿਆ ਹੀ ਬਾਹਰ ਕੱਢ ਸਕਦਾ ਹੈ। ਪਰੰਤੂ ਤੁਹਾਡੇ ਕੋਲ ਇਹ ਸਭ ਸ਼ਕਤੀਆਂ ਨਹੀਂ ਹਨ। ਇਸ ਲਈ ਤੁਹਾਨੂੰ ਪ੍ਰਸੰਨ ਮਹਿਸੂਸ ਕਰਨਾ ਚਾਹੀਦਾ ਹੈ ਜੇਕਰ ਕੋਈ ਹੋਰ ਤੁਹਾਡਾ ਅਨਾਦਰ ਕਰਕੇ ਤੁਹਾਡੀ ਹਉਮੈਂ ਵਿਚੋਂ ਰਸ ਨਿਚੋੜ ਕੇ ਬਾਹਰ ਕੱਢ ਦਿੰਦਾ ਹੈ। ਉਸ ਨੇ ਤਾਂ ਤੁਹਾਡੀ ਕਿੰਨੀ ਖੇਚਲ ਬਚਾ ਦਿੱਤੀ ਅਤੇ ਤੁਸੀਂ ਬਹੁਤ ਵੱਡੀ ਪ੍ਰਾਪਤੀ ਕਰ ਲਈ। ਅਸੀਂ ਵੇਖਣਾ ਇਹ ਹੈ ਕਿ ਸਾਡੇ ਲਈ ਕੀ ਲਾਹੇਵੰਦ ਹੈ। ਇਹ ਗੱਲ ਸਚਮੁੱਚ ਹੀ ਲਾਹੇਵੰਦ ਹੈ।

ਜੇ ਤੁਹਾਡਾ ਮਿੱਠਾ ਅਤੇ ਕੌੜਾ ਰਸ ਖ਼ਤਮ ਹੋ ਜਾਂਦੇ ਹਨ ਤਾਂ ਹਉਮੈਂ ਤੁਹਾਡੇ ਸਾਰੇ ਕੰਮ ਨਾਟਕੀ ਢੰਗ ਨਾਲ ਕਰੇਗੀ ਕਿਉਂਕਿ ਇਹ ਉਸ ਦਾ ਸੁਭਾਅ ਹੈ। ਹਉਮੈਂ ਨੂੰ ਮਾਰਨਾ ਨਹੀਂ ਹੈ ਪਰੰਤੂ ਉਸ ਨੂੰ ਬੇ-ਰਸੀ ਅਤੇ ਨਿਰਲੇਪ ਬਣਾ ਦੇਣਾ ਹੈ।

ਹਉਮੈਂ ਲਾਹੇਵੰਦ ਵੀ ਹੈ। ਖਾਣਾ ਖਾਂਦੇ ਸਮੇਂ ਅਸੀਂ ਅਕਸਰ ਰੁਕ ਕੇ ਇਹ ਨਹੀਂ ਕਹਿੰਦੇ ਕਿ 'ਇਹ ਦਾਲ/ਸਬਜ਼ੀ ਕਿੰਨੀ ਜਾਇਕੇਦਾਰ ਹੈ'! ਅਸੀਂ ਕਈ ਵਾਰ ਇਹ ਗੱਲ ਦੂਸਰੇ ਨੂੰ ਉਤਸਾਹਿਤ ਕਰਨ ਹਿਤ ਹੀ ਕਹਿੰਦੇ ਹਾਂ।

## 84

## ਮੁਸਕੁਰਾ ਕੇ ਜ਼ਹਿਰ ਪੀਣੀ

**ਪ੍ਰਸ਼ਨ-ਕਰਤਾ** : ਇਹ ਕਿਹਾ ਜਾਂਦਾ ਹੈ ਕਿ ਸਾਨੂੰ ਚਾਹੀਦਾ ਹੈ ਕਿ ਅਸੀਂ ਕਿਸੇ ਦੀ ਹਉਮੈਂ ਨੂੰ ਚੋਟ ਨਾ ਪਹੁੰਚਾਈਏ।

**ਦਾਦਾਸ਼੍ਰੀ** : ਬਿਲਕੁਲ ਠੀਕ। ਜੇ ਸਾਡੇ ਦੁਆਰਾ ਕਿਸੇ ਦੀ ਹਉਮੈਂ ਨੂੰ ਚੋਟ ਪਹੁੰਚਦੀ ਹੈ ਤਾਂ ਉਸ ਨੂੰ ਦੁੱਖ ਹੁੰਦਾ ਹੈ ਅਤੇ ਉਸ ਨੂੰ ਬੁਰਾ ਲਗਦਾ ਹੈ। ਸਾਨੂੰ ਭਲੀ-ਭਾਂਤ ਪਤਾ ਹੈ ਕਿ ਕਿਸੇ ਨੂੰ ਦੁੱਖ ਨਾ ਪਹੁੰਚਾਉਣ ਦੇ ਕੀ ਫ਼ਾਇਦੇ ਹਨ। ਸੋ ਇਹ ਬੇਹਤਰ ਹੋਵੇਗਾ। ਜੇ ਅਸੀਂ ਅਜਿਹਾ ਕੁਝ ਨਾ ਕਰੀਏ ਜਿਸ ਕਾਰਨ ਕਿਸੇ ਨੂੰ ਤਕਲੀਫ਼ ਹੋਵੇ ਜਾਂ ਕਿਸੇ ਨੂੰ ਬੁਰਾ ਮਹਿਸੂਸ ਹੋਵੇ।

ਕਵਿਰਾਜ ਨਵਨੀਤ ਜੀ ਨੇ ਗਿਆਨੀ ਪੁਰਸ਼ ਬਾਰੇ ਕਿਹਾ ਹੈ:

> ਨੇਕ ਪੁਰਸ਼ ਮੁਸਕਰਾਉਂਦੇ ਹੋਏ ਜ਼ਹਿਰ ਪੀ ਲੈਂਦਾ ਹੈ - ਨੀਲ-ਕੰਠ
> ਨੇਕ ਪੁਰਸ਼। ਇਕ ਅਜਿਹਾ ਨਿਰਲੇਪ ਮਹਾਂ-ਪੁਰਖ ਜਿਸ ਨੂੰ ਨਾ
> ਮਾਣ ਦੀ ਤਾਂਘ ਹੈ ਨਾ ਸਤਿਕਾਰ ਦੀ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਕਿਰਪਾ ਕਰਕੇ ਇਸ ਗੱਲ ਨੂੰ ਰੱਤਾ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਕਵਿਰਾਜ ਨਵਨੀਤ ਨੇ ਇਹ ਸਤਰਾਂ ਮੇਰੇ ਬਾਰੇ ਹੀ ਲਿਖੀਆਂ ਹਨ। ਮੈਂ ਸ਼ਿਵ-ਰੂਪ ਬਣ ਗਿਆ ਹਾਂ - ਨੀਲ-ਕੰਠ ਸ਼ਿਵ। ਮੈਨੂੰ ਜਿੰਨੇ ਵੀ ਅਨਾਦਰ ਦੇ ਰੂਪ ਵਿਚ ਜ਼ਹਿਰ ਦੇ ਕੱਪ

ਪੇਸ਼ ਕੀਤੇ ਗਏ ਮੈਂ ਉਹ ਸਭ ਮੁਸਕੁਰਾ ਕੇ ਪੀ ਲਏ ਹਨ। ਸਗੋਂ ਅਜਿਹਾ ਕਰਨ ਵਾਲੇ ਨੂੰ ਵੀ ਅਸ਼ੀਰਵਾਦ ਹੀ ਦਿੱਤਾ। ਇਸ ਲਈ ਮੈਂ ਸ਼ਿਵ-ਰੂਪ ਬਣ ਗਿਆ ਹਾਂ - ਨੀਲੇ ਕੰਠ ਵਾਲਾ ਸ਼ਿਵ।

**ਪ੍ਰਸ਼ਨ-ਕਰਤਾ** : ਇਕ ਵਿਅਕਤੀ ਜਿਸ ਨੂੰ ਪੀਣ ਲਈ ਜ਼ਹਿਰ ਭੇਂਟ ਕੀਤੀ ਜਾਵੇ ਉਹ ਕਿਵੇਂ ਮੁਸਕੁਰਾ ਕੇ ਅਤੇ ਆਪਣੀ ਮਰਜ਼ੀ ਨਾਲ ਹੀ ਇਸ ਨੂੰ ਪੀ ਸਕਦਾ ਹੈ?

**ਦਾਦਾਸ਼੍ਰੀ** : ਤੁਸੀਂ ਇਹ ਜ਼ਹਿਰ ਅਨਾਦਰ ਦੇ ਰੂਪ ਵਿਚ ਪੀਣੀ ਹੋਵੇਗੀ। 'ਵਿਵਸਥਿਤਾ' ਵਿਚ ਇਹ ਤੁਹਾਡਾ ਲੇਖਾ-ਜੋਖਾ ਹੈ ਅਤੇ ਤੁਸੀਂ ਜਹਿਰ ਦਾ ਇਹ ਕੱਪ ਪੀਣਾ ਹੀ ਹੈ, ਭਾਵੇਂ ਹੱਸ ਕੇ ਪੀ ਲਉ ਭਾਵੇਂ ਰੋਣ ਵਾਲਾ ਮੂੰਹ ਬਣਾ ਕੇ। ਹਾਂ, ਇਹ ਠੀਕ ਹੈ ਕਿ ਤੁਸੀਂ ਪੀਣਾ ਨਹੀਂ ਚਾਹੁੰਦੇ ਪਰੰਤੂ ਲੋਕ ਤੁਹਾਨੂੰ ਇਹ ਪੀਣ ਲਈ ਮਜ਼ਬੂਰ ਕਰ ਦੇਣਗੇ। ਫਿਰ ਚਿਹਰੇ ਉਪਰ ਮੁਸਕਰਾਹਟ ਰੱਖ ਕੇ ਹੀ ਕਿਉਂ ਨਾ ਪੀਤੀ ਜਾਵੇ ਅਤੇ ਕਿਉਂ ਨਾ ਇਸ ਜਹਿਰ ਦੇ ਦੇਣ ਵਾਲੇ ਨੂੰ ਆਸ਼ੀਰਵਾਦ ਹੀ ਦਿੱਤਾ ਜਾਵੇ? ਇਦਾਂ ਕਰਨ ਤੋਂ ਬਗੈਰ ਕੋਈ ਨੀਲਕੰਠ ਕਿਵੇਂ ਬਣ ਸਕਦਾ ਹੈ?

ਜਿਹੜੇ ਵਿਅਕਤੀ ਤੁਹਾਨੂੰ ਜ਼ਹਿਰ ਦੇ ਇਹ ਕੱਪ ਭੇਂਟ ਕਰਦੇ ਹਨ ਉਹ ਤੁਹਾਨੂੰ ਇਕ ਉਚੇਰੇ ਨੈਤਿਕ ਰੁਤਬੇ ਨਾਲ ਵਰੋਸਾਉਂਦੇ ਹਨ। ਜੇ ਤੁਸੀਂ ਇਸ ਕੱਪ ਨੂੰ ਪੀਣ ਲੱਗਿਆ ਚਿਹਰਾ ਰੋਣ ਵਾਲਾ ਬਣਾ ਲੈਂਦੇ ਹੋ ਤਾਂ ਇਹ ਰੁਤਬਾ ਤੁਹਾਡੇ ਤੋਂ ਦੂਰ ਚਲਾ ਜਾਵੇਗਾ। ਤੁਸੀਂ ਤੁਹਾਡੇ ਪਾਸ ਆ ਰਿਹਾ ਇਕ ਉਚੇਰਾ ਨੈਤਿਕ ਰੁਤਬਾ ਪ੍ਰਾਪਤ ਕਰਨ ਦਾ ਮੌਕਾ ਗੁਆ ਲਵੋਗੇ। ਆਪਣੇ ਚਿਹਰੇ ਉਪਰ ਮੁਸਕੁਰਾਹਟ ਰਖ ਕੇ ਮੈਂ ਜਹਿਰ ਦਾ ਇਹ ਪਿਆਲਾ ਪੀਤਾ ਅਤੇ ਜਿਸ ਨੇ ਵੀ ਮੈਨੂੰ ਇਹ ਦਿੱਤਾ ਮੈਂ ਉਸਨੂੰ ਅਸ਼ੀਰਵਾਦ ਹੀ ਦਿੱਤਾ। ਇਸ ਲਈ ਮੈਂ ਨੀਲ-ਕੰਠ ਬਣ ਗਿਆ ਅਤੇ ਤੁਹਾਨੂੰ ਰਸਤਾ ਵਿਖਾ ਰਿਹਾ ਹਾਂ।

**ਪ੍ਰਸ਼ਨ-ਕਰਤਾ** : ਕੋਈ ਵਿਅਕਤੀ ਅਜਿਹੀ ਤਾਕਤ ਕਿਵੇਂ ਹਾਸਲ ਕਰ ਸਕਦਾ ਹੈ?

**ਦਾਦਾਸ਼੍ਰੀ** : ਜਿੰਨੀ ਦੇਰ ਤੁਹਾਡਾ ਇਹ ਵਿਸ਼ਵਾਸ ਬਣਿਆ ਹੋਇਆ ਹੈ ਕਿ 'ਮੈਂ ਅਮਿਤ ਹਾਂ', ਉਨੀ ਦੇਰ ਹਰ ਚੀਜ ਕੌੜੀ ਲੱਗੇਗੀ, ਪਰੰਤੂ ਮੇਰੇ ਲਈ ਸਭ ਕੁਝ ਅੰਮ੍ਰਿਤ ਦੇ ਸਮਾਨ ਹੈ - ਆਦਰ-ਨਿਰਾਦਰ, ਮਿੱਠਾ-ਕੌੜਾ। ਇਹ ਸਾਰੇ ਪ੍ਰਸਪਰ ਵਿਰੋਧੀ ਰਸ ਹਨ - ਪ੍ਰਸਪਰ ਵਿਰੋਧੀ ਜੋੜੇ ਦੇ ਰੂਪ ਵਿਚ। ਮੈਂ ਇਸ ਤਰ੍ਹਾਂ ਦੇ ਸਾਰੇ ਦਵੰਦ ਤੋਂ ਮੁਕਤ ਹਾਂ ਅਤੇ ਇਹੋ ਕਾਰਨ ਹੈ ਕਿ ਅਸੀਂ ਸਾਰੇ ਇਸ ਅਧਿਆਤਮਕ ਸਤਸੰਗ ਵਿਚ ਇਕੱਠੇ ਹੋ ਕੇ ਪ੍ਰਵਚਨ ਸੁਣ ਰਹੇ ਹਾਂ ਅਤੇ ਵਿਚਾਰ-ਵਟਾਂਦਰਾ ਕਰ ਰਹੇ ਹਾਂ। ਅਖ਼ੀਰ ਹਰ ਕਿਸੇ ਨੇ ਇਨ੍ਹਾਂ ਸਭ ਪ੍ਰਸਪਰ-ਵਿਰੋਧਾਭਾਸ ਤੋਂ ਉਪਰ ਉਠਣਾ ਹੈ।

ਜਦੋਂ ਕੋਈ ਵਿਅਕਤੀ ਤੁਹਾਨੂੰ ਕੌੜੀ ਚੀਜ ਪੀਣ ਲਈ ਦਿੰਦਾ ਹੈ ਤਾਂ ਤੁਸੀਂ ਉਸ ਨੂੰ ਖਿੜੇ ਮੱਥੇ ਪੀ ਜਾਉ। ਅਜਿਹਾ ਪੇਅ ਦੇਣ ਵਾਲੇ ਨੂੰ ਅਸ਼ੀਰਵਾਦ ਦਿਉ। ਇੰਝ ਤੁਹਾਡੀ ਹਉਮੈਂ ਦੀ ਮੈਲ ਧੋਤੀ ਜਾਂਦੀ ਹੈ ਅਤੇ ਤੁਸੀਂ ਉਸ ਹੱਦ ਤੱਕ ਇਸ ਤੋਂ ਮੁਕਤ ਹੋ ਜਾਂਦੇ ਹੋ। ਇਹ ਸਾਰਾ

ਕੁਝ ਦੂਜੀ ਧਿਰ ਲਈ ਵੀ ਲਾਹੇਵੰਦ ਹੋਵੇਗਾ।

**ਪ੍ਰਸ਼ਨ-ਕਰਤਾ** : ਜ਼ਹਿਰ ਦੇਣ ਵਾਲੇ ਵਿਅਕਤੀ ਲਈ ਇਹ ਕਿਵੇਂ ਲਾਹੇਵੰਦ ਹੋਵੇਗਾ?

**ਦਾਦਾਸ਼੍ਰੀ** : ਇਸ ਦਾ ਤੁਹਾਡੇ ਵਿਰੋਧੀ, ਜਿਹੜਾ ਤੁਹਾਨੂੰ ਪੀਣ ਵਾਸਤੇ ਕੌੜਾ ਜ਼ਹਿਰ ਦਿੰਦਾ ਹੈ, ਉਪਰ ਵੀ ਹਾਂ-ਵਾਚਕ ਪ੍ਰਭਾਵ ਪਵੇਗਾ ਅਤੇ ਉਸ ਵਿਚ ਵੀ ਵਧੀਆ ਤਬਦੀਲੀ ਆ ਜਾਵੇਗੀ ਅਤੇ ਉਸ ਨੂੰ ਇੰਝ ਲਾਹਾ ਹੋਵੇਗਾ। ਉਸ ਨੂੰ ਇਹ ਵੀ ਅਹਿਸਾਸ ਹੋ ਜਾਂਦਾ ਹੈ ਕਿ ਉਸ ਨੇ ਤੁਹਾਨੂੰ ਪੀਣ ਵਾਸਤੇ ਕੌੜਾ ਪੇਅ ਦਿਤਾ ਇਹ ਉਸ ਦੀ ਆਪਣੀ ਕਮਜ਼ੋਰੀ ਸੀ। ਉਸ ਨੂੰ ਇਹ ਵੀ ਅਹਿਸਾਸ ਹੋਵੇਗਾ ਕਿ ਤੁਸੀਂ ਤਾਕਤਵਰ ਹੋ ਕਿਉਂਕਿ ਤੁਸੀਂ ਇਸ ਨੂੰ ਹੱਸ ਕੇ ਪੀ ਲਿਆ।

**ਪ੍ਰਸ਼ਨ-ਕਰਤਾ** : ਪਰੰਤੂ ਕੋਈ ਵੀ ਵਿਅਕਤੀ ਆਪਣੀ ਮਰਜ਼ੀ ਨਾਲ ਕੌੜਾ ਪੇਅ ਕਿਸੇ ਦੇ ਆਖੇ ਲੱਗ ਕੇ ਨਹੀਂ ਪੀਵੇਗਾ।

**ਦਾਦਾਸ਼੍ਰੀ** : ਬਿਲਕੁਲ ਨਹੀਂ ਪੀਵੇਗਾ। ਪਰੰਤੂ ਜੇ ਕੋਈ ਆਪਣੀ ਸਵੈ-ਇੱਛਾ ਨਾਲ ਸਾਨੂੰ ਅਜਿਹਾ ਪੇਅ ਪੀਣ ਲਈ ਦਿੰਦਾ ਹੈ ਤਾਂ ਇਹ ਸਾਡੇ ਲਈ ਕਿੰਨਾ ਲਾਹੇਵੰਦ ਹੋਵੇਗਾ। ਜਿਹੜਾ ਵੀ ਸਾਨੂੰ ਖਾਣ ਜਾਂ ਪੀਣ ਲਈ ਕੁਝ ਦਿੰਦਾ ਹੈ ਉਹ ਸਾਡੇ ਲਈ ਮਾਂ ਦੀ ਨਿਆਈਂ ਹੈ ਅਤੇ ਅਸੀਂ ਉਸ ਨੂੰ ਪੀਣ ਤੋਂ ਬਿਨਾਂ ਨਹੀਂ ਰਹਿ ਸਕਦੇ। ਨੀਲ-ਕੰਠ ਸ਼ਿਵ-ਰੂਪ ਬਨਣ ਹਿਤ ਸਾਨੂੰ ਇਹ ਪੀਣਾ ਹੀ ਪਵੇਗਾ।

ਸਾਨੂੰ ਆਪਣੇ ਆਪ ਨੂੰ ਦੱਸਣਾ ਬਣਦਾ ਹੈ ਕਿ 'ਤੁਸੀਂ ਇਸ ਕੌੜੇ ਪੇਅ ਵਾਲਾ ਪਿਆਲਾ ਸੈਂਕੜੇ ਵਾਰ ਪੀਣਾ ਹੈ'। ਫਿਰ ਹੌਲੀ-ਹੌਲੀ ਤੁਸੀਂ ਇਸ ਦੇ ਆਦੀ ਹੋ ਜਾਉਗੇ। ਅਸੀਂ ਇਕ ਛੋਟੇ ਬੱਚੇ ਨੂੰ ਵੀ ਕੌੜੀ ਦਵਾਈ ਜਬਰਦਸਤੀ ਪਿਲਾਉਂਦੇ ਹਾਂ ਪਰੰਤੂ ਜੇਕਰ ਬੱਚੇ ਨੂੰ ਇਹ ਪਤਾ ਹੋਵੇ ਕਿ ਇਹ ਦਵਾਈ ਉਸਦੀ ਸਿਹਤ ਲਈ ਲਾਹੇਵੰਦ ਹੈ ਤਾਂ ਉਸਨੂੰ ਇਹ ਦਵਾਈ ਪਿਲਾਉਣ ਲਈ ਸਾਨੂੰ ਜ਼ਬਰਦਸਤੀ ਨਹੀਂ ਕਰਨੀ ਪਵੇਗੀ। ਬੱਚਾ ਆਪਦੇ ਆਪ ਹੀ ਇਹ ਦਵਾਈ ਪੀ ਲਵੇਗਾ। ਜੇ ਤੁਸੀਂ ਇਕ ਵਾਰ ਕਿਸੇ ਦੁਆਰਾ ਵੀ ਤੁਹਾਨੂੰ ਦਿੱਤੀ ਗਈ ਸਾਰੀ ਦੀ ਸਾਰੀ ਕੌੜੀ ਦਵਾਈ ਪੀਣ ਦਾ ਫੈਸਲਾ ਕਰ ਲਿਆ ਤਾਂ ਤੁਸੀਂ ਇਸ ਨੂੰ ਪੀਣ ਵਿਚ ਸਫ਼ਲ ਹੋ ਜਾਉਗੇ। ਪਰੰਤੂ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕੌੜਾ ਘੁੱਟ ਕਿਵੇਂ ਪੀਣਾ ਹੈ। ਕਿਸੇ ਨਾ ਕਿਸੇ ਦਿਨ ਤਾਂ ਤੁਹਾਨੂੰ ਇਹ ਕੌੜਾ ਘੁੱਟ ਭਰਨਾ ਹੀ ਪੈਣਾ ਹੈ। ਫਿਰ ਇਸ ਦਾ ਹੁਣੇ ਤੋਂ ਅਭਿਆਸ ਕਿਉਂ ਨਾ ਕੀਤਾ ਜਾਵੇ?

**ਪ੍ਰਸ਼ਨ-ਕਰਤਾ** : ਜੇ ਕੋਈ ਵਿਅਕਤੀ ਸਭ ਦੇ ਸਾਹਮਣੇ ਸਾਡਾ ਅਨਾਦਰ ਕਰਦਾ ਹੈ ਤਾਂ ਅਸੀਂ ਦੁਖੀ ਹੁੰਦੇ ਹਾਂ।

**ਦਾਦਾਸ਼੍ਰੀ** : ਜਦੋਂ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਅਨਾਦਰ ਸਹਿਣਾ ਇਕ ਲਾਹੇਵੰਦ ਕੰਮ

ਹੈ ਤਾਂ ਫਿਰ ਇਸ ਵਿਚ ਘਾਟਾ ਕਿਵੇਂ ਹੋ ਸਕਦਾ ਹੈ?

ਤੁਸੀਂ ਕਹਿੰਦੇ ਹੋ ਕਿ 'ਮੈਂ ਸ਼ੁੱਧ ਆਤਮਾ ਹਾਂ ਪਰੰਤੂ ਕੀ ਤੁਸੀਂ ਸਦੀਵੀ ਤੌਰ 'ਤੇ ਇਸ ਅਵਸਥਾ ਵਿਚ ਨਹੀਂ ਰਹਿਣਾ ਚਾਹੁੰਦੇ? ਇਸ ਲਈ ਤੁਹਾਨੂੰ ਆਪਣੀ ਪੂਰੀ ਤਾਕਤ ਲਗਾ ਕੇ ਹਉਮੈਂ ਦੀ ਮੈਲ ਨੂੰ ਧੋਣਾ ਹੋਵੇਗਾ।

ਕਲਪਨਾ ਕਰੋ ਕਿ ਇਕ ਮੰਗਤੇ ਨੂੰ ਬਾਦਸ਼ਾਹ ਬਣਾ ਦਿੱਤਾ ਜਾਵੇ। ਉਹ ਰਾਜ-ਗੱਦੀ ਉੱਪਰ ਬੈਠ ਜਾਂਦਾ ਹੈ ਅਤੇ ਫਿਰ ਇਹ ਕਹਿੰਦਾ ਹੈ ਕਿ 'ਮੈਂ ਇਕ ਮੰਗਤਾ ਹਾਂ' ਤਾਂ ਇਹ ਗੱਲ ਕਿੰਨੀ ਹਾਸੋ-ਹੀਣੀ ਲੱਗੇਗੀ। ਇਕ ਵਾਰ ਜੇ ਤੁਸੀਂ ਸ਼ੁੱਧ ਆਤਮਾ ਦੀ ਅਵਸਥਾ ਵਿਚ ਪਹੁੰਚ ਗਏ, ਫਿਰ ਤੁਹਾਨੂੰ ਹੋਰ ਕਿਸੇ ਚੀਜ ਦਾ ਮੋਹ ਨਹੀਂ ਰਹਿੰਦਾ।

ਤੁਸੀਂ ਹਉਮੈਂ ਦੇ ਕੌੜੇ-ਮਿੱਠੇ ਸੁਆਦ ਤੋਂ ਅਜ਼ਾਦ ਹੋਣਾ ਚਾਹੁੰਦੇ ਹੋ। ਕੀ ਇਦਾਂ ਨਹੀਂ? ਫਿਰ ਤੁਸੀਂ ਆਪਣਾ ਪੈਰ ਇਸ ਵਿਚ ਕਿਉਂ ਫਸਾਈ ਰਖਦੇ ਹੋ? ਇਕ ਵਾਰ ਤੁਸੀਂ ਇਹ ਫ਼ੈਸਲਾ ਕਰ ਲਿਆ ਕਿ ਮੈਂ ਸ਼ੁੱਧ ਆਤਮਾ ਹਾਂ ਤਾਂ ਤੁਹਾਨੂੰ ਆਪਣੇ ਸ਼ੁੱਧ ਸਵੈ ਪ੍ਰਤੀ ਵਫ਼ਾਦਾਰ ਰਹਿਣਾ ਚਾਹੀਦਾ ਹੈ ਨਾ ਕਿ ਕਿਸੇ ਦੁਨਿਆਵੀ ਵਸਤੂ ਪ੍ਰਤੀ। ਅਰਦਾਸ/ਪ੍ਰਾਰਥਨਾ ਕਰਦੇ ਸਮੇਂ ਤੁਸੀਂ ਕਹਿੰਦੇ ਹੋ ਕਿ 'ਮੈਂ ਸ਼ੁੱਧ ਆਤਮਾ ਹਾਂ' : ਇਸ ਲਈ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਸ਼ੁੱਧ ਸਵੈ ਨੂੰ ਦੁਨਿਆਵੀ ਵਸਤਾਂ ਪ੍ਰਤੀ ਖਿੱਚੇ ਜਾਣ ਤੋਂ ਰੋਕ ਕੇ, ਸੰਭਾਲ ਕੇ ਰਖੋ।

**ਪ੍ਰਸ਼ਨ-ਕਰਤਾ** : ਜਦੋਂ ਫੁੱਲ ਭੇਟਾ ਕੀਤੇ ਜਾਂਦੇ ਹਨ ਤਾਂ ਲੋਕ ਹਸਦੇ ਹਨ ਪਰ ਜੇ ਰੋੜੇ ਮਾਰੇ ਜਾਣ ਫਿਰ ਕੀ ਹੋਵੇਗਾ?

**ਦਾਦਾਸ਼੍ਰੀ** : ਹਉਮੈਂ ਨੂੰ ਨਿਰ-ਸੁਆਦ ਬਣਾ ਦੇਣਾ ਇਕ ਔਖਾ ਕਾਰਜ ਹੈ। ਇਸ ਲਈ ਜੇ ਕੋਈ ਹੋਰ ਤੁਹਾਡੇ ਲਈ ਇਹ ਕਾਰਜ ਕਰਦਾ ਹੈ ਤਾਂ ਵਧੀਆ ਗੱਲ ਹੈ। ਉਸ ਸਮੇਂ ਤੋਂ ਲੈ ਕੇ ਹਉਮੈਂ ਨਾਟਕ ਦੇ ਇਕ ਪਾਤਰ ਦੀ ਤਰ੍ਹਾਂ ਰਹਿ ਜਾਂਦੀ ਹੈ ਅਤੇ ਅੰਦਰੂਨੀ ਮਸ਼ੀਨਰੀ ਬਹੁਤ ਵਧੀਆ ਕੰਮ ਕਰਦੀ ਰਹਿੰਦੀ ਹੈ।

ਜਦੋਂ ਤੁਸੀਂ ਜਾਣਦੇ ਹੋ ਕਿ ਇਹ ਲਾਭਦਾਇਕ ਹੈ ਤਾਂ ਫਿਰ ਤੁਸੀਂ ਤੁਹਾਨੂੰ ਪੇਸ਼ ਕੀਤਾ ਗਿਆ ਕੌੜੀ ਜ਼ਹਿਰ ਦਾ ਪਿਆਲਾ ਹਉਮੈਂ ਨੂੰ ਨਿਰ-ਸੁਆਦ ਬਨਾਉਣ ਹਿਤ ਹੱਸ ਕੇ ਕਿਉਂ ਨਹੀਂ ਪੀ ਲੈਂਦੇ? ਜਦੋਂ ਹਉਮੈਂ ਪੂਰੀ ਤਰ੍ਹਾਂ ਬੇ-ਸੁਆਦ ਬਣ ਜਾਂਦੀ ਹੈ ਤਾਂ ਅਸੀਂ ਸ਼ੁੱਧ ਆਤਮਾ ਦੀ ਪਹਿਚਾਣ ਕਰ ਲੈਂਦੇ ਹਾਂ। ਇਸ ਲਈ ਤੁਸੀਂ ਇਹ ਫ਼ੈਸਲਾ ਕਰ ਲਉ ਕਿ ਤੁਸੀਂ ਹਉਮੈਂ ਨੂੰ ਨਿਰਸੁਆਦ ਬਨਾਉਣਾ ਹੈ। ਇੰਝ ਇਹ ਹੌਲੀ-ਹੌਲੀ ਘਟਣੀ ਸ਼ੁਰੂ ਹੋ ਜਾਵੇਗੀ ਅਤੇ ਅੰਤ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗੀ।

ਜੇ ਤੁਹਾਨੂੰ ਇਕ ਵਾਰ ਇਹ ਕੌੜੀ ਦਵਾਈ ਫਿੱਟ ਬੈਠ ਜਾਂਦੀ ਹੈ ਤਾਂ ਬਾਕੀ ਸਾਰੀਆਂ

ਮੁਸ਼ਕਿਲਾਂ ਅਤੇ ਦੁੱਖ ਵੀ ਖ਼ਤਮ ਹੋ ਜਾਣਗੇ। ਤੁਸੀਂ ਜਾਣਦੇ ਹੀ ਹੋ ਇਹ ਬਹੁਤ ਲਾਹੇ ਵਾਲਾ ਧੰਦਾ ਹੈ। ਜ਼ਿੰਦਗੀ ਦਾ ਇਹ ਪਿਆਲਾ ਬੜਾ ਸੁਆਦੀ ਹੈ ਪਰੰਤੂ ਇਸ ਵਿਚ ਉਨ੍ਹਾਂ ਹੀ ਹਿੱਸਾ ਕੌੜਾ ਵੀ ਹੈ। ਇਸ ਲਈ ਪਹਿਲਾਂ ਕੌੜੀ ਦਵਾਈ ਨੂੰ ਹਜ਼ਮ ਕਰ ਲਉ। ਮਿੱਠੀ ਦਵਾਈ ਆਪਣੇ ਆਪ ਹੀ ਆ ਜਾਵੇਗੀ ਅਤੇ ਇਹ ਹਜ਼ਮ ਕਰਨੀ ਵੀ ਬਹੁਤੀ ਮੁਸ਼ਕਿਲ ਨਹੀਂ ਹੋਵੇਗੀ। ਜਦੋਂ ਇਹ ਕੌੜੀ ਦਵਾਈ ਹਜ਼ਮ ਕਰ ਲਈ ਗਈ ਤਾਂ ਇਹ ਬਹੁਤ ਹੀ ਵੱਡੀ ਪ੍ਰਾਪਤੀ ਹੋਵੇਗੀ।

## 85

## ਅਡਿੱਠ ਤਪ ਕੀ ਹੈ?

**ਪ੍ਰਸ਼ਨ-ਕਰਤਾ** : ਸਾਰੇ ਧਰਮ ਤਪ ਕਰਨ ਦੀ ਸਲਾਹ ਦਿੰਦੇ ਹਨ ਅਤੇ ਇਹ ਤਪ ਵਿਅਕਤੀ ਨੇ ਕਰਨਾ ਹੀ ਹੁੰਦਾ ਹੈ।

**ਦਾਦਾਸ਼੍ਰੀ** : ਅਸਲੀ, ਸੱਚਾ ਤਪ ਅਦਿੱਖ ਹੋਣਾ ਚਾਹੀਦਾ ਹੈ।

**ਪ੍ਰਸ਼ਨ-ਕਰਤਾ** : ਉਹ ਕਿਵੇਂ?

**ਦਾਦਾਸ਼੍ਰੀ** : ਦੇਖੋ, ਹਉਮੈਂ ਇਕ ਪਦਾਰਥ ਹੈ ਜਿਹੜਾ ਤੁਸੀਂ ਜਾਨਣਾ ਹੈ ਅਤੇ ਤੁਸੀਂ, ਭਾਵ ਸ਼ੁੱਧ ਆਤਮਾ, ਜਾਨਣ ਵਾਲੇ ਹੋ। ਜਿਥੇ ਜਾਣੇ ਜਾਣ ਵਾਲੇ ਪਦਾਰਥ ਅਤੇ ਉਸ ਨੂੰ ਜਾਨਣ ਵਾਲੇ ਵਿਚਕਾਰ ਰਿਸ਼ਤਾ ਹੈ ਉਥੇ ਜਾਣੇ ਜਾਣ ਵਾਲੇ ਪਦਾਰਥ (ਭਾਵ ਹਉਮੈਂ) ਨੂੰ ਜਾਨਣ ਵਾਲੇ (ਭਾਵ ਸ਼ੁੱਧ ਆਤਮਾ) ਦੀ ਕੀਮਤ 'ਤੇ ਬਚਾਇਆ ਨਹੀਂ ਜਾਣਾ ਚਾਹੀਦਾ। ਜੇ ਤੁਸੀਂ ਸਿਰਫ਼ ਹਉਮੈਂ ਦਾ ਬਚਾਅ ਕਰਦੇ ਹੋ ਤਾਂ ਤੁਹਾਨੂੰ ਇਸ ਨਾਲ ਜੁੜੀਆਂ ਹੋਰ ਕਮਜ਼ੋਰੀਆਂ ਦਾ ਵੀ ਬਚਾਅ ਕਰਨਾ ਪਵੇਗਾ। ਇਹ ਸਭ ਜਾਣੀਆਂ ਜਾ ਸਕਣ ਵਾਲੀਆਂ ਵਸਤਾਂ ਹਨ ਅਤੇ ਇਹ ਅਣਗਿਣਤ ਹਨ। ਹੁਣ ਤੁਸੀਂ ਅਡਿੱਠ ਤਪ ਕਰਨਾ ਹੈ। ਤੁਸੀਂ ਚੇਤੰਨ ਰਹਿਣਾ ਹੈ ਤਾਂ ਕਿ ਤੁਸੀਂ ਹਉਮੈਂ ਅਤੇ ਇਸ ਨਾਲ ਸੰਬੰਧਤ ਹੋਰ ਕਮਜ਼ੋਰੀਆਂ ਨਾਲ ਇਕਮਿਕ ਨਾ ਹੋ ਜਾਉ।

ਸੰਪੂਰਨ ਚੇਤਨਤਾ ਹੀ ਅਸਲੀ, ਸੱਚਾ ਤਪ ਹੈ, ਅਡਿੱਠ ਤਪ ਹੈ।

**ਪ੍ਰਸ਼ਨ-ਕਰਤਾ** : ਵਿਅਕਤੀ ਨੂੰ ਇਸ ਤਰ੍ਹਾਂ ਦਾ ਅਡਿੱਠ ਤਪ ਕਿਉਂ ਕਰਨਾ ਪੈਂਦਾ ਹੈ?

**ਦਾਦਾਸ਼੍ਰੀ** : ਇਹ ਅਡਿੱਠ ਪਸਚਾਤਾਪ (ਭਾਵ ਤਪ) ਇਸ ਲਈ ਕਰਨਾ ਪੈਂਦਾ ਹੈ ਕਿਉਂਕਿ ਆਦਿ ਕਾਲ ਤੋਂ ਹੀ ਜੀਵ ਇਨ੍ਹਾਂ ਵਸਤਾਂ ਨੂੰ ਵੇਖਣ ਅਤੇ ਜਾਨਣ ਦੀ ਬਜਾਇ ਖ਼ੁਦ ਨੂੰ ਗਲਤੀ ਨਾਲ ਇਨ੍ਹਾਂ ਨਾਲ ਇਕ ਰੂਪ ਵੇਖਣ ਦਾ ਆਦੀ ਰਿਹਾ ਹੈ। ਆਪਣੇ ਆਪ ਨੂੰ ਗ਼ਲਤੀ ਨਾਲ ਇਨ੍ਹਾਂ ਵਸਤਾਂ ਨਾਲ ਇਕ ਰੂਪ ਵੇਖਣ ਦਾ ਰੁਝਾਨ ਹੌਲੀ-ਹੌਲੀ ਕਮਜ਼ੋਰ ਪੈ ਜਾਵੇਗਾ ਜੇਕਰ ਤੁਸੀਂ ਅਦਿੱਖ ਪਸਚਾਤਾਪ ਕਰਨਾ ਆਰੰਭ ਕਰ ਦਿੰਦੇ ਹੋ। ਇੰਝ ਹਉਮੈਂ ਦਬ ਜਾਵੇਗੀ। ਨਤੀਜੇ ਵਜੋਂ

ਜ਼ਿੰਦਗੀ ਦੀਆਂ ਗੁੰਝਲਾਂ ਸੁਲਝ ਜਾਂਦੀਆਂ ਹਨ। ਇਕ ਵਾਰ ਤੁਸੀਂ ਇਹ ਅਡਿੱਠ ਤਪ ਕਰਨ ਦੀ ਠਾਣ ਲਉ ਫਿਰ ਇਹ ਖ਼ੁਦ-ਬ-ਖ਼ੁਦ ਹੀ ਹੁੰਦਾ ਰਹਿੰਦਾ ਹੈ।

ਉਸ ਹਉਮੈਂ ਦਾ ਕੀ ਲਾਭ ਜਿਹੜੀ ਤੁਹਾਨੂੰ ਹਰ ਕਦਮ ਉਪਰ ਠੋਕਰ ਲਾਉਂਦੀ ਹੈ ਅਤੇ ਤੁਹਾਡੇ ਸੁੰਦਰ ਹੋਣ ਦੇ ਬਾਵਜੂਦ ਉਹ ਤੁਹਾਡਾ ਭੱਦਾ ਰੂਪ ਦਿਖਾਉਂਦੀ ਹੈ।

ਜਾਣਿਆ ਜਾਣ ਵਾਲਾ ਪਦਾਰਥ ਜਾਨਣਹਾਰ ਨਹੀਂ ਬਣ ਸਕਦਾ - ਇਹ ਸੱਚੀ ਚੇਤਨਤਾ ਹੈ - ਇਹ ਅਡਿੱਠ ਤਪ ਹੈ। ਆਪਣੀ ਹਉਮੈਂ ਨੂੰ ਖ਼ਤਮ ਕਰਨ ਦੇ ਮੰਤਵ ਹਿਤ ਜੋ ਵੀ ਸਾਵਧਾਨੀਆਂ ਜੀਵ ਵਰਤਦਾ ਹੈ ਉਹ ਆਪਣੇ ਆਪ ਵਿਚ ਹੀ ਅਦਿੱਖ ਤਪ ਹਨ।

ਜੀਵਨ-ਯਾਤਰਾ ਦੇ ਦੌਰਾਨ ਜੀਵ ਨੂੰ ਅੰਦਰੋਂ ਵੀ ਅਤੇ ਬਾਹਰੋਂ ਵੀ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਉਮੈਂ ਇਕ ਵੱਡੀ ਰੁਕਾਵਟ ਹੈ। ਇਸ ਨੂੰ ਪਾਰ ਕਰਨ ਲਈ ਤੁਹਾਨੂੰ ਪੂਰੀ ਤਰ੍ਹਾਂ ਤਿਆਰ ਹੋਣਾ ਪਵੇਗਾ।

ਦੂਸਰਿਆਂ ਦੁਆਰਾ ਦਿੱਤਾ ਗਿਆ ਮਾਣ-ਸਤਿਕਾਰ ਵੀ ਅਸਹਿ ਹੈ।

**ਪ੍ਰਸ਼ਨ-ਕਰਤਾ** : ਉਹ ਕਿਵੇਂ?

**ਦਾਦਾਸ਼੍ਰੀ** : ਜਿਹੜਾ ਜੀਵ ਅਨਾਦਰ ਸਹਿ ਸਕਦਾ ਹੈ ਸਿਰਫ਼ ਉਹ ਹੀ ਆਦਰ ਅਤੇ ਮਾਣ ਵੀ ਸਹਿ ਸਕਦਾ ਹੈ। ਇਕ ਵਾਰ ਇਕ ਵਿਅਕਤੀ ਨੇ ਮੈਨੂੰ ਕਿਹਾ: 'ਲੋਕ ਤੁਹਾਨੂੰ ਫੁੱਲ ਭੇਟਾ ਕਰਦੇ ਹਨ, ਪਰੰਤੂ ਤੁਸੀਂ ਫੁੱਲ ਕਿਉਂ ਸਵੀਕਾਰ ਕਰਦੇ ਹੋ? ਉਨ੍ਹਾਂ ਨੂੰ ਤੁਹਾਡੇ ਗਲ ਵਿਚ ਹਾਰ ਵੀ ਪਾਉਣ ਦਿਉ। ਪਰੰਤੂ ਤੁਸੀਂ ਇਹ ਸਤਿਕਾਰ ਸਹਿ ਸਕਣ ਦੇ ਸਮਰਥ ਨਹੀਂ ਹੋਵੋਗੇ।' ਲੋਕ ਫੁੱਲਾਂ ਦੇ ਢੇਰ ਵੇਖ ਕੇ ਹੈਰਾਨ ਰਹਿ ਜਾਣਗੇ। ਜਦੋਂ ਤੁਸੀਂ ਕਿਸੇ ਅੱਗੇ ਝੁਕ ਕੇ ਪ੍ਰਣਾਮ ਕਰਦੇ ਹੋ ਤਾਂ ਵੇਖੋ ਕੀ ਵਾਪਰਦਾ ਹੈ - ਉਹ ਇਕ ਦਮ ਆਪਣੀ ਸੀਟ ਤੋਂ ਉੱਠ ਖੜ੍ਹੋਵੇਗਾ।

## 86

## ਆਦਰ ਅਤੇ ਨਿਰਾਦਰ ਦਾ ਵਿਵਰਣ

**ਪ੍ਰਸ਼ਨ-ਕਰਤਾ** : ਮੇਰੇ ਸਿਰ ਉਪਰ ਅਨਾਦਰ ਦੇ ਡਰ ਦੀ ਤਲਵਾਰ ਹਮੇਸ਼ਾ ਲਟਕਦੀ ਰਹਿੰਦੀ ਹੈ।

**ਦਾਦਾਸ਼੍ਰੀ** : 'ਜਦੋਂ ਅਨਾਦਰ ਦਾ ਕੋਈ ਡਰ ਹੀ ਨਾ ਹੋਵੇ ਤਾਂ ਕੋਈ ਵੀ ਤੁਹਾਡਾ ਅਪਮਾਨ ਕਰਨ ਦੀ ਹਿੰਮਤ ਨਹੀਂ ਕਰੇਗਾ।' ਕੁਦਰਤ ਦਾ ਅਜਿਹਾ ਹੀ ਕਾਨੂੰਨ ਹੈ। ਜਿੰਨੀ ਦੇਰ ਤਕ ਡਰ ਹੈ ਉਨੀ ਦੇਰ ਤੱਕ ਹੀ ਅਜਿਹੀ ਸੋਚ ਰਹਿੰਦੀ ਹੈ। ਜਦੋਂ ਇਕ ਵਾਰ ਡਰ ਖ਼ਤਮ ਹੋ ਗਿਆ ਤਾਂ ਇਹ ਸਭ ਗੱਲਾਂ ਵੀ ਖ਼ਤਮ ਹੋ ਜਾਣਗੀਆਂ।

ਆਪਣੇ ਆਦਰ ਅਤੇ ਅਨਾਦਰ ਦਾ ਲੇਖਾ-ਜੋਖਾ ਜ਼ਰੂਰ ਰਖੋ। ਜਦੋਂ ਵੀ ਲੋਕ ਤੁਹਾਡਾ ਅਨਾਦਰ ਜਾਂ ਬੇਇਜ਼ਤੀ ਕਰਨ ਤਾਂ ਇਸ ਨੂੰ ਆਪਣੇ ਖਾਤੇ ਵਿਚ ਜਮ੍ਹਾਂ ਕਰ ਲਉ ਪਰੰਤੂ ਇਸ ਨੂੰ ਘਟਾਉ ਬਿਲਕੁਲ ਨਾ। ਅਨਾਦਰ ਦੀ ਕੌੜੀ ਘੁੱਟ ਛੋਟੀ ਹੋਵੇ ਜਾਂ ਕਿੰਨੀ ਵੀ ਵੱਡੀ, ਇਸ ਦਾ ਹਿਸਾਬ ਆਪਣੇ ਖਾਤੇ ਵਿਚ ਜ਼ਰੂਰ ਲਿਖ ਲਉ। ਇਹ ਫ਼ੈਸਲਾ ਕਰ ਲਉ ਕਿ ਤੁਸੀਂ ਇਕ ਮਹੀਨੇ ਦੌਰਾਨ ਸੌ ਦੇ ਕਰੀਬ ਅਨਾਦਰ ਦੀਆਂ ਐਂਟਰੀਆਂ ਕਰਨੀਆਂ ਹਨ। ਇਹ ਵੀ ਮਨ ਪੱਕਾ ਕਰ ਲਉ ਕਿ ਜਿੰਨਾ ਵਧੇਰੇ ਵਾਰ ਅਨਾਦਰ ਹੋਵੇਗਾ ਉਨਾ ਹੀ ਵਧੇਰੇ ਲਾਭ ਹੋਵੇਗਾ। ਸੋ ਜੇ ਤੁਸੀਂ ਮਹੀਨੇ ਵਿਚ ਸੌ ਦੀ ਬਜਾਇ ਸੱਤਰ ਐਂਟਰੀਆਂ ਹੀ ਕੀਤੀਆਂ ਤਾਂ ਬਾਕੀ ਬਚਦੀਆਂ ਤੀਹ ਤੁਹਾਡਾ ਘਾਟਾ ਹਨ। ਫਿਰ ਤੁਸੀਂ ਅਗਲੇ ਮਹੀਨੇ ਇਕ ਸੌ ਅਤੇ ਤੀਹ ਐਂਟਰੀਆਂ ਦੀ ਤੀਬਰਤਾ ਨਾਲ ਉਡੀਕ ਕਰੋਗੇ।

ਇਕ ਵਿਅਕਤੀ ਜਿਸ ਨੇ ਆਪਣੇ ਖਾਤੇ ਵਿਚ 300 ਅਨਾਦਰ ਦੀਆਂ ਐਂਟਰੀਆਂ ਜੋੜ ਲਈਆਂ ਹਨ ਉਸ ਨੂੰ ਹੁਣ ਅਨਾਦਰ ਦਾ ਕੋਈ ਡਰ ਨਹੀਂ ਰਹਿੰਦਾ। ਉਹ ਦਰਿਆ ਨੂੰ ਸਫ਼ਲਤਾ-ਪੂਰਵਕ ਪਾਰ ਕਰਕੇ ਦੂਸਰੇ ਕਿਨਾਰੇ ਉਪਰ ਪਹੁੰਚ ਜਾਂਦਾ ਹੈ।

ਇਸ ਲਈ ਤੁਸੀਂ ਮਹੀਨੇ ਦੇ ਪਹਿਲੇ ਦਿਨ ਤੋਂ ਹੀ ਇਹ ਲੇਖਾ-ਜੋਖਾ ਰੱਖਣਾ ਆਰੰਭ ਕਰ ਦੇਣਾ ਹੈ। ਕੀ ਤੁਸੀਂ ਅਜਿਹਾ ਕਰ ਸਕਦੇ ਹੋ?

ਜਦੋਂ ਤੁਸੀਂ ਕਿਸੇ ਗਿਆਨੀ ਪੁਰਸ਼ ਦੇ ਸਤਿਕਾਰ ਵਿਚ ਹੱਥ ਜੋੜਦੇ ਹੋ ਤਾਂ ਤੁਸੀਂ ਆਪਣੀ ਦੁਨਿਆਵੀ ਹਉਮੈਂ ਨੂੰ ਸ਼ੁੱਧ ਕਰ ਲੈਂਦੇ ਹੋ। ਜਦੋਂ ਤੁਸੀਂ ਉਸ ਗਿਆਨੀ ਪੁਰਸ਼ ਦੇ ਚਰਨਾਂ ਉਪਰ ਸਿਰ ਟਿਕਾ ਕੇ ਉਸ ਦੇ ਸੱਚੇ ਦਰਸ਼ਨ ਕਰ ਲੈਂਦੇ ਹੋ ਤਾਂ ਇਸ ਦਾ ਭਾਵ ਇਹ ਹੁੰਦਾ ਹੈ ਕਿ ਤੁਸੀਂ ਆਪਣੀ ਹਉਮੈਂ ਨੂੰ ਉਸ ਦੇ ਪਵਿੱਤਰ ਚਰਨ-ਕੰਵਲਾਂ ਉਪਰ ਨਿਛਾਵਰ ਕਰ ਦਿੱਤਾ ਹੈ। ਜਿੰਨੀ ਹਉਮੈਂ ਤੁਸੀਂ ਇੰਝ ਤਿਆਗਦੇ ਹੋ ਉਸੇ ਅਨੁਪਾਤ ਵਿਚ ਤੁਹਾਨੂੰ ਲਾਹਾ ਮਿਲਦਾ ਹੈ।

### ਤਰਸ

**ਪ੍ਰਸ਼ਨ-ਕਰਤਾ** : ਹੁਣ ਕਿਰਪਾ ਕਰਕੇ ਤਰਸ ਦੀ ਭਾਵਨਾ ਉਪਰ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਜਿੰਨੀ ਦੇਰ ਤੁਸੀਂ ਦਵੰਦ ਦੀ ਭਾਵਨਾ ਤੋਂ ਉਪਰ ਨਹੀਂ ਉਠਦੇ ਉਨੀ ਦੇਰ ਸੰਸਾਰ ਲਈ ਤਰਸ ਇਕ ਪ੍ਰਸੰਸਾਯੋਗ ਗੁਣ ਹੈ ਕਿਉਂਕਿ ਇਹ ਸੰਸਾਰ ਦੀ ਨੀਂਹ ਹੈ। ਫਿਰ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਤਰਸ ਦੀ ਭਾਵਨਾ ਜੀਵ ਸਿਰਫ਼ ਆਪਣੇ ਬਚਾਅ ਵਾਸਤੇ ਹੀ ਰਖਦਾ ਹੈ ਅਤੇ ਪਰਮਾਤਮਾ ਦੇ ਬਚਾਅ ਲਈ ਨਹੀਂ।

ਇਕ ਗਿਆਨੀ ਪੁਰਸ਼ ਪਾਸ ਤਰਸ ਨਾਂ ਦੀ ਭਾਵਨਾ ਨਹੀਂ ਹੁੰਦੀ ਪਰ ਉਹ ਰਹਿਮ ਅਤੇ ਹਮਦਰਦੀ ਨਾਲ ਭਰਪੂਰ ਹੁੰਦਾ ਹੈ। ਤਰਸ ਹਉਮੈਂ ਦਾ ਇਕ ਖ਼ਤਰਨਾਕ ਗੁਣ ਹੈ।

**ਪ੍ਰਸ਼ਨ-ਕਰਤਾ** : ਤਰਸ ਹਉਮੈਂ ਦਾ ਗੁਣ ਕਿਵੇਂ ਹੋ ਸਕਦਾ ਹੈ?

**ਦਾਦਾਸ਼੍ਰੀ** : ਮੈਂ ਤੁਹਾਨੂੰ ਸਮਝਾਵਾਂਗਾ ਕਿ ਤਰਸ ਕਿਵੇਂ ਦੋ-ਧਾਰੀ ਗੁਣ ਹੈ। ਦੋ-ਧਾਰੀ ਗੁਣ ਦਾ ਭਾਵ ਹੈ ਤਰਸਵਾਨ ਮਨੁੱਖ ਤਰਸ ਦੀ ਭਾਵਨਾ ਦੇ ਪਿਛੇ ਅਤਿਆਚਾਰੀ ਪ੍ਰਵਿਰਤੀ ਲਕੋ ਕੇ ਰਖਦਾ ਹੈ। ਕਲਪਨਾ ਕਰੋ ਕਿ ਬਿੱਲੀ ਚੂਹੇ ਦਾ ਸ਼ਿਕਾਰ ਕਰਨ ਹਿਤ ਉਸ ਦੇ ਪਿੱਛੇ ਦੌੜ ਰਹੀ ਹੈ। ਤਰਸ ਕਰਨ ਵਾਲਾ ਵਿਅਕਤੀ ਬਿੱਲੀ ਵੱਲ ਕੋਈ ਭਾਰੀ ਚੀਜ ਵਗਾਹ ਮਾਰੇਗਾ ਤਾਂ ਜੋ ਉਹ ਚੂਹੇ ਦੀ ਜਾਨ ਬਚਾ ਸਕੇ, ਬਿੱਲੀ ਦੀ ਭਾਵੇਂ ਟੰਗ ਟੁੱਟ ਜਾਵੇ।

ਇਸ ਗੱਲ ਦਾ ਪਤਾ ਉਦੋਂ ਹੀ ਲਗਦਾ ਹੈ ਜਦੋਂ ਅਜਿਹੇ ਤਰਸ ਵਾਲੇ ਕਾਰਜ ਪਿਛੇ ਲੁਕਿਆ ਅਤਿਆਚਾਰ ਸਾਹਮਣੇ ਆਉਣ ਲਗਦਾ ਹੈ। ਫਿਰ ਉਹ ਤਰਸ ਕਰਨ ਵਾਲਾ ਵਿਅਕਤੀ ਆਪਣਾ ਸਾਰਾ ਬਗੀਚਾ ਪੁੱਟ ਸੁੱਟੇਗਾ। ਉਹ ਆਪਦੇ ਘਰ, ਪਤਨੀ ਅਤੇ ਬੱਚਿਆਂ ਨੂੰ ਵੀ ਨਹੀਂ ਬਖਸ਼ੇਗਾ। ਸਮੁੱਚਾ ਸੰਸਾਰ ਹੀ ਦਵੰਦ ਵਿੱਚ ਡੁੱਬਾ ਹੋਇਆ ਹੈ।

**ਪ੍ਰਸ਼ਨ-ਕਰਤਾ** : ਸਾਧੂ ਵਿਸ਼ੇਸ਼ ਤੌਰ 'ਤੇ ਤਰਸ ਨਾਲ ਭਰੇ ਹੁੰਦੇ ਹਨ।

**ਦਾਦਾਸ਼੍ਰੀ** : ਅਸਲ ਵਿਚ ਜਿਹੜਾ ਵਿਅਕਤੀ ਦੂਸਰਿਆਂ ਪ੍ਰਤੀ ਤਰਸ ਦੀ ਭਾਵਨਾ ਰਖਦਾ ਹੈ ਉਹ ਖ਼ੁਦ ਤਰਸ ਦਾ ਪਾਤਰ ਹੈ। ਪਿਆਰੇ ਦੋਸਤ! ਤੁਸੀਂ ਆਪਣੇ ਆਪ ਉਪਰ ਤਰਸ ਕਿਉਂ ਨਹੀਂ ਖਾਂਦੇ। ਦੂਸਰਿਆਂ ਉਪਰ ਹੀ ਤਰਸ ਕਿਉਂ ਕਰਦੇ ਹੋ? ਕੁਝ ਸਾਧੂ ਦੁਨਿਆਵੀ ਲੋਕਾਂ ਪ੍ਰਤੀ ਤਰਸ ਦਿਖਾਉਂਦੇ ਹਨ ਅਤੇ ਸੋਚਦੇ ਹਨ: 'ਹੇ ਪਰਮਾਤਮਾ! ਇਨ੍ਹਾਂ ਲੋਕਾਂ ਦਾ ਕੀ ਬਣੇਗਾ?' ਅਜਿਹੇ ਸਾਧੂ ਨੂੰ ਮੈਂ ਪੁੱਛਣਾ ਚਾਹਾਂਗਾ: 'ਉਨ੍ਹਾਂ ਲੋਕਾਂ ਉਪਰ ਤਰਸ ਖਾਣ ਵਾਲੇ ਤੁਸੀਂ ਕੌਣ ਹੁੰਦੇ ਹੋ? ਜਦੋਂ ਤੁਸੀਂ ਆਪਣੇ ਜੀਵਨ ਦਾ ਰਹੱਸ ਤਾਂ ਹਾਲੇ ਤੱਕ ਸਮਿਝਆ ਨਹੀਂ, ਫਿਰ ਤੁਸੀਂ ਦੂਸਰਿਆਂ ਦੀਆਂ ਸਮੱਸਿਆਵਾਂ ਵਿਚ ਆਪਣੀ ਟੰਗ ਕਿਉਂ ਅੜਾਉਂਦੇ ਹੋ?" ਇਹ ਹੋਰ ਕੁਝ ਨਹੀਂ ਸਿਵਾਇ ਹਉਮੈਂ ਅਤੇ ਹੰਕਾਰ ਦੇ ਇਕ ਖ਼ਤਰਨਾਕ ਨਸ਼ੇ ਦੇ। ਦੁਨਿਆਵੀ ਲੋਕਾਂ ਨੂੰ ਜਦੋਂ ਘੰਟਿਆਂ ਬੱਧੀ ਕਿਸੇ ਵੀ ਕੰਮ (ਜਿਹਾ ਕਿ ਰਾਸ਼ਨ, ਤੇਲ, ਚੀਨੀ, ਆਦਿ ਲੈਣਾ) ਲਈ ਲਾਈਨ ਵਿਚ ਖੜੋਣਾ ਪੈਂਦਾ ਹੈ ਤਾਂ ਉਨ੍ਹਾਂ ਦੇ ਹੰਕਾਰ ਦਾ ਨਸ਼ਾ ਤਾਂ ਕਾਫ਼ੀ ਹੱਦ ਤੱਕ ਉਤਰ ਜਾਂਦਾ ਹੈ। ਪਰੰਤੂ ਇਨ੍ਹਾਂ ਸਾਧੂਆਂ ਦਾ ਇਹ ਨਸ਼ਾ (ਹਉਮੈ) ਵੀ ਕਦੇ ਜਾਵੇਗਾ? ਨਹੀਂ, ਸਗੋਂ ਇਹ ਤਾਂ ਹਰ ਦਿਨ ਵਧਦਾ ਹੀ ਰਹੇਗਾ।

ਦਾਦਾ ਭਗਵਾਨ ਨੇ ਕਿਹਾ ਹੈ ਕਿ 'ਜਿਹੜਾ ਵਿਅਕਤੀ ਹਉਮੈਂ ਦੇ ਨਸ਼ੇ ਤੋਂ ਬਚ ਜਾਂਦਾ ਹੈ ਉਹ ਮੁਕਤੀ ਪ੍ਰਾਪਤ ਕਰ ਲੈਂਦਾ ਹੈ।' ਨਸ਼ੇ ਦੀ ਇਹ ਕਿਸਮ ਅਤਿ ਸੂਖਮ ਹੈ ਪਰੰਤੂ ਇਹ ਬਹੁਤ ਤਾਕਤਵਰ ਹੈ ਅਤੇ ਬਹੁਤ ਹੀ ਖ਼ਤਰਨਾਕ ਵੀ। ਇਹ ਜੀਵ ਨੂੰ ਆਵਾਗਵਣ ਦੇ ਅਮੁੱਕ ਚੱਕਰ ਵਿਚ ਫਸਾਈ ਰਖਦੀ ਹੈ।

**ਪ੍ਰਸ਼ਨ-ਕਰਤਾ** : ਇਹ ਵਾਕਿਆ ਹੀ ਗੰਭੀਰ ਹੈ। ਮੈਨੂੰ ਹੁਣ ਸਮਝ ਆ ਗਈ ਹੈ।

**ਦਾਦਾਸ਼੍ਰੀ** : ਹਉਮੈਂ ਦਾ ਸਥੂਲ ਰੂਪ ਤਾਂ ਦੂਜਿਆਂ ਨੂੰ ਦਿਸ ਜਾਂਦਾ ਹੈ ਅਤੇ ਉਹ ਇਸ ਬਾਰੇ ਜੀਵ ਨੂੰ ਸੁਚੇਤ ਵੀ ਕਰ ਸਕਦੇ ਹਨ। ਕੋਈ ਵਿਅਕਤੀ ਇਹ ਵੀ ਕਹਿ ਸਕਦਾ ਹੈ ਕਿ 'ਤੂੰ ਹੰਕਾਰ ਨਾਲ ਇੰਝ ਛਾਤੀ ਚੌੜੀ ਕਰਕੇ ਕਿਉਂ ਤੁਰ ਰਿਹਾ ਹੈ। ਥੋੜਾ ਝੁਕ ਜਾਉ। ਥੋੜਾ ਨਿਮਰ ਹੋ ਜਾਉ।' ਅਤੇ ਉਹ ਜੀਵ ਇਸ ਗੱਲ ਨੂੰ ਸਮਝ ਕੇ ਸਵੀਕਾਰ ਵੀ ਕਰ ਲਵੇਗਾ। ਪਰੰਤੂ ਇਹ ਸੂਖ਼ਮ ਹਉਮੈਂ ਕਿ 'ਮੈਂ ਵੀ ਕੁਝ ਹਾਂ: ਮੈਂ ਵੀ ਕੋਈ ਤਾਕਤਵਰ ਸ਼ੈਅ ਹਾਂ; ਮੈਂ ਵੀ ਕੁਝ ਪ੍ਰਾਪਤ ਕੀਤਾ ਹੈ; ਮੈਂ ਵੀ ਕੁਝ ਜਾਣਦਾ ਹਾਂ' ਇਕ ਅਜਿਹਾ ਨਸ਼ਾ ਹੈ ਜਿਸ ਤੋਂ ਜੀਵ ਕਦੇ ਵੀ ਨਹੀਂ ਬਚ ਸਕਦਾ।

ਸੱਚਾ ਗਿਆਨ ਕੀ ਹੈ? ਜਦੋਂ ਗਿਆਨ ਦਾ ਚਾਨਣ ਹੋ ਜਾਵੇਗਾ ਤਾਂ ਕੀ ਕੋਈ ਜੀਵ ਚਾਨਣ ਵਿਚ ਵੀ ਠੋਕਰ ਖਾਵੇਗਾ? ਪਰੰਤੂ ਇਹ ਲੋਕ ਤਾਂ ਹਰ ਕਦਮ ਉਪਰ ਠੋਕਰ ਖਾ ਰਹੇ ਹਨ। ਫਿਰ ਉਹ ਇਹ ਦਾਅਵਾ ਕਿਵੇਂ ਕਰ ਸਕਦੇ ਹਨ ਕਿ ਉਨ੍ਹਾਂ ਨੇ ਕੋਈ ਬਹੁਮੁੱਲਾ ਗਿਆਨ ਪ੍ਰਾਪਤ ਕਰ ਲਿਆ ਹੈ। ਅਜਿਹੇ ਵਿਅਕਤੀ ਨੂੰ ਦੂਸਰਿਆਂ ਉਪਰ ਤਰਸ ਖਾਣ ਦਾ ਕੀ ਹੱਕ ਹੈ ਜਦੋਂ ਉਹ ਆਪ ਤਾਂ ਅਗਿਆਨਤਾ ਦੇ ਹਨੇਰੇ ਵਿਚ ਠੋਕਰਾਂ ਖਾ ਰਿਹਾ ਹੈ।

## 87
## ਹਉਮੈਂ ਦਾ ਜ਼ਹਿਰ

**ਪ੍ਰਸ਼ਨ-ਕਰਤਾ** : ਅਧਿਆਤਮਕ ਸਫ਼ਰ ਦੌਰਾਨ ਹਉਮੈਂ ਤੋਂ ਕੀ ਖ਼ਤਰੇ ਹਨ? ਕਿਰਪਾ ਕਰਕੇ ਇਨ੍ਹਾਂ ਉਪਰ ਚਾਨਣ ਪਾ ਕੇ ਕਿਰਤਾਰਥ ਕਰੋ।

**ਦਾਦਾਸ਼੍ਰੀ** : ਜੇ ਵਿਅਕਤੀ ਆਪਣੀ ਕਿਸੇ ਪ੍ਰਾਪਤੀ ਉਪਰ ਵੀ ਮਾਣ ਕਰਦਾ ਹੈ ਤਾਂ ਉਹ ਵੀ ਆਤਮਕ ਪੱਖੋਂ ਨਿਘਾਰ ਵਿਚ ਜਾਵੇਗਾ। ਇਕ ਵਿਅਕਤੀ ਕਿਸੇ ਦਾ ਕਤਲ ਕਰਨ ਵਿਚ ਮਾਣ ਮਹਿਸੂਸ ਕਰਦਾ ਹੈ ਅਤੇ ਦੂਜਾ ਕਿਸੇ ਦੀ ਜਾਨ ਬਚਾਉਣ ਦਾ ਹੰਕਾਰ ਕਰਦਾ ਹੈ। ਦਾਦਾ ਭਗਵਾਨ ਨੇ ਅਜਿਹੇ ਦੋਹਾਂ ਵਿਅਕਤੀਆਂ ਨੂੰ ਹੀ ਹੰਕਾਰੀ ਕਿਹਾ ਹੈ ਕਿਉਂਕਿ ਕਿਸੇ ਦੀ ਜਾਨ ਬਚਾਉਣ ਜਾਂ ਜਾਨ ਲੈਣ ਦੀ ਤਾਕਤ ਕਿਸੇ ਵੀ ਵਿਅਕਤੀ ਦੇ ਹੱਥ ਵਿਚ ਨਹੀਂ ਹੈ। ਜੀਵ ਤਾਂ ਸਿਰਫ਼ ਸ਼ੇਖੀ ਮਾਰਦਾ ਹੈ: "ਮੈਂ ਕਿਸੇ ਦੀ ਜਾਨ ਬਚਾਈ; ਮੈਂ ਕਿਸੇ ਦੀ ਜਾਨ ਲੈ ਲਈ।" ਦੋਵੇਂ ਹੀ ਹਉਮੈਂ ਦੇ ਮਾਰੇ ਹਨ: ਦੋਵੇਂ ਹੀ ਹੰਕਾਰੀ ਹਨ। ਜਾਨ ਬਚਾਉਣ ਵਾਲਾ ਬੇਹਤਰ ਭਵਿੱਖ ਦੀ ਉਮੀਦ ਰਖਦਾ ਹੈ ਜਦੋਂ ਕਿ ਜਾਨ ਲੈਣ ਵਾਲਾ ਕਿਸੇ ਨੀਵੀਂ ਜੂਨ ਦਾ ਭਾਗੀ ਬਣਦਾ ਹੈ। ਪਰੰਤੂ ਜੀਵਨ ਦੀਆਂ ਇਹ ਦੋਵੇਂ ਅਵਸਥਾਵਾਂ ਹੀ ਬੰਧਨ ਹਨ।

ਜੇ ਕੋਈ ਵਿਅਕਤੀ ਦੈਵੀ ਸ਼ਕਤੀਆਂ ਪ੍ਰਾਪਤ ਕਰ ਲਵੇ ਅਤੇ ਇਸ ਉਪਰੰਤ ਉਸ

ਅੰਦਰ ਹਉਮੈਂ ਸਿਰ ਚੁੱਕਦੀ ਹੈ ਤਾਂ ਅਜਿਹਾ ਵਿਅਕਤੀ ਆਪਣੀਆਂ ਪ੍ਰਾਪਤੀਆਂ ਦੀ ਟੀਸੀ ਤੋਂ ਧਰਾਤਲ ਉਪਰ ਆ ਡਿਗਦਾ ਹੈ। ਜੇ ਅਜਿਹਾ ਵਿਅਕਤੀ ਆਪਣੀਆਂ ਦੈਵੀ ਸ਼ਕਤੀਆਂ ਦੀ ਦੁਰਵਰਤੋਂ ਕਰਦਾ ਹੈ ਤਾਂ ਉਹ ਇਕ ਨੀਵੇਂ ਅਤੇ ਦੁਖੀ ਜੀਵਨ ਦਾ ਭਾਗੀ ਬਣਦਾ ਹੈ। ਇਸ ਲਈ ਜਦੋਂ ਦੈਵੀ ਹਉਮੈਂ ਦੇ ਕਾਰਨ ਪ੍ਰਤਿਕ੍ਰਿਆ ਹੁੰਦੀ ਹੈ ਤਾਂ ਵਿਅਕਤੀ ਨਰਕਾਂ ਵਿਚ ਧੱਕਿਆ ਜਾਂਦਾ ਹੈ।

ਜਿਹੜੀਆਂ ਮਹਾਨ ਆਤਮਾਵਾਂ (ਮਹਾਤਮਾ ਲੋਕ) ਨੂੰ ਮੈਂ ਦੀਖਸ਼ਾ ਦਿੱਤੀ ਹੈ ਜਦੋਂ ਉਹ ਲੋਕ ਗਿਆਨ ਦੀ ਹਉਮੈਂ ਦਾ ਸ਼ਿਕਾਰ ਹੋ ਜਾਦੇ ਹਨ ਤਾਂ ਉਹ ਆਤਮਕ ਪੱਖੋਂ ਨੀਵੇਂ ਨਹੀਂ ਡਿੱਗਦੇ ਕਿਉਂਕਿ ਉਨ੍ਹਾਂ ਦੇ ਬਚਾਅ ਲਈ ਮੈਂ ਹਾਂ। ਹਾਂ, ਇੰਝ ਉਨ੍ਹਾਂ ਦੇ ਗਿਆਨ ਦਾ ਚਾਨਣ ਮੱਧਮ ਪੈ ਜਾਵੇਗਾ।

**ਪ੍ਰਸ਼ਨ-ਕਰਤਾ** : ਬੱਚਿਆਂ ਦੇ ਮਾਮਲੇ ਵਿਚ ਹਉਮੈਂ ਦਾ ਕੋਈ ਮਸਲਾ ਨਹੀਂ ਹੁੰਦਾ।

**ਦਾਦਾਸ਼੍ਰੀ** : ਬੱਚਿਆਂ ਵਿਚ ਵੀ ਆਪਣੀ ਹਉਮੈਂ ਹੁੰਦੀ ਹੈ ਪਰੰਤੂ ਉਸ ਸਮੇਂ ਇਹ ਸ਼ਿਥਿਲ ਅਵਸਥਾ ਵਿਚ ਹੁੰਦੀ ਹੈ। ਹਉਮੈਂ ਤਾਂ ਹੁੰਦੀ ਹੈ ਪਰ ਇਹ ਦਬੀ ਅਵਸਥਾ ਵਿਚ ਹੁੰਦੀ ਹੈ। ਜਿਵੇਂ ਜਿਵੇਂ ਬੱਚਾ ਵੱਡਾ ਹੁੰਦਾ ਹੈ, ਹਉਮੈਂ ਵੀ ਵਧਦੀ ਜਾਂਦੀ ਹੈ। ਜੇ ਅਸੀਂ ਬੱਚਿਆਂ ਅੰਦਰ ਹਉਮੈਂ ਨੂੰ ਬੇਲੋੜਾ ਪ੍ਰੋਤਸਾਹਿਤ ਨਾ ਕਰੀਏ ਤਾਂ ਉਹ ਸਿਆਣੇ ਬਣ ਜਾਣਗੇ। ਜੇ ਤੁਸੀਂ ਉਨ੍ਹਾਂ ਦੀ ਹਉਮੈਂ ਨੂੰ ਪੱਠੇ ਨਾ ਪਾਉ ਤਾਂ ਉਹ ਸਭਿਅਕ ਨਾਗਰਿਕ ਬਣ ਜਾਣਗੇ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਹੰਕਾਰੀ ਵਿਅਕਤੀ ਨਾਲ ਕਿਵੇਂ ਵਿਚਰਿਆ ਜਾਵੇ?

**ਦਾਦਾਸ਼੍ਰੀ** : ਬੇਹਤਰ ਹੋਵੇਗਾ ਜੇਕਰ ਅਸੀਂ ਇਸ ਸੰਸਾਰ ਦੇ ਵਿਅਕਤੀਆਂ ਨਾਲ ਬਹੁਤਾ ਨਾ ਉਲਝੀਏ। ਉਹ ਹਰ ਸਮੇਂ ਆਪਣੀ ਹਉਮੈਂ ਨੂੰ ਪੱਠੇ ਪਾਉਣ ਦੀ ਤਾਂਘ ਵਿਚ ਰਹਿੰਦੇ ਹਨ। ਸੋ ਜੇ ਤੁਸੀਂ ਚਾਹੁੰਦੇ ਹੋ ਕਿ ਉਨ੍ਹਾਂ ਨਾਲ ਨਾ ਉਲਝਿਆ ਜਾਵੇ ਤਾਂ ਚਾਹੀਦਾ ਹੈ ਕਿ ਤੁਸੀਂ ਉਨ੍ਹਾਂ ਦੀ ਹਉਮੈਂ ਨੂੰ ਪੱਠੇ ਪਾਉ ਅਤੇ ਅੱਗੇ ਵਧ ਜਾਉ। ਨਹੀਂ ਤਾਂ ਤੁਹਾਡੇ ਰਸਤੇ ਵਿਚ ਵੀ ਰੁਕਾਵਟਾਂ ਖੜੀਆਂ ਹੋ ਜਾਣਗੀਆਂ।

ਇਕ ਹੰਕਾਰੀ ਵਿਅਕਤੀ ਆਪਣੀ ਹਉਮੈਂ ਦੇ ਉਲਝੇਵਿਆਂ ਵਿਚ ਹੀ ਉਲਝ ਕੇ ਰਹਿ ਜਾਂਦਾ ਹੈ। ਆਮ ਤੌਰ 'ਤੇ ਅਜਿਹੇ ਵਿਅਕਤੀ ਅੰਦਰ ਲਾਲਚ ਦੀ ਗੰਢ ਨਹੀਂ ਬਣਦੀ।

ਇਸ ਸੰਸਾਰ ਵਿਚ ਗੰਭੀਰ ਸੋਚ ਅਤੇ ਸਮਝ ਰੱਖਣ ਵਾਲੇ ਵਿਅਕਤੀਆਂ ਨੂੰ ਸਭਿਅਕ ਕਿਹਾ ਜਾਂਦਾ ਹੈ। ਇਹ ਸਭਿਅਕ ਵਿਅਕਤੀ ਇਕ ਵੱਡੀ ਹੱਦ ਤਕ ਆਪਣੀ ਹਉਮੈਂ ਨੂੰ ਉੱਨਤ ਕਰ ਚੁੱਕੇ ਹੁੰਦੇ ਹਨ।

ਇਕ ਵਿਅਕਤੀ ਮੋਹ ਅਤੇ ਮੇਰ ਦੀਆਂ ਭਾਵਨਾਵਾਂ ਤੋਂ ਖਹਿੜਾ ਛੁਡਾ ਸਕਦਾ ਹੈ

(ਇਹ ਭਾਵਨਾਵਾਂ ਵੀ ਰੁਕਾਵਟ ਖੜੀ ਕਰਨ ਵਾਲੀਆਂ ਹੀ ਹਨ) ਪਰੰਤੂ ਹਉਮੈਂ ਤੋਂ ਆਜ਼ਾਦ ਹੋ ਸਕਣਾ ਸੰਭਵ ਨਹੀਂ।

**ਪ੍ਰਸ਼ਨ-ਕਰਤਾ** : ਕਈ ਵਿਅਕਤੀ ਖੁਦਕਸ਼ੀ ਕਿਉਂ ਕਰ ਲੈਂਦੇ ਹਨ?

**ਦਾਦਾਸ਼੍ਰੀ** : ਇਹ ਤਾਂ ਸਿਰੇ ਦੀ ਹਉਮੈਂ ਹੈ - ਹਉਮੈਂ ਦੀ ਇੰਤਹਾ। ਜਦੋਂ ਉਨ੍ਹਾਂ ਦਾ ਹੰਕਾਰ ਟੁੱਟ ਜਾਦਾ ਹੈ ਜਾਂ ਤੋੜ ਦਿੱਤਾ ਜਾਂਦਾ ਹੈ ਅਤੇ ਜਦੋਂ ਕਿਸੇ ਵੀ ਪਾਸੇ ਤੋਂ ਉਨ੍ਹਾਂ ਦੀ ਹਉਮੈਂ, ਉਨ੍ਹਾਂ ਦੇ ਹੰਕਾਰ ਨੂੰ ਖੁਰਾਕ ਨਹੀਂ ਮਿਲਦੀ ਤਾਂ ਅਜਿਹੇ ਵਿਅਕਤੀ ਖੁਦਕਸ਼ੀ ਕਰ ਲੈਂਦੇ ਹਨ। ਨਤੀਜੇ ਵਜੋਂ ਅਜਿਹੇ ਵਿਅਕਤੀ ਆਪਣੇ ਲਈ ਨਰਕਮਈ ਜੀਵਨ ਲਈ ਧਰਤੀ ਤਿਆਰ ਕਰਦੇ ਹਨ।

ਹਉਮੈਂ ਜਿੰਨੀ ਘੱਟ ਹੋਵੇਗੀ, ਵਿਅਕਤੀ ਉਨੀ ਹੀ ਉੱਚੀ ਆਤਮਕ ਅਵਸਥਾ ਪ੍ਰਾਪਤ ਕਰ ਸਕਦਾ ਹੈ ਅਤੇ ਇਸ ਦੇ ਉਲਟ ਜਿੰਨੀ ਹੀ ਕਿਸੇ ਵਿਅਕਤੀ ਅੰਦਰ ਹਉਮੈਂ ਦੀ ਮਾਤਰਾ ਵਧੇਰੇ ਹੋਵੇਗੀ ਉਹ ਉਨੀ ਹੀ ਨੀਵੀਂ ਆਤਮਕ ਅਵਸਥਾ ਵੱਲ ਧਕੇਲਿਆ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਫਿਰ ਹਉਮੈਂ ਦੇ ਇਸ ਜੰਗਲ ਵਿਚ ਜੀਵ ਲਈ ਕਿਹੜਾ ਰਸਤਾ ਹੈ?

**ਦਾਦਾਸ਼੍ਰੀ** : ਦੇਖੋ, ਇਕ ਸ਼ੇਰ ਬਹੁਤ ਅਭਿਮਾਨੀ ਹੁੰਦਾ ਹੈ। ਉਹ ਸਾਰੇ ਪਸ਼ੂਆਂ ਅਤੇ ਪੰਛੀਆਂ ਦਾ ਬਾਦਸ਼ਾਹ ਹੁੰਦਾ ਹੈ। ਉਹ ਸਾਰੀਆਂ ਜੂਨਾਂ ਅੰਦਰ ਭੌਂ ਚੁੱਕਾ ਹੁੰਦਾ ਹੈ ਅਤੇ ਅਖ਼ੀਰ ਇਹ ਜੂਨ ਪ੍ਰਾਪਤ ਕੀਤੀ ਹੁੰਦੀ ਹੈ। ਪਰੰਤੂ ਉਸ ਨੂੰ ਕਿਧਰੇ ਵੀ ਖੁਸ਼ੀ ਨਹੀਂ ਮਿਲੀ ਹੁੰਦੀ। ਇਸ ਲਈ ਉਹ ਜੰਗਲ ਅੰਦਰ ਆਪਣੀ ਗਰਜਣਾ ਅਤੇ ਚੀਕਾਂ ਰਾਹੀਂ ਆਪਣੀ ਹਉਮੈਂ ਦਾ ਪ੍ਰਗਟਾਵਾ ਕਰਦਾ ਹੈ। ਉਹ ਅਜ਼ਾਦ ਹੋਣਾ ਲੋਚਦਾ ਹੈ ਪਰ ਉਸ ਨੂੰ ਕੋਈ ਰਸਤਾ ਨਹੀਂ ਲਭਦਾ।

ਬਹੁਤ ਹੀ ਘੱਟ ਕਿਸੇ ਵਿਅਕਤੀ ਨੂੰ ਰਸਤਾ ਲਭਦਾ ਹੈ। ਮੁਕਤੀ-ਦਾਤਾ ਗਿਆਨੀ ਪੁਰਸ਼ ਨਾਲ ਮੇਲ ਦਾ ਸੁਭਾਗ ਬਹੁਤ ਹੀ ਵਿਰਲਿਆਂ ਨੂੰ ਮਿਲਦਾ ਹੈ। ਹਾਲਾਤ ਬਣਦੇ ਅਤੇ ਵਿਗੜਦੇ ਰਹਿੰਦੇ ਹਨ ਪਰੰਤੂ ਗਿਆਨੀ ਪੁਰਸ਼ ਨਾਲ ਮੇਲ ਦੇ ਇਕ ਮੌਕੇ ਸਦਕਾ ਇਕ ਵਿਅਕਤੀ ਆਪਣੇ ਜੀਵਨ ਦੀਆਂ ਗੁੰਝਲਾਂ ਦਾ ਪੱਕਾ, ਸਦੀਵੀ ਸਮਾਧਾਨ ਪ੍ਰਾਪਤ ਕਰ ਸਕਦਾ ਹੈ।

## 88

## ਹਉਮੈਂ - ਤੁਹਾਡਾ ਸੰਸਾਰ

**ਦਾਦਾਸ਼੍ਰੀ** : ਤੁਹਾਡੀ ਹਉਮੈਂ ਹੀ ਤੁਹਾਡਾ ਸੰਸਾਰ ਹੈ।

**ਪ੍ਰਸ਼ਨ-ਕਰਤਾ** : ਕੀ ਇਹ ਗੱਲ ਇਸ ਤਰ੍ਹਾਂ ਹੈ?

**ਦਾਦਾਸ਼੍ਰੀ** : ਇਹ ਜੋ ਕੁਝ ਤੁਸੀਂ ਵਾਪਰਦਾ ਵੇਖਦੇ ਹੋ ਇਹ ਸੰਸਾਰ ਨਹੀਂ ਹੈ। ਫਿਰ ਇਸ ਵਿਚ ਕੀ ਨੁਕਸਾਨ ਹੈ ਜੇਕਰ ਅਸੀਂ ਇਸ ਅਸਥਾਈ, ਛਿਨ-ਭੰਗੁਰ ਸੰਸਾਰ ਅੰਦਰ ਕਿਸੇ ਚੀਜ ਨੂੰ

ਆਪਣੇ ਪਾਸ ਨਹੀਂ ਰਖ ਸਕਦੇ। ਮੰਨ ਲਉ ਕਿ ਇਕ ਅਜਿਹਾ ਵਿਅਕਤੀ ਹੈ ਜਿਸ ਨੇ ਸਾਡੀ ਪੰਜ ਸੌ ਰੁਪਏ ਦੀ ਰਕਮ ਵਾਪਸ ਨਹੀਂ ਕੀਤੀ। ਜਿੰਨੀ ਦੇਰ ਉਹ ਇਹ ਰਕਮ ਵਾਪਸ ਨਹੀਂ ਕਰਦਾ ਸਾਡੀ ਹਉਮੈਂ ਦੀ ਉਨੀ ਦੇਰ ਸੰਤੁਸ਼ਟੀ ਨਹੀਂ ਹੁੰਦੀ। ਅਸੀਂ ਉਸ ਦੇ ਵਿਰੁੱਧ ਮੁਕੱਦਮਾ ਦਾਇਰ ਕਰ ਦਿੰਦੇ ਹਾਂ ਅਤੇ ਬਹੁਤ ਰੌਲਾ-ਰੱਪਾ ਪਾਉਂਦੇ ਹਾਂ। ਪਰੰਤੂ ਜੇ ਉਹੀ ਵਿਅਕਤੀ ਸਾਡੇ ਕੋਲ ਆਉਂਦਾ ਹੈ, ਸਾਡੇ ਪੈਰ ਪੈਂਦਾ ਹੈ ਅਤੇ ਗਿੜਗਿੜਾਉਂਦਾ ਹੈ ਤਾਂ ਸਾਡੀ ਹਉਮੈਂ ਦੀ ਸੰਤੁਸ਼ਟੀ ਹੋ ਜਾਂਦੀ ਹੈ ਅਤੇ ਅਸੀਂ ਉਸ ਨੂੰ ਬਿਨਾਂ ਕੋਈ ਸਜਾ ਦਿੱਤੇ ਜਾਣ ਦਿੰਦੇ ਹਾਂ।

ਇਹ ਹਉਮੈਂ ਇਕ ਅਜਿਹੀ ਚੀਜ ਹੈ ਕਿ ਇਹ ਕਿਸੇ ਵੀ ਵਿਅਕਤੀ ਨੂੰ ਆਪਣੀ ਪੋਜ਼ੀਸ਼ਨ ਅਤੇ ਆਪਣੀ ਸਥਿਤੀ ਪ੍ਰਤੀ ਭੋਰਾ ਜਿੰਨੀ ਵੀ ਨਾ-ਪਸੰਦਗੀ ਸੁਨਣ ਦਿੰਦੀ। ਇਕ ਮੰਗਤਾ ਵੀ ਆਪਣੀ ਹਉਮੈਂ ਕਾਰਨ ਆਪਣੀ ਝੌਂਪੜੀ ਨਾਲ ਜੁੜਿਆ ਹੋਇਆ ਹੈ ਅਤੇ ਇਸ ਵਿਚ ਖੁਸ਼ ਹੈ। ਉਸ ਨੂੰ ਆਪਣੇ ਆਪ ਉਪਰ ਮਾਣ ਹੈ ਅਤੇ ਉਹ ਖੁਸ਼ ਹੈ ਕਿ ਉਹ ਕੁੱਤਿਆਂ ਅਤੇ ਹੋਰ ਜਾਨਵਰਾਂ ਨਾਲੋਂ ਬੇਹਤਰ ਹੈ ਕਿਉਂਕਿ ਉਸ ਕੋਲ ਰਾਤ ਕੱਟਣ ਲਈ ਛੱਤ ਹੈ। ਹਉਮੈਂ ਦੇ ਕਾਰਨ ਹੀ ਇਸ ਸੰਸਾਰ ਅੰਦਰ ਕੋਈ ਵੀ ਵਿਅਕਤੀ ਜੋ ਵੀ ਉਸ ਨੇ ਪ੍ਰਾਪਤੀ ਕੀਤੀ ਹੈ ਉਸ ਉਪਰ ਸ਼ਰਮਿੰਦਾ ਮਹਿਸੂਸ ਨਹੀਂ ਕਰਦਾ।

**ਪ੍ਰਸ਼ਨ-ਕਰਤਾ** : ਸੰਸਾਰ ਵਿਚ ਹਰ ਥਾਂ, ਵਿਭਿੰਨ ਧਰਮਾਂ ਅੰਦਰ ਵੀ ਬਹੁਤ ਸਾਰੇ ਫਿਰਕੇ ਮੌਜੂਦ ਹਨ।

**ਦਾਦਾਸ਼੍ਰੀ** : ਇਹ ਹਉਮੈਂ ਹੀ ਹੈ ਜਿਹੜੀ ਮਾਨਵਤਾ ਨੂੰ ਫਿਰਕਿਆਂ ਵਿਚ ਵੰਡਦੀ ਹੈ। ਇਕ ਗਿਆਨੀ ਪੁਰਸ਼ ਹਉਮੈਂ ਤੋਂ ਮੁਕਤ ਹੁੰਦਾ ਹੈ। ਉਸ ਦੀ ਹਾਜ਼ਰੀ ਵਿਚ ਸਾਰੇ ਫਿਰਕੇ, ਸਾਰੇ ਵਖਰੇਵੇਂ ਖ਼ਤਮ ਹੋ ਜਾਂਦੇ ਹਨ। ਹਰ ਥਾਂ ਮਾਨਵਤਾ ਅੰਦਰ ਫਿਰਕੇ ਅਤੇ ਵਖਰੇਵੇਂ ਪੈਦਾ ਕਰਕੇ, ਖ਼ੁਦਗਰਜ ਬਣ ਕੇ ਅਨੰਦ ਮਹਿਸੂਸ ਕਰਨਾ ਇਨ੍ਹਾਂ ਹੰਕਾਰੀ ਵਿਅਕਤੀਆਂ ਦਾ ਹੀ ਕੰਮ ਹੈ।

**ਪ੍ਰਸ਼ਨ-ਕਰਤਾ** : ਕਈ ਵਿਅਕਤੀ ਬਹੁਤ ਹੀ ਸੰਵੇਦਨਸ਼ੀਲ ਹੁੰਦੇ ਹਨ।

**ਦਾਦਾਸ਼੍ਰੀ** : ਸੰਵੇਦਨਸ਼ੀਲਤਾ ਹਉਮੈਂ ਦਾ ਹੀ ਇਕ ਪ੍ਰਤੱਖ ਗੁਣ ਹੈ। ਕਲਪਨਾ ਕਰੋ ਕਿ ਜ਼ਿੰਦਗੀ ਦੀ ਰੋਜ਼ਾਨਾ ਆਮ ਗੱਲ-ਬਾਤ ਦੇ ਦੌਰਾਨ ਮੈਂ ਕਹਿ ਦਿੰਦਾ ਹਾਂ ਕਿ 'ਬੜੋਦਾ ਤੋਂ ਆਉਂਦੇ ਹੋਏ ਕੀ ਵਾਪਰਿਆ?' ਉਸ ਸਮੇਂ ਜੇ ਕੋਈ ਹੋਰ ਦਖ਼ਲ ਦਿੰਦਾ ਹੈ ਅਤੇ ਵਿਚੇ ਹੀ ਆਪਣੀ ਗੱਲ ਕਹਿਣ ਲਗਦਾ ਹੈ ਤਾਂ ਉਹ ਸੰਵੇਦਨਸ਼ੀਲ ਵਿਅਕਤੀ ਹੈ। ਇਹ ਇਕ ਅੰਦਰੂਨੀ ਰੁਕਾਵਟ ਹੈ। ਬਹੁਤ ਵਾਰ ਇਹ ਹਉਮੈਂ ਦੇ ਕਾਰਨ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਅੰਦਰੂਨੀ ਅਟਕਣਾਂ ਬਾਰੇ ਜਰਾ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਇਕ ਤਕੜਾ ਵਿਚਾਰ ਜਿਹੜਾ ਸਿਰਫ਼ ਇਕ ਵਿਸ਼ੇ ਉਪਰ ਹੀ ਕੇਂਦ੍ਰਿਤ ਹੈ ਇਕ

ਵੱਡੀ ਅਟਕਣ ਦੇ ਰੂਪ ਵਿਚ ਸਾਹਮਣੇ ਆਵੇਗਾ। ਇਸ ਦੇ ਮੁਕਾਬਲੇ ਖਿੰਡੇ-ਪੁੰਡੇ ਵਿਚਾਰ ਵੱਡੀ ਅਟਕਣ ਨਹੀਂ ਬਣਦੇ। ਵੱਡੀ ਅਟਕਣ ਦੀ ਹੋਂਦ ਦਾ ਅਸਰ ਅਤਿ ਮਹੱਤਵਪੂਰਨ ਅਤੇ ਭਿਆਨਕ ਹੋਵੇਗਾ। ਤੁਸੀਂ ਵੇਖਿਆ ਹੋਵੇਗਾ ਕਿ ਕਈ ਵਾਰ ਇਕ ਘੋੜਾ ਕਿਸੇ ਮਸਜਿਦ, ਕਬਰਸਤਾਨ ਜਾਂ ਹੋਰ ਕੋਈ ਅਜੀਬ ਜਾਪਦੀ ਜਗ੍ਹਾ ਦੇ ਲਾਗੇ ਜਾ ਕੇ ਡਰ ਕੇ ਅਚਾਨਕ ਰੁਕ ਜਾਂਦਾ ਹੈ ਅਤੇ ਅੱਗੇ ਨਾ ਜਾਣ ਦੀ ਅੜੀ ਕਰਦਾ ਹੈ। ਇਹ ਉਸ ਦੇ ਅੰਦਰ ਦੀ ਅਟਕਣ ਹੈ, ਉਸ ਦੇ ਅੰਦਰ ਦਾ ਭੈ।

ਇਸ ਤਰ੍ਹਾਂ ਹਰ ਵਿਅਕਤੀ ਇਨ੍ਹਾਂ ਅੰਦਰੂਨੀ ਅਟਕਣਾਂ, ਰੁਕਾਵਟਾਂ ਕਾਰਨ ਦੁਖੀ ਹੁੰਦੀ ਹੈ ਅਤੇ ਇਹੋ ਅਟਕਣਾਂ ਉਸ ਦੇ ਆਵਾਗਵਣ ਦਾ ਕਾਰਨ ਬਣਦੀਆਂ ਹਨ। ਇਹ ਭਟਕਣਾ, ਇਹ ਆਵਾਗਵਣ ਅਟਕਣ ਦੇ ਕਾਰਨ ਹੀ ਹੈ ਕਿ ਜੀਵ ਸਦਾ ਹੀ ਸਹਿਮ ਵਿਚ ਰਹਿੰਦਾ ਹੈ। ਮੈਂ ਤੁਹਾਨੂੰ ਇਸ ਭੈੜੇ ਚੱਕਰ ਵਿਚੋਂ ਬਾਹਰ ਨਿਕਲਣ ਦਾ ਰਾਹ ਦਿਖਾਉਂਦਾ ਹਾਂ।

ਸੰਵੇਦਨਸ਼ੀਲ ਕਿਸਮ ਦੀ ਹਉਮੈਂ ਅੰਦਰੂਨੀ ਅਟਕਣ ਵਾਲੀ ਹਉਮੈਂ ਨਾਲੋਂ ਬਹੁਤ ਵਧੇਰੇ ਨੁਕਸਾਨਦੇਹ ਹੁੰਦੀ ਹੈ। ਜਿੰਨੀ ਦੇਰ ਇਹ ਹਉਮੈਂ ਬਣੀ ਰਹਿੰਦੀ ਹੈ ਉਨੀ ਦੇਰ ਕੋਈ ਆਤਮਕ ਪ੍ਰਗਤੀ ਨਹੀਂ ਹੋ ਸਕਦੀ।

**ਪ੍ਰਸ਼ਨ-ਕਰਤਾ** : ਜੀਵ ਇਨ੍ਹਾਂ ਅੰਦਰੂਨੀ ਅਟਕਣਾਂ ਅਤੇ ਸੰਵੇਦਨਸ਼ੀਲਤਾ ਤੋਂ ਕਿਸ ਤਰ੍ਹਾਂ ਖਹਿੜਾ ਛੁਡਾ ਸਕਦਾ ਹੈ?

**ਦਾਦਾਸ਼੍ਰੀ** : ਜੀਵ ਇਨ੍ਹਾਂ ਅੰਦਰੂਨੀ ਅਟਕਣਾਂ ਤੋਂ ਸਿਰਫ਼ ਇਨ੍ਹਾਂ ਨੂੰ ਵੇਖ ਹੀ ਬਚ ਸਕਦਾ ਹੈ ਪਰੰਤੂ ਜਦੋਂ ਤਕ ਤੁਸੀਂ ਆਪਣੀ ਸਮੁੱਚੀ ਤਾਕਤ ਅਤੇ ਚੇਤਨਤਾ ਨੂੰ ਨਹੀਂ ਵਰਤਦੇ ਉਦੋਂ ਤੱਕ ਸੰਵੇਦਨਸ਼ੀਲਤਾ ਨੂੰ ਨਹੀਂ ਤੋੜਿਆ ਜਾ ਸਕਦਾ।

ਇਹ ਗੱਲ ਯਕੀਨੀ ਹੈ ਕਿ ਜੋ ਵੀ ਅੰਦਰ ਹੈ ਉਹ ਅੰਤ ਨੂੰ ਬਾਹਰ ਆਏਗਾ। ਪਰੰਤੂ ਇਸ ਪ੍ਰਕ੍ਰਿਆ ਨੂੰ ਧਿਆਨ ਨਾਲ ਵੇਖੋ। ਗਿਆਨੀ ਪੁਰਸ਼ ਨੇ ਤੁਹਾਨੂੰ ਪੂਰੇ ਅਤੇ ਸੱਚੇ ਗਿਆਨ ਨਾਲ ਵਰੋਸਾਇਆ ਹੈ। ਫਿਰ ਵੀ ਤੁਸੀਂ ਉਦਾਸ ਕਿਉਂ ਹੋ? ਇਹ ਸਭ ਤੁਹਾਡੀ ਅੰਦਰਲੀ ਅਟਕਣ ਅਤੇ ਸੰਵੇਦਨਸ਼ੀਲਤਾ ਕਾਰਨ ਹੈ।

ਇਕ ਸੰਵੇਦਨਸ਼ੀਲ ਵਿਅਕਤੀ ਦੀ ਆਤਮਾ ਆਪਣੇ ਆਪ ਨੂੰ ਉਸ ਵਿਅਕਤੀ ਦੀ ਸੰਵੇਦਨਸ਼ੀਲਤਾ ਨਾਲ ਇਕਮਿਕ ਕਰ ਲੈਂਦੀ ਹੈ। ਜਦੋਂ ਇਕ ਸ਼ੁੱਧ ਆਤਮਾ ਇਸ ਤਰ੍ਹਾਂ ਇਕਮਿਕ ਹੋ ਜਾਂਦੀ ਹੈ ਤਾਂ ਇਸ ਦਾ ਨਤੀਜਾ ਖੁਸ਼ੀ ਦੀ ਅਣਹੋਂਦ ਹੁੰਦਾ ਹੈ। ਧਿਆਨ ਨਾਲ ਜਾਨਣ ਦਾ ਯਤਨ ਕਰੋ ਕਿ ਤੁਸੀਂ ਕਿਥੇ ਗੁਮਰਾਹ ਹੋਏ ਅਤੇ ਕਿਥੇ ਤਿਲਕ ਗਏ।

ਜਦੋਂ ਤੁਸੀਂ ਗਿਆਨ ਨਾਲ ਰੁਸ਼ਨਾਏ ਰਸਤੇ ਉਪਰ ਚਲਦੇ ਹੋ, ਜਦੋਂ ਤੁਸੀਂ ਗਿਆਨ

ਦੇ ਰਾਹ ਉਪਰ ਚਲਦੇ ਹੋ ਤਾਂ ਫਿਰ ਤੁਸੀਂ ਹਨੇਰਾ ਆਉਣ ਤੋਂ ਕਿਉਂ ਡਰਦੇ ਹੋ? ਇਹ ਤੁਹਾਡੀ ਸੰਵੇਦਨਸ਼ੀਲਤਾ ਅਤੇ ਅੰਦਰੂਨੀ ਅਟਕਣਾਂ ਅਤੇ ਉਲਝਣਾ ਦੇ ਕਾਰਨ ਹੈ।

ਜਾਨਣ ਅਤੇ ਵੇਖਣ ਦੁਆਰਾ ਇਹ ਸੰਵੇਦਨਸ਼ੀਲਤਾ ਅਲੋਪ ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਅੰਦਰੂਨੀ ਵਿਰਾਸਤ ਜਿਹੜੀ ਤੁਸੀਂ ਪਿਛਲੇ ਜਨਮਾਂ ਦੇ ਸੰਸਕਾਰਾਂ ਵਜੋਂ ਨਾਲ ਲੈ ਕੇ ਆਏ ਹੋ ਜ਼ਰੂਰ ਹੀ ਪ੍ਰਤੱਖ ਗਿਆਨ ਅਤੇ ਬੋਧ ਸਦਕਾ ਆਪਣੇ ਆਪ ਖ਼ਤਮ ਹੋ ਜਾਵੇਗੀ।

ਇਸ ਲਈ ਸੁਚੇਤ ਰਹੋ ਅਤੇ ਗਿਆਨ ਹਾਸਲ ਕਰੋ। ਇਸ ਢੰਗ ਨਾਲ ਅੰਦਰੂਨੀ ਅਟਕਣਾਂ ਅਤੇ ਉਲਝਣਾਂ ਸਭ ਖ਼ਤਮ ਹੋ ਜਾਣਗੀਆਂ। ਪਰੰਤੂ ਸੰਵੇਦਨਸ਼ੀਲਤਾ ਤੁਹਾਨੂੰ ਇੰਨੇ ਸੌਖਿਆ ਨਹੀਂ ਛੱਡੇਗੀ। ਜਦੋਂ ਇਕ ਵਿਅਕਤੀ ਸੰਵੇਦਨਸ਼ੀਲ ਹੋ ਜਾਂਦਾ ਹੈ ਤਾਂ ਉਸ ਦੇ ਅੰਦਰ ਇਕ ਵਿਸ਼ੇਸ਼ ਕਿਸਮ ਦੀ ਬਿਜਲੀ, ਇਕ ਕਰੰਟ ਪੈਦਾ ਹੋ ਜਾਂਦਾ ਹੈ। ਉਸ ਦੇ ਅੰਦਰ ਚੰਗਿਆੜੇ ਨਿਕਲਦੇ ਹਨ ਅਤੇ ਤੁਹਾਡੇ ਅੰਦਰਲੇ ਅਨੇਕਾਂ ਹੀ ਤੰਤੂ ਮਾਰੇ ਜਾਂਦੇ ਹਨ।

ਇਹ ਗੱਲ ਇੰਨੀ ਸਿੱਧੀ ਅਤੇ ਸਾਧਾਰਨ ਹੈ ਪਰੰਤੂ ਇਹ ਸੰਵੇਦਨਸ਼ੀਲਤਾ ਅਤੇ ਅੰਦਰੂਨੀ ਅਟਕਣਾਂ ਇਕ ਲੰਮੇ ਸਮੇਂ ਤੋਂ ਤੁਹਾਨੂੰ ਚਿੰਮੜੀਆਂ ਹੋਈਆਂ ਹਨ।

ਤੁਹਾਡੇ ਰਸਤੇ ਵਿਚ ਕੋਈ ਵੀ ਰੁਕਾਵਟ ਜਾਂ ਅਟਕਣ ਨਹੀਂ ਆਵੇਗੀ ਬਸ਼ਰਤੇ ਕਿ ਤੁਸੀਂ ਆਪ ਸੁਚੇਤ ਰਹੋ। ਤੁਹਾਡੇ ਅੰਦਰਲੀਆਂ ਅਟਕਣਾਂ ਹੌਲੀ-ਹੌਲੀ ਬਾਹਰ ਨਿਕਲਣਗੀਆਂ ਅਤੇ ਖ਼ਤਮ ਹੋ ਜਾਣਗੀਆਂ।

## 89

## ਅੰਤਹਕਰਣ ਦੀ ਕਾਰਜ-ਪ੍ਰਕ੍ਰਿਆ

**ਦਾਦਾਸ਼੍ਰੀ** : ਸ਼੍ਰੀਮਾਨ ਜੀ, ਅੰਤਹਕਰਣ ਕਿਸ ਪ੍ਰਕਾਰ ਕੰਮ ਕਰਦਾ ਹੈ?

**ਪ੍ਰਸ਼ਨ-ਕਰਤਾ** : ਅਸਲ ਵਿਚ, ਅੰਤਹਕਰਣ ਦੀ ਪਾਰਲੀਮੈਂਟ ਸਵੈ-ਚਾਲਿਤ (ਭਾਵ ਆਪਣੇ ਆਪ ਕੰਮ ਕਰਨ ਵਾਲੀ) ਹੈ ਅਤੇ ਮਨ, ਬੁੱਧੀ, ਚਿੱਤ ਅਤੇ ਹਉਮੈਂ ਤੋਂ ਆਪੋ-ਆਪਣੇ ਸੁਭਾਅ ਅਨੁਸਾਰ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

**ਦਾਦਾਸ਼੍ਰੀ** : ਪਰੰਤੂ ਇਸ ਤਰ੍ਹਾਂ ਹੁੰਦਾ ਹੋਵੇ ਜਾਪਦਾ ਨਹੀਂ।

**ਪ੍ਰਸ਼ਨ-ਕਰਤਾ** : ਬਿਲਕੁਲ ਠੀਕ। ਜਦੋਂ ਅੰਤਹਕਰਣ ਦੇ ਅੰਦਰ ਮਨ ਚੀਕਾਂ ਮਾਰਨ ਲੱਗ ਪੈਂਦਾ ਹੈ ਤਾਂ ਚਿੱਤ ਜਾਂ ਬੁੱਧੀ ਦੇ ਲਈ ਆਈ ਫੋਨ-ਕਾਲ ਨੂੰ ਹਉਮੈਂ ਸੁਨਣ ਲਗ ਪੈਂਦੀ ਹੈ। ਇਹ ਫ਼ੋਨ ਦਾ ਰਿਸੀਵਰ ਉਠਾਉਂਦੀ ਹੈ ਅਤੇ "ਹੈਲੋ! ਹੈਲੋ! ਕਹਿੰਦੀ ਹੈ। ਅਸਲ ਵਿਚ ਜੀਵ ਨੇ ਮਨ, ਬੁੱਧੀ, ਚਿਤ ਅਤੇ ਹਉਮੈਂ ਦੀ ਕਾਰਜ-ਪ੍ਰਕ੍ਰਿਆ ਨੂੰ ਜਾਨਣਾ ਅਤੇ ਸਮਝਣਾ ਸੀ।

ਅਸੀਂ ਸਿਰਫ਼ ਇੰਦਰੀਆਂ, ਭਾਵ ਅੱਖਾਂ, ਨੱਕ, ਕੰਨ, ਆਦਿ ਦੀਆਂ ਕ੍ਰਿਆਵਾਂ ਨੂੰ ਜਾਣਦੇ ਅਤੇ ਸਮਝਦੇ ਹਾਂ। ਜੇ ਮਨ ਜਾਂ ਚਿੱਤ ਦੇ ਲਈ ਆਈ ਫੋਨ-ਕਾਲ ਨੂੰ ਲੈ ਲੈਂਦੇ ਹੋ ਤਾਂ ਬਹੁਤ ਜ਼ਿਆਦਾ ਗੜਬੜ ਵਾਲੀ ਹਾਲਤ ਪੈਦਾ ਹੋ ਜਾਵੇਗੀ।

ਇਸ ਸੰਸਾਰ ਅੰਦਰ ਆਵਾਗਵਣ ਦਾ ਚੱਕਰ ਇਸ ਅੰਤਹਕਰਣ ਉਪਰ ਨਿਰਭਰ ਹੈ: ਇਸ ਲਈ ਅੰਤਹਕਰਣ ਨੂੰ ਹਮੇਸ਼ਾ ਯੋਗ ਢੰਗ ਨਾਲ ਕਾਰਜ ਕਰਨੇ ਚਾਹੀਦੇ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਵਾਜਬ ਅੰਤਹਕਰਣ ਨੂੰ ਇਹ ਫੋਨ-ਕਾਲ ਲੈਣ ਦੇਈਏ। ਸਾਡੀ ਆਤਮਾ ਨੂੰ ਇਸ ਵਿਚ ਟੰਗ ਨਹੀ ਅੜਾਉਣੀ ਚਾਹੀਦੀ ਅਤੇ ਇਸ ਵਿਚ ਗਲਤਾਨ ਨਹੀਂ ਹੋਣਾ ਚਾਹੀਦਾ।

**ਪ੍ਰਸ਼ਨ-ਕਰਤਾ** : ਫਿਰ ਆਤਮਾ ਲਈ ਵਾਜਬ ਕਾਰਜ ਕੀ ਹੈ?

**ਦਾਦਾਸ਼੍ਰੀ** : ਕੀ ਤੁਸੀਂ ਕਦੇ ਇਹ ਜਾਣਿਆ ਹੈ ਕਿ ਖਾਣਾ ਖਾਣ ਤੋਂ ਬਾਦ ਆਂਤੜੀਆਂ ਜਾਂ ਮਿਹਦੇ ਵਿਚ ਕੀ ਵਾਪਰਦਾ ਹੈ? ਸਰੀਰ ਦੇ ਸਾਰੇ ਹੀ ਅੰਗ ਆਪਣੇ-ਆਪਣੇ ਸੁਭਾਅ ਅਨੁਸਾਰ ਚਲਦੇ ਹਨ ਅਤੇ ਉਸੇ ਤਰ੍ਹਾਂ ਕੰਮ ਕਰਦੇ ਹਨ। ਜੇ ਕੰਨ ਆਪਣੇ ਸੁਭਾਅ ਅਨੁਸਾਰ ਨਾ ਚੱਲਣ ਤਾਂ ਕੁਝ ਵੀ ਸੁਣਾਈ ਨਹੀਂ ਦੇਵੇਗਾ ਅਤੇ, ਜੇ ਨੱਕ ਆਪਣੇ ਸੁਭਾਅ ਤੋਂ ਥਿੜਕ ਜਾਵੇ ਤਾਂ ਅਸੀਂ ਨਾ ਸੁਗੰਧ ਅਤੇ ਨਾ ਹੀ ਦੁਰਗੰਧ ਲੈ ਸਕਾਂਗੇ।

ਇਸੇ ਤਰ੍ਹਾਂ ਮਨ, ਬੁੱਧੀ, ਚਿੱਤ ਅਤੇ ਹਉਮੈ ਵੀ ਆਪਣੇ-ਆਪਣੇ ਸੁਭਾਅ ਦੇ ਅਨੁਰੂਪ ਕੰਮ ਕਰਦੇ ਹਨ। ਇਥੇ ਜੇ ਤੁਸੀਂ ਇਹ ਕਹਿੰਦੇ ਹੋ ਕਿ 'ਮੈਂ ਕੀਤਾ' ਤਾਂ ਇਹ ਕਰਮ ਤੁਹਾਡੇ ਨਾਲ ਬੱਝ ਜਾਂਦਾ ਹੈ। ਅਸੀਂ ਸਿਰਫ਼ ਇਹੋ ਜਾਨਣਾ ਹੈ ਕਿ ਇਹ ਆਪਣੇ ਅੰਦਰੂਨੀ ਸੁਭਾਅ (ਧਰਮ) ਦੇ ਅਨੁਰੂਪ ਕਿਵੇਂ ਕਾਰਜ ਕਰਦੇ ਹਨ। ਜੇਕਰ ਜੀਵ ਸ਼ੁੱਧ ਆਤਮਾ ਵਿਚ ਸਥਿਰ ਰਹਿੰਦਾ ਹੈ ਤਾਂ ਉਸ ਨੂੰ ਕੋਈ ਵਿਆਕੁਲਤਾ ਜਾਂ ਉਤੇਜਨਾ ਨਹੀਂ ਹੁੰਦੀ।

ਜੇ ਅੰਤਹਕਰਣ ਆਪਣਾ ਸੁਭਾਅ (ਧਰਮ) ਅਤੇ ਆਦਰਸ਼, ਜਿਥੇ ਮਨ ਪੈਂਫਲੈਟ ਚਿਤ੍ਰਤ ਕਰਦਾ ਹੈ, ਚਿੱਤ ਤਸਵੀਰਾਂ ਵਿਖਾਉਂਦਾ ਹੈ, ਬੁੱਧੀ ਆਪਣਾ ਫੈਸਲਾ ਦਿੰਦੀ ਹੈ, ਹਉਮੈਂ ਉਸ ਫ਼ੈਸਲੇ ਦੀ ਪ੍ਰੋੜਤਾ ਕਰਦੀ ਹੈ ਅਤੇ ਸ਼ੁੱਧ ਆਤਮਾ ਇਕ ਦ੍ਰਸ਼ਟਾ ਅਤੇ ਜਾਨਣਹਾਰ ਬਣੀ ਰਹਿੰਦੀ ਹੈ, ਨੂੰ ਬਣਾਈ ਰਖਦਾ ਹੈ ਤਾਂ ਫਿਰ ਕਿਸੇ ਕਿਸਮ ਦੀ ਅਵਿਵਸਥਾ ਜਾਂ ਅਫਰਾ-ਤਫਰੀ ਨਹੀਂ ਹੋਵੇਗੀ। ਹਰ ਭਾਗ ਆਪਣੀ ਮੂਲ ਪ੍ਰਵਿਰਤੀ ਦੇ ਅਨੁਸਾਰ ਕਾਰਜ ਕਰਦਾ ਹੈ।

ਜੀਵ ਨੇ ਘੋਖਣਾ ਅਤੇ ਜਾਨਣਾ ਹੈ ਕਿ ਅੰਤਹਕਰਣ ਦੇ ਕਿਹੜੇ-ਕਿਹੜੇ ਪੱਖ ਠੀਕ ਕੰਮ ਨਹੀਂ ਕਰ ਰਹੇ ਅਤੇ ਇਨ੍ਹਾਂ ਨੂੰ ਕਿਵੇਂ ਠੀਕ ਕਰਨਾ ਹੈ ਤਾਂ ਜੋ ਇਹ ਸਮਾਨ ਸਥਿਤੀ ਵਿਚ ਆ ਜਾਵੇ। ਪਰੰਤੂ ਇਕ ਬਦਕਿਸਮਤ ਜੀਵ ਸੋਚਦਾ ਹੈ ਅਤੇ ਕਹਿੰਦਾ ਹੈ ਕਿ "ਮੈਂ ਸੋਚਦਾ ਹਾਂ; ਮੈਂ ਬੋਲਦਾ ਹਾਂ, ਮੈਂ ਕਰਦਾ ਹਾਂ", ਆਦਿ। ਜੀਵ ਦੇ ਇਹ ਹੱਥ ਅਤੇ ਪੈਰ ਆਪਣੀ ਮੂਲ

ਪ੍ਰਵਿਰਤੀ ਦਾ ਹੀ ਅਨੁਸਰਣ ਕਰਦੇ ਹਨ ਪਰ ਫਿਰ ਵੀ ਇਹ ਜੀਵ ਕਹਿੰਦਾ ਹੈ ਕਿ "ਮੈਂ ਤੁਰਦਾ ਹਾਂ...."। ਇੰਝ ਉਹ ਆਪਣੀ ਹਉਮੈਂ ਦਾ ਪ੍ਰਗਟਾਵਾ ਕਰਦਾ ਹੈ ਅਤੇ ਅਗਿਆਨਤਾ ਅਤੇ ਮੂਰਖਤਾ-ਵਸ ਆਪਣੀ ਹਉਮੈਂ ਨੂੰ ਹੀ ਆਪਣੀ ਆਤਮਾ ਸਮਝ ਬੈਠਦਾ ਹੈ ਅਤੇ ਇੰਝ ਬਹੁਤ ਅਵਿਵਸਥਾ ਪੈਦਾ ਕਰਦਾ ਹੈ।

ਕੀ ਤੁਸੀਂ ਜਾਣ ਸਕੋਗੇ ਕਿ ਕੀ ਮਨ ਦੇ ਗੁਣਾਂ ਦਾ ਵੀ ਨੁਕਸਾਨ ਹੋਇਆ ਹੈ? ਮੈਨੂੰ ਪੂਰਾ ਯਕੀਨ ਹੈ ਕਿ ਤੁਸੀਂ ਜਾਣ ਜਾਉਗੇ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਕ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਕਲਪਨਾ ਕਰੋ ਕਿ ਇਕ ਬਜ਼ੁਰਗ ਦਾਦੀ ਤੁਹਾਡੇ ਘਰ ਮਹਿਮਾਨ ਬਣ ਕੇ ਆ ਜਾਂਦੀ ਹੈ ਅਤੇ ਉਹ ਸਾਰਾ ਦਿਨ ਬੁੜਬੁੜ ਕਰਦੀ ਰਹਿੰਦੀ ਹੈ ਅਤੇ ਤੁਹਾਡੇ ਨੁਕਸ ਕੱਢਦੀ ਹੋਈ ਤੁਹਾਨੂੰ ਤੰਗ ਕਰਦੀ ਰਹਿੰਦੀ ਹੈ। ਪਰੰਤੂ ਜੇ ਕੁਝ ਦਿਨ ਤੁਸੀਂ ਉਸ ਨਾਲ ਕੋਈ ਵੀ ਝਗੜਾ ਕਰਨ ਤੋਂ ਬਚੇ ਰਹਿੰਦੇ ਹੋ ਜਾਂ ਤੁਸੀਂ ਇਸ ਸਭ ਦੇ ਆਦੀ ਹੋ ਜਾਂਦੇ ਹੋ। ਇਸੇ ਤਰ੍ਹਾਂ ਮਨ ਦੇ ਅੰਦਰ ਵੀ ਲਗਾਤਾਰ ਪਟਾਖੇ ਪੈਂਦੇ ਰਹਿੰਦੇ ਹਨ ਪਰੰਤੂ ਤੁਸੀਂ ਇਸ ਅਵਸਥਾ ਵਿਚ ਵਿਚਰਨ ਦੇ ਇਸ ਹੱਦ ਤੱਕ ਆਦੀ ਹੋ ਗਏ ਹੋ ਕਿ ਤੁਸੀਂ ਆਪਣੇ ਅੰਦਰ ਫੁੱਟ ਰਹੇ ਪਟਾਖਿਆਂ ਦੀ ਕਿਸਮ ਨੂੰ ਸਮਝ ਸਕਣ ਵਾਸਤੇ ਬਿਬੇਕ ਦੀ ਸ਼ਕਤੀ ਖੋ ਚੁੱਕੇ ਹੋ। ਵਿਭਿੰਨ ਪ੍ਰਕਾਰ ਦਾ ਗੋਲਾ-ਬਾਰੂਦ ਘੁਲ-ਮਿਲ ਗਿਆ ਜਾਪਦਾ ਹੈ। ਸਾਡਾ ਵਿਸ਼ਵਾਸ ਹੈ ਕਿ ਇਹ ਚੰਗਿਆੜੇ ਹਾਨੀ-ਰਹਿਤ ਹਨ ਪਰੰਤੂ ਇਹ ਇਕ ਪਟਾਖੇ ਦੀ ਤਰ੍ਹਾਂ ਫਟਦੇ ਹਨ।

ਇਸੇ ਤਰ੍ਹਾਂ ਹੀ ਮਨ ਵੀ ਫਟਣ ਵਾਲੇ ਅਵਿਵਸਥਤ ਢੰਗ ਨਾਲ ਮਿਲੇ ਹੋਏ ਗੋਲਾ-ਬਾਰੂਦ ਨਾਲ ਭਰਿਆ ਰਹਿੰਦਾ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਉਸ ਬਜ਼ੁਰਗ ਦਾਦੀ ਨਾਲ ਤੁਹਾਡਾ ਕੋਈ ਝਗੜਾ ਨਹੀਂ ਸੀ ਅਤੇ ਤੁਸੀਂ ਉਸ ਦੀ ਬੁੜਬੁੜਾਹਟ ਦੇ ਆਦੀ ਹੋ ਗਏ ਸੀ, ਉਸੇ ਤਰ੍ਹਾਂ ਤੁਸੀਂ ਮਨ ਦੀ ਵਿਆਕੁਲਤਾ ਅਤੇ ਬੇਚੈਨੀ ਦੇ ਵੀ ਆਦੀ ਹੋ ਜਾਂਦੇ ਹੋ।

ਸਾਡਾ ਮਨ, ਬੁੱਧੀ, ਚਿੱਤ ਅਤੇ ਹਉਮੈਂ ਨਾਲ ਸੰਬੰਧ ਸਿਰਫ਼ ਦ੍ਰਸ਼ਟਾ ਅਤੇ ਜਾਨਣਹਾਰ ਦਾ ਹੈ। ਅਸੀਂ ਜਾਨਣ ਵਾਲੇ ਹਾਂ ਅਤੇ ਅੰਤਹਕਰਣ ਜਾਣਿਆ ਜਾਣ ਵਾਲਾ ਅੰਗ ਹੈ। ਸੰਖੇਪ ਵਿਚ, ਇਹ ਰਿਸ਼ਤਾ ਜਾਨਣ ਵਾਲੇ ਅਤੇ ਜਾਣੇ ਜਾਣ ਵਾਲੇ ਵਿਚਕਾਰ ਹੈ; ਇਹ ਰਿਸ਼ਤਾ ਸ਼ਾਦੀ ਦੇ ਬੰਧਨ ਵਰਗਾ ਨਹੀਂ। ਇਸ ਲਈ ਜੋ ਅੰਗ, ਜੋ ਹਿੰਸਾ ਸ਼ੁੱਧ ਆਤਮਾ ਤੋਂ ਬਿਲਕੁਲ ਵੱਖਰਾ ਹੈ ਉਸ ਨੂੰ ਵੱਖਰਾ ਹੀ ਰਹਿਣ ਦੇਣਾ ਚਾਹੀਦਾ ਹੈ।

**ਪ੍ਰਸ਼ਨ-ਕਰਤਾ** : ਕੁਝ ਵਿਅਕਤੀ ਦੂਸਰਿਆਂ ਨੂੰ ਸੰਮੋਹਤ ਕਿਵੇਂ ਕਰ ਲੈਂਦੇ ਹਨ?

**ਦਾਦਾਸ਼੍ਰੀ** : ਇਹ ਲੋਕ ਜੋ ਕਰਦੇ ਹਨ ਉਸ ਨੂੰ ਦੂਸਰਿਆਂ ਦੇ ਅੰਤਹਕਰਣ ਦਾ ਮੋਹ ਜਾਂ

ਵਸੀਕਰਣ ਕਿਹਾ ਜਾ ਸਕਦਾ ਹੈ: ਉਹ ਅੰਤਹਕਰਣ ਦੇ ਸਾਰੇ ਅੰਗਾਂ ਦਾ ਵਸੀਕਰਣ/ਸੰਮੋਹਨ ਕਰਦੇ ਹਨ। ਸਭ ਤੋਂ ਪਹਿਲਾਂ ਉਹ ਚਿੱਤ ਨੂੰ ਵਸ ਵਿਚ ਕਰਦੇ ਹਨ ਅਤੇ ਫਿਰ ਅੰਤਹਕਰਣ ਦੇ ਬਾਕੀ ਸਾਰੇ ਭਾਗ ਜਾਲ ਵਿਚ ਫਾਹੇ ਜਾਂਦੇ ਹਨ। ਜਦੋਂ ਇਹ ਅੰਤਹਕਰਣ ਪ੍ਰਭਾਵਿਤ ਹੋ ਜਾਂਦਾ ਹੈ ਤਾਂ ਬਾਹਰੀ ਅੰਗ ਵੀ ਪ੍ਰਭਾਵਿਤ ਹੋ ਜਾਂਦੇ ਹਨ। ਇਹ ਬਾਹਰੀ ਅੰਗ ਤਾਂ ਮਨ ਦੇ ਆਦੇਸ਼ ਅਨੁਸਾਰ ਹੀ ਕੰਮ ਕਰਦੇ ਹਨ।

ਜਦੋਂ ਕੋਈ ਵਿਅਕਤੀ ਸੰਮੋਹਿਤ ਹੋ ਜਾਂਦਾ ਹੈ ਤਾਂ ਉਹ ਵਿਅਕਤੀ ਆਪਣੀ ਬਿਬੇਕ ਦੀ ਸ਼ਕਤੀ ਗੁਆ ਲੈਂਦਾ ਹੈ। ਅਜਿਹੇ ਵਿਅਕਤੀ ਦਾ ਦਿਮਾਗ਼ ਕੋਰਾ ਹੋ ਜਾਂਦਾ ਹੈ। ਜਦੋਂ ਉਸ ਦੀ ਹੋਸ਼ ਪਰਤਦੀ ਹੈ ਤਾਂ ਉਸ ਨੂੰ ਇਸ ਗੱਲ ਦੀ ਉੱਕਾ ਹੀ ਕੋਈ ਯਾਦ ਨਹੀਂ ਰਹਿੰਦੀ ਕਿ ਸੰਮੋਹਨ ਦੌਰਾਨ ਉਸ ਨਾਲ ਕੀ ਵਾਪਰਿਆ। ਉਸ ਦੀ ਕਾਰਜ-ਪ੍ਰਣਾਲੀ ਇਕ ਤਰ੍ਹਾਂ ਸੁੰਨ ਹੋ ਜਾਂਦੀ ਹੈ ਅਤੇ ਇਉਂ ਜਾਪਣ ਲਗਦਾ ਹੈ ਜਿਵੇਂ ਉਸ ਨੂੰ ਕੋਈ ਹੋਸ਼ ਨਾ ਹੋਵੇ। ਸੰਮੋਹਨ ਤਾਂ ਹੀ ਸੰਭਵ ਹੈ ਜੇ ਕੋਈ ਪੁਰਾਣੇ ਕਰਮਾਂ ਦਾ ਹਿਸਾਬ ਹਾਲੀਂ ਬਾਕੀ ਹੈ ਅਤੇ ਇਨ੍ਹਾਂ ਕਰਮਾਂ ਦਾ ਹੁਣ ਫਲ ਮਿਲਣਾ ਹੀ ਹੈ। ਇਹ ਸੰਮੋਹਨ ਬਹੁਤਾ ਲੰਮਾ ਸਮਾਂ ਨਹੀਂ ਚਲਦਾ: ਇਸ ਦਾ ਪ੍ਰਭਾਵ ਥੋੜੇ ਜਿਹੇ ਸਮੇਂ ਤਕ ਹੀ ਰਹਿੰਦਾ ਹੈ।

**ਪ੍ਰਸ਼ਨ-ਕਰਤਾ** : ਜੀਵ ਸੁਖ ਅਤੇ ਸ਼ਾਂਤੀ ਕਿਸ ਤਰ੍ਹਾਂ ਮਾਣ ਸਕਦਾ ਹੈ?

**ਦਾਦਾਸ਼੍ਰੀ** : ਜੇਕਰ ਤੁਸੀਂ ਇਕ ਘੰਟੇ ਲਈ ਬੈਠ ਜਾਉ ਅਤੇ ਆਪਣਾ ਸਰੀਰ ਅਤੇ ਆਪਣਾ ਅੰਤਹਕਰਣ ਗਿਆਨੀ ਪੁਰਸ਼ ਨੂੰ ਭੇਟ ਕਰ ਦਿਉ ਤਾਂ ਤੁਸੀਂ ਸਾਰਾ ਸੰਸਾਰ ਹੀ ਜਿਤ ਸਕਦੇ ਹੋ। ਮੈਂ ਤੁਹਾਨੂੰ ਦੈਵੀ ਨਜ਼ਰ ਨਾਲ ਵਰੋਸਾਵਾਂਗਾ। ਮੈਂ ਤੁਹਾਨੂੰ ਸ਼ੁੱਧ ਆਤਮਾ ਦੀ ਪਹਿਚਾਣ ਕਰਵਾ ਦੇਵਾਂਗਾ। ਫਿਰ ਤੁਸੀਂ ਦੁਨੀਆਂ ਅੰਦਰ ਕਿਧਰੇ ਵੀ ਚਲੇ ਜਾਉ, ਸ਼ੁੱਧ ਆਤਮਾ ਸਦਾ ਹੀ ਤੁਹਾਡੇ ਨਾਲ ਹੋਵੇਗੀ ਜਦੋਂ ਤਕ ਕਿ ਤੁਸੀਂ ਮੁਕਤ ਅਵਸਥਾ ਪ੍ਰਾਪਤ ਨਹੀਂ ਕਰ ਲੈਂਦੇ। ਜੇਕਰ ਤੁਹਾਡੇ ਅੰਤਹਕਰਣ ਦੇ ਅੰਦਰ ਉਦਾਸੀ ਛਾਈ ਹੋਈ ਹੈ ਤਾਂ ਹੁਣ ਇਹ ਖ਼ਤਮ ਹੋ ਜਾਵੇਗੀ। ਇਸ ਸ਼ੁੱਧੀਕਰਣ ਦੇ ਕਾਰਨ ਸੱਚੀ ਖੁਸ਼ੀ ਅਤੇ ਸੱਚੀ ਸ਼ਾਂਤੀ ਦਾ ਅਨੁਭਵ ਹੋਵੇਗਾ।

**ਪ੍ਰਸ਼ਨ-ਕਰਤਾ** : ਮੇਰੇ ਅੰਤਹਕਰਣ ਵਿਚ ਵਿਭਿੰਨ ਪ੍ਰਕਾਰ ਦੀਆਂ ਗਤੀਵਿਧੀਆਂ ਚਲਦੀਆਂ ਰਹਿੰਦੀਆਂ ਹਨ, ਖ਼ਾਸ ਤੌਰ 'ਤੇ ਜਦੋਂ ਮੈਂ ਜਾਪ ਕਰਦਾ ਹਾਂ। ਸ਼੍ਰੀਮਾਨ ਜੀ, ਕਿਰਪਾ ਕਰਕੇ ਇਹ ਸਮਝਾਓ ਕਿ ਇਦਾਂ ਕਿਉਂ ਹੁੰਦਾ ਹੈ? ਇਸ ਰਸਮ, ਇਸ ਜਾਪ ਕਰਦੇ ਸਮੇਂ ਕਿਹੜਾ ਮਨ ਕੰਮ ਕਰ ਰਿਹਾ ਹੁੰਦਾ ਹੈ?

**ਦਾਦਾਸ਼੍ਰੀ** : ਇਹ ਬਹੁਤੇ ਸ਼ਰਧਾਲੂਆਂ ਨਾਲ ਵਾਪਰਦਾ ਹੈ। ਮਾਨਸਕ ਤੌਰ 'ਤੇ ਉਹ ਰਸਮਾਂ (ਜਾਪ, ਆਦਿ) ਦਾ ਨਿਰਬਾਹ ਕਰਦੇ ਹਨ, ਉਨ੍ਹਾਂ ਦੇ ਹੱਥ ਮਾਲਾ ਦੇ ਮਣਕੇ ਫੇਰਨ ਵਿਚ ਰੁੱਝੇ

ਜਾਪਦੇ ਹਨ ਅਤੇ ਉਹ ਅਰਦਾਸ ਕਰਦੇ ਵੀ ਦਿਸਦੇ ਹਨ ਪਰੰਤੂ ਉਨ੍ਹਾਂ ਦਾ ਚਿੱਤ ਹੋਰਨਾਂ ਗਤੀਵਿਧੀਆਂ ਵਿਚ ਹੀ ਲੱਗਾ ਹੁੰਦਾ ਹੈ।

ਜਦੋਂ ਮਨ ਮਾਲਾ ਫੇਰਨ ਦਾ ਫੈਸਲਾ ਕਰਦਾ ਹੈ ਤਾਂ ਇਹ ਕਾਰਜ ਤੁਰੰਤ ਹੀ ਆਪਣੇ ਆਪ ਸ਼ੁਰੂ ਹੋ ਜਾਂਦਾ ਹੈ। ਹੱਥ ਇਸ ਕੰਮ ਵਿਚ ਲੱਗਾ ਰਹਿੰਦਾ ਹੈ। ਉਸ ਸਮੇਂ ਮਨ ਅਤੇ ਹਉਮੈਂ ਅੰਤਹਕਰਣ ਵਿਚ ਕੰਮ ਕਰ ਰਹੇ ਹੁੰਦੇ ਹਨ। ਪਰੰਤੂ ਚਿੱਤ ਉਥੇ ਨਹੀਂ ਹੁੰਦਾ : ਇਹ ਤਾਂ ਬਾਹਰ ਘੁੰਮਦਾ ਫਿਰਦਾ ਹੁੰਦਾ ਹੈ। ਉਸ ਸਮੇਂ ਹਉਮੈਂ ਬੜੇ ਹੰਕਾਰ ਨਾਲ ਇਹ ਕਹਿੰਦੀ ਹੈ ਕਿ 'ਮੈਂ ਮਾਲਾ ਫੇਰੀ ਹੈ'। ਇੰਝ ਕਰਨ ਨਾਲ ਅਗਲੇ ਜਨਮ ਦੇ ਬੀਜ ਬੋ ਦਿੱਤੇ ਜਾਂਦੇ ਹਨ।

ਹਉਮੈਂ ਜੋ ਵੀ ਕਰਦੀ ਹੈ ਉਹ ਸੰਪੂਰਨ ਡਿਸਚਾਰਜ ਹੈ। ਪਰੰਤੂ ਜਦੋਂ ਡਿਸਚਾਰਜ ਦਾ ਕਾਰਜ ਹੋ ਰਿਹਾ ਹੁੰਦਾ ਹੈ ਤਾਂ ਇਹ ਬਦਕਿਸਮਤ ਜੀਵ ਆਪਣਾ ਪੱਖ, ਆਪਣਾ ਵਿਚਾਰ ਦਿੰਦਾ ਹੈ ਅਤੇ ਖ਼ੁਦ ਨੂੰ ਉਸ ਦੇ ਬੰਧਨ ਵਿਚ ਬੰਨ੍ਹ ਲੈਂਦਾ ਹੈ। ਕਰਮ ਦਾ ਫਲ ਇਸ ਵਿਚਾਰ ਉਪਰ ਨਿਰਭਰ ਕਰੇਗਾ। ਜਦੋਂ ਮੈਂ ਮਾਲਾ ਫੇਰਦਾ ਹਾਂ ਜੇ ਉਸ ਸਮੇਂ ਮੇਰਾ ਚਿੱਤ ਸਥਿਰ ਹੈ ਅਤੇ ਟਿਕਾਅ ਵਿਚ ਹੈ ਤਾਂ ਬਹੁਤ ਵਧੀਆ ਗੱਲ ਹੈ। ਅਜਿਹੀ ਸਥਿਤੀ ਕਾਰਨ ਵਿਅਕਤੀ ਚਿੱਤ ਨੂੰ ਵੱਸ ਵਿਚ ਰਖਣ ਦਾ ਵਧੀਆ ਫਲ ਅਗਲੇ ਜਨਮ ਵਿਚ ਮਾਣੇਗਾ। ਪਰੰਤੂ ਜੇ ਕੋਈ ਵਿਅਕਤੀ ਮਾਲਾ ਫੇਰਨ ਦਾ ਕੰਮ ਛੇਤੀ ਖ਼ਤਮ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਅਗਲੇ ਜਨਮ ਵਿਚ ਮਾਲਾ ਫੇਰਨ ਦਾ ਮੌਕਾ ਹੀ ਨਹੀਂ ਮਿਲੇਗਾ। ਕਰਮਾਂ ਨੂੰ ਡਿਸਚਾਰਜ ਕਰਨ ਦੀ ਪ੍ਰਕ੍ਰਿਆ ਵਿਚਾਰ ਉਪਰ ਨਿਰਭਰ ਕਰਦੀ ਹੈ ਅਤੇ ਇਸ ਨਾਲ ਅਗਲੇ ਜਨਮ ਲਈ ਕਰਮਾਂ ਦੇ ਬੀਜ ਬੀਜੇ ਜਾਂਦੇ ਹਨ।

ਕੀ ਕਦੇ ਪੈਸੇ ਗਿਣਦੇ ਸਮੇਂ ਵੀ ਤੁਹਾਨੂੰ ਇਹ ਮਹਿਸੂਸ ਹੋਇਆ ਹੈ ਕਿ ਤੁਹਾਡਾ ਚਿੱਤ ਇਸ ਕੰਮ ਵਿਚ ਇਕਾਗਰ ਨਹੀਂ ਹੋ ਰਿਹਾ, ਤੁਹਾਡਾ ਚਿੱਤ ਇਸ ਕੰਮ ਵਿਚ ਨਹੀਂ ਲੱਗ ਰਿਹਾ? ਜਦੋਂ ਤੁਸੀਂ ਨੋਟਾਂ ਦੀ ਇਕ ਦੱਥੀ ਨੂੰ ਗਿਣ ਰਹੇ ਹੋਵੋ ਤਾਂ ਕੀ ਕਦੇ ਉਸ ਸਮੇਂ ਵੀ ਤੁਹਾਡਾ ਚਿੱਤ ਭਟਕਿਆ ਹੈ?

**ਪ੍ਰਸ਼ਨ-ਕਰਤਾ** : ਨਹੀਂ, ਸ਼੍ਰੀਮਾਨ ਜੀ। ਮਾਇਆ ਗਿਣਦੇ ਸਮੇਂ ਤਾਂ ਮੈਂ ਪੂਰੀ ਤਰ੍ਹਾਂ ਇਕਾਗਰ-ਚਿੱਤ ਰਹਿੰਦਾ ਹਾਂ।

**ਦਾਦਾਸ਼੍ਰੀ** : ਤੁਸੀਂ ਠੀਕ ਕਹਿੰਦੇ ਹੋ। ਜਿਹੜਾ ਕੰਮ ਤੁਹਾਡੇ ਆਪਣੇ ਮਤਲਬ ਦਾ ਹੈ ਉਸ ਕੰਮ ਨੂੰ ਕਰਨ ਹਿਤ ਇਕਾਗਰ-ਚਿੱਤ ਹੋਣ ਵਾਸਤੇ ਕੋਈ ਵਿਸ਼ੇਸ਼ ਯਤਨ ਨਹੀਂ ਕਰਨਾ ਪੈਂਦਾ। ਇਹ ਤਾਂ ਸੌਖਿਆਂ ਹੀ ਹੋ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਛੋਟੇ ਬੱਚੇ ਆਪਣੀ ਪੜ੍ਹਾਈ ਦੀ ਗੱਲ ਯਾਦ ਕਿਵੇਂ ਰੱਖ ਸਕਦੇ ਹਨ?

**ਦਾਦਾਸ਼੍ਰੀ** : ਬੱਚੇ ਪੜ੍ਹਦੇ ਜ਼ਰੂਰ ਹਨ.... ਪਰੰਤੂ ਜੇਕਰ ਉਨ੍ਹਾਂ ਦਾ ਮਨ, ਬੁੱਧੀ, ਚਿੱਤ ਅਤੇ ਹਉਮੈਂ

ਸਾਰੇ ਹੀ ਹਾਜ਼ਰ ਹੋਣ ਤਾਂ ਫਿਰ ਉਨ੍ਹਾਂ ਨੂੰ ਸਿਰਫ਼ ਇਕ ਵਾਰ ਹੀ ਪੜ੍ਹਨ ਦੀ ਲੋੜ ਪਵੇਗੀ। ਪਰੰਤੂ ਜੇ ਉਹ ਪੜ੍ਹ ਤਾਂ ਇਥੇ ਬੈਠ ਕੇ ਰਹੇ ਹਨ ਅਤੇ ਉਨ੍ਹਾਂ ਦਾ ਮਨ ਕ੍ਰਿਕਟ ਦੇ ਮੈਦਾਨ ਵਿਚ ਹੈ ਜਿਥੇ ਕ੍ਰਿਕਟ ਦਾ ਇਕ ਮੈਚ ਚਲ ਰਿਹਾ ਹੈ ਤਾਂ ਉਹ ਜੋ ਵੀ ਪੜ੍ਹਦਾ ਹੈ ਉਹ ਸਭ ਵਿਅਰਥ ਹੈ। ਜੇ ਮੇਜ਼ ਦੀਆਂ ਚਾਰ ਲੱਤਾ ਵਿਚੋਂ ਇਕ ਲੱਤ ਟੁੱਟ ਜਾਵੇ ਤਾਂ ਕੀ ਹੋਵੇਗਾ? ਇਸ ਦਾ ਨਤੀਜਾ ਕੀ ਹੋਵੇਗਾ? ਇਹੋ ਜਿਹੀ ਹੀ ਅਵਸਥਾ ਅੰਤਹਕਰਣ ਦੀ ਹੁੰਦੀ ਹੈ।

**ਪ੍ਰਸ਼ਨ-ਕਰਤਾ** : ਕਈ ਵਿਅਕਤੀ ਸਭ ਕੁਝ ਤਿਆਗ ਕੇ ਜੰਗਲ ਵਿਚ ਚਲੇ ਜਾਂਦੇ ਹਨ ਤਾਂ ਜੋ ਸ਼ਾਂਤੀ, ਸਹਿਜ ਪ੍ਰਾਪਤ ਕਰ ਸਕਣ।

**ਦਾਦਾਸ਼੍ਰੀ** : ਕੀ ਤੁਸੀਂ ਜਾਣਦੇ ਹੋ ਇਸ ਵਿਸ਼ੇ ਉਪਰ ਕਵਿਰਾਜ ਨਵਨੀਤ ਨੇ ਕੀ ਕਿਹਾ ਸੀ:

ਭੀੜ ਵਿਚ ਇਕੱਲ, ਅਜਿਹੇ ਸੁਪਨ-ਸੰਸਾਰ ਅੰਦਰ
'ਮੈਂ' ਸਰੋਤਾ ਹਾਂ ਅਤੇ 'ਮੈਂ' ਹੀ ਗਾਇਕ ਵੀ।

ਸ਼ਾਮ ਦੇ ਸਮੇਂ ਬੰਬਈ ਲੋਕਲ ਟਰੇਨ ਖਚਾਖਚ ਭਰੀ ਹੁੰਦੀ ਹੈ ਅਤੇ ਤੁਸੀਂ ਉਸੇ ਰੇਲ ਰਾਹੀਂ ਸਫ਼ਰ ਕਰਨ ਵਾਲੇ ਇਕ ਯਾਤਰੀ ਹੋ; ਤੁਹਾਨੂੰ ਅੱਗੋਂ, ਪਿੱਛੋਂ, ਹਰ ਪਾਸੇ ਤੋਂ ਧੱਕੇ ਪੈ ਰਹੇ ਹਨ। ਉਸ ਸਮੇਂ ਤੁਹਾਡੇ ਮਨ, ਬੁੱਧੀ, ਚਿੱਤ ਅਤੇ ਹਉਮੈਂ ਉਸ ਡਾਢੀ ਭੀੜ ਵਿਚਕਾਰ ਫਸੇ ਹੋਏ ਹਨ ਅਤੇ ਇਹ ਸਾਰੇ ਹੀ ਰੁੱਝੇ ਹੋਏ ਹਨ। ਉਸ ਸਮੇਂ ਇਕ ਜੀਵ ਦੀ ਸ਼ੁੱਧ ਆਤਮਾ ਵੇਖਣ ਅਤੇ ਜਾਨਣ ਦਾ ਇਕ ਵਿਰਲਾ ਪਲ ਅਨੁਭਵ ਕਰਦੀ ਹੈ। ਫਿਰ ਉਹ ਜੀਵ ਬਿਲਕੁਲ ਹੀ ਇੱਕਲਾ ਹੁੰਦਾ ਹੈ। ਉਸ ਸਮੇਂ ਉਸ ਨੂੰ ਪੂਰਨ ਅਜ਼ਾਦੀ ਮਿਲ ਜਾਂਦੀ ਹੈ। ਜਿੰਨਾ ਉਸ ਭੀੜ ਦੇ ਵਿਚ ਵਧੇਰੇ ਫਸੇ ਹੋਏ ਹੋ, ਜਿੰਨੀਆਂ ਜਾਨਣ ਵਾਲੀਆਂ ਵਸਤਾਂ ਦੀ ਗਿਣਤੀ ਵਧੇਰੇ ਹੈ, ਉਸੇ ਅਨੁਪਾਤ ਵਿਚ ਜਾਨਣ ਵਾਲੇ ਦੀ ਜਾਨਣ ਦੀ ਸ਼ਕਤੀ ਵਧੇ ਫੁੱਲੇਗੀ।

ਜਦੋਂ ਵਿਅਕਤੀ ਸਚਮੁੱਚ ਹੀ ਭੀੜ ਵਿਚ ਹੁੰਦਾ ਹੈ ਤਾਂ ਜਾਨਣ ਵਾਲਾ ਆਪਣੇ ਪੂਰੇ ਜਾਹੋ-ਜਲਾਲ ਵਿਚ ਚਮਕਦਾ ਹੈ। ਜਿਉਂ ਜਿਉਂ ਉਸ ਦਾ ਖ਼ੇਤਰ ਵਡੇਰਾ ਹੁੰਦਾ ਹੈ ਉਵੇਂ ਹੀ ਉਸ ਦੀ ਤਾਕਤ ਵੀ ਵਧ ਜਾਂਦੀ ਹੈ। ਪਰੰਤੂ ਸੱਚੀ ਖੁਸ਼ੀ ਤਾਂ ਭੀੜ ਵਿਚ ਹੈ। ਜਦੋਂ ਬਾਹਰ ਭੀੜ ਹੁੰਦੀ ਹੈ, ਅੰਦਰ ਭੀੜ ਹੁੰਦੀ, ਅਤੇ ਜਦੋਂ ਅੰਦਰ-ਬਾਹਰ ਹਰ ਥਾਂ ਭੀੜ ਹੁੰਦੀ ਹੈ ਤਾਂ ਉਸ ਸਮੇਂ ਸ਼ੁੱਧ ਆਤਮਾ ਪੂਰਨ ਇਕੱਲਤਾ ਮਾਣਦੀ ਹੈ। ਉਸ ਸਮੇਂ ਸ਼ੁੱਧ ਆਤਮਾ ਆਪਣੇ ਆਪ ਨੂੰ ਕਿਸੇ ਵੀ ਹੋਰ ਚੀਜ ਨਾਲ ਇਕ-ਰੂਪ ਨਹੀਂ ਕਰਦੀ।

ਪਰੰਤੂ ਇਹ ਸ਼ੁੱਧ ਆਤਮਾ ਬਾਰੇ ਗਿਆਨ ਪ੍ਰਾਪਤ ਕਰਨ ਉਪਰੰਤ ਹੀ ਸੰਭਵ ਹੈ। ਇਸ ਸਥਿਤੀ ਵਿਚ ਪਹੁੰਚਣ ਉਪਰੰਤ ਜੀਵ ਨੂੰ ਜੰਗਲਾਂ-ਬੇਲਿਆਂ ਵਿਚ ਜਾ ਕੇ ਇਕੱਲਤਾ ਲੱਭਣ ਦੀ ਲੋੜ ਨਹੀਂ ਰਹਿੰਦੀ।

## 90

# ਜ਼ਰੂਰੀ ਜਿੰਮੇਵਾਰੀ ਅਤੇ ਸਵੈ-ਇੱਛਿਤ ਕਾਰਜ

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਸਾਡੇ ਜੀਵਨ ਜ਼ਰੂਰੀ ਕੀ ਹੈ ਅਤੇ ਸਵੈ-ਇੱਛਿਤ ਕੀ ਹੈ?

**ਦਾਦਾਸ਼੍ਰੀ** : ਇਹ ਜਾਨਣਾ ਸੌਖਾ ਨਹੀਂ ਕਿ ਇਹ ਸੰਸਾਰ ਕਿਵੇਂ ਚਲਦਾ ਹੈ.... ਇਸ ਸੰਸਾਰ ਅੰਦਰ ਜੀਵ ਜੋ ਕੁਝ ਵੀ ਕਰਦਾ ਹੈ ਉਹ ਉਸ ਜੀਵ ਦੇ ਕਰਮਾਂ ਦੇ ਅਨੁਸਾਰ ਹੈ ਅਤੇ ਜ਼ਰੂਰੀ ਹੈ। ਪਰੰਤੂ ਉਹ ਜੀਵ ਇਸ ਭੁਲੇਖੇ ਵਿਚ ਰਹਿੰਦਾ ਹੈ ਕਿ ਇਹ ਸਭ ਕੁਝ ਸਵੈ-ਇੱਛਿਤ ਹੈ। ਇੰਝ ਉਹ ਇਕ ਨਵੇਂ ਬੰਧਨ ਵਿਚ ਖ਼ੁਦ ਨੂੰ ਬੰਨ ਲੈਂਦਾ ਹੈ। ਤੁਸੀਂ ਜਾਣਦੇ ਹੀ ਹੋ ਕਿ ਇਸ ਸੰਸਾਰ ਅੰਦਰ ਸਾਡਾ ਜਨਮ ਸਵੈ-ਇੱਛਿਤ ਨਹੀਂ, ਜ਼ਰੂਰੀ ਹੈ। ਸਾਡਾ ਪੜ੍ਹਾਈ-ਲਿਖਾਈ ਕਰਨ ਦਾ ਕਾਰਜ ਵੀ ਜ਼ਰੂਰੀ ਹੈ। ਸ਼ਾਦੀ-ਵਿਆਹ ਵੀ ਪਹਿਲਾਂ ਹੀ ਨਿਰਧਾਰਤ ਹਨ। ਇਸੇ ਤਰ੍ਹਾਂ ਜੀਵ ਦੀ ਮੌਤ ਵੀ ਜ਼ਰੂਰੀ ਹੈ, ਅਟਲ ਹੈ।

**ਪ੍ਰਸ਼ਨ-ਕਰਤਾ** : ਆਪਣੇ ਬੱਚਿਆਂ ਦੀ ਪਾਲਣਾ-ਪੋਸ਼ਣ ਕਰਨੀ, ਉਨ੍ਹਾਂ ਨੂੰ ਪੜ੍ਹਾਉਣਾ ਅਤੇ ਉਨ੍ਹਾਂ ਨੂੰ ਯੋਗ ਉਮਰ ਅਤੇ ਯੋਗ ਥਾਂ 'ਤੇ ਵਿਆਹੁਣਾ ਅਤੇ ਜ਼ਿੰਦਗੀ ਵਿਚ ਠੀਕ-ਠਾਕ ਸਥਾਪਤ ਕਰਨਾ - ਇਹ ਸਭ ਹਰ ਵਿਅਕਤੀ ਦਾ ਫਰਜ਼ ਹੈ।

**ਦਾਦਾਸ਼੍ਰੀ** : ਹਾਂ, ਇਸੇ ਨੂੰ ਤਾਂ ਮੈਂ ਕਹਿੰਦਾ ਹਾਂ ਕਿ ਇਹ ਸਭ ਜ਼ਰੂਰੀ ਹੈ : ਤੁਸੀਂ ਇਹ ਸਾਰੇ ਕਾਰਜ ਕਰਨ ਲਈ ਮਜ਼ਬੂਰ ਹੋ। ਇਥੇ ਮੇਰਾ 'ਜ਼ਰੂਰੀ' ਤੋਂ ਭਾਵ ਹੈ ਫਰਜ਼ ਜਾਂ ਜਿੰਮੇਵਾਰੀ ਦੇ ਤੌਰ 'ਤੇ ਜ਼ਰੂਰ ਹੀ ਕੀਤੇ ਜਾਣ ਵਾਲਾ ਕੰਮ ਜਦੋਂ ਕਿ 'ਸਵੈ-ਇੱਛਿਤ' ਤੋਂ ਭਾਵ ਹੈ ਆਪਣੀ ਮਰਜ਼ੀ ਦੇ ਅਨੁਸਾਰ ਕੀਤੇ ਜਾਣ ਵਾਲਾ ਕਾਰਜ। ਲੋਕ ਗਲਤੀ ਨਾਲ 'ਜਰੂਰੀ' ਨੂੰ 'ਸਵੈ-ਇੱਛਿਤ' ਸਮਝਦੇ ਰਹਿੰਦੇ ਹਨ। ਜਦੋਂ ਵੀ ਤੁਸੀਂ ਕੋਈ ਦੁਨਿਆਵੀ ਕਾਰਜ ਕਰਦੇ ਹੋ ਅਤੇ ਇਨ੍ਹਾਂ ਕਾਰਜਾਂ ਨੂੰ ਪਸੰਦ ਕਰਨ ਲੱਗ ਜਾਂਦੇ ਹੋ ਅਤੇ ਉਸ ਕੰਮ ਵਿਚ ਖ਼ੁਦ ਨੂੰ ਗਲਤਾਨ ਕਰ ਲੈਂਦੇ ਹੋ ਤਾਂ ਤੁਸੀਂ ਖ਼ੁਦ ਨੂੰ ਕਰਮਾਂ ਦੇ ਬੰਧਨ ਵਿਚ ਬੰਨ੍ਹ ਲੈਂਦੇ ਹੋ। ਲੋਕ ਗਲਤੀ ਨਾਲ ਜਿੰਮੇਵਾਰੀ ਅਨੁਸਾਰ ਕੀਤੇ ਜਾਣ ਵਾਲੇ ਜ਼ਰੂਰੀ ਕਾਰਜਾਂ ਨੂੰ ਸਵੈ-ਇੱਛਿਤ ਕਾਰਜਾਂ ਵਜੋਂ ਪ੍ਰਗਟ ਅਤੇ ਪੇਸ਼ ਕਰਦੇ ਹਨ। ਜੋ ਤਬਦੀਲ ਕੀਤਾ ਜਾ ਸਕਦਾ ਹੈ ਉਹ ਜੀਵ ਦੀ ਇੱਛਾ-ਸ਼ਕਤੀ ਦਾ ਖ਼ੇਤਰ ਹੈ।

ਜਦੋਂ ਪੁੱਤਰ ਆਪਦੇ ਪਿਤਾ ਦੇ ਵਿਰੁੱਧ ਗੁਸਤਾਖ਼ੀ ਅਤੇ ਬਦਤਮੀਜ਼ੀ ਕਰਦਾ ਹੈ ਤਾਂ ਪਿਤਾ ਉਸ ਨਾਲ ਗੁੱਸੇ ਹੁੰਦਾ ਹੈ ਅਤੇ ਉਸ ਨੂੰ ਦਸ ਦਿੰਦਾ ਹੈ ਕਿ ਉਸ ਦੇ ਪਾਲਣ ਪੋਸ਼ਣ ਵਿਚ ਉਸ (ਪਿਤਾ) ਨੇ ਕੀ-ਕੀ ਕੀਤਾ ਹੈ। ਜੋ ਕੁਝ ਵੀ ਪਿਤਾ ਨੇ ਪੁੱਤਰ ਦੀ ਪਾਲਣਾ ਲਈ ਕੀਤਾ ਉਸ ਵਿਚ ਉਸ ਨੇ ਕੋਈ ਨਵੇਕਲੀ ਗੱਲ ਕਿਹੜੀ ਕੀਤੀ ਹੈ? ਹਰ ਪਿਤਾ ਤੋਂ ਹੀ ਇਹ ਸਭ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਹ ਸਾਰੇ ਕੰਮ ਕਰਨ ਲਈ ਪਿਤਾ ਜਿੰਮੇਵਾਰੀ ਵਿਚ ਬੱਝਾ ਹੋਇਆ ਸੀ।

ਕੀ ਤੁਸੀਂ ਦੱਸੋਗੇ ਕਿ ਤੁਹਾਡਾ ਸਵੈ-ਇੱਛਿਤ ਕਾਰਜ ਕਿਹੜਾ ਹੈ?

**ਪ੍ਰਸ਼ਨ-ਕਰਤਾ** : ਜਿਹੜੀ ਨੌਕਰੀ ਅਸੀਂ ਕਰਦੇ ਹਾਂ ਉਸ ਬਾਰੇ ਕੀ ਕਹੀਏ?

**ਦਾਦਾਸ਼੍ਰੀ** : ਤੁਹਾਨੂੰ ਨੌਕਰੀ ਮਿਲੀ ਹੈ ਅਤੇ ਤੁਸੀਂ ਰੋਜ ਆਪਣੇ ਕੰਮ 'ਤੇ ਜਾਂਦੇ ਹੋ; ਕੀ ਇਹ ਸਭ ਸਵੈ-ਇੱਛਿਤ ਹੈ? ਨਹੀਂ, ਇਹ ਜ਼ਿੰਮੇਵਾਰੀ ਤੋਂ ਪ੍ਰੇਰਿਤ ਹੈ। ਕੀ ਤੁਸੀਂ ਸੋਚਦੇ ਹੋ ਕਿ ਤੁਸੀਂ ਕਦੇ ਕੋਈ ਸਵੈ-ਇੱਛਿਤ ਕਾਰਜ ਕੀਤਾ ਹੈ?

ਵਿਅਕਤੀ ਇਹ ਤਾਂ ਮੰਨ ਕੇ ਹੀ ਚਲਦਾ ਹੈ ਕਿ ਜਦੋਂ ਕੋਈ ਗੱਲ ਉਸ ਦੀ ਆਪਣੀ ਇੱਛਾ ਅਨੁਸਾਰ ਵਾਪਰਦੀ ਹੈ ਤਾਂ ਇਹ ਸਵੈ-ਇੱਛਿਤ ਹੈ ਅਤੇ ਜਦੋਂ ਕੋਈ ਗੱਲ ਉਸ ਦੀ ਇੱਛਾ ਦੇ ਵਿਪਰੀਤ ਵਾਪਰ ਜਾਂਦੀ ਹੈ ਤਾਂ ਉਹ ਉਸ ਨੂੰ 'ਜ਼ਰੂਰੀ' ਜਾਂ ਅਟਲ ਮੰਨ ਲੈਂਦਾ ਹੈ। ਹੇ ਬਦਕਿਸਮਤ ਜੀਵ! ਇਹ ਦੋਵੇਂ ਕਾਰਜ ਹੀ 'ਜ਼ਰੂਰੀ' ਦੀ ਸ਼੍ਰੇਣੀ ਵਿਚ ਆਉਂਦੇ ਹਨ। ਇਥੋਂ ਤੱਕ ਕਿ ਤੁਹਾਡੀ ਇੱਛਾ ਵੀ ਮਜ਼ਬੂਰੀ ਹੈ। ਇਹ ਸਾਰੇ ਕਾਰਜ ਰੋਕੇ ਨਹੀਂ ਜਾ ਸਕਦੇ ਅਤੇ ਇਹ ਸਭ ਜ਼ਰੂਰੀ ਹਨ। ਗਲਤ ਧਾਰਨਾਵਾਂ ਦੇ ਕਾਰਨ ਇਹ ਹਮੇਸ਼ਾ ਲਈ ਬੰਧਨ ਹਨ। 'ਇਹ ਕਾਰਜ ਮੈਂ ਆਪਣੀ ਇੱਛਾ ਨਾਲ ਕੀਤਾ' ਅਤੇ 'ਇਹ ਕਾਰਜ ਮੈਂ ਆਪਣੀ ਇੱਛਾ ਦੇ ਵਿਰੁੱਧ ਜਾ ਕੇ ਕੀਤਾ' - ਇਹ ਦੋਵੇਂ ਹੀ ਭੁਲੇਖਾ ਹਨ।

**ਪ੍ਰਸ਼ਨ-ਕਰਤਾ** : ਮੈਨੂੰ ਜਾਪਦਾ ਹੈ ਕਿ ਵਿਅਕਤੀ ਇੱਛਾ ਦੇ ਬੰਧਨ ਦੇ ਖ਼ੇਤਰ ਤੋਂ ਸੁਚੇਤ ਨਹੀਂ ਹੈ।

**ਦਾਦਾਸ਼੍ਰੀ** : ਜਦੋਂ ਤੁਸੀਂ ਕਿਸੇ ਚੀਜ ਨੂੰ ਮਜ਼ਬੂਰੀ ਜਾਂ ਫ਼ਰਜ ਦਾ ਬੰਧਨ ਮੰਨ ਲੈਂਦੇ ਹੋ ਤਾਂ ਤੁਹਾਡਾ ਕਰਤਾ ਦਾ ਰੁਤਬਾ ਖ਼ਤਮ ਹੋ ਜਾਂਦਾ ਹੈ। ਇਸ ਦੇ ਉਲਟ, ਜਦੋਂ ਤੁਸੀਂ ਕਿਸੇ ਗੱਲ ਨੂੰ ਇੱਛਾ ਦਾ ਬੰਧਨ ਮੰਨ ਲੈਂਦੇ ਹੋ ਤਾਂ ਤੁਸੀਂ ਖ਼ੁਦ ਨੂੰ ਕਰਤਾ ਤਸਲੀਮ ਕਰਨ ਲਗ ਜਾਂਦੇ ਹੋ। ਇਹ ਮੰਨਣਾ ਕਿ ਤੁਹਾਡਾ ਕੋਈ ਵੀ ਕਾਰਜ ਇੱਛਾ-ਬੰਧਨ ਵਜੋਂ ਹੈ ਹਉਮੈਂ ਦਾ ਹੀ ਦੂਜਾ ਨਾਂ ਹੈ। ਜਦੋਂ ਵਿਅਕਤੀ ਕਮਾਉਂਦਾ ਤਾਂ ਉਹ ਸ਼ੇਖੀ ਮਾਰਦਾ ਹੈ ਕਿ ਉਸ ਨੇ ਕਮਾਈ ਕੀਤੀ, ਪਰੰਤੂ ਜੇ ਵਿਅਕਤੀ ਨੁਕਸਾਨ ਕਰ ਬੈਠਦਾ ਹੈ ਤਾਂ ਉਹ ਇਸ ਘਾਟੇ ਨੂੰ ਰੱਬ ਦੀ ਰਜ਼ਾ ਕਹਿੰਦਾ ਹੈ। ਇਹ ਤਾਂ ਸਪਸ਼ਟ ਹੀ ਪ੍ਰਸਪਰ-ਵਿਰੋਧੀ ਗੱਲ ਹੈ। ਇਹ ਤਾਂ ਹਉਮੈਂ ਹੈ।

ਵਿਅਕਤੀ ਇਹ ਗ਼ਲਤ ਸੋਚ ਬਣਾਈ ਰਖਦਾ ਹੈ ਕਿ ਸੰਸਾਰ ਇੱਛਾ-ਬੰਧਨ ਵਿਚ ਹੈ। ਇਸ ਦੇ ਨਤੀਜੇ ਵਜੋਂ ਪੁੰਨ ਕਰਮ ਅਤੇ ਪਾਪ ਕਰਮ ਕਮਾਉਂਦਾ ਹੈ। ਜੇ ਕੋਈ ਵਿਅਕਤੀ ਇਸ ਸੰਸਾਰ ਨੂੰ ਫ਼ਰਜ-ਬੰਧਨ ਮੰਨੇ (ਭਾਵ ਕਰਤਾ ਹੋਣ ਤੋਂ ਬਿਨਾਂ) ਤਾਂ ਫਿਰ ਕੋਈ ਬੰਧਨ ਨਹੀਂ ਹੁੰਦਾ। ਚਾਹੇ ਕੋਈ ਪੁੰਨ ਕਰਮਾਂ ਦਾ ਸੁਖ ਮਾਣੇ ਅਤੇ ਭਾਵੇਂ ਪਾਪ ਕਰਮਾਂ ਦਾ ਦੁਖ ਭੋਗੇ ਦੋਵੇਂ ਹੀ ਅਟਲ ਹਨ।

ਹੁਣ ਤੁਸੀਂ ਮੈਨੂੰ ਇਹ ਦੱਸੋ ਕਿ ਕੀ ਸ਼ਾਦੀ ਕਰਵਾਉਦਾ ਸਵੈ-ਇੱਛਿਤ ਹੈ ਜਾਂ ਫ਼ਰਜ ਦੇ ਕਾਰਨ?

**ਪ੍ਰਸ਼ਨ-ਕਰਤਾ** : ਉਸ ਸਮੇਂ ਤਾਂ ਇਹ ਗੱਲ ਸਵੈ-ਇੱਛਿਤ ਜਾਪਦੀ ਸੀ ਪਰੰਤੂ ਹੁਣ ਇਉਂ ਜਾਪਦਾ ਹੈ ਜਿਵੇਂ ਇਹ ਵੀ ਅਟਲ ਸੀ, ਫਰਜ਼ ਦਾ ਨਤੀਜਾ ਸੀ।

**ਦਾਦਾਸ਼੍ਰੀ** : ਤੁਹਾਡਾ ਆਪਣਾ ਨਾਮ - ਕੀ ਇਹ ਸਵੈ-ਇੱਛਿਤ ਹੈ ਜਾਂ ਮਜ਼ਬੂਰੀ?

**ਪ੍ਰਸ਼ਨ-ਕਰਤਾ** : (ਚੁੱਪ)

**ਦਾਦਾਸ਼੍ਰੀ** : ਇਹ 'ਜ਼ਰੂਰੀ' ਹੈ ਕਿਉਂਕਿ ਇਹ ਤੁਹਾਨੂੰ ਬਚਪਨ ਤੋਂ ਦਿੱਤਾ ਗਿਆ ਹੈ ਅਤੇ ਤੁਸੀਂ ਹਮੇਸ਼ਾ ਇਸ ਦੇ ਨਾਲ ਹੀ ਰਹਿਣਾ ਹੈ। ਤੁਸੀਂ ਇਸ ਨੂੰ ਪਸੰਦ ਕਰੋ ਜਾਂ ਨਾ ਕਰੋ। ਕੀ ਇਸ ਨਾਲ ਕੋਈ ਫ਼ਰਕ ਪੈਂਦਾ ਹੈ। ਤੁਹਾਡੇ ਪਾਸ ਹੋਰ ਕੋਈ ਰਾਹ ਵੀ ਨਹੀਂ ਹੈ। ਇਹ 'ਜ਼ਰੂਰੀ' ਹੈ ਅਤੇ ਇਹ ਆਪਣੇ ਆਪ ਹੀ ਹੋ ਜਾਂਦਾ ਹੈ। ਇਸ ਸੰਸਾਰ ਅੰਦਰ ਆਪਣੀ ਜੀਵਨ-ਯਾਤਰਾ ਉਪਰ ਚਲਦਿਆਂ ਇਸ ਯਾਤਰਾ ਦੇ ਤੀਜੇ ਮੀਲ ਜਾਂ 4 ਫਰਲਾਂਗ ਚੱਲਣ ਉਪਰੰਤ ਤੁਹਾਡੇ ਨਾਲ ਜੋ ਵੀ ਵਾਪਰਨਾ ਤੁਹਾਡੀ ਕਿਸਮਤ ਵਿਚ ਲਿਖਿਆ ਹੈ ਉਹ ਹਰ ਹਾਲਤ ਵਿਚ ਵਾਪਰ ਕੇ ਰਹੇਗਾ। ਤੁਹਾਨੂੰ ਮਜ਼ਬੂਰਨ ਉਸੇ ਤਰ੍ਹਾਂ ਹੀ ਕਰਨਾ ਪਵੇਗਾ।

**ਪ੍ਰਸ਼ਨ-ਕਰਤਾ** : ਇਹ ਕਿਵੇਂ?

**ਦਾਦਾਸ਼੍ਰੀ** : ਇਸ ਦੁਨੀਆਂ ਅੰਦਰ ਵਿਚਰਦਿਆਂ ਪੁਲੀਸ ਅਧਿਕਾਰੀ ਤੁਹਾਨੂੰ ਉਨ੍ਹਾਂ ਦੇ ਹੁਕਮ ਅਨੁਸਾਰ ਚੱਲਣ ਲਈ ਮਜ਼ਬੂਰ ਕਰਦੇ ਹਨ। ਪਰ ਇਕ ਪੁਲੀਸ ਅਧਿਕਾਰੀ ਤੁਹਾਡੇ ਅੰਦਰ ਵੀ ਹੈ - ਬਿਲਕੁਲ ਉਸੇ ਤਰ੍ਹਾਂ ਜਿਵੇਂ ਸਾਨੂੰ ਬਾਹਰ ਸਮਾਜ 'ਚ ਵਿਚਰਦਿਆਂ ਮਿਲਦੇ ਹਨ। ਤੁਹਾਡੇ ਅੰਦਰਲਾ ਪੁਲੀਸ ਵਾਲਾ ਸਾਰੀਆਂ ਭੰਬੀਰੀਆਂ ਨੂੰ ਚਲਾਉਂਦਾ ਹੈ ਅਤੇ ਇਹ ਭੰਬੀਰੀਆਂ ਘੁੰਮਦੀਆਂ ਰਹਿੰਦੀਆਂ ਹਨ ਜਦੋਂ ਕਿ ਤੁਸੀਂ ਕਹਿੰਦੇ ਇਹ ਹੋ ਕਿ 'ਇਹ ਮੈਂ ਕੀਤਾ ਹੈ'।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਇਕ ਦਿਨ ਜਦੋਂ ਮੈਂ ਆਪਣੇ ਘਰ ਦੇ ਵਰਾਂਡੇ ਵਿਚ ਬੈਠਾ ਹੋਇਆ ਸੀ ਤਾਂ ਮੈਂ ਵੇ ਖਿਆ ਕਿ 3-4 ਵਿਅਕਤੀ ਇਕ ਬਲਦ ਨੂੰ ਉਸ ਦੇ ਨੱਕ ਵਿਚ ਪਾਈ ਰੱਸੀ ਨਾਲ ਬੜੀ ਬੇ ਰਹਿਮੀ ਨਾਲ ਖਿੱਚ ਰਹੇ ਸਨ। ਨੱਥ ਨੂੰ ਇਸ ਤਰ੍ਹਾਂ ਖਿੱਚਣ ਤੋਂ ਇੰਝ ਜਾਪਦਾ ਸੀ ਕਿ ਬਲਦ ਦਾ ਨੱਕ ਫਟ ਜਾਵੇਗਾ ਅਤੇ ਵਿਚਾਰਾ ਜਾਨਵਰ ਖ਼ੂਨੋ-ਖ਼ੂਨ ਹੋ ਜਾਵੇਗਾ। ਉਹ ਵਿਅਕਤੀ ਉਸ ਬਲਦ ਨੂੰ ਪਿਛੇ ਤੋਂ ਡੰਡੇ ਨਾਲ ਮਾਰ ਵੀ ਰਹੇ ਸਨ। ਉਹ ਬਲਦ ਨੂੰ ਅੱਗੇ ਤੋਰਨ ਦੇ ਇਰਾਦੇ ਨਾਲ ਉਸ ਨੂੰ ਚੋਭਾਂ ਵੀ ਮਾਰ ਰਹੇ ਸਨ ਪਰੰਤੂ ਉਹ ਜਾਨਵਰ ਇਕ ਕਦਮ ਵੀ ਅੱਗੇ ਤੁਰਨ ਤੋਂ ਇਨਕਾਰੀ ਸੀ। ਮੈਂ ਉਨ੍ਹਾਂ ਵਿਅਕਤੀਆਂ ਨੂੰ ਕਿਹਾ: "ਭਰਾਵੋ! ਤੁਸੀਂ ਇਸ ਵਿਚਾਰੇ ਬਲਦ ਨੂੰ ਕਿਉਂ ਤਸੀਹੇ ਦੇ ਰਹੇ ਹੋ? ਇਹ ਅੱਗੇ ਕਿਉਂ ਨਹੀਂ ਜਾ ਰਿਹਾ?" ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਹ ਇਸ ਬਲਦ ਨੂੰ ਕੱਲ ਡੰਗਰਾਂ ਦੇ ਇਕ ਹਸਪਤਾਲ ਲੈ ਗਏ ਸਨ ਅਤੇ ਉਥੇ ਇਹ ਇਨਾ

ਡਰ ਗਿਆ ਕਿ ਅੱਜ ਇਹ ਉਥੇ ਜਾਣ ਲਈ ਤਿਆਰ ਨਹੀਂ ਹੋ ਰਿਹਾ। ਇਸ ਜਾਨਵਰ ਨੂੰ ਨੱਕ ਵਿਚ ਪਾਈ ਨੱਥ ਤੋਂ ਪਕੜ ਕੇ ਖਿੱਚਿਆ ਜਾ ਰਿਹਾ ਸੀ; ਇਸ ਨੂੰ ਸੋਟੀ ਨਾਲ ਕੁੱਟਿਆ ਵੀ ਜਾ ਰਿਹਾ ਸੀ; ਇਸ ਨੂੰ ਚੋਭਾਂ ਵੀ ਮਾਰੀਆਂ ਜਾ ਰਹੀਆਂ ਸਨ; ਅਤੇ ਇਸ ਨੇ ਡੰਗਰਾਂ ਦੇ ਹਸਪਤਾਲ ਜਾਣਾ ਵੀ ਸੀ। ਇਹ ਬਲਦ ਇਸ ਤਰ੍ਹਾਂ ਬੇਰਹਿਮੀ ਨਾਲ ਕੁੱਟ ਖਾਣ ਦੀ ਬਜਾਇ ਸਵੈ-ਇੱਛਾ ਨਾਲ ਕਿਉਂ ਨਹੀਂ ਹਸਪਤਾਲ ਤੱਕ ਚਲਾ ਜਾਂਦਾ? ਕੀ ਇਹ ਵਧੇਰੇ ਵਿਵੇਕਸ਼ੀਲ ਗੱਲ ਨਹੀਂ ਜਾਪਦੀ?

ਤੁਹਾਨੂੰ ਵੀ ਸੋਟੀਆਂ ਦੀ ਮਾਰ ਨਾਲ ਕੁੱਟਿਆ ਜਾਵੇਗਾ; ਫਿਰ ਤੁਸੀਂ ਆਪਣੇ ਸਾਰੇ ਫਰਜ਼ ਸਵੈ-ਇੱਛਾ ਨਾਲ ਕਿਉਂ ਨਹੀਂ ਨਿਭਾਉਂਦੇ; ਕਿਉਂ ਨਹੀਂ ਸਭ ਜ਼ਿੰਮੇਵਾਰੀਆਂ ਸਵੈ-ਇੱਛਾ ਨਾਲ ਪੂਰੀਆਂ ਕਰਦੇ? ਇਹ ਸਭ 'ਜ਼ਰੂਰੀ' ਹੈ। ਇਸ ਕਰਕੇ ਚੁੱਪ ਕਰਕੇ ਚਲਦੇ ਜਾਉ, ਨਹੀਂ ਤਾਂ ਸੰਸਾਰ ਤੁਹਾਨੂੰ ਵੀ ਉਸੇ ਤਰ੍ਹਾਂ ਮਾਰੇਗਾ ਜਿਸ ਤਰ੍ਹਾਂ ਦੀ ਮਾਰ ਵਿਚਾਰਾ ਬਲਦ ਸਹਿ ਰਿਹਾ ਸੀ।

ਤੁਸੀਂ ਸੰਸਾਰ ਦੀਆਂ ਜਹਿਰਾਂ ਪੀਣਾ ਪਸੰਦ ਨਹੀਂ ਕਰੋਗੇ ਪਰੰਤੂ ਇਹ ਜ਼ਰੂਰੀ ਹੈ। ਤੁਹਾਨੂੰ ਇਹ ਜ਼ਹਿਰਾਂ ਪੀਣ ਲਈ ਮਜ਼ਬੂਰ ਕੀਤਾ ਜਾਵੇਗਾ। ਦੋਸਤੋ! ਇਸ ਲਈ ਇਨ੍ਹਾਂ ਜ਼ਹਿਰਾਂ ਨੂੰ ਰੋਣ ਵਾਲਾ ਚਿਹਰਾ ਬਣਾ ਕੇ ਪੀਣ ਦੀ ਬਜਾਇ ਮੁਸਕੁਰਾਉਂਦੇ ਹੋਏ ਇਨ੍ਹਾਂ ਨੂੰ ਪੀ ਲਉ ਅਤੇ ਇੰਝ 'ਨੀਲ-ਕੰਠ' ਬਣ ਜਾਉ। ਇਸ ਦੇ ਨਤੀਜੇ ਵਜੋਂ ਤੁਹਾਡੀ ਹਉਮੈਂ ਪੰਘਰ (ਭਾਵ ਖਤਮ) ਜਾਵੇਗੀ ਅਤੇ ਤੁਸੀਂ 'ਨੀਲ-ਕੰਠ' ਬਣ ਜਾਉਗੇ। ਮੈਂ ਵੀ ਇਸ ਤਰ੍ਹਾਂ 'ਨੀਲ-ਕੰਠ' ਬਣਿਆ ਹਾਂ।

ਸੰਸਾਰ ਅੰਦਰ ਕੋਈ ਵਿਰਲਾ ਮਨੁੱਖ ਹੀ ਹੋਵੇਗਾ ਜਿਸ ਨੇ ਇਕ ਸੈਕਿੰਡ ਦੇ ਛੋਟੇ ਜਿਹੇ ਹਿੱਸੇ ਲਈ ਵੀ ਸਵੈ-ਇੱਛਾ ਨੂੰ ਜਾਣਿਆ ਹੋਵੇ। ਅਜਿਹਾ ਮਨੁੱਖ ਸੰਸਾਰ ਅੰਦਰ ਕੋਈ ਵਿਰਲਾ ਹੀ ਹੈ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਫਿਰ ਜੀਵ ਸਵੈ-ਇੱਛਾ ਦੇ ਖ਼ੇਤਰ ਵਿਚ ਕਿਵੇਂ ਦਾਖ਼ਲ ਹੋ ਸਕਦਾ ਹੈ?

**ਦਾਦਾਸ਼੍ਰੀ** : ਜਦੋਂ ਕੋਈ ਵਿਅਕਤੀ ਗਿਆਨੀ ਪੁਰਸ਼ ਬਣ ਜਾਂਦਾ ਹੈ ਤਾਂ ਉਸ ਦੀ ਸਵੈ-ਇੱਛਾ ਬਣ ਜਾਂਦੀ ਹੈ। ਪੁਰਸ਼ ਬਨਣ ਤੋਂ ਬਾਅਦ ਹੀ ਪੁਰਸ਼ਾਰਥ ਸ਼ੁਰੂ ਹੁੰਦਾ ਹੈ। ਨਹੀਂ ਤਾਂ, ਜਨਮ ਤੋਂ ਮੌਤ ਤੱਕ ਹਰ ਕਾਰਜ ਹੀ ਜ਼ਰੂਰੀ ਹੈ, ਨਿਰਧਾਰਤ ਹੈ।

ਭਗਵਾਨ ਮਹਾਂਵੀਰ ਲਈ ਵੀ ਘਰ-ਤਿਆਗ 'ਜ਼ਰੂਰੀ' ਸੀ ਅਤੇ ਇਹੋ ਉਨ੍ਹਾਂ ਦੀ ਕਿਸਮਤ ਸੀ। ਉਨ੍ਹਾਂ ਦੀ ਇੱਛਾ ਇਸ ਫਰਜ਼ ਨਾਲ ਜੁੜੇ ਕਾਰਜ ਤੋਂ ਪੂਰੀ ਤਰ੍ਹਾਂ ਭਿੰਨ ਸੀ। ਉਨ੍ਹਾਂ ਨੇ ਕਿਉਂਕਿ ਮੁਕਤ-ਅਵਸਥਾ ਪ੍ਰਾਪਤ ਕਰ ਲਈ ਸੀ ਇਸ ਲਈ ਉਹ ਅਜ਼ਾਦ ਸਨ। ਉਹ ਪੁਰਸ਼ (ਗਿਆਨੀ ਪੁਰਸ਼) ਬਣ ਗਏ ਸਨ ਅਤੇ ਉਨ੍ਹਾਂ ਦੇ ਇੱਛਾ ਨਾਲ ਜੁੜੇ ਕਾਰਜ ਉਨ੍ਹਾਂ ਦੇ ਅੰਦਰ ਪ੍ਰਗਟ ਸਨ। ਪਰੰਤੂ ਜਿਥੋਂ ਤੱਕ ਬਾਹਰੀ ਜਗਤ ਦਾ ਸੰਬੰਧ ਹੈ ਉਹ ਜ਼ਿੰਮੇਵਾਰੀ ਨਾਲ ਬੱਝੇ ਹੋਏ ਸਨ। ਉਨ੍ਹਾਂ ਨੇ ਇਸ ਤੱਥ ਨੂੰ ਕਦੇ ਵੀ ਅੱਖੋਂ ਓਹਲੇ ਨਹੀਂ ਕੀਤਾ। ਉਨ੍ਹਾਂ ਆਪਣੀ

ਪਤਨੀ ਦਾ ਤਿਆਗ ਕਰ ਦਿੱਤਾ; ਇਹ ਪੂਰਵ-ਨਿਰਧਾਰਤ ਸੀ ਪਰੰਤੂ ਕਈ ਲੋਕ ਇਸ ਭੁਲੇਖੇ ਵਿਚ ਹਨ ਕਿ ਉਨ੍ਹਾਂ ਦਾ ਇਹ ਕਾਰਜ ਸਵੈ-ਇੱਛਾ ਨਾਲ ਕੀਤਾ ਕੰਮ ਸੀ।

ਤੁਸੀਂ ਜਨਮ-ਮਰਨ ਦੇ ਅਨੰਤ ਚੱਕਰ ਵਿਚੋਂ ਲੰਘੇ ਹੋਏ ਹੋ: ਇਹ ਸਭ ਮਜ਼ਬੂਰੀ ਸੀ। ਤੁਸੀਂ ਹਾਲੀਂ ਵੀ ਇਸ ਆਵਾਗਵਣ ਦੇ ਚੱਕਰ ਵਿਚ ਪਏ ਰਹੋਗੇ ਜਿੰਨੀ ਦੇਰ ਤੁਸੀਂ ਖ਼ੁਸ਼ਕਿਸਮਤੀ ਸਦਕਾ ਇਕ ਗਿਆਨੀ ਪੁਰਸ਼ ਦੇ ਸੰਪਰਕ ਵਿਚ ਨਹੀਂ ਆ ਜਾਂਦੇ। ਇਹ ਗਿਆਨੀ ਪੁਰਸ਼ ਤੁਹਾਨੂੰ ਆਵਾਗਵਣ ਦੇ ਇਸ ਚੱਕਰ ਤੋਂ ਮੁਕਤ ਕਰਵਾ ਦਿੰਦਾ ਹੈ

ਮੇਰੇ ਤੋਂ ਦੀਖਸ਼ਾ ਲੈਣ ਵਾਲੇ ਮਹਾਤਮਾ ਜਿੰਮੇਵਾਰੀ ਵਜੋਂ ਜੋ ਕਰਦੇ ਹਨ ਉਹ ਆਰਾਮਪ੍ਰਸਤੀ ਹੈ ਅਤੇ ਜੋ ਉਹ ਸਵੈ-ਇੱਛਾ ਨਾਲ ਕਰਦੇ ਹਨ ਉਹ ਮੁਕਤੀ ਦੇ ਦਰ ਵੱਲ ਲੈ ਜਾਂਦਾ ਹੈ; ਮੁਕਤੀ ਵੀ ਸ਼ਾਹੀ ਸ਼ਾਨ ਨਾਲ - ਇਹੋ ਜਿਹਾ ਹੈ ਦਾਦਾ ਭਗਵਾਨ ਦਾ ਅਕਰਮ ਗਿਆਨ।

## 91
## ਜਗਤ ਦੀ ਨੀਂਹ

**ਪ੍ਰਸ਼ਨ-ਕਰਤਾ** : ਇਕ ਪਾਸੇ ਤਾਂ ਧਰਮ ਗਰੰਥਾਂ ਵਿਚ ਇਹ ਲਿਖਿਆ ਮਿਲਦਾ ਹੈ ਕਿ ਜੀਵਾਤਮਾ ਅਕਰਤਾ ਹੈ ਪਰੰਤੂ ਜੇ ਇਹ ਠੀਕ ਹੈ ਤਾਂ ਫਿਰ ਜੀਵ ਇਸ ਸੰਸਾਰ ਅੰਦਰ ਆਵਾਗਵਣ ਦੇ ਚੱਕਰ ਵਿਚ ਕਿਵੇਂ ਪੈ ਜਾਂਦਾ ਹੈ? ਬਹੁਤ ਸਾਰੇ ਧਰਮ ਗਰੰਥਾਂ, ਪਵਿੱਤਰ ਪੁਸਤਕਾਂ ਅਤੇ ਮਤ (ਜਿਹਨਾਂ ਦਾ ਮੈਂ ਅਧਿਐਨ ਕੀਤਾ ਹੈ) ਵਿਚ ਮੈਨੂੰ ਇਸ ਗੱਲ ਦੀ ਕੋਈ ਸਪਸ਼ਟ ਵਿਆਖਿਆ ਪੜ੍ਹਨ ਲਈ ਨਹੀਂ ਮਿਲੀ।

**ਦਾਦਾਸ਼੍ਰੀ** : ਇਸ ਜਗਤ ਅੰਦਰ ਬਹੁਤ ਸਾਰੇ ਲੋਕ ਉਸ ਸਿਧਾਂਤ ਨੂੰ ਲੱਭਣ ਹਿਤ ਯਤਨ ਕਰਦੇ ਹਨ ਜਿਸ ਉਪਰ ਇਥੋਂ ਦਾ ਜਨਮ-ਮਰਨ ਦਾ ਚੱਕਰ ਆਧਾਰਤ ਹੈ ਪਰੰਤੂ ਇਸ ਨੂੰ ਲੱਭ ਸਕਣਾ ਅਤਿ ਕਠਿਨ ਕਾਰਜ ਹੈ। ਅਸਲ ਵਿਚ, ਇਸ ਸੰਸਾਰ ਅੰਦਰ ਆਵਾਗਵਣ ਦੇ ਚੱਕਰ ਦਾ ਆਧਾਰ ਸ਼ੁੱਧ ਆਤਮਾ ਨਹੀਂ ਹੈ ਸਗੋਂ ਪ੍ਰਤਿਸ਼ਠਿਤ-ਆਤਮਾ ਹੈ। ਕੁਦਰਤੀ ਗੱਲ ਹੈ ਕਿ ਇਸ ਸੰਸਾਰ ਅੰਦਰਲੇ ਆਵਾਗਵਣ ਦੀ ਸਹੀ ਨੀਂਹ ਦਾ ਪਤਾ ਤੁਹਾਨੂੰ ਮੇਰੇ ਰਾਹੀਂ ਹੀ ਲੱਗੇਗਾ।

**ਪ੍ਰਸ਼ਨ-ਕਰਤਾ** : ਜਦੋਂ ਤੁਸੀਂ ਆਪ ਹੀ ਸ਼ੁੱਧ ਆਤਮਾ ਹੋ ਜਿਹੜੀ ਕੋਈ ਕਰਮ ਨਹੀਂ ਕਰਦੀ ਤਾਂ ਫਿਰ ਜੀਵ ਦੇ ਅੰਦਰ ਉਹ ਕੀ ਚੀਜ ਹੈ ਜੋ ਇਹ ਸਾਰੀਆਂ ਅੰਦਰੂਨੀ, ਸੂਖ਼ਮ ਗਤੀਵਿਧੀਆਂ ਕਰਦੀ ਹੈ?

**ਦਾਦਾਸ਼੍ਰੀ** : ਇਹ ਸਾਰੀਆਂ ਗਤੀਵਿਧੀਆਂ ਦਾ ਨਿਰਬਾਹ ਪ੍ਰਤਿਸ਼ਠਿਤ ਆਤਮਾ ਦੁਆਰਾ ਹੁੰਦਾ ਹੈ। 'ਪ੍ਰਤਿਸ਼ਠਿਤ ਆਤਮਾ' ਤੋਂ ਭਾਵ ਹੈ ਪਿਛਲੇ ਜਨਮ ਵਿਚ ਕੀਤੇ ਗਏ ਅੰਦਰੂਨੀ ਕਰਮਾਂ ਤੋਂ

ਪੈਦਾ ਹੋਈ ਤਾਕਤ। ਪਿਛਲੇ ਜਨਮ ਵਿਚ ਵਿਅਕਤੀ ਆਪਣੇ ਕਰਮਾਂ ਰਾਹੀਂ ਜੋ ਵੀ ਕਮਾਉਂਦਾ ਹੈ ਉਹ ਇਸ ਜਨਮ ਵਿਚ ਪ੍ਰਤਿਸ਼ਠਿਤ ਆਤਮਾ ਦੀ ਸਿਰਜਣਾ ਅਤੇ ਬਣਤਰ ਦਾ ਕਾਰਨ ਬਣਦੇ ਹਨ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਇਹ ਪ੍ਰਤਿਸ਼ਠਿਤ ਆਤਮਾ ਕਿਵੇਂ ਹੋਂਦ ਵਿਚ ਆਈ?

**ਦਾਦਾਸ਼੍ਰੀ** : ਇਕ ਵਿਅਕਤੀ ਕਹਿੰਦਾ ਹੈ ਕਿ 'ਮੈਂ ਅਮਿਤ ਹਾਂ; ਇਹ ਸਰੀਰ ਮੇਰਾ ਹੈ; ਇਹ ਮਨ ਮੇਰਾ ਹੈ; ਅਤੇ ਜੋ ਕੁਝ ਵੀ ਵਾਪਰਿਆ ਇਸ ਦਾ ਕਰਤਾ ਵੀ ਮੈਂ ਹੀ ਹਾਂ।' ਇਹ ਸਭ ਪ੍ਰਤਿਸ਼ਠਿਤ ਹੈ ਅਤੇ ਇਹ ਪ੍ਰਤਿਸ਼ਠਿਤ ਆਤਮਾ ਸ਼ੁੱਧ ਆਤਮਾ ਦੇ ਨਾਲ ਹੀ ਅਗਲੇ ਜਨਮ ਵਿਚ ਚਲੀ ਜਾਦੀ ਹੈ।

ਜੀਵ ਹਰ ਥਾਂ ਜੋ ਵੀ ਕਰਮ ਕਰਦਾ ਹੈ ਇਹ ਪ੍ਰਤਿਸ਼ਠਿਤ ਆਤਮਾ ਉਨ੍ਹਾਂ ਉਪਰ ਛਾ ਜਾਂਦੀ ਹੈ। ਜੀਵ ਦੇ ਇਸ ਜਨਮ ਸਮੇਂ ਜਦੋਂ ਇਹ ਮਰ ਜਾਂਦੀ ਹੈ ਤਾਂ ਉਸ ਸਮੇਂ ਬੜੇ ਹੀ ਸੂਖ਼ਮ ਢੰਗ ਨਾਲ ਇਕ ਹੋਰ ਪ੍ਰਤਿਸ਼ਠਿਤ ਆਤਮਾ ਦਾ ਨਿਰਮਾਣ ਕਰ ਦਿੰਦੀ ਹੈ ਜਿਹੜੀ ਫਿਰ ਅਗਲੇ ਜਨਮ ਤਕ ਜੀਵ ਦੇ ਨਾਲ ਹੀ ਜਾਂਦੀ ਹੈ। ਜੀਵ ਇਸ ਸਾਰੇ ਮਸਲੇ ਨੂੰ ਕਿਵੇਂ ਸਮਝ ਸਕਦਾ ਹੈ? ਜੋ ਪੈਦਾ ਕੀਤਾ ਜਾਂਦਾ ਹੈ ਉਹ ਨਵੀਂ ਪ੍ਰਤਿਸ਼ਠਿਤ ਆਤਮਾ ਹੈ। ਅਸੀਂ ਇਸ ਨੂੰ ਕਿਵੇਂ ਸਮਝ ਸਕਦੇ ਹਾਂ?

ਜਦੋਂ ਇਕ ਵਿਅਕਤੀ ਦਾ ਅਹੰ (ਭਾਵ ਮੈਂ, ਹਉਮੈਂ) ਅਤੇ ਮੋਹ (ਭਾਵ ਮੇਰ) ਦੋਵੇਂ ਇਕੱਠੇ ਹੋ ਜਾਂਦੇ ਹਨ ਤਾਂ ਇਹ ਪ੍ਰਤਿਸ਼ਠਿਤ ਆਤਮਾ ਦਾ ਰੂਪ ਲੈ ਲੈਂਦੇ ਹਨ। ਜਿਥੇ ਅਹੰ ਅਤੇ ਮੇਰ ਦੀ ਭਾਵਨਾ ਨਹੀਂ ਹੈ ਉਥੇ ਕੋਈ ਆਵੇਸ਼ ਵੀ ਨਹੀਂ ਹੁੰਦਾ। ਇਹ 'ਮੈਂ" ਹਾਂ ਅਤੇ ਇਹ ਮੇਰਾ ਹੈ ਇਕ ਆਵੇਸ਼-ਪੂਰਣ ਰਿਸ਼ਤਾ ਹੈ। ਇਹ ਆਵੇਸ਼-ਯੁਕਤ ਲਗਾਵ ਦਾ ਨਾਂ ਹੀ ਪ੍ਰਤਿਸ਼ਠਿਤ ਆਤਮਾ ਹੈ। ਸ਼ੁੱਧ ਆਤਮਾ ਹਰ ਪ੍ਰਕਾਰ ਦੇ ਆਵੇਸ਼ ਤੋਂ ਮੁਕਤ ਹੁੰਦੀ ਹੈ।

**ਪ੍ਰਸ਼ਨ-ਕਰਤਾ** : ਹੇ ਪਰਮਾਤਮਾ! ਇਹ ਪ੍ਰਤਿਸ਼ਠਿਤ ਆਤਮਾ ਇਹ ਸਾਰੇ ਕਾਰਜ ਕਰਦੀ ਆ ਰਹੀ ਹੈ।

**ਦਾਦਾਸ਼੍ਰੀ** : ਸ਼ੁੱਧ ਆਤਮਾ ਅਕਰਤਾ ਹੈ: ਇਹ ਕੋਈ ਕਾਰਜ ਨਹੀਂ ਕਰਦੀ। ਤੁਰਨਾ-ਫਿਰਨਾ ਜਾਂ ਇਧਰ-ਉਧਰ ਹਿੱਲਣਾ/ਜਾਣਾ ਆਤਮਾ ਦੇ ਕਾਰਜ ਨਹੀਂ ਹਨ ਬਲਕਿ ਇਹ ਤਾਂ ਅਨਾਤਮਾ ਦੇ ਕਾਰਜ ਹਨ। ਆਤਮਾ (ਜਾਂ ਸਵੈ) ਰਾਤ ਦੇ ਸਮੇਂ ਜਾਂ ਦਿਨ ਦੇ ਸਮੇਂ ਸੌਂਦੇ ਨਹੀਂ: ਆਤਮਾ ਕਦੇ ਵੀ ਨਹੀਂ ਸੌਂਦੀ। ਅਨਾਤਮਾ ਵਾਲਾ ਹਿੱਸਾ ਸੌਂ ਜਾਂਦਾ ਹੈ। ਜਿਹੜਾ ਹਿੱਸਾ ਕਰਮ ਕਰਦਾ ਹੈ ਉਸ ਹਿੱਸੇ ਨੂੰ ਆਰਾਮ ਦੀ ਵੀ ਲੋੜ ਹੈ। ਸ਼ੁੱਧ ਆਤਮਾ ਕੋਈ ਕਰਮ ਹੀ ਨਹੀਂ ਕਰਦੀ। ਫਿਰ ਇਸ ਨੂੰ ਆਰਾਮ ਕਰਨ ਦੀ ਲੋੜ ਕਿਉਂ ਹੈ? ਆਰਾਮ ਕੌਣ ਕਰਦਾ ਹੈ? ਆਰਾਮ ਤਾਂ ਉਹੀ ਕਰਦਾ ਹੈ ਜਿਸ ਨੂੰ ਆਰਾਮ ਕਰਨ ਦੀ ਇੱਛਾ ਹੈ। ਅਜਿਹੀ ਇੱਛਾ ਵਾਲਾ ਕੌਣ ਹੈ? ਇਹ ਪ੍ਰਤਿਸ਼ਠਿਤ ਆਤਮਾ ਹੈ। ਇਹ ਕੌਣ ਜਾਣਦਾ ਹੈ ਕਿ ਕੀ ਪ੍ਰਤਿਸ਼ਠਿਤ ਆਤਮਾ ਨੇ ਗੂੜ੍ਹੀ ਨੀਂਦ

ਮਾਣ ਲਈ ਹੈ ਜਾਂ ਨਹੀਂ?

**ਪ੍ਰਸ਼ਨ-ਕਰਤਾ** : ਕੀ ਸ਼ੁੱਧ ਆਤਮਾ ਸਾਰਾ ਸਮਾਂ ਕੁਝ ਵੀ ਨਹੀਂ ਕਰਦੀ?

**ਦਾਦਾਸ਼੍ਰੀ** : ਸ਼ੁੱਧ ਆਤਮਾ ਕਦੇ ਵੀ ਪ੍ਰਤਿਸ਼ਠਿਤ ਆਤਮਾ ਦੇ ਕਿਸੇ ਵੀ ਕੰਮ ਵਿਚ ਦਖ਼ਲ-ਅੰਦਾਜ਼ੀ ਨਹੀਂ ਕਰਦੀ। ਇਹ ਸਿਰਫ਼ ਵੇਖਦੀ ਹੈ ਅਤੇ ਜਾਣਦੀ ਹੈ। ਇਹ ਸਾਰੀ ਦਖ਼ਲ-ਅੰਦਾਜ਼ੀ ਸਿਰਫ਼ ਪ੍ਰਤਿਸ਼ਠਿਤ ਆਤਮਾ ਦੁਆਰਾ ਹੀ ਕੀਤੀ ਜਾਂਦੀ ਹੈ। ਜਿਹੜਾ ਵਿਅਕਤੀ ਪ੍ਰਤਿਸ਼ਠਿਤ ਆਤਮਾ ਨੂੰ ਇਕ ਵਿਲੱਖਣ ਵਸਤੂ ਦੇ ਤੌਰ 'ਤੇ ਜਾਣਦਾ ਹੈ ਉਹ ਸ਼ੁੱਧ ਆਤਮਾ ਹੈ। ਪ੍ਰਤਿਸ਼ਠਿਤ ਆਤਮਾ ਦੇ ਉਦਗਮ ਹੋਣ ਦੇ ਪਿਛੇ ਕੀ ਕਾਰਨ ਹੈ? ਇਹ ਕਾਰਨ ਹੈ ਇਸ ਅਨਾਤਮ ਪ੍ਰਤੀ ਮੋਹ ਅਤੇ ਉਸ ਵਿਚ ਉਲਝਣਾ।

ਸ਼ੁੱਧ ਆਤਮਾ ਦੀ ਕੋਈ ਦਿਲਚਸਪੀ ਨਹੀਂ ਹੁੰਦੀ; ਇਸ ਦਾ ਕੋਈ ਮੋਹ ਜਾਂ ਬੰਧਨ ਨਹੀਂ। ਇਹ ਤਾਂ ਗਿਆਤਾ ਹੈ, ਦ੍ਰਸ਼ਟਾ ਵੀ ਅਤੇ ਸਵੈ-ਆਨੰਦ ਵੀ। ਸ਼ੁੱਧ ਆਤਮਾ ਸਵੈ-ਪ੍ਰਕਾਸ਼ਤ ਹੈ ਅਤੇ ਦੂਸਰਿਆਂ ਨੂੰ ਵੀ ਪ੍ਰਕਾਸ਼ਵਾਨ ਕਰਦੀ ਹੈ। ਸ਼ੁੱਧ ਆਤਮਾ ਪ੍ਰਤਿਸ਼ਠਿਤ ਆਤਮਾ ਨੂੰ ਵੇਖਦੀ ਵੀ ਹੈ ਅਤੇ ਜਾਣਦੀ ਵੀ। ਇਸ ਲਈ, ਪ੍ਰਤਿਸ਼ਠਿਤ ਆਤਮਾ ਜਾਣੀ ਜਾਣ ਵਾਲੀ ਵਸਤੂ ਹੈ। ਸ਼ੁੱਧ ਆਤਮਾ ਅਤੇ ਪ੍ਰਤਿਸ਼ਠਿਤ ਆਤਮਾ ਵਿਚਕਾਰ ਰਿਸ਼ਤਾ ਸਿਰਫ਼ ਜਾਨਣਹਾਰ (ਜੋ ਜਾਣਦਾ ਹੋਵੇ) ਅਤੇ ਜਾਣੀ ਜਾ ਸਕਣ ਵਸਤੂ ਵਾਲਾ ਹੈ।

**ਪ੍ਰਸ਼ਨ-ਕਰਤਾ** : ਫਿਰ ਦੁੱਖ ਕੌਣ ਭੋਗਦਾ ਹੈ?

**ਦਾਦਾਸ਼੍ਰੀ** : ਦੁੱਖ ਤੁਸੀਂ ਭੋਗਦੇ ਹੋ? ਕੀ ਤੁਸੀਂ ਆਤਮਾ ਨਹੀਂ ਹੋ? ਤੁਸੀਂ ਆਤਮਾ ਹੋ ਪਰ ਤੁਸੀਂ ਇਕ ਪ੍ਰਤਿਸ਼ਠਿਤ ਆਤਮਾ ਹੋ। ਤੁਸੀਂ ਅਸਲੀ, ਸ਼ੁੱਧ ਆਤਮਾ ਨੂੰ ਜਾਣਿਆ ਅਤੇ ਪਹਿਚਾਣਿਆ ਹੀ ਨਹੀਂ। ਫਿਰ ਤੁਸੀਂ ਸ਼ੁੱਧ ਆਤਮਾ ਨੂੰ ਵਿਸਥਾਰ ਵਿਚ ਕਿਵੇਂ ਸਮਝ/ਸਮਝਾ ਸਕਦੇ ਹੋ? ਪਰੰਤੂ ਹਾਂ, ਜੇਕਰ ਤੁਸੀਂ ਸ਼ੁੱਧ ਆਤਮਾ ਨੂੰ ਜਾਣਦੇ ਹੋ ਅਤੇ ਪਹਿਚਾਣਦੇ ਹੋ ਅਤੇ ਹਮੇਸ਼ਾ ਇਸ ਅੰਦਰ ਹੀ ਵਿਚਰਦੇ ਹੋ ਤਾਂ ਤੁਸੀਂ ਸ਼ੁੱਧ ਆਤਮਾ ਹੋ। ਪਰੰਤੂ ਜੇਕਰ ਤੁਹਾਡਾ ਵਿਸ਼ਵਾਸ਼ ਬਣਿਆ ਹੋਇਆ ਹੈ ਕਿ 'ਤੁਸੀਂ ਅਮਿਤ ਹੋ, ਅਤੇ ਇਹ ਸਰੀਰ ਵੀ ਤੁਹਾਡਾ ਹੈ' ਤਾਂ ਤੁਸੀਂ ਪ੍ਰਤਿਸ਼ਠਿਤ ਆਤਮਾ ਹੋ। ਤੁਸੀਂ ਆਪਣੇ ਹਉਮੈਂ ਅਤੇ ਮੋਹ ਦੇ ਬੰਧਨ ਦਾ ਨਿਰਮਾਣ ਕਰਕੇ ਉਸ ਨੂੰ ਸਥਿਰ ਸਥਾਪਤ ਕਰ ਲਿਆ ਹੈ। ਇੰਝ ਤੁਸੀਂ ਪ੍ਰਤਿਸ਼ਠਿਤ ਆਤਮਾ ਬਣ ਜਾਂਦੇ ਹੋ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਕ ਉਦਾਹਰਣ ਦੀ ਸਹਾਇਤਾ ਨਾਲ ਸਮਝਾਉ।

**ਦਾਦਾਸ਼੍ਰੀ** : ਜਾਪਾਨੀਆਂ ਨੇ ਇਕ ਵਾਰ ਇਕ ਕਾਰ ਦਾ ਨਿਰਮਾਣ ਕੀਤਾ ਅਤੇ ਉਸ ਵਿਚ ਅਜਿਹਾ ਪ੍ਰੋਗਰਾਮ ਭਰ ਦਿੱਤਾ ਕਿ ਇਹ ਪੰਜ ਕਿਲੋਮੀਟਰ ਚੱਲਣ ਤੋਂ ਬਾਅਦ ਹੀ ਰੁਕੇ। ਚਾਰ ਵਿਅਕਤੀ ਕਾਰ ਵਿਚ ਸਵਾਰ ਹੋ ਗਏ। ਕਾਰ ਨੇ ਚੱਲਣਾ ਸ਼ੁਰੂ ਕਰ ਦਿੱਤਾ ਕਿਉਂਕਿ ਇਸ ਵਿਚ

ਪ੍ਰੋਗਰਾਮ ਹੀ ਭਰਿਆ ਗਿਆ ਸੀ। ਉਹ ਹਾਲੇ ਡੇਢ ਕਿਲੋਮੀਟਰ ਹੀ ਗਏ ਸਨ ਕਿ ਉਨ੍ਹਾਂ ਨੇ ਰਸਤੇ ਵਿਚ ਉਸ ਵਿਅਕਤੀ ਨੂੰ ਵੇਖਿਆ ਜਿਸ ਨੂੰ ਮਿਲਣ ਲਈ ਉਹ ਕਾਰ ਵਿਚ ਜਾ ਰਹੇ ਸਨ। ਉਸ ਨੇ ਕਿਹਾ: "ਹੈਲੋ! ਜੈ ਸਚਿਦਾਨੰਦ ਹੇ! ਤੁਸੀਂ ਹੋ? ਰੁਕ ਜਾਉ। ਇਥੇ ਹੀ ਰੁਕ ਜਾਉ।" ਪਰੰਤੂ ਉਹ ਕਿਵੇਂ ਰੁਕ ਸਕਦੇ ਸਨ ਕਿਉਂਕਿ ਉਨ੍ਹਾਂ ਦੀ ਕਾਰ ਤਾਂ ਨਿਰਮਾਣ ਵੇਲੇ ਪਾਏ ਗਏ ਪ੍ਰੋਗਰਾਮ ਦੇ ਮੁਤਾਬਕ ਪੰਜ ਕਿਲੋਮੀਟਰ ਦਾ ਸਫ਼ਰ ਤਹਿ ਕਰਨ ਤੋਂ ਪਹਿਲਾਂ ਰੁਕ ਹੀ ਨਹੀਂ ਸੀ ਸਕਦੀ?

**ਪ੍ਰਸ਼ਨ-ਕਰਤਾ** : ਸ਼ਾਇਦ ਉਹ ਯੂ-ਟਰਨ ਲੈ ਲੈਣ - ਹੋ ਸਕਦਾ ਹੈ।

**ਦਾਦਾਸ਼੍ਰੀ** : ਇਹ ਮਾਮਲਾ ਆਪਣੀ ਆਪਣੀ ਸਮਝ ਦਾ ਹੈ। ਉਹ ਵਿਅਕਤੀ ਉਨ੍ਹਾਂ ਨੂੰ ਰੁਕਣ ਲਈ ਕਹੇਗਾ ਅਤੇ ਕਾਰ ਵਿਚ ਸਵਾਰ ਵਿਅਕਤੀ ਲਗਾਤਾਰ ਗੋਲ ਗੋਲ ਚੱਕਰ ਕਟਦੇ ਰਹਿਣਗੇ। ਇਹ ਸੰਸਾਰ ਵੀ ਕੁਝ ਇਹੋ ਜਿਹਾ ਹੀ ਹੈ। ਕਾਰ ਵਿਅਕਤੀ ਨੇ ਖ਼ੁਦ ਨਿਰਮਾਣ ਕੀਤੀ ਸੀ ਪਰੰਤੂ ਕਿੱਡੀ ਹਾਸੋਹੀਣੀ ਗੱਲ ਹੈ ਕਿ ਹੁਣ ਉਹੀ ਵਿਅਕਤੀ ਉਸ ਕਾਰ ਨੂੰ ਆਪਣੀ ਇੱਛਾ ਅਨੁਸਾਰ ਰੋਕ ਨਹੀਂ ਸਕਦਾ। ਅਤੇ, ਯੂ-ਟਰਨ ਲੈਂਦੀ ਹੋਈ ਕਾਰ ਚੱਕਰ ਕਟਦੀ ਰਹਿੰਦੀ ਹੈ। ਵਿਅਕਤੀ ਪ੍ਰਤਿਸ਼ਠਿਤ ਆਤਮਾ ਦੀ ਸਥਾਪਨਾ ਵੀ ਆਪ ਹੀ ਕਰਦਾ ਹੈ ਪਰੰਤੂ ਜਦੋਂ ਇਹ ਕੁਦਰਤੀ ਢੰਗ ਨਾਲ ਪ੍ਰਗਟ ਹੋਣੀ ਆਰੰਭ ਹੁੰਦੀ ਹੈ ਤਾਂ ਵਿਅਕਤੀ ਆਪਣੀ ਹੀ ਕਿਰਤ ਦੇ ਜਾਲ ਵਿਚ ਉਲਝ ਕੇ ਰਹਿ ਜਾਂਦਾ ਹੈ।

ਜੋ ਸੁਣਦਾ ਹੈ ਉਹ ਪ੍ਰਤਿਸ਼ਠਿਤ ਆਤਮਾ ਹੈ; ਜੋ ਵੇਖਦਾ ਅਤੇ ਜਾਣਦਾ ਹੈ, ਪਹਿਚਾਣਦਾ ਅਤੇ ਅਨੁਭਵ ਕਰਦਾ ਹੈ ਉਹ ਸ਼ੁੱਧ ਆਤਮਾ ਹੈ। ਇੰਦਰੀਆਂ ਦੇ ਰਾਹੀਂ ਹਾਸਲ ਕੀਤਾ ਗਿਆ ਗਿਆਨ ਪ੍ਰਤਿਸ਼ਠਿਤ ਆਤਮਾ ਦਾ ਗਿਆਨ ਹੈ ਅਤੇ ਜਿਹੜਾ ਗਿਆਨ ਇਨ੍ਹਾਂ ਪੰਜਾਂ ਇੰਦਰੀਆਂ ਦੀ ਪਹੁੰਚ ਤੋਂ ਪਰ੍ਹੇ ਹੈ ਉਹ ਸ਼ੁੱਧ ਆਤਮਾ ਦਾ ਗਿਆਨ ਹੈ। ਪ੍ਰਤਿਸ਼ਠਿਤ ਆਤਮਾ ਸੀਮਿਤ ਅਤੇ ਅਸਿੱਧੇ ਗਿਆਨ ਦਾ ਰੂਪ ਹੈ। ਸ਼ੁੱਧ ਆਤਮਾ ਅਸੀਮਿਤ ਅਤੇ ਸਿੱਧਾ ਗਿਆਨ ਹੈ। ਪ੍ਰਤਿਸ਼ਠਿਤ ਆਤਮਾ ਦੁਆਰਾ ਚਾਰਜ ਕੀਤੀਆਂ ਗਈਆਂ ਸ਼ਕਤੀਆਂ ਡਿਸਚਾਰਜ ਹੋ ਜਾਂਦੀਆਂ ਹਨ।

ਅੰਤ ਵਿਚ ਪ੍ਰਤਿਸ਼ਠਿਤਾ ਅਤੇ ਸ਼ੁੱਧ ਆਤਮਾ ਵੱਖ-ਵੱਖ ਹੋ ਜਾਣਗੀਆਂ ਅਤੇ ਮੁਕਤੀ ਦੇ ਉਸ ਪਲ ਸ਼ੁੱਧ ਆਤਮਾ ਸਰੀਰ ਦੇ ਮੁਕਾਬਲੇ ਨਿਰਾਕਾਰ ਹੋਵੇਗੀ ਪਰੰਤੂ ਫਿਰ ਵੀ ਇਸ ਦਾ ਆਕਾਰ ਹੈ, ਰੂਪ ਹੈ।

ਸਾਰੀਆਂ ਹੀ ਗਤੀਵਿਧੀਆਂ, ਇੰਦਰੀਆਂ ਦਾ ਅਤੇ ਸੂਖ਼ਮ ਲੈਣ-ਦੇਣ ਸਭ ਪ੍ਰਤਿਸ਼ਠਿਤ ਆਤਮਾ ਨਾਲ ਸੰਬੰਧਤ ਹਨ। ਕੋਈ ਲੁੱਟ ਨਹੀਂ ਸਕਦਾ ਅਤੇ ਨਾ ਹੀ ਕੋਈ ਲੁੱਟਿਆ ਜਾਂਦਾ ਹੈ। ਲੈਣ-ਦੇਣ ਨਾਲ ਸੰਬੰਧਤ ਸਾਰੀਆਂ ਗਤੀਵਿਧੀਆਂ ਜੋ ਇਸ ਸੰਸਾਰ ਵਿਚ ਹੁੰਦੀਆਂ ਹਨ ਉਹ ਸਭ ਪ੍ਰਤਿਸ਼ਠਿਤ ਆਤਮਾ ਦੀ ਸਥਾਪਨਾ ਦਾ ਹੀ ਲੈਣ-ਦੇਣ ਹੈ।

**ਪ੍ਰਸ਼ਨ-ਕਰਤਾ** : ਜੇਕਰ ਅਸੀਂ ਕਿਸੇ ਜਾਨਦਾਰ ਜੀਵ ਦੀ ਜਾਨ ਲੈ ਲੈਂਦੇ ਹਾਂ ਤਾਂ ਕੀ ਇਹ ਪਾਪ ਹੈ ਜਾਂ ਨਹੀਂ?

**ਦਾਦਾਸ਼੍ਰੀ** : ਜੇਕਰ ਤੁਸੀਂ ਪ੍ਰਤਿਸ਼ਠਿਤ ਆਤਮਾ ਨੂੰ ਸਾੜ ਦਿੰਦੇ ਹੋ ਤਾਂ ਤੁਸੀਂ ਇਕ ਬੱਜਰ ਪਾਪ ਕਰ ਰਹੇ ਹੁੰਦੇ ਹੋ। ਪਰੰਤੂ ਉਹ ਕਿਵੇਂ? ਕਿਉਂਕਿ ਜੀਵ ਦਾ ਆਪਣਾ ਪ੍ਰਪੱਕ ਵਿਸ਼ਵਾਸ ਜੀਵ ਦੇ ਆਪਣੇ ਅਸਲੀ ਸਵੈ ਉਪਰ ਭਾਰੂ ਕਰ ਦਿੱਤਾ ਗਿਆ ਹੁੰਦਾ ਹੈ। ਜੇ ਤੁਸੀਂ ਇਸ ਮੇਜ਼ ਨੂੰ ਅੱਗ ਲਗਾ ਕੇ ਸਾੜ ਦਿਉ ਤਾਂ ਇਹ ਪਾਪ ਨਹੀਂ ਹੈ। ਪਰੰਤੂ ਇਸ ਵਿਚ ਕਿਸੇ ਵਿਅਕਤੀ ਦੀ ਮਲਕੀਅਤ ਦਾ ਵੀ ਪ੍ਰਸ਼ਨ ਆਉਂਦਾ ਹੈ ਅਤੇ ਉਹ ਕਹਿੰਦਾ ਹੈ ਕਿ 'ਇਹ ਮੇਜ਼ ਮੇਰਾ ਹੈ", ਤਾਂ ਫਿਰ ਇਹ ਪਾਪ ਹੈ।

ਵਿਅਕਤੀ ਦੀ ਮਲਕੀਅਤ ਦੀ, ਮੇਰ ਦੀ ਭਾਵਨਾ ਤਬਦੀਲ ਹੋ ਜਾਂਦੀ ਹੈ ਜਦੋਂ ਉਹ ਇਹ ਮੰਨ ਲੈਂਦਾ ਹੈ ਕਿ ਇਹ ਵਸਤੂ ਮੇਰੀ ਨਹੀਂ ਬਲਕਿ ਮੈਂ ਇਸ ਨੂੰ ਮਾਨਣ ਵਾਲਾ ਹਾਂ। ਮਲਕੀਅਤ ਦੀ, ਮੇਰ ਦੀ ਇਹ ਭਾਵਨਾ ਉਪਰ ਹੁਣ 'ਮੈਂ ਮਾਣਦਾ ਹਾਂ' ਦੇ ਤੌਰ ਦੇ ਰੂਪ ਵਿਚ ਹਾਵੀ ਹੋ ਜਾਂਦੀ ਹੈ। ਇਹ ਦੁਨਿਆਵਾਂ ਵਸਤਾਂ ਪ੍ਰਤੀ ਮਲਕੀਅਤ ਦਾ ਵਿਸ਼ਵਾਸ਼ ਹੋਰ ਕੁਝ ਨਹੀਂ ਸਿਰਫ਼ ਇਨ੍ਹਾਂ ਵਸਤਾਂ ਨੂੰ ਮਾਣਦੇ ਹੋਏ ਇਨ੍ਹਾਂ ਪ੍ਰਤੀ ਪੈਦਾ ਹੋਏ ਮੋਹ ਦਾ ਨਤੀਜਾ ਹੈ। ਮਨੁੱਖ ਸਿਰਫ਼ ਉਸੇ ਹਾਵੀ ਹੋਈ ਭਾਵਨਾ ਦਾ ਫਲ ਭੋਗਦਾ ਹੈ। ਜੇ ਤੁਸੀਂ ਕਿਸੇ ਵੀ ਵਸਤੂ/ਭਾਵਨਾ ਉਪਰ ਖੁਸ਼ੀ ਦੀ ਭਾਵਨਾ ਨੂੰ ਹਾਵੀ ਕਰ ਦਿੰਦੇ ਹੋ ਤਾਂ ਤੁਹਾਨੂੰ ਇੰਝ ਜਾਪਣ ਲਗਦਾ ਹੈ ਮਾਨੋ ਤੁਸੀਂ ਇਸ ਵਸਤੂ ਤੋਂ ਹੀ ਖੁਸ਼ੀ ਪ੍ਰਾਪਤ ਕਰ ਰਹੇ ਹੋ। ਨਾ-ਪਸੰਦਗੀ ਵੀ ਭੂਤਕਾਲ ਵਿਚ ਇਸ ਤਰ੍ਹਾਂ ਹਾਵੀ ਕੀਤੀ ਕਿਸੇ ਭਾਵਨਾ ਦਾ ਹੀ ਫਲ ਹੈ। ਵਿਭਿੰਨ ਵਸਤਾਂ ਵਿਚ ਤੁਹਾਨੂੰ ਦਿਸਦੀ ਖੁਸ਼ੀ ਜਾਂ ਨਾ-ਖੁਸ਼ੀ ਭੂਤਕਾਲ ਵਿਚ ਕਿਸੇ ਅਜਿਹੀ ਕਾਲਪਨਿਕ ਭਾਵਨਾ ਦਾ ਹੀ ਨਤੀਜਾ ਹਨ।

**ਪ੍ਰਸ਼ਨ-ਕਰਤਾ** : ਇਹ ਵੀ ਕਿਹਾ ਜਾਂਦਾ ਹੈ ਕਿ ਸ਼ੁੱਧ ਆਤਮਾ ਸਿਰਫ਼ ਅਨੁਭਵ ਕਰ ਸਕਦੀ ਹੈ।

**ਦਾਦਾਸ਼੍ਰੀ** : ਸ਼ੁੱਧ ਆਤਮਾ ਕਦੇ ਵੀ ਅਜਿਹੀ ਵਸਤੂ ਨਹੀਂ ਰਹੀ ਜਿਹੜੀ ਅਨੁਭਵ ਕਰਦੀ ਹੋਵੇ ਜਾਂ ਕਰਤਾ ਹੋਵੇ ਜਾਂ ਮਾਨਣਹਾਰਾ ਹੋਵੇ। ਸ਼ੁੱਧ ਆਤਮਾ ਅਤੇ ਮੋਹ ਦਾ ਅਨੁਭਵ ਦੋਵੇਂ ਪ੍ਰਸਪਰ ਵਿਰੋਧੀ ਹਨ। ਮੋਹ ਦੇ ਅਨੁਭਵ ਨੂੰ ਇਕ ਕਰਤਾ ਦੇ ਤੌਰ 'ਤੇ ਵੇਖਣਾ ਜਾਂ ਇਕ ਮਾਨਣਹਾਰੇ ਦੇ ਤੌਰ 'ਤੇ ਵੇਖਣਾ ਅਸਲ ਵਿਚ ਪ੍ਰਤਿਸ਼ਠਿਤ ਆਤਮਾ ਦਾ ਹੀ ਅਨੁਭਵ ਹੈ। ਇਹ ਗਤੀਵਿਧੀ ਜਾਂ ਤਾਂ ਅੱਖਾਂ ਨਾਲ ਵੇਖੀ ਜਾਂਦੀ ਹੈ ਜਾਂ ਇੰਦਰੀਆਂ ਰਾਹੀਂ ਅਨੁਭਵ ਕੀਤੀ ਜਾਂਦੀ ਹੈ ਪਰੰਤੂ ਇਸ ਦਾ ਸ਼ੁੱਧ ਆਤਮਾ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਹੋ ਜਿਹੀਆਂ ਗਤੀਵਿਧੀਆਂ/ਕਾਰਜਾਂ ਦਾ ਸੰਬੰਧ ਪ੍ਰਤਿਸ਼ਠਿਤ ਆਤਮਾ ਨਾਲ ਹੈ।

ਸ਼ੁੱਧ ਆਤਮਾ ਦਾ ਕਾਰਜ ਤਾਂ ਸਿਰਫ਼ ਵੇਖਣਾ ਅਤੇ ਜਾਨਣਾ ਹੀ ਹੈ। ਇਸ ਪਾਸ

ਅਨੰਤ ਅਤੇ ਅਸੀਮਿਤ ਸ਼ਕਤੀ ਹੈ ਅਤੇ ਇਸ ਦੀ ਗਿਆਨ-ਯੁਕਤ ਸ਼ਕਤੀ ਵੀ ਅਨੰਤ ਹੈ। ਪਰੰਤੂ ਇਹ ਸਮਝ ਜੀਵ ਨੂੰ ਸਿਰਫ਼ ਉਦੋਂ ਹੀ ਆਉਂਦੀ ਹੈ ਜਦੋਂ ਉਹ ਸ਼ੁੱਧ ਆਤਮਾ ਪ੍ਰਾਪਤ ਕਰ ਲੈਂਦਾ ਹੈ। ਸਿਰਫ਼ ਉਦੋਂ ਹੀ ਜੀਵ ਨੂੰ ਇਹ ਸਮਝ ਆਉਂਦੀ ਹੈ ਕਿ ਸ਼ੁੱਧ ਆਤਮਾ ਅਕਰਮਕ ਹੈ – ਕਰਤਾ ਨਹੀਂ। ਜੀਵ ਪ੍ਰਤਿਸ਼ਠਿਤ ਆਤਮਾ ਹੈ : ਇਸੇ ਕਰਕੇ ਉਹ ਉਸ ਸਮੇਂ ਤੱਕ ਕਰਤਾ ਅਤੇ ਮਾਨਣਹਾਰਾ ਹੋਣ ਦੀ ਭਾਵਨਾ ਵਿਚ ਡੁੱਬਿਆ ਰਹਿੰਦਾ ਹੈ ਜਦੋਂ ਤਕ ਕਿ ਉਹ ਸ਼ੁੱਧ ਆਤਮਾ ਸਰੂਪ ਨਹੀਂ ਬਣ ਜਾਂਦਾ। ਇਕ ਮਾਨਣਹਾਰਾ ਹੋਣ ਦੀ ਅਵਸਥਾ ਦੌਰਾਨ ਉਹ ਕਰਤਾ ਦਾ ਰੋਲ ਅਪਣਾ ਲੈਂਦਾ ਹੈ ਅਤੇ ਇੰਝ ਇਕ ਨਵਾਂ ਵਿਅਕਤਿਤਵ ਬਣਾ ਲੈਂਦਾ ਹੈ ਅਤੇ ਅਗਲੇ ਜਨਮ ਲਈ ਇਕ ਨਵੀਂ ਪ੍ਰਤਿਸ਼ਠਿਤ ਆਤਮਾ ਨੂੰ ਵੀ ਸਥਾਪਤ ਕਰ ਲੈਂਦਾ ਹੈ। ਉਹ ਆਪਣੇ ਲਈ ਇਕ ਨਵੇਂ ਬੁੱਤ ਨੂੰ ਘੜ ਲੈਂਦਾ ਹੈ ਅਤੇ ਦੁਨੀਆਦਾਰੀ ਦੇ ਉਸੇ ਪੁਰਾਣੇ ਖਲਜਗਣ ਵਿਚ ਉਲਝ ਜਾਂਦਾ ਹੈ।

ਸ਼ੁੱਧ ਆਤਮਾ ਸਿਰਫ਼ ਦ੍ਰਸ਼ਟਾ ਹੈ : ਇਹ ਸਿਰਫ਼ ਵੇਖਦੀ ਹੈ ਅਤੇ ਜਾਣਦੀ ਹੈ।

**ਪ੍ਰਸ਼ਨ-ਕਰਤਾ** : ਇਹ ਕਿਉਂ ਹੈ ਕਿ ਹਰ ਵਿਅਕਤੀ ਨੂੰ ਸਿਰਫ਼ ਆਪਣਾ ਚਿਹਰਾ ਹੀ ਪਸੰਦ ਹੈ?

**ਦਾਦਾਸ਼੍ਰੀ** : ਪ੍ਰਤਿਸ਼ਠਿਤ ਆਤਮਾ ਨੇ ਇਸ ਢਾਂਚੇ ਨੂੰ ਪਾਲਿਆ ਹੈ। ਇਸੇ ਕਰਕੇ ਹਰ ਵਿਅਕਤੀ ਸ਼ੀਸ਼ੇ ਵਿਚ ਪ੍ਰਤਿਬਿੰਬਤ ਸਿਰਫ਼ ਆਪਣੇ ਚਿਹਰੇ ਨੂੰ ਹੀ ਪਸੰਦ ਕਰਦਾ ਹੈ। ਜੇ ਇੰਝ ਨਾ ਹੋਵੇ ਤਾਂ ਕੋਈ ਵੀ ਆਪਣੇ ਚਿਹਰੇ ਨੂੰ ਪਸੰਦ ਨਾ ਕਰੇ। ਇਹ ਸਮੁੱਚਾ ਕਾਲਪਨਿਕ ਵਿਸ਼ਵਾਸ ਪ੍ਰਤਿਸ਼ਠਿਤ ਆਤਮਾ ਦੀ ਕਿਰਤ ਹੈ।

**ਪ੍ਰਸ਼ਨ-ਕਰਤਾ** : ਕਰਮ ਬੰਧਨ ਕਿਵੇਂ ਬਣਦੇ ਹਨ?

**ਦਾਦਾਸ਼੍ਰੀ** : ਜਿੰਨੀ ਦੇਰ ਪ੍ਰਤਿਸ਼ਠਿਤ ਆਤਮਾ ਦਾ ਇਹ ਵਿਸ਼ਵਾਸ ਕਾਇਮ ਹੈ ਕਿ 'ਮੈਂ' ਹੀ ਕਰਤਾ ਹਾਂ' ਉਨੀ ਦੇਰ ਵਿਅਕਤੀ ਕਰਮਾਂ ਦੇ ਬੀਜ ਬੀਜਦਾ ਰਹਿੰਦਾ ਹੈ। ਇੰਝ ਹਰ ਵਿਅਕਤੀ ਆਪਣੇ ਅਗਲੇ ਜਨਮ ਨੂੰ ਘੜਦਾ ਹੈ। ਜੋ ਬੀਜੋਗੇ ਉਹੀ ਵੱਢੋਗੇ। ਤੁਹਾਡੀ ਅਗਲੀ ਜੂਨ ਕੀ ਹੋਵੇਗੀ ਇਹ ਗੱਲ ਤੁਹਾਡੇ ਦੁਆਰਾ ਪ੍ਰਤਿਸ਼ਠਿਤਾ ਦੀ ਸਥਾਪਨਾ ਉਪਰ ਨਿਰਭਰ ਕਰਦਾ ਹੈ। ਤੁਹਾਡੇ ਦੁਆਰਾ ਪ੍ਰਤਿਸ਼ਠਿਤਾ ਦੀ ਸਥਾਪਨਾ ਹੀ ਤੁਹਾਡੀ ਪ੍ਰਤਿਸ਼ਠਿਤ ਆਤਮਾ ਹੈ। ਉਸੇ ਆਤਮਾ ਨੂੰ ਹੀ ਜੀਵਾਤਮਾ ਭਾਵ ਵਿਵਹਾਰ ਆਤਮਾ ਜਾਂ ਸਭ ਦੀ ਕਰਤਾ ਕਿਹਾ ਜਾਂਦਾ ਹੈ।

ਸਮੁੱਚਾ ਸੰਸਾਰ ਹੀ ਸੱਚ ਦੀ ਭਾਲ ਵਿਚ ਹੱਥ-ਪੈਰ ਮਾਰ ਰਿਹਾ ਹੈ। ਮਹਾਨ ਆਤਮਾ ਜਿਹੜੀ ਸਾਡੇ ਅੰਦਰ ਬਿਰਾਜਮਾਨ ਹੈ ਉਹ ਸਤਿ ਹੈ ਪਰੰਤੂ ਇਸ ਸੰਸਾਰ ਵਿਚ ਕਿਸੇ ਨੇ ਵੀ ਅਸਲੀ ਆਤਮਾ ਨੂੰ ਨਹੀਂ ਲੱਭਾ। ਜੋ ਸੰਸਾਰ ਨੂੰ ਲੱਭਾ ਹੈ ਉਹ ਸਾਪੇਖ ਆਤਮਾ ਹੈ ਅਤੇ ਉਹ ਖੋਜ ਵੀ ਅਧੂਰੀ ਹੈ। ਇਹ ਸਾਪੇਖ ਆਤਮਾ ਪ੍ਰਤਿਸ਼ਠਿਤ ਆਤਮਾ ਹੀ ਹੈ।

ਤੀਬਰ ਆਸਾਂ ਅਤੇ ਉਮੀਦਾਂ ਰੱਖਣ ਤੋਂ ਬਿਨਾਂ ਪ੍ਰਤਿਸ਼ਠਿਤ ਆਤਮਾ ਕੋਲ ਹੋਰ ਕੋਈ

ਸ਼ਕਤੀ ਨਹੀਂ ਹੈ।

ਆਤਮਾਵਾਂ ਜਿਹੜੀਆਂ ਵਿਕਾਸਾਤਮਕ ਚੱਕਰ ਵਿਚ ਨਹੀਂ ਪਈਆਂ ਅਤੇ ਅਵਿਵਹਾਰ ਰਾਸ਼ੀ ਵਿਚ ਹੀ ਹਨ ਉਹ ਹਮੇਸ਼ਾ ਪ੍ਰਤਿਸ਼ਠਿਤ ਆਤਮਾਵਾਂ ਹੀ ਰਹਿੰਦੀਆਂ ਹਨ। ਅਵਿਵਹਾਰ ਰਾਸ਼ੀ ਵਿਚ ਜੀਵ-ਜੂਨਾਂ, ਭਾਵ ਉਹ ਜਿਨ੍ਹਾਂ ਨੂੰ ਹਾਲੀਂ ਕੋਈ ਨਾਮ ਜਾਂ ਸ਼੍ਰੇਣੀ ਨਹੀਂ ਮਿਲੀ, ਇਕ ਨਾਮ ਉਦੋਂ ਹੀ ਪ੍ਰਾਪਤ ਕਰਦੀਆਂ ਹਨ ਜਦੋਂ ਉਹ ਵਿਵਹਾਰ ਰਾਸ਼ੀ ਵਿਚ ਪਹੁੰਚਦੀਆਂ ਹਨ। ਇਸ ਤੋਂ ਬਾਅਦ ਉਨ੍ਹਾਂ ਦਾ ਅੱਗੋਂ ਵਿਕਾਸ (ਵਿਵਸਥਤਾ) ਆਰੰਭ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਅੰਤਹਕਰਣ, ਪ੍ਰਤਿਸ਼ਠਿਤ ਆਤਮਾ ਅਤੇ ਸ਼ੁੱਧ ਆਤਮਾ ਕਿਵੇਂ ਕੰਮ ਕਰਦੇ ਹਨ? ਇਨ੍ਹਾਂ ਦਾ ਪ੍ਰਸਪਰ ਸੰਬੰਧ ਕੀ ਹੈ?

**ਦਾਦਾਸ਼੍ਰੀ** : ਪ੍ਰਤਿਸ਼ਠਿਤ ਆਤਮਾ ਅੰਤਹਕਰਣ ਦੀ ਮਾਲਕ ਹੈ ਭਾਵੇਂ ਇਨ੍ਹਾਂ ਦੇ ਰੂਪ ਵਖੋ ਵੱਖਰੇ ਹਨ। ਇਹ ਮਨ, ਬੁੱਧੀ, ਚਿੱਤ ਅਤੇ ਹਉਮੈਂ ਤੋਂ ਵੀ ਭਿੰਨ ਹੈ। ਮਨ ਕਹਿੰਦਾ ਹੈ 'ਮੈਂ ਕੁਝ ਕਰਨਾ ਚਾਹੁੰਦਾ ਹਾਂ' ਪਰੰਤੂ ਪ੍ਰਤਿਸ਼ਠਿਤ ਆਤਮਾ ਕਹਿੰਦੀ ਹੈ 'ਨਹੀਂ, ਮੈਂ ਇਹ ਨਹੀਂ ਕਰਨਾ ਚਾਹੁੰਦੀ'। ਬੱਸ, ਫਿਰ ਇਹ ਨਹੀਂ ਕੀਤਾ ਜਾਂਦਾ। ਹੁਣ ਸਾਰੇ ਰੁਝਾਨ, ਹਰ ਕੀਮਤ ਉਪਰ ਪ੍ਰਤਿਸ਼ਠਿਤ ਆਤਮਾ ਦਾ ਕੰਟਰੋਲ ਹੁੰਦਾ ਹੈ। ਸ਼ੁੱਧ ਆਤਮਾ ਤਾਂ ਸਿਰਫ਼ ਦ੍ਰਸ਼ਟਾ ਹੈ: ਇਹ ਸਿਰਫ਼ ਵੇਖਦੀ ਹੈ ਅਤੇ ਜਾਣਦੀ ਵੀ ਹੈ। ਜੋ ਇਛਾਵਾਂ ਜੀਵ ਦੇ ਅੰਦਰ ਪੈਦਾ ਹੁੰਦੀਆਂ ਹਨ ਉਨ੍ਹਾਂ ਨੂੰ ਪ੍ਰਤਿਸ਼ਠਿਤ ਆਤਮਾ ਹਵਾ ਦਿੰਦੀ ਰਹਿੰਦੀ ਹੈ। ਸ਼ੁੱਧ ਆਤਮਾ ਨੂੰ ਪ੍ਰਤਿਸ਼ਠਿਤ ਆਤਮਾ ਦੇ ਮਨ ਅੰਦਰ ਇਸ ਦਖ਼ਲ-ਅੰਦਾਜੀ ਅਤੇ ਮਨ ਤੋਂ ਨਿਰਲੇਪਤਾ ਬਾਰੇ ਸਾਰੀ ਜਾਣਕਾਰੀ ਹੈ।

ਇਕ ਅਗਿਆਨੀ ਵਿਅਕਤੀ ਵੀ ਪ੍ਰਤਿਸ਼ਠਿਤ ਆਤਮਾ ਨੂੰ ਮਨ ਤੋਂ ਵੱਖਰਿਆਂ ਕਰ ਸਕਦਾ ਹੈ ਅਤੇ ਆਪਣੀਆਂ ਯੋਗਿਕ ਸ਼ਕਤੀਆਂ ਰਾਹੀਂ ਕੁਝ ਸਮਰਥਾ, ਕੁਝ ਯੋਗਤਾਵਾਂ ਵੀ ਹਾਸਲ ਕਰ ਲੈਂਦਾ ਹੈ।

**ਪ੍ਰਸ਼ਨ-ਕਰਤਾ** : ਸ਼ੁੱਧ ਆਤਮਾ ਦੀ ਪਹਿਚਾਣ ਉਪਰੰਤ ਕਰਮਾਂ ਦਾ ਕੀ ਬਣਦਾ ਹੈ?

**ਦਾਦਾਸ਼੍ਰੀ** : ਸ਼ੁੱਧ ਆਤਮਾ ਦੇ ਪਦ ਦੀ ਪ੍ਰਾਪਤੀ ਉਪਰੰਤ ਅਸੀਂ ਪ੍ਰਤਿਸ਼ਠਿਤਾ ਨੂੰ ਨਵੇਂ ਸਿਰਿਉਂ ਫਿਰ ਸਥਾਪਤ ਨਹੀਂ ਕਰਦੇ। ਜਿਹੜੀ ਪ੍ਰਤਿਸ਼ਠਿਤਾ ਅਸੀਂ ਭੂਤਕਾਲ ਵਿਚ ਸਥਾਪਤ ਕੀਤੀ ਸੀ ਉਹ ਪ੍ਰਗਟ ਹੁੰਦੀ ਰਹਿੰਦੀ ਹੈ ਅਤੇ ਸਾਡੇ ਦੁਨਿਆਵੀ ਕਾਰ-ਵਿਹਾਰ ਕਰਦੀ ਰਹਿੰਦੀ ਹੈ। ਨਵੇਂ ਕਰਮਾਂ ਦਾ ਲਿਖਿਆ ਜਾਂ ਸਿਰਜਿਆ ਜਾਣਾ ਬੰਦ ਹੋ ਜਾਦਾ ਹੈ। ਇਹ ਕਮਾਲ ਦੀ ਗੱਲ ਹੈ। ਜੇ ਇਕ ਜਨਮ ਵਿਚ ਹੀ ਇਸ ਕਿਸਮ ਦੀ ਪ੍ਰਤਿਸ਼ਠਿਤਾ ਬੰਦ ਹੋ ਜਾਵੇ ਤਾਂ ਇਹ ਅਸਚਰਜ ਪ੍ਰਾਪਤੀ ਹੋਵੇਗੀ। ਮੈਂ ਇਹ ਗੱਲ ਮੈਂ ਪੂਰੀ ਤਰ੍ਹਾਂ ਹਉਮੈਂ-ਰਹਿਤ ਹੋ ਕੇ ਇਨ੍ਹਾਂ ਸ਼ਬਦਾਂ ਰਾਹੀਂ ਕਹਿ ਰਿਹਾ ਹਾਂ। ਗਿਆਨੀ ਪੁਰਸ਼ ਅੰਦਰ 'ਮੈਂ', ਉਸ ਦਾ ਅਹੰ ਸ਼ੁੱਧ ਆਤਮਾ ਲਈ ਹੁੰਦਾ ਹੈ ਅਤੇ ਇਸ ਲਈ ਇਹ ਸ਼ੁੱਧ ਆਤਮਾ ਨੂੰ ਪਹੁੰਚਦਾ ਹੈ। ਇਸ ਦੇ ਉਲਟ, ਦੂਸਰੇ ਵਿਅਕਤੀਆਂ

ਦਾ ਅਹੰ ਪ੍ਰਤਿਸ਼ਠਿਤ ਆਤਮਾ ਲਈ ਹੁੰਦਾ ਹੈ।

ਇਕ ਗਿਆਨੀ ਪੁਰਸ਼ ਜਾਣਦਾ ਹੈ ਕਿ ਦੁਨਿਆਵੀ ਝਮੇਲੇ-ਝੰਜਟ ਕੀ ਹਨ। ਉਹ ਪ੍ਰਤਿਸ਼ਠਿਤਾ ਆਤਮਾ ਨੂੰ ਵੀ ਜਾਣਦਾ ਹੈ ਅਤੇ ਇਸ ਲਈ ਕੋਈ ਨਵੇਂ ਕਰਮ ਨਹੀਂ ਬੀਜਦਾ। ਪਰੰਤੂ ਅਗਿਆਨੀ ਲੋਕ ਇਹ ਧਾਰਨਾ ਬਣਾ ਲੈਂਦੇ ਹਨ ਕਿ ਪ੍ਰਤਿਸ਼ਠਿਤ ਆਤਮਾ ਹੀ ਉਨ੍ਹਾਂ ਦਾ ਅਸਲੀ ਸਵੈ ਹੈ: ਇਸ ਲਈ ਨਵੇਂ ਕਰਮਾਂ ਦੇ ਬੀਜ ਬੀਜਦੇ ਰਹਿੰਦੇ ਹਨ।

**ਪ੍ਰਸ਼ਨ-ਕਰਤਾ** : ਕੀ ਚੇਤਨਤਾ ਜਿਹੜੀ ਅਸੀਂ ਦੁਨਿਆਵੀ ਕਾਰਜ ਕਰਦੇ ਸਮੇਂ ਵਰਤਦੇ ਹਾਂ ਸ਼ੁੱਧ ਆਤਮਾ ਦੀ ਹੁੰਦੀ ਹੈ।

**ਦਾਦਾਸ਼੍ਰੀ** : ਜਿਹੜੀ ਚੇਤਨਤਾ ਅਸੀਂ ਸਾਰੇ ਦੁਨਿਆਵੀ ਕੰਮਾਂ-ਕਾਰਾਂ ਵਿਚ ਵਰਤਦੇ ਹਾਂ ਉਹ ਪ੍ਰਤਿਸ਼ਠਿਤ ਆਤਮਾ ਦੀ ਹੁੰਦੀ ਹੈ। ਸ਼ੁੱਧ ਆਤਮਾ ਦਾ ਨਾ ਤਾਂ ਕਦੇ ਕੁਝ ਗੁਆਚਦਾ ਹੈ ਨਾ ਘਟਦਾ ਹੈ ਅਤੇ ਨਾ ਹੀ ਖਰਚ ਹੁੰਦਾ ਹੈ। ਬੈਟਰੀ ਨੂੰ ਚਾਰਜ ਕਰਨ ਵਾਲਾ ਯੰਤਰ ਸਿਰਫ਼ ਬੈਟਰੀ ਹੀ ਚਾਰਜ ਕਰਦਾ ਹੈ: ਇੰਝ ਕਰਦੇ ਸਮੇਂ ਉਸ ਦੀ ਆਪਣੀ ਕੋਈ ਸ਼ਕਤੀ ਖਰਚ ਨਹੀਂ ਹੁੰਦੀ। ਇਸ ਸੰਸਾਰ ਅੰਦਰ ਜਿੰਨੇ ਵੀ ਜੀਵ ਹਨ ਉਹ ਵੱਖ-ਵੱਖ ਜੂਨਾ ਵਿਚ ਪੈਂਦੇ ਹੋਏ ਸਭ ਕਿਸਮ ਦੇ ਕਾਰਜ ਭਾਵੇਂ ਕਰਦੇ ਰਹਿਣ ਪਰ ਸ਼ੁੱਧ ਆਤਮਾ ਦਾ ਸੁਭਾਅ ਹੈ ਕਿ ਉਹ ਸ਼ੁੱਧ ਆਤਮਾ ਹੀ ਰਹੇਗੀ: ਸੋਨਾ ਹਰ ਸਥਿਤੀ ਵਿਚ ਸੋਨਾ ਹੀ ਰਹਿੰਦਾ ਹੈ। ਇਸ ਵਿਚੋਂ ਕੁਝ ਵੀ ਗੁਆਚਦਾ ਜਾਂ ਘਟਦਾ ਨਹੀਂ। ਹਾਂ, ਇਹ ਜ਼ਰੂਰ ਹੈ ਕਿ ਮਿਹਨਤ ਅਜਾਈਂ ਚਲੀ ਜਾਂਦੀ ਹੈ। ਇਏ ਕਹਿ ਲਉ ਕਿ ਬਲਦ ਦੇ ਰੂਪ ਦਾ ਨਿਰਮਾਣ ਕਰਨ ਵਿਚ ਕੀਤੀ ਗਈ ਮਿਹਨਤ ਨਿਹਫਲ ਹੋ ਗਈ। ਜੀਵ ਆਪਣੀਆਂ ਵੱਖ-ਵੱਖ ਜੂਨਾ ਵਿਚੋਂ ਲੰਘਦਿਆਂ ਹੋਇਆ ਅਨੇਕਾਂ ਵਾਰ ਨਰਕ ਦਾ ਜੀਵਨ ਵੀ ਭੋਗ ਕੇ ਲੰਘਿਆ ਹੋਵੇਗਾ, ਪਰੰਤੂ ਸੋਨਾ ਤਾਂ ਸੌ ਫੀਸਦੀ ਸ਼ੁੱਧ ਸੋਨਾ ਹੀ ਰਹਿੰਦਾ ਹੈ। ਇਹ ਕਦੇ ਵੀ ਸੌ ਫੀਸਦੀ ਤੋਂ ਘੱਟ ਕੇ 99 ਫੀਸਦੀ ਨਹੀਂ ਹੁੰਦਾ।

ਘਾਟ-ਵਾਧ ਵਾਲੀਆਂ ਤਬਦੀਲੀਆਂ ਪ੍ਰਤਿਸ਼ਠਿਤ ਆਤਮਾ ਵਿਚ ਹੀ ਵਾਪਰਦੀਆਂ ਹਨ, ਸ਼ੁੱਧ ਆਤਮਾ ਵਿਚ ਨਹੀਂ। ਚਾਰਜ ਹੋਣ ਜਾਂ ਡਿਸਚਾਰਜ ਹੋਣ ਦੀ ਪ੍ਰਤਿਕਿਰਿਆ ਵੀ ਪ੍ਰਤਿਸ਼ਠਿਤ ਆਤਮਾ ਵਿਚ ਹੀ ਵਾਪਰਦੀ ਹੈ। ਸ਼ੁੱਧ ਆਤਮਾ ਵਿਚ ਅਜਿਹੀ ਕਿਰਿਆ ਕਦੇ ਵੀ ਨਹੀਂ ਵਾਪਰਦੀ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਕੀ ਸੋਚਣ ਦਾ ਕਾਰਜ ਪ੍ਰਤਿਸ਼ਠਿਤ ਆਤਮਾ ਦਾ ਹੈ?

**ਦਾਦਾਸ਼੍ਰੀ** : ਪ੍ਰਤਿਸ਼ਠਿਤ ਆਤਮਾ ਵੀ ਇੰਨੀ ਪਵਿੱਤਰ ਜ਼ਰੂਰ ਹੈ ਕਿ ਇਹ ਵੀ ਕੋਈ ਵਿਚਾਰ ਨਹੀਂ ਪਾਲਦੀ। ਵਿਚਾਰ ਤਾਂ ਮਨ ਅੰਦਰ ਰੂਪ ਧਾਰਦੇ ਹਨ। ਜਦੋਂ ਕੋਈ ਗੰਢ ਉੱਭਰਦੀ ਹੈ ਤਾਂ ਉਸ ਸਮੇਂ ਸੋਚਣ ਦੀ ਅਵਸਥਾ ਬਣ ਜਾਂਦੀ ਹੈ। ਜਿਹੜੇ ਧਰਮ ਸੰਬੰਧੀ ਜਾਂ ਚੋਰੀ ਕਰਨ ਵਰਗਾ ਕੰਮ ਕਰਨ ਸੰਬੰਧੀ ਵਿਚਾਰ ਸਾਨੂੰ ਆਉਂਦੇ ਹਨ ਉਹ ਸਭ ਮਨ ਦੀਆਂ ਗੰਢਾਂ ਹਨ।

ਜੇ ਪ੍ਰਤਿਸ਼ਠਿਤ ਆਤਮਾ ਸੋਚ ਸਕਦੀ ਹੁੰਦੀ ਤਾਂ ਬੁੱਧੀ ਦੀ ਲੋੜ ਹੀ ਨਾ ਰਹਿੰਦੀ ਅਤੇ ਇਹ ਬਸ ਇਕ ਕੰਪਿਊਟਰ ਦੀ ਤਰ੍ਹਾਂ ਹੋ ਜਾਂਦੀ।

ਜਦੋਂ ਪ੍ਰਤਿਸ਼ਠਿਤ ਆਤਮਾ ਕੋਈ ਆਂਤਰਿਕ ਕਾਰਜ ਕਰਦੀ ਹੈ ਤਾਂ ਇਹ ਕ੍ਰਿਆ ਪਹਿਲਾਂ ਅੰਤਹਕਰਣ ਵਿਚ ਵਾਪਰਦੀ ਹੈ। ਫਿਰ ਇਹ ਕ੍ਰਿਆ ਬਾਹਰੀ ਰੂਪ ਲੈਂਦੀ ਹੈ ਭਾਵ ਕਿਸੇ ਸਰੀਰਕ ਇੰਦਰੀ ਦੁਆਰਾ ਕੋਈ ਸਰੀਰਕ ਕਾਰਜ ਕਰਦੀ ਹੈ। ਜਿਹੜਾ ਵਿਅਕਤੀ ਅੰਦਰੂਨੀ ਸਾਧਨ ਨੂੰ ਸਮਝ ਲੈਂਦਾ ਹੈ ਉਹ ਬਾਹਰੀ ਸਾਧਨ ਨੂੰ ਵੀ ਜਾਣ ਜਾਂਦਾ ਹੈ।

ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਮਨ, ਬੁੱਧੀ, ਚਿੱਤ ਅਤੇ ਅਹੰ ਨੂੰ ਜਾਨਣ ਦਾ ਵੱਲ ਸਿਖੇ। ਮਨ, ਬੁੱਧੀ, ਚਿੱਤ ਅਤੇ ਅਹੰ ਇਹ ਸਾਰੇ ਪ੍ਰਤਿਸ਼ਠਿਤ ਆਤਮਾ ਦੇ ਅੰਗ ਹਨ। ਇਨ੍ਹਾਂ ਅਰਥਾਂ ਵਿਚ, ਅੰਤਹਕਰਣ ਹੀ ਪ੍ਰਤਿਸ਼ਠਿਤ ਆਤਮਾ ਜਾਪਦਾ ਹੈ।

ਅੰਤਹਕਰਣ ਜੋ ਵੀ ਦਿਖਾਉਂਦਾ ਹੈ ਉਹ ਆਪਣੇ ਆਪ ਨੂੰ ਬਾਹਰੀ ਸਾਧਨ ਦੇ ਰੂਪ ਵਿਚ ਪ੍ਰਗਟ ਕਰਦਾ ਹੈ। ਦਿਮਾਗ ਵੀ ਇਸ ਅੰਤਹਕਰਣ ਨਾਲ ਸੰਬੰਧਤ ਹੈ ਪਰੰਤੂ ਇਹ ਸੂਖਮ ਨਹੀਂ ਜਦੋਂ ਕਿ ਇਸ ਦੇ ਉਲਟ, ਅੰਤਹਕਰਣ ਸੂਖ਼ਮ ਹੁੰਦਾ ਹੈ। ਅੰਤਹਕਰਣ ਦੇ ਅੰਦਰ ਜੋ ਵੀ ਕ੍ਰਿਆਵਾਂ ਵਾਪਰਦੀਆਂ ਹਨ ਉਹ ਪ੍ਰਤਿਸ਼ਠਿਤ ਆਤਮਾ ਨਾਲ ਸੰਬੰਧਤ ਹਨ।

**ਪ੍ਰਸ਼ਨ-ਕਰਤਾ** : ਕੀ ਇਹ ਪ੍ਰਤਿਸ਼ਠਿਤ ਆਤਮਾ ਇੰਨੀ ਸ਼ਕਤੀਸ਼ਾਲੀ ਹੈ?

**ਦਾਦਾਸ਼੍ਰੀ** : ਇਥੋਂ ਤਕ ਕਿ ਇਕ ਪੱਥਰ ਦੀ ਮੂਰਤੀ (ਭਾਵ ਕਿਸੇ ਦੈਵੀ ਰੂਪ ਦਾ ਬੁੱਤ) ਦੀ ਸਥਾਪਨਾ ਸੰਬੰਧੀ ਸਮਾਗਮ ਵੀ ਲੋਕਾਂ ਲਈ ਕਾਫ਼ੀ ਲੰਮੇ ਸਮੇਂ ਤੱਕ ਸਹਾਇਕ ਹੁੰਦਾ ਹੈ। ਇਹ ਸਥਾਪਨਾ ਦੀ ਰਸਮ ਕਿੰਨੀ ਕੁ ਸ਼ਕਤੀਸ਼ਾਲੀ ਹੈ? ਇਸ ਵਿਚ ਇੰਨੀ ਸਮਰਥਾ ਹੈ ਕਿ ਇਹ ਲੋਹੇ ਨੂੰ ਹਵਾ ਵਿਚ ਉਡਾ ਸਕਦੀ ਹੈ।

ਇਸ ਸੰਸਾਰ ਅੰਦਰ ਜਿੰਨੀਆਂ ਵੀ ਖੋਜਾਂ ਅਤੇ ਕਾਢਾਂ ਹੋ ਰਹੀਆਂ ਹਨ ਇਹ ਸਭ ਪ੍ਰਤਿਸ਼ਠਿਤ ਆਤਮਾ ਦੁਆਰਾ ਕੀਤੀਆਂ ਜਾਂਦੀਆਂ ਹਨ। ਪ੍ਰਤਿਸ਼ਠਿਤ ਆਤਮਾ ਕੋਲ ਇੰਨੀਆਂ ਜ਼ਿਆਦਾ ਤਾਕਤਾਂ ਹੁੰਦੀਆਂ ਹਨ ਪਰੰਤੂ ਸ਼ੁੱਧ ਆਤਮਾ ਦੀਆਂ ਤਾਕਤਾਂ ਅਨੰਤ ਅਤੇ ਅਸੀਮਤ ਹੁੰਦੀਆਂ ਹਨ। ਆਤਮਾ ਕੋਲ ਇੰਨੀਆਂ ਹੈਰਾਨੀਜਨਕ ਅਤੇ ਜਾਦੂਮਈ ਤਾਕਤਾਂ ਹਨ ਕਿ ਇਹ ਯੋਗ ਸਥਾਪਨਾ (ਭਾਵ ਪ੍ਰਤਿਸ਼ਠਿਤਾ) ਰਾਹੀਂ ਇਕ ਕੰਧ ਨੂੰ ਵੀ ਬੋਲਣ ਦੇ ਸਮਰਥ ਬਣਾ ਸਕਦੀ ਹੈ।

ਜੇ ਤੁਸੀਂ ਇਕ ਬੁੱਤ ਦੀ ਸਥਾਪਨਾ ਹਿਤ ਪ੍ਰਤਿਸ਼ਠਿਤਾ ਕਰਦੇ ਹੋ ਤਾਂ ਤੁਸੀਂ ਸਗੁਣ ਰੂਪ ਵਿਚ ਭਗਵਾਨ ਨੂੰ ਪਾ ਲੈਂਦੇ ਹੋ। ਪਰੰਤੂ ਜੇਕਰ ਤੁਸੀਂ ਅਮੂਰਤ ਵਿਚ ਪ੍ਰਤਿਸ਼ਠਿਤਾ ਦਾ ਨਿਰਬਾਹ ਕਰਦੇ ਹੋ ਤਾਂ ਤੁਸੀਂ ਨਿਰਗੁਣ ਸਰੂਪ ਭਗਵਾਨ ਨੂੰ ਪਾ ਲੈਂਦੇ ਹੋ।

## 92

# ਨਿਹਚੇਤਨ – ਚੇਤਨ

**ਪ੍ਰਸ਼ਨ–ਕਰਤਾ** : ਜਿਸ ਅਵਸਥਾ ਨੂੰ ਚੇਤਨ ਅਵਸਥਾ ਕਹਿੰਦੇ ਹਨ ਕਿਰਪਾ ਕਰਕੇ ਉਸ ਬਾਰੇ ਚਾਨਣਾ ਪਾਉ।

**ਦਾਦਾਸ਼੍ਰੀ** : ਜੀਵ ਦੇ ਅੰਦਰ ਦੋ ਭਾਗ ਨਾਲ–ਨਾਲ ਵਸਦੇ ਹਨ – ਇਕ ਹੈ ਅਜੀਵ/ਅਚੇਤ ਜਾਂ ਨਿਹਚੇਤਨ ਅਤੇ ਦੂਜਾ ਹੈ ਸ਼ੁੱਧ ਚੇਤਨਾ। ਪਰੰਤੂ ਵਿਅਕਤੀ ਕਈ ਵਾਰ ਗਲਤੀ ਨਾਲ ਨਿਹਚੇਤਨ ਨੂੰ ਹੀ ਚੇਤਨ ਸਮਝਣ ਦੀ ਭੁੱਲ ਕਰ ਬੈਠਦਾ ਹੈ। ਇਹ ਦੋਵੇਂ ਭਾਗ ਮਿਸ਼ਰਣ (mixture) ਰੂਪ ਵਿਚ ਹੁੰਦੇ ਹਨ ਪਰੰਤੂ ਸੰਯੁਕਤ ਮਿਸ਼ਰਣ (Compound) ਦੇ ਰੂਪ ਵਿਚ ਨਹੀਂ। ਜੇ ਇਹ ਸੰਯੁਕਤ ਮਿਸ਼ਰਤ ਰੂਪ ਹੋ ਜਾਣ ਦਾ ਦੋਹਾਂ ਦੇ ਹੀ ਗੁਣ ਨਸ਼ਟ ਹੋ ਜਾਣਗੇ।

**ਪ੍ਰਸ਼ਨ–ਕਰਤਾ** : ਮੇਰੇ ਲਈ ਇਹ ਵਿਚਾਰ ਬਿਲਕੁਲ ਨਵਾਂ ਹੈ।

**ਦਾਦਾਸ਼੍ਰੀ** : ਜਿਸ ਅਵਸਥਾ ਨੂੰ ਲੋਕ ਆਮ ਤੌਰ ਤੇ ਚੇਤਨ ਅਵਸਥਾ ਕਹਿੰਦੇ ਹਨ ਮੈਂ ਉਸ ਨੂੰ ਮਿਲੀ–ਜੁਲੀ ਚੇਤਨਾ ਕਹਿੰਦਾ ਹਾਂ ਕਿਉਂਕਿ ਇਹ ਜਾਪਦੀ ਚੇਤਨ ਅਵਸਥਾ ਵਰਗੀ ਹੈ, ਇਸ ਦੇ ਗੁਣ, ਇਸ ਦੀਆਂ ਵਿਸ਼ੇਸ਼ਤਾਵਾਂ ਵੀ ਚੇਤਨ ਅਵਸਥਾ ਨਾਲ ਮੇਲ ਖਾਂਦੀਆਂ ਜਾਪਦੀਆਂ ਹਨ, ਪਰੰਤੂ ਅਸਲੀਅਤ ਇਹ ਹੈ ਕਿ ਇਸ ਵਿਚ ਇਕ ਵੀ ਗੁਣ, ਇਕ ਵੀ ਵਿਸ਼ੇਸ਼ਤਾ ਸ਼ੁੱਧ ਚੇਤਨਤਾ ਵਾਲੀ ਨਹੀਂ ਹੁੰਦੀ। ਫਿਰ ਇਸ ਨੂੰ ਕੋਈ ਚੇਤਨ ਅਵਸਥਾ ਕਿਵੇਂ ਕਹਿ ਸਕਦਾ ਹੈ?

**ਪ੍ਰਸ਼ਨ–ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਉਦਾਹਰਣ ਦੇ ਲਈ, ਆਉ ਆਪਾਂ ਪਿੱਤਲ ਦੀ ਗੱਲ ਕਰਦੇ ਹਾਂ। ਜੇ ਇਸ ਉਪਰ ਸੋਨੇ ਦੀ ਪਾਣ ਚਾੜ ਦਿੱਤੀ ਜਾਵੇ ਤਾਂ ਕੀ ਇਹ ਵੇਖਣ ਨੂੰ ਸੋਨਾ ਹੀ ਨਹੀਂ ਜਾਪੇਗਾ? ਇਹ ਪਿੱਤਲ ਸੋਨੇ ਦੇ ਗੁਣ ਵਿਖਾਉਂਦਾ ਪ੍ਰਤੀਤ ਹੁੰਦਾ ਹੈ ਪਰੰਤੂ ਸਾਰੀ ਸਚਾਈ ਉਸ ਸਮੇਂ ਸਾਹਮਣੇ ਆ ਜਾਵੇ ਗੀ ਜਦੋਂ ਅਸੀਂ ਉਸ ਸੋਨੇ ਦਾ ਪਾਣੀ ਚੜ੍ਹੇ ਪਿੱਤਲ ਨੂੰ ਸੁਨਿਆਰ ਕੋਲ ਲੈ ਕੇ ਜਾਵਾਂਗੇ। ਸੁਨਿਆਰ ਉਸ ਪਿੱਤਲ ਦੇ ਟੁਕੜੇ ਦੀ ਇਹ ਜਾਨਣ ਹਿਤ ਜਾਂਚ ਕਰਦਾ ਹੈ ਕਿ ਕੀ ਇਸ ਵਿਚ ਸੋਨੇ ਵਾਲੇ ਗੁਣ ਹਨ ਵੀ ਜਾਂ ਨਹੀਂ। ਜੇ ਇਸ ਵਿਚ ਸੋਨੇ ਦੇ ਗੁਣ ਨਹੀਂ ਹਨ ਤਾਂ ਇਹ ਸਪਸ਼ਟ ਤੌਰ ’ਤੇ ਸੋਨਾ ਨਹੀਂ ਹੈ। ਇਹ ਬਾਹਰੋਂ ਵੇਖਣ ਨੂੰ ਸੋਨੇ ਵਰਗਾ ਜਾਪਦਾ ਹੈ ਪਰੰਤੂ ਇਸ ਅੰਦਰ ਸੋਨੇ ਵਾਲਾ ਇਕ ਵੀ ਗੁਣ ਨਹੀਂ ਹੈ। ਇਸ ਲਈ ਇਹ ਸੋਨਾ ਨਹੀਂ ਹੈ।

ਇਸੇ ਤਰ੍ਹਾਂ ਜੋ ਸਾਨੂੰ ਚੇਤਨ ਅਵਸਥਾ ਜਾਪਦੀ ਹੈ ਅਤੇ ਜਿਸ ਵਿਚ ਚੇਤਨ ਅਵਸਥਾ ਵਾਲੇ ਗੁਣ ਵੀ ਮੌਜੂਦ ਜਾਪਦੇ ਹਨ ਪਰੰਤੂ ਜੇਕਰ ਇਸ ਵਿਚ ਚੇਤਨਤਾ/ਚੇਤਨ ਅਵਸਥਾ ਵਾਲਾ ਇਕ ਵੀ ਗੁਣ, ਇਕ ਵੀ ਵਿਸ਼ੇਸ਼ਤਾ ਸਚਮੁੱਚ ਮੌਜੂਦ ਨਹੀਂ ਹੈ ਤਾਂ ਇਸ ਨੂੰ ਚੇਤਨ ਅਵਸਥਾ

ਕਿਵੇਂ ਕਿਹਾ ਜਾ ਸਕਦਾ ਹੈ। ਸੋ ਇਸ ਨੂੰ ਅਸੀਂ ਨਿਹਚੇਤਨ-ਚੇਤਨ ਕਹਾਂਗੇ। ਪਿੱਤਲ ਜਾਪਦਾ ਸੋਨੇ ਵਰਗਾ ਹੈ ਪਰੰਤੂ ਜਦੋਂ ਇਸ ਨੂੰ ਜੰਗ ਲਗਦੀ ਹੈ ਤਾਂ ਇਸ ਦੀ ਅਸਲੀਅਤ ਸਾਹਮਣੇ ਆ ਜਾਂਦੀ ਹੈ। ਇਸੇ ਤਰ੍ਹਾਂ ਸੋਨਾ ਵੀ ਆਪਣੀ ਅਸਲੀਅਤ ਵਿਖਾ ਦਿੰਦਾ ਹੈ।

**ਪ੍ਰਸ਼ਨ-ਕਰਤਾ** : ਜੀਵ ਦੇ ਸਰੀਰ ਬਾਰੇ ਕੀ ਕਹੋਗੇ?

**ਦਾਦਾਸ਼੍ਰੀ** : ਮਨੁੱਖੀ ਸਰੀਰ ਮਿਲਿਆ-ਜੁਲਿਆ ਚੇਤਨ ਹੈ, ਭਾਵ ਜੜ੍ਹ ਵਸਤ ਜਾਂ ਨਿਹਚੇਤਨ-ਚੇਤਨ। ਸਾਡਾ ਅਸਲੀ ਸਵੈ ਤਾਂ ਸ਼ੁੱਧ ਚੇਤਨ ਹੈ। ਪਿਛਲੇ ਜਨਮ ਵਿਚ ਕੀਤੀ ਗਈ ਪ੍ਰਤਿਸ਼ਠਤਾ ਹੀ ਪ੍ਰਤਿਸ਼ਠਿਤ-ਆਤਮਾ ਹੈ, ਉਹੀ ਪ੍ਰਤਿਸ਼ਠਿਤ ਚੇਤਨ ਹੈ, ਮਿਲਿਆ-ਜੁਲਿਆ ਚੇਤਨ।

ਜਾਂ ਤਾਂ 'ਚੇਤਨ' ਸਹੀ ਹੋ ਸਕਦਾ ਹੈ ਅਤੇ ਜਾਂ ਫਿਰ ਅਚੇਤਨ ਸਹੀ ਹੋ ਸਕਦਾ ਹੈ। ਪਰੰਤੂ ਮਿਲੇ-ਜੁਲੇ ਚੇਤਨ ਨੂੰ ਸਮਝ ਸਕਣਾ ਇੰਨਾ ਆਸਾਨ ਨਹੀਂ ਕਿਉਂਕਿ ਇਹ ਬਾਹਰੋਂ ਚੇਤਨ ਦੀਆਂ ਵਿਸ਼ੇਸ਼ਤਾਵਾਂ ਵਿਖਾਉਂਦਾ ਹੈ। ਇਸ ਲਈ ਇਹ ਭੁਲੇਖੇ ਵਿਚ ਪਾਉਂਦਾ ਹੈ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਇਹ ਸਾਨੂੰ ਭੁਲੇਖੇ ਵਿਚ ਕਿਵੇਂ ਪਾਉਂਦਾ ਹੈ? ਇਹ ਕਿਵੇਂ ਗੁਮਰਾਹ ਕਰਦਾ ਹੈ?

**ਦਾਦਾਸ਼੍ਰੀ** : ਦਾਦਾ ਭਗਵਾਨ ਨੇ ਕਿਹਾ ਹੈ: 'ਜੇ ਤੁਹਾਡਾ ਮਨ ਕਰਦਾ ਹੋਵੇ ਤਾਂ ਤੁਸੀਂ ਇਕ ਬਾਉਲੀ ਵਿਚ ਹੇਠਾਂ ਉੱਤਰ ਜਾਉ ਜਿਥੇ ਤੁਸੀਂ ਆਵਾਜ ਦੀ ਗੂੰਜ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਕਰਦੇ ਹੋ ਪਰੰਤੂ ਕਦੇ ਵੀ ਮਿਸ਼ਰਤ ਚੇਤਨ (ਦੂਸਰੇ ਵਿਅਕਤੀ, ਵਿਸ਼ੇਸ਼ ਕਰਕੇ ਦੂਸਰੇ ਲਿੰਗ ਦੇ) ਅੰਦਰ ਲਹਿਰਾਂ ਜਾਂ ਤਰੰਗਾਂ ਪੈਦਾ ਨਾ ਕਰੋ। ਜੇਕਰ ਮਿਸ਼ਰਤ ਚੇਤਨ ਨਾਲ ਤੁਹਾਡਾ ਆਮ ਤੌਰ 'ਤੇ ਰੋਜ ਦਾ ਹੀ ਵਾਸਤਾ ਹੈ ਤਾਂ ਕੋਈ ਇਤਰਾਜ ਵਾਲੀ ਗੱਲ ਨਹੀਂ। ਪਰੰਤੂ ਇਹ ਧਿਆਨ ਰਹੇ ਕਿ ਮਿਸ਼ਰਤ ਚੇਤਨ ਨਾਲ ਕਦੇ ਵੀ ਗਲਤ ਵਿਵਹਾਰ ਨਾ ਕਰੋ। ਜਦੋਂ ਮੈਂ ਕਿਸੇ ਨੂੰ ਇਸ ਤਰ੍ਹਾਂ ਦਾ ਗਲਤ ਵਿਵਹਾਰ ਕਰਦਿਆਂ ਅਤੇ ਇਸ ਦੌਰਾਨ ਯੋਗ ਪੱਧਰ ਤੋਂ ਗਿਰਦਿਆਂ ਵੇਖਦਾ ਹਾਂ ਤਾਂ ਮੈਂ ਉਸ ਨੂੰ ਚਿਤਾਵਨੀ ਦੇ ਦਿੰਦਾ ਹਾਂ।

ਜੇ ਇਹ ਮਾਮਲਾ ਮਿਸ਼ਰਤ ਚੇਤਨ ਨਾਲ ਜੁੜਿਆ ਹੋਵੇ, ਮੈਂ ਉਸ ਵਿਅਕਤੀ ਨੂੰ ਚੇਤੰਨ ਕਰ ਦਿਆਂਗਾ। ਪਰੰਤੂ ਜਿਥੇ ਜੜ੍ਹ ਵਸਤੂ ਭਾਵ ਅਚੇਤਨ ਹੈ ਉਥੇ ਕੋਈ ਖਤਰਾ ਨਹੀਂ, ਉਥੇ ਬਿਲਕੁਲ ਕੋਈ ਸਮੱਸਿਆ ਨਹੀਂ। ਬੀੜੀ ਇਕ ਅਚੇਤਨ ਵਸਤੂ ਹੈ: ਇਹ ਬੇਜਾਨ ਹੈ। ਇਸ ਲਈ ਮੇਰੇ ਵਲੋਂ ਕਿਸੇ ਕਿਸਮ ਦਾ ਕੋਈ ਇਤਰਾਜ਼ ਨਹੀਂ ਉਠਾਇਆ ਜਾਂਦਾ। ਪਰੰਤੂ ਜੇਕਰ (ਕਰਮਾਂ ਦੇ ਲੇਖੇ ਜੋਖੇ ਵਾਲੀ ਬਹੀ ਵਿਚ) ਇਸ ਬੇਜਾਨ ਵਸਤੂ ਵੱਲ ਕੋਈ ਦੇਣਦਾਰੀ ਰਹਿੰਦੀ ਹੋਵੇ ਅਤੇ ਜੇ ਇਹ ਦੇਣਦਾਰੀ ਦੇ ਕੇ ਹਿਸਾਬ-ਕਿਤਾਬ ਬਰਾਬਰ ਨਹੀਂ ਕੀਤਾ ਗਿਆ ਤਾਂ ਤੁਹਾਡੇ ਅੰਦਰ ਚਾਰਜ ਹੋਏ ਕਣ ਇਸ ਵਾਸਤੇ ਰੌਲਾ ਪਾਉਣਗੇ ਅਤੇ ਤੁਹਾਡਾ ਮਨ ਬੁਰੀ ਤਰ੍ਹਾਂ ਬੇਚੈਨ ਅਤੇ ਵਿਆਕੁਲ ਹੋ ਜਾਵੇਗਾ। ਪਰੰਤੂ ਜੇ ਮਿਸ਼ਰਤ ਚੇਤਨ ਮਿਲ ਜਾਵੇ ਤਾਂ ਮੈਂ ਤਾੜਨਾ ਦੇ ਦਿੰਦਾ

ਹਾਂ: 'ਹੇ ਮੂਰਖ! ਜਾਗੋ (ਭਾਵੇਂ ਹਉਮੈਂ ਦੀ ਸਹਾਇਤਾ ਨਾਲ ਹੀ)। ਮਿਸ਼ਰਤ ਚੇਤਨ ਪ੍ਰਤੀ ਲਾਪਰਵਾਹ ਹੋਣਾ ਨਾ-ਕਾਬਲੇ ਮੁਆਫ਼ੀ ਹੈ ਕਿਉਂਕਿ ਇਸ ਨਾਲ ਤੁਹਾਡਾ ਅਗਲਾ ਜਨਮ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਉਹ ਕਿਵੇਂ, ਸ਼੍ਰੀਮਾਨ ਜੀ?

**ਦਾਦਾਸ਼੍ਰੀ** : ਕੀ ਇਹ ਸਿਨਮਾ ਕਦੇ ਵੀ ਕੋਈ ਇਤਰਾਜ ਉਠਾਏਗਾ ਜਾਂ ਸਾਡੇ ਵਿਰੁੱਧ ਅਦਾਲਤ ਵਿਚ ਮੁਕੱਦਮਾ ਦਰਜ ਕਰਵਾਏਗਾ ਅਤੇ ਕਹੇਗਾ ਕਿ "ਤੁਸੀਂ ਮੈਨੂੰ (ਭਾਵ ਸਿਨਮਾ ਨੂੰ) ਕਿਉਂ ਮਾਣਦੇ ਹੋ?" ਨਹੀਂ, ਸਿਨਮਾ ਅਜਿਹਾ ਕਦੇ ਵੀ ਨਹੀਂ ਕਰੇਗਾ ਕਿਉਂਕਿ ਇਹ ਜੜ੍ਹ ਵਸਤੂ ਹੈ, ਬੇਜਾਨ ਹੈ, ਅਚੇਤਨ ਹੈ। ਇਸ ਦੇ ਉਲਟ ਮਿਸ਼ਰਤ ਚੇਤਨ (ਭਾਵ ਜੀਵ) ਇਹ ਹੱਕ ਜਤਾਉਂਦਾ ਹੈ ਕਿਉਂਕਿ ਉਸਦੇ ਅੰਦਰ ਸ਼ਾਂਤੀ ਬਿਲਕੁਲ ਹੀ ਨਹੀਂ ਹੈ। ਇਸ ਦੇ ਅੰਦਰ ਬਹੁਤ ਜ਼ਿਆਦਾ ਜਲਣ ਹੈ। ਜੇ ਜੀਵ ਦੇ ਅੰਦਰ ਸ਼ਾਂਤੀ ਹੋਵੇ, ਸਹਿਜ ਹੋਵੇ ਤਾਂ ਫਿਰ ਕੋਈ ਸਮੱਸਿਆ ਨਹੀਂ।

ਸਿਨਮਾ ਦੇਖਣ ਦੀ ਇੱਛਾ ਜਾਂ ਜੀਭ ਦੇ ਸੁਆਦ ਨਾਲ ਸੰਬੰਧਤ ਇੱਛਾ ਇਹੋ ਜਿਹੀ ਬਿਮਾਰੀ ਦਾ ਕਾਰਨ ਨਹੀਂ ਬਣਦੀ। ਪਰੰਤੂ ਉਲਝਣ ਤਾਂ ਮਿਸ਼ਰਤ-ਚੇਤਨ ਤੋਂ ਪੈਦਾ ਹੁੰਦੀ ਹੈ। ਭੁਜੀਆ, ਪਕੌੜੇ ਜਾਂ ਖਾਣ ਵਾਲੀਆਂ ਅਜਿਹੀਆਂ ਹੋਰ ਵਸਤਾਂ ਕਦੇ ਕੋਈ ਗੁੱਸਾ-ਗਿਲਾ ਨਹੀਂ ਕਰਦੀਆਂ ਪਰੰਤੂ ਕੀ ਮਿਸ਼ਰਤ-ਚੇਤਨ (ਭਾਵ ਦੂਸਰੇ ਲਿੰਗ ਦਾ ਇਕ ਵਿਅਕਤੀ) ਵੀ ਗੁੱਸਾ ਕੀਤੇ ਬਿਨਾ ਰਹਿ ਸਕਦਾ ਹੈ? ਸਮੁੱਚਾ ਦੁਨਿਆਵੀ ਜੀਵਨ ਅਤੇ ਇਸ ਨਾਲ ਸੰਬੰਧਤ ਮਾਮਲਿਆਂ ਦੀ ਹੋਂਦ ਮਿਸ਼ਰਤ-ਚੇਤਨ ਕਾਰਨ ਹੈ। ਮਿਸ਼ਰਤ-ਚੇਤਨ ਤਾਂ ਕਾਲੀ-ਮੋਰੀ (Black Hole) ਦੀ ਤਰ੍ਹਾਂ ਹੈ, ਜੇ ਇਹ ਮੋਰੀ ਬੰਦ ਹੋ ਜਾਂਦੀ ਹੈ ਤਾਂ ਫਿਰ ਸਮੱਸਿਆ ਕਿੱਥੇ ਹੈ?

ਹਰ ਵਿਅਕਤੀ ਨੇ ਆਪਣਾ ਬਚਾਅ ਕਰਕੇ ਚੱਲਣਾ ਹੈ ਤਾਂ ਜੋ ਉਹ ਸ਼ਾਂਤ ਮਨ ਨਾਲ ਬੈਠ ਸਕੇ। ਜੇ ਮਨ ਭੁਜੀਆ ਖਾਣ ਦੀ ਮੰਗ ਕਰਦਾ ਹੈ ਤਾਂ ਉਸ ਨੂੰ ਖਾਣ ਲਈ ਭੁਜੀਆ ਦੇ ਦਿਉ ਤਾਂ ਜੋ ਇਹ ਤੁਹਾਨੂੰ ਪੂਰਨ ਸਹਿਜ ਅਵਸਥਾ ਵਿਚ ਟਿਕ ਕੇ ਬੈਠਣ ਦੇ ਦੇਵੇ। ਪਰੰਤੂ ਮਿਸ਼ਰਤ-ਚੇਤਨ ਤੁਹਾਨੂੰ ਇੰਝ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਇਹ ਤੁਹਾਨੂੰ ਚੁਭਦਾ ਰਹਿੰਦਾ ਹੈ ਜਿਵੇਂ ਅੱਖ ਵਿਚ ਪਿਆ ਰੇਤੇ ਦਾ ਕਣ - ਉਸ ਸਮੇਂ ਤੁਸੀਂ ਭਾਵੇਂ ਕੋਈ ਸਤਿਸੰਗ ਕਰ ਰਹੇ ਹੋਵੋ ਜਾਂ ਕੋਈ ਪ੍ਰਵਚਨ ਸੁਣ ਰਹੇ ਹੋਵੋ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਜੀਵ ਦੇ ਅੰਦਰੂਨੀ ਅਤੇ ਬਾਹਰੀ ਕਾਰਜ ਵਿਧੀ ਬਾਰੇ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਜੜ-ਚੇਤਨਾ, ਭਾਵ ਨਿਹਚੇਤਨ-ਚੇਤਨ ਇਕ ਮਕਾਨਕੀ ਚੇਤਨਾ ਹੈ। ਇਸ ਦਾ ਸਮੁੱਚਾ ਬਾਹਰੀ ਭਾਗ ਮਕਾਨਕੀ ਹੈ। ਬਾਹਰੀ ਮਸ਼ੀਨਰੀ ਨੂੰ ਹੱਥੀਂ ਚਲਾਉਣਾ ਪੈਂਦਾ ਹੈ ਜਦੋਂ ਕਿ ਅੰਦਰੂਨੀ, ਸੂਖ਼ਮ ਮਸ਼ੀਨਰੀ, ਜਿਹੜੀ ਪਿਛਲੇ ਜਨਮ ਦੇ ਕਰਮਾਂ ਦੇ ਫਲ ਵਜੋਂ ਆਪਣੇ

-ਆਪ ਹੀ ਤੁਹਾਡੇ ਨਾਲ ਆ ਗਈ ਹੈ, ਸਵੈ-ਚਾਲਿਤ ਹੈ: ਇਸ ਨੂੰ ਚਲਾਉਣ ਵਾਸਤੇ ਕਿਸੇ ਬਾਹਰੀ ਤਾਕਤ ਜਾਂ ਵਸਤੂ ਦੀ ਲੋੜ ਨਹੀਂ ਪੈਂਦੀ। ਤੁਸੀਂ ਸਿਰਫ਼ ਇੰਨਾ ਹੀ ਕਰਨਾ ਹੈ ਕਿ ਇਸ ਵਿਚ ਬਾਲਣ ਪਾਉਂਦੇ ਰਹਿਣਾ ਹੈ।

ਸੂਖ਼ਮ ਸਰੀਰ ਮਕਾਨਕੀ-ਚੇਤਨਾ ਹੈ ਜਿੱਥੇ 'ਮੈਂ ਇਹ ਕੀਤਾ; ਮੈਂ ਉਹ ਕੀਤਾ' ਵਰਗੀ ਹਉਮੈਂ ਦੀ ਭਾਵਨਾ ਗਲਤੀ ਨਾਲ ਪੈਦਾ ਹੋ ਜਾਂਦੀ ਹੈ। ਇਸ ਨਾਲ ਕਰਮਾਂ ਦੀ ਬੈਟਰੀ ਚਾਰਜ ਹੋ ਜਾਂਦੀ ਹੈ ਅਤੇ ਇੰਝ ਆਉਣ ਵਾਲੇ ਜਨਮ ਦੇ ਬੀਜ ਬੀਜੇ ਜਾਂਦੇ ਹਨ।

**ਪ੍ਰਸ਼ਨ-ਕਰਤਾ** : ਅਸੀਂ ਮੰਨਦੇ ਹਾਂ ਕਿ ਹਰ ਅੰਦਰੂਨੀ ਅਤੇ ਬਾਹਰੀ ਕਾਰਜ ਆਤਮਾ ਹੀ ਕਰਦੀ ਹੈ।

**ਦਾਦਾਸ਼੍ਰੀ** : ਸਮੁੱਚਾ ਸੰਸਾਰ ਜੜ੍ਹ, ਬੇਜਾਨ (ਅਚੇਤਨ) ਨੂੰ ਹੀ ਚੇਤਨ ਸਮਝੀ ਜਾਂਦਾ ਹੈ ਅਤੇ ਸੋਚਦਾ ਹੈ ਕਿ ਆਤਮਾ ਹੀ ਕਾਰਜਸ਼ੀਲ ਹੈ। ਪਰੰਤੂ ਆਤਮਾ ਤਾਂ ਕਦੇ ਕਾਰਜਸ਼ੀਲ ਹੁੰਦੀ ਹੀ ਨਹੀਂ ਅਤੇ ਆਤਮਾ ਦੇ ਅੰਦਰ ਕਦੇ ਵੀ ਹਿਲਜੁਲ ਜਾਂ ਗਤੀਵਿਧੀ ਨਹੀਂ ਹੁੰਦੀ। ਇਹ ਸੱਚ ਕਦੋਂ ਜਾਣਿਆ ਜਾ ਸਕਦਾ ਹੈ? ਸੰਸਾਰ ਤਾਂ ਇਹੋ ਮੰਨੀ ਬੈਠਾ ਹੈ ਕਿ ਅਚੇਤਨ-ਚੇਤਨ ਹੀ ਸਾਰੇ ਬ੍ਰਹਿਮੰਡ ਨੂੰ ਕੰਟਰੋਲ ਕਰ ਰਿਹਾ ਹੈ। ਪਰੰਤੂ 'ਚੇਤਨ' 'ਅਚੇਤਨ' ਨਾਲੋਂ ਭਿੰਨ ਹੈ ਅਤੇ ਜੋ ਹਰ ਚੀਜ ਨੂੰ ਚਲਾਉਂਦਾ ਹੈ, ਅੱਗੇ ਤੋਰਦਾ ਹੈ ਉਹ ਵੀ ਭਿੰਨ ਹੈ।

ਸਾਰੇ ਪ੍ਰਾਪਤ ਕੀਤੇ ਗੁਣ (ਵਿਭਾਵਕ ਗੁਣ) ਅਚੇਤਨ-ਚੇਤਨ ਦੇ ਰੂਪ ਵਿਚ ਪ੍ਰਗਟ ਹੋ ਜਾਂਦੇ ਹਨ। 'ਵਿਭਾਵਕ ਗੁਣ' ਤੋਂ ਭਾਵ ਹੈ ਉਹ ਗੁਣ ਜਾਂ ਵਿਸ਼ੇਸ਼ਤਾਵਾਂ ਜਿਹੜੀਆਂ ਜੀਵ ਆਤਮਾ ਬਾਰੇ ਭੁਲੇਖਿਆਂ ਤੋਂ ਹਾਸਲ ਕਰਦਾ ਹੈ ਕਿ ਕਿਵੇਂ ਮਿਸ਼ਰਤ-ਚੇਤਨ ਹੋਂਦ ਵਿਚ ਆਉਂਦਾ ਹੈ ਅਤੇ ਕਿਵੇਂ ਇਹ ਕ੍ਰਿਆਸ਼ੀਲ ਕੀਤਾ ਜਾਂਦਾ ਹੈ।

## 93

## ਮਾਨਵ-ਜੀਵਨ - ਮੁਕਤੀ ਦਾ ਅਵਸਰ

**ਪ੍ਰਸ਼ਨ-ਕਰਤਾ** : ਉੱਘੇ ਸਾਇੰਸਦਾਨ ਡਾਰਵਿਨ ਨੇ ਐਵੋਲੂਸ਼ਨ ਦੀ ਥਿਊਰੀ (ਮਨੁੱਖੀ ਵਿਕਾਸ ਦਾ ਸਿਧਾਂਤ) ਬਣਾਈ ਜਿਹੜੀ ਆਮ ਤੌਰ 'ਤੇ ਸਵੀਕਾਰੀ ਜਾਂਦੀ ਹੈ।

**ਦਾਦਾਸ਼੍ਰੀ** : ਡਾਰਵਿਨ ਨੇ ਮਾਨਵੀ ਵਿਕਸ ਦਾ ਸਿਧਾਂਤ ਤਾਂ ਘੜਿਆ ਹੈ ਪਰੰਤੂ ਇਹ ਅਧੂਰਾ ਹੈ।

**ਪ੍ਰਸ਼ਨ-ਕਰਤਾ** : ਇਹ ਅਧੂਰਾ ਕਿਵੇਂ ਹੈ?

**ਦਾਦਾਸ਼੍ਰੀ** : ਇਹ ਅਧੂਰਾ ਹੈ। ਉਸ ਨੂੰ ਇਹ ਪਤਾ ਨਹੀਂ ਸੀ ਕਿ ਮਾਨਵੀ ਜੂਨ ਤੋਂ ਬਾਅਦ ਵੀ ਮਨੁੱਖ ਕਿਸੇ ਨੀਵੀਂ ਜੂਨ ਵਿਚ ਜਾ ਸਕਦਾ ਹੈ। ਇਸ ਲਈ ਉਹ ਸਾਨੂੰ ਮਾਨਵੀ ਵਿਕਾਸ ਦਾ

ਪੂਰਾ ਅਤੇ ਭਰੋਸੇਯੋਗ ਸਿਧਾਂਤ ਨਹੀਂ ਦੇ ਸਕਿਆ।

ਚੁਰਾਸੀ ਲੱਖ ਜੂਨਾਂ ਵਿਚੋਂ ਸਿਵਾਏ ਮਨੁੱਖਾ ਜਨਮ ਦੇ ਹੋਰ ਕੋਈ ਐਸੀ ਜੂਨ ਨਹੀਂ ਜਿਸ ਦੌਰਾਨ ਮੁਕਤੀ ਦੀ ਪ੍ਰਾਪਤੀ ਸੰਭਵ ਹੋਵੇ। ਮਨੁੱਖਾ ਜਨਮ ਇਕ ਤਰ੍ਹਾਂ ਨਾਲ ਮੁਕਤੀ ਹਿਤ ਅਧਿਕਾਰ-ਪੱਤਰ ਦੀ ਨਿਆਈਂ ਹੈ। ਜੇ ਕੋਈ ਜੀਵ ਮਨੁੱਖਾ ਜਨਮ ਲੈ ਲੈਂਦਾ ਹੈ ਅਤੇ ਉਸ ਉਪਰ ਇਹ ਵੀ ਦੈਵੀ ਮਿਹਰ ਹੋ ਜਾਂਦੀ ਹੈ ਕਿ ਉਸ ਨੂੰ ਮੁਕਤੀ ਪ੍ਰਾਪਤੀ ਹਿਤ ਸਹਾਇਕ ਸਾਧਨ ਅਤੇ ਹਾਲਾਤ ਵੀ ਪ੍ਰਾਪਤ ਹੋ ਜਾਣ ਤਾਂ ਉਸ ਦਾ ਆਵਾਗਵਣ ਦਾ ਚੱਕਰ ਸਮਾਪਤ ਹੋ ਜਾਂਦਾ ਹੈ। ਪਰੰਤੂ ਅੱਜ ਤਾਂ ਮਨੁੱਖ ਮਕੈਨੀਕਲ ਚੇਤਨਾ ਦੀ ਅਵਸਥਾ ਵਿਚ ਵਿਚਰ ਰਹੇ ਹਨ, ਭਾਵ ਉਹ ਚੇਤਨਾ ਜਿਹੜੀ ਮਕੈਨੀਕਲ, ਪ੍ਰਾਪਤ ਹੋਈ (derived) ਚੇਤਨਾ ਨਾਲ ਮਿਲੀ ਹੋਈ ਹੈ। ਦੂਸਰੇ ਸ਼ਬਦਾਂ ਵਿਚ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਅੱਜ ਦਾ ਮਨੁੱਖ ਇਕ ਘੁੰਮਦੀ ਭੰਬੀਰੀ ਦੀ ਤਰ੍ਹਾਂ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਹ ਵਿਸਥਾਰ ਵਿਚ ਦੱਸਣ ਦਾ ਯਤਨ ਕਰੋ ਕਿ ਮਨੁੱਖ ਭੰਬੀਰੀ ਦੀ ਤਰ੍ਹਾਂ ਕਿਵੇਂ ਹਨ? ਮਕੈਨੀਕਲ ਚੇਤਨਾ ਹੀ ਹੈ?

**ਦਾਦਾਸ਼੍ਰੀ** : ਬਹੁਤੇ ਮਨੁੱਖ ਭਾਵ-ਮਨ ਅਤੇ ਦ੍ਰਵ-ਮਨ ਬਾਰੇ ਜੋ ਸੋਚਦੇ ਹਨ ਉਹ ਸਿਰਫ਼ ਮਕੈਨੀਕਲ ਆਤਮਾ ਹੈ - ਨਿਹਚੇਤਨ-ਚੇਤਨ (ਬੇਜਾਨ, ਪਿਛਲੇ ਜਨਮ ਦੇ ਕਰਮਾਂ ਦੁਆਰਾ ਚਾਰਜ ਕੀਤਾ ਜਿਹੜਾ ਇਸ ਜੀਵਨ ਵਿਚ ਸਿਰਫ਼ ਡਿਸਚਾਰਜ ਹੋ ਰਿਹਾ ਹੈ)। ਇਕ ਗਿਆਨਵਾਨ ਪੁਰਸ਼ ਤੁਹਾਨੂੰ ਸ਼ੁੱਧ ਚੇਤਨਾ ਦੀ ਪਹਿਚਾਣ ਕਰਵਾ ਸਕਦਾ ਹੈ, ਇਸ ਦਾ ਅਹਿਸਾਸ ਕਰਵਾ ਸਕਦਾ ਹੈ। ਇਸ ਤੋਂ ਬਿਨਾਂ ਬਾਕੀ ਸਭ ਮਸ਼ੀਨਰੀ ਦੀ ਤਰ੍ਹਾਂ ਹੈ; ਇਹ ਮਕੈਨੀਕਲ ਹੈ।

ਇਹ ਮਸ਼ੀਨਰੀ ਆਪਣੇ ਆਪ ਚਲਦੀ ਰਹਿੰਦੀ ਹੈ ਪਰੰਤੂ ਮਨੁੱਖ ਇਹ ਕਹਿੰਦਾ ਹੈ ਕਿ 'ਮੈਂ ਇਸ ਨੂੰ ਚਲਾਉਂਦਾ ਹਾਂ; ਇਹ ਮੈਂ ਕਰਦਾ ਹਾਂ'। ਇਹ ਸਿਵਾਇ ਹਉਮੈਂ ਦੇ ਹੋਰ ਕੁਝ ਨਹੀਂ। ਮਨ ਦੀ ਬਣਤਰ ਗੰਢਾਂ ਦੀ ਬਣੀ ਹੋਈ ਹੈ। ਇਨ੍ਹਾਂ ਗੰਢਾਂ ਨੇ ਅਖ਼ੀਰ ਫਲ ਦੇਣਾ ਹੀ ਹੈ ਅਤੇ ਇਸ ਨੇ ਸਪਸ਼ਟ ਪ੍ਰਗਟ ਹੋਣਾ ਹੀ ਹੈ। ਜੇਕਰ ਇਨ੍ਹਾਂ ਕਰਮਾਂ ਦਾ ਫ਼ਲ ਵਿਅਕਤੀ ਦੇ ਮਿਲੀ-ਜੁਲੀ ਚੇਤਨਾ ਨਾਲ ਉਲਝਣ ਦੇ ਰੂਪ ਵਿਚ ਹੈ ਤਾਂ ਸਿਰਫ਼ ਅਫਰਾਤਫ਼ਰੀ ਹੀ ਫੈਲੇਗੀ। ਬੇਸ਼ਕ ਅਸੀਂ ਮਿਲੀ-ਜੁਲੀ ਚੇਤਨਾ ਨੂੰ ਜਾਣ ਦਿੰਦੇ ਹਾਂ, ਫਿਰ ਵੀ ਦੂਜੀ ਧਿਰ ਸਾਡੇ ਉਪਰ ਆਪਣਾ ਦਾਅਵਾ ਨਹੀਂ ਛੱਡੇਗੀ। ਜੇਕਰ ਤੁਸੀਂ ਅਚੇਤਨ (ਜੜ ਪਦਾਰਥ) ਨੂੰ ਪਾਸੇ ਛੱਡ ਦਿੰਦੇ ਹੋ ਤਾਂ ਕੋਈ ਸਮੱਸਿਆ ਨਹੀਂ ਅਤੇ ਨਾ ਹੀ ਕਿਸੇ ਕਿਸਮ ਦਾ ਦਾਅਵਾ।

ਮਨ ਡਾਕਟਰਾਂ ਨੂੰ ਦਿਖਾਈ ਨਹੀਂ ਦਿੰਦਾ, ਪਰੰਤੂ ਇਕ ਗਿਆਨੀ ਪੁਰਸ਼ ਨੂੰ ਇਹ ਦਿਸਦਾ ਹੈ। ਮਨ ਪੂਰੀ ਤਰ੍ਹਾਂ ਸਰੀਰਕ ਹੈ ਜਦੋਂ ਕਿ ਅਰਧ-ਚੇਤਨ ਜਾਂ ਸਪਨ-ਚੇਤਨ ਮਨ

ਜੀਵਿਤ ਹੁੰਦਾ ਹੈ ਅਤੇ ਸ਼ੁੱਧ ਚੇਤਨਾ ਹੁੰਦਾ ਹੈ ਪਰੰਤੂ ਬੇਜਾਨ ਚੇਤਨਾ (ਨਿਹਚੇਤਨ-ਚੇਤਨ) ਨਾਲ ਰਲਿਆ-ਮਿਲਿਆ ਹੋਇਆ।

**ਪ੍ਰਸ਼ਨ-ਕਰਤਾ** : ਅਕਸਰ 'ਜੀਵ' ਅਤੇ 'ਚੇਤਨ' ਸ਼ਬਦ ਇਕ-ਦੂਜੇ ਲਈ ਵਰਤ ਲਏ ਜਾਂਦੇ ਹਨ।

**ਦਾਦਾਸ਼੍ਰੀ** : ਖ਼ਾਸ ਤੌਰ 'ਤੇ, ਨਿਹਚੇਤਨ-ਚੇਤਨ (ਭਾਵ ਸ਼ੁੱਧ ਚੇਤਨਾ ਜਿਹੜੀ ਬੇਜਾਨ ਚੇਤਨਾ ਨਾਲ ਮਿਲੀ ਹੋਈ ਹੈ) ਅਵਸਥਾ ਨੂੰ ਅਸੀਂ ਅਦਵੈਤ ਵਾਲੀ ਅਵਸਥਾ ਵੀ ਕਹਿ ਲੈਂਦੇ ਹਾਂ। ਇਸ ਨੂੰ ਜੀਵ (ਭਾਵ ਸਰੀਰ ਦੇ ਅੰਦਰ ਆਤਮਾ) ਵੀ ਕਹਿ ਸਕਦੇ ਹਾਂ ਪਰੰਤੂ ਇਸ ਨੂੰ ਚੇਤਨ (ਭਾਵ ਸ਼ੁੱਧ ਆਤਮਾ) ਨਹੀਂ ਕਿਹਾ ਜਾ ਸਕਦਾ। ਜਿਨ੍ਹਾਂ ਆਤਮਾਵਾਂ ਨੇ ਮੇਰੇ ਪਾਸੋਂ ਦੀਖਸ਼ਾ ਪ੍ਰਾਪਤ ਕੀਤੀ ਹੈ ਉਨ੍ਹਾਂ ਨੇ ਸ਼ੁੱਧ ਚੇਤਨ ਅਵਸਥਾ ਨੂੰ ਪਾ ਲਿਆ ਹੈ। ਸਾਡਾ ਸਰੀਰ ਨਿਹਚੇਤਨ - ਚੇਤਨ ਹੈ ਅਤੇ ਅਸੀਂ ਸ਼ੁੱਧ ਚੇਤਨ (ਭਾਵ ਸ਼ੁੱਧ ਆਤਮਾ) ਹਾਂ।

'ਨਿਹਚੇਤਨ-ਚੇਤਨ' ਸ਼ਬਦ ਵਿਚ 'ਨਿਹਚੇਤਨ' ਅਗੇਤਰ ਇਕ ਵਿਸ਼ੇਸ਼ਣ ਰੂਪ ਹੈ। ਇਸ ਦਾ ਅਰਥ ਇਹ ਕਿ ਇਹ ਬੇ-ਜਾਨ ਹੈ ਪਰੰਤੂ ਉਸ ਸਮੇਂ ਇਉਂ ਜਾਪਦਾ ਹੈ ਜਿਵੇਂ ਜੀਵਿਤ ਹੋਵੇ।

ਜਿੰਨੀ ਦੇਰ ਤੱਕ ਤੁਸੀਂ ਸ਼ੁੱਧ ਚੇਤਨ ਨਹੀਂ ਬਣ ਜਾਂਦੇ ਉਨੀ ਦੇਰ ਤਕ ਤੁਸੀਂ ਨਿਹਚੇਤਨ-ਚੇਤਨ (ਭਾਵ ਜੀਵ) ਹੋ। ਸਾਰੇ ਵਿਅਕਤੀ ਹੀ ਨਿਹਚੇਤਨ-ਚੇਤਨ ਹਨ, ਭਾਵੇਂ ਉਹ ਸਾਧੂ ਹਨ ਭਾਵੇਂ ਸੰਨਿਆਸੀ। ਸਾਰੇ ਮਾਨਵ ਅਤੇ ਹੋਰ ਜੀਵ-ਜੰਤੂ ਜਿਹਾ ਕਿ ਪੇੜ-ਪੌਦੇ, ਪੰਛੀ, ਜਾਨਵਰ ਆਦਿ ਸਭ ਦੇ ਸਭ ਨਿਹਚੇਤਨ-ਚੇਤਨ ਅਵਸਥਾ ਵਿਚ ਹਨ। ਇਨ੍ਹਾਂ ਨੂੰ ਅਸੀਂ ਭੰਬੀਰੀਆਂ ਕਹਿ ਸਕਦੇ ਹਾਂ।

ਜਿੰਨੀ ਦੇਰ ਤੱਕ ਵਿਅਕਤੀ ਆਪਣੀ ਸ਼ੁੱਧ ਆਤਮਾ ਨੂੰ ਨਹੀਂ ਪਹਿਚਾਣਦਾ ਉਨੀ ਦੇਰ ਤੱਕ ਉਹ ਨਿਹਚੇਤਨ-ਚੇਤਨ (ਭਾਵ ਬੇਜਾਨ ਚੇਤਨਾ) ਵਾਲੀ ਅਵਸਥਾ ਵਿਚ ਹੀ ਹੁੰਦਾ ਹੈ। ਜਿੰਨੀ ਦੇਰ ਤੱਕ ਤੁਸੀਂ ਗਿਆਨੀ ਪੁਰਸ਼ ਨੂੰ ਨਹੀਂ ਮਿਲਦੇ ਜਿਸ ਨੇ ਆਪ ਪ੍ਰਭੂ-ਪ੍ਰਾਪਤੀ ਕੀਤੀ ਹੋਵੇ ਅਤੇ ਜਿਹੜਾ ਤੁਹਾਨੂੰ ਵੀ ਇਸ ਪ੍ਰਾਪਤੀ ਨਾਲ ਵਰੋਸਾਅ ਸਕਦਾ ਹੋਵੇ ਉਨੀ ਦੇਰ ਤੱਕ ਤੁਸੀਂ ਨਿਹਚੇਤਨ-ਚੇਤਨ (ਭਾਵ ਜੀਵ) ਹੀ ਰਹਿੰਦੇ ਹੋ। ਮੈਂ ਇਸ ਬ੍ਰਹਿਮੰਡ ਦੇ ਮਾਲਕ ਪ੍ਰਭੂ ਨਾਲ ਰਹੱਸਾਤਮਕ ਤੌਰ 'ਤੇ ਇਕ-ਮਿਕ ਹਾਂ ਪਰੰਤੂ ਫਿਰ ਵੀ ਮੇਰੇ ਪਾਸ ਕਿਸੇ ਮਲਕੀਅਤ ਜਾਂ ਤਾਕਤ ਦਾ ਵਿਖਾਵਾ ਨਹੀਂ ਕਿਉਂਕਿ ਮੈਂ ਸ਼ੁੱਧ ਆਤਮਾ ਹੈ - ਸ਼ੁੱਧ ਆਤਮਾ ਮੇਰੇ ਅੰਦਰ ਪ੍ਰਗਟ-ਰੂਪ ਹੈ।

ਜੀਵਨ-ਯਾਤਰਾ ਦੇ ਦੌਰਾਨ ਕਈ ਕਿਸਮ ਦੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਕਈ ਪ੍ਰਕਾਰ ਦੇ ਦੌਰ ਆਉਂਦੇ ਅਤੇ ਚਲੇ ਜਾਂਦੇ ਹਨ। ਇਹ ਸਭ ਨਿਹਚੇਤਨ-ਚੇਤਨ ਦੇ ਹਨ। ਅਸੀਂ ਸ਼ੁੱਧ ਆਤਮਾ ਹਾਂ।..... ਹਰ ਘਟਨਾ, ਹਰ ਦੌਰ ਨੂੰ ਵੇਖਿਆ ਅਤੇ ਜਾਂਚਿਆ ਜਾਣਾ ਹੈ

ਅਤੇ ਪ੍ਰੇਮ-ਪੂਰਵਕ ਉਸ ਦਾ ਸਮਾਧਾਨ ਵੀ ਕੀਤਾ ਜਾਣਾ ਹੈ ਤਾਂ ਜੋ ਕਰਮਾਂ ਦਾ ਵਹੀ-ਖਾਤਾ ਬਰਾਬਰ ਕੀਤਾ ਜਾ ਸਕੇ। ਹਰ ਵਿਅਕਤੀ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਜੀਵਨ-ਯਾਤਰਾ ਦੌਰਾਨ ਦਰਪੇਸ਼ ਹੋਣ ਵਾਲੀਆਂ ਘਟਨਾਵਾਂ ਅਤੇ ਹਾਲਾਤਾਂ ਨਾਲ ਕਿਸ ਤਰ੍ਹਾਂ ਨਜਿੱਠਣਾ ਹੈ। ਜੇਕਰ ਤੁਸੀਂ ਕਿਸੇ ਇਕ ਦੌਰ ਵਿਚ ਫਸ ਕੇ ਰਹਿ ਜਾਂਦੇ ਹੋ ਤਾਂ ਤੁਹਾਡੀ ਖੁਸ਼ੀ ਰੁੱਠ ਜਾਵੇਗੀ ਅਤੇ ਤੁਹਾਡੇ ਪੱਲੇ ਸਿਰਫ਼ ਗ਼ਮ ਅਤੇ ਉਦਾਸੀ ਹੀ ਰਹਿ ਜਾਣਗੇ। ਕਿਰਿਆਤਮਕ ਸ਼ਕਤੀ ਵੀ ਨਿਹਚੇਤਨ-ਚੇਤਨ ਹੀ ਹੈ।

ਪਰੰਤੂ ਅਸਲੀ, ਸੱਚੀ ਚੇਤਨਾ ਵਿਚ ਸਿਰਫ਼ ਖੁਸ਼ੀਆਂ ਹੀ ਖੁਸ਼ੀਆਂ ਹਨ ਅਤੇ ਸਹਜ-ਸਮਾਧੀ ਵੀ ਹੈ।

**ਪ੍ਰਸ਼ਨ-ਕਰਤਾ** : ਜੀਵਨ ਦੌਰਾਨ ਵਿਅਕਤੀ ਆਪਣੇ ਅੰਦਰੂਨੀ ਆਪੇ ਦੇ ਕਿਸ ਹਿੱਸੇ ਵਿਚ ਇਹ ਸਾਰੇ ਦੁੱਖ ਅਤੇ ਚਿੰਤਾਵਾਂ ਸਹਿੰਦਾ ਹੈ?

**ਦਾਦਾਸ਼੍ਰੀ** : ਗ਼ਮ, ਚਿੰਤਾਵਾਂ, ਸਹਿਮ, ਬੇਚੈਨੀ ਸਭ ਨਿਹਚੇਤਨ-ਚੇਤਨ ਵਾਲੇ ਹਿੱਸੇ ਵਿਚ ਹੁੰਦੇ ਹਨ। ਚਿੰਤਾਵਾਂ ਅਤੇ ਫ਼ਿਕਰ ਨਿਹਚੇਤਨ-ਚੇਤਨ (ਭਾਵ ਜੀਵ) ਨੂੰ ਵਾਪਰਦੇ ਹਨ ਅਤੇ ਵਿਅਕਤੀ ਸੋਚਦਾ ਹੈ ਕਿ 'ਮੈਂ ਅਮਿਤ ਹਾਂ' (ਜੀਵ, ਨਿਹਚੇਤਨ-ਚੇਤਨ), ਇਸ ਲਈ ਫ਼ਿਕਰ ਅਤੇ ਚਿੰਤਾਵਾਂ ਉਸ ਨੂੰ ਕਸ਼ਟ ਦਿੰਦੇ ਹਨ। ਜਿਹੜੇ ਵੀ ਵਿਅਕਤੀ ਚਿੰਤਾ, ਫ਼ਿਕਰ, ਗ਼ਮ (ਮਾਨਸਕ, ਸਰੀਰਕ, ਬਾਹਰੀ) ਨਾਮ ਦੀਆਂ ਸਾਰੀਆਂ ਬਿਮਾਰੀਆਂ ਤੋਂ ਪੀੜਿਤ ਹਨ ਉਹ ਨਿਹਚੇਤਨ-ਚੇਤਨ ਵੱਲ ਝੁਕਾਅ ਰਖਦੇ ਹਨ। ਕੋਈ ਵੀ ਵਿਅਕਤੀ ਚੇਤਨ-ਸਰੂਪ ਵੱਲ ਝੁਕਾਅ ਵਾਲਾ ਜੀਵਨ ਨਹੀਂ ਜਿਉਂਦਾ। ਇਕ ਗਿਆਨੀ ਪੁਰਸ਼ ਦੇ ਸ਼ਬਦਾਂ ਵਿਚ, ਸਾਰੇ ਹੀ ਵਿਅਕਤੀ ਨਿਹਚੇਤਨ-ਚੇਤਨ (ਭਾਵ ਜੀਵ) ਹਨ।

**ਪ੍ਰਸ਼ਨ-ਕਰਤਾ** : ਨਿਹਚੇਤਨ-ਚੇਤਨ ਦੇ ਨਿਰਮਾਣ ਦਾ ਚੱਕਰ ਕਦੋਂ ਤਕ ਚਲਦਾ ਰਹੇਗਾ?

**ਦਾਦਾਸ਼੍ਰੀ** : ਵਿਅਕਤੀ ਆਪਣੀ ਅਗਿਆਨਤਾ ਕਾਰਨ ਸ਼ੁੱਧ ਆਤਮਾ ਉਪਰ 'ਮੈਂ ਅਮਿਤ ਹਾਂ' ਦਾ ਲੇਬਲ ਚਿਪਕਾ ਲੈਂਦਾ ਹੈ। "ਹਉਂ" ਸ਼ੁੱਧ ਸਵੈ ਹੈ ਜਦੋਂ ਵਿਅਕਤੀ ਆਪਣੇ ਆਪ ਨੂੰ ਉਸ ਥਾਂ ਠੋਸਦਾ ਹੈ ਜਿਸ ਥਾਂ ਦਾ ਉਹ ਹੈ ਹੀ ਨਹੀਂ ਅਤੇ ਇਹ ਵਿਸ਼ਵਾਸ਼ ਕਰਦਾ ਹੈ ਕਿ 'ਮੈਂ ਅਮਿਤ ਹਾਂ', ਉਦੋਂ ਤੱਕ ਨਿਹਚੇਤਨ-ਚੇਤਨ ਦਾ ਨਿਰਮਾਣ ਹੁੰਦਾ ਰਹਿੰਦਾ ਹੈ। ਜਦੋਂ ਤਕ ਅਗਿਆਨਤਾ ਦਾ ਹਨੇਰਾ ਨਹੀਂ ਹਟਦਾ ਅਤੇ ਭੁਲੇਖੇ ਦੀ ਦੀਵਾਰ ਦੂਰ ਨਹੀਂ ਹੋ ਜਾਂਦੀ ਉਦੋਂ ਤਕ ਪ੍ਰਤਿਸ਼ਿਠਾ ਦਾ ਨਿਰਮਾਣ ਹੁੰਦਾ ਹੀ ਰਹੇਗਾ। ਜੇ ਕੋਈ ਵਿਅਕਤੀ ਭਗਤੀ ਕਰ ਸਕਦਾ ਹੈ ਅਤੇ ਆਪਣੇ ਆਪ ਨੂੰ 'ਮੈਂ ਸ਼ੁੱਧ ਆਤਮਾ ਹਾਂ' ਵਾਲੇ ਵਿਸ਼ਵਾਸ਼ ਵੱਲ ਝੁਕਾਅ ਲੈਂਦਾ ਹੈ ਤਾਂ ਉਹ ਦੁਬਾਰਾ ਨਿਹਚੇਤਨ-ਚੇਤਨ ਵਾਲੀ ਅਵਸਥਾ ਵਿਚ ਵਾਪਸ ਨਹੀਂ ਜਾਂਦਾ। ਜਦੋਂ ਸ਼ੁੱਧ ਆਤਮਾ ਦੀ ਪਹਿਚਾਣ ਹੋ ਜਾਂਦੀ ਹੈ ਤਾਂ ਹੀ ਸ਼ੁੱਧ ਚੇਤਨ ਪਕੜ ਵਿਚ ਆਉਂਦਾ ਹੈ। ਅਜਿਹਾ ਵਿਅਕਤੀ ਹਰ

ਕਿਸਮ ਦੇ ਭਰਮ ਅਤੇ ਭੁਲੇਖੇ ਤੋਂ ਆਜ਼ਾਦ ਹੋ ਜਾਂਦਾ ਹੈ।

ਜਦੋਂ ਜੀਵ (ਨਿਹਚੇਤਨ-ਚੇਤਨ) ਨੂੰ ਉਸ ਦੇ ਕਰਮਾਂ, ਬੁਰੇ ਕਰਮਾਂ ਦੇ ਪ੍ਰਭਾਵ ਤੋਂ ਮੁਕਤ ਕੀਤਾ ਜਾਂਦਾ ਹੈ ਤਾਂ ਉਹ ਜੀਵ ਕਰਮਾਂ ਦਾ ਹੋਰ ਪ੍ਰਭਾਵ ਗ੍ਰਹਿਣ ਕਰ ਲਵੇਗਾ ਜਦੋਂ ਉਹ ਇਹ ਮਿਥਿਆ ਧਾਰਣਾ ਬਣਾ ਲੈਂਦਾ ਹੈ ਕਿ 'ਮੈਂ ਫਲਾਂ ਵਿਅਕਤੀ ਹਾਂ'।

## 94
## ਇੱਛਾ

**ਪ੍ਰਸ਼ਨ-ਕਰਤਾ** : 'ਮਨੁੱਖ ਇੱਛਾਵਾਂ ਦੀ ਪੰਡ ਹੈ' - ਇਹ ਆਮ ਕਿਹਾ ਜਾਂਦਾ ਹੈ। ਕਿਰਪਾ ਕਰਕੇ ਇੱਛਾਵਾਂ ਬਾਰੇ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਇੱਛਾ ਇਕ ਬਲਦੀ ਅੱਗ ਹੈ। ਜਿੰਨੀ ਦੇਰ ਇੱਛਾ ਪੂਰੀ ਨਹੀਂ ਹੁੰਦੀ, ਉਨੀ ਦੇਰ ਇਹ ਅੱਗ ਮਨੁੱਖ ਦੇ ਅੰਦਰ ਬਲਦੀ ਰਹਿੰਦੀ ਹੈ। ਦਾਦਾ ਭਗਵਾਨ ਇਸ ਬਾਰੇ ਕੀ ਕਹਿੰਦੇ ਹਨ? ਇੱਛਾ ਆਪ ਇਕ ਪ੍ਰਕਾਰ ਦਾ ਕਰਮ ਹੈ ਜੋ ਆਤਮਾ ਦੀ ਸ਼ਕਤੀ, ਭਾਵ ਅੰਤਰ-ਕਰਮ ਦੇ ਰਸਤੇ ਵਿਚ ਰੁਕਾਵਟ ਹੈ। ਇੱਛਾ ਤਾਂ ਸਿਰਫ਼ ਗਿਆਨੀ ਪੁਰਸ਼ ਨੂੰ ਮਿਲਣ ਦੀ ਜਾਂ ਮੁਕਤੀ ਪ੍ਰਾਪਤੀ ਦੀ ਹੀ ਪਾਲਣੀ ਚਾਹੀਦੀ ਹੈ। ਇਸ ਤਰ੍ਹਾਂ ਦੀ ਇੱਛਾ ਰੁਕਾਵਟ ਨਹੀਂ ਹੁੰਦੀ। ਬਾਕੀ ਸਾਰੀਆਂ ਇੱਛਾਵਾਂ ਤੁਹਾਨੂੰ ਅੱਗ ਦੀ ਤਰ੍ਹਾਂ ਸਾੜ ਦੇਣਗੀਆਂ। ਉਹ ਤਾਂ ਆਪ ਹੀ ਅੱਗ ਹਨ ਅਤੇ ਇਹ ਤੁਹਾਨੂੰ ਵੀ ਲਟ-ਲਟ ਬਾਲ ਦੇਣਗੀਆਂ।

ਇਸ ਅੱਗ ਨੂੰ ਬੁਝਾਉਣ ਹਿਤ ਲੋਕ ਪਾਣੀ ਤਲਾਸ਼ਦੇ ਹਨ ਪਰੰਤੂ ਪਾਣੀ ਦੀ ਬਜਾਇ ਇਸ ਅੱਗ ਉਪਰ ਛਿੜਕਣ ਲਈ ਉਨ੍ਹਾਂ ਨੂੰ ਤੇਲ ਮਿਲਦਾ ਹੈ। ਇਕ ਇੱਛਾ ਪੂਰੀ ਕਰੋ ਤਾਂ ਦੂਸਰੀ ਸਿਰ ਚੁੱਕ ਲੈਂਦੀ ਹੈ: ਇਹ ਸਿਲਸਿਲਾ ਅਟੁੱਟ ਚਲਦਾ ਰਹਿੰਦਾ ਹੈ।

**ਪ੍ਰਸ਼ਨ-ਕਰਤਾ** : ਸਾਰੀਆਂ ਇੱਛਾਵਾਂ ਤਾਂ ਕਦੇ ਵੀ ਪੂਰੀਆਂ ਨਹੀਂ ਹੁੰਦੀਆਂ।

**ਦਾਦਾਸ਼੍ਰੀ** : ਕੁਦਰਤ ਦਾ ਕਾਨੂੰਨ ਕੀ ਕਹਿੰਦਾ ਹੈ? ਤੁਸੀਂ ਮਨ ਅੰਦਰ ਕੋਈ ਵੀ ਇੱਛਾ ਧਾਰ ਲਉ, ਉਹ ਇੱਛਾ ਕਦੇ ਨਾ ਕਦੇ ਜ਼ਰੂਰ ਪੂਰੀ ਹੋ ਜਾਵੇਗੀ। ਇਸ ਲਈ ਇਨ੍ਹਾਂ ਇੱਛਾਵਾਂ ਬਾਰੇ ਬਹੁਤਾ ਸੋਚਣ ਜਾਂ ਚਿੰਤਾ ਕਰਨ ਦਾ ਕੀ ਫਾਇਦਾ ਹੈ? ਜੇ ਤੁਸੀਂ ਸਾਰਾ ਸਮਾਂ ਇਨ੍ਹਾਂ ਇੱਛਾਵਾਂ ਬਾਰੇ ਹੀ ਸੋਚਦੇ ਰਹੋਗੇ ਤਾਂ ਤੁਸੀਂ ਮਾਮਲਾ ਵਧੇਰੇ ਉਲਝਾ ਲਉਗੇ।

ਜਿਹੜੀਆਂ ਇੱਛਾਵਾਂ ਲਗਾਤਾਰ ਉਠਦੀਆਂ ਰਹਿੰਦੀਆਂ ਹਨ ਉਹ ਵਿਅਕਤੀਆਂ ਨੂੰ ਬਹੁਤ ਤੰਗ ਕਰਦੀਆਂ ਹਨ। ਹਰ ਵਿਅਕਤੀ ਹਰ ਪ੍ਰਕਾਰ ਦੀਆਂ ਇੱਛਾਵਾਂ ਨਹੀਂ ਰਖਦਾ ਬਲਕਿ ਉਸ ਨੂੰ ਸਿਰਫ਼ ਉਨ੍ਹਾਂ ਚੀਜਾਂ ਦੀ ਇੱਛਾ ਹੁੰਦੀ ਹੈ ਜਿਨ੍ਹਾਂ ਨੂੰ ਉਹ ਪਸੰਦ ਕਰਦਾ ਹੈ। ਉਸ

ਨੂੰ ਸਭ ਤੋਂ ਵੱਧ ਕਿਸ ਚੀਜ ਦੀ ਇੱਛਾ ਹੈ? ਤੁਸੀਂ ਸਿਰਫ਼ ਉਨ੍ਹਾਂ ਹੀ ਵਸਤਾਂ ਦੀ ਵਧੇਰੇ ਤੀਬਰ ਇੱਛਾ ਪਾਲੋਗੇ ਜਿਨ੍ਹਾਂ ਦੀ ਪ੍ਰਾਪਤੀ ਦੀ ਚਾਹਤ ਤੁਸੀਂ ਪਿਛਲੇ ਜਨਮ ਤੋਂ ਨਾਲ ਲੈ ਕੇ ਆਏ ਹੋ।

ਪਿਛਲੇ ਜਨਮ ਵਿਚ ਜੋ ਵੀ ਖੁਸ਼ੀ ਤੁਸੀਂ ਕਮਾਈ ਅਤੇ ਇਸ ਜਨਮ ਵਿਚ ਅੱਗੇ ਲਿਆਂਦੀ ਹੈ ਉਸ ਖੁਸ਼ੀ ਦਾ ਆਨੰਦ ਤੁਸੀਂ ਜ਼ਰੂਰ ਮਾਣੋਗੇ। ਪਰੰਤੂ ਇਹ ਖੁਸ਼ੀ ਤੁਹਾਨੂੰ ਆਪਣੇ ਉਨੇ ਹੀ ਪੁੰਨ ਕਰਮ ਖ਼ਰਚ ਕਰਨ ਉਪਰੰਤ ਪ੍ਰਾਪਤ ਹੁੰਦੀ ਹੈ।

**ਪ੍ਰਸ਼ਨ-ਕਰਤਾ** : ਜੀਵ ਦੀ ਅਧਿਆਤਮਕ ਯਾਤਰਾ ਦੌਰਾਨ ਇੱਛਾ ਦੀ ਕੀ ਮਹੱਤਾ ਹੈ?

**ਦਾਦਾਸ਼੍ਰੀ** : ਇਸ ਸੰਸਾਰ ਵਿਚ ਬਲੇਡ ਦੋ ਧਾਰਾ ਹੁੰਦਾ ਹੈ ਅਤੇ ਇਸ ਨੂੰ ਦੋਹਾਂ ਪਾਸਿਆਂ ਤੋਂ ਹੀ ਵਰਤਿਆ ਜਾਣਾ ਹੁੰਦਾ ਹੈ। ਪਰੰਤੂ ਸ਼ੁੱਧ ਆਤਮਾ ਦੇ ਮਾਮਲੇ ਵਿਚ ਇਸ ਦੇ ਝੁਕਾਅ ਨੂੰ ਸਿਰਫ਼ ਇਕ ਪਾਸੇ ਹੀ ਵਰਤਣਾ ਹੁੰਦਾ ਹੈ। ਜੇ ਕੋਈ ਵਿਅਕਤੀ ਇਸ ਨੂੰ 'ਮੈਂ ਸ਼ੁੱਧ ਆਤਮਾ ਹਾਂ' ਦੀ ਬਜਾਇ 'ਮੈਂ ਅਸ਼ੁੱਧ ਆਤਮਾ ਹਾਂ' ਦੇ ਤੌਰ 'ਤੇ ਵਰਤੇ ਤਾਂ ਕੀ ਹੋਵੇਗਾ? ਇਸ ਦਾ ਨਤੀਜਾ ਬਹੁਤ ਵੱਡੀ ਬਰਬਾਦੀ ਹੋਵੇਗਾ।

ਸ਼ੁੱਧ ਆਤਮਾ ਦੀ ਕੋਈ ਇੱਛਾ ਨਹੀਂ ਹੁੰਦੀ ਪਰੰਤੂ ਅੰਤਰ-ਆਤਮਾ ਦੀ ਹੁੰਦੀ ਹੈ। ਅੰਤਰ-ਆਤਮਾ ਇਸ ਇੱਛਾ ਨੂੰ ਸ਼ੁੱਧ ਆਤਮਾ ਵਾਲੀ ਅਵਸਥਾ ਪ੍ਰਾਪਤ ਕਰਨ ਹਿਤ ਵਰਤਦੀ ਹੈ। ਜਦੋਂ ਜੀਵ ਨੂੰ ਇਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਤਾਂ ਫਿਰ ਇੱਛਾ ਦਾ ਕੋਈ ਨਾਮੋ-ਨਿਸ਼ਾਨ ਵੀ ਬਾਕੀ ਨਹੀਂ ਰਹੇਗਾ। ਇਸ ਦੀ ਪ੍ਰਾਪਤੀ ਹੋਵੇਗੀ ਸਿਰਫ਼ ਅਤੇ ਸਿਰਫ਼ ਪੂਰਨ ਤਿਆਗ ਰਾਹੀਂ। ਪੂਰਨ ਤਿਆਗ ਦੀ ਅਵਸਥਾ ਵਿਚ ਕੋਈ ਇੱਛਾ ਨਹੀਂ ਹੁੰਦੀ। ਮੇਰੀ ਇੱਛਾ ਸਿਰਫ਼ ਇਕ 'ਡਿਸਚਾਰਜ' ਇੱਛਾ ਹੈ ਕਿਉਂਕਿ ਮੈਂ ਸ਼ੁੱਧ ਆਤਮਾ ਵਾਲੀ ਅਵਸਥਾ ਪ੍ਰਾਪਤ ਕੀਤੀ ਹੋਈ ਹੈ। ਮੈਂ ਪਰਮ ਮਨੁੱਖ ਦਾ ਰੁਤਬਾ ਹਾਸਲ ਕਰ ਲਿਆ ਹੈ ਜਦੋਂ ਕਿ ਮਹਾਤਮਾਵਾਂ ਦੀ ਇੱਛਾ ਸਿਰਫ਼ ਇਸ ਪੂਰਨਤਾ ਦੀ ਅਵਸਥਾ ਪ੍ਰਾਪਤ ਕਰਨ ਦੀ ਹੈ।

**ਪ੍ਰਸ਼ਨ-ਕਰਤਾ** : ਇੱਛਾ ਅਤੇ ਚਿਤਵਨਾ (ਕਿਸੇ ਇਕ ਨੁਕਤੇ ਉਪਰ ਲਗਾਤਾਰ ਮਨ ਕੇਂਦ੍ਰਿਤ ਕਰਕੇ ਕੀਤੀ ਭਗਤੀ) ਵਿਚ ਕੀ ਭਿੰਨਤਾ ਹੈ?

**ਦਾਦਾਸ਼੍ਰੀ** : ਚਿਤਵਨਾ ਮਨੁੱਖ ਦੇ ਭਵਿੱਖ ਦੇ ਖਾਤੇ ਲਈ ਕਰਮਾਂ ਨੂੰ ਸ਼ਕਲ ਦਿੰਦੀ ਹੈ ਜਦੋਂ ਕਿ ਇੱਛਾ ਇਹ ਸਪਸ਼ਟ ਕਰ ਦਿੰਦੀ ਹੈ ਕਿ ਪਿਛਲੇ ਜਨਮ ਦੇ ਕਰਮਾਂ ਦਾ ਵਹੀ-ਖਾਤਾ ਕੀ ਹੈ। ਇੱਛਾ ਦੀ ਹੋਂਦ ਜਾਂ ਅਣਹੋਂਦ ਦੇ ਆਧਾਰ 'ਤੇ ਅਸੀਂ ਕਰਮਾਂ ਦੇ ਬਕਸੇ ਅੰਦਰ ਪਈ ਸਮੱਗਰੀ ਦੀ ਖੋਜ ਕਰ ਲੈਂਦੇ ਹਾਂ।

**ਪ੍ਰਸ਼ਨ-ਕਰਤਾ** : ਇੱਛਾਵਾਂ ਦੀ ਪੂਰਤੀ ਕਿਵੇਂ ਹੁੰਦੀ ਹੈ?

**ਦਾਦਾਸ਼੍ਰੀ** : ਜਦੋਂ ਤੁਹਾਡੇ ਬਰਾਬਰ ਦੇ ਪੁੰਨ ਕਰਮਾਂ ਦਾ ਸੰਬੰਧ ਅਸਰ ਦਿਖਾਉਣਾ ਆਰੰਭ

ਕਰਦਾ ਹੈ ਤਾਂ ਤੁਹਾਡੀਆਂ ਇੱਛਾਵਾਂ ਦੀ ਪੂਰੀ ਹੋ ਜਾਂਦੀ ਹੈ। ਪਰੰਤੂ ਜਦੋਂ ਉਸ ਪ੍ਰਕਾਰ ਦੇ ਸੰਬੰਧ ਜਾਂ ਸੰਪਰਕ ਦੀ ਲੜੀ ਟੁੱਟ ਜਾਂਦੀ ਹੈ ਤਾਂ ਤੁਹਾਨੂੰ ਜੀਵਨ ਵਿਚ ਕਈ ਅਣ-ਚਾਹੀਆਂ ਅਤੇ ਅਣ-ਇੱਛਤ ਗੱਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਦਾਹਰਣ ਦੇ ਲਈ, ਜੇ ਕੁਝ ਹਿੰਦਸੇ ਲਿਖ ਕੇ ਹਨੇਰੇ ਥਾਂ ਤੇ ਸੁੱਟ ਦਿੱਤੇ ਜਾਣ ਜਾਂ ਇਹ ਲਿਖੇ ਹੀ ਹਨੇਰੇ ਵਿਚ ਜਾਣ ਜਾਂ ਉਨ੍ਹਾਂ ਵਿਚਕਾਰ ਕੋਈ ਪ੍ਰਸਪਰ ਸੰਬੰਧ ਜਾਂ ਸੰਪਰਕ ਹੋਵੇ ਤਾਂ ਵਿਅਕਤੀ ਉਨ੍ਹਾਂ ਨੂੰ 1, 2, 3 ਆਦਿ ਦੇ ਜਾਂ ਕਿਸੇ ਵੀ ਹੋਰ ਕ੍ਰਮ ਵਿਚ ਇੱਕਠੇ ਕਰ ਸਕਦਾ ਹੈ ਪਰੰਤੂ ਜੇਕਰ ਉਨ੍ਹਾਂ ਵਿਚਕਾਰਲਾ ਪ੍ਰਸਪਰ ਸੰਬੰਧ ਟੁੱਟ ਜਾਵੇ ਤਾਂ ਇਹ ਕ੍ਰਮ ਮੁਸ਼ਕਲ ਹੋ ਜਾਂਦਾ ਹੈ ਅਤੇ ਹੋ ਸਕਦਾ ਹੈ ਤੁਹਾਨੂੰ 7 ਤੋਂ ਬਾਦ 571 ਵਾਲਾ ਹਿੰਦਸਾ ਮਿਲੇ। ਇਹ ਸਭ ਬਿਨ੍ਹਾਂ ਕਿਸੇ ਕ੍ਰਮ ਦੇ ਹੋਣਗੇ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ 'ਸੰਬੰਧ/ਸੰਪਰਕ' ਬਾਰੇ ਰਤਾ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਮੇਰੀ ਗੱਲ ਧਿਆਨ ਨਾਲ ਸੁਣੋ। ਰਤਨਾਗਿਰੀ ਵਿਖੇ ਇਕ ਵਿਅਕਤੀ ਮੇਰੇ ਕੋਲ ਆਇਆ ਅਤੇ ਮੈਨੂੰ ਕਹਿਣ ਲੱਗਾ: "ਦਾਦਾ, ਮੈਂ ਜਿਸ ਵੀ ਚੀਜ ਨੂੰ ਹੱਥ ਲਾਉਂਦਾ ਹਾਂ ਉਹ ਸੋਨਾ ਬਣ ਜਾਂਦੀ ਹੈ।" ਮੈਂ ਉਸ ਨੂੰ ਕਿਹਾ: "ਅੱਜ-ਕੱਲ੍ਹ ਦੇ ਦਿਨੀਂ ਤੁਹਾਡੇ ਪੁੰਨ ਕਰਮਾਂ ਦਾ ਤੁਹਾਡੇ ਜੀਵਨ ਨਾਲ ਸੰਬੰਧ ਬਣਿਆ ਹੋਇਆ ਹੈ। ਪਰੰਤੂ ਥੋੜੇ ਸਮੇਂ ਬਾਅਦ ਇਹ ਸੰਬੰਧ ਟੁੱਟ ਜਾਵੇਗਾ ਅਤੇ, ਠੀਕ ਇਸੇ ਤਰ੍ਹਾਂ ਹੀ ਵਾਪਰਿਆ। ਉਸ ਵਿਅਕਤੀ ਨੂੰ ਵਪਾਰ ਵਿਚ ਇੰਨਾ ਘਾਟਾ ਪਿਆ ਕਿ ਇਕ ਸਮੇਂ ਉਹ ਅਤੇ ਉਸ ਦੀ ਪਤਨੀ ਦੋਵੇਂ ਖ਼ੁਦਕੁਸ਼ੀ ਕਰਨ ਨੂੰ ਤਿਆਰ ਸਨ। ਖੁਸ਼ਕਿਸਮਤੀ ਨਾਲ ਉਨ੍ਹਾਂ ਦਾ ਬਚਾਅ ਹੋ ਗਿਆ। ਫਿਰ ਉਨ੍ਹਾਂ ਨੂੰ ਮੇਰੇ ਕਹੇ ਸ਼ਬਦ ਯਾਦ ਆਏ।

ਘਟਨਾਵਾਂ ਦਾ ਇਹ ਕ੍ਰਮਕ ਅਤੇ ਅਕ੍ਰਮਕ ਚੱਕਰ ਆਉਂਦਾ ਹੈ ਅਤੇ ਚਲਾ ਜਾਂਦਾ ਹੈ। ਇਹ ਦੁਨਿਆਵੀ ਜੀਵਨ ਇਵੇਂ ਹੀ ਹੈ।

ਇੱਛਾਵਾਂ ਵਿਅਕਤੀ ਦੇ ਪੁਰਾਣੇ ਕਰਮਾਂ ਦੇ ਹਿਸਾਬ-ਕਿਤਾਬ ਦਾ ਨਤੀਜਾ ਹਨ ਅਤੇ ਉਹ 'ਡਿਸਚਾਰਜ' ਸੁਭਾਅ ਦੀਆਂ ਹਨ। ਚਿੰਤਵਨ ਵਿਚ ਵਿਅਕਤੀ ਭਵਿੱਖ ਵਾਸਤੇ ਯੋਜਨਾਵਾਂ ਘੜਦਾ ਹੈ, ਇਨ੍ਹਾਂ ਯੋਜਨਾਵਾਂ ਵਿਚ ਹੀ ਮਗਨ ਹੋ ਜਾਂਦਾ ਹੈ ਅਤੇ ਨਵੇਂ ਕਾਰਨ ਘੜਦਾ ਹੈ। ਇੱਛਾ ਨਤੀਜਾ ਹੈ ਜਦੋਂ ਕਿ ਚਿੰਤਵਨ ਕਾਰਨ ਹੈ; ਇਹ ਕਰਮਾਂ ਦੇ ਪੈਦਾ ਹੋਣ ਦਾ ਚਾਰਜਿੰਗ ਪੁਆਇੰਟ ਹੈ।

ਪਹਿਲਾਂ ਇੱਛਾ ਉਦੋਂ ਪੈਦਾ ਹੁੰਦੀ ਹੈ ਜਦੋਂ ਕਿਸੇ ਗੱਲ ਜਾਂ ਘਟਨਾ ਨੇ ਵਾਪਰਨਾ ਹੀ ਹੁੰਦਾ ਹੈ। ਠੀਕ ਹੀ ਕਿਹਾ ਜਾਂਦਾ ਹੈ ਕਿ ਦਸਵੀਂ ਦਾ ਬੋਰਡ ਦਾ ਇਮਤਿਹਾਨ ਉਹੀ ਵਿਅਕਤੀ ਪਾਸ ਕਰਦਾ ਹੈ ਜਿਸ ਦੇ ਅੰਦਰ ਇਹ ਪਾਸ ਕਰਨ ਦੀ ਇੱਛਾ ਹੋਵੇ। ਜਦੋਂ ਕਰਮਾਂ, ਆਦਿ ਦੀਆਂ ਸਭ ਰੁਕਾਵਟਾਂ ਦੂਰ ਹੋ ਕਰ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਇਸ ਇਮਤਿਹਾਨ ਨੂੰ

ਪਾਸ ਕਰ ਲੈਂਦਾ ਹੈ। ਇਕ ਵਿਅਕਤੀ ਦੀ ਸਤਿਸੰਗ ਕਰਵਾਉਣ ਹਿਤ ਪੈਸਾ ਖ਼ਰਚ ਕਰਨ ਦੀ ਇੱਛਾ ਹੋ ਸਕਦੀ ਹੈ ਪਰੰਤੂ ਉਹ ਕੀ ਕਰ ਸਕਦਾ ਹੈ? ਪੁਰਾਣੇ ਕਰਮਾਂ ਦੀਆਂ ਰੁਕਾਵਟਾਂ ਰਾਹ ਵਿਚ ਰੋੜਾ ਖੜਾ ਕਰ ਦਿੰਦੀਆਂ ਹਨ। ਉਸ ਕੋਲ ਭਾਵੇਂ ਪੈਸਾ ਵੀ ਹੋਵੇ ਅਤੇ ਹਾਲਾਤ ਵੀ ਹਾਂ-ਪੱਖੀ ਹੋਣ ਫਿਰ ਵੀ ਉਹ ਇਸ ਨੇਕ ਇੱਛਾ ਦੀ ਪੂਰਤੀ ਲਈ ਪੈਸੇ ਨਹੀਂ ਕੱਢੇਗਾ। ਜਦੋਂ ਇਸ ਵਿਅਕਤੀ ਦੇ ਰਸਤੇ ਵਿਚੋਂ ਕਰਮਾਂ ਦੀਆਂ ਰੁਕਾਵਟਾਂ ਹਟ ਜਾਂਦੀਆਂ ਹਨ ਤਾਂ ਫਿਰ ਉਸ ਦੀ ਇੱਛਾ ਪੂਰਤੀ ਹਿਤ ਕੁਦਰਤੀ ਤੌਰ 'ਤੇ ਪ੍ਰਬੰਧ ਹੋ ਜਾਂਦੇ ਹਨ।

ਧਰਮ ਗਰੰਥਾਂ ਦੇ ਮਹਾਨ ਲੇਖਕਾਂ ਦਾ ਕਥਨ ਹੈ ਕਿ ਫੁੱਲਾਂ ਦੀ ਤਰ੍ਹਾਂ ਇੱਛਾਵਾਂ ਵੀ ਆਪਣੇ ਆਪ ਹੀ ਫਲਦੀਆਂ ਹਨ। ਵਿਅਕਤੀ ਨੂੰ ਇੱਛਾ ਕਰਨ ਦੀ ਕੋਈ ਲੋੜ ਹੀ ਨਹੀਂ।

**ਪ੍ਰਸ਼ਨ-ਕਰਤਾ** : ਲੋਕਾਂ ਦੀਆਂ ਇੱਛਾਵਾਂ ਅਨੰਤ ਹਨ।

**ਦਾਦਾਸ਼੍ਰੀ** : ਕਲਿਯੁਗ ਦੇ ਇਸ ਸਮੇਂ ਵਿਚ ਲੋਕਾਂ ਦੀਆਂ ਛੋਟੀਆਂ-ਛੋਟੀਆਂ ਇੱਛਾਵਾਂ ਹਨ ਜਿਹਾ ਕਿ ਗਰਮ, ਮਸਾਲੇਦਾਰ ਚਟਣੀ ਖਾਣ ਦੀ ਇੱਛਾ। ਉਨ੍ਹਾਂ ਦੀ ਜੀਵਨ ਅੰਦਰ ਬਹੁਤੀਆਂ ਚੀਜਾਂ ਦਾ ਆਨੰਦ ਲੈਣ ਦੀ ਇੱਛਾ ਨਹੀਂ ਹੁੰਦੀ। ਉਹ ਇਸ ਚਟਣੀ ਖਾਣ ਦੀ ਇੱਛਾ ਵਰਗੀਆਂ ਤੁੱਛ ਜਿਹੀਆਂ ਇੱਛਾਵਾਂ ਵਿਚ ਹੀ ਆਪਣਾ ਜੀਵਨ ਗੁਜ਼ਾਰ ਦਿੰਦੇ ਹਨ। ਮੈਂ ਕਈ ਅਮੀਰ ਵਿਅਕਤੀ ਦੇਖੇ ਹਨ ਜਿਨ੍ਹਾਂ ਨੇ ਆਪਣੇ ਪਿਛਲੇ ਜਨਮ ਵਿਚ ਬਹੁਤ ਸਾਰੇ ਦਿਨ ਅਤੇ ਰਾਤਾਂ ਭਗਵਾਨ ਮਹਾਵੀਰ ਦੀ ਸੰਗਤ ਵਿਚ ਗੁਜਾਰੀਆਂ ਹੁੰਦੀਆਂ ਹਨ। ਅਜਿਹੇ ਲੋਕ ਵੀ ਆਪਣੀਆਂ ਪਤਨੀਆਂ ਨੂੰ ਸਤਿਸੰਗ ਵਿਚ ਪੂਰੀਆਂ ਅਤੇ ਸਬਜ਼ੀ ਲਿਆਉਣ ਲਈ ਕਹਿ ਰਹੇ ਹੁੰਦੇ ਹਨ ਕਿਉਂਕਿ 'ਉਹ ਦੁਪਹਿਰ ਦਾ ਖਾਣਾ' ਉਥੇ ਹੀ ਖਾਣਗੇ।' ਉਨ੍ਹਾਂ ਲਈ ਦਾਦਾ ਭਗਵਾਨ ਦੇ ਉਚਾਰੇ ਸ਼ਬਦ ਅੰਮ੍ਰਿਤ ਸਮਾਨ ਹਨ; ਇਸ ਲਈ ਉਹ ਸਤਿਸੰਗ ਨੂੰ ਛੱਡ ਕੇ ਨਹੀਂ ਜਾਣਾ ਚਾਹੁੰਦੇ। ਪਰੰਤੂ ਚਟਣੀ ਖਾਣ ਦੀ ਇੱਛਾ ਵਰਗੀਆਂ ਛੋਟੀਆਂ ਇੱਛਾਵਾਂ ਖਹਿੜਾ ਨਹੀਂ ਛਡਦੀਆਂ। ਇਸ ਲਈ ਉਹ ਇਸ ਭਵਸਾਗਰ ਵਿਚ ਭੌਂਦੇ ਰਹਿੰਦੇ ਹਨ।

ਵਿਅਕਤੀਆਂ ਅੰਦਰ ਇੱਛਾਵਾਂ ਪੈਦਾ ਹੁੰਦੀਆਂ ਅਤੇ ਖ਼ਤਮ ਹੁੰਦੀਆਂ, ਵਧਦੀਆਂ ਅਤੇ ਘਟਦੀਆਂ ਰਹਿੰਦੀਆਂ ਹਨ।

**ਪ੍ਰਸ਼ਨ-ਕਰਤਾ** : ਇੱਛਾ ਦਾ ਘਟਣਾ ਕੀ ਹੈ?

**ਦਾਦਾਸ਼੍ਰੀ** : ਮੈਂ ਆਪਣੇ ਮਹਾਤਮਾਵਾਂ ਨੂੰ ਦੱਸਿਆ ਹੈ ਕਿ ਸਵੈ-ਪਹਿਚਾਣ ਤੋਂ ਬਾਅਦ ਤੁਹਾਡੀਆਂ ਇੱਛਾਵਾਂ ਬੰਜਰ ਜ਼ਮੀਨ ਵਾਂਗ ਹਨ ਜਿਥੇ ਕੋਈ ਬੀਜ ਨਹੀਂ ਉਗਦਾ। ਇਹ ਘਟਦੀਆਂ ਇੱਛਾਵਾਂ ਢਲਦੇ ਸੂਰਜ ਦੀ ਤਰ੍ਹਾਂ ਹਨ। ਸੂਰਜ ਭਾਵੇਂ ਛਿਪ ਰਿਹਾ ਹੋਵੇ ਅਤੇ ਲੋਕਾਂ ਨੂੰ ਚੜ੍ਹ ਰਿਹਾ ਜਾਪੇ ਪਰੰਤੂ ਉਹ ਇਸ ਗੱਲ ਦੀ ਚਿੰਤਾ ਨਹੀਂ ਕਰਦੇ। ਉਹ ਆਪਣੀਆਂ ਇੱਛਾਵਾਂ ਨੂੰ ਘਾਟੇ ਵਲ ਲਿਜਾ ਰਹੇ ਹਨ। ਦੂਸਰੇ ਲੋਕਾਂ ਦੀਆਂ ਇੱਛਾਵਾਂ ਘਟਦੀਆਂ ਵੀ ਹੋਣਗੀਆਂ ਅਤੇ ਵਧਦੀਆਂ ਵੀ

ਹੋਣਗੀਆਂ। ਵਧਦੀਆਂ ਇੱਛਾਵਾਂ ਕਾਰਨ ਤੋਂ ਉਪਜੀਆਂ ਇੱਛਾਵਾਂ ਹਨ ਅਤੇ ਘਟਦੀਆਂ ਇੱਛਾਵਾਂ ਪ੍ਰਭਾਵ ਤੋਂ ਪੈਦਾ ਹੁੰਦੀਆਂ ਹਨ।

ਉਦਾਹਰਣ ਲਈ, ਸਾਡੇ ਕੋਲ ਇਥੇ ਕੁਝ ਰੂੰ ਹੈ ਅਤੇ ਇਹ ਬੱਸ ਇਥੇ ਪਈ ਹੈ। ਇਹ ਇੱਛਾ ਨਹੀਂ ਹੈ। ਪਰੰਤੂ ਜੇ ਤੁਸੀਂ ਤੀਲੀ ਨਾਲ ਇਸ ਨੂੰ ਅੱਗ ਲਗਾ ਦਿੰਦੇ ਹੋ ਤਾਂ ਇਹ ਇੱਛਾ ਹੈ। ਇੱਛਾ ਅੱਗ ਦਾ ਪ੍ਰਗਟ ਰੂਪ ਹੈ। ਜਿੰਨੀ ਦੇਰ ਤੱਕ ਇਸ ਦੀ ਪੂਰਤੀ ਨਹੀਂ ਹੁੰਦੀ ਉਨੀ ਦੇਰ ਇਹ ਬਲਦੀ ਰਹਿਦੀ ਹੈ। ਕਿਸੇ ਵਸਤੂ ਨੂੰ ਅੱਗ ਲਗਾਉਣਾ ਇੱਛਾ ਹੈ ਅਤੇ ਇਸ ਅੱਗ ਦੀ ਜਲਣ ਤੁਹਾਡੇ ਅੰਦਰ ਰਹਿੰਦੀ ਹੈ। ਤੁਸੀਂ ਜਾਣਦੇ ਹੀ ਹੋ ਕਿ ਮੇਰੀ ਅਵਸਥਾ ਕੀ ਹੈ। ਮੇਰੇ ਕੋਲ ਤਾਂ ਅੱਗ ਲਗਾਉਣ ਲਈ ਤੀਲੀ ਹੀ ਨਹੀਂ ਹੈ।

ਉੱਭਰਦੀ ਇੱਛਾ ਅਤੇ ਢਲਦੀ ਇੱਛਾ ਤੋਂ ਭਾਵ ਹੈ 'ਚਾਰਜਡ' ਇੱਛਾ ਅਤੇ 'ਡਿਸਚਾਰਜਿੰਗ' ਇੱਛਾ। ਸਾਡਾ ਇਹ ਖਾਣਾ ਅਤੇ ਪੀਣਾ ਢਲਦੀ ਇੱਛਾ ਹੈ। ਇਹ ਨੁਕਸਾਨਦੇਹ ਨਹੀਂ ਹੈ। ਪਰੰਤੂ ਉੱਭਰਦੀ ਇੱਛਾ ਬੰਧਨ ਦਾ ਕਾਰਨ ਬਣਦੀ ਹੈ ਅਤੇ ਦੁਖਦਾਈ ਹੈ।

ਪਰੰਤੂ ਇੱਛਾ ਭਾਵ ਨਹੀਂ ਹੈ।

## 95
## ਭਾਵ ਕੀ ਹੈ?

**ਪ੍ਰਸ਼ਨ-ਕਰਤਾ** : ਭਾਵ ਕੀ ਹੈ? ਕੀ ਇਹ ਮਨਸ਼ਾ, ਉਦੇਸ਼ ਦਾ ਸਮਾਨਾਰਥਕ ਹੀ ਹੈ? ਇਸ ਦਾ ਕਰਮਾਂ ਵਿਚ ਕੀ ਰੋਲ ਹੈ?

**ਦਾਦਾਸ਼੍ਰੀ** : ਸ਼ੁੱਧ ਆਤਮਾ ਅੰਦਰ ਕੋਈ ਜਜ਼ਬਾ, ਕੋਈ ਵਲਵਲਾ ਨਹੀਂ ਹੁੰਦਾ। ਪ੍ਰਤਿਸ਼ਠਿਤ - ਆਤਮਾ ਦੇ ਉਦੇਸ਼ ਨੂੰ ਹੀ ਭਾਵ ਕਿਹਾ ਜਾਂਦਾ ਹੈ। ਅਸੀਂ ਇਸ ਨੂੰ ਇਕ ਡੂੰਘੀ ਮਨਸ਼ਾ, ਇਕ ਡੂੰਘੀ ਤਾਂਘ ਵੀ ਕਹਿ ਸਕਦੇ ਹਾਂ। ਪ੍ਰਤਿਸ਼ਠਿਤ ਆਤਮਾ ਹਰ ਕਿਸੇ ਅੰਦਰ ਹੀ ਹੁੰਦੀ ਹੈ: ਇਹ ਗਿਆਨੀ ਪੁਰਸ਼ ਦੇ ਅੰਦਰ ਵੀ ਹੁੰਦੀ ਹੈ ਅਤੇ ਅਗਿਆਨੀ ਪੁਰਸ਼ ਦੇ ਅੰਦਰ ਵੀ। ਇਕ ਅਗਿਆਨੀ ਵਿਅਕਤੀ ਲਈ, ਭਾਵ ਦੀ ਅਵਸਥਾ ਦਾ ਅਰਥ ਹੈ ਦ੍ਰਿੜ ਮਾਨਸਕ ਇਰਾਦਾ, ਪੱਕਾ ਫੈਸਲਾ। ਉਦਾਹਰਣ ਦੇ ਲਈ, ਇਕ ਵਿਅਕਤੀ ਇਹ ਪੱਕਾ ਫੈਸਲਾ ਕਰ ਲੈਂਦਾ ਹੇ ਕਿ ਉਹ ਪ੍ਰਤਿਕ੍ਰਮਣ ਕਰੇਗਾ: ਇਹ ਭਾਵ ਹੈ (ਪ੍ਰਪੱਕ ਮਨਸ਼ਾ, ਦ੍ਰਿੜ ਇਰਾਦੇ ਵਾਲਾ ਫੈਸਲਾ)। ਇਸ ਭਾਵ ਤੋਂ ਦ੍ਰਵ ਭਾਵ ਪੈਦਾ ਹੁੰਦਾ ਹੈ ਅਤੇ ਅਖ਼ੀਰ ਉਸੇ (ਭਾਵ ਦੇ ਪ੍ਰਗਟ ਹੋਣ ਦੇ) ਸਮੇਂ ਵਾਰ-ਵਾਰ ਇਕ ਹੋਰ ਭਾਵ ਪੈਦਾ ਹੋ ਜਾਂਦਾ ਹੈ ਅਤੇ ਇਹ ਸਿਲਸਿਲਾ ਚਲਦਾ ਹੀ ਰਹਿੰਦਾ ਹੈ।

**ਪ੍ਰਸ਼ਨ-ਕਰਤਾ** : ਭਾਵ-ਮਨ ਅਤੇ ਦ੍ਰਵ-ਮਨ ਕੀ ਹਨ? ਕਿਰਪਾ ਕਰਕੇ ਸਮਝਾਉਣ ਦੀ ਖੇਚਲ

ਕਰੋ।

**ਦਾਦਾਸ਼੍ਰੀ** : ਜਦੋਂ ਪ੍ਰਤਿਸ਼ਠਤ ਆਤਮਾ ਭਾਵ ਕਰਦੀ ਹੈ ਤਾਂ ਇਹ ਭਾਵ-ਮਨ ਦੀ ਸ਼ੁਰੂਆਤ ਹੈ ਅਤੇ ਇਸੇ ਕਰਕੇ ਹੀ ਦ੍ਰਵ-ਮਨ ਪੈਦਾ ਹੁੰਦਾ ਹੈ। ਆਂਤਰਿਕ ਸੂਖ਼ਮ ਭਾਵ-ਮਨ ਪ੍ਰਤਿਸ਼ਠਿਤ-ਆਤਮਾ ਦੇ ਸਿੱਧੇ ਰੂਪ ਵਿਚ ਚਾਰਜ ਹੋਣ ਵਾਲਾ ਅੰਗ ਹੈ। ਭਾਵ-ਮਨ ਵੀ ਦੋ ਪ੍ਰਕਾਰ ਦਾ ਹੁੰਦਾ ਹੈ - ਚਾਰਜ-ਭਾਵ ਅਤੇ ਡਿਸਚਾਰਜ ਭਾਵ ਵਾਲਾ ਮਨ।

ਦ੍ਰਵ-ਮਨ, ਜਿਸ ਨੂੰ ਤੁਸੀਂ ਮਨ ਕਹਿੰਦੇ ਹੋ, ਡਿਸਚਾਰਜਿੰਗ ਮਨ ਹੈ। ਭਾਵ-ਮਨ ਦਾ 'ਚਾਰਜ' ਅਦ੍ਰਿਸ਼ ਹੈ: ਵਿਅਕਤੀ ਆਮ ਤੌਰ 'ਤੇ ਇਸ ਡੂੰਘੇ ਦ੍ਰਿਸ਼ਟੀਗੋਚਰ ਪਦਾਰਥ ਪ੍ਰਤੀ ਜਾਣੂੰ ਵੀ ਨਹੀਂ।

ਜੇਕਰ ਇਹ 'ਚਾਰਜ' ਵਾਲਾ ਤਰੀਕਾ ਸੌਖਿਆ ਹੀ ਸਮਝ ਆ ਸਕਦਾ ਹੁੰਦਾ ਤਾਂ ਕੋਈ ਵੀ ਵਿਅਕਤੀ ਪ੍ਰਤਿਸ਼ਠਿਤ ਆਤਮਾ ਨੂੰ ਚਾਰਜ ਹੋਣ ਦਾ ਮੌਕਾ, ਇਸਦੀ ਸਵੀਕ੍ਰਿਤੀ ਨਹੀਂ ਦੇਵੇਗਾ ਅਤੇ ਹਰ ਕੋਈ ਹੀ ਸ਼ਕਤੀ ਪ੍ਰਾਪਤ ਕਰ ਲਵੇਗਾ।

ਪਰੰਤੂ ਡੂੰਘੇ ਭਾਵ ਦੇ ਵਧਣ ਨੂੰ ਜਾਣ ਸਕਣਾ ਇੰਨਾ ਸੌਖਾ ਕਾਰਜ ਨਹੀਂ ਹੈ। ਜੇ ਕੋਈ ਇਸ ਨੂੰ ਲੱਭ ਲਵੇ ਤਾਂ ਉਹ ਇਸ ਨੂੰ ਡੱਬੀ-ਬੰਦ ਕਰ ਲਵੇਗਾ। ਅੰਦਰੂਨੀ ਭਾਵ ਨੂੰ ਸਿਰਫ਼ ਬਹੁਤ ਥੋੜੇ ਜਿਹੇ ਵਿਅਕਤੀ ਹੀ ਸਮਝ ਸਕਦੇ ਹਨ ਪਰੰਤੂ ਉਹ ਇਸ ਨੂੰ ਇਕ ਅਗਿਆਨੀ ਜੀਵ ਦੀ ਪ੍ਰਾਪਤੀ ਮੰਨਦੇ ਹਨ। ਨਤੀਜੇ ਵਜੋਂ, ਉਹ ਸਾਰੀ ਗੱਲ ਨੂੰ ਉਲਝਾ ਦਿੰਦੇ ਹਨ। ਭਾਵ ਨੂੰ ਗਿਆਨ (ਆਤਮਕ ਗਿਆਨ) ਤੋਂ ਬਿਨਾਂ ਨਹੀਂ ਵੇਖਿਆ, ਜਾਣਿਆ ਜਾ ਸਕਦਾ। ਇਹ ਅਤਿ ਸੂਖ਼ਮ ਹੈ ਅਤੇ ਮਾਨਵੀ ਸਮਝ ਲਈ ਬਹੁਤ ਹੀ ਡੂੰਘਾ।

**ਪ੍ਰਸ਼ਨ-ਕਰਤਾ** : ਕੀ ਭਾਵ ਦਾ ਤੱਥ ਸ਼ੁੱਧ ਆਤਮਾ ਦੀ ਕਿਰਤ ਹੈ?

**ਦਾਦਾਸ਼੍ਰੀ** : ਸ਼ੁੱਧ ਆਤਮਾ ਦਾ ਕੋਈ ਭਾਵ ਨਹੀਂ ਹੋ ਸਕਦਾ। ਸ਼ੁੱਧ ਆਤਮਾ ਵਿਲੱਖਣ ਹੈ ਅਤੇ ਭਾਵ ਤੋਂ ਪਰ੍ਹੇ ਹੈ। ਭਾਵ ਦਾ ਅਰਥ ਹੈ 'ਹੋਂਦ' ਅਤੇ ਇਹ ਉਸ ਵਿਅਕਤੀ ਦੀ ਹੈ ਜਿਹੜਾ ਆਪਣੀ ਪ੍ਰਤਿਸ਼ਠਿਤ ਆਤਮਾ ਨੂੰ ਪ੍ਰਗਟ-ਰੂਪ ਕਰਦਾ ਹੈ। ਲੋਕ ਆਪਣੀ ਪਸੰਦ ਅਤੇ ਨਾ-ਪਸੰਦ ਨੂੰ ਹੀ ਭਾਵ ਦਾ ਨਾਂ ਦੇ ਕੇ ਗੱਲ ਕਰਦੇ ਹਨ। ਇਹ ਸਾਰੀਆਂ ਗੱਲਾਂ ਪ੍ਰਤਿਸ਼ਠਿਤ ਆਤਮਾ ਦਾ ਖ਼ੇਤਰ ਹਨ ਅਤੇ ਇਸੇ ਕਰਕੇ ਹੀ ਕਰਮ ਹੋਂਦ ਵਿਚ ਆਉਂਦੇ ਹਨ। ਲੋਕ ਥੋੜ-ਚਿਰੀ ਵਸਤਾਂ ਦੀ ਇੱਛਾ ਕਰਦੇ ਹਨ। ਖ਼ੁਦ ਵੀ ਥੋੜ-ਚਿਰੇ ਹੋ ਜਾਂਦੇ ਹਨ। ਜਦੋਂ ਇਕ ਵਿਅਕਤੀ ਸ਼ੀਸ਼ੇ ਅੰਦਰ ਪੈਂਦੀ ਪਰਛਾਈ ਨੂੰ ਹੀ ਆਤਮਾ ਸਮਝਣ ਦੀ ਗਲਤੀ ਕਰਦਾ ਹੈ ਤਾਂ ਉਹ ਕੀ ਪ੍ਰਗਤੀ ਕਰ ਸਕਦਾ ਹੈ?

## 96

# ਨੇਕੀ-ਬਦੀ

**ਪ੍ਰਸ਼ਨ-ਕਰਤਾ** : ਇਸ ਸੰਸਾਰ ਅੰਦਰ ਨੇਕ ਬੰਦੇ ਵੀ ਹਨ ਅਤੇ ਬੁਰੇ ਵਿਅਕਤੀ ਵੀ।

**ਦਾਦਾਸ਼੍ਰੀ** : ਬਿਲਕੁਲ ਠੀਕ। ਇਸ ਸੰਸਾਰ ਨੇਕ ਅਤੇ ਬਦ ਦੋਵੇਂ ਤਰ੍ਹਾਂ ਦੇ ਵਿਅਕਤੀਆਂ ਦੀ ਹੋਂਦ ਹੈ। ਅਤੇ, ਇਹ ਬੁਰੇ ਵਿਅਕਤੀ ਕਰਕੇ ਹੀ ਹੈ ਕਿ ਨੇਕ ਬੰਦੇ ਦੀ ਨੇਕੀ ਦਾ ਮੁੱਲ ਪੈ ਜਾਂਦਾ ਹੈ। ਕਲਪਨਾ ਕਰੋ ਕਿ ਜੇ ਸੰਸਾਰ ਅੰਦਰ ਅਸੀਂ ਸਾਰੇ ਹੀ ਨੇਕ ਹੋਈਏ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਵਿਭਿੰਨ ਪ੍ਰਕਾਰ ਦੇ ਵਿਅਕਤੀਆਂ ਦੀਆਂ ਕੀ ਵਿਸ਼ੇਸ਼ਤਾਵਾਂ ਹਨ?

**ਦਾਦਾਸ਼੍ਰੀ** : ਮੋਟੇ ਤੌਰ 'ਤੇ, ਸੰਸਾਰ ਅੰਦਰ ਚਾਰ ਪ੍ਰਕਾਰ ਦੇ ਵਿਅਕਤੀ ਹਨ:

**ੳ) ਨੇਕ ਵਿਅਕਤੀ**: ਉਹ ਵਿਅਕਤੀ ਜਿਹੜਾ ਕਦੇ ਵੀ ਬੁਰੇ ਵਿਅਕਤੀ ਦੀ ਬੰਦਸ਼ ਅਧੀਨ ਨਹੀਂ ਆਉਂਦਾ;

**ਅ) ਬੁਰਾ ਵਿਅਕਤੀ**: ਜਿਹੜਾ ਵਿਅਕਤੀ ਲਗਾਤਾਰ ਦੂਸਰਿਆਂ ਦਾ ਨੁਕਸਾਨ ਕਰਦਾ ਰਹਿੰਦਾ ਹੈ;

**ੲ) ਅਹਿਸਾਨਮੰਦ ਵਿਅਕਤੀ**: ਉਹ ਵਿਅਕਤੀ ਜਿਹੜਾ ਕਦੇ ਵੀ ਉਸ ਵਿਅਕਤੀ ਦੇ ਅਹਿਸਾਨ ਨੂੰ ਨਹੀਂ ਭੁਲਦਾ ਜਿਸ ਨੇ ਕਦੇ ਉਸ ਦੀ ਮਦਦ ਕੀਤੀ ਹੁੰਦੀ ਹੈ ਅਤੇ ਜਿਹੜੇ ਕਦੇ ਵੀ ਦੂਸਰਿਆਂ ਦੁਆਰਾ ਪਹੁੰਚਾਏ ਗਏ ਦੁੱਖ ਨੂੰ ਯਾਦ ਨਹੀਂ ਕਰਦਾ;

**ਸ) ਅਕਿਰਤਘਣ ਵਿਅਕਤੀ**: ਉਹ ਵਿਅਕਤੀ ਜਿਹੜਾ ਦੂਸਰਿਆਂ ਦੇ ਕੀਤੇ ਅਹਿਸਾਨਾਂ ਨੂੰ ਭੁੱਲ ਜਾਂਦਾ ਹੈ ਅਤੇ ਜਾਣ-ਬੁੱਝ ਕੇ ਦੂਸਰਿਆਂ ਨੂੰ ਨੁਕਸਾਨ ਜਾਂ ਦੁੱਖ ਪਹੁੰਚਾਉਂਦਾ ਹੈ ਭਾਵੇਂ ਇਸ ਵਿਚ ਉਸ ਦਾ ਆਪਣਾ ਰੱਤਾ ਵੀ ਲਾਭ ਨਾ ਹੋਵੇ।

ਇਹ ਆਮ ਜਿਹੀ ਵੰਡ ਹੈ। ਸਮੁੰਦਰ ਦੀ ਗਹਿਰਾਈ ਮਾਪਣੀ ਸ਼ਾਇਦ ਆਸਾਨ ਹੋਵੇ ਪਰੰਤੂ ਸੰਸਾਰ ਦੀ ਗਹਿਰਾਈ ਨੂੰ ਮਾਪ ਸਕਣਾ ਉਸ ਤੋਂ ਕਿਤੇ ਵੱਧ ਦੁਸ਼ਵਾਰ ਕਾਰਜ ਹੈ।

**ਪ੍ਰਸ਼ਨ-ਕਰਤਾ** : ਜਦੋਂ ਕੋਈ ਵਿਅਕਤੀ ਤਾਕਤ ਵਾਲੇ ਰੁਤਬੇ ਉਪਰ ਪਹੁੰਚ ਜਾਵੇ ਤਾਂ ਉਸ ਨੂੰ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਚਾਹੀਦਾ ਹੈ?

**ਦਾਦਾਸ਼੍ਰੀ** : ਇਕ, ਜਿਹੜਾ ਵਿਅਕਤੀ ਆਪਣੇ ਉੱਚੇ ਰੁਤਬੇ ਦੀ ਗਲਤ ਵਰਤੋਂ ਕਰਦਾ ਹੈ ਉਹ ਆਪਣੀ ਤਾਕਤ ਖੋ ਬੈਠਦਾ ਹੈ। ਜੇ ਕੋਈ ਵਿਅਕਤੀ ਇਹੋ ਜਿਹੇ ਕੰਮ ਕਰਦਾ ਹੈ ਜਿਹੜੇ ਉਸ ਦੇ ਰੁਤਬੇ ਦੀ ਤਾਕਤ ਨਾਲ ਮੇਲ ਨਹੀਂ ਖਾਂਦੇ ਉਹ ਸਮਾਂ ਆਉਣ 'ਤੇ ਆਪਣਾ ਰੁਤਬਾ ਖੋ ਲੈਂਦਾ

ਹੈ। ਜੇ ਤੁਹਾਡਾ ਨੌਕਰ ਤੁਹਾਨੂੰ ਗਲਤ ਬੋਲਦਾ ਹੈ ਜਾਂ ਗਾਲ ਦਿੰਦਾ ਹੈ ਤਾਂ ਪ੍ਰਤੀਕ੍ਰਿਆ ਵਜੋਂ ਤੁਸੀਂ ਉਸ ਨੂੰ ਗਾਲ ਨਾ ਦਿਉਂ ਕਿਉਂਕਿ ਇੰਝ ਕਰਨ ਤੋਂ ਭਾਵ ਹੋਵੇਗਾ ਕਿ ਤੁਸੀਂ ਖ਼ੁਦ ਨੂੰ ਉਸ ਦੇ ਪੱਧਰ 'ਤੇ ਲੈ ਆਏ ਹੋ। ਅਜਿਹੇ ਮਾਮਲੇ ਵਿਚ ਤੁਸੀਂ ਅਖ਼ੀਰ ਨੂੰ ਆਪਣੀ ਤਾਕਤ ਵਾਲੀ ਪੁਜੀਸ਼ਨ ਗੰਵਾ ਲਵੋਗੇ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਨੂੰ ਸੱਚ ਅਤੇ ਝੂਠ ਬਾਰੇ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਝੂਠ ਬਹੁਤ ਜਲਦੀ ਉਜਾਗਰ ਹੋ ਜਾਂਦਾ ਹੈ। ਇਸੇ ਤਰ੍ਹਾਂ ਸੱਚ ਵੀ ਲੁਕਿਆ ਨਹੀਂ ਰਹਿੰਦਾ: ਛੇਤੀ ਸਾਹਮਣੇ ਆ ਜਾਂਦਾ ਹੈ। ਫ਼ਰਕ ਸਿਰਫ਼ ਇੰਨਾ ਕਿ ਝੂਠ ਇਕਦਮ ਪ੍ਰਗਟ ਹੋ ਜਾਂਦਾ ਹੈ ਜਦੋਂ ਕਿ ਸੱਚ ਨੂੰ ਸਾਹਮਣੇ ਆਉਣ ਵਿਚ ਥੋੜਾ ਸਮਾਂ ਲਗਦਾ ਹੈ।

**ਪ੍ਰਸ਼ਨ-ਕਰਤਾ** : ਜਟਿਲ ਅਤੇ ਕਠੋਰ ਵਿਅਕਤੀਆਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਚਾਹੀਦਾ ਹੈ?

**ਦਾਦਾਸ਼੍ਰੀ** : ਮਤਭੇਦ ਜਾਂ ਅਸਹਿਮਤੀ ਵਿਚ ਕੋਈ ਅਨੰਦ ਨਹੀਂ ਬਲਕਿ ਖੁਸ਼ੀ ਤਾਂ ਇਨ੍ਹਾਂ ਮਤਭੇਦਾਂ ਦਾ ਸਮਾਧਾਨ ਕਰਨ ਵਿਚ ਹੈ। ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਸਦਾ ਸੂਝਵਾਨ ਅਤੇ ਨਿਆਂਯੁਕਤ ਵਤੀਰਾ ਰਖੇ; ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਸਮਝਾ-ਬੁਝਾ ਕੇ ਮਨਾਵੇ ਅਤੇ ਉਨ੍ਹਾਂ ਨਾਲ ਝਗੜਾ ਨਾ ਕਰੇ। ਅਜਿਹਾ ਵਿਅਕਤੀ ਯਕੀਨਨ ਹੀ ਚੰਗੀ ਸੂਝ ਦਾ ਮਾਲਕ ਹੁੰਦਾ ਹੈ।

ਨਿਆਂ ਕੀ ਹੈ? ਜਦੋਂ ਕੋਈ ਵਿਅਕਤੀ ਕਚਹਿਰੀ ਨਹੀਂ ਜਾਂਦਾ - ਇਹ ਨਿਆਂ ਹੈ; ਪਰੰਤੂ ਜੇ ਕੋਈ ਵਿਅਕਤੀ ਕਚਹਿਰੀ ਜਾਦਾ ਹੈ ਤਾਂ ਸਪਸ਼ਟ ਹੀ ਅਨਿਆਂ ਹੈ।

**ਪ੍ਰਸ਼ਨ-ਕਰਤਾ** : ਅਸੀਂ ਆਪਣੇ ਮਨੁੱਖਾ ਜਨਮ ਨੂੰ ਅਰਥ-ਭਰਪੂਰ ਢੰਗ ਨਾਲ ਕਿਵੇਂ ਜੀਅ ਸਕਦੇ ਹਾਂ?

**ਦਾਦਾਸ਼੍ਰੀ** : ਤੁਸੀਂ ਆਪਣੇ ਮਨ, ਬਚਨ, ਸਰੀਰ ਅਤੇ ਆਤਮਾ ਸਾਰਿਆਂ ਦੀ ਵਰਤੋਂ ਮਾਨਵਤਾ ਦੇ, ਸਰਬੱਤ ਦੇ ਭਲੇ ਲਈ ਕਰੋ। ਜੇ ਕਰ ਤੁਸੀਂ ਇਨ੍ਹਾਂ ਦੀ ਵਰਤੋਂ ਸਿਰਫ਼ ਆਪਣੇ ਹਿਤਾਂ ਲਈ ਕਰੋਗੇ ਤਾਂ ਤੁਸੀਂ ਅਗਲੇ ਜਨਮ ਵਿਚ ਰਾਯਨ (Rayan) ਬ੍ਰਿਛ ਬਣੋਗੇ ਜਿਸ ਦੀ ਆਯੂ ਪੰਜ ਸੌ ਵਰ੍ਹੇ ਹੁੰਦੀ ਹੈ। ਲੋਕ ਤੁਹਾਡੇ ਫ਼ਲ ਦਾ ਆਨੰਦ ਮਾਨਣਗੇ, ਤੁਹਾਡੀ ਲੱਕੜ ਨੂੰ ਚੁਲ੍ਹੇ ਵਿਚ ਬਾਲਣਗੇ ਅਤੇ ਤੁਸੀਂ ਹੋਰਾਂ ਲਈ ਸਿਰਫ਼ ਇਕ ਕੈਦੀ ਵਾਂਗ ਜੀਵਨ ਬਤੀਤ ਕਰੋਗੇ। ਇਸ ਲਈ ਦਾਦਾ ਭਗਵਾਨ ਨੇ ਕਿਹਾ ਹੈ: "ਆਪਣੇ ਮਨ, ਬਚਨ, ਸਰੀਰ ਅਤੇ ਆਤਮਾ ਦੀ ਵਰਤੋਂ ਦੂਸਰੇ ਲੋਕਾਂ ਲਈ ਕਰੋ। ਫਿਰ ਵੀ ਜੇਕਰ ਤੁਹਾਨੂੰ ਜ਼ਿੰਦਗੀ ਵਿਚ ਦੁਖ-ਤਕਲੀਫ਼ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਤੁਸੀਂ ਮੇਰੇ ਨਾਲ ਝਗੜਾ ਕਰ ਸਕਦੇ ਹੋ।"

**ਪ੍ਰਸ਼ਨ-ਕਰਤਾ** : ਮਨੁੱਖਾ ਜੀਵਨ ਵਿਚ ਰਹਿੰਦਿਆਂ ਵਿਅਕਤੀ ਲਈ ਕੀ ਖ਼ਤਰੇ ਹਨ ਅਤੇ ਕੀ

ਜ਼ਿੰਮੇਵਾਰੀਆਂ ਹਨ?

**ਦਾਦਾਸ਼੍ਰੀ** : ਉਹ ਸਾਰੇ ਵਿਅਕਤੀਆਂ ਜਿਨ੍ਹਾਂ ਨੇ ਇਸ ਸੰਸਾਰ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਹੈ ਉਹ ਸਾਰੇ ਇਸ ਕਾਰਵਾਈ ਦੌਰਾਨ ਖ਼ੁਦ ਹੀ ਤਬਾਹ ਹੋ ਗਏ ਹਨ। ਮਨੁੱਖਾ-ਜਨਮ ਵਿਚ ਹੋਣ ਦਾ ਅਰਥ ਹੀ ਇਹ ਹੈ ਕਿ ਉਹ ਗੰਭੀਰ ਖ਼ਤਰੇ ਵਿਚ ਹੈ। ਇਹ ਇਕ ਟੈਸਟ ਹੈ, ਪਰੰਤੂ ਫਿਰ ਵੀ ਲੋਕ ਅੱਯਾਸ਼ੀਆਂ ਵਿਚ ਗਲਤਾਨ ਰਹਿੰਦੇ ਹਨ। ਜੀਵਨ ਵਿਚ ਕਈ ਮੌਕੇ ਅਤੇ ਹਾਲਾਤ ਅਜਿਹੇ ਹੁੰਦੇ ਹਨ ਜਦੋਂ ਵਿਅਕਤੀ ਨੀਵਾਂ ਗਿਰ ਸਕਦਾ ਹੈ। ਹਰ ਪਲ ਮੌਤ ਦਾ ਡਰ ਬਣਿਆ ਰਹਿੰਦਾ ਹੈ। ਫਿਰ ਮਨੁੱਖ ਇਕ ਵੀ ਪਲ ਵਿਅਰਥ ਕਿਉਂ ਗੰਵਾਵੇ?

ਕੋਈ ਨੇਕ ਕਾਰਜ ਕਰੋ ਤਾਂ ਜੋ ਤੁਹਾਡਾ ਅਗਲਾ ਜਨਮ ਬੇਹਤਰ ਜੂਨੀ ਵਿਚ ਹੋਵੇ। ਮਨੁੱਖਾ ਜੀਵਨ ਇਕ ਅਜਿਹਾ ਮੋੜ ਹੈ ਜਿਥੋਂ ਵਿਅਕਤੀ ਕਿਸੇ ਵੀ ਹੋਰ ਜੂਨ ਵਿਚ ਜਾ ਸਕਦਾ ਹੈ – ਨਰਕ ਦਾ ਜੀਵਨ, ਪਸ਼ੂ ਜਾਂ ਬ੍ਰਿਛ ਜੂਨੀ, ਮਨੁੱਖਾ ਜਨਮ ਜਾਂ ਦੇਵਗਤੀ। ਇਹ ਸਭ ਮਨੁੱਖ ਦੇ ਕਰਮਾਂ ਉਪਰ ਨਿਰਭਰ ਹੈ। ਇਹ ਵੀ ਹੋ ਸਕਦਾ ਹੈ ਕਿ ਕੋਈ ਵਿਅਕਤੀ ਇਸੇ ਜੀਵਨ ਦੌਰਾਨ ਮੁਕਤੀ ਹਾਸਲ ਕਰ ਲਵੇ। ਜੇ ਤੁਸੀਂ ਗਿਆਨੀ ਪੁਰਸ਼ ਨੂੰ ਮਿਲ ਲੈਂਦੇ ਹੋ ਤਾਂ ਤੁਸੀਂ ਸਚਮੁੱਚ ਖੁਸ਼ਕਿਸਮਤ ਹੋ ਕਿਉਂਕਿ ਉਹ ਤੁਹਾਨੂੰ ਜੀਵਨ ਦੇ ਅੰਤਿਮ ਲਕਸ਼ – ਮੁਕਤੀ ਪ੍ਰਾਪਤੀ – ਵੱਲ ਤੁਰਨ ਹਿਤ ਤੁਹਾਡੀ ਅਗਵਾਈ ਕਰ ਸਕਦਾ ਹੈ।

## 97
## ਸਰੀਰ ਦੇ ਤਿੰਨ ਪ੍ਰਕਾਰ

**ਪ੍ਰਸ਼ਨ-ਕਰਤਾ** : ਇਹ ਕਿਹਾ ਜਾਂਦਾ ਹੈ ਕਿ ਵਿਅਕਤੀ ਦੇ ਤਿੰਨ ਪ੍ਰਕਾਰ ਦੇ ਸਰੀਰ ਹੁੰਦੇ ਹਨ।

**ਦਾਦਾਸ਼੍ਰੀ** : ਬਿਲਕੁਲ ਠੀਕ। ਸਾਡੇ ਅੰਦਰ ਤਿੰਨ ਪ੍ਰਕਾਰ ਦੇ ਸਰੀਰ ਹੁੰਦੇ ਹਨ – ਸੂਖਮ (electric) ਸਰੀਰ, ਕਾਰਕ (causal) ਸਰੀਰ ਅਤੇ ਕ੍ਰਿਆਤਮਕ (effect) ਸਰੀਰ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਸੂਖ਼ਮ (electric) ਸਰੀਰ ਕੀ ਹੁੰਦਾ ਹੈ?

**ਦਾਦਾਸ਼੍ਰੀ** : ਇਹ ਸੂਖ਼ਮ ਸਰੀਰ ਸਦੈਵ ਸਾਡੇ ਸਵੈ ਦਾ ਸੰਗੀ ਰਹਿੰਦਾ ਹੈ ਜਦੋਂ ਤਕ ਕਿ ਮਨੁੱਖ ਨੂੰ ਅਖ਼ੀਰ ਦੀ ਮੁਕਤੀ ਪ੍ਰਾਪਤੀ ਨਹੀਂ ਹੋ ਜਾਂਦੀ। ਇਹ ਸਰੀਰ ਬਹੁਤ ਹੀ ਸੂਖ਼ਮ ਹੁੰਦਾ ਹੈ: ਇਸੇ ਕਰਕੇ ਇਸ ਨੂੰ ਸੂਖ਼ਮ ਸਰੀਰ ਕਿਹਾ ਜਾਂਦਾ ਹੈ। ਇਸ ਦਾ ਕੰਮ ਖਾਣੇ ਨੂੰ ਹਜ਼ਮ ਕਰਨਾ ਅਤੇ ਗਰਮੀ ਪ੍ਰਦਾਨ ਕਰਨਾ ਹੈ। ਇਹ ਖ਼ੂਨ ਦੇ ਸੰਚਾਰ ਨੂੰ ਜਾਰੀ ਰਖਦਾ ਹੈ। ਇਸ ਦਾ ਜਾਲ ਸਮੁੱਚੇ ਸਰੀਰ ਅੰਦਰ ਫੈਲਿਆ ਹੁੰਦਾ ਹੈ। ਇਸ ਦੇ ਕਰਕੇ ਹੀ ਸਰੀਰ ਦੀ ਸਮੁੱਚੀ ਮਸ਼ੀਨਰੀ ਕ੍ਰਿਆਸ਼ੀਲ ਰਹਿੰਦੀ ਹੈ। ਕਰਮਾਂ ਦੇ ਘਾਟੇ ਵਾਲੇ ਮਾਮਲੇ ਵਿਚ ਵਿਅਕਤੀ ਦਾ ਮਿਹਦਾ ਇੰਨਾ

ਕਮਜ਼ੋਰ ਹੋ ਸਕਦਾ ਹੈ ਕਿ ਇਹ ਖਾਣੇ ਨੂੰ ਹਜ਼ਮ ਨਾ ਕਰ ਸਕੇ। ਸਾਡੀ ਦੇਹ ਅੰਦਰ ਇਹ ਸੂਖ਼ਮ ਸਰੀਰ ਹੀ ਹੈ ਜਿਹੜਾ ਦੇਹ ਦੇ ਸਾਰੇ ਕਾਰਜ ਕਰਦਾ ਹੈ। ਪਰੰਤੂ ਜਦੋਂ ਬਾਹਰੀ ਇੰਦਰੀਆਂ ਇਸ ਪ੍ਰਤੀ ਯੋਗ ਪ੍ਰਤਿਕਰਮ ਨਹੀਂ ਦਿੰਦੀਆਂ ਤਾਂ ਇਹ ਕਮਜ਼ੋਰ ਪੈ ਜਾਂਦਾ ਹੈ। ਸਰੀਰ ਦੀ ਬਾਹਰੀ ਚਮਕ-ਦਮਕ ਅਤੇ ਆਭਾ ਵੀ ਇਸੇ ਸੂਖ਼ਮ ਸਰੀਰ ਦੇ ਕਾਰਨ ਹੀ ਹੈ।

**ਪ੍ਰਸ਼ਨ-ਕਰਤਾ** : ਇਹ ਬਾਹਰੀ ਚਮਕ-ਦਮਕ ਅਤੇ ਆਭਾ ਹਰ ਵਿਅਕਤੀ ਦੇ ਮਾਮਲੇ ਵਿਚ ਦੂਸਰੇ ਨਾਲੋਂ ਵੱਖਰੀ ਹੈ।

**ਦਾਦਾਸ਼੍ਰੀ** : ਸਰੀਰ ਦੀ ਇਸ ਆਭਾ ਅਤੇ ਚਮਕ-ਦਮਕ ਲਈ ਚਾਰ ਗੱਲਾਂ ਜ਼ਿੰਮੇਵਾਰ ਹਨ:

1. **ਦੌਲਤ ਦੀ ਚਮਕ (ਲਕਸ਼ਮੀ)**: ਇਹ ਰਈਸੀ ਵਾਲੇ ਜੀਵਨ ਦੀ ਅਮੀਰੀ, ਖੁਸ਼ਹਾਲੀ ਅਤੇ ਆਰਾਮਪ੍ਰਸਤੀ ਤੋਂ ਉਪਜਦੀ ਹੈ।

2. **ਧਰਮ ਦੀ ਆਭਾ**: ਇਹ ਉਸ ਵਿਅਕਤੀ ਦੇ ਚਿਹਰੇ ਉਪਰ ਵੇਖੀ ਜਾ ਸਕਦੀ ਹੈ ਜਿਹੜਾ ਸੰਪੂਰਨ ਤੌਰ 'ਤੇ ਧਾਰਮਕ ਅਤੇ ਸੱਚੀ-ਸੁੱਚੀ ਜ਼ਿੰਦਗੀ ਜਿਉਂਦਾ ਹੈ।

3. **ਗਿਆਨ ਦੀ ਆਭਾ**: ਇਹ ਵੱਖ-ਵੱਖ ਧਰਮ-ਗਰੰਥਾਂ ਅਤੇ ਹੋਰ ਗਿਆਨ-ਵਰਧਕ ਪੁਸਤਕਾਂ ਦੇ ਅਧਿਐਨ ਤੋਂ ਹਾਸਲ ਹੋਏ ਗਿਆਨ ਤੋਂ ਪ੍ਰਾਪਤ ਹੁੰਦੀ ਹੈ।

4. **ਬ੍ਰਹਮਚਰਯ ਦੀ ਚਮਕ**: ਇਹ ਬ੍ਰਹਮਚਾਰੀ ਅਤੇ ਸਾਦਾ ਜੀਵਨ-ਜਾਚ ਤੋਂ ਨਿਕਲਦੀ ਹੈ।

ਇਹ ਚਾਰੇ ਦੀਆਂ ਚਾਰੇ ਪ੍ਰਕਾਰ ਦੀ ਆਭਾ ਅਤੇ ਚਮਕ-ਦਮਕ ਸੂਖ਼ਮ ਸਰੀਰ ਤੋਂ ਹੀ ਪੈਦਾ ਹੁੰਦੀਆਂ ਹਨ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸੂਖ਼ਮ ਸਰੀਰ ਬਾਰੇ ਵਧੇਰੇ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਸਾਡੇ ਇਸ ਸਰੀਰ ਅੰਦਰ ਜੋ ਕੁਝ ਵੀ ਵਾਪਰਦਾ ਹੈ ਉਸ ਸਾਰੇ ਲਈ ਇਹ ਸੂਖ਼ਮ ਸਰੀਰ ਜ਼ਿੰਮੇਵਾਰ ਹੈ। ਇਹ ਕੁਝ ਵਿਸ਼ੇਸ਼ ਅਣੂੰਆਂ ਦਾ ਬਣਿਆ ਹੁੰਦਾ ਹੈ। ਆਤਮਾ ਦਾ ਸਾਡੇ ਬਾਹਰੀ ਸਰੀਰ ਦੀ ਕਿਸੇ ਵੀ ਗਤੀਵਿਧੀ ਨਾਲ ਬਿਲਕੁਲ ਕੋਈ ਸੰਬੰਧ ਨਹੀਂ ਹੁੰਦਾ। ਇਹ ਸੂਖ਼ਮ ਸਰੀਰ ਹੀ ਇਕੱਲਿਆਂ ਸਾਰੇ ਦੁੱਖ-ਤਕਲੀਫਾਂ ਨੂੰ ਝੇਲਦਾ ਹੈ।

ਸੂਖ਼ਮ ਸਰੀਰ ਸਾਡੇ ਸਵੈ ਦਾ ਹੀ ਪ੍ਰਗਟਾਵਾ ਹੈ। ਇਹ 'ਹਉਂ' ਦਾ ਕਰਤਾ ਹੈ। ਇਸ ਲਈ ਇਹ ਸੂਖ਼ਮ ਸਰੀਰ ਚਾਰਜਡ ਹੁੰਦਾ ਹੈ ਅਤੇ ਇਕ relative self ਦੇ ਤੌਰ 'ਤੇ ਕੰਮ ਕਰਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕ੍ਰਿਆਤਮਕ ਸਰੀਰ ਉਪਰ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਮਾਤਾ ਦੇ ਗਰਭ-ਬੀਜ ਅਤੇ ਪਿਤਾ ਦੇ ਵੀਰਜ-ਕਣ ਦੇ ਮੇਲ ਤੋਂ ਪੈਦਾ ਹੋਣ ਵਾਲੇ ਸਰੀਰ ਨੂੰ ਕ੍ਰਿਆਤਮਕ ਸਰੀਰ ਕਿਹਾ ਜਾਂਦਾ ਹੈ। ਜੀਵ (ਵਿਅਕਤੀ ਅੰਦਰ ਦੀ ਜੀਵਨ-ਸ਼ਕਤੀ)

ਕੀ ਹੈ? ਜੋ ਜਨਮ ਲੈਂਦਾ ਹੈ ਅਤੇ ਮਰ ਜਾਂਦਾ ਹੈ ਉਹ ਜੀਵ ਹੈ। ਸਾਰੇ ਜੀਵਿਤ ਪ੍ਰਾਣੀ ਜਦੋਂ ਮਰ ਜਾਂਦੇ ਹਨ ਤਾਂ ਉਹ ਆਪਣੇ ਸੂਖ਼ਮ ਅਤੇ ਕਾਰਨ ਸਰੀਰ ਨੂੰ ਆਪਣੇ ਨਾਲ ਲੈ ਜਾਂਦੇ ਹਨ। ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਮਨ, ਬੁੱਧੀ ਅਤੇ ਚਿੱਤ ਤਾਂ ਆਜ਼ਾਦ ਹੋ ਜਾਂਦੇ ਹਨ। ਜਿਹੜਾ ਕਾਰਨ ਸਰੀਰ ਮੌਤ ਉਪਰੰਤ ਅੱਗੇ ਨਾਲ ਜਾਂਦਾ ਹੈ ਉਸ ਤੋਂ ਇਕ ਨਵੇਂ ਕ੍ਰਿਆਤਮਕ ਸਰੀਰ ਦਾ ਨਿਰਮਾਣ ਹੁੰਦਾ ਹੈ।

ਮਾਤਾ ਦੇ ਗਰਭ-ਬੀਜ ਅਤੇ ਪਿਤਾ ਦੇ ਵੀਰਜ-ਕਣ ਤੋਂ ਨਿਰਮਾਣ ਹੋਇਆ ਕ੍ਰਿਆਤਮਕ ਸਰੀਰ ਆਪਣਾ ਪੋਸ਼ਣ ਆਪ ਹੀ ਤਿਆਰ ਕਰਦਾ ਹੈ : ਇੰਝ ਭਰੂਣ ਬਣ ਜਾਂਦਾ ਹੈ। ਜੀਵ ਬਿਨਾਂ ਕੁਝ ਖਾਧੇ-ਪੀਤੇ ਇਕ ਘੰਟਾ ਵੀ ਜੀਵਤ ਨਹੀਂ ਰਹਿ ਸਕਦਾ। ਇਸ ਨੂੰ ਆਪਣੇ ਪੋਸ਼ਣ ਹਿਤ ਕੁਝ ਨਾ ਕੁਝ ਚਾਹੀਦਾ ਹੈ - ਜੇ ਖਾਣਾ ਨਹੀਂ ਤਾਂ ਹਵਾ ਜਾਂ ਪਾਣੀ ਜ਼ਰੂਰ ਮਿਲਣੇ ਚਾਹੀਦੇ ਹਨ।

ਵਿਅਕਤੀ ਦੇ ਸਰੀਰ ਦਾ ਢਾਂਚਾ ਪਹਿਲਾਂ ਹੀ ਸਰੀਰ ਦੁਆਰਾ ਨਿਰਧਾਰਤ ਹੁੰਦਾ ਹੈ। ਉਪਰੰਤ ਜਿਹੜਾ ਸਰੀਰ ਹੋਂਦ ਵਿਚ ਆਉਂਦਾ ਹੈ ਉਹ ਕ੍ਰਿਆਤਮਕ ਸਰੀਰ ਹੈ।

ਜਿੰਨੇ ਕਰਮ ਵਧੇਰੇ ਹੋਣਗੇ ਉਨਾ ਹੀ ਸਰੀਰ ਛੋਟਾ ਹੋਵੇਗਾ। ਜਿੰਨੇ ਕਰਮ ਘੱਟ ਹੋਣਗੇ ਸਰੀਰ ਉਨਾ ਹੀ ਵੱਡਾ ਹੋਵੇਗਾ। ਉਦਾਹਰਣ ਦੇ ਲਈ, ਇਕ ਕੀੜੀ ਅਤੇ ਇਕ ਹਾਥੀ ਦੇ ਸਰੀਰ ਨੂੰ ਵੇਖੋ। ਇਕ ਕੀੜੀ ਸਵੇਰੇ ਚਾਰ ਵਜੇ ਵੀ ਚੀਨੀ ਦਾ ਇਕ ਦਾਣਾ ਧੂਹ ਰਹੀ ਹੁੰਦੀ ਹੈ ਅਤੇ ਹਾਥੀ ਆਪਣੇ ਸ਼ਾਹੀ ਅੰਦਾਜ਼ ਵਿਚ ਜਿਉਂਦਾ ਹੈ।

**ਪ੍ਰਸ਼ਨ-ਕਰਤਾ** : ਵਿਅਕਤੀ ਨੂੰ ਸਰੀਰਕ ਦੁੱਖ ਕਿਉਂ ਸਹਿਣੇ ਪੈਂਦੇ ਹਨ?

**ਦਾਦਾਸ਼੍ਰੀ** : ਕਿਉਂਕਿ ਕ੍ਰਿਆਤਮਕ ਸਰੀਰ ਨੂੰ ਕਾਰਨ ਸਰੀਰ ਨਿਰਧਾਰਤ ਕਰਦਾ ਹੈ, ਇਸ ਲਈ ਸਰੀਰ ਦਾ ਜਿਹੜਾ ਅੰਗ ਕਰਮਾਂ ਦੀ ਘਾਟ ਕਾਰਨ ਨਾਰਮਲ ਤੋਂ ਵੱਧ ਜਾਂ ਘੱਟ ਹੁੰਦਾ ਹੈ ਉਹ ਅੰਗ ਹੀ ਦੁੱਖ-ਤਕਲੀਫ਼ ਵਿਚੋਂ ਲੰਘਦਾ ਹੈ। ਇਸ ਤੋਂ ਅਸੀਂ ਦੁੱਖ ਅਤੇ ਤਕਲੀਫ਼ ਦੇ ਪਿਛੇ ਕਾਰਨ ਦੀ ਤਹਿ ਤਕ ਪਹੁੰਚ ਸਕਦੇ ਹਾਂ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕਾਰਕ ਸਰੀਰ ਬਾਰੇ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਅਸੀਂ ਕਾਰਕ ਸਰੀਰ ਨੂੰ ਸੌਖਿਆ ਹੀ ਸਮਝ ਸਕਦੇ ਹਾਂ। ਮਾਤਾ ਦੇ ਗਰਭ ਧਾਰਨ ਅਤੇ ਜਨਮ ਲੈਣ ਤੋਂ ਹੀ ਇਹ ਹੋਂਦ ਵਿਚ ਆਉਣਾ ਆਰੰਭ ਹੋ ਜਾਂਦਾ ਹੈ। ਜਿਉਂ ਹੀ ਇਹ ਜਨਮ ਉਪਰੰਤ ਸਾਹ ਲੈਂਦਾ ਹੈ ਉਸ ਪਲ ਤੋਂ ਇਸ ਦੇ ਅੰਦਰ ਗਮ ਅਤੇ ਦਵੇਸ਼ ਦੀਆਂ ਭਾਵਨਾਵਾਂ ਪੈਦਾ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਬਚਪਨ ਦੇ ਦਿਨਾਂ ਤੋਂ ਹੀ ਪਸੰਦ ਅਤੇ ਨਾ-ਪਸੰਦ ਵੀ ਜਨਮ ਲੈ ਲੈਂਦੀਆਂ ਹਨ। ਰਾਗ ਅਤੇ ਦਵੇਸ਼ ਦੀਆਂ ਭਾਵਨਾਵਾਂ ਬਿਨਾਂ ਸ਼ੱਕ ਹਮੇਸ਼ਾ ਕਰਮ-ਪ੍ਰਮਾਣੂਆਂ ਨੂੰ ਆਕਰਸ਼ਤ ਕਰਦੀਆਂ ਹਨ। ਜਦੋਂ ਕੋਈ ਵਿਅਕਤੀ ਇਸ ਆਕਰਸ਼ਣ ਜਾਂ ਘ੍ਰਿਣਾ ਤੋਂ ਬਚ

ਕੇ ਰਹਿੰਦਾ ਹੈ, ਭਾਵ ਨਿਰਲੇਪ ਰਹਿੰਦਾ ਹੈ ਉਸ ਸਮੇਂ ਕਰਮਾਂ ਦੀ ਇਹ ਖਿੱਚ ਨਹੀਂ ਹੁੰਦੀ। ਪ੍ਰਮਾਣੂਆਂ ਦੀ ਇਹ ਖਿੱਚ ਕਾਰਕ ਸਰੀਰ ਦਾ ਕਾਰਨ ਬਣਦੀ ਹੈ। ਜਿਹੜਾ ਕ੍ਰਿਆਤਮਕ ਸਰੀਰ ਵਿਅਕਤੀ ਨੂੰ ਮਿਲਦਾ ਹੈ ਉਸ ਨੂੰ ਕਾਰਕ ਸਰੀਰ ਹੀ ਨਿਰਧਾਰਤ ਕਰਦਾ ਹੈ। ਗਿਆਨੀ ਪੁਰਸ਼ ਕਾਰਕ ਸਰੀਰ ਨੂੰ ਵੇਖ ਸਕਦਾ ਹੈ। ਉਸ ਦੀ ਆਤਮਕ ਸ਼ਕਤੀ ਇੰਨੀ ਜ਼ਿਆਦਾ ਹੁੰਦੀ ਹੈ ਕਿ ਉਹ ਨਵੇਂ ਕਾਰਜ ਸਰੀਰ ਦੇ ਨਿਰਮਾਣ ਹੋਣ ਨੂੰ ਰੋਕ ਸਕਦਾ ਹੈ।

**ਪ੍ਰਸ਼ਨ-ਕਰਤਾ** : ਜਦੋਂ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਇਨ੍ਹਾਂ ਸਰੀਰਾਂ ਨਾਲ ਕੀ ਵਾਪਰਦਾ ਹੈ?

**ਦਾਦਾਸ਼੍ਰੀ** : ਆਤਮਾ ਇਸ ਪੰਜ ਤੱਤ ਤੋਂ ਬਣੇ ਸਰੀਰ ਨਾਲੋਂ ਵੱਖ ਹੋ ਜਾਂਦੀ ਹੈ ਅਤੇ ਕਾਰਕ ਸਰੀਰ, ਅਸ਼ੁਭ ਕਰਮ (ਪਾਪ) ਅਤੇ ਨੇਕ ਕਰਮ (ਪੁੰਨ) ਵੀ ਇਸ ਦੇ ਨਾਲ ਚਲੇ ਜਾਂਦੇ ਹਨ। ਪੁੰਨ ਕਰਮਾਂ ਦੇ ਸਦਕਾ ਇਕ ਵਿਅਕਤੀ ਨੂੰ ਸਿਹਤਮੰਦ ਅਤੇ ਸੰਤੁਲਿਤ ਸਰੀਰ ਮਿਲਦਾ ਹੈ ਪਰੰਤੂ ਇਸ ਦੇ ਉਲਟ, ਪਾਪ ਕਰਮਾਂ ਦੇ ਕਾਰਨ ਜਾਂ ਤਾਂ ਅਸੰਤੁਲਿਤ ਸਰੀਰ ਪ੍ਰਾਪਤ ਹੁੰਦਾ ਹੈ ਜਾਂ ਸਰੀਰ ਦੇ ਕਿਸੇ ਅੰਗ ਵਿਚ ਕੋਈ ਨੁਕਸ ਹੁੰਦਾ ਹੈ।

ਮੌਤ ਸਮੇਂ ਆਤਮਾ ਆਪਣੇ ਨਾਲ ਕਾਰਕ ਸਰੀਰ ਅਤੇ ਸੂਖ਼ਮ ਸਰੀਰ ਨੂੰ ਵੀ ਲੈ ਜਾਂਦੀ ਹੈ। ਜਦੋਂ ਸੂਖ਼ਮ ਸਰੀਰ ਅਤੇ ਕਾਰਕ ਸਰੀਰ ਦੇ ਅਣੂ ਵਿਵਸਥਿਤਾ ਸ਼ਕਤੀ ਲਈ ਇਕੱਤਰ ਹੁੰਦੇ ਹਨ ਤਾਂ ਉਹ ਇਕ ਨਵੇਂ ਕ੍ਰਿਆਤਮਕ ਸਰੀਰ ਦਾ ਨਿਰਮਾਣ ਕਰਨ ਦਾ ਕਾਰਨ ਬਣਦੇ ਹਨ।

**ਪ੍ਰਸ਼ਨ-ਕਰਤਾ** : ਇਸ ਸਾਰੀ ਕ੍ਰਿਆ ਵਿਚ ਕਾਫ਼ੀ ਸਮਾਂ ਲੱਗ ਜਾਦਾ ਹੋਵੇਗਾ।

**ਦਾਦਾਸ਼੍ਰੀ** : ਨਹੀਂ। ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਆਤਮਾ ਉਸ ਦੀ ਦੇਹ ਨਾਲੋਂ ਵੱਖਰੀ ਹੋ ਜਾਂਦੀ ਹੈ ਅਤੇ ਉਹ ਇਕ ਥਾਂ ਤੋਂ ਵਿਵਸਥਿਤਾ ਸ਼ਕਤੀ ਦੁਆਰਾ ਨਿਰਧਾਰਤ ਕਿਸੇ ਵੀ ਹੋਰ ਥਾਂ ਉਪਰ ਇਕ ਪਲ ਵਿਚ ਹੀ ਪਹੁੰਚ ਜਾਂਦੀ ਹੈ। ਉਥੇ ਉਹ ਮਾਤਾ ਦੇ ਗਰਭ-ਬੀਜ ਅਤੇ ਪਿਤਾ ਦੇ ਵੀਰਜ-ਕਣ ਦੇ ਨਾਲ ਮਿਲ ਕੇ ਇਕ ਨਵੇਂ ਸਰੀਰ ਦਾ ਨਿਰਮਾਣ ਕਰ ਲੈਂਦੀ ਹੈ।

ਇਹ ਸਮੁੱਚੀ ਕ੍ਰਿਆ ਵਿਵਸਥਿਤ ਸ਼ਕਤੀ ਦੁਆਰਾ ਨਿਰਧਾਰਤ ਇਕੋ ਸਮੇਂ ਵਾਪਰਦੀ ਹੈ। ਆਤਮਾ ਆਪਣੀ ਮੰਜ਼ਿਲ ਹਿਤ ਪਹਿਲਾਂ ਆਪਣੇ ਆਪ ਨੂੰ ਸੰਕੁਚਿਤ ਕਰ ਲੈਂਦੀ ਹੈ ਅਤੇ ਫਿਰ ਖ਼ੁਦ ਨੂੰ ਲੰਮੇਰਾ ਕਰ ਲੈਂਦੀ ਹੈ। ਆਤਮਾ ਜਿੰਨੀ ਦੇਰ ਆਪਣਾ ਨਵਾਂ ਟਿਕਾਣਾ ਨਹੀਂ ਲੱਭ ਲੈਂਦੀ ਉਨੀ ਦੇਰ ਉਹ ਪਹਿਲੇ ਸਰੀਰ ਨੂੰ ਨਹੀਂ ਤਜਦੀ।

ਆਪਣੇ ਇਸ ਲਚਕੀਲੇਪਣ ਵਾਲੇ ਗੁਣ ਕਰਕੇ ਇਹ ਇਕ ਸਰੀਰ ਤੋਂ ਨਵੇਂ ਦੂਜੇ ਸਰੀਰ ਤੱਕ ਆਪਣੇ ਆਪ ਨੂੰ ਵੱਡਾ ਕਰ ਲੈਂਦੀ ਹੈ।

ਬੇਸ਼ਕ ਕਈ ਉਦਾਹਰਣਾਂ ਇਹੋ ਜਿਹੀਆਂ ਵੀ ਹਨ ਜਦੋਂ ਵਿਅਕਤੀ ਦੀ ਜੀਵਾਤਮਾ

ਇਕਦਮ ਦੂਸਰੇ ਸਰੀਰ ਵਿਚ ਨਹੀਂ ਚਲੀ ਜਾਂਦੀ। ਨਵਾਂ ਸਰੀਰ ਨਾ ਮਿਲਣ ਦੀ ਸੂਰਤ ਵਿਚ ਇਹ ਬਿਨਾ ਸਰੀਰ ਤੋਂ ਇਧਰ-ਉਧਰ ਭੌਂਦੀ ਰਹਿੰਦੀ ਹੈ। ਅਜਿਹੀਆਂ ਜੀਵਾਤਮਾਵਾਂ ਨੂੰ ਰਾਹਤ ਤਾਂ ਹੀ ਮਿਲਦੀ ਹੈ ਜਦੋਂ ਉਨ੍ਹਾਂ ਨੂੰ ਕੋਈ ਨਵਾਂ ਸਰੀਰ ਮਿਲ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਕੀ ਇਕ ਮਨੁੱਖ ਦੁਬਾਰਾ ਵੀ ਮਨੁੱਖਾ-ਜੂਨ ਵਿਚ ਹੀ ਪੈਦਾ ਹੋਵੇਗਾ?

**ਦਾਦਾਸ਼੍ਰੀ** : ਮਨੁੱਖ ਜਨਮ ਪ੍ਰਾਪਤ ਕਰਨ ਉਪਰੰਤ ਆਤਮਾ ਕਿਸੇ ਹੋਰ ਜੂਨ ਵਿਚ ਜਾ ਸਕਦੀ ਹੈ ਜਿਹਾ ਕਿ ਦੇਵਗਤੀ, ਤ੍ਰਿਆਂਚ-ਗਤੀ (ਪਸ਼ੂ ਜੂਨ, ਬ੍ਰਿਛ ਜੂਨੀ ਆਦਿ) ਅਤੇ ਨਰਕ-ਗਤੀ। ਕਰਮਾਂ ਦੇ ਅਨੁਸਾਰ ਦੂਸਰੀਆਂ ਜੂਨਾਂ ਵਿਚ ਜਾਣ ਦਾ ਇਹ ਸਿਲਸਿਲਾ ਵੱਧ ਤੋਂ ਵੱਧ ਅੱਠ ਪੁਨਰ-ਜਨਮਾਂ ਤਕ ਚਲਦਾ ਹੈ। ਉਪਰੰਤ ਉਹ ਫਿਰ ਮਨੁੱਖਾ ਜੂਨ ਵਿਚ ਆ ਜਾਂਦੀ ਹੈ।

ਇਹ ਸਿਰਫ਼ ਮਨੁੱਖਾ ਜਨਮ ਵਿਚ ਹੀ ਹੈ ਕਿ ਵਿਅਕਤੀ ਕਿਸੇ ਬੇਹਤਰ ਜਾਂ ਨੀਵੀਂ ਜੂਨ ਵਿਚ ਜਾ ਸਕਦਾ ਹੈ। ਮਨੁੱਖਾ ਜਨਮ ਦੌਰਾਨ ਹੀ ਉਹ ਮੁਕਤੀ ਪ੍ਰਾਪਤ ਕਰ ਸਕਦਾ ਹੈ। ਦੂਸਰੇ ਸ਼ਬਦਾਂ ਵਿਚ, ਮਨੁੱਖਾ ਜਨਮ ਤੋਂ ਬਾਅਦ ਵਕ੍ਰ-ਗਤੀ ਜਾਂ ਮੁਕਤੀ ਕੁਝ ਵੀ ਪ੍ਰਾਪਤ ਹੋ ਸਕਦਾ ਹੈ।

ਜੇ ਵਿਅਕਤੀ ਮਨੁੱਖਾ ਜਨਮ ਦੇ ਸਹੀ ਮੰਤਵ ਨੂੰ ਪਹਿਚਾਣ ਲਵੇ ਅਤੇ ਪ੍ਰਾਪਤ ਕਰ ਲਵੇ ਤਾਂ ਉਹ ਮੁਕਤ-ਪਦ ਪ੍ਰਾਪਤ ਕਰ ਲੈਂਦਾ ਹੈ, ਨਹੀਂ ਤਾਂ ਉਹ ਆਵਾਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਕੀ ਹਰ ਜੂਨ ਵਿਚ ਕਰਮ ਅਰਜਿਤ ਕਰੇ ਜਾਂਦੇ ਹਨ?

**ਦਾਦਾਸ਼੍ਰੀ** : ਦੂਸਰੀਆਂ ਜੂਨਾਂ ਵਿਚ ਸਿਰਫ਼ ਕਰਮਾਂ ਦਾ ਫ਼ਲ ਹੀ ਭੁਗਤਣਾ ਪੈਂਦਾ ਹੈ ਪਰੰਤੂ ਕੋਈ ਨਵੇਂ ਕਰਮ ਪੈਦਾ ਨਹੀਂ ਹੁੰਦੇ। ਮਨੁੱਖਾ ਜਨਮ ਵਿਚ ਦੋਵੇਂ ਵਿਕਲਪ ਹੀ ਖੁੱਲੇ ਹੁੰਦੇ ਹਨ: ਤੁਸੀਂ ਪਹਿਲੇ ਕਰਮਾਂ ਤੋਂ ਮੁਕਤ ਵੀ ਹੋ ਸਕਦੇ ਹੋ ਅਤੇ ਨਵੇਂ ਕਰਮ ਵੀ ਜੋੜ ਸਕਦੇ ਹੋ।

**ਪ੍ਰਸ਼ਨ-ਕਰਤਾ** : ਵਿਅਕਤੀ ਆਵਾਗਵਣ ਦੇ ਚੱਕਰ ਤੋਂ ਮੁਕਤੀ ਕਿਵੇਂ ਪ੍ਰਾਪਤ ਕਰ ਸਕਦਾ ਹੈ?

**ਦਾਦਾਸ਼੍ਰੀ** : ਮਨੁੱਖਾ ਜਨਮ ਦੌਰਾਨ ਹੀ ਜੇਕਰ ਵਿਅਕਤੀ ਗਿਆਨੀ ਪੁਰਸ਼ ਦੇ ਸੰਪਰਕ ਵਿਚ ਆ ਜਾਵੇ ਤਾਂ ਗਿਆਨੀ ਪੁਰਸ਼ ਉਸ ਨੂੰ ਮੁਕਤੀ ਦਾ ਦਰ ਦਿਖਾ ਸਕਦਾ ਹੈ। ਗਿਆਨੀ ਪੁਰਸ਼ ਨਾਲ ਸਿੱਧਾ ਸੰਪਰਕ ਵਿਅਕਤੀ ਨੂੰ ਸਵੈ-ਪਹਿਚਾਣ ਕਰਵਾ ਦਿੰਦਾ ਹੈ। ਇਸ ਉਪਰੰਤ ਉਹੀ ਸਰੀਰ ਜਿਹੜਾ ਹੁਣ ਤਕ ਇਕ ਦੁਸ਼ਮਣ ਸਾਬਤ ਹੋ ਰਿਹਾ ਸੀ ਇਕ ਤਕੜੇ ਸਾਥੀ, ਮਿੱਤਰ ਦਾ ਰੂਪ ਲੈ ਲੈਂਦਾ ਹੈ।

ਤੁਸੀਂ ਇਕ ਗਿਆਨੀ ਪੁਰਸ਼ ਨੂੰ ਮਿਲ ਚੁੱਕੇ ਹੋ। ਇਸ ਲਈ ਆਪਣਾ ਕੰਮ ਪੂਰਾ ਕਰਵਾ ਲਉ ਅਤੇ ਭਵਸਾਗਰ ਨੂੰ ਪਾਰ ਕਰ ਲਉ।

ਮੁਕਤੀ ਪ੍ਰਾਪਤੀ ਹਿਤ ਸਰੀਰ ਪੂਰੀ ਤਰ੍ਹਾਂ ਫਿੱਟ ਅਤੇ ਤੰਦਰੁਸਤ ਹੋਣਾ ਚਾਹੀਦਾ ਹੈ। ਉਹ ਸਰੀਰ ਜਿਸ ਰਾਹੀਂ ਨਿਰਵਾਣ (ਸੰਪੂਰਨ ਮੁਕਤੀ) ਪ੍ਰਾਪਤ ਹੁੰਦੀ ਹੈ ਉਸ ਨੂੰ ਚਰਮ ਸਰੀਰ ਕਿਹਾ ਜਾਂਦਾ ਹੈ।

ਆਪਣੇ ਇਸ ਸਰੀਰ ਪ੍ਰਤੀ ਮੈਨੂੰ ਕਿੰਨਾ ਕੁ ਮੋਹ ਹੈ? ਮੈਂ ਮੁਕਤੀ ਪ੍ਰਾਪਤ ਕਰ ਲਈ ਹੈ। ਇਕੋ-ਇਕ ਮੋਹ ਜਿਹੜਾ ਮੈਨੂੰ ਆਪਣੇ ਸਰੀਰ ਨਾਲ ਹੈ ਉਹ ਇਹ ਕਿ ਇਹ ਸਰੀਰ ਦੂਸਰਿਆਂ ਨੂੰ ਮੁਕਤ-ਪਦ ਦਿਵਾਉਣ ਹਿਤ ਇਕ ਸਾਧਨ ਬਣ ਸਕਦਾ ਹੈ।

ਮੈਂ ਇਸ ਸਰੀਰ ਅੰਦਰ ਇਸ ਤਰ੍ਹਾਂ ਰਹਿੰਦਾ ਹਾਂ ਮਾਨੋ ਇਹ ਮੇਰਾ ਪੜੋਸੀ ਹੋਵੇ। ਇਸ ਸਰੀਰ ਉਪਰ ਮੇਰਾ ਕੋਈ ਅਧਿਕਾਰ ਨਹੀਂ ਹੈ। ਜਿਸ ਦਾ ਵੀ ਇਸ ਸਰੀਰ ਉਪਰ ਅਧਿਕਾਰ ਹੈ ਉਹ ਆਵੇਗਾ ਅਤੇ ਇਸ ਉਪਰ ਆਪਣਾ ਦਾਅਵਾ ਪੇਸ਼ ਕਰੇਗਾ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇਸ ਸਰੀਰ ਨਾਲ ਇਕ ਦੋਸਤ ਵਾਂਗ ਵਰਤੋਂ ਅਤੇ ਇਸ ਤੋਂ ਆਪਣਾ ਕੰਮ ਕਰਵਾ ਲਉ। ਕੋਈ ਨਹੀਂ ਦੱਸ ਸਕਦਾ ਕਿ ਕੱਲ ਨੂੰ ਕੀ ਹੋ ਜਾਵੇਗਾ। ਪਰੰਤੂ ਯਕੀਨਨ ਹੀ ਸ਼ੁੱਧ ਆਤਮਾ ਨੂੰ ਕੁਝ ਨਹੀਂ ਹੁੰਦਾ।

ਪਰਮਾਤਮਾ ਇਸ ਸਰੀਰ ਅੰਦਰ ਕਦੋਂ ਤੱਕ ਵਸਦਾ ਹੈ? ਜਦੋਂ ਤਕ ਪ੍ਰਤਿਸ਼ਠਿਤ ਆਤਮਾ ਚਾਰਜ ਹੋ ਜਾਂਦੀ ਹੈ ਉਦੋਂ ਤਕ ਪਰਮਾਤਮਾ ਸਰੀਰ ਅੰਦਰ ਵਾਸ ਰਖਦਾ ਹੈ। ਪਰੰਤੂ ਇਸ ਦੇ ਪਿੱਛੇ ਮੁੱਖ ਤਾਕਤ ਸ਼ੁੱਧ ਆਤਮਾ ਦੀ ਹੁੰਦੀ ਹੈ। ਇਕ ਵਿਅਕਤੀ ਦਾ ਜੀਵਨ ਉਸ ਦੇ ਸਾਹ ਲੈਣ ਉਪਰ ਨਿਰਭਰ ਕਰਦਾ ਹੈ: ਸਾਹ ਲੈਣ ਦੀ ਪ੍ਰਕ੍ਰਿਆ ਬਹੁਤ ਹੀ ਅਹਿਮ ਹੈ। ਜੇਕਰ ਨੱਕ ਬੰਦ ਕਰ ਲਿਆ ਜਾਵੇ ਅਤੇ ਅੱਠ ਮਿੰਟਾਂ ਤੱਕ ਘੁੱਟ ਕੇ ਬੰਦ ਹੀ ਰਖਿਆ ਜਾਵੇ ਤਾਂ ਵਿਅਕਤੀ ਦੀ ਮੌਤ ਹੋ ਜਾਵੇਗੀ। ਇਹ ਇਕ ਮਸ਼ੀਨਰੀ ਦੀ ਤਰ੍ਹਾਂ ਹੈ।

ਸਰੀਰ-ਚੇਤਨਾ ਇਕ ਪਾਗਲਪਣ ਦੀ ਤਰ੍ਹਾਂ ਹੈ। ਸਰੀਰ ਦੇ ਉਪਰ ਦੀ ਅਸਲੀ ਸਵੈ ਦਾ ਪ੍ਰਸਤੁਤੀਕਰਣ ਅਗਿਆਨਤਾ ਹੈ। ਸਵੈ-ਪਹਿਚਾਣ ਦੇ ਰਾਹੀਂ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਸਾਡਾ ਇਹ ਗਿਆਨ-ਇੰਦਰੀਆਂ ਵਾਲਾ ਸਰੀਰ ਪਸੰਦ ਅਤੇ ਨਾ-ਪਸੰਦ ਤੋਂ ਆਜ਼ਾਦ ਹੈ। ਇਹ ਲੱਕੜ ਦੇ ਇਕ ਮੇਜ਼ ਦੀ ਤਰ੍ਹਾਂ ਹੀ ਨਿਰਲੇਪ ਹੈ। ਆਤਮਾ ਵੀ ਪੂਰੀ ਤਰ੍ਹਾਂ ਨਿਰਲੇਪ ਹੈ।

## 98

## ਦੇਹਾਧਯਾਸ ਕਦੋਂ ਮੁੱਕੇਗਾ?

**ਪ੍ਰਸ਼ਨ-ਕਰਤਾ** : ਵਿਅਕਤੀ ਹਰ ਸਮੇਂ ਇਹ ਮੰਨਦਾ ਹੈ ਕਿ 'ਮੈਂ ਸਰੀਰ ਹਾਂ'।

**ਦਾਦਾਸ਼੍ਰੀ** : "ਮੈਂ ਅਮਿਤ ਹਾਂ...ਮੈਂ ਉਸ ਦਾ ਚਾਚਾ ਹਾਂ...ਉਸ ਦਾ ਤਾਇਆ ਹਾਂ...ਉਸ ਦਾ ਪਤੀ

ਹਾਂ...ਉਸ ਦਾ ਪਿਤਾ ਹਾਂ"...ਇਹ ਸਭ ਦੇਹਾਧਯਾਸ ਹੈ, ਇਹ ਵਿਸ਼ਵਾਸ ਕਿ ਮੈਂ ਸਰੀਰ ਹਾਂ। ਹਾਂ, ਕਦੇ ਕੋਈ ਇਹ ਵੀ ਕਹਿ ਸਕਦਾ ਹੈ ਕਿ 'ਇਹ ਸਰੀਰ ਮੇਰਾ ਨਹੀਂ ਹੈ'। ਪਰੰਤੂ ਜੇਕਰ ਤੁਸੀਂ ਅਜਿਹੇ ਵਿਅਕਤੀ ਨੂੰ ਬੇਅਕਲ ਕਹੋ ਤਾਂ ਉਹ ਸਾਰੀ ਰਾਤ ਸੌਂ ਨਹੀਂ ਸਕੇਗਾ।

**ਪ੍ਰਸ਼ਨ-ਕਰਤਾ** : ਫਿਰ ਵਿਅਕਤੀ ਇਹ ਦੇਹਾਧਯਾਸ ਦਾ ਰੁਝਾਨ ਖ਼ਤਮ ਕਿਵੇਂ ਹੋ ਸਕਦਾ ਹੈ?

**ਦਾਦਾਸ਼੍ਰੀ** : ਦੇਹਾਧਯਾਸ ਉਨੀ ਦੇਰ ਖ਼ਤਮ ਨਹੀਂ ਹੋ ਸਕਦਾ ਜਿੰਨੀ ਦੇਰ ਤੱਕ ਵਿਅਕਤੀ ਨੂੰ ਸਵੈ-ਪਹਿਚਾਣ ਨਹੀਂ ਹੁੰਦੀ। ਜਦੋਂ ਤਕ ਸਰੀਰਕ-ਆਪੇ ਦਾ ਵਿਸ਼ਵਾਸ ਟੁੱਟ ਨਹੀਂ ਜਾਂਦਾ ਉਦੋਂ ਤਕ ਨੇਕੀ ਅਤੇ ਬਦੀ ਦੀਆਂ ਭਾਵਨਾਵਾਂ ਦੇ ਨਾਲ ਸੂਖ਼ਮ ਅਤੇ ਸਥੂਲ ਬੰਧਨ ਵੀ ਬਣੇ ਰਹਿਣਗੇ। ਪਰੰਤੂ ਜਿਉਂ ਹੀ ਵਿਅਕਤੀ ਨੂੰ ਸਹੀ ਪਹਿਚਾਣ ਹੋ ਜਾਂਦੀ ਹੈ ਕਿ 'ਮੈਂ ਸ਼ੁੱਧ ਆਤਮਾ ਹਾਂ' ਦੇਹਾਧਯਾਸ ਇਕਦਮ ਅਲੋਪ ਹੋ ਜਾਂਦਾ ਹੈ। ਸਵੈ-ਪਹਿਚਾਣ ਤੋਂ ਪਿਛੋਂ ਜੇਕਰ ਅਜਿਹੇ ਵਿਅਕਤੀ ਦੇ ਪੁੱਤਰ ਦੀ ਵੀ ਮੌਤ ਹੋ ਜਾਵੇ ਤਾਂ ਉਸ ਨੂੰ ਕੋਈ ਗ਼ਮੀ ਜਾਂ ਉਦਾਸੀ ਦੀ ਭਾਵਨਾ ਨਹੀਂ ਆਵੇਗੀ। ਗਲਤ ਅਤੇ ਠੀਕ ਦਾ ਦਵੰਦ ਨਹੀਂ ਰਹੇਗਾ।

ਆਤਮਧਯਾਸ ਜਾਂ ਸ਼ੁੱਧ ਆਤਮਾ ਹੋਣ ਦੀ ਚੇਤਨਤਾ ਦੇਹਾਧਯਾਸ ਦੇ ਰੁਝਾਨ ਦੀ ਥਾਂ ਲੈ ਲੈਂਦੀ ਹੈ। ਵਿਅਕਤੀ ਨੂੰ ਤਾਂ ਗੂੜ੍ਹੀ ਨੀਂਦ ਵਿਚ ਹੁੰਦਿਆਂ ਵੀ ਇਹ ਪੱਕਾ ਵਿਸ਼ਵਾਸ ਰਹਿਣਾ ਚਾਹੀਦਾ ਹੈ ਕਿ ਉਹ ਸ਼ੁੱਧ ਆਤਮਾ ਹੈ।

ਗਿਆਨ ਦੇ ਰਾਹੀਂ ਮੈਂ ਤੁਹਾਨੂੰ ਸ਼ੁੱਧ ਆਤਮਾ ਦੀ ਪਹਿਚਾਣ ਦਾ ਵਰਦਾਨ ਦਿੰਦਾ ਹਾਂ। ਜਿਸ ਤਰ੍ਹਾਂ ਦਹੀਂ ਨੂੰ ਰਿੜਕਣ ਉਪਰੰਤ ਮੱਖਣ ਅਤੇ ਲੱਸੀ ਅਲੱਗ-ਅਲੱਗ ਹੋ ਜਾਂਦੇ ਹਨ ਉਸੇ ਤਰ੍ਹਾਂ ਗਿਆਨ-ਪ੍ਰਾਪਤੀ (ਭਾਵ, ਸਵੈ-ਪਹਿਚਾਣ) ਤੋਂ ਬਾਅਦ ਸਰੀਰ ਅਤੇ ਆਤਮਾ ਵੀ ਵੱਖ-ਵੱਖ ਰਹਿੰਦੇ ਹਨ।

ਪੁਰਾਤਨ ਸਮੇਂ ਵਿਚ ਗਿਆਨੀ ਪੁਰਸ਼ ਆਪਣੇ ਸਰੀਰ ਨੂੰ ਅਨੇਕਾਂ ਕਸ਼ਟ ਅਤੇ ਤਸੀਹੇ ਦਿੰਦੇ ਸਨ ਕਿਉਂਕਿ ਉਹ ਜਾਣਦੇ ਸਨ ਕਿ ਇਨ੍ਹਾਂ ਕਸ਼ਟਾਂ ਅਤੇ ਤਸੀਹਿਆਂ ਦਾ ਉਨ੍ਹਾਂ ਦੀ ਸ਼ੁੱਧ ਆਤਮਾ ਉਪਰ ਕੋਈ ਪ੍ਰਭਾਵ ਨਹੀਂ ਪਵੇਗਾ।

## 99

## ਜੀਵਨ ਦੌਰਾਨ ਸਰੀਰ ਦੀਆਂ ਤਿੰਨ ਸਥਿਤੀਆਂ

**ਪ੍ਰਸ਼ਨ-ਕਰਤਾ** : ਸਰੀਰ ਦੀਆਂ ਤਿੰਨ ਸਥਿਤੀਆਂ ਹੁੰਦੀਆਂ ਹਨ - ਬਚਪਨ, ਜਵਾਨੀ ਅਤੇ ਬੁਢਾਪਾ। ਬਚਪਨ ਦੌਰਾਨ ਹਰ ਕੋਈ ਖੁਸ਼ ਰਹਿੰਦਾ ਹੈ ਪਰੰਤੂ ਉਸ ਤੋਂ ਬਾਦ ਨਹੀਂ। ਇਸ ਤਰ੍ਹਾਂ ਕਿਉਂ ਹੁੰਦਾ ਹੈ?

**ਦਾਦਾਸ਼੍ਰੀ** : ਬਚਪਨ ਤਾਂ ਆਨੰਦ ਦਾ ਹੀ ਦੂਜਾ ਨਾਂ ਹੈ। ਇਹ ਕੁਦਰਤੀ ਹੈ ਅਤੇ ਦੈਵੀ ਹੈ। ਬੱਚੇ ਨੂੰ ਕੋਈ ਚੀਜ ਪਰੇਸ਼ਾਨ ਨਹੀਂ ਕਰਦੀ, ਕਸ਼ਟ ਨਹੀਂ ਦਿੰਦੀ। ਜਨਮ ਸਮੇਂ ਹੀ ਦੁੱਧ ਦੀ ਨੱਕੋ-ਨੱਕ ਭਰੀ ਕਟੋਰੀ ਉਸ ਦਾ ਇੰਤਜ਼ਾਰ ਕਰ ਰਹੀ ਹੁੰਦੀ ਹੈ। ਕੀ ਬੱਚੇ ਨੂੰ ਬਿਲਕੁਲ ਕੋਈ ਫ਼ਿਕਰ ਨਹੀਂ ਹੁੰਦਾ। ਉਸ ਨੂੰ ਦੁੱਧ ਕਦੋਂ ਦਿੱਤਾ ਜਾਵੇਗਾ? ਫਿਰ ਵੀ ਉਸ ਨੂੰ ਹਰ ਚੀਜ ਵਕਤ-ਸਿਰ ਮਿਲ ਜਾਂਦੀ ਹੈ।

ਇਕ ਬੱਚੇ ਦਾ ਮਨ ਵਿਕਸਿਤ ਨਹੀਂ ਹੋਇਆ ਹੁੰਦਾ; ਇਸ ਦੀ ਬੁੱਧੀ ਵੀ ਹਾਲੀਂ ਵਿਕਸਿਤ ਨਹੀਂ ਹੋਈ ਹੁੰਦੀ। ਬੱਚੇ ਦੀ ਸਿਰਫ਼ ਚਿੱਤ-ਵ੍ਰਿਤੀ ਹੀ ਕੰਮ ਕਰਦੀ ਹੈ ਅਤੇ ਉਹ ਵੀ ਇਕ ਸੀਮਿਤ ਹੱਦ-ਬੰਦੀ ਤੱਕ।

ਉਦਾਹਰਣ ਦੇ ਲਈ ਬੱਚਾ ਇਕ ਖਿਡੌਣੇ ਨੂੰ ਵੇਖਦਾ ਹੈ। ਫਿਰ ਬੱਚੇ ਦੀ ਚਿੱਤ-ਵ੍ਰਿਤੀ ਖਿਡੌਣੇ ਵੱਲ ਖਿੱਚੀ ਜਾਂਦੀ ਹੈ ਭਾਵੇਂ ਕੁਝ ਪਲਾਂ ਲਈ ਹੀ। ਉਪਰੰਤ ਛੇਤੀ ਹੀ ਉਸ ਦੀ ਚਿੱਤ-ਵ੍ਰਿਤੀ ਕਿਸੇ ਹੋਰ ਵਸਤੂ ਵੱਲ ਆਕਰਸ਼ਿਤ ਹੋ ਜਾਂਦੀ ਹੈ। ਪਰੰਤੂ ਜਦੋਂ ਬੱਚਾ ਵੱਡਾ ਹੋ ਜਾਂਦਾ ਹੈ ਤਾਂ ਉਸ ਦੀ ਚਿੱਤ-ਵ੍ਰਿਤੀ ਮੁਸ਼ਕਿਲ ਨਾਲ ਦੋ ਜਾਂ ਚਾਰ ਚੀਜਾਂ ਤਕ ਹੀ ਸੀਮਿਤ ਹੋ ਕੇ ਰਹਿ ਜਾਂਦੀ ਹੈ ਅਤੇ ਉਨ੍ਹਾਂ ਵਿਚਕਾਰ ਉਹ ਕਾਫ਼ੀ ਲੰਮਾ ਸਮਾਂ ਇਕ ਤੋਂ ਦੂਜੀ ਤੱਕ ਟਿਕੀ ਰਹਿੰਦੀ ਹੈ। ਜਿੰਨੀ ਦੇਰ ਤੱਕ ਬੱਚੇ ਦੀ ਬੁੱਧੀ ਵਿਕਸਿਤ ਨਹੀਂ ਹੁੰਦੀ ਉਨੀ ਦੇਰ ਤੱਕ ਖੁਸ਼ੀ ਬੱਚੇ ਦਾ ਕੁਦਰਤੀ ਸੁਭਾਅ ਹੁੰਦੀ ਹੈ ਪਰੰਤੂ ਜਿਉਂ ਹੀ ਉਸ ਦੀ ਬੁੱਧੀ ਵਿਕਸਿਤ ਹੁੰਦੀ ਹੈ ਉਦੋਂ ਹੀ ਉਸ ਦੇ ਅੰਦਰ ਅਸੰਤੋਸ਼ ਪੈਦਾ ਹੋ ਜਾਂਦਾ ਹੈ।

ਗਿਆਨੀ ਪੁਰਸ਼ ਵੀ ਬੱਚੇ ਦੀ ਤਰ੍ਹਾਂ ਹੀ ਹੁੰਦਾ ਹੈ। ਫ਼ਰਕ ਸਿਰਫ਼ ਇਹ ਹੈ ਕਿ ਬੱਚਾ ਅਗਿਆਨ ਦੀ ਅਵਸਥਾ ਵਿਚ ਹੁੰਦਾ ਹੈ ਜਦੋਂ ਕਿ ਗਿਆਨੀ ਪੁਰਸ਼ ਗਿਆਨ ਅਤੇ ਸਮਝ ਦੀ ਐਨ ਟੀਸੀ ਉਪਰ ਪਹੁੰਚਿਆ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਨੌਜਵਾਨ ਅਵਸਥਾ ਬਾਰੇ ਕੀ ਕਹੋਗੇ?

**ਦਾਦਾਸ਼੍ਰੀ** : ਜੀਵਨ ਅੰਦਰ ਜਵਾਨੀ ਦੀ ਅਵਸਥਾ ਬਲਦੀ ਅੱਗ ਦੀ ਤਰ੍ਹਾਂ ਹੈ। ਇਸ ਅਵਸਥਾ ਦੌਰਾਨ ਹਾਲਾਤ ਇਸ ਤਰ੍ਹਾਂ ਬਣਦੇ ਹਨ ਕਿ ਉਹ ਵਿਅਕਤੀ ਦੇ ਚਾਲਚਲਣ ਨੂੰ ਖ਼ਰਾਬ ਕਰ ਦਿੰਦੇ ਹਨ। ਇਸ ਲਈ ਚੌਕਸੀ ਅਤੇ ਸਾਵਧਾਨੀ ਵਰਤਣੀ ਅਤਿਅੰਤ ਜ਼ਰੂਰੀ ਹੋ ਜਾਂਦੀ ਹੈ।

ਸਿਰਫ਼ ਦੇਵੀਆਂ-ਦੇਵਤੇ ਹੀ ਜਨਮ ਅਤੇ ਬੁਢਾਪੇ ਤੋਂ ਮੁਕਤ ਹਨ। ਉਹ ਹਮੇਸ਼ਾ ਹੀ ਜਵਾਨ ਅਵਸਥਾ ਵਿਚ ਰਹਿੰਦੇ ਹਨ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਬੁਢਾਪੇ ਬਾਰੇ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਬੁਢਾਪੇ ਦੀ ਅਵਸਥਾ ਅਵਨਤੀ ਦੀ ਅਵਸਥਾ ਹੈ। ਇਹ ਜ਼ਿੰਦਗੀ ਦਾ ਬਹੁਤ ਔਖਾ

ਅਤੇ ਨਾਜ਼ੁਕ ਦੌਰ ਹੈ। ਸਰੀਰ ਦੇ ਸਾਰੇ ਅੰਗ ਕਮਜ਼ੋਰ ਪੈ ਜਾਂਦੇ ਹਨ। ਦੰਦ ਵੀ ਨਿਕਲ ਕੇ ਡਿੱਗਣ ਲਗਦੇ ਹਨ ਅਤੇ ਕੰਨਾਂ ਵਿਚ ਵੀ ਦਰਦ ਹੋਣ ਲਗਦਾ ਹੈ। ਬੁਢਾਪੇ ਦੌਰਾਨ ਬਹੁਤ ਸੰਭਾਲ ਦੀ ਜ਼ਰੂਰਤ ਹੈ। ਜੇ ਕੋਈ ਵਿਅਕਤੀ ਕਰਮਾਂ ਦੇ ਬੰਧਨ ਵਿਚ ਬੱਝਾ ਨਾ ਹੋਵੇ ਤਾਂ ਉਹ ਸੌਖਿਆ ਹੀ ਸੰਸਾਰ ਤੋਂ ਤੁਰ ਜਾਂਦਾ ਹੈ; ਉਸ ਨੂੰ ਉਸ ਸਮੇਂ ਕੋਈ ਤਕਲੀਫ਼ ਨਹੀਂ ਹੁੰਦੀ। ਜਦੋਂ ਸਰੀਰ ਦੇ ਸਾਰੇ ਅੰਗ ਹੀ ਕੰਮ ਕਰਨ ਤੋਂ ਜ਼ੁਆਬ ਦੇ ਜਾਂਦੇ ਹਨ ਤਾਂ ਵੀ ਬਜ਼ੁਰਗ ਵਿਅਕਤੀ ਨਿੱਕੇ-ਨਿੱਕੇ ਬਹਾਨੇ ਲੱਭ ਕੇ ਜ਼ਿੰਦਗੀ ਨਾਲ ਜੁੜਿਆ ਰਹਿਣਾ ਚਾਹੁੰਦਾ ਹੈ।

ਭਾਰੇ ਕਰਮ ਪਟਾਖਿਆਂ ਦੀ ਤਰ੍ਹਾਂ ਹੁੰਦੇ ਜਿਹੜੇ ਬੁਢਾਪੇ ਦੀ ਆਯੂ ਦੌਰਾਨ ਫਟਣ ਲਗਦੇ ਹਨ। ਉਸ ਸਮੇਂ ਉਹ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿਚ ਬਹੁਤ ਦੁੱਖ ਅਤੇ ਤਕਲੀਫ਼ ਦਿੰਦੇ ਹਨ।

**ਪ੍ਰਸ਼ਨ-ਕਰਤਾ** : ਬੁਢਾਪੇ ਸਮੇਂ ਵਿਅਕਤੀ ਖੁਸ਼ ਕਿਵੇਂ ਰਹਿ ਸਕਦਾ ਹੈ?

**ਦਾਦਾਸ਼੍ਰੀ** : ਬਚਪਨ ਅਤੇ ਜਵਾਨੀ ਦੀ ਅਵਸਥਾ ਦੌਰਾਨ ਸਰੀਰ ਨੇ ਜੋ ਵੀ ਆਨੰਦ ਮਾਣਿਆ ਹੁੰਦਾ ਹੈ ਉਹ ਬੁਢਾਪੇ ਸਮੇਂ ਦੁੱਖ ਅਤੇ ਤਕਲੀਫ਼ ਵਿਚ ਸਾਹਮਣੇ ਆਉਂਦਾ ਹੈ। ਪਹਿਲੇਂ ਵਰ੍ਹਿਆਂ ਦੌਰਾਨ ਸਰੀਰ ਨੇ ਜੋ ਵੀ ਦੁੱਖ-ਤਕਲੀਫ਼ਾਂ ਸਹੇ ਉਹ ਬੁਢਾਪੇ ਸਮੇਂ ਖੁਸ਼ੀ ਵਿਚ ਬਦਲ ਜਾਂਦੇ ਹਨ। ਕੁਦਰਤ ਦਾ ਇਹੋ ਨਿਯਮ ਹੈ। ਵਿਅਕਤੀ ਨੂੰ ਉਨੀ ਹੀ ਖੁਸ਼ੀ ਮਿਲੇਗੀ ਜਿੰਨਾ ਦੁੱਖ ਉਸ ਨੇ ਪਹਿਲਾਂ ਭੁਗਤਿਆ ਹੋਵੇਗਾ। ਕੋਈ ਵਿਰਲੀ ਵਰੋਸਾਈ ਆਤਮਾ ਹੀ ਇਸ ਦੁਖ-ਰਹਿਤ ਰਹਿੰਦਿਆਂ ਹੋਇਆ ਸੰਸਾਰ ਤੋਂ ਰੁਖ਼ਸਤ ਹੁੰਦੀ ਹੈ।

**ਪ੍ਰਸ਼ਨ-ਕਰਤਾ** : ਖੁਸ਼ੀਆਂ ਤਲਾਸ਼ਣ ਹਿਤ ਕਿਹੜੀ ਗੱਲ ਚੰਗੀ ਨਹੀਂ ਹੈ?

**ਦਾਦਾਸ਼੍ਰੀ** : ਜਦੋਂ ਵਿਅਕਤੀ ਖੁਸ਼ੀਆਂ ਮਾਨਣ ਵਿਚ ਗ੍ਰਸਿਤ ਹੁੰਦੇ ਹਨ ਤਾਂ ਉਹ ਇਹ ਨਹੀਂ ਜਾਣਦੇ ਹੁੰਦੇ ਕਿ ਹਰ ਖੁਸ਼ੀ ਦਾ ਮੁੱਲ ਮੋੜਨਾ ਪੈਣਾ ਹੈ। ਉਹ ਖੁਸ਼ੀਆਂ ਮਾਨਣੀਆਂ ਜਿਨ੍ਹਾਂ ਉਪਰ ਵਿਅਕਤੀ ਦਾ ਕੋਈ ਹੱਕ ਨਹੀਂ ਉਨ੍ਹਾਂ ਦਾ ਮੁੱਲ ਅਖ਼ੀਰ ਨੂੰ ਮੋੜਨਾ ਹੀ ਪੈਣਾ ਹੈ। ਮੌਤ ਆਉਣ ਦੇ ਸਮੇਂ ਇਹ ਮੁੱਲ ਤਾਰਨਾ ਹੀ ਪਵੇਗਾ। ਸਿੱਧੇ-ਸਾਦੇ ਅਤੇ ਸਪਸ਼ਟ-ਵਕਤਾ ਵਿਅਕਤੀਆਂ ਲਈ ਸਭ ਠੀਕ-ਠਾਕ ਰਹਿੰਦਾ ਹੈ।

**ਪ੍ਰਸ਼ਨ-ਕਰਤਾ** : ਇਸ ਸੰਸਾਰ ਤੋਂ ਰੁਖਸਤ ਹੋਣ ਸਮੇਂ ਵਿਅਕਤੀ ਲਈ ਸਰਵੋਤਮ ਪਹੁੰਚ ਕੀ ਹੋਣੀ ਚਾਹੀਦੀ ਹੈ?

**ਦਾਦਾਸ਼੍ਰੀ** : ਜੀਵਨ-ਯਾਤਰਾ ਸੰਪੂਰਨ ਕਰਨ ਉਪਰੰਤ ਇਸ ਸੰਸਾਰ ਤੋਂ ਜਾਂਦੇ ਸਮੇਂ ਜੇ ਵਿਅਕਤੀ ਕਹਿੰਦਾ ਹੈ ਕਿ 'ਮੈਂ ਜਾ ਰਿਹਾ ਹਾਂ' ਤਾਂ ਇਹ ਉਸ ਲਈ ਚੰਗਾ ਹੈ। ਇਹ ਗੱਲ ਅਗਲੇ ਜਨਮ ਵਿਚ ਉਸ ਨੂੰ ਕਿਸੇ ਉਚੇਰੀ ਜੂਨ ਵਿਚ ਲਿਜਾਣ ਹਿਤ ਸਹਾਈ ਹੋਵੇਗੀ।

ਪਰੰਤੂ ਬੇਹੋਸ਼ੀ ਦੀ ਅਵਸਥਾ ਵਿਚ ਹੋਈ ਮੌਤ ਵਿਅਕਤੀ ਨੂੰ ਕਿਸੇ ਅਚੇਤ (ਭਾਵ, ਪਸ਼ੂ ਆਦਿ) ਪ੍ਰਾਣੀ ਦੀ ਜੂਨੀ ਵੱਲ ਧਕੇਲ ਦਿੰਦੀ ਹੈ। ਦਿਲ ਦੇ ਫੇਲ ਹੋਣ ਕਾਰਨ ਹੋਈ ਮੌਤ ਵੀ ਵਿਅਕਤੀ ਨੂੰ ਨੀਚੇ ਹੀ ਧੱਕਦੀ ਹੈ, ਪਰੰਤੂ ਕਿਸੇ ਨੂੰ ਇਹ ਨਹੀਂ ਪਤਾ ਕਿ ਕਿਸ ਜੂਨੀ ਵੱਲ।

ਅੱਜ ਕੱਲ ਰੁਦ੍ਰ-ਧਿਆਨ (ਦੁਨਿਆਵੀ ਖੁਸ਼ੀਆਂ ਨੂੰ ਕਿਸੇ ਵੀ ਕੀਮਤ ਉਪਰ ਹਾਸਲ ਕਰਨ ਦੀ ਤਾਂਘ ਅਤੇ ਚਿੰਤਾ ਵਾਲੀ ਅਵਸਥਾ) ਅਤੇ ਆਰਤ-ਧਿਆਨ (ਲਗਾਤਾਰ ਹੀ ਚਿੰਤਤ ਅਵਸਥਾ ਵਿਚ ਰਹਿਣਾ) ਚਾਰੋਂ ਤਰਫ਼ ਦੇਖਣ ਨੂੰ ਮਿਲਦੇ ਹਨ। ਇਹ ਅਵਸਥਾਵਾਂ ਇੰਨੀਆਂ ਹਾਵੀ ਹੋ ਗਈਆਂ ਹਨ ਕਿ ਇਨ੍ਹਾਂ ਨੇ ਵਿਅਕਤੀ ਦਾ ਜੀਣਾ ਵੀ ਅਤੇ ਮਰਨਾ ਵੀ ਮੁਹਾਲ ਕਰ ਛੱਡਿਆ ਹੈ। ਜੇ ਕੋਈ ਯੁਵਕ ਅਵਸਥਾ ਵਿਚ ਮਰ ਜਾਂਦਾ ਹੈ ਤਾਂ ਉਹ ਰੁਦ੍ਰ ਜਾਂ ਅਰਤ ਧਿਆਨ ਦੀ ਅਵਸਥਾ ਵਿਚ ਹੋਵੇਗਾ।

ਬੁਢਾਪੇ ਵਿਚ ਵੀ ਜੇ ਕੋਈ ਵਿਅਕਤੀ ਗਮੀ ਜਾਂ ਉਦਾਸੀ ਜਾਂ ਦੁੱਖ ਵਿਚ ਮਰਦਾ ਹੈ ਤਾਂ ਉਸ ਦਾ ਵੀ ਅਗਲੇ ਜਨਮ ਵਿਚ ਕਿਸੇ ਨੀਵੀਂ ਜੂਨ ਵਿਚ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ।

**ਪ੍ਰਸ਼ਨ-ਕਰਤਾ** : ਬਹੁਗਿਣਤੀ ਲੋਕ ਆਪਣੀ ਮੌਤ ਨੂੰ ਹੱਸ ਕੇ ਕਿਉਂ ਨਹੀਂ ਸਵੀਕਾਰ ਕਰ ਸਕਦੇ?

**ਦਾਦਾਸ਼੍ਰੀ** : ਅੱਜ-ਕੱਲ ਲੋਕ ਆਪਣੀ ਰੋਜ਼ੀ-ਰੋਟੀ, ਕੱਪੜੇ ਅਤੇ ਹੋਰ ਹਰ ਚੀਜ ਬੇਈਮਾਨੀ ਦੇ ਸਾਧਨਾਂ ਰਾਹੀਂ ਕਮਾਉਂਦੇ ਹਨ। ਉਨ੍ਹਾਂ ਕੋਲ ਜੋ ਵੀ ਹੈ ਉਹ ਉਨ੍ਹਾਂ ਨੇ ਰੁਦ੍ਰ ਜਾਂ ਆਰਤ ਧਿਆਨ ਰਾਹੀਂ ਹਾਸਲ ਕੀਤਾ ਹੋਇਆ ਹੈ। ਇਹੋ ਗੱਲ ਮੌਤ ਸਮੇਂ ਉਨ੍ਹਾਂ ਦੇ ਦੁੱਖ ਅਤੇ ਦਰਦ ਦਾ ਕਾਰਨ ਬਣਦੀ ਹੈ। ਉਨ੍ਹਾਂ ਦੇ ਸਰੀਰ ਦਾ ਹਰ ਕਣ ਦੁੱਖਾਂ ਵਿਚੋਂ ਲੰਘਦਾ ਹੈ ਅਤੇ ਜੇਕਰ ਇਹ ਦੁੱਖ ਬਹੁਤ ਜ਼ਿਆਦਾ ਹੋਵੇ ਤਾਂ ਦਿਲ ਵੀ ਫ਼ੇਲ ਹੋ ਸਕਦਾ ਹੈ। ਕਰਮਾਂ ਦਾ ਜਿਹੜਾ ਪ੍ਰਭਾਵ ਆਤਮਾ ਨਾਲ ਲੈ ਕੇ ਜਾਂਦੀ ਹੈ ਵਿਅਕਤੀ ਨੇ ਉਹ ਅਗਲੇ ਜਨਮ ਵਿਚ ਭੋਗਣਾ ਹੁੰਦਾ ਹੈ। ਇਹ ਪਰਮਾਣੂ ਵਿਗਿਆਨ ਹੈ। ਇਹ ਉਹੀ ਵਿਗਿਆਨ ਹੈ ਜਿਸ ਨੂੰ ਦੁਨਿਆਵੀ ਆਕਰਸ਼ਣ ਤੋਂ ਪੂਰੀ ਤਰ੍ਹਾਂ ਨਿਰਲੇਪ ਦੇਵਤੇ ਮੰਨਦੇ ਹਨ। ਇਸ ਦੀ ਕ੍ਰਿਆ ਵਿਚ ਕੋਈ ਵੀ ਦਖ਼ਲ ਨਹੀਂ ਦੇ ਸਕਦਾ।

ਪਰਮਾਤਮਾ ਦਾ ਹੁਕਮ ਹੈ ਕਿ ਵਿਅਕਤੀ ਨੂੰ ਈਮਾਨਦਾਰੀ ਨਾਲ ਕਮਾਈ ਚੀਜ - ਭਾਵੇਂ ਉਹ ਚੰਗੀ ਹੈ ਜਾਂ ਮੰਦੀ - ਸਵੀਕਾਰ ਕਰ ਲੈਣੀ ਚਾਹੀਦੀ ਹੈ: ਉਸ ਦੇ ਲਈ ਇਹੋ ਬੇਹਤਰ ਹੈ। ਈਮਾਨਦਾਰੀ ਦੀ ਮਿਹਨਤ ਨਾਲ ਕਮਾਇਆ ਸਾਦਾ ਖਾਣਾ ਅਤੇ ਸਾਧਾਰਨ ਕੱਪੜੇ ਕਿਸੇ ਵੀ ਉਸ ਕੀਮਤੀ ਚੀਜ ਨਾਲੋਂ ਚੰਗੇ ਹਨ ਜਿਹੜੀ ਬੇਈਮਾਨੀ ਨਾਲ ਕਮਾਈ ਗਈ ਹੈ।

ਢਲਦੀ ਉਮਰ ਦੌਰਾਨ ਜਦੋਂ ਮੌਤ ਆ ਕੇ ਦਸਤਕ ਦਿੰਦੀ ਹੈ ਤਾਂ ਉਸ ਸਮੇਂ ਕਰਮਾਂ ਦੇ ਸਾਰੇ ਪਟਾਖੇ ਇਕੋ ਸਮੇਂ ਫਟਣੇ ਆਰੰਭ ਹੋ ਜਾਂਦੇ ਹਨ। ਸਹੀ ਗਿਆਨ ਦੀ ਅਣਹੋਂਦ ਬੁਢਾਪੇ ਦੀ ਜ਼ਿੰਦਗੀ ਨੂੰ ਹੋਰ ਵੀ ਗ਼ਮਗੀਨ ਬਣਾ ਦਿੰਦੀ ਹੈ।

**ਪ੍ਰਸ਼ਨ-ਕਰਤਾ** : ਇਕ ਸਵੈ-ਪਹਿਚਾਣ ਪ੍ਰਾਪਤ ਕਰ ਚੁੱਕਾ ਗਿਆਨੀ ਪੁਰਸ਼ ਆਪਣੀ ਮੌਤ ਨੂੰ ਕਿਸ ਤਰ੍ਹਾਂ ਸਵੀਕਾਰ ਕਰਦਾ ਹੈ?

**ਦਾਦਾਸ਼੍ਰੀ** : ਜੇ ਵਿਅਕਤੀ ਦੇ ਅੰਦਰ ਸਹੀ ਗਿਆਨ ਚੰਗੀ ਤਰ੍ਹਾਂ ਪ੍ਰਪੱਕ ਹੋ ਚੁੱਕਾ ਹੈ ਤਾਂ ਉਹ ਆਪਣੇ ਅਸਲੀ ਸਵੈ ਦੀ ਗੁਫ਼ਾ ਦੇ ਅੰਦਰ ਸੁਰੱਖਿਅਤ ਬਣਿਆ ਰਹੇਗਾ। ਉਹ ਹਰ ਸਮੇਂ ਕਰਮਾਂ ਦੇ ਇਨ੍ਹਾਂ ਪਟਾਖਿਆਂ ਜਿਹੜੇ ਉਸ ਸਮੇਂ ਅੰਦਰ ਫਟ ਰਹੇ ਹੁੰਦੇ ਹਨ ਨੂੰ ਵੇਖਦਾ ਵੀ ਹੈ ਅਤੇ ਪਹਿਚਾਣਦਾ ਵੀ ਹੈ। ਜਿਨ੍ਹਾਂ ਨੇ ਮੇਰੇ ਕੋਲੋਂ ਦੀਖਿਆ ਲਈ ਹੈ ਉਹ ਆਪਣਾ ਅਖ਼ੀਰਲਾ ਸਵਾਸ ਲੈਂਦੇ ਸਮੇਂ ਵੀ ਇਹੋ ਕਹਿਣਗੇ: "ਜਿਵੇਂ ਤੁਸੀਂ ਇਸ ਸਰੀਰ ਨੂੰ ਆਪਣਾ ਅੰਤਿਮ ਸਾਹ ਲੈਂਦੇ ਹੋਏ ਵੱਖ ਰਹੇ ਹੋ, ਮੈਂ ਵੀ ਉਵੇਂ ਹੀ ਵੇਖ ਰਿਹਾ ਹਾਂ।" ਉਹ ਆਪਣੇ ਆਖ਼ਰੀ ਸਵਾਸ ਨੂੰ ਵੇਖਦੇ ਵੀ ਹਨ ਅਤੇ ਪਹਿਚਾਣਦੇ ਵੀ ਹਨ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਹ ਵੀ ਦੱਸੋ ਕਿ ਇਸ ਜੀਵਨ-ਯਾਤਰਾ ਨੂੰ ਕਿੰਞ ਵੇਖਿਆ ਜਾਵੇ?

**ਦਾਦਾਸ਼੍ਰੀ** : ਜਿਸ ਪਲ ਵਿਅਕਤੀ ਜਨਮ ਲੈਂਦਾ ਹੈ ਉਸੇ ਪਲ ਤੋਂ ਉਸ ਦੀ ਸ਼ਮਸ਼ਾਨਘਾਟ ਵੱਲ ਦੀ ਯਾਤਰਾ ਆਰੰਭ ਹੋ ਜਾਂਦੀ ਹੈ। ਜੇ ਵਿਅਕਤੀ ਨੇ ਇਕ ਦਿਨ ਮਰਨਾ ਹੀ ਹੈ ਤਾਂ ਫਿਰ ਨਿੱਕੀਆਂ-ਨਿੱਕੀਆਂ ਫ਼ਜ਼ੂਲ ਗੱਲਾਂ ਅਤੇ ਕੰਮਾਂ ਵਿਚ ਇਧਰ-ਉਧਰ ਆਪਣਾ ਸਮਾਂ ਅਜਾਈਂ ਕਿਉਂ ਗਵਾਵੇ? ਹੋਸ਼ ਕਰੋ, ਕਿਉਂਕਿ ਹਰ ਪਲ ਤੁਹਾਨੂੰ ਸ਼ਮਸ਼ਾਨਘਾਟ ਦੇ ਨਜ਼ਦੀਕ ਲੈ ਕੇ ਜਾ ਰਿਹਾ ਹੈ। ਦੇਰ-ਸਵੇਰ ਤੁਸੀਂ ਆਪਣੇ ਇਸ ਅੰਤਿਮ ਪੜਾਅ ਉਪਰ ਪਹੁੰਚਣਾ ਹੀ ਹੈ। ਤੁਹਾਨੂੰ ਇਕ ਸ਼ਾਂਤਮਈ ਮੌਤ ਮਰਨ ਹਿਤ ਆਸ ਕਰਨ ਦੀ ਆਗਿਆ ਹੈ ਪਰੰਤੂ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਤੁਹਾਨੂੰ ਕਦੋਂ ਆਵੇ, ਛੇਤੀ ਆਵੇ ਜਾਂ ਦੇਰ ਨਾਲ ਆਵੇ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਸ ਸਰੀਰ ਬਾਰੇ ਵੀ ਸਾਨੂੰ ਚਾਨਣਾ ਪਾਉ।

**ਦਾਦਾਸ਼੍ਰੀ** : ਇਹ ਸਰੀਰ ਜਿਸ ਨੇ ਅੰਤ ਨੂੰ ਕਮਜ਼ੋਰ ਪੈ ਕੇ ਸੜ-ਬਲ ਜਾਣਾ ਹੈ ਅਸੀਂ ਉਸ ਸਰੀਰ ਪ੍ਰਤੀ ਇੰਨਾ ਮੋਹ ਕਿਉਂ ਪਾਲਦੇ ਹਾਂ? ਸਰੀਰ ਕੀ ਹੈ? ਬਸ, ਚਮੜੀ ਵਿਚ ਲਿਪਟੀ ਚਰਬੀ ਦੀ ਗੰਢ। ਤੁਸੀਂ ਇਸ ਸਰੀਰ ਨਾਲ ਬਹੁਤ ਲਾਡ ਲੜਾਉਂਦੇ ਹੋ – ਨਹਿਲਾਉਂਦੇ ਹੋ, ਸਾਫ਼ ਰਖਦੇ ਹੋ ਅਤੇ ਖ਼ਾਣਾ ਖਵਾਉਂਦੇ ਹੋ ਪਰੰਤੂ ਅਖ਼ੀਰ ਇਹ ਸਰੀਰ ਤੁਹਾਨੂੰ ਧੋਖਾ ਦੇ ਜਾਂਦਾ ਹੈ।

ਜੀਵਨ-ਯਾਤਰਾ ਦੇ ਅੰਤਿਮ ਪੜਾਅ ਦੌਰਾਨ ਜਦੋਂ ਮਨੁੱਖ ਦਾ ਆਪਣਾ ਹੀ ਸਰੀਰ ਧੋਖਾ ਦੇ ਜਾਂਦਾ ਹੈ ਤਾਂ ਅਸੀਂ ਹੋਰ ਰਿਸ਼ਤੇਦਾਰਾਂ ਬਾਰੇ ਕੀ ਕਹਿ ਸਕਦੇ ਹਾਂ?

ਵਿਅਕਤੀ ਸਰੀਰ ਨੂੰ ਹਮੇਸ਼ਾ ਸੰਭਾਲ ਕੇ ਰਖਦਾ ਹੈ ਪਰੰਤੂ ਜੇ ਇਸ ਵਿਚੋ ਪੀਕ ਨਿਕਲ ਰਹੀ ਹੋਵੇ ਤਾਂ ਕੀ ਤੁਸੀਂ ਫਿਰ ਵੀ ਇਸ ਸਰੀਰ ਨੂੰ ਪਸੰਦ ਕਰੋਗੇ, ਇਸ ਨਾਲ ਮੋਹ

ਕਰੋਗੇ? ਕਿਉਂਕਿ ਤੁਸੀਂ ਉਸ ਪੀਕ ਵੱਲ ਵੇਖ ਨਹੀਂ ਸਕੋਗੇ, ਇਸ ਲਈ ਤੁਹਾਨੂੰ ਪੀਕ ਦਾ ਦ੍ਰਿਸ਼ ਸਰੀਰ ਤੋਂ ਨਿਰਲੇਪ ਬਣਾ ਦੇਵੇਗਾ। ਬਿਲਕੁਲ ਠੀਕ, ਇਹ ਸਰੀਰ ਚਰਬੀ, ਖ਼ੂਨ ਅਤੇ ਪੀਕ ਦਾ ਹੀ ਬਣਿਆ ਹੋਇਆ ਹੈ।

ਮੈਂ ਇਸ ਸਰੀਰ ਨੂੰ ਇਸ ਦੇ ਯਥਾਰਥਕ ਰੂਪ ਵਿਚ ਵੇਖਦਾ ਹਾਂ। ਮੈਂ ਹਰ ਪ੍ਰਕਾਰ ਦੇ ਦੁਨਿਆਵੀ, ਸਰੀਰਕ ਆਕਰਸ਼ਣ ਤੋਂ ਨਿਰਲੇਪ ਹਾਂ, ਆਜ਼ਾਦ ਹਾਂ। ਅਨੰਤ ਜਨਮਾਂ ਤੱਕ ਸਰੀਰ ਨੂੰ ਹੀ ਚਿੰਬੜੇ ਰਹਿਣ ਦਾ ਕੋਈ ਲਾਭ ਨਹੀਂ; ਇਹ ਸਿਰਫ਼ ਜਨਮ-ਮਰਨ ਦੇ ਚੱਕਰ ਨੂੰ ਬਣਾਈ ਰੱਖਣ ਦਾ ਕਾਰਨ ਹੀ ਬਣਦਾ ਹੈ। ਤੁਸੀਂ ਇਕ ਵਾਰ ਆਪਣੀ ਆਤਮਾ ਨਾਲ ਜੁੜ ਜਾਉ ਅਤੇ ਜਿੰਨਾ ਨੁਕਸਾਨ ਤੁਸੀਂ ਹੁਣ ਤੱਕ ਉਠਾਇਆ ਹੈ ਉਸ ਦੀ ਪੂਰਤੀ ਕਰੋ।

ਤੁਹਾਡਾ ਸਰੀਰ ਕਿਸ ਪ੍ਰਕਾਰ ਦਾ ਹੋਣਾ ਚਾਹੀਦਾ ਹੈ? ਇਹ ਸਰੀਰ ਮੁਕਤੀ ਪ੍ਰਾਪਤੀ ਹਿਤ ਇਕ ਅਸਰਦਾਰ ਸਾਧਨ ਹੋਣਾ ਚਾਹੀਦਾ ਹੈ। ਇਸ ਲਈ ਤੁਸੀਂ ਚਰਮ ਸਰੀਰ ਪ੍ਰਾਪਤ ਕਰ ਲਉ।

ਇਹ ਸਰੀਰ ਪਰਮਾਣੂਆਂ ਦੇ ਸਮੂਹ ਤੋਂ ਵੱਧ ਕੁਝ ਵੀ ਨਹੀਂ ਹੈ। ਜਿਹੜਾ ਤਜ਼ਰਬਾ ਤੁਸੀਂ ਇਸ ਜੀਵਨ ਦੌਰਾਨ ਹਾਸਲ ਕਰੋਗੇ ਉਹ ਉਨ੍ਹਾਂ ਪਰਮਾਣੂਆਂ ਉਪਰ ਨਿਰਭਰ ਕਰੇਗਾ ਜਿਹੜੇ ਤੁਸੀਂ ਪਿਛਲੇ ਜਨਮਾਂ ਦੌਰਾਨ ਇਕੱਤਰ ਕੀਤੇ ਹਨ।

ਇਸ ਸੰਸਾਰ ਦੇ ਸਾਰੇ ਜੀਵ ਮਾਨਵ-ਜਾਤੀ ਦੀ ਸੇਵਾ ਹਿਤ ਜਿਉਂਦੇ ਹਨ: ਸਿਰਫ਼ ਮਨੁੱਖ ਹੀ ਆਪਣੇ ਆਪ ਲਈ ਜਿਉਂਦਾ ਹੈ। ਫਿਰ ਵੀ ਪਰਮਾਤਮਾ ਦਾ ਕਥਨ ਹੈ ਕਿ ਮਨੁੱਖਾ ਰੂਪ ਤਾਂ ਦੇਵੀ-ਦੇਵਤਿਆਂ ਵਾਸਤੇ ਵੀ ਦਰਸ਼ਨ ਕਰਨ ਯੋਗ ਹੈ। ਜੇਕਰ ਅਸੀਂ ਇਸ ਮਾਨਵ ਰੂਪ, ਮਾਨਵ ਜੂਨੀ ਦੀ ਮਹੱਤਾ ਨੂੰ ਸਮਝ ਲਵਾਂਗੇ ਤਾਂ ਅਸੀਂ ਅਰਥ-ਭਰਪੂਰ ਜ਼ਿੰਦਗੀ ਜੀਅ ਸਕਾਂਗੇ।

## 100
## ਮਨੁੱਖਾ ਜਨਮ ਦੀ ਮਹੱਤਾ

**ਪ੍ਰਸ਼ਨ-ਕਰਤਾ** : ਮਨੁੱਖਾ ਜਨਮ ਦੀ ਕੀ ਮਹੱਤਾ ਹੈ?

**ਦਾਦਾਸ਼੍ਰੀ** : ਇਸ ਸੰਸਾਰ ਵਿਚ ਅਜਿਹਾ ਕਿਹੜਾ ਵਿਅਕਤੀ ਹੈ ਜਿਹੜਾ ਇਹ ਜਾਣਦਾ ਹੋਵੇ ਕਿ ਮਨੁੱਖਾ ਜਨਮ ਪ੍ਰਾਪਤ ਕਰਨ ਦਾ ਅਸਲੀ ਉੱਦੇਸ਼ ਕੀ ਹੈ? ਅਸਲ ਵਿਚ, ਲੋਕਾਂ ਅੰਦਰ ਮਨੁੱਖਾ ਜਨਮ ਦੀ ਪ੍ਰਾਪਤੀ ਦੇ ਉਦੇਸ਼ਾਂ ਬਾਰੇ ਆਮ ਤੌਰ 'ਤੇ ਅਗਿਆਨਤਾ ਹੀ ਹੈ। ਉਹ ਇਹ ਸੋਚਦੇ ਹਨ ਕਿ ਉਹ ਇਸ ਸੰਸਾਰ ਅੰਦਰ ਮੌਜ ਮਾਨਣ, ਰੱਬ ਦੀ ਪੂਜਾ ਕਰਨ, ਯੋਗ/ਅਭਿਆਸ

ਕਰਨ, ਤਪ ਕਰਨ ਅਤੇ ਸੰਸਾਰ ਤੋਂ ਸੰਨਿਆਸ ਲੈਣ ਹਿਤ ਹੀ ਆਏ ਹਨ। ਸੱਚ ਤਾਂ ਇਹ ਕਿ ਸਾਨੂੰ ਇਹ ਮਨੁੱਖਾ ਜਨਮ ਸ਼ੁੱਧ ਆਤਮਾ ਨੂੰ ਪਹਿਚਾਨਣ ਅਤੇ ਆਪਣੀਆਂ ਪੁਰਾਣੀਆਂ ਗਲਤੀਆਂ ਅਤੇ ਕਮਜ਼ੋਰੀਆਂ ਨੂੰ ਦੂਰ ਕਰਨ ਹਿਤ ਮਿਲਿਆ ਹੈ। ਪਰਮਾਤਮਾ ਨੇ ਸਾਨੂੰ ਇਹ ਮਨੁੱਖਾ ਜਨਮ ਸਾਰੇ ਹਾਲਾਤਾਂ ਨੂੰ ਦਰੁਸਤ ਕਰਨ, ਸਹਿਜ ਅਵਸਥਾ ਵਿਚ ਰਹਿੰਦਿਆਂ ਕਰਮਾਂ ਦੇ ਪੁਰਾਣੇ ਹਿਸਾਬ-ਕਿਤਾਬ ਨੂੰ ਬਰਾਬਰ ਕਰਨ ਅਤੇ ਸ਼ੁੱਧ ਆਤਮਾ ਨੂੰ ਪਹਿਚਾਨਣ ਹਿਤ ਦਿੱਤਾ ਗਿਆ ਹੈ

ਇਸੇ ਕਰਕੇ ਕਵਿਰਾਜ ਨਵਨੀਤ ਨੇ ਕਿਹਾ ਹੈ

ਪੁਰਾਣੇ ਪਾਪਾਂ ਨੂੰ ਧੋਣ ਹਿਤ ਮਿਲਿਆ ਇਹ ਸਰੀਰ;
ਕਰਮਾਂ ਦਾ ਪਰਦਾ ਜਦ ਉੱਠਿਆ ਤਾਂ ਅੰਦਰ ਦਿਸਿਆ ਪਰਮਾਤਮਾ।

### (ੳ) ਜੀਵਨ ਦਾ ਸਹੀ ਮੰਤਵ: ਉਦਾਰਤਾ ਅਤੇ ਸਵੈ-ਪਹਿਚਾਣ:

**ਪ੍ਰਸ਼ਨ-ਕਰਤਾ** : ਮਨੁੱਖਾ ਜਨਮ ਦਾ ਮਕਸਦ ਕੀ ਹੈ?

**ਦਾਦਾਸ਼੍ਰੀ** : ਮਨੁੱਖਾ ਜਨਮ ਦਾ ਸਹੀ, ਅਸਲੀ ਮੰਤਵ ਆਪਣੇ ਆਪ ਨੂੰ ਪੁਨਰ-ਜਨਮ ਦੇ ਬੰਧਨ ਤੋਂ ਪੂਰੀ ਤਰ੍ਹਾਂ ਮੁਕਤ ਕਰਨਾ ਹੈ, ਸ਼ੁੱਧ ਆਤਮਾ ਬਨਣਾ ਹੈ ਅਤੇ ਇਸ ਨੂੰ ਪਹਿਚਾਨਣਾ ਅਤੇ ਜਾਨਣਾ ਹੈ। ਇਸ ਅਤੇ ਸਿਰਫ਼ ਇਸ ਮੰਤਵ ਲਈ ਵਿਅਕਤੀ ਦਾ ਭਾਰਤ ਵਿਚ ਜਨਮ ਹੁੰਦਾ ਹੈ। ਕੀ ਕੋਈ ਵਿਅਕਤੀ ਇਨ੍ਹਾਂ ਦੋ ਉਦੇਸ਼ਾਂ ਦੀ ਪੂਰਤੀ ਹਿਤ ਯਤਨ ਕਰਦਾ ਹੈ? ਇਸ ਦੇ ਉਲਟ ਸਗੋਂ ਵਿਅਕਤੀਆਂ ਨੇ ਕੁਰੱਪਸ਼ਨ, ਬੇਈਮਾਨੀ ਅਤੇ ਮਿਲਾਵਟਖੋਰੀ ਵਰਗੇ ਕੰਮਾਂ ਵਿਚ ਗਲਤਾਨ ਹੋ ਕੇ ਮਨੁੱਖਾ ਜਨਮ ਤੋਂ ਗਿਰਾਵਟ ਵੱਲ ਜਾ ਕੇ ਪਸ਼ੂ ਜੂਨੀ ਵਿਚ ਜਾਣ ਦੀ ਕਲਾ ਸਿਖ ਲਈ ਹੈ।

### ਉਦਾਰਤਾ ਪੁੰਨ ਕਰਮਾਂ ਦਾ ਨਿਰਮਾਣ ਕਰਦੀ ਹੈ

**ਪ੍ਰਸ਼ਨ-ਕਰਤਾ** : ਦੂਸਰਿਆਂ ਲਈ ਜਿਉਣ ਦੀ ਇੰਨੀ ਕੀ ਮਹੱਤਤਾ ਹੈ?

**ਦਾਦਾਸ਼੍ਰੀ** : ਜਿੰਨੀ ਦੇਰ ਤੱਕ ਤੁਸੀਂ ਮੁਕਤੀ ਪ੍ਰਾਪਤ ਨਹੀਂ ਕਰ ਲੈਂਦੇ ਉਨੀ ਦੇਰ ਤੱਕ ਤੁਹਾਡੇ ਪੁੰਨ ਕਰਮ ਤੁਹਾਡੇ ਦੋਸਤ ਦੀ ਤਰ੍ਹਾਂ ਕੰਮ ਕਰਦੇ ਹਨ ਅਤੇ ਤੁਹਾਡੇ ਪਾਪ ਕਰਮ ਦੁਸ਼ਮਣ ਦੀ ਤਰ੍ਹਾਂ ਕੰਮ ਕਰਦੇ ਹਨ। ਹੁਣ ਇਹ ਫੈਸਲਾ ਤੁਸੀਂ ਕਰਨਾ ਹੈ ਕਿ ਤੁਹਾਨੂੰ ਦੋਸਤ ਚਾਹੀਦਾ ਹੈ ਜਾਂ ਦੁਸ਼ਮਣ। ਜੇ ਕੋਈ ਵਿਅਕਤੀ ਪਾਪ ਕਰਮਾਂ ਦੇ ਦੁਸ਼ਮਣ ਨੂੰ ਹੀ ਪਸੰਦ ਕਰਦਾ ਹੈ ਤਾਂ ਮੈਂ ਉਸ ਨੂੰ ਦੱਸਣਾ ਚਾਹਾਂਗਾ ਕਿ ਉਹ ਜੋ ਉਸ ਨੂੰ ਪਸੰਦ ਹੈ ਕਰਦਾ ਰਹੇ, ਉਹ ਦੂਸਰਿਆਂ ਦੀ ਕਮਾਈ ਉਪਰ ਸਮਾਂ ਲੰਘਾਉਂਦਾ ਰਹੇ ਅਤੇ ਉਹ ਜਿੱਥੇ ਜੀਅ ਕਰੇ ਉਥੇ ਘੁੰਮਦਾ ਰਹੇ, ਪਰੰਤੂ ਬਾਅਦ ਵਿਚ ਇਸ ਸਭ ਦਾ ਫਲ ਉਸ ਨੂੰ ਭੁਗਤਣਾ ਹੀ ਪਵੇਗਾ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਵਿਅਕਤੀ ਪੁੰਨ ਕਰਮ ਕਿਵੇਂ ਕਮਾ ਸਕਦਾ ਹੈ?

**ਦਾਦਾਸ਼੍ਰੀ** : ਭਗਵਾਨ ਮਹਾਂਵੀਰ ਕਿਹਾ ਕਰਦੇ ਸਨ: ਯੋਗੋਪਯੋਗ ਪਰੋਪਕਾਰਯ। ਇਥੇ 'ਯੋਗ' ਸ਼ਬਦ ਤੋਂ ਭਾਵ ਹੈ ਮਨ, ਸਰੀਰ, ਬਚਨ, ਬੁੱਧੀ, ਚਿੱਤ ਆਦਿ ਸਭ ਨੂੰ ਇਕ ਥਾਂ ਇਕੱਠੇ ਕਰਨਾ। ਇਹ ਸਾਰੇ ਵਰਦਾਨ-ਰੂਪ ਵਿਚ ਮਿਲੀ ਉਹ ਸੰਪਤੀ ਹੈ ਜਿਹੜੀ ਸਿਰਫ਼ ਮਾਨਵ ਨੂੰ ਹੀ ਪ੍ਰਾਪਤ ਹੁੰਦੀ ਹੈ। 'ਉਪਯੋਗ' ਸ਼ਬਦ (ਜਿਹੜਾ 'ਯੋਗ' ਦੇ ਨਾਲ ਪਿਛੇਤਰ ਵਜੋਂ ਲੱਗਾ ਹੋਇਆ ਹੈ) ਦਾ ਅਰਥ ਹੈ ਇਨ੍ਹਾਂ ਸਾਰੇ ਗੁਣਾਂ ਦਾ ਦੂਸਰਿਆਂ ਦੇ ਭਲੇ ਹਿਤ ਉਪਯੋਗ। ਜੇ ਤੁਸੀਂ ਪੁੰਨ ਕਰਮ ਕਮਾਉਣਾ ਚਾਹੁੰਦੇ ਹੋ ਜਿਹੜੇ ਤੁਹਾਡੀ ਜੀਵਨ-ਯਾਤਰਾ ਦੌਰਾਨ ਤੁਹਾਡੇ ਦੋਸਤ ਸਾਬਤ ਹੋਣਗੇ ਤਾਂ ਸਿਰਫ਼ ਇੰਨਾ ਹੀ ਕਰੋ ਕਿ ਇਕ ਬ੍ਰਿਛ ਤੋਂ ਸਿੱਖਿਆ ਲਉ। ਕੀ ਕੋਈ ਦਰਖ਼ਤ ਆਪਣੇ ਫ਼ਲ ਦਾ ਅਨੰਦ ਆਪ ਵੀ ਮਾਣਦਾ ਹੈ? ਭੋਰਾ ਵੀ ਨਹੀਂ। ਹੋ ਸਕਦਾ ਹੈ ਜਦੋਂ ਅਸੀਂ ਵੇਖਦੇ ਨਾ ਹੋਈਏ ਉਸ ਸਮੇਂ ਦਰਖ਼ਤ ਵੀ ਆਪਣੇ ਫ਼ਲ ਦਾ ਸੁਆਦ ਚੱਖ ਲੈਂਦਾ ਹੋਵੇ? ਕੀ ਸਚਮੁੱਚ ਦਰਖ਼ਤ ਆਪਣੇ ਫ਼ਲ ਨੂੰ ਖਾ ਸਕਦਾ ਹੈ?

ਸੋ ਬ੍ਰਿਛ ਤੁਹਾਨੂੰ ਇਹ ਦਰਸਾਉਂਦੇ ਹਨ ਕਿ ਜੋ ਵੀ ਉਨ੍ਹਾਂ ਪਾਸ ਹੈ ਉਹ ਤੁਹਾਨੂੰ ਖੁਸ਼ੀ ਦੇਣ ਲਈ ਹੈ।

ਜੇਕਰ ਤੁਹਾਨੂੰ ਇਹ ਦੁਨਿਆਵੀ ਜੀਵਨ ਪਸੰਦ ਹੈ, ਜੇ ਤੁਸੀਂ ਦੁਨਿਆਵੀ ਵਸਤਾਂ ਹਾਸਲ ਕਰਨੀਆਂ ਚਾਹੁੰਦੇ ਹੋ ਤਾਂ ਉਦਾਰਤਾ ਨੂੰ ਅਮਲ ਵਿਚ ਲਿਆਉ।

ਇਕ ਅਵਾਰਾ ਕੁੱਤੀ ਉਸ ਦੇ ਖਾਣ ਹਿਤ ਪਾਈ ਰੋਟੀ ਨੂੰ ਚੁੱਕ ਕੇ ਕਿਉਂ ਲੈ ਜਾਂਦੀ ਹੈ? ਉਹ ਇਸ ਲਈ ਚੁੱਕਦੀ ਹੈ ਤਾਂ ਜੋ ਉਹ ਆਪਣੇ ਕਤੂਰੇ ਦਾ ਪੇਟ ਪਾਲ ਸਕੇ ਕਿਉਂਕਿ ਉਸ ਕਤੂਰੇ ਵਿਚ ਵੀ ਰੱਬ ਵਸਦਾ ਹੈ। ਸੰਸਾਰ ਦੀ ਸਮੁੱਚੀ ਕ੍ਰਿਆ ਇਸੇ ਆਧਾਰ ਉਪਰ ਚਲਦੀ ਹੈ। ਇਹ ਦਰਖ਼ਤ ਆਪਣੀ ਖ਼ੁਰਾਕ ਕਿਥੋਂ ਲੈਂਦੇ ਹਨ। ਕੀ ਦਰਖ਼ਤਾਂ ਨੂੰ ਕੋਈ ਕੋਸ਼ਿਸ਼ ਕਰਨੀ ਪੈਂਦੀ ਹੈ? ਉਹ ਆਪਣੀ ਖ਼ੁਰਾਕ ਦੀ ਕਦੇ ਚਿੰਤਾ ਨਹੀਂ ਕਰਦੇ। ਉਹ ਪਾਣੀ ਪੀਣ ਦੀ ਖ਼ਾਤਰ ਇਕ ਮੀਲ ਚੱਲ ਕੇ ਦਰਿਆ ਤੱਕ ਜਾਣ ਦੀ ਜ਼ਰੂਰਤ ਨਹੀਂ ਸਮਝਦੇ।

**ਪ੍ਰਸ਼ਨ-ਕਰਤਾ** : ਪਰੰਤੂ ਇਸ ਸਿਸਟਮ ਵਿਚ ਦਰਖ਼ਤਾਂ ਨੂੰ ਕਿਵੇਂ ਲਾਭ ਪਹੁੰਚਦਾ ਹੈ?

**ਦਾਦਾਸ਼੍ਰੀ** : ਦਰਖ਼ਤਾਂ ਦੀ ਹੋਂਦ ਮਾਨਵਤਾ ਦੀ ਸੇਵਾ ਕਰਨ ਅਤੇ ਉਨ੍ਹਾਂ ਨੂੰ ਫਲ ਪ੍ਰਦਾਨ ਕਰਨ ਲਈ ਹੈ। ਇਸੇ ਕਰਕੇ ਉਹ ਅਗਲੇ ਜਨਮ ਵਿਚ ਕਿਸੇ ਉਚੇਰੀ ਜੂਨ ਵਿਚ ਜਾਣਗੇ। ਇਨ੍ਹਾਂ ਬ੍ਰਿਛਾਂ ਦੀ ਸਹਾਇਤਾ ਨਾਲ ਮਾਨਵ ਵੀ ਉਚੇਰੀ ਜੂਨ ਵੱਲ ਜਾ ਸਕਦੇ ਹਨ। ਉਦਾਹਰਣ ਦੇ ਲਈ, ਜੇ ਤੁਸੀਂ ਇਕ ਅੰਬ ਖਾਂਦੇ ਹੋ ਤਾਂ ਇਸ ਵਿਚ ਅੰਬ ਦੇ ਦਰਖ਼ਤ ਦਾ ਕੀ ਨੁਕਸਾਨ ਹੁੰਦਾ ਹੈ? ਇੰਝ ਕਰਨ ਨਾਲ ਤੁਹਾਨੂੰ ਕੀ ਫ਼ਾਇਦਾ ਹੁੰਦਾ ਹੈ? ਤੁਸੀਂ ਅੰਬ ਖਾਣ ਦਾ, ਅੰਬ ਦੀ ਮਿਠਾਸ ਦਾ ਆਨੰਦ ਮਾਣਦੇ ਹੋ। ਤੁਹਾਡੀ ਇਸ ਖੁਸ਼ੀ ਦੇ ਕਾਰਨ ਤੁਹਾਡੇ ਸਾਰੇ ਰੁਝਾਨ ਹੀ ਸਕਾਰਾਤਮਕ

ਹੋ ਜਾਂਦੇ ਹਨ। ਇਸ ਦੇ ਨਤੀਜੇ ਵਜੋਂ ਤੁਸੀਂ ਆਤਮਕ ਪੱਖੋਂ ਉਪਰ ਉਠਦੇ ਹੋ – ਸੋ ਪੁੰਨ ਕਰਮਾਂ ਦੇ ਅਨੁਪਾਤ ਵਿਚ। ਇਨ੍ਹਾਂ ਸੌ ਪੁੰਨ-ਕਰਮਾਂ ਵਿਚੋਂ ਮੰਨ ਲਉ ਪੰਜ ਫੀਸਦੀ ਅੰਬ ਦੇ ਦਰਖ਼ਤ ਨੂੰ ਚਲੇ ਜਾਣਗੇ ਕਿਉਂਕਿ ਇਹ ਫਲ ਤੁਹਾਨੂੰ ਉਸ ਨੇ ਦਿੱਤਾ ਸੀ। ਪਰੰਤੂ ਬਾਕੀ ਦੇ 95% ਤੁਹਾਡੀ ਆਤਮਕ ਪ੍ਰਗਤੀ ਹਿਤ ਤੁਹਾਡੇ ਕੋਲ ਹੀ ਰਹਿਣਗੇ। ਇਸ ਲਈ, ਜਦੋਂ ਕੋਈ ਬੀਜ ਦੂਜਿਆਂ ਨਾਲ ਵੰਡਦੇ ਹੋ ਤਾਂ ਉਹ ਵੀ ਉਪਰ ਉਠਦੇ ਹਨ ਪਰੰਤੂ ਇਸ ਨਾਲ ਤੁਸੀਂ ਨੀਵੇਂ ਨਹੀਂ ਡਿਗਦੇ। ਤੁਸੀਂ ਵੀ ਆਤਮਕ ਪੱਖੋ ਪ੍ਰਗਤੀ ਕਰੋਗੇ।

## ਦੂਸਰਿਆਂ ਪ੍ਰਤੀ ਉਪਕਾਰ-ਸਾਡੀ ਆਪਣੀ ਮਦਦ

**ਪ੍ਰਸ਼ਨ-ਕਰਤਾ** : ਦੂਸਰਿਆਂ ਪ੍ਰਤੀ ਉਪਕਾਰ ਦੀ ਭਾਵਨਾ ਮੇਰੇ ਆਪਣੇ ਲਈ ਕਿਵੇਂ ਲਾਹੇਵੰਦ ਹੁੰਦੀ ਹੈ?

**ਦਾਦਾਸ਼੍ਰੀ** : ਦਰਖ਼ਤਾਂ ਦੇ ਸਾਰੇ ਕਰਮ ਪੂਰੀ ਤਰ੍ਹਾਂ ਪੁੰਨ ਕਰਮ ਹਨ। ਪਰੰਤੂ ਇਨ੍ਹਾਂ ਦਰਖ਼ਤਾਂ ਨੂੰ ਕਰਤਾ-ਕਰਮ ਦੀ ਸੋਝੀ ਨਹੀਂ ਹੁੰਦੀ। ਉਨ੍ਹਾਂ ਅੰਦਰ ਵੀ ਜਾਨ ਹੈ। ਉਹ ਆਪਣਾ ਫਲ ਦੂਸਰਿਆਂ ਨੂੰ ਦੇ ਦਿੰਦੇ ਹਨ। ਤੁਹਾਨੂੰ ਵੀ ਇਵੇਂ ਹੀ ਕਰਨਾ ਚਾਹੀਦਾ ਹੈ। ਤੁਹਾਨੂੰ ਵੀ ਤੁਹਾਡਾ ਫਲ ਮਿਲਦਾ ਰਹੇਗਾ। ਤੁਹਾਡੇ ਮਨ, ਬਚਨ ਅਤੇ ਸਰੀਰ ਲਈ ਲਾਹਾ ਮਿਲਦਾ ਰਹੇਗਾ। ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਤੁਹਾਨੂੰ ਉਸ ਸਮੇਂ ਤੱਕ ਕੋਈ ਮੁਸ਼ਕਲ ਮਹਿਸੂਸ ਨਹੀਂ ਹੋਵੇਗੀ। ਜਦੋਂ ਤੱਕ ਤੁਸੀਂ ਦੂਸਰਿਆਂ ਨੂੰ ਨਿਰਸੁਆਰਥ ਹੋ ਕੇ ਵੰਡਦੇ ਰਹੋਗੇ। ਪਰੰਤੂ ਜੇ ਤੁਸੀਂ ਆਪਣੀ ਚੰਗੀ ਕਿਸਮਤ ਦਾ ਫਲ ਆਪ ਹੀ ਖਾਉਗੇ ਤਾਂ ਤੁਹਾਨੂੰ ਔਕੜਾਂ ਦਾ ਸਾਹਮਣਾ ਕਰਨਾ ਪਵੇਗਾ।

**ਪ੍ਰਸ਼ਨ-ਕਰਤਾ** : ਇਕ ਸੁਆਰਥੀ ਜੀਵਨ ਜਿਉਣ ਵਿਚ ਕੀ ਗ਼ਲਤ ਹੈ?

**ਦਾਦਾਸ਼੍ਰੀ** : ਜੇ ਅੰਬ ਦਾ ਦਰਖ਼ਤ ਆਪਣੇ ਫਲ ਆਪ ਹੀ ਖਾਣ ਲੱਗ ਜਾਵੇ ਤਾਂ ਉਸ ਦਰਖ਼ਤ ਦਾ ਮਾਲਕ ਕੀ ਕਰੇਗਾ? ਕੀ ਉਹ ਦਰਖ਼ਤ ਨੂੰ ਵੱਢ ਨਹੀਂ ਸੁੱਟੇਗਾ? ਉਹੀ ਹਾਲ ਉਨ੍ਹਾਂ ਲੋਕਾਂ ਦਾ ਹੈ ਜਿਹੜੇ ਆਪਣਾ ਫਲ ਆਪ ਖਾਂਦੇ ਹਨ। ਜੇ ਤੁਸੀਂ ਆਪਣੇ ਜੀਵਨ ਨੂੰ ਸਿਰਫ਼ ਆਪਣੇ ਭਲੇ ਲਈ ਹੀ ਵਰਤਦੇ ਹੋ ਤਾਂ ਮੌਤ ਦਾ ਵੇਲਾ ਕਠਿਨਾਈ ਭਰਿਆ ਹੋਵੇਗਾ। ਤੁਸੀਂ ਸ਼ਾਂਤੀ ਅਤੇ ਸਹਿਜਤਾ ਨਾਲ ਇਸ ਸੰਸਾਰ ਅਤੇ ਸੰਸਾਰਕ ਵਸਤਾਂ ਨੂੰ ਛੱਡ ਕੇ ਨਹੀਂ ਜਾ ਸਕੋਗੇ। ਇਸ ਦੇ ਉਲਟ, ਜੇਕਰ ਤੁਸੀਂ ਆਪਣੇ ਜੀਵਨ ਨੂੰ ਦੂਸਰਿਆਂ ਦੀ ਬੇਹਤਰੀ ਲਈ ਵਰਤਦੇ ਹੋ ਤਾਂ ਤੁਹਾਨੂੰ ਅੰਤ ਸਮੇਂ ਕੋਈ ਕਠਿਨਾਈ ਪੇਸ਼ ਨਹੀਂ ਆਵੇਗੀ ਅਤੇ ਇਸ ਜੀਵਨ ਦੌਰਾਨ ਵੀ ਤੁਹਾਡੀਆਂ ਸਭ ਇੱਛਾਵਾਂ ਪੂਰੀਆਂ ਹੋ ਜਾਣਗੀਆਂ।

ਪਰੰਤੂ ਜੇਕਰ ਤੁਸੀਂ ਦੁਨਿਆਵੀ ਵਸਤਾਂ ਦੇ ਮਗਰ ਭੱਜਦੇ ਹੋ ਤਾਂ ਤੁਹਾਡੀਆਂ ਇੱਛਾਵਾਂ ਵਿਚੋਂ ਕਿਸੇ ਦੀ ਵੀ ਪੂਰਤੀ ਨਹੀਂ ਹੋਵੇਗੀ। ਜ਼ਿੰਦਗੀ ਪ੍ਰਤੀ ਇਸ ਤਰ੍ਹਾਂ ਦੀ ਪਹੁੰਚ ਤੁਹਾਨੂੰ ਅਰਾਮ

ਦੀ ਨੀਂਦ ਸੌਣ ਨਹੀਂ ਦਿੰਦੀ। ਅੱਜ-ਕੱਲ ਵਪਾਰੀ ਲੋਕ ਕਈ-ਕਈ ਦਿਨ ਤੱਕ ਗੂੜ੍ਹੀ ਨੀਂਦ ਨਹੀਂ ਸੌ ਸਕਦੇ ਕਿਉਂਕਿ ਉਨ੍ਹਾਂ ਨੇ ਲੋਕਾਂ ਨੂੰ ਲੁੱਟਣ ਅਤੇ ਠੱਗਣ ਤੋਂ ਬਿਨਾਂ ਕੁਝ ਕੀਤਾ ਹੀ ਨਹੀਂ।

ਅੱਜ ਕੱਲ ਲੋਕ ਆਪਣਾ ਮਨ ਅਤੇ ਬੁੱਧੀ ਦੂਸਰਿਆਂ ਵਾਸਤੇ ਵਰਤਣ ਦੀ ਫੀਸ ਲੈਂਦੇ ਹਨ। ਉਹ ਇਕ ਸਾਧਾਰਨ ਜਿਹਾ ਫਾਰਮ ਭਰਨ ਦੇ ਜਾਂ ਕਿਸੇ ਗਰੀਬ ਦੀ ਅਰਜੀ ਲਿਖਣ ਦੇ ਵੀ ਵੀਹ ਰੁਪਏ ਲੈ ਲੈਂਦੇ ਹਨ।

ਸਾਡੇ ਇਸ ਮੂਲਕ ਵਿਚ ਇਹ ਕੀ ਹੋ ਰਿਹਾ ਹੈ - ਉਹ ਮੁਲਕ ਜਿਥੇ ਝਗੜਾ ਹੋਣ ਦੀ ਸੂਰਤ ਵਿਚ ਵੀ ਸਲਾਹ ਮੁਫ਼ਤ ਦਿੱਤੀ ਜਾਂਦੀ ਸੀ। ਅਸਲ ਵਿਚ, ਉਹ ਮੁਫ਼ਤ ਸਲਾਹ ਇਕ ਮੁਫ਼ਤ ਦਾ ਖਾਣਾ ਖਾ ਕੇ ਦਿੱਤੀ ਜਾਂਦੀ ਸੀ। ਜੇ ਕਿਸੇ ਪਿੰਡ ਵਿਚ ਕੋਈ ਝਗੜਾ ਹੋ ਜਾਂਦਾ ਤਾਂ ਅਮੀਰ ਵਪਾਰੀ ਜਾਂ ਪਿੰਡ ਦਾ ਕੋਈ ਹੋਰ ਸਿਆਣਾ ਵਿਅਕਤੀ ਮੁਫ਼ਤ ਵਿਚ ਸਾਲਸ ਦੇ ਤੌਰ ਤੇ ਕੰਮ ਕਰਿਆ ਕਰਦਾ। ਉਹ ਦੋਹਾਂ ਧਿਰਾਂ ਨੂੰ ਇੱਕਠਾ ਕਰਦਾ ਅਤੇ ਉਹ ਉਨ੍ਹਾਂ ਨੂੰ ਪ੍ਰਸਪਰ ਲਾਹੇ ਵਾਲੇ ਕਿਸੇ ਸਾਂਝੇ ਨੁਕਤੇ ਉਪਰ ਸਹਿਮਤ ਕਰਵਾ ਕੇ ਝਗੜਾ ਨਿਬੇੜ ਦਿੰਦਾ। ਜੇ ਕਿਸੇ ਵਿਅਕਤੀ ਦੇ ਸਿਰ ਕਰਜਾ ਮੋੜਨ ਵਾਲਾ ਹੁੰਦਾ ਤਾਂ ਅਜਿਹਾ ਸਾਲਸ ਕੁਝ ਨਕਦੀ ਦਾ ਪ੍ਰਬੰਧ ਕਰਦਾ ਤਾਂ ਜੋ ਕਰਜੇ ਦਾ ਇਕ ਹਿੱਸਾ ਮੋੜਿਆ ਜਾ ਸਕੇ ਅਤੇ ਬਾਕੀ ਬਚਦੀ ਰਕਮ ਵੀ ਕਿਸ਼ਤਾਂ ਵਿਚ ਵਾਪਸ ਕਰਨ ਦਾ ਕੋਈ ਰਾਹ ਲੱਭ ਕੇ ਦੱਸ ਦਿੰਦਾ। ਫਿਰ ਦੋਵੇਂ ਧਿਰਾਂ ਅਤੇ ਸਾਲਸ ਤਿੰਨੋਂ ਹੀ ਇੱਕਠੇ ਬੈਠ ਕੇ ਖਾਣਾ ਖਾਂਦੇ। ਕੀ ਅੱਜ-ਕੱਲ ਇਸ ਤਰ੍ਹਾਂ ਦੀ ਮੁਫ਼ਤ ਸਲਾਹ ਮੁਲਕ ਅੰਦਰ ਕਿਧਰੇ ਲਭਦੀ ਹੈ?

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਜਿਨ੍ਹਾਂ ਲੋਕਾਂ ਦਾ ਅਸੀਂ ਭਲਾ ਕਰਦੇ ਹਾਂ, ਜਿਨ੍ਹਾਂ ਉਪਰ ਉਪਕਾਰ ਕਰਦੇ ਹਾਂ ਉਹ ਅਹਿਸਾਨ ਨਹੀਂ ਮੰਨਦੇ। ਉਸ ਬਾਰੇ ਅਸੀਂ ਕੀ ਕਰ ਸਕਦੇ ਹਾਂ।

**ਦਾਦਾਸ਼੍ਰੀ** : ਜੇ ਪਰਉਪਕਾਰ ਕਰਨ ਵਾਲਾ ਵਿਅਕਤੀ ਸੋਚਦਾ ਹੈ ਕਿ ਉਪਕਾਰ ਕੀਤੇ ਜਾਣ ਵਾਲਾ ਵਿਅਕਤੀ ਉਸ ਦਾ ਅਹਿਸਾਨ ਮੰਨੇ ਤਾਂ ਉਹ ਅੱਜ-ਕੱਲ ਦੇ ਵਕੀਲ ਦੀ ਤਰ੍ਹਾਂ ਫੀਸ ਹੀ ਮੰਗਦਾ ਹੈ। ਇਸ ਲਈ ਜਿਨ੍ਹਾਂ ਉਪਰ ਤੁਸੀਂ ਉਪਕਾਰ ਕਰਦੇ ਹੋ ਉਨ੍ਹਾਂ ਤੋਂ ਅਹਿਸਾਨ ਦੀ ਆਸ ਨਾ ਰਖੋ। ਕੀ ਦਰਖ਼ਤ ਕਦੇ ਵੇਖਦਾ ਹੈ ਕਿ ਕੀ ਉਸ ਦਾ ਫਲ ਖਾਣ ਵਾਲਾ ਵਿਅਕਤੀ ਚੰਗਾ ਹੈ ਜਾਂ ਬੁਰਾ, ਅਹਿਸਾਨਮੰਦ ਹੈ ਜਾਂ ਅਕਿਰਤਘਣ? ਉਸ ਦਾ ਅੰਬ ਫਲ ਉਥੇ ਲੱਗਾ ਹੈ: ਕੋਈ ਵੀ ਖਾ ਲਵੇ। ਦਰਖ਼ਤ ਪੂਰੀ ਤਰ੍ਹਾਂ ਪਰਉਪਕਾਰ ਵਾਲਾ ਜੀਵਨ ਜਿਉਂਦੇ ਹਨ।

**ਪ੍ਰਸ਼ਨ-ਕਰਤਾ** : ਪਰੰਤੂ ਜੇ ਕੋਈ ਆਪਣੇ ਉਪਰ ਉਪਕਾਰ ਕਰਨ ਵਾਲੇ ਵਿਰੁੱਧ ਹੀ ਉਂਗਲ ਉਠਾਉਣ ਲੱਗ ਜਾਵੇ? ਕੀ ਫਿਰ ਵੀ ਅਜਿਹੇ ਵਿਅਕਤੀਆਂ ਦੀ ਸਹਾਇਤਾ ਕਰਦੇ ਰਹਿਣਾ ਚਾਹੀਦਾ ਹੈ?

**ਦਾਦਾਸ਼੍ਰੀ** : ਹਾਂ, ਇਹ ਗੱਲ ਅਤਿ ਮਹੱਤਵਪੂਰਨ ਹੈ ਅਤੇ ਯਾਦ ਰਖਣ ਵਾਲੀ ਹੈ। ਅਕਿਰਤਘਣ ਪ੍ਰਤੀ ਕੀਤਾ ਗਿਆ ਉਪਕਾਰ ਹੀ ਸਹੀ ਉਪਕਾਰ ਹੈ। ਪਰੰਤੂ ਵਿਅਕਤੀ ਨੂੰ ਅਜਿਹੀ ਡੂੰਘੀ ਸਮਝ ਕਿਥੋਂ ਪ੍ਰਾਪਤ ਹੋ ਸਕਦੀ ਹੈ, ਜੇ ਵਿਅਕਤੀ ਨੂੰ ਇੰਨੀ ਸਮਝ ਆ ਜਾਵੇ ਤਾਂ ਉਹ ਸਚਮੁਚ ਖੁਸ਼ਕਿਸਮਤ ਹੈ।

ਪਰਉਪਕਾਰ ਦੀ ਭਾਵਨਾ ਬਹੁਤ ਉੱਚੀ ਅਵਸਥਾ ਹੈ ਅਤੇ ਮਾਨਵ ਜੀਵਨ ਦਾ ਇਹ ਅੰਤਿਮ ਲਕਸ਼ ਵੀ ਹੈ। ਭਾਰਤ ਵਿਚ ਮਨੁੱਖਾ ਜੀਵਨ ਦਾ ਦੂਸਰਾ ਉਦੇਸ਼ ਆਵਾਗਵਣ ਤੋਂ ਮੁਕਤੀ ਦੀ ਪ੍ਰਾਪਤੀ ਮੰਨਿਆ ਗਿਆ ਹੈ।

ਕੁਦਰਤ ਦਾ ਕਾਨੂੰਨ ਅਜਿਹਾ ਹੈ ਕਿ ਇਹ ਉਨ੍ਹਾਂ ਵਿਅਕਤੀਆਂ ਦਾ ਪੂਰਾ ਧਿਆਨ ਰਖਦਾ ਹੈ ਜਿਹੜੇ ਆਪਣਾ ਫਲ ਦੂਸਰਿਆਂ ਨੂੰ ਵੰਡ ਦਿੰਦੇ ਹਨ। ਇਹੋ ਰਹੱਸ ਵਿਗਿਆਨ ਹੈ। ਪਰਉਪਕਾਰ ਵੀ ਧਰਮ ਹੈ। ਇਸ ਤੋਂ ਬਾਅਦ ਫਿਰ ਆਤਮ-ਧਰਮ ਆਉਂਦਾ ਹੈ ਜਿਹੜਾ ਆਤਮਾ ਦਾ ਧਰਮ ਹੈ।

ਮਨੁੱਖਾ ਜਨਮ ਦਾ ਤੱਤ ਹੈ ਕਿ ਤੁਸੀਂ ਆਪਣਾ ਮਨ, ਬਚਨ ਅਤੇ ਸਰੀਰ ਦੂਸਰਿਆਂ ਦੇ ਭਲੇ ਲਈ ਵਰਤੋਂ।

## 101

## ਵਿਵਹਾਰ-ਵਿਚਾਰ-ਬਚਨ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਨੂੰ ਸਹੀ ਆਚਾਰ-ਵਿਹਾਰ ਬਾਰੇ ਵੀ ਜਾਣੂੰ ਕਰਵਾਉ।

**ਦਾਦਾਸ਼੍ਰੀ** : ਵਿਚਾਰ, ਬਚਨ ਅਤੇ ਕਰਮ ਤਿੰਨਾਂ ਦਾ ਸੁਭਾਅ ਹੀ ਪਰਿਵਰਤਨਸ਼ੀਲ ਹੈ: ਇਹ ਬਦਲਦੇ ਰਹਿੰਦੇ ਹਨ। ਸਾਨੂੰ ਸਿਰਫ਼ ਉਸੇ ਕਿਸਮ ਦੇ ਵਿਚਾਰ ਨੂੰ ਵਾਚਣਾ ਚਾਹੀਦਾ ਹੈ ਜਿਹੜਾ ਸਾਡੇ ਅੰਦਰ ਉਠਦਾ ਹੈ। ਜੋ ਵਿਚਾਰ ਸਾਡੇ ਪਾਸ ਹਨ ਅਸੀਂ ਉਨ੍ਹਾਂ ਲਈ ਜਿੰਮੇਵਾਰ ਨਹੀਂ ਹਾਂ ਕਿਉਂਕਿ ਇਹ ਤਾਂ ਉਨ੍ਹਾਂ ਗੰਢਾਂ - ਪੁਰਾਤਨ ਇਕੱਤਰ ਕੀਤੇ ਕਰਮਾਂ - ਦਾ ਨਤੀਜਾ ਹਨ। ਪਰੰਤੂ ਜੇ ਅਸੀਂ ਹੁਣ ਵੀ ਇਨ੍ਹਾਂ ਵਿਚਾਰਾਂ ਦੀ ਪ੍ਰੋੜਤਾ ਕਰਦੇ ਹਾਂ ਤਾਂ ਅਸੀਂ ਭਵਿੱਖ ਲਈ ਦੇਣਦਾਰੀ ਪੈਦਾ ਕਰ ਰਹੇ ਹੋਵਾਂਗੇ। ਜਦੋਂ ਕੋਈ ਵਿਚਾਰ ਕ੍ਰਿਆਤਮਕ ਰੂਪ ਲੈ ਲੈਂਦਾ ਹੈ ਤਾਂ ਇਹ ਕਰਮ ਬਣ ਜਾਂਦਾ ਹੈ। ਜੋ ਸਾਡੇ ਅੰਦਰ ਪੈਦਾ ਹੁੰਦਾ ਹੈ ਉਹ ਵਿਚਾਰ ਹੈ ਅਤੇ ਜਦੋਂ ਉਸ ਵਿਚਾਰ ਨੂੰ ਆਵਾਜ਼ ਮਿਲ ਜਾਂਦੀ ਹੈ ਤਾਂ ਉਹ ਸ਼ਬਦ/ਬਚਨ ਬਣ ਜਾਂਦਾ ਹੈ। ਕਰਮ, ਵਿਚਾਰ ਅਤੇ ਸ਼ਬਦ ਸੁਭਾਅ ਪੱਖੋਂ ਅਸਥਾਈ ਹਨ। ਵਿਚਾਰ, ਬਚਨ ਅਤੇ ਕਰਮ ਦੇ ਸੁਭਾਅ ਵਿਚ ਗਤੀ ਕੁਦਰਤੀ ਹੈ। ਜੇ ਇਨ੍ਹਾਂ ਤਿੰਨਾਂ ਦਾ ਸਹੀ ਸੰਤੁਲਨ ਬਣਿਆ ਰਹੇ ਤਾਂ ਇਸ ਨੂੰ ਸੰਤੁਲਿਤ ਸੰਚਾਰ ਕਹਿੰਦੇ

ਹਾਂ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਦੁਨਿਆਵੀ ਜੀਵਨ ਅੰਦਰ ਸੰਤੁਲਨ ਕਾਇਮ ਰਖਣਾ ਚਾਹੀਦਾ ਹੈ।

ਸਤਿਯੁਗ ਦੇ ਜਮਾਨੇ ਵਿਚ ਸਿਰਫ਼ ਮਨ ਅੰਦਰਲਾ ਵਿਚਾਰ ਹੀ ਅਪਵਿੱਤਰ ਹੁੰਦਾ ਸੀ: ਬਚਨ ਅਤੇ ਕਰਮ ਕਦੇ ਵੀ ਅਪਵਿੱਤਰ ਨਹੀਂ ਹੁੰਦੇ ਸਨ। ਪਰੰਤੂ ਕਲਿਯੁਗ ਵਿਚ ਇਹ ਤਿੰਨੋਂ ਹੀ ਅਪਵਿੱਤਰ ਹੋ ਜਾਂਦੇ ਹਨ। ਸਰੀਰ ਦਾ ਆਚਾਰ-ਵਿਹਾਰ (ਭਾਵ ਕਰਮ) ਸਾਫ਼ ਅਤੇ ਸ਼ੁੱਧ ਹੋਣਾ ਚਾਹੀਦਾ ਹੈ ਜਦੋਂ ਕਿ ਵਿਚਾਰ ਅਤੇ ਬਚਨ ਤਾਂ ਬਦਲਦੇ ਰਹਿੰਦੇ ਹਨ। ਕਰਮਾਂ ਭਾਵ ਸਮਾਜਿਕ ਕਾਰ-ਵਿਹਾਰ ਦੌਰਾਨ ਗਲਤੀ ਕਰਨ ਵਿਚ ਵੱਡਾ ਖ਼ਤਰਾ ਹੈ।

ਜੇ ਇਹ ਤਿੰਨੋ (ਵਿਚਾਰ, ਬਚਨ ਅਤੇ ਕਰਮ) ਹੀ ਅਪਵਿੱਤਰ ਹੋ ਜਾਂਦੇ ਹਨ ਤਾਂ ਸਾਡੇ ਮੂੰਹ ਵਿਚੋਂ ਨਿਕਲਣ ਵਾਲੇ ਬਚਨ ਪਿਛਾਂਹ-ਖਿਚੂ ਅਤੇ ਵਿਰੋਧਾਤਮਕ ਹੋਣਗੇ। ਸਿਰਫ਼ ਸਾਰਾ ਕੂੜਾ ਹੀ ਬਾਹਰ ਨਿਕਲੇਗਾ।

ਸ਼ੁੱਧ ਆਤਮਾ ਅਮਰ ਅਤੇ ਅਪਰਿਵਰਤਨਸ਼ੀਲ ਹੈ ਜਦੋਂ ਕਿ ਸਾਡਾ ਆਚਾਰ-ਵਿਹਾਰ (ਕਰਮ), ਵਿਚਾਰ ਅਤੇ ਬਚਨ ਪਰਿਵਰਤਨਸ਼ੀਲ ਹਨ। ਇਸ ਲਈ ਇਨ੍ਹਾਂ ਤਿੰਨਾਂ ਨੂੰ ਕਾਬੂ ਵਿਚ ਰਖਣਾ ਜ਼ਰੂਰੀ ਹੋ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਕਈ ਵਾਰ ਹੁੰਦਾ ਹੈ ਕਿ ਵਿਅਕਤੀ ਦੇ ਵਿਚਾਰ ਉਸ ਤਰ੍ਹਾਂ ਦੇ ਨਹੀਂ ਹਨ ਜਿਸ ਤਰ੍ਹਾਂ ਦੇ ਕਿ ਹੋਣੇ ਚਾਹੀਦੇ ਹਨ।

**ਦਾਦਾਸ਼੍ਰੀ** : ਵਿਚਾਰ ਦੇ ਪੈਦਾ ਹੋਣ ਵਿਚ ਸਾਡੇ ਲਈ ਕਿਸੇ ਕਿਸਮ ਦਾ ਨਾ ਕੋਈ ਖ਼ਤਰਾ ਹੈ ਅਤੇ ਨਾ ਹੀ ਕੋਈ ਜ਼ਿੰਮੇਵਾਰੀ ਕਿਉਂਕਿ ਇਹ ਤਾਂ ਵਿਅਕਤੀ ਦੀਆਂ ਪੁਰਾਣੀਆਂ ਕਰਮਾਂ ਦੀਆਂ ਗੰਢਾਂ ਦੇ ਖੁੱਲਣ ਕਾਰਨ ਹੈ। ਜਿਹੜੇ ਵਿਚਾਰ ਸਾਡੇ ਅੰਦਰ ਹੁਣ ਪੈਦਾ ਹੁੰਦੇ ਹਨ ਪਿਛਲੇ ਜਨਮ ਦੌਰਾਨ ਜੀਵ ਨੇ ਇਨ੍ਹਾਂ ਦੀ ਪ੍ਰੋੜਤਾ ਕੀਤੀ ਹੁੰਦੀ ਹੈ। ਇਸ ਲਈ ਅਸੀਂ ਹਾਲ ਦੀ ਘੜੀ ਇਨ੍ਹਾਂ ਲਈ ਜ਼ਿੰਮੇਵਾਰ ਨਹੀਂ ਠਹਿਰਾਏ ਜਾ ਸਕਦੇ। ਪਰੰਤੂ ਜੇਕਰ ਵਿਅਕਤੀ ਹੁਣ ਵੀ ਇਨ੍ਹਾਂ ਵਿਚਾਰਾਂ ਨੂੰ ਸਵੀਕਾਰ ਕਰਦਾ ਅਤੇ ਇਨ੍ਹਾਂ ਦੀ ਪ੍ਰੋੜਤਾ ਕਰਦਾ ਹੈ ਤਾਂ ਫਿਰ ਖ਼ਤਰਾ ਵੀ ਵੱਡਾ ਹੈ ਅਤੇ ਜ਼ਿੰਮੇ ਵਾਰੀ ਵੀ ਵੱਡੀ ਬਣਦੀ ਹੈ। ਸ਼ੁੱਧ ਆਤਮਾ ਦੇ ਤੌਰ 'ਤੇ ਸਾਨੂੰ ਸਿਰਫ਼ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦਾ ਵਿਚਾਰ ਮਨ ਅੰਦਰ ਉਗਮਿਆ ਸੀ।

**ਪ੍ਰਸ਼ਨ-ਕਰਤਾ** : ਸਾਡਾ ਆਚਾਰ-ਵਿਹਾਰ ਬਦ-ਚਲਣ ਜਾਂ ਭ੍ਰਿਸ਼ਟ ਕਿਉਂ ਹੁੰਦਾ ਹੈ?

**ਦਾਦਾਸ਼੍ਰੀ** : ਸਾਡਾ ਆਚਾਰ-ਵਿਹਾਰ ਇਸ ਲਈ ਭ੍ਰਿਸ਼ਟ ਹੋ ਜਾਂਦਾ ਹੈ ਕਿਉਂਕਿ ਸਾਨੂੰ ਬਾਹਰੀ ਜਗਤ ਵਿਚ ਖੁਸ਼ੀ ਪ੍ਰਾਪਤ ਨਹੀਂ ਹੁੰਦੀ। ਜੇ ਵਿਅਕਤੀ ਨੂੰ ਸਦੀਵੀ ਆਂਤਰਿਕ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਦਾ ਬਾਹਰੀ ਵਿਵਹਾਰ ਵੀ ਬੇਹਤਰ ਹੋ ਜਾਵੇਗਾ।

**ਪ੍ਰਸ਼ਨ-ਕਰਤਾ** : ਸੋ ਭ੍ਰਸ਼ਟ ਵਿਵਹਾਰ ਕੀ ਹੈ?

**ਦਾਦਾਸ਼੍ਰੀ** : ਜੇ ਕੋਈ ਵਿਅਕਤੀ ਕਿਸੇ ਦੀ ਜੇਬ ਕੱਟ ਲੈਂਦਾ ਹੈ ਤਾਂ ਉਸ ਦੇ ਦਿਲ ਅੰਦਰ ਇਕ ਡਰ ਬੈਠਾ ਰਹਿੰਦਾ ਹੈ। ਉਹ ਮਹਿਸੂਸ ਕਰਦਾ ਹੈ ਕਿ ਇਹ ਸੰਸਾਰ ਅੰਦਰ ਅਤਿਅੰਤ ਘਟੀਆ ਕਾਰਜ ਹੈ, ਇਹ ਇਕ ਭ੍ਰਸ਼ਟ ਅਤੇ ਅਨੈਤਿਕ ਵਿਵਹਾਰ ਹੈ। ਉਸੇ ਤਰ੍ਹਾਂ, ਗਾਲ ਕੱਢਣੀ, ਥੱਪੜ ਮਾਰਨਾ, ਸ਼ਰਾਬ ਪੀਣਾ, ਜੂਆ ਖੇਡਣਾ - ਇਹ ਸਾਰੀਆਂ ਬੁਰਾਈਆਂ ਭ੍ਰਸ਼ਟਤਾ ਅਤੇ ਅਨੈਤਿਕਤਾ ਦੇ ਘੇਰੇ ਅੰਦਰ ਹੀ ਆਉਂਦੀਆਂ ਹਨ। ਇਸੇ ਕਰਕੇ ਲੋਕ ਇਨ੍ਹਾਂ ਬੁਰਾਈਆਂ ਦੀ ਆਲੋਚਨਾ ਕਰਦੇ ਹਨ। ਇਹ ਵਿਅਕਤੀ ਲਈ ਨੁਕਸਾਨਦੇਹ ਹਨ। ਜੇਕਰ ਤੁਸੀਂ ਖ਼ਤਰਾ ਮੁੱਲ ਲੈਣ ਲਈ ਵੀ ਤਿਆਰ ਹੋਵੋ ਤਾਂ ਵੀ ਅਪਵਿੱਤਰ, ਭ੍ਰਸ਼ਟ ਵਿਵਹਾਰ ਤੁਹਾਡੇ ਲਈ ਲਾਹੇਵੰਦ ਕਿਵੇਂ ਹੋ ਸਕਦਾ ਹੈ?

ਅਸੂਲ ਦੇ ਤੌਰ 'ਤੇ, ਬ੍ਰਹਮਚਰਯ ਦੇ ਮਾਮਲੇ ਵਿਚ ਛੋਟੀ ਜਿੰਨੀ ਵੀ ਗਲਤੀ ਜਾਂ ਖੁੱਲ ਸਹਿਣ ਨਹੀਂ ਕੀਤੀ ਜਾ ਸਕਦੀ। ਦੂਸਰੇ, ਚੋਰੀ ਕਰਨ ਨੂੰ ਪ੍ਰਵਾਨਗੀ ਨਹੀਂ ਦਿੱਤੀ ਜਾ ਸਕਦੀ। ਦੁਨਿਆਵੀ ਆਚਾਰ-ਵਿਹਾਰ ਵਿਚ ਬ੍ਰਹਮਚਰਯ ਨੈਤਿਕ ਨਿਯਮਾਂ ਵਿਚ ਸਭ ਤੋਂ ਉਪਰ ਹੈ। ਇਹ ਦੇਵਤਾਵਾਂ ਦਾ ਵੀ ਪਸੰਦੀਦਾ ਹੈ। ਇਕ ਵਿਅਕਤੀ ਸਿਰਫ਼ ਇਕੋ ਪਤਨੀ ਨਾਲ ਵਿਆਹ ਕਰਵਾਵੇ ਜਾਂ ਉਹ ਚਾਰ ਪਤਨੀਆਂ ਰੱਖੇ ਪਰੰਤੂ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਕਦੇ ਵੀ ਵਿਭਚਾਰ ਨਾ ਕਰੇ। ਜੇਕਰ ਕੋਈ ਵਿਅਕਤੀ ਆਪਣਾ ਦੁਨਿਆਵੀ ਅਚਾਰ-ਵਿਹਾਰ ਅਪਵਿੱਤਰ ਕਰ ਲੈਂਦਾ ਹੈ ਤਾਂ ਪਰਮਾਤਮਾ ਦੀਆਂ ਨਜ਼ਰਾਂ ਵਿਚ ਇਹ ਅਨੈਤਿਕਤਾ ਹੈ। ਇਸ ਲਈ ਇਸ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

ਗਿਆਨ ਦਾ ਪ੍ਰਭਾਵ ਇਹ ਹੁੰਦਾ ਹੈ ਕਿ ਇਹ ਵਿਅਕਤੀ ਦੇ ਸੰਸਾਰਕ ਆਚਾਰ-ਵਿਹਾਰ ਨੂੰ ਭ੍ਰਸ਼ਟ ਜਾਂ ਗੁੰਮਰਾਹ ਨਹੀਂ ਹੋਣ ਦਿੰਦਾ।

**ਪ੍ਰਸ਼ਨ-ਕਰਤਾ** : ਸਵੈ-ਪਹਿਚਾਣ ਪ੍ਰਾਪਤ ਵਿਅਕਤੀ ਨੂੰ ਆਪਣੇ ਆਚਾਰ-ਵਿਹਾਰ ਦਾ ਕਿਵੇਂ ਧਿਆਨ ਰਖਣਾ ਚਾਹੀਦਾ ਹੈ?

**ਦਾਦਾਸ਼੍ਰੀ** : ਇਕ ਗਿਆਨੀ ਪੁਰਸ਼ ਸਾਰੇ ਕਰਮਾਂ, ਵਿਚਾਰਾਂ ਅਤੇ ਸ਼ਬਦਾਂ ਦਾ ਦ੍ਰਸ਼ਟਾ ਵੀ ਹੈ ਅਤੇ ਗਿਆਤਾ ਵੀ। ਜੇ ਅਸੀਂ ਗਿਆਨ ਪ੍ਰਾਪਤ ਕਰ ਲਿਆ ਹੈ ਤਾਂ ਅਸੀਂ ਸਾਰੇ ਦਰਦ-ਭਰਪੂਰ ਹਾਲਾਤਾਂ ਵਿਚੋਂ ਬਾਹਰ ਨਿਕਲ ਸਕਦੇ ਹਾਂ। ਸਾਡੇ ਪਾਸ ਗਿਆਨ-ਰੂਪੀ ਐਮਰਜੈਂਸੀ-ਬਰੇਕ ਹੋਵੇਗਾ: ਅਸੀਂ ਇਹ ਬਰੇਕ ਸਾਰੇ ਮੁਸ਼ਕਲ ਅਤੇ ਕਸ਼ਟਪ੍ਰਦ ਹਾਲਾਤਾਂ ਦੌਰਾਨ ਲਗਾ ਸਕਦੇ ਹਾਂ। ਜੇ ਤੁਹਾਡੇ ਪਾਸ ਗਿਆਨ ਨਹੀਂ ਹੈ ਤਾਂ ਤੁਸੀਂ ਭੰਬੀਰੀਆਂ ਦੀ ਤਰ੍ਹਾਂ ਘੁੰਮਦੇ ਰਹੋਗੇ। ਪਰੰਤੂ ਗਿਆਨ ਹੋਣ ਦੀ ਸੂਰਤ ਵਿਚ ਤੁਹਾਡਾ ਵਿਵਹਾਰ ਅਤੇ ਤੁਹਾਡੇ ਕਰਮ ਨੇਕ ਹੋਣਗੇ ਕਿਉਂਕਿ ਇਸ ਹਾਲਤ ਵਿਚ ਤੁਹਾਡੇ ਮੋਢਿਆਂ ਉਪਰ ਜ਼ਿੰਮੇਵਾਰੀ ਦਾ ਬੋਝ ਹੋਵੇਗਾ। ਸਾਡਾ ਆਚਾਰ-ਵਿਹਾਰ

ਅਤੇ ਸਾਡੇ ਸਾਰੇ ਕੰਮ ਅਜਿਹੇ ਹੋਣੇ ਚਾਹੀਦੇ ਹਨ ਕਿ ਲੋਕ ਸਾਡੀ ਆਲੋਚਨਾ ਨਾ ਕਰ ਸਕਣ। ਬੁਰੇ ਵਿਚਾਰ ਅਤੇ ਗੰਦੀ ਭਾਸ਼ਾ ਤਾਂ ਫਿਰ ਵੀ ਸਹਿਣ ਕੀਤੇ ਜਾ ਸਕਦੇ ਹਨ ਪਰੰਤੂ ਬੁਰੇ ਕਾਰਜ ਨਹੀਂ।

**ਪ੍ਰਸ਼ਨ-ਕਰਤਾ** : ਜੇ ਕੋਈ ਵਿਅਕਤੀ ਅਨੈਤਿਕ ਗਤੀਵਿਧੀਆਂ ਕਰਦਾ ਹੈ ਅਤੇ ਇਸ ਲਈ ਬਹਾਨਾ ਇਹ ਲਾਉਂਦਾ ਹੈ ਕਿ ਉਹ ਤਾਂ ਇਸ ਭੱਦੇ ਵਿਵਹਾਰ ਦਾ ਸਿਰਫ਼ ਗਿਆਤਾ ਅਤੇ ਦ੍ਰਸ਼ਟਾ ਹੀ ਹੈ ਤਾਂ ਕੀ ਕੀਤਾ ਜਾਵੇ?

**ਦਾਦਾਸ਼੍ਰੀ** : ਅਸੀਂ ਵਿਚਾਰ ਅਤੇ ਬੋਲ (ਸ਼ਬਦ) ਦੇ ਗਿਆਤਾ ਅਤੇ ਦ੍ਰਸ਼ਟਾ ਹਾਂ ਅਤੇ ਇਹ ਤਾਂ ਉਨ੍ਹਾਂ ਦ੍ਰਿਸ਼ਾਂ ਦੀ ਤਰ੍ਹਾਂ ਹਨ ਜਿਹੜੇ ਅਸੀਂ ਕਿਸੇ ਫ਼ਿਲਮ ਵਿਚ ਦੇਖਦੇ ਹਾਂ। ਪਰੰਤੂ ਭੱਦਾ ਅਤੇ ਗੰਦਾ ਵਿਵਹਾਰ ਕਿਵੇਂ ਵੀ ਸਹਿਣ ਨਹੀਂ ਕੀਤਾ ਜਾ ਸਕਦਾ। ਅਸੀਂ ਇਹ ਨਹੀਂ ਕਹਿ ਸਕਦੇ ਕਿ ਅਸੀਂ ਤਾਂ ਬੁਰੇ ਆਚਾਰ-ਵਿਹਾਰ ਦੇ ਸਿਰਫ਼ ਗਿਆਤਾ ਅਤੇ ਦ੍ਰਸ਼ਟਾ ਹਾਂ ਕਿਉਂਕਿ ਫਿਰ ਤਾਂ ਇਹ ਭੱਦਾ ਅਤੇ ਬੁਰਾ ਵਿਵਹਾਰ ਸਾਡੇ ਉਪਰ ਹਾਵੀ ਹੋ ਜਾਵੇਗਾ। ਇਹ ਤੁਹਾਡੇ ਗਿਆਨ ਦੇ ਵੀ ਉੱਪਰ ਦੀ ਹੋ ਜਾਵੇਗਾ ਅਤੇ ਤੁਹਾਨੂੰ ਇਹ ਪਤਾ ਵੀ ਨਹੀਂ ਚੱਲੇਗਾ ਕਿ ਇਹ ਕਦੋਂ ਹੋ ਗਿਆ। ਅਸੀਂ ਇਹ ਜਾਨਣ ਲਈ ਕਿ ਇਹ ਵਸਤੂ ਜਹਿਰ ਹੈ ਅਸੀਂ ਜਹਿਰ ਦਾ ਸੁਆਦ ਤਾਂ ਚੱਖ ਨੇ ਨਹੀਂ ਵੇਖਾਂਗੇ। ਜੇ ਤੁਹਾਡੇ ਕਰਮਾਂ ਅਤੇ ਵਿਵਹਾਰ ਨੂੰ ਹਮੇਸ਼ਾ ਦੀ ਖ਼ਾਤਰ ਬਦਲਣ ਦੇ ਲਈ ਤੁਹਾਨੂੰ ਆਪਣੀ ਹਉਮੈਂ ਦੀ ਵਰਤੋਂ ਵੀ ਕਰਨੀ ਪੈਂਦੀ ਹੈ ਤਾਂ ਉਸ ਨੂੰ ਵਰਤੋਂ ਕਿਉਂਕਿ ਸਾਡਾ ਆਚਾਰ-ਵਿਹਾਰ ਸ਼ੁੱਧ ਹੋਣਾ ਚਾਹੀਦਾ ਹੈ। ਸਾਨੂੰ ਇਹ ਫੈਸਲਾ ਕਰਨਾ ਪੈਣਾ ਹੈ ਕਿ ਸਾਡਾ ਆਚਾਰ-ਵਿਹਾਰ ਸ਼ੁੱਧ ਹੋਵੇ, ਨਹੀਂ ਤਾਂ ਇਸ ਸੰਸਾਰ ਅੰਦਰ ਬੁਰੇ ਆਚਾਰ-ਵਿਹਾਰ ਵਾਲੇ ਲੋਕਾਂ ਦੀ ਗਿਣਤੀ ਵਧ ਜਾਵੇਗੀ। ਬੁਰਾ ਵਿਹਾਰ ਬਹੁਤ ਖ਼ਤਰਨਾਕ ਹੈ ਜਦੋਂ ਕਿ ਸ਼ੁੱਧ ਆਚਾਰ-ਵਿਹਾਰ ਤੁਹਾਨੂੰ ਮੁਕਤੀ ਦੇ ਦਰ ਲੈ ਜਾਂਦਾ ਹੈ।

ਜੇਕਰ ਤੁਹਾਡਾ ਆਚਾਰ-ਵਿਹਾਰ ਭ੍ਰਸ਼ਟ ਹੋ ਗਿਆ ਤਾਂ ਇਸ ਵਿਚ ਵੱਡਾ ਖ਼ਤਰਾ ਹੈ ਕਿਉਂਕਿ ਫਿਰ ਤਾਂ ਦੇਵਤੇ ਨੂੰ ਤੁਹਾਨੂੰ ਦੁਖ-ਤਕਲੀਫਾਂ ਦੇ ਸਰਾਪ ਹੀ ਦੇਣਗੇ। ਚੰਗਾ ਵਿਹਾਰ ਅਤੇ ਨੇਕ ਕਰਮ ਸਭ ਦੇਵੀਆਂ ਅਤੇ ਦੇਵਤਾਵਾਂ ਨੂੰ ਖੁਸ਼ ਰਖਦੇ ਹਨ। ਇਹ ਦੇਵ ਸਾਨੂੰ ਮੁਕਤੀ ਦੇ ਰਾਹ ਚੱਲਣ ਵਿਚ ਸਹਾਈ ਹੁੰਦੇ ਹਨ।

ਅਸੀਂ ਸਵੈ-ਪਹਿਚਾਣ ਕਰ ਲਈ ਹੈ। ਇਸ ਲਈ ਅਸੀਂ ਹਉਮੈਂ ਨੂੰ ਵਰਤ ਕੇ ਵੀ ਅਸੀਂ ਬੁਰੇ ਕਰਮਾਂ ਅਤੇ ਵਿਵਹਾਰ ਤੋਂ ਦੂਰ ਰਹਿ ਸਕਦੇ ਹਾਂ।

ਜੇ ਤੁਸੀਂ ਮੁਕਤੀ-ਪ੍ਰਾਪਤੀ ਦੇ ਚਾਹਵਾਨ ਹੋ ਤਾਂ ਤੁਹਾਨੂੰ ਤੁਹਾਡੇ ਰਸਤੇ ਵਿਚ ਰੁਕਾਵਟ ਬਣ ਰਹੇ ਅਜਿਹੇ ਨੁਕਸਾਨਦੇਹ ਮਾਮਲਿਆਂ ਤੋਂ ਬਚ ਕੇ ਰਹਿਣਾ ਹੋਵੇਗਾ ਜਾਂ ਇਨ੍ਹਾਂ ਨੂੰ ਪੂਰੀ ਤਰ੍ਹਾਂ ਤਜ ਦੇਣਾ ਹੋਵੇਗਾ।

## 102

# ਉਦਵੇਗ : ਚਿੰਤਾ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਵੇਗ ਬਾਰੇ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਜਦੋਂ ਚੇਤਨਾ ਦੀ ਗਤੀਮਾਤਰਾ ਦਾ ਵਹਾਅ ਸੰਤੁਲਿਤ ਹੁੰਦਾ ਹੈ ਤਾਂ ਅਸੀਂ ਉਸ ਲਈ 'ਵੇਗ' ਸ਼ਬਦ ਦੀ ਵਰਤੋਂ ਕਰਦੇ ਹਾਂ। 'ਵੇਗ' ਦਾ ਤੀਬਰ ਅਤੇ ਪ੍ਰਬਲ ਪੱਧਰ ਜਿਹੜਾ ਮਨ ਨੂੰ ਚੜ੍ਹ ਜਾਂਦਾ ਹੈ 'ਉਦਵੇਗ' ਕਹਾਉਂਦਾ ਹੈ। ਜਦੋਂ ਮਾਨਵੀ ਚੇਤਨਾ ਸੰਤੁਲਿਤ ਵਹਾਅ ਵਿਚ ਹੈ ਤਾਂ ਸਭ ਕੁਝ ਨਾਰਮਲ ਅਤੇ ਸ਼ਾਂਤੀਪੂਰਨ ਰਹਿੰਦਾ ਹੈ ਪਰੰਤੂ ਜਦੋਂ ਇਹ ਵਹਾਅ (ਵੇਗ) ਤੀਬਰ ਅਤੇ ਪ੍ਰਬਲ ਹੋ ਜਾਂਦਾ ਹੈ ਤਾਂ ਵਿਅਕਤੀ ਬੇਚੈਨ ਘਬਰਾਹਟ ਵਿਚ ਮਹਿਸੂਸ ਕਰਦਾ ਹੈ। ਇਹ ਪੱਕੀ ਨਿਸ਼ਾਨੀ ਹੈ ਕਿ ਕੁਝ ਬੁਰਾ ਵਾਪਰਨ ਵਾਲਾ ਹੈ।

**ਦਾਦਾਸ਼੍ਰੀ** : ਕੀ ਇਕ ਚੱਲ ਰਹੀ ਰੇਲ-ਗੱਡੀ 'ਵੇਗ' ਵਿਚ ਹੁੰਦੀ ਹੈ ਜਾਂ 'ਉਦਵੇਗ' ਵਿਚ?

**ਪ੍ਰਸ਼ਨ-ਕਰਤਾ** : ਮੇਰੀ ਸਮਝ ਅਨੁਸਾਰ ਤਾਂ ਇਹ 'ਵੇਗ' ਵਿਚ ਹੋਣੀ ਚਾਹੀਦੀ ਹੈ।

**ਦਾਦਾਸ਼੍ਰੀ** : ਪਰੰਤੂ ਮੰਨ ਲਉ ਜੇ ਇਹ 'ਵੇਗ' ਦੀ ਬਜਾਇ 'ਉਦਵੇਗ' ਵਿਚ ਹੋਵੇ?

**ਪ੍ਰਸ਼ਨ-ਕਰਤਾ** : ਫਿਰ ਯਕੀਨਨ ਹੀ ਦੁਰਘਟਨਾ ਵਾਪਰ ਜਾਵੇਗੀ ਜਿਸ ਵਿਚ ਸੈਂਕੜੇ ਜਾਨਾਂ ਜਾਣ ਦਾ ਖ਼ਤਰਾ ਖੜਾ ਹੋ ਜਾਵੇਗਾ।

**ਦਾਦਾਸ਼੍ਰੀ** : ਇਸੇ ਤਰ੍ਹਾਂ ਜਦੋਂ ਤੱਕ ਮਨੁੱਖਾ ਸਰੀਰ ਸੰਤੁਲਿਤ ਵਹਾਅ (ਵੇਗ) ਵਿਚ ਹੈ ਉਨੀ ਦੇਰ ਕੋਈ ਦੁਰਘਟਨਾ ਨਹੀਂ ਹੁੰਦੀ ਅਤੇ ਨਾ ਹੀ ਕਿਸੇ ਅੰਦਰੂਨੀ ਜੀਵਨ ਦਾ ਖਾਤਮਾ। ਪਰੰਤੂ ਜਦੋਂ ਵਿਅਕਤੀ ਉਦਵੇਗ ਵਿਚ ਆ ਜਾਂਦਾ ਹੈ ਤਾਂ ਉਸ ਦੇ ਸਰੀਰ ਅੰਦਰ ਰਹਿ ਰਹੇ ਅਣਗਿਣਤ ਜੀਵਾਣੂੰਆਂ ਦਾ ਨਾਸ਼ ਹੋ ਜਾਂਦਾ ਹੈ।

ਗੁੱਸਾ, ਘਮੰਡ, ਧੋਖਾ, ਮੋਹ ਅਤੇ ਲਾਲਚ ਵਿਅਕਤੀ ਨੂੰ ਉਦਵੇਗ ਦਾ ਸ਼ਿਕਾਰ ਬਣਾ ਦਿੰਦੇ ਹਨ। ਨਤੀਜੇ ਵਜੋਂ ਉਸ ਦੇ ਅੰਦਰਲੇ ਅਣਗਿਣਤ ਕੀਟਾਣੂੰ ਅਤੇ ਹੋਰ ਸੂਖਮ ਜੀਵ-ਅੰਸ਼ ਹਿੰਸਾ ਅਤੇ ਮੌਤ ਹੇਠ ਆ ਜਾਂਦੇ ਹਨ। ਦਿਲਚਸਪ ਗੱਲ ਇਹ ਕਿ ਇਸ ਹਿੰਸਾ ਅਤੇ ਮੌਤ ਦਾ ਬੁਰਾ ਪ੍ਰਭਾਵ ਵਿਅਕਤੀ ਨੂੰ ਆਪ ਹੀ ਸਹਿਣਾ ਪੈਂਦਾ ਹੈ। ਇਸੇ ਕਰਕੇ ਗਿਆਨੀ ਪੁਰਸ਼ ਨੇ ਕਿਹਾ ਹੈ: 'ਮੇਰੇ ਪਿਆਰੇ ਵੀਰ! ਹਮੇਸ਼ਾ ਵੇਗ ਵਿਚ ਰਹੋ; ਕਦੇ ਵੀ ਮਨੋਵੇਗ ਵਿਚ ਨਾ ਆਉ।'

**ਪ੍ਰਸ਼ਨ-ਕਰਤਾ** : ਜਦੋਂ ਵਿਅਕਤੀ ਤੀਬਰ ਮਨੋਵੇਗ ਵਿਚ ਹੁੰਦਾ ਹੈ ਤਾਂ ਕੀ ਹੁੰਦਾ ਹੈ?

**ਦਾਦਾਸ਼੍ਰੀ** : ਇਨ੍ਹਾਂ ਵਿਚੋਂ ਇਕ ਤਾਂ ਬਹੁਤ ਹੀ ਪ੍ਰਬਲ ਅਤੇ ਤੀਬਰ ਭਾਵੁਕ ਅਵਸਥਾ ਹੈ ਜਦੋਂ

ਅੰਦਰ ਬਹੁਤ ਸਾਰੀਆਂ 'ਗੰਢਾਂ' ਇਕੋ ਸਮੇਂ ਖੁੱਲ ਜਾਂਦੀਆਂ ਹਨ। ਉਹ ਇਕੋ ਸਮੇਂ ਇਕ ਦਮ ਖੁੱਲ ਜਾਂਦੀਆਂ ਹਨ ਅਤੇ ਨਤੀਜੇ ਵਜੋਂ ਮਨੁੱਖ ਦੇ ਚਿੱਤ ਨੂੰ ਪੂਰੀ ਤਰ੍ਹਾਂ ਆਪਣੇ ਨਾਲ ਲਗਾ ਲੈਂਦੀਆਂ ਹਨ। ਅਣਗਿਣਤ ਪਰਮਾਣੂ ਫਟ ਜਾਂਦੇ ਹਨ, ਇਧਰ ਉਧਰ ਖਿੰਡ ਜਾਂਦੇ ਹਨ ਅਤੇ ਸ਼ੁੱਧ ਆਤਮਾ ਵਿਚਕਾਰ ਇਕ ਦੀਵਾਰ ਖੜੀ ਕਰ ਦਿੰਦੇ ਹਨ।

ਜਿਵੇਂ ਬੱਦਲ ਸੂਰਜ ਨੂੰ ਢੱਕ ਲੈਂਦੇ ਹਨ ਅਤੇ ਇੰਝ ਸੂਰਜ ਸਾਡੀਆਂ ਨਜ਼ਰਾਂ ਤੋਂ ਓਹਲੇ ਹੋ ਜਾਂਦਾ ਹੈ, ਉਸੇ ਤਰ੍ਹਾਂ ਉਦਵੇਗ ਦੀ ਅਵਸਥਾ ਸਾਡੀ ਆਤਮਾ ਨੂੰ ਢੱਕ ਲੈਂਦੀ ਹੈ ਅਤੇ ਉਸ ਦੀ ਚਮਕ ਸਾਨੂੰ ਦਿਖਾਈ ਨਹੀਂ ਦਿੰਦੀ। ਉਦਵੇਗ ਮਨ ਅਤੇ ਸਰੀਰ ਦੀ ਸ਼ਾਂਤੀ ਅਤੇ ਸਹਿਜ ਨੂੰ ਭੰਗ ਕਰ ਦਿੰਦਾ ਹੈ। ਵਿਅਕਤੀ ਇਉਂ ਮਹਿਸੂਸ ਕਰਦਾ ਹੈ ਜਿਵੇਂ ਉਸ ਨੂੰ ਬਰਛੇ ਦੀ ਚੋਭ ਮਾਰੀ ਜਾ ਰਹੀ ਹੋਵੇ।

ਉਦਵੇਗ ਤੋਂ ਪੈਦਾ ਹੋਈ ਬੇਚੈਨੀ ਸਭ ਤੋਂ ਮੋਟਾ ਪਰਦਾ ਹੈ। ਇਕ ਵਾਰ ਇਸ ਪੜਦੇ ਨੂੰ ਹਟਾ ਦਿਤਾ ਜਾਵੇ ਤਾਂ ਰਸਤਾ ਸਾਫ਼ ਅਤੇ ਸਪਸ਼ਟ ਦਿਸ ਆਉਂਦਾ ਹੈ। ਜੇ ਤੁਸੀਂ ਇਕ ਵਾਰ ਇਕ ਤਕੜੇ ਉਦਵੇਗ ਦੇ ਵਹਾਅ ਨੂੰ ਕਾਬੂ ਕਰ ਲੈਂਦੇ ਹੋ ਤਾਂ ਫਿਰ ਛੋਟੇ-ਛੋਟੇ ਵਹਾਅ ਤੁਹਾਡੇ ਰਸਤੇ ਦੀ ਰੁਕਾਵਟ ਨਹੀਂ ਬਣ ਸਕਦੇ।

**ਪ੍ਰਸ਼ਨ-ਕਰਤਾ** : ਕਰਮਾਂ ਵਿਚ ਉਦਵੇਗ ਦਾ ਕੀ ਰੋਲ ਹੈ?

**ਦਾਦਾਸ਼੍ਰੀ** : ਜਦੋਂ ਵਿਅਕਤੀ ਪ੍ਰਚੰਡ ਉਦਵੇਗ ਦੀ ਅਵਸਥਾ ਵਿਚੋਂ ਗੁਜ਼ਰ ਰਿਹਾ ਹੁੰਦਾ ਹੈ ਤਾਂ ਉਸ ਸਮੇਂ ਉਹ ਕਰਮਾਂ ਦੇ ਬੀਜ ਬੋ ਰਿਹਾ ਹੁੰਦਾ ਹੈ। ਇਹ ਕਰਮ ਉਸ ਵਿਅਕਤੀ ਨੂੰ ਅਗਲੇ ਜਨਮ ਵਿਚ ਕਿਸੇ ਨੀਵੀਂ ਜੂਨ ਵੱਲ ਧੱਕ ਦਿੰਦੇ ਹਨ। ਵਿਅਕਤੀ ਦੁਆਰਾ ਬੀਜੇ ਗਏ ਅਜਿਹੇ ਕਰਮ ਉਸ ਦੇ ਅੰਦਰ 'ਗੰਢਾਂ' ਬਣ ਜਾਂਦੇ ਹਨ। ਜਦੋਂ ਵੀ ਵਿਅਕਤੀ ਉਦਵੇਗ ਵਿਚ ਹੁੰਦਾ ਹੈ ਇਹ ਸਾਰੀਆਂ ਗੰਢਾਂ ਇਕ-ਦਮ ਪੂਰੇ ਜੋਰ ਨਾਲ ਫਟਦੀਆਂ ਹਨ।

ਜਿੱਦੀ ਵਿਅਕਤੀਆਂ ਅੰਦਰ ਇਹ ਗੰਢਾਂ ਵਧੇਰੇ ਪੀਡੀਆਂ ਹੁੰਦੀਆਂ ਹਨ। ਇਹ ਵਿਵਸਥਿਤਾ ਦੇ ਨਿਯਮਾਂ ਅਨੁਸਾਰ ਫਟਦੀਆਂ ਹਨ। ਅਜਿਹੇ ਲੋਕ ਜੋ ਵੀ ਕਰਦੇ ਹਨ ਉਸੇ ਉਪਰ ਬਜਿੱਦ ਰਹਿਣ ਦਾ ਯਤਨ ਕਰਦੇ ਹਨ। ਉਹ ਗੁੱਸੇ ਵਿਚ ਦੌੜਨਗੇ, ਕੱਪ-ਪਲੇਟਾਂ ਇਧਰ-ਉਧਰ ਵਗਾਹ ਮਾਰਨਗੇ ਅਤੇ ਇਥੋਂ ਤਕ ਕਿ ਚਾਹ ਪੀਣ ਵਾਲਾ ਮੇਜ ਵੀ ਮੂਧਾ ਉਲਟਾ ਦੇਣਗੇ। ਉਹ ਬਹੁਤ ਜ਼ਿਆਦਾ ਹਫੜਾ-ਤਫੜੀ ਅਤੇ ਹਲਚਲ ਮਚਾ ਦਿੰਦੇ ਹਨ। ਇਸ ਦੇ ਉਲਟ ਜਿਹੜੇ ਵਿਅਕਤੀ ਜਿੱਦੀ ਸੁਭਾਅ ਦੇ ਨਹੀਂ ਹੁੰਦੇ ਉਨ੍ਹਾਂ ਅੰਦਰ ਗੰਢਾਂ ਵੀ ਪੀਡੀਆਂ ਨਹੀਂ ਹੁੰਦੀਆਂ।

**ਪ੍ਰਸ਼ਨ-ਕਰਤਾ** : ਤੀਬਰ ਉਦਵੇਗ ਤੋਂ ਬਚਣ ਲਈ ਸਾਨੂੰ ਕਿਹੜੀਆਂ ਗੱਲਾਂ ਪ੍ਰਤੀ ਸਾਵਧਾਨ ਰਹਿਣਾ ਚਾਹੀਦਾ ਹੈ?

**ਦਾਦਾਸ਼੍ਰੀ** : ਉਦਵੇਗ ਕਾਰਨ ਪੈਦਾ ਹੋਇਆ ਕ੍ਰੋਧ ਪਰੇਸ਼ਾਨੀ ਵਿਚ ਪਾ ਦਿੰਦਾ ਹੈ। ਅਜਿਹੇ ਤੀਬਰ ਉਦਵੇਗ ਦੀ ਅਵਸਥਾ ਵਿਚ ਵਿਅਕਤੀ ਨੂੰ ਆਪਣਾ ਹਰ ਕਾਰਜ ਕੁਝ ਸਮਾਂ ਪਿੱਛੇ ਪਾ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਦਾ ਪ੍ਰਚੰਡ ਉਦਵੇਗ ਵਿਅਕਤੀ ਦੁਆਰਾ ਮੁਕੰਮਲ ਕੀਤੇ ਜਾਣ ਵਾਲੇ ਕਾਰਜ ਨੂੰ ਵਿਕ੍ਰਿਤ ਅਤੇ ਦੂਸ਼ਿਤ ਕਰ ਦਿੰਦਾ ਹੈ। ਸਿਰਫ਼ ਵੇਗ ਦੀ ਅਵਸਥਾ ਵਿਚ ਹੀ ਵਿਅਕਤੀ ਸੰਤੁਲਿਤ ਢੰਗ ਨਾਲ ਵਿਵਹਾਰ ਕਰਦਾ ਹੈ।

ਕ੍ਰੋਧ ਦਾ ਅਰਥ ਹੈ ਭਾਵਨਾਵਾਂ ਦਾ ਤੀਬਰਤਾ ਨਾਲ ਵਹਾਅ, ਵੇਗ ਦਾ ਉੱਚਾ ਚੜਨਾ। ਭਾਵਨਾਵਾਂ ਨਾਲ ਨਜਿੱਠਣ ਦਾ ਸਹੀ ਤਰੀਕਾ ਤੁਹਾਨੂੰ ਆਤਮਕ ਪੱਖੋਂ ਉਚੇਰੀ ਉਡਾਣ ਦੇ ਸਮਰਥ ਬਣਾ ਦਿੰਦਾ ਹੈ। ਪਰੰਤੂ ਭਾਵਨਾਵਾਂ ਪ੍ਰਤੀ ਗਲਤ ਪ੍ਰਤੀਕ੍ਰਿਆ ਵਿਅਕਤੀ ਨੂੰ ਆਤਮਕ ਪੱਖ ਤੋਂ ਬਹੁਤ ਡੂੰਘਾ ਸੁੱਟ ਦਿੰਦੀ ਹੈ। ਸੰਤੁਲਿਤ ਵੇਗ ਵਿਅਕਤੀ ਨੂੰ ਸਾਵਧਾਨ ਰੱਖਣ ਵਿਚ ਸਹਾਇਕ ਹੁੰਦਾ ਹੈ, ਖ਼ਾਸ ਤੌਰ 'ਤੇ ਸਵੈ-ਪਹਿਚਾਣ ਬਾਰੇ ਗਿਆਨ ਪ੍ਰਾਪਤੀ ਹਿਤ। ਬੱਸ ਇਕੋ ਸ਼ਰਤ ਹੈ ਕਿ ਵਿਅਕਤੀ ਸਪਸ਼ਟਵਾਦੀ ਰਹੇ ਪਰ ਜ਼ਿੱਦੀ ਸੁਭਾਅ ਛੱਡ ਦੇਵੇ।

**ਪ੍ਰਸ਼ਨ-ਕਰਤਾ** : ਤੀਬਰ ਅਤੇ ਪ੍ਰਚੰਡ ਉਦਵੇਗ ਕਿਵੇਂ ਪੈਦਾ ਹੁੰਦੇ ਹਨ?

**ਦਾਦਾਸ਼੍ਰੀ** : ਉਦਵੇਗ ਕਦੇ ਬਿਨਾਂ ਕਾਰਨ ਨਹੀਂ ਪੈਦਾ ਹੁੰਦੇ। ਇਹ ਤੁਹਾਡੇ ਪਿਛਲੇ ਜਨਮਾਂ ਦੇ ਕਰਮਾਂ ਦੇ ਹਿਸਾਬ ਵਜੋਂ ਵੀ ਵਾਪਰਦੇ ਹਨ। ਤੁਸੀਂ ਖ਼ੁਦ ਮਹਿਸੂਸ ਕਰ ਸਕਦੇ ਹੋ ਕਿ ਇਹ ਕਿਉਂ ਵਾਪਰਦੇ ਹਨ। ਜੋ ਤੁਹਾਡੇ ਨਾਲ ਸੰਬੰਧਤ ਹੈ ਉਹੀ ਹੋਵੇਗਾ। ਬਿਨਾਂ ਕਾਰਨ ਕਦੇ ਕੁਝ ਨਹੀਂ ਵਾਪਰਦਾ।

ਉਦਵੇਗ ਇਕ ਘਟਨਾ ਨਹੀਂ, ਬਲਕਿ ਦੁਰਘਟਨਾ ਹੈ। ਇਕ ਘਟਨਾ ਦੇ ਕਈ ਕਾਰਨ ਹੁੰਦੇ ਹਨ ਅਤੇ ਇਕ ਦੁਰਘਟਨਾ ਦੇ ਬਹੁਤ ਸਾਰੇ ਕਾਰਨ ਹੁੰਦੇ ਹਨ।

ਸਰੀਰ ਪ੍ਰਤੀ ਮੋਹ ਵੀ ਉਦਵੇਗ ਦੇ ਪੈਦਾ ਹੋਣ ਦਾ ਕਾਰਨ ਬਣਦਾ ਹੈ। ਸਰੀਰਕ ਦਿੱਖ ਨੂੰ ਨਿਹਾਰਨਾ, ਸ਼ਿੰਗਾਰਨਾ ਠੀਕ ਹੋ ਸਕਦਾ ਹੈ ਜੇ ਇਹ ਸਰੀਰ ਨਾਸਵਾਨ ਨਾ ਹੋਵੇ ਪਰੰਤੂ ਇਸ ਅੰਦਰੋਂ ਤਾਂ ਬਹੁਤ ਪੀਕ ਨਿਕਲਦੀ ਹੈ। ਫਿਰ ਵੀ ਲੋਕ ਸਰੀਰ ਨਾਲ ਇੰਨਾ ਮੋਹ ਕਿਉਂ ਕਰਦੇ ਹਨ?

ਤੁਸੀਂ ਆਪਣੇ ਸਰੀਰ ਨਾਲ ਮੋਹ ਉਸ ਹੱਦ ਤਕ ਹੀ ਰਖੋ ਕਿ ਤੁਸੀਂ ਗਿਆਨੀ ਪੁਰਸ਼ ਦੇ ਸੰਪਰਕ ਵਿਚ ਆ ਸਕੋ ਅਤੇ ਜੀਵਨ ਦੇ ਰਹੱਸ ਨੂੰ ਜਾਣ ਸਕੋ। ਇਹ ਸਰੀਰ ਪ੍ਰਤੀ ਮੋਹ ਹੀ ਹੈ ਜਿਹੜਾ ਇੰਨਾ ਜ਼ਿਆਦਾ ਉਦਵੇਗ ਪੈਦਾ ਕਰਦਾ ਹੈ। ਸਰੀਰ ਨੂੰ ਜਿੰਨਾ ਮਰਜੀ ਮੋਹ ਕਰੋ, ਤੁਹਾਡੇ ਸਾਰੇ ਮੋਹ ਦੇ ਬਾਵਜੂਦ ਇਹ ਇਕ ਦਿਨ ਸੁਆਹ ਦੀ ਢੇਰੀ ਵਿਚ ਬਦਲ ਜਾਵੇਗਾ।

ਸਰੀਰ ਦਾ ਘਟਣਾ ਰੁਕੇਗਾ ਨਹੀਂ ਭਾਵੇਂ ਤੁਸੀਂ ਇਸ ਨਾਲ ਕਿੰਨਾ ਹੀ ਮੋਹ ਕਰੋ, ਇਸ ਨੂੰ ਕਿੰਨਾ ਵੀ ਸੰਵਾਰੋ। ਪਰਮਾਤਮਾ ਦਾ ਆਦੇਸ਼ ਹੈ: "ਇਹ ਸਰੀਰਕ ਢਾਂਚਾ ਇਕ ਕਪਟੀ ਬੁਲਬੁਲਾ ਹੈ; ਇਹ ਇਕ ਦਿਨ ਮਿੱਟੀ ਵਿਚ ਰਲ ਜਾਵੇਗਾ।"

ਇਹ ਸਰੀਰ ਹੀ ਹੈ ਜਿਹੜਾ ਵਿਅਕਤੀ ਅੰਦਰ ਪਸੰਦ ਅਤੇ ਨਾ-ਪਸੰਦ ਦੀਆਂ ਭਾਵਨਾਵਾਂ ਨੂੰ ਪੱਠੇ ਪਾਉਂਦਾ ਹੈ। ਇਹ ਕਾਰਨ ਹੈ ਕਿ ਪਰਮਾਤਮਾ ਦਾ ਆਦੇਸ਼ ਹੈ: "ਤੁਸੀਂ ਆਪਣੇ ਸਰੀਰ ਲਈ ਬਹੁਤ ਜੀਵਨ ਗੰਵਾ ਲਏ ਹਨ; ਹੁਣ ਇਸ ਜੀਵਨ ਦੌਰਾਨ ਸਰੀਰ ਨੂੰ ਸਵੈ ਦੀ ਪਹਿਚਾਣ ਅਤੇ ਪ੍ਰਾਪਤੀ ਹਿਤ ਅਰਪਣ ਕਰ ਦਿਉ।"

ਇਸ ਸੰਸਾਰ ਵਿਚ ਸਿਰਫ਼ ਇਕੋ ਚੀਜ ਹੈ ਜਿਸ ਨਾਲ ਵਿਅਕਤੀ ਨੂੰ ਪ੍ਰੇਮ ਹੋਣਾ ਚਾਹੀਦਾ ਹੈ ਅਤੇ ਉਹ ਹੈ ਗਿਆਨੀ ਪੁਰਸ਼ ਨਾਲ ਪਿਆਰ। ਬਾਕੀ ਹਰ ਚੀਜ ਸਿਰਫ਼ ਦੁੱਖ-ਦਰਦ ਹੀ ਲਿਆਉਂਦੀ ਹੈ।

ਉਦਵੇਗ ਉਦੋਂ ਪੈਦਾ ਹੁੰਦਾ ਹੈ ਜਦੋਂ ਵਿਅਕਤੀ ਮੰਤਰ-ਮੁਗਧ ਹੋਇਆ ਹੁੰਦਾ ਹੈ। ਜੀਵਨ ਨੂੰ ਮਾਨਣ ਵਿਚ ਕੋਈ ਹਰਜ ਨਹੀਂ ਪਰੰਤੂ ਜਦੋਂ ਮੁਕਤੀ ਦੀ ਰੇਲ ਆ ਜਾਵੇ ਤਾਂ ਉਸ ਸਮੇਂ ਬਾਕੀ ਸਭ ਸਾਮਾਨ ਸੁੱਟ ਕੇ ਛਾਲ ਮਾਰ ਕੇ ਰੇਲ ਅੰਦਰ ਚੜ ਜਾਉ। ਇਸ ਦੇ ਉਲਟ, ਲੋਕ ਇਕੋ ਸਟੇਸ਼ਨ ਉਪਰ ਫਸੇ ਰਹਿੰਦੇ ਹਨ ਕਿਉਂਕਿ ਕਿਸੇ ਵਸਤੂ ਜਾਂ ਵਿਅਕਤੀ ਦੁਆਰਾ ਅੰਤਰ-ਮੁਗਧ ਹੁੰਦੇ ਹਨ। ਇਸ ਕਰਕੇ ਉਨ੍ਹਾਂ ਦੀ ਰੇਲ ਲੰਘ ਜਾਂਦੀ ਹੈ।

ਉਦਵੇਗ ਤੁਹਾਨੂੰ ਵਿਵੇਕਹੀਣਤਾ ਨਾਲ ਸੰਸਾਰ ਦੀ ਚਮਕ-ਦਮਕ ਵਿਚ ਗ੍ਰਸਿਤ ਕਰ ਦਿੰਦਾ ਹੈ ਪਰੰਤੂ ਜੇ ਤੁਸੀਂ ਆਪਣੀ ਮੰਜ਼ਿਲ ਉਪਰ ਪਹੁੰਚਣ ਹਿਤ ਰੇਲ ਉਪਰ ਚੜ੍ਹਨ ਤੋਂ ਹੀ ਰਹਿ ਗਏ ਤਾਂ ਤੁਸੀਂ ਕੀ ਖੱਟਿਆ? ਸੰਸਾਰ ਦੀ ਚਮਕ-ਦਮਕ ਨੂੰ ਛੱਡ ਕੇ ਜੇ ਤੁਸੀਂ ਮੇਰੇ ਸਤਿਸੰਗ ਵਿਚ ਸ਼ਾਮਲ ਹੋ ਜਾਂਦੇ ਹੋ ਤਾਂ ਤੁਹਾਨੂੰ ਤੁਹਾਡਾ ਅਸਲੀ ਉੱਦੇਸ਼ ਪ੍ਰਾਪਤ ਹੋ ਜਾਵੇਗਾ। ਇਕ ਪਾਸੇ ਤਾਂ ਸਤਿਸੰਗ ਹੈ ਜਿਹੜਾ ਗਿਆਨ ਪ੍ਰਦਾਨ ਕਰਦਾ ਹੈ ਅਤੇ ਤੁਹਾਡੇ ਲਈ ਅਤਿਅੰਤ ਲਾਭਦਾਇਕ ਹੈ। ਦੂਸਰੇ ਪਾਸੇ ਦੁਨਿਆਵੀ ਆਕਰਸ਼ਣ ਹੈ ਜਿਹੜਾ ਯਕੀਨਨ ਹੀ ਤੁਹਾਡੇ ਲਈ ਦੁੱਖ ਦਾ ਕਾਰਨ ਬਣੇਗਾ।

ਜੇ ਕੋਈ ਵਿਅਕਤੀ ਤੁਹਾਡੇ ਦਿਮਾਗ਼ ਵਿਚਲੇ ਉਦਵੇਗ ਨੂੰ ਸ਼ਾਂਤ ਕਰ ਦਿੰਦਾ ਹੈ ਤਾਂ ਉਹ ਇਕ ਸੰਤ ਹੈ, ਇਕ ਮਹਾਤਮਾ ਹੈ। ਉਹ ਤੁਹਾਡੇ ਭਖਦੇ ਉਦਵੇਗ ਨੂੰ ਸ਼ਾਂਤ ਵੇਗ ਵਿਚ ਬਦਲ ਦਿੰਦਾ ਹੈ। ਇਕ ਵਾਰ ਤੁਸੀਂ ਵੇਗ ਦੀ ਅਵਸਥਾ ਵਿਚ ਆ ਗਏ ਤਾਂ ਸਭ ਠੀਕ ਹੋ ਜਾਵੇਗਾ। ਮਨ ਜ਼ਰੂਰ ਹੀ ਵੇਗ ਦੀ ਅਵਸਥਾ ਵਿਚ ਰਹਿਣਾ ਚਾਹੀਦਾ ਹੈ।

ਸਿਰਫ਼ ਸਵੈ-ਪਹਿਚਾਣ ਉਪਰੰਤ ਹੀ ਵਿਅਕਤੀ ਇਨ੍ਹਾਂ ਭਾਵਨਾਵਾਂ ਉਪਰ ਕਾਬੂ ਪਾਉਣ ਹਿਤ ਯਤਨ ਕਰ ਸਕਦਾ ਹੈ। ਸਵੈ-ਪਹਿਚਾਣ ਤੋਂ ਬਿਨਾਂ ਵਿਅਕਤੀ ਲਈ ਇਹੋ

ਬੇਹਤਰ ਹੋਵੇਗਾ ਕਿ ਉਹ ਤੀਬਰ ਅਤੇ ਪ੍ਰਚੰਡ ਉਦਵੇਗ ਤੋਂ ਆਪਣਾ ਬਚਾਅ ਰੱਖੇ ਕਿਉਂਕਿ ਅਜਿਹੇ ਉਦਵੇਗ ਉਨ੍ਹਾਂ ਅਣੂਆਂ ਨੂੰ ਤੇਜੀ ਨਾਲ ਆਪਣੇ ਵਲ ਖਿਚਦੇ ਹਨ ਜਿਨ੍ਹਾਂ ਕਾਰਨ ਪੂਰਾਤਨ ਕਰਮਾਂ ਦਾ ਫਲ ਯਕੀਨਨ ਹੀ ਮਿਲਦਾ ਹੈ।

## 103
## ਨੀਂਦ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਨੀਂਦ ਬਾਰੇ ਵਿਸਥਾਰ ਵਿਚ ਸਮਝਾਉਗੇ?

**ਦਾਦਾਸ਼੍ਰੀ** : ਨੀਂਦ ਹਰ ਇਕ ਜਾਨਦਾਰ ਜੀਵ ਲਈ ਜ਼ਰੂਰੀ ਹੈ ਪਰੰਤੂ ਸੌਣ ਅਤੇ ਜਾਗਣ ਦੇ ਸਮੇਂ ਦਾ ਕੀ ਅਨੁਪਾਤ ਹੋਣਾ ਚਾਹੀਦਾ ਹੈ ਆਮ ਤੌਰ 'ਤੇ ਲੋਕ ਇਸ ਗੱਲ ਵੱਲ ਬਿਲਕੁਲ ਧਿਆਨ ਨਹੀਂ ਦਿੰਦੇ। ਅੱਜ-ਕੱਲ ਦੇ ਲੋਕ ਕਿਸ ਤਰ੍ਹਾਂ ਦੀ ਮਾਨਸਿਕਤਾ ਵਾਲੇ ਹੋ ਗਏ ਹਨ? ਨੀਂਦ ਇੰਨੀ ਅਸਾਧਾਰਨ ਅਤੇ ਅਜੀਬ ਕਿਦਾਂ ਹੋ ਸਕਦੀ ਹੈ? ਕੀ ਕਦੇ ਪੰਛੀ ਅਤੇ ਜਾਨਵਰ ਵੀ ਇਨਸਾਨਾਂ ਦੀ ਤਰ੍ਹਾਂ ਸੌਂਦੇ ਹਨ? ਸੌਣ ਅਤੇ ਕੰਮ ਕਰਨ ਦੇ ਸਮੇਂ ਵਿਚ ਇਕ ਸਾਂਵਾਪਣ ਹੋਣਾ ਚਾਹੀਦਾ ਹੈ, ਇਕ ਅਜਿਹਾ ਸਾਂਵਾਪਣ ਕਿ ਦਿਨ ਦੇ ਸਮੇਂ ਸਾਨੂੰ ਕਦੇ ਵੀ ਸੌਣ ਦੀ ਲੋੜ ਨਾ ਪਵੇ। ਪਰੰਤੂ ਕਈ ਲੋਕ ਦਸ-ਦਸ ਘੰਟਿਆਂ ਤੱਕ ਸੁੱਤੇ ਰਹਿੰਦੇ ਹਨ। ਜਿੰਨੀ ਦੇਰ ਸੂਰਜ ਸਿਰ ਉਪਰ ਨਹੀਂ ਆ ਜਾਂਦਾ ਉਹ ਬਿਸਤਰੇ ਵਿਚੋਂ ਬਾਹਰ ਨਹੀਂ ਨਿਕਲਦੇ। ਕੀ ਜੀਵਨ ਦਾ ਮੰਤਵ ਬਸ ਇਸੇ ਤਰ੍ਹਾਂ ਸੁੱਤੇ ਰਹਿਣਾ ਹੈ?

**ਪ੍ਰਸ਼ਨ-ਕਰਤਾ** : ਪਰੰਤੂ ਕਈ ਅਜਿਹੇ ਵਿਅਕਤੀ ਵੀ ਹਨ ਜਿਹੜੇ ਲੋੜੀਂਦੀ ਨੀਂਦ ਨਾ ਆਉਣ ਦੀ ਸ਼ਿਕਾਇਤ ਕਰਦੇ ਹਨ।

**ਦਾਦਾਸ਼੍ਰੀ** : ਹਾਂ, ਇਹ ਵੀ ਸੱਚ ਹੈ ਕਿ ਕਈ ਲੋਕਾਂ ਨੂੰ ਨੀਂਦ ਨਹੀਂ ਆਉਂਦੀ। ਕਹਿੰਦੇ ਹਨ ਕਿ ਅਮਰੀਕਾ ਵਿਚ 80% ਲੋਕ ਰਾਤ ਨੂੰ ਸੌਣ ਜਾਣ ਤੋਂ ਪਹਿਲਾਂ ਨੀਂਦ ਦੀ ਗੋਲੀ ਖਾਂਦੇ ਹਨ। ਇਹ ਬਹੁਤ ਭੈੜੀ ਬੀਮਾਰੀ ਹੈ। ਨੀਂਦ ਦੀ ਗੋਲੀ ਤਾਂ ਜ਼ਹਿਰ ਦੀ ਨਿਆਈਂ ਹੈ ਜੋ ਮਨੁੱਖ ਨੂੰ ਮੌਤ ਦੇ ਦਰਵਾਜ਼ੇ ਲੈ ਜਾਂਦੀ ਹੈ। ਤੁਸੀਂ ਚੰਦ ਉਪਰ ਪਹੁੰਚ ਸਕਦੇ ਹੋ ਤਾਂ ਫਿਰ ਤੁਸੀਂ ਆਪਣਾ ਨੀਂਦ ਦੀ ਗੋਲੀ ਉਪਰ ਨਿਰਭਰ ਹੋਣਾ ਘੱਟ ਕਿਉਂ ਨਹੀਂ ਕਰ ਸਕਦੇ? ਇਦਾਂ ਕਰਨ ਦੀ ਅੱਜ ਤੁਹਾਨੂੰ ਬਹੁਤ ਲੋੜ ਹੈ। ਤੁਹਾਡੇ ਮੁਲਕ ਦੇ ਲੋਕ ਅੱਜ ਨੀਂਦ ਨਾ ਆਉਣ ਦੀ ਬੀਮਾਰੀ ਦਾ ਸ਼ਿਕਾਰ ਹਨ। ਸੋ ਸਭ ਤੋਂ ਪਹਿਲਾਂ ਇਸ ਸਮੱਸਿਆ ਦਾ ਸਮਾਧਾਨ ਕਰੋ। ਨੀਂਦ ਤਾਂ ਕੁਦਰਤ ਦੀ ਇਕ ਕੀਮਤੀ ਸੌਗਾਤ ਹੈ ਅਤੇ ਤੁਸੀਂ ਇਹ ਸੌਗਾਤ ਖੋ ਲਈ ਹੈ। ਤੁਹਾਡੀ ਅਮੀਰੀ, ਸੁਖ-ਸਹੂਲਤਾਂ, ਸਾਧਨ, ਆਦਿ ਕਿਸ ਕੰਮ ਦੇ ਹਨ ਜੇ ਤੁਸੀਂ ਲੋੜੀਂਦੀ ਨੀਂਦ ਵੀ ਨਹੀਂ ਲੈ

ਸਕਦੇ? ਤੁਹਾਡੀ ਦੌਲਤ ਤੁਹਾਨੂੰ ਕਿਹੜੀ ਖ਼ੁਸ਼ੀ ਦਿੰਦੀ ਹੈ? ਕੀ ਇਹ ਅਮੀਰੀ, ਸੁਖ, ਸਹੂਲਤਾਂ ਸਭ ਫਜ਼ੂਲ ਨਹੀਂ?

**ਪ੍ਰਸ਼ਨ-ਕਰਤਾ** : ਕੁਦਰਤੀ ਤੌਰ 'ਤੇ ਨੀਂਦ ਨਾ ਆਉਣ ਦੇ ਕੀ ਕਾਰਨ ਹਨ?

**ਦਾਦਾਸ਼੍ਰੀ** : ਇਨ੍ਹਾਂ ਲੋਕਾਂ ਨੇ ਕੁਦਰਤੀ ਨੀਂਦ ਗੁਆ ਲਈ ਹੈ ਕਿਉਂਕਿ ਇਨ੍ਹਾਂ ਦੁਆਰਾ ਲਈ ਜਾਣ ਵਾਲੀ ਖ਼ੁਰਾਕ ਅਤੇ ਇਨ੍ਹਾਂ ਦੁਆਰਾ ਕੀਤੀ ਜਾਣ ਵਾਲੀ ਸਰੀਰਕ ਮੁਸ਼ੱਕਤ ਵਿਚ ਸਹੀ ਅਨੁਪਾਤ ਨਹੀਂ ਹੈ। ਖ਼ੁਰਾਕ ਅਤੇ ਸਰੀਰਕ ਮੁਸ਼ੱਕਤ ਵਿਚ ਸਹੀ ਅਨੁਪਾਤ ਹੋਣਾ ਚਾਹੀਦਾ ਹੈ ਕਿਉਂਕਿ ਸਰੀਰਕ ਮਿਹਨਤ ਸਰੀਰ ਨੂੰ ਥਕਾਵਟ ਦਿੰਦੀ ਹੈ ਅਤੇ ਸਰੀਰਕ ਥਕਾਵਟ ਸਾਨੂੰ ਡੂੰਘੀ ਨੀਂਦ ਦਾ ਅਨੰਦ ਦਿੰਦੀ ਹੈ। ਖ਼ੁਰਾਕ ਅਤੇ ਸਰੀਰਕ ਮਿਹਨਤ ਵਿਚਕਾਰ ਸਹੀ ਅਨੁਪਾਤ ਸਾਨੂੰ ਵਾਜ਼ਬ ਸਮੇਂ ਲਈ ਨੀਂਦ ਲੈਣ ਵਿਚ ਮਦਦ ਕਰਦਾ ਹੈ। ਨੀਂਦ ਨਾ ਆਉਣ ਦੀ ਬੀਮਾਰੀ ਇਨ੍ਹਾਂ ਅਖੌਤੀ ਉੱਨਤ ਮੁਲਕਾਂ ਅੰਦਰ ਇਕ ਗੰਭੀਰ ਸਮੱਸਿਆ ਹੈ। ਪਰੰਤੂ ਮੈਂ ਤੁਹਾਨੂੰ ਇਸ ਬੀਮਾਰੀ ਦਾ ਇਕ ਕੁਦਰਤੀ ਉਪਚਾਰ ਦਸਦਾ ਹਾਂ। ਮੈਂ ਉਨ੍ਹਾਂ ਨੂੰ ਸਾਧਾਰਣ ਖ਼ੁਰਾਕ ਨਾਲ ਇਕ ਸਾਧਾਰਨ ਜੀਵਨ ਜਿਉਂਦੇ ਹੋਏ ਯੋਗ ਸਮੇਂ ਲਈ ਨੀਂਦ ਮਾਣ ਕੇ ਖ਼ੁਸ਼ ਰਹਿਣ ਦਾ ਗੁਰ ਦੱਸਦਾ ਹਾਂ।

**ਪ੍ਰਸ਼ਨ-ਕਰਤਾ** : ਇਕ ਵਿਅਕਤੀ ਨੂੰ ਆਮ ਤੌਰ 'ਤੇ ਕਿੰਨੇ ਘੰਟੇ ਤਕ ਨੀਂਦ ਲੈਣੀ ਚਾਹੀਦੀ ਹੈ?

**ਦਾਦਾਸ਼੍ਰੀ** : ਨੀਂਦ ਨੂੰ ਕਿੰਨਾ ਸਮਾਂ ਦਿੱਤਾ ਜਾਵੇ? ਇਹ ਪ੍ਰਸ਼ਨ ਸਾਡੇ ਸਨਮੁਖ ਹੈ। ਉੱਤਰ ਹੈ: ਸਰੀਰਕ ਥਕਾਵਟ ਨੂੰ ਹਟਾ ਕੇ ਮੁੜ ਤਰੋ-ਤਾਜ਼ਾ ਹੋਣ ਜਿੰਨਾ ਸਮਾਂ। ਤੁਹਾਡੇ ਸੌਣ ਲਈ ਇੰਨਾ ਸਮਾਂ ਕਾਫ਼ੀ ਹੈ। ਪਰਮਾਤਮਾ ਨੇ ਤੁਹਾਨੂੰ ਸੌਣ ਵਾਸਤੇ ਤਿੰਨ ਘੰਟੇ ਦਿੱਤੇ ਹਨ। ਜਾਪਦਾ ਹੈ ਕਿ ਤੁਹਾਡਾ ਜਨਮ ਹੀ ਆਪਣੇ ਜੀਵਨ ਨੂੰ ਸੌਂ ਕੇ ਬਰਬਾਦ ਕਰਨ ਲਈ ਹੋਇਆ ਹੈ।

ਤੁਹਾਡੇ ਲਈ ਬੇਹਤਰ ਹੈ ਕਿ ਗਿਆਨ-ਪ੍ਰਾਪਤੀ ਉਪਰੰਤ ਤੁਹਾਨੂੰ ਲੰਮੇ ਸਮੇਂ ਲਈ ਨਹੀਂ ਸੋਣਾ ਚਾਹੀਦਾ। ਇੰਝ ਕਰਨ ਨਾਲ ਤੁਸੀਂ ਗਿਆਨੀ ਦੇ ਰੂਪ ਵਿਚ ਵਧੇਰੇ ਸਮੇਂ ਲਈ ਚੇਤਨ ਅਵਸਥਾ ਵਿਚ ਰਹੋਗੇ। ਪਿਛਲੇ ਲਗਭਗ ਵੀਹ ਸਾਲਾਂ ਦੌਰਾਨ ਸੌ ਰੋਜ਼ਾਨਾ ਕਦੇ ਵੀ ਡੇਢ ਘੰਟੇ ਤੋਂ ਵੱਧ ਨੀਂਦ ਨਹੀਂ ਲਈ। ਇਹ ਸਾਰੇ ਵਰ੍ਹੇ, ਇਹ ਸਾਰਾ ਸਮਾਂ ਮੈਂ ਸਾਰੀਆਂ ਰਾਤਾਂ ਸੌਂ ਕੇ ਨਹੀਂ ਬਲਕਿ ਜਾਗਦਿਆਂ ਗਿਆਨ ਦੇ ਸਨਮੁਖ ਰਹਿ ਕੇ ਬਤੀਤ ਕੀਤੀਆਂ ਹਨ।

ਇਕ ਵਾਰ ਗੌਤਮ ਸਵਾਮੀ ਨੇ ਭਗਵਾਨ ਮਹਾਂਵੀਰ ਨੂੰ ਕਿਹਾ ਸੀ: "ਕੀ ਸੌਣਾ ਬੇਹਤਰ ਹੈ ਜਾਂ ਜਾਗਦੇ ਰਹਿਣਾ?" ਭਗਵਾਨ ਮਹਾਂਵੀਰ ਦਾ ਉੱਤਰ ਸੀ: ਇਕ ਹਜ਼ਾਰ ਵਿਅਕਤੀ ਵਿਚੋਂ 999 ਵਿਅਕਤੀ ਤਾਂ ਸੁੱਤੇ ਹੀ ਠੀਕ ਹਨ ਪਰੰਤੂ ਕਿਸੇ ਦਿਆਲੂ, ਪਰਉਪਕਾਰੀ ਅਤੇ ਦੈਵੀ ਸ਼ਕਤੀ ਵਲੋਂ ਵਰੋਸਾਏ ਵਿਅਕਤੀ ਲਈ ਜਾਗਦੇ ਰਹਿਣਾ ਹੀ ਉੱਤਮ ਹੈ।"

## 104

## ਸੁਪਨਾ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਡੇ ਲਈ ਸੁਪਨਿਆਂ ਉਪਰ ਵੀ ਰੋਸ਼ਨੀ ਪਾਉ।

**ਦਾਦਾਸ਼੍ਰੀ** : ਸੁਪਨਿਆਂ ਦਾ ਵਿਗਿਆਨ ਬਹੁਤ ਡੂੰਘਾ ਅਤੇ ਰਹੱਸਮਈ ਹੈ। ਬਹੁਤ ਸਾਰੇ ਮਹਾਨ ਵਿਦਵਾਨ ਅਤੇ ਵਿਗਿਆਨ ਇਸ ਰਹੱਸ ਨੂੰ ਜਾਨਣ ਵਿਚ ਰੁਝੇ ਹੋਏ ਹਨ। ਸੁਪਨੇ ਦੇ ਦੌਰਾਨ ਮਨੁੱਖ ਦੇ ਸਰੀਰ ਦਾ ਕਿਹੜਾ ਭਾਗ ਕ੍ਰਿਆਸ਼ੀਲ ਹੁੰਦਾ ਹੈ, ਇਸ ਸਮੇਂ ਦੌਰਾਨ ਮਨੁੱਖ ਦੇ ਅੰਤਹਕਰਨ ਦਾ ਕੀ ਕਾਰਜ ਹੁੰਦਾ ਹੈ? ਇਹ ਸਭ ਉਨ੍ਹਾਂ ਦੀ ਖੋਜ ਦੇ ਵਿਸ਼ੇ ਹਨ। ਪਰੰਤੂ ਸੁਪਨਿਆਂ ਦਾ ਵਿਗਿਆਨ ਇਨ੍ਹਾਂ ਸਭ ਬੌਧਿਕ ਗਤੀਵਿਧੀਆਂ ਦੀ ਪਹੁੰਚ ਤੋਂ ਪਰ੍ਹੇ ਹੈ।

ਸੁਪਨਾ ਲੈਂਦੇ ਸਮੇਂ ਸਾਡੇ ਸਰੀਰ ਦੇ ਬਾਹਰੀ ਦਰਵਾਜ਼ੇ ਸਭ ਬੰਦ ਹੁੰਦੇ ਹਨ। ਉਸ ਸਮੇਂ ਸਿਰਫ਼ ਸੂਖ਼ਮ ਮਨ, ਚਿੱਤ ਅਤੇ ਬੁੱਧੀ ਕ੍ਰਿਆਸ਼ੀਲ ਹੁੰਦੇ ਹਨ। ਹਉਮੈਂ ਖ਼ੁਦ ਨੂੰ ਸੁਪਨੇ ਰਾਹੀਂ ਵਿਅਕਤ ਨਹੀਂ ਕਰ ਸਕਦੀ। ਜੇਕਰ ਨੀਂਦ ਦੌਰਾਨ ਹਉਮੈਂ ਵੀ ਕ੍ਰਿਆਸ਼ੀਲ ਹੁੰਦੀ ਜਾਂ ਖ਼ੁਦ ਨੂੰ ਵਿਅਕਤ ਕਰ ਸਕਦੀ ਹੁੰਦੀ, ਤਾਂ ਸੁਪਨਾ ਲੈਣ ਵਾਲਾ ਵਿਅਕਤੀ ਉਠ ਖਲੋਂਦਾ, ਲੜਦਾ ਅਤੇ ਹੁੱਲੜਬਾਜੀ ਕਰ ਦਿੰਦਾ। ਉਠ ਬਿਸਤਰੇ ਵਿਚੋਂ ਉਠ ਕੇ, ਬਾਹਰ ਨਿਕਲ ਕੇ ਤੁਰਨਾ ਸ਼ੁਰੂ ਕਰ ਦਿੰਦਾ। ਸੁਪਨੇ ਦੀਆਂ ਸਮਸਤ ਕ੍ਰਿਆਵਾਂ ਪ੍ਰਤੀ ਉਸ ਦੀ ਪ੍ਰਤਿਕ੍ਰਿਆ ਸਰੀਰਕ ਹੁੰਦੀ, ਪਰੰਤੂ ਜਿਵੇਂ ਅਸੀਂ ਪਹਿਲਾਂ ਵੀ ਕਿਹਾ ਹੈ ਸੁਪਨੇ ਦੌਰਾਨ ਹਉਮੈਂ ਕ੍ਰਿਆਸ਼ੀਲ ਨਹੀਂ ਹੁੰਦੀ। ਇਸ ਦੇ ਉਲਟ, ਜਦੋਂ ਵਿਅਕਤੀ ਜਾਗਦਾ ਹੁੰਦਾ ਹੈ ਉਸ ਸਮੇਂ ਹਉਮੈਂ ਨੂੰ ਇਹ ਭਰੋਸਾ ਹੁੰਦਾ ਹੈ ਕਿ ਉਹ ਕੁਝ ਕਰ ਸਕਣ ਦੇ ਸਮਰਥ ਹੈ। ਸੱਚਾਈ ਤਾਂ ਇਹ ਹੈ ਕਿ ਮਨੁੱਖ ਹਮੇਸ਼ਾ ਹੀ ਅਸਮਰਥ ਪ੍ਰਾਣੀ ਹੈ ਪਰੰਤੂ ਆਪਣੀ ਜਾਗਤ ਅਵਸਥਾ ਵਿਚ ਜਦੋਂ ਸਰੀਰ ਦੇ ਸਾਰੇ ਬਾਹਰੀ ਦਰ ਖੁੱਲੇ ਹੁੰਦੇ ਹਨ ਹਉਮੈਂ ਮਾਇਆ ਦੇ ਪ੍ਰਭਾਵ ਕਾਰਨ ਕਰਤਾ ਦਾ ਰੋਲ ਅਪਣਾ ਲੈਂਦੀ ਹੈ।

**ਪ੍ਰਸ਼ਨ-ਕਰਤਾ** : ਕੀ ਇਹ ਸੁਪਨੇ ਸੱਚ ਹੁੰਦੇ ਹਨ?

**ਦਾਦਾਸ਼੍ਰੀ** : ਸੁਪਨੇ ਸੱਚ ਅਤੇ ਯਥਾਰਥਕ ਹੁੰਦੇ ਹਨ। ਉਹ ਕਿਸੇ ਵੀ ਵਿਗਿਆਨਕ ਟੈਸਟ 'ਤੇ ਖਰੇ ਉਤਰਨ ਹਿਤ ਯਥਾਰਥਕ, ਸੱਚੇ ਅਤੇ ਅਸਰ-ਭਰਪੂਰ ਹੁੰਦੇ ਹਨ। ਸੁਪਨਿਆਂ ਦਾ ਪ੍ਰਭਾਵ ਸਾਰੇ ਸਰੀਰ ਉਪਰ ਵੀ ਪੈਂਦਾ ਹੈ ਅਤੇ ਸਾਡੀ ਦੇਹ ਉਪਰ ਵੀ। ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਸੁਪਨੇ ਪ੍ਰਭਾਵਸ਼ਾਲੀ ਹੁੰਦੇ ਹਨ। ਪਰੰਤੂ ਕਿਸ ਤਰ੍ਹਾਂ? ਇਹ ਗੱਲ ਮੈਂ ਤੁਹਾਨੂੰ ਵਿਸਥਾਰ ਵਿਚ ਦੱਸਣੀ ਚਾਹਾਂਗਾ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਵੀ ਦਿਉ।

**ਦਾਦਾਸ਼੍ਰੀ** : ਜੇ ਕੋਈ ਅਤਿ ਗਰੀਬ ਵਿਅਕਤੀ ਰਾਜਕੁਮਾਰ ਬਨਣ ਦਾ ਸੁਪਨਾ ਲੈਂਦਾ ਹੋਵੇ ਤਾਂ ਉਸ ਨੂੰ ਅਜਿਹੇ ਸਮੇਂ ਚਾਅ ਚੜ ਜਾਂਦਾ ਹੈ ਅਤੇ ਜੇ ਇਕ ਬਾਦਸ਼ਾਹ ਨੂੰ ਸੁਪਨਾ ਆਵੇ ਕਿ ਉਹ

ਰਾਜੇ ਤੋਂ ਰੰਕ ਹੋ ਗਿਆ ਹੈ ਤਾਂ ਉਹ ਗ਼ਮ ਦੇ ਗੰਭੀਰ ਦੌਰ ਵਿਚੋਂ ਗੁਜ਼ਰੇਗਾ। ਅਜਿਹੀ ਸੁਪਨਈ ਅਵਸਥਾ ਵਿਚ ਉਹ ਉਸ ਗੰਭੀਰ ਮਾਨਸਕ ਕੋਲਾਹਲ ਵਿਚੋਂ ਲੰਘੇਗਾ ਜਿਸ ਵਿਚੋਂ ਉਸ ਨੂੰ ਸਚਮੁੱਚ ਅਜਿਹਾ ਵਾਪਰਨ ਦੀ ਸਥਿਤੀ ਵਿਚ ਗੁਜ਼ਰਨਾ ਪੈਂਦਾ। ਇਹ ਵੀ ਹੋ ਸਕਦਾ ਹੈ ਕਿ ਉਹ ਸੁਪਨੇ ਵਿਚ ਰੋ ਪਵੇ। ਜਾਗਣ ਉਪਰੰਤ ਉਸ ਦੀਆਂ ਅੱਖਾਂ ਹੰਝੂਆਂ ਨਾਲ ਗਿਲੀਆਂ ਹੋਣਗੀਆਂ। ਸੁਪਨਿਆਂ ਦਾ ਪ੍ਰਭਾਵ ਅਕਸਰ ਨੀਂਦ ਖੁੱਲਣ ਦੇ ਕਾਫ਼ੀ ਦੇਰ ਤੀਕ ਰਹਿੰਦਾ ਹੈ। ਉਪਰੋਕਤ ਹਾਲਤ ਵਿਚ ਸ਼ਾਇਦ ਵਿਅਕਤੀ ਜਾਗਣ ਉਪਰੰਤ ਵੀ ਰੋਂਦਾ ਰਹੇ। ਛੋਟੇ ਬੱਚੇ ਬਹੁਤ ਘਬਰਾ ਜਾਂਦੇ ਹਨ ਅਤੇ ਅਜਿਹੇ ਸੁਪਨਿਆਂ ਦੇ ਪ੍ਰਭਾਵ ਕਾਰਨ ਸਹਿਮ ਵੀ ਜਾਂਦੇ ਹਨ। ਉਹ ਅਕਸਰ ਰੋ ਪੈਂਦੇ ਹਨ।

ਡਰਾਵਣੇ ਸੁਪਨਿਆਂ ਦਾ ਅਸਰ ਸਾਡੇ ਸਰੀਰ ਉਪਰ ਨਜ਼ਰ ਆਉਂਦਾ ਹੈ। ਸਾਡਾ ਸਾਹ ਤੇਜ ਚੱਲਣ ਲਗਦਾ ਹੈ। ਖ਼ੂਨ ਦਾ ਦਬਾਅ ਵੱਧ ਜਾਂਦਾ ਹੈ ਅਤੇ ਨਬਜ਼-ਚਾਲ ਵੀ ਤੇਜ਼ ਹੋ ਜਾਂਦੀ ਹੈ। ਇਹ ਸਾਰੇ ਪ੍ਰਭਾਵ ਵਿਗਿਆਨਕ ਤੌਰ 'ਤੇ ਸਾਬਤ ਕੀਤੇ ਜਾ ਸਕਦੇ ਹਨ। ਜੇ ਇਹ ਸੁਪਨੇ ਇੰਨੇ ਅਸਰਦਾਰ ਹਨ ਤਾਂ ਅਸੀਂ ਇਨ੍ਹਾਂ ਨੂੰ ਗ਼ੈਰ-ਯਥਾਰਥਕ ਕਹਿ ਕੇ ਕਿਵੇਂ ਨਕਾਰ ਸਕਦੇ ਹਾਂ?

ਇਕ ਅਜਿਹਾ ਵਿਅਕਤੀ ਸੀ ਕਿ ਜਿਹੜਾ ਮੈਨੂੰ ਪਹਿਲਾਂ ਕਦੇ ਨਹੀਂ ਮਿਲਿਆ ਸੀ। ਪਰੰਤੂ ਉਸਨੇ ਸੁਪਨੇ ਵਿਚ ਮੇਰੇ ਸਾਕਾਰ ਦਰਸ਼ਨ ਕੀਤੇ ਸਨ। ਇਸ ਗੱਲ ਦਾ ਕੀ ਸਪਸ਼ਟੀਕਰਨ ਦਿੱਤਾ ਜਾ ਸਕਦਾ ਹੈ? ਇਹ ਕਿੰਨਾ ਗੁੰਝਲਦਾਰ ਅਤੇ ਰਹੱਸਮਈ ਵਿਸ਼ਾ ਹੈ?

ਜਿਹੜੀ ਵਸਤੂ ਪਹਿਲਾਂ ਕਦੇ ਵੇਖੀ ਨਹੀਂ ਉਹ ਵੀ ਸੁਪਨੇ ਵਿਚ ਵੇਖੀ ਜਾ ਸਕਣ ਦੀ ਸੰਭਾਵਨਾ ਹੈ।

**ਪ੍ਰਸ਼ਨ-ਕਰਤਾ** : ਕੀ ਇਹ ਸਚਮੁੱਚ ਸੰਭਵ ਹੈ?

**ਦਾਦਾਸ਼੍ਰੀ** : ਹੋ ਸਕਦਾ ਹੈ ਅਜਿਹੀ ਵਸਤੂ ਤੁਸੀਂ ਆਪਣੇ ਪਹਿਲੇ ਕਿਸੇ ਜਨਮ ਦੌਰਾਨ ਵੇਖੀ ਹੋਵੇ। ਸੁਪਨੇ ਤਾਂ ਅਨੰਤ ਜਨਮਾਂ ਦੀਆਂ ਯਾਦਾਂ ਦਾ ਸੰਗ੍ਰਹਿ ਹਨ। ਇਹ ਕੋਈ ਅਣਜਾਣੀ ਗੱਲ ਨਹੀਂ। ਕਈ ਲੋਕ ਇਹ ਵੀ ਕਹਿੰਦੇ ਹਨ ਕਿ ਦਿਨ ਸਮੇਂ ਜੋ ਵੀ ਅਸ਼ੀ ਸੋਚਦੇ ਰਹਿੰਦੇ ਹਾਂ ਉਹੀ ਕਿਸੇ ਨਾ ਕਿਸੇ ਰੂਪ ਵਿਚ ਸੁਪਨੇ ਵਿਚ ਆ ਜਾਂਦਾ ਹੈ। ਪਰੰਤੂ ਦਿਨ ਦੇ ਸਮੇਂ ਤਾਂ ਸਾਡੇ ਦਿਮਾਗ਼ ਵਿਚ ਸੈਂਕੜੇ ਵਿਚਾਰ ਘੁੰਮਦੇ ਰਹਿੰਦੇ ਹਨ। ਕੀ ਉਹ ਸਭ ਸੁਪਨੇ ਵਿਚ ਆਉਂਦੇ ਹਨ? ਅਤੇ ਜਿਹੜੀ ਗੰਲ ਬਾਰੇ ਤੁਸੀਂ ਦਿਨ-ਭਰ ਬਿਲਕੁਲ ਹੀ ਨਹੀਂ ਸੋਚਿਆ, ਕੀ ਉਹ ਕਦੇ ਤੁਹਾਡੇ ਸੁਪਨੇ ਵਿਚ ਨਹੀਂ ਆਈ?

**ਪ੍ਰਸ਼ਨ-ਕਰਤਾ** : ਸੁਪਨੇ ਦੌਰਾਨ ਸਾਡਾ ਕਾਰਕ ਅਤੇ ਸੂਖ਼ਮ ਸਰੀਰ ਕ੍ਰਿਆਸ਼ੀਲ ਹੁੰਦੇ ਹਨ। ਸਾਡੀ ਦੇਹ ਇਸ ਵਿਚ ਹਿੱਸਾ ਨਹੀਂ ਲੈਂਦੀ।

**ਦਾਦਾਸ਼੍ਰੀ** : ਇਕ ਵਾਰ ਇਕ ਵਿਅਕਤੀ ਨੂੰ ਸੁਪਨਾ ਆਇਆ ਕਿ ਉਹ ਬਹੁਤ ਬੀਮਾਰ ਹੋ ਗਿਆ ਹੈ। ਡਾਕਟਰ ਆਏ ਅਤੇ ਉਨ੍ਹਾਂ ਨੇ ਉਸ ਨੂੰ ਚੈੱਕ ਕੀਤਾ। ਉਨ੍ਹਾਂ ਨੂੰ ਨਬਜ਼ ਚਲਦੀ ਨਾ ਮਿਲੀ ਅਤੇ ਉਨ੍ਹਾਂ ਨੇ ਉਸ ਨੂੰ ਮਿਰਤਕ ਘੋਸ਼ਿਤ ਕਰ ਦਿੱਤਾ। ਉਸ ਨੇ ਖ਼ੁਦ ਨੂੰ ਵੀ ਮੁਰਦਾ ਹਾਲਤ ਵਿਚ ਲੇਟਿਆ ਦੇਖਿਆ। ਉਸ ਨੇ ਆਪਣਾ ਮੁਰਦਾ ਸਰੀਰ ਦੇਖਿਆ ਅਤੇ ਆਪਣਾ ਸਸਕਾਰ ਹੁੰਦਾ ਵੀ ਵੇਖਿਆ। ਉਹ ਅਤਿਅੰਤ ਸਹਿਮ ਕੇ ਉੱਠਿਆ। (ਉਸ ਨੂੰ ਇੰਝ ਜਾਪ ਰਿਹਾ ਸੀ ਮਾਨੋ ਉਸ ਦਾ ਮੁਰਦਾ ਸਰੀਰ ਸਚਮੁੱਚ ਸਾੜ ਦਿੱਤਾ ਹੈ ਅਤੇ ਹੁਣ ਉਹ ਪਿਛੇ ਰਹਿ ਗਿਆ ਹੈ)

ਕਈ ਕੰਵਾਰੇ ਵਿਅਕਤੀ ਆਪਣੇ ਵਿਆਹਾਂ ਦੇ ਸੁਪਨੇ ਲੈਂਦੇ ਹਨ। ਸੁਪਨਿਆਂ ਵਿਚ ਉਹ ਬਾਪ ਵੀ ਬਣ ਜਾਂਦੇ ਹਨ ਅਤੇ ਆਪਣੇ ਬੱਚਿਆਂ ਦੇ ਵਿਆਹ ਵੀ ਕਰ ਦਿੰਦੇ ਹਨ।

**ਪ੍ਰਸ਼ਨ-ਕਰਤਾ** : ਸੁਪਨਿਆਂ ਦੇ ਪਿੱਛੇ ਕੀ ਕਾਰਨ ਹਨ?

**ਦਾਦਾਸ਼੍ਰੀ** : ਇਹ ਦਿਸਹੱਦਾ ਸੰਸਾਰ ਪੁਰਾਣੇ ਕਰਮਾਂ ਦਾ ਫਲ ਹੈ - ਉਹ ਕਰਮ ਜਿਹੜੇ ਅਸੀਂ ਜਾਗਤ ਅਵਸਥਾ ਵਿਚ ਕੀਤੇ। ਸੁਪਨੇ ਪੁਰਾਣੇ ਚੰਗੇ ਅਤੇ ਮੰਦੇ ਕਰਮਾਂ ਦਾ ਵੀ ਫਲ ਹਨ ਪਰੰਤੂ ਉਨ੍ਹਾਂ ਦੇ ਪ੍ਰਭਾਵ ਬਹੁਤ ਅਸਰਦਾਰ ਨਹੀਂ।

**ਪ੍ਰਸ਼ਨ-ਕਰਤਾ** : ਜਦੋਂ ਤੁਸੀਂ ਸੁਪਨਾ ਲੈਣ ਦੀ ਅਵਸਥਾ ਵਿਚ ਹੋ, ਕੀ ਕਰਮ ਉਸ ਸਮੇਂ ਵੀ ਬੰਧਨ ਬਣਦੇ ਹਨ?

**ਦਾਦਾਸ਼੍ਰੀ** : ਨਹੀਂ। ਸੁਪਨਾ ਤਾਂ ਸਿਰਫ਼ ਇਕ ਪ੍ਰਭਾਵ ਹੈ। ਕਿਉਂਕਿ ਸੁਪਨਈ ਅਵਸਥਾ ਵਿਚ ਹਉਮੈਂ ਕ੍ਰਿਆਸ਼ੀਲ ਨਹੀਂ ਹੁੰਦੀ, ਇਸ ਲਈ ਕਰਮ ਬੰਧਨ ਨਹੀਂ ਹੋ ਸਕਦੇ।

**ਪ੍ਰਸ਼ਨ-ਕਰਤਾ** : ਕਈ ਵਿਅਕਤੀਆਂ ਨੂੰ ਆਪਣਾ ਸੁਪਨਾ ਯਾਦ ਕਿਉਂ ਨਹੀਂ ਰਹਿੰਦਾ?

**ਦਾਦਾਸ਼੍ਰੀ** : ਇਕ ਸੁਪਨੇ ਦੌਰਾਨ ਕਾਰਕ ਅਤੇ ਸੂਖ਼ਮ ਦੋਵੇਂ ਸਰੀਰ ਕ੍ਰਿਆਸ਼ੀਲ ਹੁੰਦੇ ਹਨ। ਪ੍ਰਤਿਸ਼ਠਿਤ ਆਤਮਾ ਸੁਪਨੇ ਵੇਖਦੀ ਹੈ ਜਦੋਂ ਕਿ ਸ਼ੁੱਧ ਆਤਮਾ ਸਾਪੇਖ ਸਵੈ ਦੀ ਕਰਤਾ ਵੀ ਹੈ ਅਤੇ ਨਿਰੀਖਕ ਵੀ। ਕਰਮਾਂ ਦੇ ਪੜਦਿਆਂ ਦੀਆਂ ਪਰਤਾਂ ਜਿੰਨੀਆਂ ਜ਼ਿਆਦਾ ਹੋਣਗੀਆਂ ਉਨਾ ਹੀ ਘੱਟ ਸਾਨੂੰ ਦਿੱਸੇਗਾ। ਪਰੰਤੂ ਜਿਉਂ ਜਿਉਂ ਪਰਦਾ ਪਤਲਾ ਹੋ ਜਾਂਦਾ ਹੈ ਸੁਪਨੇ ਦੀਆਂ ਘਟਨਾਵਾਂ ਸਪਸ਼ਟ ਹੋ ਜਾਂਦੀਆਂ ਹਨ। ਕਈ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਨੂੰ ਕਦੇ ਸੁਪਨਾ ਆਉਂਦਾ ਹੀ ਨਹੀਂ। ਅਜਿਹੇ ਲੋਕਾਂ ਨੂੰ ਸੁਪਨੇ ਤਾਂ ਜ਼ਰੂਰ ਆਉਂਦੇ ਹਨ ਪਰੰਤੂ ਉਨ੍ਹਾਂ ਨੂੰ ਇਹ ਸੁਪਨੇ ਯਾਦ ਨਹੀਂ ਰਹਿੰਦੇ ਕਿਉਂਕਿ ਉਨ੍ਹਾਂ ਦੇ ਕਰਮਾਂ ਦਾ ਪਰਦਾ ਮੋਟਾ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਸੁਪਨੇ ਵਿਚ ਗਿਆਨੀ ਮਹਾਂਪੁਰਸ਼ ਦੇ ਦਰਸ਼ਨ ਹੋਣ ਦੀ ਮਹੱਤਤਾ ਹੈ?

**ਦਾਦਾਸ਼੍ਰੀ** : ਇਕ ਵਾਰ ਇਕ ਵਿਅਕਤੀ ਨੇ ਕਿਹਾ: "ਦਾਦਾ, ਮੈਂ ਸੁਪਨੇ ਵਿਚ ਦੋ ਘੰਟੇ ਰੋਂਦਾ ਰਿਹਾ। ਪਰੰਤੂ ਤੁਹਾਡੇ ਦਰਸ਼ਨਾ ਨੈ ਮੈਨੂੰ ਧਰਵਾਸ ਦਿੱਤਾ ਅਤੇ ਸਭ ਸ਼ਾਂਤ ਹੋ ਗਿਆ। ਮੈਂ ਖੁਦ

ਨੂੰ ਇਕ ਫੁੱਲ ਦੀ ਤਰ੍ਹਾਂ ਹਲਕਾ ਮਹਿਸੂਸ ਕੀਤਾ।" ਮੈਂ ਕਿਹਾ, "ਪਿਆਰੇ! ਕੀ ਤੇਰੇ ਬਸਤਰ ਗਿੱਲੇ ਨਹੀਂ ਹੋ ਗਏ? ਜੇ ਤੁਹਾਨੂੰ ਸੁਪਨੇ ਵਿਚ ਦਰਸ਼ਨ ਹੁੰਦੇ ਹਨ ਅਤੇ ਤੁਸੀਂ ਉਨ੍ਹਾਂ ਤੋਂ ਅਸ਼ੀਰਵਾਦ ਮੰਗਦੇ ਅਤੇ ਪ੍ਰਾਪਤ ਕਰਦੇ ਹੋ ਤਾਂ ਤੁਹਾਨੂੰ ਇਸ ਦਾ ਬਹੁਤ ਲਾਭ ਹੁੰਦਾ ਹੈ: ਇਹ ਲਾਭ ਉਨ੍ਹਾਂ ਦੇ ਨਿੱਜੀ ਰੂਪ ਵਿਚ ਦਰਸ਼ਨ ਕਰਨ ਨਾਲੋਂ ਵੀ ਵੱਧ ਹੈ। ਦਾਦਾ ਭਗਵਾਨ ਸੁਪਨੇ ਵਿਚ ਵੀ ਸਭ ਕੁਝ ਕਰਨ ਦੇ ਸਮਰਥ ਹਨ। ਪਰੰਤੂ ਤੁਹਾਨੂੰ ਇਹ ਗਿਆਨ ਜ਼ਰੂਰ ਹੋਣਾ ਚਾਹੀਦਾ ਹੈ ਕਿ ਤੁਸੀਂ ਉਨ੍ਹਾਂ ਪਾਸੋਂ ਕੀ ਮੰਗਣਾ ਹੈ। ਕਈ ਮਹਾਤਮਾ ਸ਼ਰਧਾਲੂ ਹਰ ਰੋਜ਼ ਹੀ ਸੁਪਨੇ ਵਿਚ ਦਾਦਾ ਦੇ ਦਰਸ਼ਨ ਕਰਦੇ ਹਨ। ਜਿਵੇਂ ਕਿ ਧਰਮ-ਗਰੰਥਾਂ ਵਿਚ ਲਿਖਿਆ ਮਿਲਦਾ ਹੈ:

> ਜੇ ਗਿਆਨੀ ਪੁਰਸ਼ ਦੇ ਇਕ ਵਾਰ ਸੁਪਨੇ ਵਿਚ ਵੀ ਦਰਸ਼ਨ
> ਹੋ ਜਾਣ ਤਾਂ ਮਾਨਵੀ ਮਨ ਨੂੰ ਹੋਰ ਕਿਸੇ ਦੇ ਵੀ ਦਰਸ਼ਨਾ ਦੀ
> ਜ਼ਰੂਰਤ ਨਹੀਂ ਰਹਿੰਦੀ।

ਸੁਪਨੇ ਦੀ ਅਵਸਥਾ ਵਿਚ ਵੀ ਗਿਆਨੀ-ਪੁਰਸ਼ ਦੇ ਦਰਸ਼ਨ ਹੋਣ ਨਾਲ ਮਨ ਦੀਆਂ ਸਾਰੀਆਂ ਭ੍ਰਾਂਤੀਆਂ ਦੂਰ ਹੋ ਜਾਂਦੀਆਂ ਹਨ।

**ਪ੍ਰਸ਼ਨ-ਕਰਤਾ** : ਇਹ ਵੀ ਕਿਹਾ ਜਾਂਦਾ ਹੈ ਕਿ ਇਹ ਜੀਵਨ ਇਕ ਸੁਪਨਾ ਹੀ ਤਾਂ ਹੈ।

**ਦਾਦਾਸ਼੍ਰੀ** : ਤੁਸੀਂ ਕਾਰਕ ਅਤੇ ਸੂਖ਼ਮ ਦੋਹਾਂ ਸਰੀਰਾਂ ਦੇ ਸੁਪਨਿਆਂ ਨੂੰ ਸੱਚ ਨਹੀਂ ਮੰਨਦੇ। ਠੀਕ ਹੈ ਨਾ?

**ਪ੍ਰਸ਼ਨ-ਕਰਤਾ** : ਨਹੀਂ। ਫਿਰ ਇਕ ਗਿਆਨੀ-ਪੁਰਸ਼ ਇਸ ਜਾਗਤ ਜੀਵਨ ਨੂੰ ਕੀ ਸਮਝਦੇ ਹਨ?

**ਦਾਦਾਸ਼੍ਰੀ** : ਨੀਂਦ ਦੇ ਦੌਰਾਨ ਲਏ ਸੁਪਨੇ ਇਨ੍ਹਾਂ ਦੋਹਾਂ ਸਰੀਰਾਂ ਦਾ ਪਰਿਣਾਮ ਹਨ। ਪਰੰਤੂ ਇਕ ਗਿਆਨੀ-ਪੁਰਸ਼ ਪੂਰਨ ਜਾਗਤ ਅਵਸਥਾ ਵਿਚ ਵੀ ਇਸ ਜੀਵਨ ਨੂੰ ਤਿੰਨਾਂ ਸਰੀਰਾਂ ਦਾ ਇਕ ਸੁਪਨਾ ਮੰਨਦਾ ਹੈ। ਇਹ ਅਗਿਆਨਤਾ ਦੀ ਧੂੜ ਨਾਲ ਢਕੀ ਆਤਮਾ ਦਾ ਭੁਲੇਖਾ ਹੈ ਜਿਹੜਾ ਲੋਕਾਂ ਨੂੰ ਇਹ ਵਿਸ਼ਵਾਸ ਦਿਲਾਉਂਦਾ ਹੈ ਕਿ ਤਿੰਨੇ ਸਰੀਰਾਂ ਦੇ ਸੁਪਨੇ ਸੱਚ ਹਨ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਰਤਾ ਵਧੇਰੇ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਇਕ ਰੰਕ ਸੁਪਨੇ ਵਿਚ ਰਾਜਾ ਬਣ ਕੇ ਅਤਿਅੰਤ ਖੁਸ਼ ਹੁੰਦਾ ਹੈ। ਪਰੰਤੂ ਜਦੋਂ ਨੀਂਦ ਖੁਲਦੀ ਹੈ ਅਤੇ ਸੁਪਨਾ ਟੁੱਟਦਾ ਹੈ ਤਾਂ ਹਾਲਾਤ ਉਹੀ ਪੁਰਾਣੇ ਮਿਲਦੇ ਹਨ। ਉਸੇ ਤਰ੍ਹਾਂ ਜਾਗਤ ਅਵਸਥਾ ਵੀ ਇਕ ਸੁਪਨਾ ਹੈ। ਇਹ ਸੰਸਾਰਕ ਜੀਵਨ ਵੀ ਇਕ ਸੁਪਨੇ ਦੀ ਨਿਆਈ ਹੈ। ਜਿਉਂ ਹੀ ਵਿਅਕਤੀ ਸੰਸਾਰਕ ਸੁਪਨੇ ਤੋਂ ਜਾਗਦਾ ਹੈ ਤਾਂ ਸੁਪਨੇ ਵਾਲਾ ਸਾਰਾ ਜੋਸ਼ ਠੰਢਾ ਪੈ ਜਾਂਦਾ ਹੈ। ਜਿਉਂ ਹੀ ਵਿਅਕਤੀ ਇਸ ਸੰਸਾਰ ਤੋਂ ਰੁਖ਼ਸਤ ਹੁੰਦਾ ਹੈ, ਸੰਸਾਰ ਦੀ ਕੋਈ ਵਸਤੂ ਉਸ ਦੇ ਨਾਲ ਨਹੀਂ ਜਾਂਦੀ। ਜੋ ਵੀ ਸੰਸਾਰਕ ਜੀਵਨ ਸਮੇਂ ਉਸ ਦੇ ਕੋਲ ਸੀ ਉਹ ਸਭ ਇਥੇ ਹੀ ਰਹਿ ਜਾਂਦਾ ਹੈ।

ਇਹ ਸੰਸਾਰਕ ਜੀਵਨ ਖੁਲੀਆਂ ਅੱਖਾਂ ਨਾਲ ਲਏ ਸੁਪਨੇ ਵਾਂਗ ਹੈ ਜਦੋਂ ਕਿ ਨੀਂਦ ਵਿਚ ਲਏ ਸੁਪਨੇ ਬੰਦ ਅੱਖਾਂ ਨਾਲ ਲਏ ਹੁੰਦੇ ਹਨ। ਦੋਵੇਂ ਹੀ ਅਸਰਦਾਰ ਹਨ। ਫਰਕ ਸਿਰਫ਼ ਇਤਨਾ ਹੈ ਕਿ ਜਾਗਤ ਅਵਸਥਾ ਵਿਚ ਹਉਮੈਂ ਵੀ ਨਾਲ ਹੁੰਦੀ ਹੈ।

ਤੁਸੀਂ ਹਜ਼ਾਰਾਂ ਸੁਪਨੇ ਲੈ ਸਕਦੇ ਹੋ ਪਰੰਤੂ ਉਨ੍ਹਾਂ ਦਾ ਤੁਹਾਡੇ ਉਪਰ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਤੁਸੀਂ ਸੁਪਨਿਆਂ ਦੇ ਕਰਤਾ ਵੀ ਹੋ ਅਤੇ ਦ੍ਰਸ਼ਟਾ ਵੀ, ਅਤੇ ਉਸ ਸਮੇਂ ਹਉਮੈਂ ਵੀ ਕ੍ਰਿਆਸ਼ੀਲ ਨਹੀਂ ਹੈ। ਇਕ ਗਿਆਨੀ-ਪੁਰਸ਼ ਜਾਗਤ ਅਵਸਥਾ ਵਿਚ ਵੀ ਜੀਵਨ ਦੇ ਪਲ-ਪਲ ਬਦਲਦੇ ਸਾਰੇ ਪੱਖਾਂ ਦਾ ਕਰਤਾ ਵੀ ਹੈ ਅਤੇ ਉਨ੍ਹਾਂ ਨੂੰ ਮਹਿਸੂਸ ਵੀ ਕਰਦਾ ਹੈ। ਉਸ ਅੰਦਰ ਰਤਾ ਭਰ ਵੀ ਹਉਮੈਂ ਨਹੀਂ ਹੁੰਦੀ। ਇਸ ਲਈ ਜਾਗਤ ਅਵਸਥਾ ਵਿਚ ਵੀ ਉਸ ਨੂੰ ਸਭ ਕੁਝ ਸੁਪਨੇ ਦੀ ਨਿਆਈਂ ਜਾਪਦਾ ਹੈ।

ਗਿਆਨੀ-ਪੁਰਸ਼ ਸਰਵੋਤਮ ਸਰਬ-ਸੰਪੰਨ ਕਰਤਾ ਵੀ ਹੈ ਅਤੇ ਸਭ ਕੁਝ ਨੂੰ ਮਹਿਸੂਸ ਕਰਨ ਵਾਲਾ ਵੀ।

## 105

## ਡਰ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਡਰ ਉਪਰ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਇਸ ਬ੍ਰਹਿਮੰਡ ਅੰਦਰ ਹਰ ਜੀਵਿਤ ਪ੍ਰਾਣੀ ਨੂੰ ਡਰ ਵਾਪਰਦਾ ਹੈ। ਅਸਲ ਵਿਚ, ਡਰ ਹਰ ਜੀਵਿਤ ਪ੍ਰਾਣੀ ਅੰਦਰ ਨਿਹਿਤ ਹੈ ਪਰੰਤੂ ਇਕ ਸੰਤੁਲਿਤ ਹੱਦ ਤੱਕ। ਲੋਕ ਉਦੋਂ ਡਰਦੇ ਹਨ ਜਦੋਂ ਡਰਾਉਣੇ ਹਾਲਾਤ ਪੈਦਾ ਹੋ ਜਾਂਦੇ ਹਨ। ਸਿਰਫ਼ ਮਾਨਵ ਹੀ ਵਿਪਰੀਤ ਭੈ ਅਤੇ ਸਹਿਮ ਤੋਂ ਡਰਦੇ ਹਨ।

**ਪ੍ਰਸ਼ਨ-ਕਰਤਾ** : ਵਿਪਰੀਤ ਭੈ ਕੀ ਹੈ?

**ਦਾਦਾਸ਼੍ਰੀ** : ਵਿਪਰੀਤ ਭੈ ਤੋਂ ਭਾਵ ਹੈ ਡਰ ਦੇ ਇਕੋ ਹਾਲਤ ਵਿਚ ਸੈਂਕੜੇ ਡਰਾਉਣੇ ਹਾਲਾਤਾਂ ਦੀ ਕਲਪਨਾ ਕਰਨੀ। ਇਹ ਵਿਅਕਤੀ ਨੂੰ ਉਸ ਸਮੇਂ ਵੀ ਭੈਭੀਤ ਕਰ ਦਿੰਦਾ ਹੈ ਜਦੋਂ ਡਰ ਦਾ ਕੋਈ ਕਾਰਨ ਨਹੀਂ ਹੁੰਦਾ ਅਤੇ ਨੇੜੇ-ਤੇੜੇ ਡਰ ਦਾ ਪਰਛਾਵਾਂ ਵੀ ਨਹੀਂ ਹੁੰਦਾ। ਅਜਿਹਾ ਵਿਅਕਤੀ ਉਸ ਤੋਂ ਵੀ ਡਰਦਾ ਰਹਿੰਦਾ ਹੈ ਜੋ ਕਦੇ ਵਾਪਰਨਾ ਹੀ ਨਹੀਂ। ਉਦਾਹਰਣ ਦੇ ਲਈ, ਇਕ ਵਿਅਕਤੀ ਨੇ ਸਿਰਫ਼ ਇਕ ਮਹਿਮਾਨ ਨੂੰ ਖਾਣੇ 'ਤੇ ਬੁਲਾਇਆ ਹੈ ਪਰੰਤੂ ਉਹ ਇੰਝ ਸੋਚੇਗਾ ਜਿਵੇਂ ਉਸ ਨੇ ਸੈਂਕੜੇ ਮਹਿਮਾਨਾਂ ਲਈ ਖਾਣੇ ਦਾ ਪ੍ਰਬੰਧ ਕਰਨਾ ਹੋਵੇ। ਇਸ ਤਰ੍ਹਾਂ ਉਸ ਦਾ ਇਹ ਡਰ ਬੇਲੋੜਾ ਅਤੇ ਬੇ-ਮਤਲਬਾ ਹੈ ਅਤੇ ਅਕਾਰਣ ਹੀ ਇੰਨਾ ਤੀਬਰ ਮਹਿਸੂਸ ਕੀਤਾ

ਹੋਇਆ ਹੈ।

**ਪ੍ਰਸ਼ਨ-ਕਰਤਾ** : ਉਹ ਕੀ ਹੈ ਜੋ ਡਰ ਨੂੰ ਜਨਮ ਦਿੰਦਾ ਹੈ?

**ਦਾਦਾਸ਼੍ਰੀ** : ਜਦੋਂ ਕੋਈ ਵਿਅਕਤੀ, ਘ੍ਰਿਣਾ ਜਾਂ ਨਫ਼ਰਤ ਦੇ ਕਾਰਨ ਕਿਸੇ ਵਸਤੂ ਤੋਂ ਕੰਨੀ ਕਤਰਾਉਂਦਾ ਹੈ ਤਾਂ ਉਹ ਵਸਤੂ ਜਾਂ ਗੱਲ ਉਸ ਨੂੰ ਹਮੇਸ਼ਾ ਡਰਾਉਂਦੀ ਰਹੇਗੀ। ਕੋਈ ਵਿਅਕਤੀ ਪੁਲੀਸ ਤੋਂ ਕਿਉਂ ਡਰਦਾ ਹੈ? ਉਹ ਪੁਲੀਸ ਤੋਂ ਡਰਦਾ ਹੈ ਕਿਉਂਕਿ ਉਹ ਪੁਲੀਸ ਨੂੰ ਪਸੰਦ ਨਹੀਂ ਕਰਦਾ, ਉਸ ਨੂੰ ਨਫ਼ਰਤ ਕਰਦਾ ਹੈ। ਕਿਉਂਕਿ ਉਹ ਪਸੰਦ ਨਹੀਂ ਕਰਦਾ, ਇਸ ਲਈ ਨਫ਼ਰਤ ਕਰਦਾ ਹੈ ਅਤੇ ਡਰਦਾ ਵੀ ਹੈ। ਕਚਹਿਰੀ ਦਾ ਨਾਂ ਸੁਣਦਿਆਂ ਹੀ ਸਾਡਾ ਖ਼ੂਨ ਠੰਢਾ ਕਿਉਂ ਹੋ ਜਾਂਦਾ ਹੈ? ਕੀ ਕਚਹਿਰੀ ਆਪਣੇ ਆਪ ਵਿਚ ਕੋਈ ਅਜਿਹੀ ਚੀਜ ਹੈ ਜਿਹੜੀ ਕੋਈ ਆਫ਼ਤ ਲਿਆ ਸਕਦੀ ਹੈ? ਨਹੀਂ, ਸੱਚ ਤਾਂ ਇਹ ਹੈ ਕਿ ਅਸੀਂ ਕਚਹਿਰੀ ਨੂੰ ਨਫ਼ਰਤ ਕਰਦੇ ਹਾਂ ਜਿਸ ਕਰਕੇ ਅਸੀਂ ਇਸ ਦਾ ਭੈ ਖਾਂਦੇ ਹਾਂ।

ਡਰ ਸਾਡੇ ਅੰਦਰਲੀ ਘ੍ਰਿਣਾ ਜਾਂ ਨਫ਼ਰਤ ਦਾ ਬਾਹਰੀ ਪ੍ਰਗਟਾਵਾ ਹੈ।

ਜਦੋਂ ਅਸੀਂ ਸੱਪ ਅੰਦਰ ਪਰਮਾਤਮਾ ਨੂੰ ਨਹੀਂ ਵੇਖਦੇ ਤਾਂ ਅਸੀਂ ਉਸ ਤੋਂ ਡਰਨ ਲਗਦੇ ਹਾਂ। ਮੰਨ ਲਉ ਜੇ ਕਦੇ ਸੱਪ ਮਿਲ ਹੀ ਜਾਂਦਾ ਹੈ ਤਾਂ ਉਸ ਹਾਲਤ ਵਿਚ ਵਿਅਕਤੀ ਨੂੰ ਅਹਿਲ ਖਲੋ ਜਾਣਾ ਚਾਹੀਦਾ ਹੈ - ਬਿਨਾਂ ਕਿਸੇ ਕਿਸਮ ਦੇ ਡਰ ਦੇ। ਸੱਪ ਆਪਣੇ ਆਪ ਹੀ ਚੁੱਪ-ਚਾਪ ਚਲਾ ਜਾਵੇਗਾ। ਇਹ ਤੁਹਾਨੂੰ ਕੋਈ ਨੁਕਸਾਨ ਨਹੀਂ ਪਹੁੰਚਾਵੇਗਾ ਬਸ਼ਰਤੇ ਕਿ ਤੁਹਾਡਾ ਉਸ ਨਾਲ ਪੁਰਾਣੇ ਕਰਮਾਂ ਦਾ ਕੋਈ ਸੰਬੰਧ ਨਾ ਹੋਵੇ।

ਸੰਸਾਰ ਮਾਰਗ ਉਪਰ ਮਨੁੱਖ ਦੀ ਸਾਰੀ ਜੀਵਨ-ਯਾਤਰਾ ਬਹੁਤ ਹੀ ਅਸਚਰਜ ਹੈ। ਸਾਡਾ ਇਹ ਦੁਨਿਆਵੀ ਜੀਵਨ, ਜਿਵੇਂ ਅਸੀਂ ਵੇਖਦੇ ਹੀ ਹਾਂ, ਅਜਿਹੇ ਡਰ ਦੇਣ ਵਾਲੇ ਭੁਲੇਖਿਆਂ ਦਾ ਭਰਿਆ ਪਿਆ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਰਾਤ ਨੂੰ ਸੌਣ ਤੋਂ ਪਹਿਲਾਂ ਜੇ ਵਿਅਕਤੀ ਆਪਣੇ ਕਮਰੇ ਅੰਦਰ ਕਿਸੇ ਸੱਪ ਜਾਂ ਭੂਤ-ਪ੍ਰੇਤ ਦੀ ਹੋਂਦ ਮੰਨ ਕੇ ਭੈਭੀਤ ਹੋ ਜਾਵੇ ਤਾਂ ਉਹ ਸਾਰੀ ਰਾਤ ਡਰ ਦੇ ਕਾਰਨ ਸੌਂ ਨਹੀਂ ਸਕੇਗਾ। ਜਦੋਂ ਸਵੇਰ ਹੋਵੇਗੀ ਤਾਂ ਸੂਰਜ ਦੀ ਰੋਸ਼ਨੀ ਦੇ ਨਾਲ ਹੀ ਉਸ ਦਾ ਕਾਲਪਨਕ ਡਰ ਵੀ ਉਡ ਜਾਵੇਗਾ। ਇਸੇ ਤਰ੍ਹਾਂ ਦਾ ਕਾਲਪਨਕ ਭੈ ਸਾਡੀ ਦੁਨਿਆਵੀ ਜ਼ਿੰਦਗੀ ਵਿਚ ਵੀ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਡਰ ਅਤੇ ਸਹਿਮ ਬਾਰੇ ਹੋਰ ਵੀ ਚਾਨਣਾ ਪਾਉ ਕਿਉਂਕਿ ਇਹ ਸਾਨੂੰ ਜੀਵਨ ਦੌਰਾਨ ਲਗਾਤਾਰ ਦੁੱਖ ਦਿੰਦੇ ਰਹਿੰਦੇ ਹਨ।

**ਦਾਦਾਸ਼੍ਰੀ** : ਜਦੋਂ ਕੋਈ ਵਿਅਕਤੀ ਕਿਸੇ ਭੂਤ-ਪ੍ਰੇਤ ਤੋਂ ਡਰਨ ਲਗਦਾ ਹੈ ਤਾਂ ਅਸਲ ਵਿਚ ਇਹ

ਉਸ ਦੀ ਚਿੰਤਾ ਹੀ ਹੁੰਦੀ ਹੈ ਕਿ ਉਸ ਨਾਲ ਕੀ ਵਾਪਰੇਗਾ ਭਾਵੇਂ ਯਥਾਰਥ ਵਿਚ ਕੋਈ ਡਰ ਹੁੰਦਾ ਹੀ ਨਹੀਂ। ਜਿਉਂ ਹੀ ਸੂਰਜ ਦਾ ਚਾਨਣ ਹੋਵੇਗਾ ਸਾਰੇ ਸਹਿਮ ਵੀ ਅਲੋਪ ਹੋ ਜਾਂਦੇ ਹਨ। ਪਰੰਤੂ ਸੰਸਾਰ ਅੰਦਰ ਜੀਵਨ-ਯਾਤਰਾ ਦੌਰਾਨ ਡਰ ਅਤੇ ਸਹਿਮ ਲੰਮਾ ਸਮਾਂ ਬਣੇ ਰਹਿੰਦੇ ਹਨ।

ਦੁਨਿਆਵੀ ਜੀਵਨ ਵਿਚ ਜਦੋਂ ਵਿਅਕਤੀ ਕਿਸੇ ਚੀਜ ਤੋਂ ਭੈ ਖਾਣ ਲਗਦਾ ਹੈ ਤਾਂ ਉਹ ਉਸ ਵਸਤੂ ਜਾਂ ਵਿਅਕਤੀ ਪ੍ਰਤੀ ਰਾਗ-ਦਵੇਸ਼ ਦੀ ਭਾਵਨਾ ਪਾਲ ਲੈਂਦਾ ਹੈ। ਵਿਅਕਤੀ ਲਗਾਤਾਰ ਕੋਸ਼ਿਸ਼ ਵੀ ਕਰਦਾ ਰਹਿੰਦਾ ਹੈ ਕਿ ਉਹ ਡਰ ਦਾ ਕਾਰਨ ਬਨਣ ਵਾਲੇ ਸਾਰੇ ਹਾਲਾਤਾਂ ਤੋਂ ਖ਼ੁਦ ਨੂੰ ਬਚਾ ਸਕੇ।

ਅਸਲ ਵਿਚ, ਡਰ ਦੀ ਭਾਵਨਾ ਯਥਾਰਥ, ਸਤਿ ਪ੍ਰਤੀ ਅਗਿਆਨਤਾ ਦੇ ਕਾਰਨ ਹੈ ਜਦੋਂ ਭੈ ਦਾ ਸਹਿਮ ਸੰਗੀ-ਚੇਤਨਾ (ਚਾਰਜਡ ਚੇਤਨਾ) ਦੇ ਕਾਰਨ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ ਕਿ ਚਾਰਜਡ ਚੇਤਨਾ ਕਿਵੇਂ ਕੰਮ ਕਰਦੀ ਹੈ?

**ਦਾਦਾਸ਼੍ਰੀ** : ਜਦੋਂ ਅਸੀਂ ਪੂਜਾ ਜਾਂ ਅਰਦਾਸ ਕਰ ਰਹੇ ਹੁੰਦੇ ਹਾਂ ਤਾਂ ਉਸ ਸਮੇਂ ਅਚਾਨਕ ਹੋਈ ਉੱਚੀ ਆਵਾਜ਼ ਸਾਡਾ ਧਿਆਨ ਭੰਗ ਕਰ ਦਿੰਦੀ ਹੈ ਅਤੇ ਸਾਡੇ ਸਰੀਰ ਅੰਦਰ ਇਕ ਕਰੰਟ ਜਿਹਾ ਛਿੜ ਜਾਂਦਾ ਹੈ। ਇਹ ਸਭ ਸੁਭਾਵਕ ਹੈ। ਇਹ ਚਾਰਜਡ ਚੇਤਨਾ ਹੈ। ਮੈਂ ਇਸ ਨੂੰ ਸੰਗੀ-ਚੇਤਨਾ ਕਹਿੰਦਾ ਹਾਂ।

**ਪ੍ਰਸ਼ਨ-ਕਰਤਾ** : ਪਰੰਤੂ ਇਸ ਸਾਰੇ ਭੈ ਅਤੇ ਸਹਿਮ ਦੀ ਅਸਲੀ ਅਤੇ ਮੁੱਢਲਾ ਕਾਰਨ ਕੀ ਹੈ?

**ਦਾਦਾਸ਼੍ਰੀ** : ਜੇ ਕੋਈ ਵਿਅਕਤੀ ਉਨ੍ਹਾਂ ਮਾਮਲਿਆਂ ਵਿਚ ਦਖ਼ਲ ਦਿੰਦਾ ਹੈ ਜਿਹੜੇ ਉਸਦੇ ਕੰਟਰੋਲ ਜਾਂ ਤਾਕਤ ਤੋਂ ਬਾਹਰ ਹਨ ਤਾਂ ਕੀ ਹੋਵੇਗਾ? ਜੇ ਕੋਈ ਕਲਰਕ ਕੁਲੈਕਟਰ ਦੇ ਜਾਅਲੀ ਦਸਤਖ਼ਤ ਕਰਦਾ ਹੈ ਤਾਂ ਉਹ ਸਾਰਾ ਦਿਨ ਭੈਭੀਤ ਰਹੇਗਾ। ਇਹ ਇਸ ਲਈ ਹੋਇਆ ਕਿਉਂਕਿ ਉਸ ਕਲਰਕ ਕੋਲ ਕੁਲੈਕਟਰ ਦੇ ਦਸਤਖ਼ਤ ਕਰਨ ਦੀ ਤਾਕਤ ਨਹੀਂ ਸੀ।

ਇਸੇ ਤਰ੍ਹਾਂ ਇਸ ਸੰਸਾਰ ਵਿਚ ਵੀ ਲੋਕ ਆਪਣੀ ਤਾਕਤ ਤੋਂ ਵੱਧ ਵਿਚਰਨ ਦਾ ਯਤਨ ਕਰਦੇ ਹਨ। ਉਹ ਆਪਣੇ ਆਪ ਨੂੰ ਆਪਣੇ ਨਾਮ ਨਾਲ ਇਕਮਿਕ ਕਰ ਲੈਂਦੇ ਹਨ ਜਿਹੜਾ ਕਿ ਪਰਾ-ਸੱਤਾ ਦਾ ਖ਼ੇਤਰ ਹੈ। "ਮੈਂ ਅਮਿਤ ਹਾਂ" ਪਰਾ-ਸੱਤਾ ਹੈ। ਅਜਿਹਾ ਵਿਅਕਤੀ ਆਪਣੇ ਅਸਲੀ ਸਵੈ ਨੂੰ ਨਹੀਂ ਪਹਿਚਾਣਦਾ ਪਰੰਤੂ ਲਗਾਤਾਰ ਪਰਾ-ਸੱਤਾ ਵਿਚ ਹੀ ਜਿਉਂਦਾ ਹੈ। ਇਹੋ ਕਾਰਨ ਹੈ ਕਿ ਉਹ ਹਰ ਵੇਲੇ ਡਰਿਆ ਹੋਇਆ ਅਤੇ ਸਹਿਮਿਆ ਹੋਇਆ ਰਹਿੰਦਾ ਹੈ।

**ਪ੍ਰਸ਼ਨ-ਕਰਤਾ** : ਅਸੀਂ ਲਗਾਤਾਰ ਇਸ ਚਿੰਤਾ ਵਿਚ ਰਹਿੰਦੇ ਹਾਂ ਕਿ ਸਾਡੇ ਨਾਲ ਕੁਝ ਵਾਪਰ ਜਾਵੇਗਾ ਜਾਂ ਸਾਨੂੰ ਉਹ ਚੀਜ ਨਹੀਂ ਮਿਲੇਗੀ ਜੋ ਅਸੀਂ ਪ੍ਰਾਪਤ ਕਰਨੀ ਚਾਹੁੰਦੇ ਹਾਂ।

**ਦਾਦਾਸ਼੍ਰੀ** : ਲੋਕਾਂ ਨੂੰ ਹਰ ਚੀਜ ਬਿਨਾਂ ਕਿਸੇ ਵਿਸ਼ੇਸ਼ ਤਰੱਦਦ ਦੇ ਮਿਲ ਸਕਦੀ ਹੈ ਬਸ਼ਰਤੇ ਕਿ ਉਹ ਵਿਸ਼ਵਾਸ਼ ਰੱਖਣ। ਫਿਰ ਵੀ ਉਹ ਸਾਰਾ ਸਮਾਂ ਇਸੇ ਸਹਿਮ ਜਾਂ ਡਰ ਅਧੀਨ ਰਹਿੰਦੇ ਹਨ ਕਿ ਜੇ ਇਹ ਵਸਤੂ ਉਨ੍ਹਾਂ ਨੂੰ ਨਾ ਪ੍ਰਾਪਤ ਹੋਈ। ਇਹ ਵਿਪਰੀਤ ਭੈ ਹੈ। ਬੁੱਧੀ ਕਿਸ ਕੰਮ ਲਈ ਹੈ? ਇਹ ਹਰ ਕਿਸੇ ਨੂੰ ਧਰਵਾਸਾ ਦੇਣ ਲਈ ਹੈ ਨਾ ਕਿ ਕਿਸੇ ਨੂੰ ਡਰਾਉਣ ਜਾਂ ਹੈਰਾਨ ਕਰਨ ਲਈ। ਜਿਹੜੀ ਬੁੱਧੀ ਡਰ ਨੂੰ ਸਾਹਮਣੇ ਲਿਆਉਂਦੀ ਹੈ ਉਹ ਵਿਪਰੀਤ ਬੁੱਧੀ ਹੈ। ਅਜਿਹੀ ਬੁੱਧੀ ਨੂੰ ਪੈਦਾ ਹੁੰਦਿਆਂ ਹੀ ਦਬਾ ਦੇਣਾ ਚਾਹੀਦਾ ਹੈ।

ਪਿਆਰੇ ਦੋਸਤ! ਜੇ ਤੁਸੀਂ ਸਚਮੁੱਚ ਹੀ ਕਿਸੇ ਚੀਜ ਦਾ ਭੈ ਖਾਣਾ ਹੈ ਤਾਂ ਮੌਤ ਦਾ ਭੈ ਖਾਉ। ਮੌਤ ਹਰ ਪਲ ਤੁਹਾਡੇ ਸਿਰ ਉਪਰ ਮੰਡਰਾਉਂਦੀ ਹੈ। ਇਹ ਸੰਸਾਰ ਦਾ ਸੁਭਾਅ ਹੈ। ਫਿਰ ਤੁਸੀਂ ਮੌਤ ਤੋਂ ਕਿਉਂ ਨਹੀਂ ਡਰਦੇ? ਜੇ ਤੁਸੀਂ ਮੌਤ ਤੋਂ ਡਰਦੇ ਹੋ ਤਾਂ ਤੁਸੀਂ ਪੂਰੀ ਈਮਾਨਦਾਰੀ ਨਾਲ ਮੁਕਤੀ ਦਾ ਰਾਹ ਲੱਭਣ ਹਿਤ ਯਤਨ ਕਰੋਗੇ। ਅਜੀਬ ਗੱਲ ਤਾਂ ਇਹ ਕਿ ਲੋਕ ਇਸ ਗੱਲ ਤੋਂ ਲਾਪਰਵਾਹ ਅਤੇ ਅਸੰਵੇਦਨਸ਼ੀਲ ਹਨ।

## 106
## ਸਵੈ-ਹਿਤ ਪ੍ਰਤੀ ਜਾਗਰੂਕਤਾ

**ਪ੍ਰਸ਼ਨ-ਕਰਤਾ** : ਅਕਸਰ ਹੀ ਵਿਅਕਤੀ ਸਪਸ਼ਟ ਨਹੀਂ ਹੁੰਦਾ ਕਿ ਸਚਮੁੱਚ ਉਸ ਦੇ ਆਪਣੇ ਹਿਤ ਵਿਚ ਕੀ ਹੈ?

**ਦਾਦਾਸ਼੍ਰੀ** : ਵਿਅਕਤੀ ਨੂੰ ਇਹ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ ਕਿਹੜੇ ਕੰਮਾਂ ਨਾਲ ਉਸ ਨੂੰ ਪ੍ਰਸੰਨਤਾ ਮਿਲਦੀ ਹੈ ਅਤੇ ਕਿਹੜੇ ਕੰਮ ਉਸ ਲਈ ਅੰਤ ਨੂੰ ਦੁਖਦਾਈ ਸਾਬਤ ਹੁੰਦੇ ਹਨ। ਹਰ ਇਕ ਵਿਅਕਤੀ ਨੂੰ ਇਹ ਜਾਨਣ ਲਈ ਕਿ ਉਸ ਦੇ ਹਿਤ ਵਿਚ ਕੀ ਹੈ ਖ਼ੁਦ ਹੀ ਯਤਨ ਕਰਨੇ ਚਾਹੀਦੇ ਹਨ ਅਤੇ ਆਪਣੀ ਸਮਝ ਤੋਂ ਕੰਮ ਲੈਣਾ ਚਾਹੀਦਾ ਹੈ। ਜਦੋਂ ਕਿਸੇ ਨੂੰ ਆਪਣੇ ਹਿਤ ਅਤੇ ਲਾਭ ਬਾਰੇ ਖ਼ੁਦ ਜਾਣਕਾਰੀ ਨਹੀਂ ਹੁੰਦੀ ਤਾਂ ਉਹ ਦੂਸਰਿਆਂ ਦੀ ਰੀਸ ਕਰਦਾ ਹੈ।

ਪਰੰਤੂ ਕੀ ਤੁਸੀਂ ਜਾਣਦੇ ਹੋ ਕਿ ਇਸ ਸੰਸਾਰ ਵਿਚ ਕਿਸ ਦੀ ਨਕਲ ਕਰਨੀ ਚਾਹੀਦੀ ਹੈ? ਉੱਤਰ ਵਿਚ ਤੁਸੀਂ ਕਹੋਗੇ ਕਿ "ਜਿਹੜਾ ਵੀ ਵਿਅਕਤੀ ਸਿਆਣਾ ਅਤੇ ਸਮਝਦਾਰ ਹੈ"। ਸੋ ਤੁਸੀਂ ਕਿਸ ਦੀ ਨਕਲ ਕਰਨਾ ਚਾਹੋਗੇ; ਕਿਸ ਦੇ ਕਦਮਾਂ ਉਪਰ ਚੱਲੋਗੇ?

ਜਿੰਨੀ ਦੇਰ ਤੱਕ ਵਿਅਕਤੀ ਦਾ ਵਿਸ਼ਵਾਸ਼ ਬਣਿਆ ਰਹਿੰਦਾ ਹੈ ਕਿ 'ਮੈਂ ਅਮਿਤ ਹਾਂ', ਉਨੀ ਦੇਰ ਉਹ ਸਵੈ ਨੂੰ ਨਹੀਂ ਪਹਿਚਾਣ ਸਕਦਾ। ਤੁਸੀਂ ਪਰਮ ਸਤਿ ਦੀ ਨਕਲ ਕਰ ਸਕਦੇ ਹੋ ਪਰੰਤੂ ਜਿਹੜਾ ਆਪ ਹੀ ਸਤਿ ਨਹੀਂ ਉਸ ਦੀ ਨਕਲ ਕਰਕੇ ਤੁਹਾਨੂੰ ਕੀ ਮਿਲੇਗਾ?

ਇਹ ਗੱਲ ਹਮੇਸ਼ਾ ਯਾਦ ਰੱਖੋ ਕਿ ਫਲ ਤਾਂ ਸਵੈ-ਪਹਿਚਾਣ ਨਾਲ ਹੀ ਮਿਲਦਾ ਹੈ - ਹੋਰ ਕਿਸੇ ਢੰਗ-ਤਰੀਕੇ ਨਾਲ ਵੀ ਨਹੀਂ।

ਸਿਰਫ਼ ਗਿਆਨੀ ਪੁਰਸ਼ ਹੀ ਸਤਿ-ਸਰੂਪ ਹੈ; ਬਾਕੀ ਹਰ ਕੋਈ ਸਿਰਫ਼ ਨਕਲ ਹੈ। ਅੱਜ ਕੱਲ ਇਕ-ਦੂਜੇ ਦੀ ਨਕਲ ਕਰਨਾ ਇਕ ਤਰ੍ਹਾਂ ਦਾ ਫੈਸ਼ਨ ਬਣ ਗਿਆ ਹੈ। ਅੱਜ ਤਾਂ ਲੋਕ ਦੂਸਰਿਆਂ ਦੇ ਖੜੋਣ, ਤੁਰਨ, ਸੌਣ ਅਤੇ ਇਥੋਂ ਤੱਕ ਕਿ ਬੈਠਣ ਦੀ ਵੀ ਨਕਲ ਕਰਨ ਲੱਗੇ ਹਨ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਡੇ ਲਈ ਸਹੀ ਵਿਵਹਾਰ ਉਪਰ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਸਤਿਯੁਗ ਦੇ ਸਮੇਂ ਲੋਕ ਸੰਸਾਰਕ ਜੀਵਨ ਅੰਦਰ ਆਪਣੇ ਹਿਤਾਂ ਪ੍ਰਤੀ ਸੁਚੇਤ ਸਨ। ਉਨ੍ਹੀਂ ਦਿਨੀਂ ਵਿਵਹਾਰ ਵਿਚ ਅਸ਼ੁੱਧਤਾ ਹੈ ਹੀ ਨਹੀਂ ਸੀ। ਉਹ ਸਪਸ਼ਟਵਾਦੀ ਅਤੇ ਗੁਣਵਾਨ ਸਨ। ਇਸ ਦੇ ਉਲਟ, ਅੱਜ ਕੱਲ ਹਰ ਪਾਸੇ ਅਨੈਤਿਕ ਵਿਵਹਾਰ ਦਾ ਬੋਲ-ਬਾਲਾ ਹੈ। ਇਸ ਹਾਲਤ ਵਿਚ ਵਿਅਕਤੀ ਆਪਣੇ ਹਿਤ ਪ੍ਰਤੀ ਸੁਚੇਤ ਕਿਵੇਂ ਹੋ ਸਕਦਾ ਹੈ? ਇਸ ਦੇ ਵਿਪਰੀਤ, ਲੋਕਾਂ ਨੇ ਦੂਸਰਿਆਂ ਦੀ ਦੇਖਾ-ਦੇਖੀ ਅਯੋਗ ਵਿਵਹਾਰ ਨੂੰ ਅਪਣਾ ਲਿਆ ਹੈ। ਉਨ੍ਹਾਂ ਦੀ ਸ਼ੁੱਧ ਆਤਮਾ ਕੀ ਨਿਹਿਤ ਹੈ ਉਸ ਦਾ ਲਾਭ ਉਠਾਣ ਹਿਤ ਇਹ ਲੋਕ ਆਪਣੇ ਅੰਦਰ ਝਾਤੀ ਮਾਰਨ ਲਈ ਯਤਨ ਹੀ ਨਹੀਂ ਕਰਦੇ।

ਜਿਉਂ ਹੀ ਤੁਹਾਡੀ ਆਪਣੇ ਨਿਜੀ ਹਿਤ ਨੂੰ ਵਾਚਣ (ਭਾਵ ਸਵੈ ਨੂੰ ਪਹਿਚਾਨਣ) ਦੀ ਤਾਕਤ ਵਧਦੀ ਹੈ ਤਾਂ ਤੁਹਾਡੇ ਬਚਨ ਵਿਤਕਰੇ-ਰਹਿਤ ਹੋ ਜਾਂਦੇ ਹਨ; ਉਨ੍ਹਾਂ ਦਾ ਕਿਸੇ ਵਸਤੂ ਨਾਲ ਮੋਹ ਨਹੀਂ ਰਹਿੰਦਾ। ਤੁਹਾਡੀ ਆਤਮਾ ਪਵਿੱਤਰ, ਹੋਰ ਪਵਿੱਤਰ ਹੁੰਦੀ ਜਾਂਦੀ ਹੈ ਅਤੇ ਤੁਸੀਂ ਸਮਝ ਜਾਂਦੇ ਹੋ ਕਿ ਉਹ ਤੁਹਾਡੇ ਦੋਸਤ ਹਨ ਜਾਂ ਦੁਸ਼ਮਣ, ਉਹ ਤੁਹਾਡੇ ਪਾਲੇ ਵਿਚ ਹਨ ਜਾਂ ਵਿਰੋਧੀ ਪਾਲੇ ਵਿਚ।

**ਪ੍ਰਸ਼ਨ-ਕਰਤਾ** : ਸਮਝਣ ਅਤੇ ਪਹਿਚਾਨਣ ਦੀ ਇਹ ਸਮਰਥਾ ਕਿਵੇਂ ਹਾਸਲ ਕੀਤੀ ਜਾ ਸਕਦੀ ਹੈ?

**ਦਾਦਾਸ਼੍ਰੀ** : ਵਿਅਕਤੀ ਨੂੰ ਸਦੈਵ ਹੀ ਜਾਗਰੂਕ ਰਹਿਣਾ ਚਾਹੀਦਾ ਹੈ ਕਿ ਕਿਹੜੀ ਗੱਲ/ਚੀਜ ਉਸ ਦੇ ਨਿਜੀ ਹਿਤ ਵਿਚ ਹੈ। ਇਹ ਜਾਗਰੂਕਤਾ ਦੋ ਪੱਖਾਂ ਤੋਂ ਹੋਣੀ ਚਾਹੀਦੀ ਹੈ: (i) ਅਸਲ ਵਿਚ ਮੈਂ ਕੌਣ ਹਾਂ ਅਤੇ (ii) ਇਸ ਦੁਨਿਆਵੀ ਜੀਵਨ ਅੰਦਰ ਮੇਰੇ ਸਵੈ (ਆਤਮਾ) ਲਈ ਕੀ ਨੁਕਸਾਨਦੇਹ ਹੈ ਅਤੇ ਕੀ ਲਾਹੇਵੰਦ। ਮਨੁੱਖ ਦਾ ਅਸਲੀ ਸਵੈ (ਆਤਮਾ) ਉਸ ਨੂੰ ਕਦੇ ਧੋਖਾ ਨਹੀਂ ਦਿੰਦਾ ਜਦੋਂ ਕਿ ਦੁਨਿਆਵੀ ਜੀਵਨ ਕਪਟ ਕਮਾ ਸਕਦਾ ਹੈ। ਇਸ ਲਈ ਸਦੈਵ ਜਾਗਰੂਕ ਅਤੇ ਚੇਤੰਨ ਰਹੋ ਕਿ ਤੁਹਾਡੇ ਸਵੈ-ਹਿਤ ਲਈ ਕੀ ਚੰਗਾ ਹੈ ਅਤੇ ਕੀ ਬੁਰਾ, ਕੀ ਲਾਹੇਵੰਦ ਹੈ ਅਤੇ ਕੀ ਨੁਕਸਾਨਦੇਹ।

ਕੀ ਇਕ ਸਿਆਣਾ ਅਤੇ ਸਮਝਦਾਰ ਵਿਅਕਤੀ ਕਦੇ ਜ਼ਹਿਰ ਜਾਂ ਕੀਟਨਾਸ਼ਕ ਦਵਾਈ ਪੀ ਲਵੇਗਾ? ਕੋਈ ਵੀ ਇਸ ਤਰ੍ਹਾਂ ਦੇ ਮੂਰਖ਼ਤਾਪੂਰਣ ਵਿਚਾਰ ਨੂੰ ਅਮਲੀ ਰੂਪ ਦੇਣ ਦਾ ਤਜ਼ਰਬਾ ਕਰਨਾ ਨਹੀਂ ਚਾਹੇਗਾ?

## 107
## ਜੀਵਨ ਵਿਚ ਸਮਾਯੋਜਨ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਜੀਵਨ ਵਿਚ ਸਮਾਯੋਜਨ ਦੇ ਵਿਸ਼ੇ ਉਪਰ ਰੋਸ਼ਨੀ ਪਾਉ।

**ਦਾਦਾਸ਼੍ਰੀ** : ਹਰ ਵਿਅਕਤੀ ਦੇ ਜੀਵਨ ਵਿਚ ਕੁਝ ਅਸੂਲ ਜ਼ਰੂਰ ਹੁੰਦੇ ਹਨ ਪਰੰਤੂ ਫਿਰ ਵੀ ਉਹ ਹਾਲਾਤਾਂ ਦੇ ਅਨੁਸਾਰ ਸਮਾਯੋਜਨ ਕਰਦਾ ਹੈ। ਜਿਹੜਾ ਵਿਅਕਤੀ ਆਪਣੇ ਆਪ ਨੂੰ ਹਾਲਾਤਾਂ ਅਨੁਸਾਰ ਸਮਝੌਤਾ ਕਰ ਲੈਂਦਾ ਹੈ ਉਹ ਹੀ ਮਨੁੱਖੀ ਹੋਂਦ ਦੇ ਯੋਗ ਹੈ। ਹਰ ਤਰ੍ਹਾਂ ਦੇ ਹਾਲਾਤਾਂ ਨਾਲ ਸਮਾਯੋਜਨ ਕਰਨ ਦੀ ਯੋਗਤਾ ਵਿਅਕਤੀ ਨੂੰ ਮੁਕਤੀ ਦੇ ਦਰ ਵੱਲ ਲੈ ਜਾਂਦੀ ਹੈ। ਇਹ ਤਾਂ ਕਮਾਲ ਦਾ ਹਥਿਆਰ ਹੈ। ਇਸ ਲਈ, ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਉਨ੍ਹਾਂ ਵਿਅਕਤੀਆਂ ਨਾਲ ਵੀ ਸਮਾਯੋਜਨ ਕਰ ਲਉ ਜਿਹੜੇ ਖ਼ੁਦ ਕਿਸੇ ਨਾਲ ਸਮਾਯੋਜਨ ਨਹੀਂ ਕਰਦੇ। ਸਾਡੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਕੀ ਅਸੀਂ ਸੱਸ ਅਤੇ ਨੂੰਹ ਜਾਂ ਨਣਦ ਅਤੇ ਭਰਜਾਈ ਵਿਚਕਾਰ ਸਮਾਯੋਜਨ ਦੀ ਘਾਟ ਮਹਿਸੂਸ ਨਹੀਂ ਕਰਦੇ। ਜਿਹੜੇ ਵੀ ਵਿਅਕਤੀ ਆਵਾਗਵਣ ਦੇ ਚੱਕਰ ਵਿਚੋਂ ਨਿਕਲ ਕੇ ਮੁਕਤੀ ਪ੍ਰਾਪਤ ਕਰਨ ਦੇ ਇੱਛੁਕ ਹਨ ਉਨ੍ਹਾਂ ਨੂੰ ਦੂਸਰਿਆਂ ਨਾਲ ਸਮਾਯੋਜਨ ਕਰਨਾ ਬਣਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਨੂੰ ਸ਼ਾਦੀ-ਸ਼ੁਦਾ ਜੀਵਨ ਬਾਰੇ ਵੀ ਕੁਝ ਦੱਸੋ।

**ਦਾਦਾਸ਼੍ਰੀ** : ਸ਼ਾਦੀ-ਸ਼ੁਦਾ ਜ਼ਿੰਦਗੀ ਵਿਚ ਜੇਕਰ ਪਤੀ-ਪਤਨੀ ਵਿਚੋਂ ਕੋਈ ਵੀ ਇਕ ਰਿਸ਼ਤੇ ਨੂੰ ਤੋੜਨਾ ਚਾਹੁੰਦਾ ਹੈ ਤਾਂ ਦੂਸਰੇ ਨੂੰ ਚਾਹੀਦਾ ਹੈ ਕਿ ਉਹ ਇਸ ਰਿਸ਼ਤੇ ਨੂੰ ਜੋੜੀ ਰੱਖਣ ਹਿਤ ਯਤਨ ਕਰਦਾ ਰਹੇ। ਇਕ ਵਲੋਂ ਕਲੇਸ਼ ਜਾਂ ਝਗੜਾ ਦੂਸਰੇ ਵੱਲੋਂ ਸਮਝੌਤੇ ਦੀ ਭਾਵਨਾ, ਸਮਝੌਤੇ ਵਾਲੀ ਪ੍ਰਤੀਕ੍ਰਿਆ ਲਿਆਵੇ। ਤਾਂ ਹੀ ਉਨ੍ਹਾਂ ਦਾ ਇਹ ਰਿਸ਼ਤਾ ਟਿਕਿਆ ਰਹੇਗਾ ਅਤੇ ਪਰਿਵਾਰ ਵਿਚ ਸ਼ਾਂਤੀ ਵੀ ਰਹੇਗੀ।

ਜਿਹੜੇ ਜੋੜੇ ਸਮਾਯੋਜਨ ਜਾਂ ਸਮਝੌਤਾ ਕਰਨਾ ਹੀ ਨਹੀਂ ਜਾਣਦੇ ਉਹ ਲੋਕਾਂ ਦੀਆਂ ਨਜ਼ਰਾਂ ਵਿਚ ਜਾਂ ਪਾਗਲ ਹਨ ਜਾਂ ਸਨਕੀ। ਦੁਨਿਆਵੀ ਅਤੇ ਪਰਿਵਾਰਕ ਮਾਮਲਿਆਂ ਵਿਚ ਜਿੱਦ ਠੀਕ ਨਹੀਂ ਹੁੰਦੀ। ਵਿਅਕਤੀ ਨੂੰ ਤਾਂ ਇਕ ਚੋਰ ਨਾਲ ਵੀ ਸਮਾਯੋਜਨ ਕਰਨਾ ਆਉਣਾ ਚਾਹੀਦਾ ਹੈ। ਜਿਸ ਤਰ੍ਹਾਂ ਪੁਰਾਣੇ ਸਮੇਂ ਵਿਚ ਕੋਹਲੂ ਅੱਗੇ ਬਲਦ ਜੋਤਿਆ ਹੁੰਦਾ ਸੀ ਅਤੇ ਉਸ

ਬਲਦ ਦੀਆਂ ਅੱਖਾਂ ਉਪਰ ਪੱਟੀ ਬੰਨੀ ਹੁੰਦੀ ਸੀ: ਅੱਜ ਕੱਲ ਦੇ ਮਨੁੱਖ ਦੀ ਸਥਿਤੀ ਵੀ ਲਗਭਗ ਇਹੋ ਜਿਹੀ ਹੀ ਹੈ। ਉਹ ਸਾਰਾ ਦਿਨ ਰੁਟੀਨ ਦੇ ਕੰਮਾਂ-ਕਾਰਾਂ ਵਿਚ ਇਉਂ ਰੁੱਝਾ ਰਹਿੰਦਾ ਹੈ ਮਾਨੋ ਇਕ ਗੋਲ ਚੱਕਰ ਵਿਚ ਦੌੜ ਰਿਹਾ ਹੋਵੇ ਜਿਸ ਦੀ ਦੌੜ ਦਾ ਕੋਈ ਅੰਤ ਨਹੀਂ ਅਤੇ ਮੰਜ਼ਿਲ-ਪ੍ਰਾਪਤੀ ਦਾ ਪਤਾ ਨਹੀਂ। ਇਸ ਸਾਰੇ ਵਿਚੋਂ ਬਾਹਰ ਨਿਕਲਣ ਦਾ ਰਸਤਾ ਕਿੱਥੇ ਹੈ, ਇਕ ਵਾਰ ਤੁਸੀਂ ਇਸ ਜਾਲ ਵਿਚ ਫਸ ਗਏ, ਫਿਰ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ।

ਜਿਹੜਾ ਵਿਅਕਤੀ ਹਰ ਥਾਂ, ਹਰ ਹਾਲਤ ਵਿਚ ਸਮਾਯੋਜਨ ਕਰ ਲੈਂਦਾ ਹੈ ਉਹ ਸਹੀ ਮਾਅਨਿਆਂ ਵਿਚ ਮਾਨਵ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਰੋਜ਼ਾਨਾ ਜੀਵਨ ਵਿਚ ਸਮਾਯੋਜਨ ਦੀ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਇਕ ਵਾਰ ਜਦੋਂ ਮੈਂ ਇਸ਼ਨਾਨ ਕਰਨ ਹਿਤ ਗੁਸਲਖਾਨੇ ਅੰਦਰ ਗਿਆ ਤਾਂ ਉਹ ਗਰਮ ਪਾਣੀ ਦੀ ਬਾਲਟੀ ਵਿਚ ਕੱਪ ਰੱਖਣਾ ਭੁੱਲ ਗਏ। ਪਰੰਤੂ ਕਿਉਂਕਿ ਮੈਂ ਗਿਆਨੀ ਪੁਰਸ਼ ਹਾਂ, ਇਸ ਲਈ ਮੈਂ ਸਮਾਯੋਜਨ ਕਰ ਲਵਾਂਗਾ। ਜਦੋਂ ਮੈਂ ਬਾਲਟੀ ਵਿਚ ਹੱਥ ਪਾ ਕੇ ਵੇਖਿਆ ਤਾਂ ਪਤਾ ਲੱਗਾ ਕਿ ਪਾਣੀ ਬਹੁਤ ਗਰਮ ਸੀ। ਜਦੋਂ ਮੈਂ ਤਾਜਾ ਪਾਣੀ ਲੈਣ ਲਈ ਟੂਟੀ ਖੋਲ੍ਹੀ ਤਾਂ ਉਸ ਵਿਚ ਪਾਣੀ ਨਹੀਂ ਸੀ। ਸੋ ਮੈਂ ਹੌਲੀ-ਹੌਲੀ ਪਾਣੀ ਨੂੰ ਆਪਣੇ ਪਿੰਡੇ ਉਪਰ ਮਲਣਾ ਆਰੰਭ ਕਰ ਦਿਤਾ: ਇੰਝ ਕਰਨ ਨਾਲ ਮੇਰੇ ਸਰੀਰ ਵਿਚ ਠੰਢਕ ਆ ਗਈ। ਮੇਰੇ ਤੋਂ ਦੀਖਸ਼ਾ ਲੈ ਚੁੱਕੇ ਸਾਰੇ ਮਹਾਤਮਾ ਇਹ ਸੋਚ ਰਹੇ ਸਨ ਕਿ ਦਾਦਾ ਨੇ ਉਸ ਦਿਨ ਇਸ਼ਨਾਨ ਕਰਦਿਆਂ ਕੁਝ ਜ਼ਿਆਦਾ ਹੀ ਸਮਾਂ ਲਗਾ ਦਿੱਤਾ ਸੀ। ਪਰ ਮੈਂ ਹੋਰ ਕਰ ਵੀ ਕੀ ਸਕਦਾ ਸੀ? ਗਰਮ ਪਾਣੀ ਨੂੰ ਠੰਢਾ ਹੋਣ ਲਈ ਕੁਝ ਵਕਤ ਤਾਂ ਚਾਹੀਦਾ ਹੀ ਸੀ ਅਤੇ ਮੈਂ ਇਸ ਬਾਤ ਦਾ ਬਤੰਗੜ ਵੀ ਨਹੀਂ ਬਨਾਉਣਾ ਚਾਹੁੰਦਾ ਸੀ ਕਿ ਮੈਂ ਰੌਲਾ ਪਾਵਾਂ ਕਿ ਮੈਨੂੰ ਇਹ ਚੀਜ ਦਿਉ, ਉਹ ਚੀਜ ਦਿਉ। ਮੈਂ ਕਿਵੇਂ ਨਾ ਕਿਵੇਂ ਹਾਲਤ ਨਾਲ ਸਮਾਯੋਜਨ ਕਰਨਾ ਸੀ। 'ਸਮਾਯੋਜਨ ਕਰਨਾ' ਜ਼ਿੰਮੇਵਾਰ ਹੋਣ ਦਾ ਅਤੇ ਸੱਚੇ ਧਾਰਮਕ ਹੋਣ ਦੀ ਨਿਸ਼ਾਨੀ ਹੈ। ਇਹ ਵਿਅਕਤੀ ਦੀ ਅਸਲੀ ਜ਼ਿੰਮੇਵਾਰੀ ਹੈ।

ਅੱਜ ਦੇ ਇਸ ਜ਼ਮਾਨੇ ਵਿਚ ਸਾਨੂੰ ਹਾਂ-ਵਾਚਕ ਅਤੇ ਨਾਂਹ-ਵਾਚਕ ਦੋਵੇਂ ਤਰ੍ਹਾਂ ਦੇ ਹਾਲਾਤਾਂ ਨਾਲ ਸਮਾਯੋਜਨ ਕਰਨਾ ਹੈ। ਨਾਂਹ-ਵਾਚਕ ਨੂੰ ਹਾਂ-ਵਾਚਕ ਵਿਚ ਤਬਦੀਲ ਕਰਨਾ ਹੈ ਅਤੇ ਹਾਂ-ਵਾਚਕ ਨੂੰ ਨਾਂਹ-ਵਾਚਕ ਵਿਚ। ਇੰਝ ਅਸੀਂ ਆਪਣੇ ਵਿਵਹਾਰ ਨੂੰ ਸਮੇਂ ਅਨੁਸਾਰ ਇਕਸੁਰ ਕਰਨਾ ਹੈ। ਜੇ ਕੋਈ ਮੈਨੂੰ ਪਾਗ਼ਲ ਕਹਿੰਦਾ ਹੈ ਤਾਂ ਮੈਂ ਉਸ ਨੂੰ ਇਹੋ ਕਹਾਂਗਾ ਕਿ 'ਹਾਂ, ਤੁਸੀਂ ਠੀਕ ਹੋ' ਅਤੇ ਇਸ ਤਰ੍ਹਾਂ ਉਸ ਨਾਲ ਵਾਰਤਾਲਾਪ ਨੂੰ ਉਥੇ ਹੀ ਖ਼ਤਮ ਕਰ ਦਿਆਂਗਾ।

**ਪ੍ਰਸ਼ਨ-ਕਰਤਾ** : ਸਿਆਣਾ ਕੌਣ ਹੈ?

**ਦਾਦਾਸ਼੍ਰੀ** : ਜਿਹੜਾ ਵਿਅਕਤੀ ਸਿਆਣਾ ਹੈ ਉਹ ਕਦੇ ਵੀ ਕਿਸੇ ਨੂੰ ਚੋਟ ਨਹੀਂ ਪਹੁੰਚਾਉਂਦਾ

ਅਤੇ ਦੂਸਰਿਆਂ ਦੁਆਰਾ ਦਿੱਤੇ ਦੁੱਖ ਅਤੇ ਗ਼ਮ ਨੂੰ ਸਵੀਕਾਰ ਕਰ ਲੈਂਦਾ ਹੈ। ਉਹ ਦੂਸਰਿਆਂ ਉਪਰ ਅਹਿਸਾਨ ਕਰਦਾ ਹੈ ਅਤੇ ਸਵੇਰ ਸਮੇਂ ਉੱਠਣ ਤੋਂ ਲੈ ਕੇ ਸਾਰਾ ਸਮਾਂ ਦੂਸਰਿਆਂ ਦੀ ਸਹਾਇਤਾ ਕਰਦਾ ਹੈ। ਅਜਿਹਾ ਵਿਅਕਤੀ ਜੀਵਨ ਵਿਚ ਕਿਸੇ ਸਮੇਂ ਮੁਕਤੀ ਦੇ ਦਰ ਨੂੰ ਜਾਂਦੇ ਰਾਹ ਉਪਰ ਜ਼ਰੂਰ ਪਹੁੰਚ ਜਾਵੇਗਾ।

## 108
## ਮਤਭੇਦ

**ਪ੍ਰਸ਼ਨ–ਕਰਤਾ** : ਕਿਰਪਾ ਕਰਕੇ ਮਤਭੇਦਾਂ ਬਾਰੇ ਵੀ ਚਾਨਣਾ ਪਾਉ।

**ਦਾਦਾਸ਼੍ਰੀ** : "ਕਦੇ ਵੀ ਕਿਸੇ ਨਾਲ ਮਤਭੇਦ ਜਾਂ ਵਿਰੋਧਾਤਮਕ ਸਥਿਤੀ ਪੈਦਾ ਨਾ ਹੋਣ ਦਿਉ; ਮਤਭੇਦਾਂ ਤੋਂ ਹਮੇਸ਼ਾ ਬਚ ਕੇ ਰਹੋ।" ਜੇ ਤੁਸੀਂ 'ਮੇਰੀ' ਇਸ ਸਿੱਖਿਆ ਉਪਰ ਈਮਾਨਦਾਰੀ ਨਾਲ ਅਮਲ ਕਰੋਗੇ ਤਾਂ ਬਿਨਾਂ ਸ਼ੱਕ ਤੁਸੀਂ ਮੁਕਤੀ ਪ੍ਰਾਪਤ ਕਰ ਲਉਗੇ। ਤੁਹਾਡੀ ਈਮਾਨਦਾਰੀ ਅਤੇ 'ਮੇਰੇ' ਸ਼ਬਦਾਂ ਦੀ ਆਤਮਕ ਸ਼ਕਤੀ ਰਲ ਕੇ ਮਨ – ਚਾਹੇ ਫਲ ਦੀ ਪ੍ਰਾਪਤੀ ਕਰ ਲੈਣਗੇ। ਹਾਂ, ਤੁਸੀਂ ਇਸ ਲਈ ਤਿਆਰ ਰਹੋ।

ਜੇ 'ਮੇਰਾ' ਉਚਾਰਿਆ ਇਕ ਵਾਕ ਵੀ ਤੁਸੀਂ ਆਪਣੇ ਜੀਵਨ ਵਿਚ ਬਿਲਕੁਲ ਸਹੀ ਭਾਵਨਾ ਨਾਲ ਅਮਲ ਵਿਚ ਲੈ ਆਉ ਤਾਂ ਇਸ ਵਿਚ ਇੰਨੀ ਤਾਕਤ ਹੈ ਕਿ ਇਹ ਤੁਹਾਨੂੰ ਮੁਕਤ–ਪਥ ਉਪਰ ਲਿਜਾ ਸਕਦਾ ਹੈ। 'ਮੇਰਾ' ਸਿਰਫ਼ ਇਕ ਸ਼ਬਦ, ਇਸ ਦੇ ਮੂਲ ਰੂਪ ਵਿਚ, ਇਸ ਦੀ ਅਸਲੀ ਭਾਵਨਾ ਸਮੇਤ, ਤੁਸੀਂ ਆਪਣੇ ਜੀਵਨ ਵਿਚ ਲਾਗੂ ਕਰ ਲਉ ਬਿਨਾਂ ਇਸ ਦਾ ਬੁੱਧੀ ਲਾਲ ਵਿਸ਼ਲੇਸ਼ਣ ਕਰਨ ਦੇ। ਤੁਹਾਡੀ ਬੁੱਧੀ ਇਥੇ ਕੰਮ ਨਹੀਂ ਕਰੇਗੀ ਸਗੋਂ ਸਾਰੇ ਮਾਮਲੇ ਨੂੰ ਉਲਝਾ ਦੇਵੇਗੀ।

ਜੇਕਰ ਤੁਸੀਂ 'ਮੇਰੇ' ਸਿਰਫ਼ ਇਕ ਸ਼ਬਦ ਨੂੰ ਸਿਰਫ਼ ਇਕ ਦਿਨ ਲਈ ਹੀ ਜੀ ਲੈਂਦੇ ਹੋ ਤਾਂ ਇਹ ਤੁਹਾਡੇ ਅੰਦਰ ਅਤਿਅੰਤ ਆਤਮਕ ਸ਼ਕਤੀ ਪੈਦਾ ਕਰੇਗਾ। ਆਤਮਾ ਦੀ ਸ਼ਕਤੀ ਦਾ ਬਾਹਰੀ ਪ੍ਰਗਟਾਵਾ ਹੋ ਜਾਵੇਗਾ। ਤੁਹਾਡੇ ਅੰਦਰ ਇੰਨੀ ਜ਼ਿਆਦਾ ਤਾਕਤ ਹੈ ਕਿ ਤੁਸੀਂ ਕਿਸੇ ਦੁਆਰਾ ਵੀ ਤੁਹਾਡੇ ਉਪਰ ਠੋਸੇ ਗਏ ਮਤਭੇਦ ਜਾਂ ਕਲੇਸ਼ ਤੋਂ ਬਚ ਕੇ ਰਹਿ ਸਕਦੇ ਹੋ।

**ਪ੍ਰਸ਼ਨ–ਕਰਤਾ** : ਪਰੰਤੂ ਕਈ ਵਿਅਕਤੀਆਂ ਦੇ ਨਾਲ ਮਤਭੇਦ ਦਾ ਖ਼ਤਰਾ ਹਮੇਸ਼ਾ ਹੀ ਬਣਿਆ ਰਹਿੰਦਾ ਹੈ।

**ਦਾਦਾਸ਼੍ਰੀ** : ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਟਕਰਾ ਜਾਂਦੇ ਹੋ ਜਿਸ ਨੂੰ ਆਪਣੀ ਭਲਾਈ ਦਾ ਹੀ ਫ਼ਿਕਰ ਨਹੀਂ ਤਾਂ ਉਹ ਤੁਹਾਨੂੰ ਵੀ ਆਪਣੇ ਨਾਲ ਹੀ ਹੇਠਾਂ ਡੇਗ ਲਵੇਗਾ। ਕੀ

ਤੁਸੀਂ ਮੁਕਤੀ ਦੀ ਪ੍ਰਾਪਤੀ ਚਾਹੁੰਦੇ ਹੋ ਜਾਂ ਇਹੋ ਜਿਹੇ ਵਿਅਕਤੀ ਨਾਲ ਮਤਭੇਦਾਂ ਵਿਚ ਉਲਝੇ ਰਹਿਣਾ। ਅਜਿਹੇ ਵਿਅਕਤੀ ਕਦੇ ਵੀ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ ਅਤੇ ਉਹ ਤੁਹਾਨੂੰ ਵੀ ਆਪਣੇ ਨਾਲ ਹੀ ਰੋਕੀ ਰਖਦੇ ਹਨ। ਕੀ ਤੁਸੀਂ ਅਜਿਹਾ ਚਾਹੁੰਦੇ ਹੋ? ਜੇ ਤੁਸੀਂ ਮੁਕਤੀ ਚਾਹੁੰਦੇ ਹੋ ਤਾਂ ਅਜਿਹੇ ਵਿਅਕਤੀਆਂ ਦੀ ਪ੍ਰਵਾਹ ਨਾ ਕਰੋ। ਤੁਸੀਂ ਲੋੜ ਤੋਂ ਵੱਧ ਸਿਆਣਪ ਅਤੇ ਸਲੀਕਾ ਵੀ ਨਾ ਵਿਖਾਓ ਅਤੇ ਅਜਿਹੇ ਵਿਅਕਤੀਆਂ ਨੂੰ ਗਲੇ ਲਗਾ ਕੇ ਇਹ ਨਾ ਕਹੋ ਕਿ 'ਵੀਰ, ਤੁਹਾਨੂੰ ਜ਼ਿਆਦਾ ਚੋਟ ਤਾਂ ਨਹੀਂ ਲੱਗੀ?'

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਮੁਕਤੀ ਦੇ ਰਸਤੇ ਉਪਰ ਚਲਦਿਆਂ ਸਾਨੂੰ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

**ਦਾਦਾਸ਼੍ਰੀ** : ਤੁਹਾਨੂੰ ਚੌਤਰਫੋਂ ਜਾਗਰੂਕ ਰਹਿਣ ਦੀ ਲੋੜ ਹੈ; ਹਮੇਸ਼ਾ ਚੁਕੰਨੇ ਰਹੋ। ਨਹੀਂ ਤਾਂ ਸੰਸਾਰ ਅਜਿਹਾ ਹੈ ਕਿ ਇਹ ਤੁਹਾਨੂੰ ਬੰਧਨ ਅਵਸਥਾ ਵਿਚ ਹੀ ਰਖੇਗਾ, ਭਾਵੇਂ ਤੁਸੀਂ ਮੁਕਤ ਹੋਣ ਦੀ ਕਿੰਨੀ ਵੀ ਇੱਛਾ ਕਿਉਂ ਨਾ ਰਖਦੇ ਹੋਵੋ। ਮੈਂ ਤਾਂ ਇਹ ਵੀ ਕਹਾਂਗਾ ਕਿ 'ਜੇ ਤੁਹਾਡੀ ਪਹਿਨੀ ਹੋਈ ਧੋਤੀ ਕਿਸੇ ਕੰਡੇਦਾਰ ਝਾੜੀ ਵਿਚ ਫਸ ਜਾਂਦੀ ਹੈ ਅਤੇ ਤੁਹਾਡੀ ਮੁਕਤੀ ਦੀ ਮੰਜ਼ਿਲ ਤੱਕ ਲਿਜਾਣ ਵਾਲੀ ਰੇਲ ਚੱਲਣ ਹੀ ਵਾਲੀ ਹੈ ਤਾਂ ਧੋਤੀ ਨੂੰ ਕੰਡਿਆਂ ਤੋਂ ਛੁਡਾਉਣ ਦੀ ਉਡੀਕ ਨਾ ਕਰੋ। ਧੋਤੀ ਨੂੰ ਉਥੇ ਹੀ ਛੱਡ ਦਿਉ ਅਤੇ ਭੱਜ ਕੇ ਰੇਲ ਚੜ ਜਾਉ।

ਦੁਨਿਆਵੀ ਵਸਤਾਂ ਨਾਲ ਕਿਸੇ ਵੀ ਹਾਲਤ ਵਿਚ ਇਕ ਸੈਕਿੰਡ ਦੇ ਵੀ ਛੋਟੇ ਜਿਹੇ ਹਿੱਸੇ ਲਈ, ਭਾਵ ਇਕ ਪਲ ਲਈ ਵੀ ਮੋਹ ਯੋਗ ਨਹੀਂ। ਜੇ ਤੁਸੀਂ ਦੁਨਿਆਵੀ ਮੋਹ ਨਾਲ ਬੱਝ ਗਏ ਤਾਂ ਤੁਸੀਂ ਆਪਣੀ ਆਤਮਾ ਤੋਂ ਬੇਮੁੱਖ ਹੋ ਜਾਉਗੇ। ਫਿਰ ਇਨ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ ਦੀ ਕੀ ਮਹੱਤਤਾ ਰਹਿ ਜਾਂਦੀ ਹੈ?

ਮਤਭੇਦ ਅਤੇ ਕਲੇਸ਼ ਦਾ ਮੌਕਾ ਕਦੇ ਵੀ ਬਣ ਸਕਦਾ ਹੈ। ਜੇ ਤੁਸੀਂ ਗਲਤੀ ਨਾਲ ਕਿਸੇ ਵੀ ਹੋਰ ਕਾਰਨ ਕਰਕੇ ਮਤਭੇਦ ਵਾਲੀ ਸਥਿਤੀ ਵਿਚ ਆ ਜਾਂਦੇ ਹੋ ਤਾਂ ਚਾਹੀਦਾ ਹੈ ਕਿ ਤੁਸੀਂ ਇਸ ਦਾ ਤੁਰੰਤ ਸਮਾਧਾਨ ਕਰੋ ਅਤੇ ਮਤਭੇਦ ਨੂੰ ਖ਼ਤਮ ਕਰੋ। ਚੁੱਪ ਕਰਕੇ ਬਿਨਾਂ ਕਿਸੇ ਕਿਸਮ ਦੇ ਕਲੇਸ਼ ਵਿਚ ਪਿਆਂ ਇਸ ਵਿਚੋਂ ਬਾਹਰ ਨਿਕਲ ਜਾਉ।

## 109

## ਅਰਥ-ਪ੍ਰਬੰਧ ਜਾਂ ਕਿਫ਼ਾਇਤ

**ਪ੍ਰਸ਼ਨ-ਕਰਤਾ** : ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਅਰਥ-ਪ੍ਰਬੰਧ ਦੀ ਕੀ ਮਹੱਤਤਾ ਹੈ?

**ਦਾਦਾਸ਼੍ਰੀ** : ਅਰਥ-ਪ੍ਰਬੰਧ ਤੋਂ ਭਾਵ ਹੈ ਆਪਣੀ ਆਰਥਕ ਅਵਸਥਾ ਨੂੰ ਸਹੀ ਸੰਤੁਲਿਤ

ਕਰਨਾ। ਜੇ ਤੁਹਾਡੇ ਕੋਲ ਪੈਸੇ ਦੀ ਤੰਗੀ ਹੈ ਤਾਂ ਕੰਜੂਸੀ ਨਾਲ ਜੀਅ ਲਉ ਅਤੇ ਜਦੋਂ ਆਮਦਨ ਵੱਧ ਗਈ ਤਾਂ ਤੁਸੀਂ ਆਰਾਮ ਦੀ ਜ਼ਿੰਦਗੀ ਜੀ ਸਕਦੇ ਹੋ। ਇਹ ਅਸੂਲ ਬਣਾ ਲਉ ਕਿ ਕਦੇ ਉਧਾਰ ਨਹੀਂ ਫੜਨਾ। ਵਿਅਕਤੀ ਆਪਣੇ ਕਾਰੋਬਾਰ ਲਈ ਕਰਜ਼ਾ ਲੈ ਸਕਦਾ ਹੈ ਪਰ ਕਦੇ ਵੀ ਘਰ ਦੀ ਸਜਾਵਟ ਜਾਂ ਹੋਰ ਆਰਾਮ ਦੀਆਂ ਵਸਤਾਂ ਖਰੀਦਣ ਹਿਤ ਕਦੇ ਕਰਜ਼ਾ ਨਹੀਂ ਲੈਣਾ ਚਾਹੀਦਾ। ਵਿਅਕਤੀ ਆਪਣੀ ਰੋਜ਼ਾਨਾ ਜ਼ਿੰਦਗੀ ਜੀਣ ਲਈ ਵੀ ਉਧਾਰ ਫੜ ਸਕਦਾ ਹੈ ਪਰ ਆਰਾਮਪ੍ਰਸਤੀ ਲਈ ਕਦੇ ਵੀ ਨਹੀਂ।

**ਪ੍ਰਸ਼ਨ-ਕਰਤਾ** : ਇਕ ਲਾਲਚੀ ਅਤੇ ਕੰਜੂਸ ਵਿਅਕਤੀ ਵਿਚ ਕੀ ਅੰਤਰ ਹੈ?

**ਦਾਦਾਸ਼੍ਰੀ** : ਇਕ ਕੰਜੂਸ ਵਿਅਕਤੀ ਸਿਰਫ਼ ਆਪਣੇ ਧਨ ਬਾਰੇ ਚਿੰਤਤ ਹੁੰਦਾ ਹੈ ਜਦੋਂ ਕਿ ਇਕ ਲਾਲਚੀ ਵਿਅਕਤੀ ਨੂੰ ਦੁਨੀਆਂ ਦੀ ਹਰ ਚੀਜ ਨੂੰ ਹੀ ਆਪਣੀ ਬਣਾ ਲੈਣ ਦਾ ਲਾਲਚ ਹੁੰਦਾ ਹੈ। ਉਸ ਨੂੰ ਧਨ ਦਾ ਵੀ ਲਾਲਚ ਹੁੰਦਾ ਹੈ ਅਤੇ ਮਾਣ-ਸਨਮਾਨ ਦਾ ਵੀ। ਉਸ ਦੀ ਅੱਖ ਹਰ ਚੀਜ ਉਪਰ ਹੁੰਦੀ ਹੈ ਅਤੇ ਉਹ ਹਰ ਚੀਜ ਨੂੰ ਹੀ ਹਥਿਆ ਲੈਣ ਦੀ ਉਡੀਕ ਵਿਚ ਰਹਿੰਦਾ ਹੈ।

ਕੀੜੀਆਂ ਨੂੰ ਵੇਖੋ। ਜੇ ਉਹ ਕਿਸੇ ਕੀਟਾਣੂ ਦਾ ਟੁੱਟਿਆ ਹੋਇਆ ਖੰਭ ਵੀ ਵੇਖ ਲੈਣ ਤਾਂ ਉਹ ਇਕ-ਦਮ ਇਕੱਠੀਆਂ ਹੋ ਕੇ ਉਸ ਨੂੰ ਖਿੱਚ ਕੇ ਲੈ ਜਾਣ ਦਾ ਯਤਨ ਕਰਨ ਲੱਗਣਗੀਆਂ। ਅਖ਼ੀਰ ਨੂੰ ਇਕ ਲਾਲਚੀ ਵਿਅਕਤੀ ਦਾ ਵਹੀ-ਖਾਤਾ ਕੀ ਵਿਖਾਉਂਦਾ ਹੈ? ਕੀੜੀਆਂ ਦੀ ਤਰ੍ਹਾਂ ਹੀ ਉਹ ਵੀ ਸਭ ਕੁਝ ਇਕੱਤਰ ਕਰਨ ਵਿਚ ਲੱਗਿਆ ਰਹਿੰਦਾ ਹੈ ਅਤੇ ਇੰਨਾ ਇਕੱਤਰ ਕਰ ਲੈਂਦੇ ਹਨ ਕਿ ਉਹ ਬਹੁਤ ਸਾਲਾਂ ਤੱਕ ਚਲਦਾ ਰਹੇ। ਉਸ ਦੇ ਜੀਵਨ ਦੀ ਪ੍ਰਮੁੱਖ ਪ੍ਰੇਰਨਾ, ਪ੍ਰਮੁੱਖ ਉਦੇਸ਼ ਬੱਸ ਇੱਕਠਾ ਕਰਨਾ ਹੀ ਹੁੰਦਾ ਹੈ। ਜੇ ਕੋਈ ਹੋਰ ਉਸ ਦੇ ਇਸ ਉਦੇਸ਼ ਵਿਚ ਦਖ਼ਲਅੰਦਾਜ਼ੀ ਕਰਦਾ ਹੈ ਤਾਂ ਉਹ ਲੜਨ-ਮਰਨ ਲਈ ਤਿਆਰ ਹੋ ਜਾਂਦਾ ਹੈ - ਬਿਲਕੁਲ ਕੀੜੀਆਂ ਦੀ ਤਰ੍ਹਾਂ। ਉਹ ਦਖ਼ਲ ਦੇਣ ਵਾਲੇ ਨੂੰ ਕੱਟਣਗੇ ਅਤੇ ਉਹ ਆਪਣੀ ਜਾਨ ਵੀ ਦੇ ਦੇਣਗੇ। ਕੀੜੀਆਂ ਆਪਣੀ ਸਾਰੀ ਉਮਰ ਜੋਗਾ ਇਕੱਤਰ ਕਰ ਲੈਂਦੀਆਂ ਹਨ ਅਤੇ ਚੂਹਾ, ਜਿਹੜਾ ਆਪਣੀ ਬੁਰਕੀ ਬਿਨਾਂ ਕਿਸੇ ਵਿਸ਼ੇਸ਼ ਮਿਹਨਤ ਦੇ ਕਮਾ ਲੈਂਦਾ ਹੈ ਇਕ ਪਲ ਵਿਚ ਹੀ ਆਪਣੀ ਖ਼ੁਰਾਕ ਲੈ ਦੌੜਦਾ ਹੈ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਕੀ ਕੰਜੂਸੀ ਅਤੇ ਕਿਫ਼ਾਇਤ (ਸੰਜਮ) ਵਿਚ ਕੋਈ ਅੰਤਰ ਹੈ?

**ਦਾਦਾਸ਼੍ਰੀ** : ਹਾਂ, ਦੋਹਾਂ ਵਿਚ ਬਹੁਤ ਭਾਰੀ ਅੰਤਰ ਹੈ। ਜੇ ਇਕ ਵਿਅਕਤੀ ਇਕ ਹਜ਼ਾਰ ਰੁ: ਮਹੀਨਾ ਕਮਾਉਂਦਾ ਹੈ ਅਤੇ ਆਪਣੇ ਖ਼ਰਚੇ ਨੂੰ 800/- ਰੁਪਏ ਮਹੀਨੇ ਤੱਕ ਸੀਮਿਤ ਕਰ ਲੈਂਦਾ ਹੈ ਜਾਂ ਜੇ ਉਹ 500/- ਰੁ: ਮਹੀਨਾ ਕਮਾਉਂਦਾ ਹੈ ਅਤੇ ਆਪਣਾ ਖ਼ਰਚਾ 400/- ਤੱਕ ਸੀਮਿਤ ਕਰ ਲੈਂਦਾ ਹੈ ਤਾਂ ਅਸੀਂ ਉਸ ਨੂੰ ਕਿਫਾਇਤੀ ਜਾਂ ਸੰਜਮੀ ਜਾਂ ਕਿਰਸੀ ਕਹਿ ਸਕਦੇ ਹਾਂ। ਪਰੰਤੂ ਇਕ ਕੰਜੂਸ ਵਿਅਕਤੀ 400/- ਰੁ: ਹੀ ਖਰਚ ਕਰੇਗਾ ਭਾਵੇਂ ਉਸ ਦੀ ਆਮਦਨ ਇਕ ਹਜ਼ਾਰ

ਹੋਵੇ ਜਾਂ ਦੋ ਹਜ਼ਾਰ ਹੋਵੇ। ਉਹ ਕਦੇ ਵੀ ਟੈਕਸੀ ਕਰਕੇ ਨਹੀਂ ਜਾਏਗਾ ਅਤੇ ਹਮੇਸ਼ਾ ਪੈਦਲ ਹੀ ਤੁਰ ਪਵੇਗਾ। ਕਿਫ਼ਾਇਤ ਜਾਂ ਸੰਜਮ ਆਰਥਕਤਾ ਦਾ ਤੱਤ-ਸਾਰ ਹੈ। ਇਹ ਭਵਿੱਖ ਵਿਚ ਆਉਣ ਵਾਲੀ ਕਿਸੇ ਵੀ ਸੰਭਾਵਿਤ ਬਿਪਤਾ ਨਾਲ ਨਜਿੱਠਣ ਵਿਚ ਮਦਦ ਕਰਦੀ ਹੈ। ਇਕ ਵਿਅਕਤੀ ਦੀ ਕੰਜੂਸੀ ਨੂੰ ਵੇਖ ਕੇ ਤੁਹਾਡੇ ਅੰਦਰ ਖਿੱਝ ਦੀ ਭਾਵਨਾ ਆਉਂਦੀ ਹੈ ਪਰੰਤੂ ਇੱਕ ਸੰਜਮੀ ਜਾ ਕਿਫ਼ਾਇਤੀ ਵਿਅਕਤੀ ਨੂੰ ਮਿਲ ਕੇ ਇਸ ਤਰ੍ਹਾਂ ਦੀ ਭਾਵਨਾ ਨਹੀਂ ਆਉਂਦੀ। ਅਸਲ ਵਿਚ, ਕਿਫ਼ਾਇਤ ਜਾਂ ਕੰਜੂਸੀ ਦਾ ਅਰਥ ਹਰ ਕਿਸੇ ਲਈ ਵੱਖਰਾ ਹੈ। ਇਕ ਫ਼ਜ਼ੂਲਖਰਚ ਵਿਅਕਤੀ ਨਾ ਤਾਂ ਕਿਫ਼ਾਇਤੀ ਵਿਅਕਤੀ ਨੂੰ ਪਸੰਦ ਕਰਦਾ ਹੈ ਅਤੇ ਨਾ ਹੀ ਕੰਜੂਸ ਵਿਅਕਤੀ ਨੂੰ।

ਇਹ ਸਭ ਕੁਝ ਦੁਨਿਆਵੀ ਭਾਸ਼ਾ ਦੀ ਸ਼ਬਦਾਵਲੀ ਵਿਚੋਂ ਪੈਦਾ ਹੋਇਆ ਹੈ। ਲੋਕ ਕਹਿੰਦੇ ਹਨ ਕਿ ਫ਼ਜ਼ੂਲ-ਖਰਚ ਹੋਣਾ ਚੰਗੀ ਗੱਲ ਨਹੀਂ ਹੈ। ਇਕ ਕਿਫ਼ਾਇਤੀ ਵਿਅਕਤੀ ਆਰਥਕਤਾ ਬਾਰੇ ਆਪਣੀ ਪਹੁੰਚ ਤੋਂ ਪਾਸੇ ਨਹੀਂ ਹਟੇਗਾ ਅਤੇ ਇਕ ਕੰਜੂਸ ਹਮੇਸ਼ਾ ਕੰਜੂਸ ਹੀ ਰਹੇਗਾ। ਫ਼ਜ਼ੂਲਖਰਚ ਹੋਣਾ ਜਾਂ ਕੰਜੂਸ ਹੋਣਾ ਜਾਂ ਕਿਫ਼ਾਇਤੀ ਹੋਣਾ ਇਹ ਸਭ ਜਨਮ-ਜਾਤ ਸੁਭਾਅ ਦਾ ਅੰਗ ਹਨ, ਕੁਦਰਤੀ ਨਿੱਜੀ ਸੁਭਾਅ। ਤੁਸੀਂ ਇਸ ਕੁਦਰਤੀ ਸੁਭਾਅ ਨੂੰ ਬਦਲ ਨਹੀਂ ਸਕਦੇ। ਜਮਾਂਦਰੂ ਆਦਤਾਂ ਕੁਦਰਤੀ ਹੁੰਦੀਆਂ ਹਨ। ਅਖ਼ੀਰ ਨੂੰ, ਹਰ ਗੱਲ ਵਿਚ ਸੰਤੁਲਿਤ ਸੋਚ ਅਤੇ ਵਿਵਹਾਰ ਹੀ ਬੇਹਤਰ ਹੈ।

**ਪ੍ਰਸ਼ਨ-ਕਰਤਾ** : ਇਕ ਗਿਆਨੀ-ਪੁਰਸ਼ ਧਨ ਨੂੰ ਕਿਸ ਤਰ੍ਹਾਂ ਵਰਤਦਾ ਹੈ?

**ਦਾਦਾਸ਼੍ਰੀ** : ਜੇ ਕਾਨੂੰਭਾਈ ਮੇਰੀ ਜ਼ੇਬ ਵਿਚ ਕੁਝ ਰਕਮ ਪਾ ਦਿੰਦਾ ਹੈ ਤਾਂ ਮੈਂ ਇਸ ਨੂੰ ਟੈਕਸੀ ਦੇ ਜਾਂ ਰੇਲ ਦੇ ਕਿਰਾਏ ਉਪਰ ਖ਼ਰਚ ਕਰ ਦਿਆਂਗਾ। ਖ਼ਰਚ ਕਰਨ ਜਾਂ ਖ਼ਰਚ ਨਾ ਕਰਨ ਦੀ ਮੇਰੀ ਕੋਈ ਇੱਛਾ ਨਹੀਂ ਹੈ। ਪਹਿਲਾਂ ਸੋਚਿਆ ਹੋਇਆ ਜਾਂ ਪੂਰਵ-ਨਿਯੋਜਤ ਕੁਝ ਵੀ ਨਹੀਂ ਹੈ। ਧਨ ਫ਼ਜ਼ੂਲ ਗੰਵਾਉਣ ਲਈ ਨਹੀਂ ਹੁੰਦਾ। ਇਸ ਦੀ ਵਰਤੋਂ ਜਦੋਂ ਹਾਲਾਤ ਦੀ ਮੰਗ ਹੋਵੇ ਉਦੋਂ ਹੀ ਹੋਣੀ ਚਾਹੀਦੀ ਹੈ।

ਮੈਂ ਕਿਫ਼ਾਇਤੀ ਵੀ ਹਾਂ ਅਤੇ ਫ਼ਜ਼ੂਲਖਰਚ ਵੀ। ਫ਼ਜ਼ੂਲਖਰਚ ਹਾਂ, ਪਰ ਮੈਨੂੰ ਪੂਰੀ ਤਰ੍ਹਾਂ ਸਮਝੌਤਾ ਕਰਨਾ ਵੀ ਆਉਂਦਾ ਹੈ। ਦੂਸਰਿਆਂ ਉਪਰ ਖਰਚ ਕਰਦੇ ਸਮੇਂ ਮੈਂ ਉਦਾਰ ਹਾਂ, ਖੁੱਲੇ ਦਿਲ ਨਾਲ ਖਰਚਣ ਵਾਲਾ ਹਾਂ। ਪਰੰਤੂ ਜਦੋਂ ਖ਼ੁਦ ਉਪਰ ਖ਼ਰਚਾ ਕਰਨਾ ਹੋਵੇ, ਉਸ ਸਮੇਂ ਮੈਂ ਸੰਜਮੀ ਹਾਂ। ਲੋਕਾਂ ਨੇ ਨੋਟ ਕੀਤਾ ਹੋਵੇਗਾ ਕਿ ਸਤਿਸੰਗ ਕਰਦੇ ਸਮੇਂ ਵੀ ਮੈਂ ਲੰਮਾ-ਚੌੜਾ ਭਾਸ਼ਣ ਨਹੀਂ ਦਿੰਦਾ। ਮੇਰੀ ਆਰਥਕਤਾ ਸਮਾਯੋਜਨ ਕਰਨ ਵਾਲੀ ਹੈ: ਇਹ ਸਰਵੋਤਮ ਹੈ। ਮੈਂ ਪਾਣੀ ਨੂੰ ਵੀ ਕਿਫ਼ਾਇਤ ਨਾਲ ਵਰਤਦਾ ਹਾਂ। ਇਹ ਮੇਰਾ ਕੁਦਰਤੀ ਸੁਭਾਅ ਹੈ ਅਤੇ ਇਹ ਬਿਨਾਂ ਕਿਸੇ ਵਿਸ਼ੇਸ਼ ਤਰੱਦਦ ਦੇ ਕੁਦਰਤੀ ਹੀ ਹੁੰਦਾ ਰਹਿੰਦਾ ਹੈ।

## 110

# ਇੰਦਰੀ ਸੁਖ ਦੇ ਵਿਸ਼ੇ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਨੂੰ ਵਿਸ਼ਯ ਭਾਵ ਇੰਦਰੀ ਸੁਖ ਬਾਰੇ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਇੰਦਰੀ-ਸੁਖ ਬਾਰੇ ਸੰਸਾਰ ਅਗਿਆਨੀ ਹੈ। ਧਰਮ ਗਰੰਥ ਸਾਨੂੰ ਦਸਦੇ ਹਨ ਕਿ ਇਹ ਜ਼ਹਿਰ ਹੈ: ਵਿਸ਼ਯ ਵਿਸ਼ ਹੈ। ਕੁਝ ਲੋਕ ਵੀ ਇਸ ਗੱਲ ਦੀ ਹਾਮੀ ਭਰਦੇ ਹਨ ਅਤੇ ਇੰਦਰੀ ਸੁਖ ਨੂੰ ਜ਼ਹਿਰ ਸਮਾਨ ਅਤੇ ਮੁਕਤੀ ਪ੍ਰਾਪਤੀ ਦੇ ਰਸਤੇ ਵਿਚ ਰੁਕਾਵਟ ਸਮਝਦੇ ਹਨ। ਮੈਂ ਇਕੱਲਾ ਹੀ ਇਹ ਸਪਸ਼ਟ ਸ਼ਬਦਾਂ ਵਿਚ ਦੱਸ ਦੇਣਾ ਚਾਹੁੰਦਾ ਹਾਂ ਕਿ ਇੰਦਰੀ ਸੁਖ ਆਪਣੇ ਆਪ ਵਿਚ ਜ਼ਹਿਰ ਨਹੀਂ ਹੈ ਪਰੰਤੂ ਇੰਦਰੀ ਸੁਖ ਬਾਰੇ ਨਿਡਰ ਹੋ ਜਾਣਾ ਜ਼ਹਿਰ ਹੈ। ਇਸ ਲਈ ਵਿਅਕਤੀ ਨੂੰ ਇੰਦਰੀ ਸੁਖ ਵਿਚ ਗਲਤਾਨ ਹੋਣ ਤੋਂ ਡਰ ਕੇ ਰਹਿਣ ਦੀ ਲੋੜ ਹੈ।

ਹਰ ਪ੍ਰਕਾਰ ਦੇ ਇੰਦਰੀ ਸੁਖ ਵਿਚ ਨਿਡਰ ਹੋ ਕੇ ਗਲਤਾਨ ਹੋਣਾ ਜ਼ਹਿਰ ਦੀ ਨਿਆਈਂ ਹੈ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਫਿਰ ਇੰਦਰੀ ਸੁਖ ਬਾਰੇ ਸਹੀ ਪਹੁੰਚ ਕੀ ਹੋਣੀ ਚਾਹੀਦੀ ਹੈ?

**ਦਾਦਾਸ਼੍ਰੀ** : ਕਲਪਨਾ ਕਰੋ ਕਿ ਤੁਸੀਂ ਕਿਤੇ ਵੀ ਲੱਤਾਂ ਲਟਕਾ ਕੇ ਬੈਠੇ ਹੋਏ ਹੋ ਅਤੇ ਤੁਸੀਂ ਵੇਖਦੇ ਹੋ ਕਿ ਦੋ ਜਾਂ ਤਿੰਨ ਸੱਪ ਰੀਂਗਦੇ ਹੋਏ ਤੁਹਾਡੇ ਵੱਲ ਆ ਰਹੇ ਹਨ। ਜੇ ਤੁਸੀਂ ਇਨ੍ਹਾਂ ਸੱਪਾਂ ਤੋਂ ਡਰਦੇ ਨਹੀਂ ਤਾਂ ਤੁਸੀਂ ਪਹਿਲਾਂ ਦੀ ਤਰ੍ਹਾਂ ਹੀ ਆਪਣੀ ਲੱਤਾਂ ਨੂੰ ਲਟਕਾਈ ਰਖੋਗੇ। ਪਰੰਤੂ ਜੇ ਤੁਸੀਂ ਸੱਪ ਤੋਂ ਡਰਦੇ ਹੋ ਤਾਂ ਤੁਸੀਂ ਆਪਣੀਆਂ ਲੱਤਾਂ ਨੂੰ ਖਿੱਚ ਕੇ ਉਪਰ ਕਰ ਲਵੋਗੇ। ਜੇਕਰ ਤੁਸੀਂ ਸਚਮੁੱਚ ਹੀ ਪੂਰੀ ਤਰ੍ਹਾਂ ਨਿਡਰ ਹੋ ਤਾਂ ਤੁਸੀਂ ਅਡੋਲ ਰਹੋਗੇ ਅਤੇ ਲੱਤਾਂ ਨੂੰ ਉਸੇ ਤਰ੍ਹਾਂ ਹੇਠਾਂ ਲਮਕਦੀਆਂ ਰਹਿਣ ਦਿਉਗੇ। ਸੰਪੂਰਨ ਨਿਡਰਤਾ ਮੁਕਤ ਆਤਮਾ ਦੀ ਅਵਸਥਾ ਹੈ - ਇਕ ਕੇਵਲ ਗਿਆਨੀ ਵਾਲੀ ਅਵਸਥਾ। ਪਰੰਤੂ ਜਿੰਨੀ ਦੇਰ ਤੱਕ ਤੁਸੀਂ ਪੂਰਨ ਨਹੀਂ ਤਾਂ ਤੁਸੀਂ ਅੰਤਰ-ਪ੍ਰੇਰਣਾ ਵਜੋਂ ਹੀ ਲੱਤਾਂ ਉਪਰ ਵੱਲ ਨੂੰ ਖਿੱਚ ਲਉਗੇ।

ਇਸ ਉਦਾਹਰਣ ਦੇ ਰਾਹੀਂ ਮੈਂ ਤੁਹਾਨੂੰ ਇੰਦਰੀ ਸੁਖ ਬਾਰੇ ਤੁਹਾਡੇ ਨਿਡਰ ਹੋਣ ਨੂੰ ਮਾਪਣ ਹਿਤ ਥਰਮਾਮੀਟਰ ਦੇ ਦਿੱਤਾ ਹੈ। ਤੁਹਾਨੂੰ ਇੰਦਰੀ ਸੁਖ ਤੋਂ ਡਰਨ ਦੀ ਲੋੜ ਨਹੀਂ ਜੇ ਕਰ ਤੁਸੀਂ ਸੱਪਾਂ ਦੇ ਸਾਹਮਣੇ ਵੀ ਭੈ-ਰਹਿਤ ਰਹਿ ਸਕਦੇ ਹੋ। ਪਰੰਤੂ ਜੇ ਤੁਸੀਂ ਸੱਪਾਂ ਤੋਂ ਭੈ ਖਾਂਦੇ ਹੋ ਅਤੇ ਇਸ ਤਰ੍ਹਾਂ ਲੱਤਾਂ ਉਪਰ ਖਿੱਚ ਲੈਂਦੇ ਹੋ ਤਾਂ ਤੁਹਾਨੂੰ ਇੰਦਰੀ ਸੁਖ ਤੋਂ ਡਰਨਾ ਚਾਹੀਦਾ ਹੈ। ਇਥੋਂ ਤੱਕ ਕਿ ਭਗਵਾਨ ਮਹਾਂਵੀਰ ਜੀ ਵੀ ਇੰਦਰੀ ਸੁਖ ਵਾਲੀਆਂ ਵਸਤਾਂ ਤੋਂ ਡਰ ਕੇ ਰਹਿੰਦੇ ਸਨ। ਮੈਂ ਵੀ ਡਰ ਕੇ ਰਹਿੰਦਾ ਹਾਂ। ਇੰਦਰੀ ਸੁਖ ਬਾਰੇ ਨਿਡਰਤਾ ਵਿਅਕਤੀ

ਦੇ ਅਵਿਵੇਕ ਅਤੇ ਅਸਾਵਧਾਨ ਹੋਣ ਦਾ ਪ੍ਰਤੀਕ ਹੈ।

**ਪ੍ਰਸ਼ਨ-ਕਰਤਾ** : ਇਹ ਵੀ ਕਿਹਾ ਜਾਦਾ ਹੈ ਕਿ ਇੰਦਰੀ ਸੁਖ ਵਿਅਕਤੀ ਨੂੰ ਮੁਕਤੀ ਦੀ ਪ੍ਰਾਪਤੀ ਨਹੀਂ ਕਰਨ ਦਿੰਦਾ।

**ਦਾਦਾਸ਼੍ਰੀ** : ਅਸਲ ਵਿਚ, ਗੱਲ ਇਦਾਂ ਨਹੀਂ ਹੈ। ਵਿਸ਼ਾ ਸ਼ਬਦ ਦਾ ਅੰਗਰੇਜ਼ੀ ਰੂਪ ਸਬਜੈਕਟ ਹੈ ਅਤੇ ਇਹ ਸੰਸਾਰ ਅਨੰਤ ਵਿਸ਼ਿਆਂ ਦਾ ਭਰਿਆ ਪਿਆ ਹੈ। ਜੇ ਵਿਸ਼ੇ ਹੀ ਵਿਅਕਤੀ ਦੀ ਮੁਕਤੀ ਦੇ ਰਾਹ ਵਿਚ ਰੁਕਾਵਟ ਹਨ ਤਾਂ ਕਿਸੇ ਨੂੰ ਵੀ ਕਦੇ ਵੀ ਮੁਕਤੀ ਪ੍ਰਾਪਤੀ ਨਹੀਂ ਸੀ ਹੋ ਸਕਦੀ। ਵਿਸ਼ਿਆਂ ਨੇ ਭਗਵਾਨ ਮਹਾਂਵੀਰ ਨੂੰ ਮੁਕਤੀ ਪ੍ਰਾਪਤ ਕਰਨ ਤੋਂ ਨਹੀਂ ਸੀ ਰੋਕਿਆ। ਫਿਰ ਇਹ ਵਿਸ਼ੇ ਤੁਹਾਡਾ ਮੁਕਤੀ ਪ੍ਰਾਪਤੀ ਦਾ ਰਸਤਾ ਕਿਵੇਂ ਰੋਕ ਲੈਣਗੇ? ਰਸਤਾ ਰੋਕਣ ਵਾਲੇ ਇਹ ਵਿਸ਼ੇ ਨਹੀਂ ਪਰੰਤੂ ਤੁਹਾਡੇ ਆਪਣੇ ਵਿਕ੍ਰਿਤ ਰੁਝਾਨ ਹਨ: ਇਹ ਰੁਝਾਨ ਹੀ ਤੁਹਾਡੇ ਮੁਕਤੀ ਪ੍ਰਾਪਤੀ ਦੇ ਰਸਤੇ ਵਿਚ ਰੁਕਾਵਟ ਬਣਦੇ ਹਨ। ਭਗਵਾਨ ਤਾਂ ਨਿਰਵਿਸ਼ਈ ਰਹੇ ਅਤੇ ਵਿਸ਼ਿਆਂ ਤੋਂ ਨਿਰਲੇਪ ਅਤੇ ਫਿਰ ਉਹ ਮੁਕਤ ਹੋ ਗਏ।

ਸੱਚੀ ਗੱਲ ਤਾਂ ਇਹ ਹੈ ਕਿ ਸ਼ੁੱਧ ਆਤਮਾ ਆਪਣੇ ਮੂਲ ਸੁਭਾਅ ਵਜੋਂ ਵਿਸ਼ਈ ਨਹੀਂ ਹੈ; ਇਹ ਤਾਂ ਇੰਦਰੀ ਸੁਖ ਤੋਂ ਨਿਰਲੇਪ ਹੈ। ਇਹ ਤਾਂ ਮਨ, ਬਚਨ ਅਤੇ ਸਰੀਰ ਹਨ ਜਿਹੜੇ ਵਿਸ਼ਈ ਹੁੰਦੇ ਹਨ ਅਤੇ ਜਿਹੜੇ ਇੰਦਰੀ ਸੁਖ ਲੋੜਦੇ ਹਨ। ਹਾਂ, ਜੇਕਰ ਤੁਹਾਡੀ ਸ਼ੁੱਧ ਆਤਮਾ ਤੁਹਾਡੇ ਮਨ, ਬਚਨ ਅਤੇ ਕਰਮ ਤੋਂ ਨਿਰਲੇਪ ਰਹਿੰਦੀ ਹੈ ਤਾਂ ਤੁਸੀਂ ਮੁਕਤੀ ਪ੍ਰਾਪਤ ਕਰ ਸਕਦੇ ਹੋ।

**ਪ੍ਰਸ਼ਨ-ਕਰਤਾ** : ਫਿਰ ਆਤਮਾ ਇੰਦਰੀ ਸੁਖ ਨਾਲ ਅਤੇ ਇੰਦਰੀ ਸੁਖ ਵੱਲ ਝੁਕਾਅ ਨਾਲ ਕਿਵੇਂ ਸੰਬੰਧਤ ਹੈ?

**ਦਾਦਾਸ਼੍ਰੀ** : ਮੂਲ ਰੂਪ ਵਿਚ ਸ਼ੁੱਧ ਆਤਮਾ ਆਪਣੇ ਮੂਲ ਸੁਭਾਅ ਵਜੋਂ ਇੰਦਰੀ ਸੁਖ ਤੋਂ ਵੱਖਰੀ ਹੈ ਅਤੇ ਇਸ ਤੋਂ ਪੂਰੀ ਤਰ੍ਹਾਂ ਅਸੰਬੰਧਤ ਹੈ। ਫਿਰ ਆਤਮਾ ਇੰਦਰੀ ਸੁਖ ਕਿਵੇਂ ਮਾਣ ਸਕਦੀ ਹੈ? ਜੇ ਆਤਮਾ ਇੰਦਰੀ ਸੁਖ ਦੀ ਮਾਨਣਹਾਰ ਹੁੰਦੀ ਤਾਂ ਇਸ ਦਾ ਸਪਸ਼ਟ ਭਾਵ ਇਹ ਹੁੰਦਾ ਕਿ ਇਹ ਕਦੇ ਵੀ ਮੁਕਤ ਨਹੀਂ ਸੀ ਹੋ ਸਕਦੀ। ਫਿਰ ਤਾਂ ਇੰਦਰੀ ਸੁਖ ਵੱਲ ਝੁਕਾਅ ਆਤਮਾ ਦਾ ਇਕ ਅਟੁੱਟ ਅਤੇ ਅਖੰਡ ਹਿੱਸਾ ਹੁੰਦਾ। ਫਿਰ ਤਾਂ ਆਤਮਾ, ਸ਼ੁੱਧ ਆਤਮਾ ਇਕ ਮਿਸ਼ਰਣ (Compound) ਦੇ ਰੂਪ ਵਿਚ ਹੁੰਦੀ। ਇਹ ਸਭ ਮੂਲ ਸਿਧਾਂਤ ਦੇ ਉਲਟ ਹੈ। ਇਹ ਤਾਂ ਸ਼ੁੱਧ ਆਤਮਾ ਦੇ ਮੂਲ ਅਤੇ ਕੇਂਦਰੀ ਗੁਣਾਂ ਦੇ ਵੀ ਵਿਪਰੀਤ ਹੈ। ਸ਼ੁੱਧ ਆਤਮਾ ਇੰਦਰੀ ਸੁਖ ਮਾਣ ਸਕਣ ਦੇ ਸਮਰਥ ਨਹੀਂ ਹੈ।

**ਪ੍ਰਸ਼ਨ-ਕਰਤਾ** : ਫਿਰ ਸਾਡੇ ਅੰਦਰ ਉਹ ਕੀ ਹੈ ਜੋ ਜ਼ਿੰਦਗੀ ਦੇ ਸੁਖ ਨੂੰ ਮਾਣਦਾ ਹੈ?

**ਦਾਦਾਸ਼੍ਰੀ** : ਹਉਮੈਂ ਭੁਲੇਖੇ ਅਤੇ ਗਲਤ-ਵਿਸ਼ਵਾਸ਼ ਦੇ ਕਾਰਨ ਕਹਿੰਦੀ ਹੈ ਕਿ "ਮੈਂ ਇਹ ਸੁਖ ਮਾਣਿਆ" ਅਤੇ ਇਹੋ ਕਾਰਨ ਹੈ ਜੀਵ ਦੇ ਬੰਧਨ ਦਾ। ਜੇ ਭੁਲੇਖਾ ਖ਼ਤਮ ਹੋ ਜਾਂਦਾ ਹੈ ਅਤੇ

ਵਿਅਕਤੀ ਸ਼ੁੱਧ ਆਤਮਾ ਉਪਰ ਕੇਂਦ੍ਰਿਤ ਰਹਿੰਦਾ ਹੈ ਤਾਂ ਉਹ ਨਿਰਵਿਸ਼ਈ ਰਹਿ ਸਕਦਾ ਹੈ: ਉਹ ਇਨ੍ਹਾਂ ਵਿਸ਼ਿਆਂ ਤੋਂ ਪੂਰੀ ਤਰ੍ਹਾਂ ਆਜ਼ਾਦ ਰਹਿ ਸਕਦਾ ਹੈ।

**ਪ੍ਰਸ਼ਨ–ਕਰਤਾ** : ਇਸ ਸੰਦਰਭ ਵਿਚ ਆਵੇਸ਼ (ਅਨੁਰਾਗ ਜਾਂ ਵਾਸਨਾ) ਕਿਸ ਨੂੰ ਕਹਿੰਦੇ ਹਨ?

**ਦਾਦਾਸ਼੍ਰੀ** : ਜਿਹੜੀ ਵੀ ਚੀਜ ਮਨ ਨੂੰ ਪ੍ਰਸੰਨਤਾ ਦਿੰਦੀ ਹੈ ਉਹ ਆਵੇਸ਼ ਹੈ। ਜਿਹੜੀ ਵੀ ਚੀਜ ਮਨ, ਨੂੰ ਆਪਣੇ ਵਿਚ ਗਲਤਾਨ ਰਖਦੀ ਹੈ ਉਹ ਆਵੇਸ਼ ਜਾਂ ਵਾਸਨਾ ਹੈ। ਜਦੋਂ ਵਿਅਕਤੀ ਵਕਤੀ ਤੌਰ 'ਤੇ ਕਿਸੇ ਗੱਲ ਵਿਚ ਮਸਤ ਹੋ ਜਾਂਦਾ ਹੈ ਅਤੇ ਪੂਰੀ ਤਰ੍ਹਾਂ ਖੋ ਜਾਂਦਾ ਹੈ ਉਸ ਨੂੰ ਵਿਸ਼ਯ ਜਾਂ ਆਵੇਸ਼ ਕਹਾਂਗੇ। ਵਿਸ਼ਯ ਜਾਂ ਆਵੇਸ਼ ਦੇ ਬਾਰੇ ਵਿਚ ਸੋਚਣਾ ਕੁਦਰਤੀ ਹੈ ਕਿਉਂਕਿ ਇਹ ਪਰਮਾਣੂੰਆਂ ਦਾ ਡਿਸਚਾਰਜ ਹੈ। ਉਹ ਪਰਮਾਣੂੰ ਜਿਹੜੇ ਤੁਸੀਂ ਪਿਛਲੇ ਜਨਮਾਂ ਦੌਰਾਨ ਇਕੱਤਰ ਕੀਤੇ ਹਨ। ਪਰੰਤੂ ਜੇ ਤੁਸੀਂ ਇੰਦਰੀ ਸੁਖ ਵਿਚ ਗਲਤਾਨ ਰਹਿੰਦੇ ਹੋ ਅਤੇ ਇਸ ਸੁਖ ਨੂੰ ਮਾਨਣਾ ਆਰੰਭ ਕਰ ਦਿੰਦੇ ਹੋ ਤਾਂ ਇਹ ਵਿਸ਼ਯ ਜਾਂ ਆਵੇਸ਼ ਹੈ ਜਿਹੜਾ ਤੁਹਾਡੇ ਲਈ ਨੁਕਸਾਨਦੇਹ ਹੈ। ਜੋ ਤੁਹਾਨੂੰ ਸ਼ੁਰੂ ਦੇ ਸਮੇਂ ਵੀ ਵਧੀਆ ਲੱਗੇ ਅਤੇ ਖ਼ਾਤਮੇ ਸਮੇਂ ਵੀ ਵਧੀਆ ਜਾਪੇ ਉਹ ਵਿਸ਼ਯ ਜਾਂ ਆਵੇਸ਼ ਹੈ। ਇਹ ਕੋਈ ਵਿਸ਼ੇਸ਼ ਵਸਤੂ ਨਹੀਂ ਬਲਕਿ ਇਹ ਤਾਂ ਪਰਮਾਣੂੰਆਂ ਦੀ ਤਾਕਤ ਹੈ। ਇਹ ਉਹੀ ਪਰਮਾਣੂੰ ਹਨ ਜਿਹੜੇ ਪਿਛਲੇ ਜਨਮ ਦੌਰਾਨ ਤੀਬਰ ਭਾਵ ਦੇ ਕਾਰਨ ਚਾਰਜ ਹੋ ਗਏ ਸਨ।

ਜੇ ਤੁਸੀਂ ਉਸ ਸਮੇਂ ਜਦੋਂ ਇਹ ਪਰਮਾਣੂੰ ਡਿਸਚਾਰਜ ਹੋ ਰਹੇ ਹੁੰਦੇ ਹਨ ਉਨ੍ਹਾਂ ਵਿਚ ਪੂਰੀ ਤਰ੍ਹਾਂ ਮਸਤ ਹੋ ਕੇ ਉਨ੍ਹਾਂ ਨਾਲ ਇਕਮਿਕ ਹੋ ਜਾਂਦੇ ਹੋ ਤਾਂ ਇਸ ਨੂੰ ਵਿਸ਼ਯ ਕਿਹਾ ਜਾਂਦਾ ਹੈ। ਵਿਸ਼ਾ ਇਤਿਹਾਸ ਜਾਂ ਭੂ–ਵਿਗਿਆਨ ਵੀ ਹੋ ਸਕਦਾ ਹੈ ਅਤੇ ਪਸ਼ਚਾਤਾਪ ਵੀ ਅਤੇ ਸੰਸਾਰ–ਤਿਆਗ ਵੀ। ਕੋਈ ਵੀ ਚੀਜ ਜਿਸ ਵਿਚ ਤੁਸੀਂ ਪੂਰੀ ਤਰ੍ਹਾਂ ਰੁੱਝ ਜਾਂਦੇ ਹੋ ਉਹ ਵਿਸ਼ਾ ਹੈ। ਤੁਸੀਂ ਇੰਦਰੀ ਸੁਖ ਵਿਚ ਮਗਨ ਰਹਿ ਕੇ ਮੁਕਤੀ ਕਿੰਝ ਪ੍ਰਾਪਤ ਕਰ ਸਕਦੇ ਹੋ? ਇਸ ਤੋਂ ਆਜ਼ਾਦ ਹੋ ਜਾਉ ਅਤੇ ਮੋਕਸ਼ ਪ੍ਰਾਪਤ ਕਰੋ।

**ਪ੍ਰਸ਼ਨ–ਕਰਤਾ** : ਪਰੰਤੂ ਇੰਦਰੀ ਸੁਖ ਸੰਬੰਧੀ ਵਿਚਾਰ ਤਾਂ ਮਨ ਅੰਦਰ ਉਠਦੇ ਹੀ ਰਹਿੰਦੇ ਹਨ।

**ਦਾਦਾਸ਼੍ਰੀ** : ਇਹ ਕੁਦਰਤੀ ਹੈ। ਅਜਿਹੇ ਵਿਚਾਰ ਉਨ੍ਹਾਂ ਪਰਮਾਣੂੰਆਂ ਦੇ ਗਲਣ ਕਾਰਨ ਹਨ ਜਿਹੜੇ ਪਹਿਲਾਂ ਕਿਸੇ ਸਮੇਂ, ਕਿਸੇ ਪਹਿਲੇ ਜਨਮ ਦੌਰਾਨ ਚਾਰਜ ਹੋ ਗਏ ਸਨ ਅਤੇ ਪੂਰਨ ਹੋ ਗਏ ਸਨ। ਪਰੰਤੂ ਜੇਕਰ ਤੁਸੀਂ ਅਜਿਹੇ ਵਿਚਾਰਾਂ ਦਾ ਸ਼ਿਕਾਰ ਹੋ ਜਾਂਦੇ ਹੋ ਅਤੇ ਇਨ੍ਹਾਂ ਵਿਚ ਗਲਤਾਨ ਰਹਿੰਦੇ ਹੋ ਅਤੇ ਇਨ੍ਹਾਂ ਦਾ ਆਨੰਦ ਮਾਨਣ ਦੀ ਇੱਛਾ ਰਖਦੇ ਹੋ ਤਾਂ ਇਸ ਨੂੰ ਆਵੇਸ਼ ਕਹਾਂਗੇ। ਇਹ ਤੁਹਾਡੇ ਲਈ ਨੁਕਸਾਨ ਦੇਹ ਹੈ।

ਉਹ ਜੋ ਤੁਹਾਡੇ ਮਨ ਉਪਰ ਹਮੇਸ਼ਾ ਹੀ ਹਾਵੀ ਰਹੇ ਉਸ ਨੂੰ ਆਵੇਸ਼ ਕਹਾਂਗੇ।

**ਪ੍ਰਸ਼ਨ-ਕਰਤਾ** : ਕੀ ਸੁਆਦੀ ਭੋਜਨ ਖਾਣ ਵਿਚ ਵੀ ਕੋਈ ਬੁਰਾਈ ਹੈ?

**ਦਾਦਾਸ਼੍ਰੀ** : ਮਠਿਆਈ, ਪਕੌੜੇ ਜਾਂ ਦਹੀਂ-ਭੱਲਾ, ਆਦਿ ਖਾਣ ਵਾਲੀਆਂ ਵਸਤਾਂ ਖਾਣ ਵਿਚ ਕੋਈ ਬੁਰਾਈ ਨਹੀਂ ਹੈ। ਪਰੰਤੂ ਜੇ ਇਹ ਜਾਂ ਅਜਿਹੀਆਂ ਹੋਰ ਵਸਤਾਂ ਤੁਹਾਡੇ ਮਨ ਉਪਰ ਭਾਰੂ ਹੋ ਜਾਂਦੀਆਂ ਹਨ ਤਾਂ ਇਹ ਇੰਦਰੀ ਸੁਖ ਦਾ ਆਵੇਸ਼ ਹੈ। ਤੁਸੀਂ ਫ਼ਿਲਮ ਦੇਖ ਕੇ ਆਉਂਦੇ ਹੋ ਅਤੇ ਫ਼ਿਲਮ ਦੀ ਕੋਈ ਗੱਲ ਮਨ ਵਿਚ ਨਹੀਂ ਰਖਦੇ.... ਫਿਰ ਇਸ ਨੂੰ ਆਵੇਸ਼, ਇੰਦਰੀ ਸੁਖ ਦੀ ਹਿਰਸ ਨਹੀਂ ਕਿਹਾ ਜਾ ਸਕਦਾ। ਤੁਸੀਂ ਇਕ ਵਸਤੂ ਦਾ ਆਨੰਦ ਮਾਣਦੇ ਹੋ ਪਰੰਤੂ ਤੁਸੀਂ ਦੁਬਾਰਾ ਉਸ ਨੂੰ ਯਾਦ ਨਹੀਂ ਕਰਦੇ। ਇਹ ਉਨ੍ਹਾਂ ਪਰਮਾਣੂਆਂ ਨੂੰ ਡਿਸਚਾਰਜ ਕਰਨਾ ਹੈ ਜਿਹੜੇ ਪਹਿਲਾਂ ਕਿਸੇ ਸਮੇਂ ਚਾਰਜ ਹੋ ਗਏ ਸਨ।

ਪਰੰਤੂ ਉਸ ਵਸਤੂ, ਉਸੇ ਆਨੰਦ ਨੂੰ ਵਾਰ-ਵਾਰ ਚਿਤਾਰਨ ਦਾ ਅਰਥ ਹੈ ਕਿ ਉਹ ਚੀਜ ਤੁਹਾਡੇ ਮਨ ਉਪਰ ਹਾਵੀ ਹੈ। ਇਸੇ ਕਰਕੇ ਇਸ ਨੂੰ ਵਿਸ਼ਯ ਜਾਂ ਇੰਦਰੀ ਸੁਖ ਕਿਹਾ ਗਿਆ ਹੈ।

**ਪ੍ਰਸ਼ਨ-ਕਰਤਾ** : ਇਸ ਆਵੇਸ਼ ਦੀਆਂ ਕਿਸਮਾਂ ਵੱਖ-ਵੱਖ ਵਿਅਕਤੀਆਂ ਵਿਚ ਵੱਖ-ਵੱਖ ਹੁੰਦੀਆਂ ਹਨ।

**ਦਾਦਾਸ਼੍ਰੀ** : ਵਿਸ਼ਯ ਦੀਆਂ ਅਨੰਤ ਕਿਸਮਾਂ ਹੁੰਦੀਆਂ ਹਨ। ਅਸੀਂ ਕਹਿ ਸਕਦੇ ਹਾਂ ਕਿ ਕੋਈ ਵਿਅਕਤੀ ਗੁਲਾਬ ਦੇ ਫੁੱਲ ਨੂੰ ਪਸੰਦ ਕਰਦਾ ਹੈ। ਜਦੋਂ ਇਹ ਫੁੱਲ ਬਾਗ਼ ਵਿਚ ਖਿੜਿਆ ਹੁੰਦਾ ਹੈ ਤਾਂ ਉਹ ਇਸ ਨੂੰ ਪ੍ਰਾਪਤ ਕਰਨ ਲਈ ਭਾਵਾਤਮਕ ਅਤੇ ਤੀਬਰ ਇੱਛਾ ਕਰਦਾ ਹੈ। ਇਹ ਆਵੇਸ਼ ਹੈ। ਜਿਹੜੀ ਗੱਲ ਜਾਂ ਚੀਜ ਤੁਸੀਂ ਵਾਰ-ਵਾਰ ਚਿਤਾਰਦੇ ਰਹਿੰਦੇ ਹੋ ਉਹ ਵਿਸ਼ਯ ਹੈ। ਜੇ ਤੁਸੀਂ ਹੀਰੇ ਨੂੰ ਵੀ ਵਾਰ-ਵਾਰ ਯਾਦ ਕਰਦੇ ਹੋ ਤਾਂ ਇਹ ਵੀ ਆਵੇਸ਼ ਹੈ। ਪਰੰਤੂ ਜੇ ਹੀਰੇ ਨੂੰ ਖਰੀਦਣ ਉਪਰੰਤ ਤੁਸੀਂ ਉਸ ਨੂੰ ਯਾਦ ਨਹੀਂ ਕਰਦੇ ਜਾਂ ਇਉਂ ਕਹਿ ਲਉ ਕਿ ਉਸ ਦੀ ਯਾਦ ਤੁਹਾਨੂੰ ਵਾਰ-ਵਾਰ ਨਹੀਂ ਆਉਂਦੀ ਤਾਂ ਇਹ ਸਿਰਫ਼ ਆਵੇਸ਼ ਦਾ 'ਡਿਸਚਾਰਜ' ਹੈ। ਇਸ ਨੂੰ ਮੈਂ ਸਮ-ਭਾਵ ਦੀ ਭਾਵਨਾ ਕਹਿੰਦਾ ਹਾਂ। ਪਰੰਤੂ ਜੇ ਹੀਰੇ ਦਾ ਵਿਚਾਰ ਤੁਹਾਡੇ ਮਨ ਵਿਚ ਵਾਰ-ਵਾਰ ਉਭਰਦਾ ਹੈ ਤਾਂ ਇਹ ਸਮ-ਭਾਵ ਨਹੀਂ ਆਵੇਸ਼ ਹੈ।

ਇੱਛਾ ਹੋਣੀ ਕੁਦਰਤੀ ਹੈ ਪਰੰਤੂ ਭਾਵਾਤਮਕਤਾ ਅਤੇ ਤੀਬਰਤਾ ਨਾਲ ਇੱਛਾ ਕਰਦੇ ਰਹਿਣਾ ਤੁਹਾਡੀ ਮੁਕਤੀ ਦੇ ਰਾਹ ਵਿਚ ਰੁਕਾਵਟ ਹੈ।

ਕਲਪਨਾ ਕਰੋ ਇਕ ਇਸਤਰੀ ਕਿਸੇ ਕਪੜੇ ਦੀ ਦੁਕਾਨ ਵਿਚ ਇਕ ਸਾੜੀ ਵੇਖਦੀ ਹੈ ਅਤੇ ਫਿਰ ਵਾਰ-ਵਾਰ ਸਾੜੀਆਂ ਬਾਰੇ ਹੀ ਸੋਚਦੀ ਰਹਿੰਦੀ ਹੈ ਤਾਂ ਇਸ ਨੂੰ ਆਵੇਸ਼ ਕਹਾਂਗੇ।

**ਪ੍ਰਸ਼ਨ-ਕਰਤਾ** : ਆਵੇਸ਼ ਨਾਲ ਭਰਪੂਰ ਇਸ ਦੁਨੀਆਂ ਵਿਚ ਵਿਅਕਤੀ ਮੁਕਤੀ ਦੇ ਰਸਤੇ

ਉਪਰ ਕਿਵੇਂ ਚੱਲ ਸਕਦਾ ਹੈ?

**ਦਾਦਾਸ਼੍ਰੀ** : ਜਦੋਂ ਵਿਅਕਤੀ ਮੁਕਤੀ ਦੇ ਰਾਹ ਉਪਰ ਚਲ ਰਿਹਾ ਹੁੰਦਾ ਹੈ ਤਾਂ ਕਾਮੁਕ ਆਨੰਦ ਦੀ ਇੱਛਾ ਮਨੁੱਖ ਨੂੰ ਲਗਾਤਾਰ ਆਉਂਦੀ ਰਹਿੰਦੀ ਹੈ। ਪਰੰਤੂ ਦਾਦਾ ਭਗਵਾਨ ਦੁਆਰਾ ਦਰਸਾਇਆ ਮੁਕਤੀ-ਪਥ ਵਿਅਕਤੀ ਨੂੰ ਇਹੋ ਜਿਹੀਆਂ ਇੱਛਾਵਾਂ ਤੋਂ ਨਿਰਲੇਪ ਰਖਦਾ ਹੈ ਅਤੇ ਵਿਅਕਤੀ ਨੂੰ ਨਿਰ-ਵਿਸ਼ਈ ਦੀ ਅਵਸਥਾ ਵਿਚ ਪਹੁੰਚਾ ਦਿੰਦਾ ਹੈ। ਉਹ ਅਣਗਿਣਤ ਕਾਮੁਕ ਇੱਛਾਵਾਂ ਦੇ ਦਰਮਿਆਨ ਵਿਚਰਦਾ ਹੋਇਆ ਵੀ ਇਨ੍ਹਾਂ ਤੋਂ ਉਪਰ ਉਠ ਜਾਂਦਾ ਹੈ। ਦਾਦਾ ਭਗਵਾਨ ਦੁਆਰਾ ਦਰਸਾਇਆ ਮੁਕਤੀ ਦਾ ਮਾਰਗ ਇੰਨਾ ਉੱਤਮ ਹੈ।

ਇੰਦਰੀਆਂ ਦਾ ਸੁਖ ਅਜਿਹੀ ਚੀਜ ਨਹੀਂ ਜਿਸ ਦੇ ਪਿੱਛੇ ਭੱਜਿਆ ਜਾਵੇ ਅਤੇ ਤੁਹਾਨੂੰ ਇਸ ਤੋਂ ਭੈ ਖਾਣ ਦੀ ਵੀ ਜ਼ਰੂਰਤ ਨਹੀਂ ਹੈ। ਤੁਸੀਂ ਸੱਪ ਤੋਂ ਕਿੰਨੇ ਚੌਕੰਨੇ ਰਹਿੰਦੇ ਹੋ। ਉਸੇ ਤਰ੍ਹਾਂ ਇੰਦਰੀਆਂ ਦੇ ਸੁਖ ਤੋਂ ਵੀ ਚੌਕੰਨੇ ਰਹੋ। ਬੇਖੌਫ਼ ਨਾ ਹੋਵੋ ਅਤੇ ਨਾ ਹੀ ਇਸ ਵਿਚ ਪੂਰੀ ਤਰ੍ਹਾਂ ਗਲਤਾਨ ਹੋਵੋ।

ਜਿੰਨੀ ਦੇਰ ਤੁਸੀਂ ਸਵੈ-ਪਹਿਚਾਣ ਦੀ ਅਵਸਥਾ ਵਿਚ ਨਹੀਂ ਪਹੁੰਚ ਜਾਂਦੇ ਉਨੀ ਦੇਰ ਤੁਸੀਂ ਇੰਦਰੀ ਸੁਖ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕਦੇ ਕਿਉਂਕਿ ਤੁਸੀਂ ਹਉਮੈਂ ਤੋਂ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੋ।

ਉਹ ਵਿਅਕਤੀ ਜਿਸ ਦਾ ਵਿਸ਼ਾ ਹੀ ਨਿਰਲੇਪਤਾ ਹੈ, ਜਿਹੜਾ ਵਿਅਕਤੀ ਅਜਿਹੇ ਸੁਖ ਪ੍ਰਤੀ ਨਾ ਤਾਂ ਆਕਰਸ਼ਿਤ ਹੁੰਦਾ ਹੈ ਅਤੇ ਨਾ ਹੀ ਇਸ ਨੂੰ ਨਫ਼ਰਤਯੋਗ ਸਮਝਦਾ ਹੈ ਉਸ ਨੂੰ ਪੂਰਨ ਗਿਆਨ ਦੀ ਸਮਝ ਹੁੰਦੀ ਹੈ: ਉਹ ਪੂਰਨ ਗਿਆਨੀ ਹੁੰਦਾ ਹੈ। ਪਰੰਤੂ ਜੇ ਵਿਅਕਤੀ ਦਾ ਵਿਸ਼ਾ ਹੀ ਕਸ਼ਯ ਹੈ, ਜਿਸ ਅੰਦਰ ਕ੍ਰੋਧ, ਹੰਕਾਰ, ਧ੍ਰੋਹ, ਲਾਲਚ, ਆਦਿ ਬੁਰਾਈਆਂ ਹਨ ਤਾਂ ਉਹ ਪਰਮ ਸੱਤਾ ਨੂੰ ਕਿਵੇਂ ਸਮਝ ਸਕਦਾ ਹੈ। ਗਿਆਨ ਦੀ ਪ੍ਰਾਪਤੀ ਤੋਂ ਬਿਨਾ ਵਿਅਕਤੀ ਵਿਸ਼ਈ ਪ੍ਰਵਿਰਤੀਆਂ ਤੋਂ ਮੁਕਤ ਨਹੀਂ ਹੋ ਸਕਦਾ।

ਇੰਦਰੀਆਂ ਦੇ ਸੁਖ ਦੀ ਖ਼ਾਤਰ ਆਵੇਸ਼ ਵਿਚ ਰਹਿਣਾ ਅਨੁਰਾਗ ਨੂੰ ਜਨਮ ਦਿੰਦਾ ਹੈ। ਗ੍ਰਹਿਣ (ਕਰਨਾ) ਹੀ ਤਿਆਗ (ਕਰਨ) ਵੱਲ ਲਿਜਾਂਦਾ ਹੈ ਅਤੇ ਤਿਆਗ ਦਾ ਨਤੀਜਾ ਹੀ ਗ੍ਰਹਿਣ ਹੁੰਦਾ ਹੈ। ਗ੍ਰਹਿਣ ਕਰਨਾ ਤਿਆਗ ਦਾ ਵਿਰੋਧਾਤਮਕ ਹੈ। ਇਹ ਪ੍ਰਤਿਕ੍ਰਿਆਵਾਦੀ ਹੈ। ਕੋਈ ਵੀ ਚੀਜ ਜਿਸ ਦਾ ਵਿਰੋਧ ਹੈ ਉਹ ਵਿਸ਼ਯ ਹੈ।

**ਪ੍ਰਸ਼ਨ-ਕਰਤਾ** : ਵਿਅਕਤੀ ਆਵੇਸ਼ ਰਹਿਤ ਅਵਸਥਾ ਕਦੋਂ ਪ੍ਰਾਪਤ ਕਰ ਸਕਦਾ ਹੈ?

**ਦਾਦਾਸ਼੍ਰੀ** : ਸਵੈ-ਪਹਿਚਾਣ ਤੋਂ ਬਿਨਾਂ ਜੇ ਕੋਈ ਵਿਅਕਤੀ ਆਪਣੇ ਇਸ ਮੌਜੂਦਾ ਜੀਵਨ ਦੌਰਾਨ ਆਪਣੀ ਵਿਸ਼ਈ ਇੱਛਾਵਾਂ ਨੂੰ ਪੂਰੀ ਤਰ੍ਹਾਂ ਕੰਟਰੋਲ ਵੀ ਕਰ ਲੈਂਦਾ ਹੈ ਤਾਂ ਇਹ ਇੱਛਾਵਾਂ

ਅਗਲੇ ਜਨਮ ਵਿਚ ਫਿਰ ਸਿਰ ਚੁੱਕ ਲੈਣਗੀਆਂ। ਸਵੈ-ਪਹਿਚਾਣ ਤੋਂ ਬਿਨਾਂ ਇਨ੍ਹਾਂ ਇੱਛਾਵਾਂ ਤੋਂ ਬਚਾਅ ਅਸੰਭਵ ਹੈ।

**ਪ੍ਰਸ਼ਨ-ਕਰਤਾ** : ਇਹ ਕਿਉਂ ਹੁੰਦਾ ਹੈ ਕਿ ਇੰਦਰੀਆਂ ਦੇ ਸੁਖ ਨੂੰ ਵਾਰ-ਵਾਰ ਮਾਨਣ ਤੋਂ ਬਾਅਦ ਵੀ ਇਹ ਇੱਛਾਵਾਂ ਸ਼ਾਂਤ ਕਿਉਂ ਨਹੀਂ ਹੁੰਦੀਆਂ?

**ਦਾਦਾਸ਼੍ਰੀ** : ਇਹ ਹਉਮੈਂ ਹੈ ਜਿਹੜੀ ਕਹਿੰਦੀ ਹੈ ਕਿ "ਮੈਂ ਇਨ੍ਹਾਂ ਕਾਮੁਕ ਇੱਛਾਵਾਂ ਨੂੰ ਮਾਣਦੀ ਹਾਂ।" ਜੇ ਤੁਸੀਂ ਇਨ੍ਹਾਂ ਇੱਛਾਵਾਂ ਨੂੰ ਮਾਣਦੇ ਹੁੰਦੇ ਤਾਂ ਤੁਸੀਂ ਹੁਣ ਤੱਕ ਸੰਤੁਸ਼ਟ ਹੋ ਗਏ ਹੁੰਦੇ। ਪਰੰਤੂ ਅਜਿਹਾ ਹੁੰਦਾ ਨਹੀਂ ਹੈ। ਅਸਲ ਵਿਚ, ਆਵੇਸ਼ ਇਨ੍ਹਾਂ ਇੰਦਰੀ-ਸੁਖਾਂ ਨੂੰ ਨਹੀਂ ਮਾਣਦਾ। ਇਹ ਤਾਂ ਪਿਛਲੇ ਜਨਮ ਦੌਰਾਨ ਚਾਰਜ ਹੋਏ ਪ੍ਰਮਾਣੂਆਂ ਦਾ ਹੀ ਖਾਤਾ ਹੈ। ਹਰ ਇੰਦਰੀ-ਅੱਖਾਂ, ਨੱਕ, ਜੀਭ, ਆਦਿ – ਆਪਣੇ ਆਪਣੇ ਖ਼ੇਤਰ ਵਿਚ ਮਾਹਰ ਹੈ ਪਰੰਤੂ ਇਹ ਦੂਜੀਆਂ ਇੰਦਰੀਆਂ ਦੇ ਖ਼ੇਤਰ ਵਿਚ ਮਾਹਰ ਨਹੀਂ। ਕੀ ਨੱਕ ਸਵਾਦ ਮਾਣ ਸਕਦਾ ਹੈ? ਕੀ ਨੱਕ ਜਲੇਬੀਆਂ ਦੀ ਮਿਠਾਸ ਨੂੰ ਮਹਿਸੂਸ ਕਰਕੇ, ਚੱਖ ਕੇ ਦੱਸ ਸਕਦਾ ਹੈ?

ਕਿਉਂਕਿ ਇਹ ਤਾਂ ਸਿਰਫ਼ ਪ੍ਰਮਾਣੂਆਂ ਦਾ ਖ਼ਾਤਾ ਬਰਾਬਰ ਕਰਨ ਦੀ ਹੀ ਗੱਲ ਹੈ, ਇਸ ਲਈ ਆਵੇਸ਼ ਆਵੇਸ਼ ਨਹੀਂ ਰਹਿੰਦਾ। ਪਰੰਤੂ ਜੇ ਤੁਸੀਂ ਇਸ ਵਿਚ ਗਲਤਾਨ ਹੋ ਜਾਂਦੇ ਹੋ, ਇਸ ਨਾਲ ਇਕ-ਰੂਪ ਹੋ ਜਾਂਦੇ ਹੋ ਤਾਂ ਫਿਰ ਇਹ ਵਿਸ਼ਯ ਹੈ। ਇੰਦਰੀਆਂ ਵਿਸ਼ਯ ਵਿਚ ਕੋਈ ਰੋਲ ਨਹੀਂ ਨਿਭਾਉਂਦੀਆਂ। ਉਹ ਸਿਰਫ਼ ਸੰਦੇਸ਼ ਹੀ ਅੱਗੇ ਪਹੁੰਚਾਉਂਦੀਆਂ ਹਨ।

ਇਸੇ ਕਰਕੇ ਮੈਂ ਕਹਿੰਦਾ ਹਾਂ ਕਿ ਜਿਹੜਾ ਵਿਅਕਤੀ ਆਪਣੀਆਂ ਇੰਦਰੀਆਂ ਦੇ ਆਦੇਸ਼ ਉਪਰ ਕੰਟਰੋਲ ਕਰ ਲੈਂਦਾ ਹੈ ਉਹ ਜਿਨ ਜਾਂ ਜਿਤੇਂਦਰੀ (ਭਾਵ ਇੰਦਰੀਆਂ ਨੂੰ ਜਿੱਤਣ ਵਾਲਾ) ਨਹੀਂ। ਇੰਦਰੀਆਂ ਉਪਰ ਵਿਜੈ ਪ੍ਰਾਪਤ ਕਰਨ ਵਾਲਾ ਵਿਅਕਤੀ ਉਹ ਹੈ ਜਿਸ ਦੀ ਦ੍ਰਿਸ਼ਟੀ ਦ੍ਰਸ਼ਟਾ ਉਪਰ ਹੈ ਅਤੇ ਜਿਸ ਦਾ ਗਿਆਨ ਗਿਆਨਵਾਨ ਬਾਰੇ ਹੈ। ਭਗਵਾਨ ਮਹਾਂਵੀਰ ਵੀ ਇਹੋ ਕਹਿੰਦੇ ਸਨ। ਵਿਅਕਤੀ ਦਾ ਸੱਚਾ ਸਵੈ ਤਾਂ ਹਰ ਚੀਜ ਦਾ ਸਿਰਫ਼ ਦ੍ਰਸ਼ਟਾ ਹੈ।

**ਪ੍ਰਸ਼ਨ-ਕਰਤਾ** : ਇੰਦਰੀ-ਭੋਗ ਦਾ ਆਰੰਭ ਕੀ ਹੈ?

**ਦਾਦਾਸ਼੍ਰੀ** : ਇਹ ਹੈ ਕਿਸੇ ਵੀ ਔਰਤ ਵੱਲ ਕਾਮੀ ਨਜ਼ਰ ਨਾਲ ਤੱਕਣਾ ਅਤੇ ਉਸ ਵੱਲ ਸੰਮੋਹਿਤ ਹੋਣਾ। ਪਰੰਤੂ ਕੀ ਹਰ ਔਰਤ ਨੂੰ ਕਾਮੁਕ ਨਜ਼ਰ ਨਾਲ ਦੇਖਿਆ ਜਾਂਦਾ ਹੈ? ਕੀ ਹਰ ਇਸਤਰੀ ਪ੍ਰਤੀ ਕੋਈ ਸੰਮੋਹਿਤ ਹੋ ਸਕਦਾ ਹੈ? ਨਹੀਂ, ਵਿਅਕਤੀ ਹਰ ਇਸਤਰੀ ਵੱਲ ਕਾਮ-ਭਰੀ ਨਜ਼ਰ ਨਾਲ ਨਹੀਂ ਵੇਖਦਾ। ਇਸ ਲਈ ਕੁਝ ਤਾਂ ਗਲਤ ਹੈ। ਜੇ ਇਕ ਔਰਤ ਵੱਲ ਤੱਕਣਾ ਮਰਦ ਨੂੰ ਉਸ ਦੇ ਸਦਾਚਾਰ ਤੋਂ ਡੇਗ ਸਕਦਾ ਹੈ ਤਾਂ ਫਿਰ ਇਹ ਹਰ ਔਰਤ ਦੇ ਮਾਮਲੇ ਵਿਚ ਹੋਣਾ ਚਾਹੀਦਾ ਹੈ। ਜੇ ਸਿਰਫ਼ ਔਰਤ ਹੀ ਸਦਾਚਾਰਕ ਗਿਰਾਵਟ ਦੀ ਜੜ੍ਹ ਹੈ ਤਾਂ ਹਰ ਔਰਤ ਹੀ ਮਰਦ ਨੂੰ ਸਦਾਚਾਰਕ ਪੱਖੋਂ ਡੇਗੇ, ਹਰ ਔਰਤ ਹੀ ਉਸ ਨੂੰ ਭ੍ਰਸ਼ਟ ਕਰੇ। ਪਰੰਤੂ ਅਜਿਹਾ ਨਹੀਂ

ਹੈ। ਇਹ ਤਾਂ ਸਿਰਫ਼ ਚਾਰਜਡ ਪ੍ਰਮਾਣੂਆਂ ਦਾ ਆਕਰਸ਼ਣ ਹੈ - ਉਹ ਵੀ ਕਿਸੇ ਵਿਸ਼ੇਸ਼ ਪ੍ਰਮਾਣੂਆਂ ਪ੍ਰਤੀ। ਇਹੋ ਜਿਹੇ ਪ੍ਰਮਾਣੂੰ ਇਕ ਦੂਜੇ ਨੂੰ ਆਪਣੇ ਵੱਲ ਖਿੱਚਦੇ ਹਨ।

ਹਾਂ, ਇਹ ਗੱਲ ਜ਼ਰੂਰ ਯਾਦ ਰੱਖੋ ਕਿ ਜਿਥੇ ਰਿਸ਼ਤਾ ਸਿਰਫ਼ ਵਿਸ਼ਈ ਪ੍ਰਸੰਨਤਾ ਉਪਰ ਆਧਾਰਤ ਹੈ ਉਥੇ ਮਤਭੇਦ ਅਤੇ ਕਲੇਸ਼ ਜ਼ਰੂਰ ਹੀ ਹੋਵੇਗਾ।

ਜਿੰਨੀ ਦੇਰ ਤੱਕ ਵਿਸ਼ਈ ਆਵੇਗ ਦਾ ਇਕ ਵੀ ਪ੍ਰਮਾਣੂੰ ਹੈ ਉਨੀ ਦੇਰ ਤੱਕ ਤੁਸੀਂ ਸਯਾਦਵਾਦ ਦੀ ਬਾਣੀ ਨੂੰ ਹਾਸਲ ਨਹੀਂ ਕਰ ਸਕਦੇ।

ਕਿੰਨੀ ਅਜੀਬ ਗੱਲ ਹੈ ਕਿ ਜਿਸ ਤਰ੍ਹਾਂ ਦੀਆਂ ਕਾਮੁਕ ਇੱਛਾਵਾਂ ਦੀ ਪੂਰਤੀ ਦਾ ਆਨੰਦ ਮਾਨਣ ਦੀ ਤਾਂਘ ਮਾਨਵ ਨੂੰ ਹੁੰਦੀ ਹੈ ਉਸ ਤਰ੍ਹਾਂ ਦੀ ਇੱਛਾ ਤਾਂ ਪਸ਼ੂ ਵੀ ਨਹੀਂ ਕਰਦੇ। ਜੇ ਆਵੇਸ਼ ਹਮੇਸ਼ਾ ਆਵੇਸ਼ ਹੀ ਹੈ ਤਾਂ ਮੰਨ ਲਉ ਕਿਸੇ ਥਾਂ ਦੋ ਇਤਸਰੀਆਂ ਇੱਕਠੀਆਂ ਬੈਠੀਆਂ ਹਨ। ਉਨ੍ਹਾਂ ਵਿਚੋਂ ਇਕ ਤਾਂ ਵਿਅਕਤੀ ਦੀ ਮਾਤਾ ਹੈ ਅਤੇ ਦੂਸਰੀ ਉਸ ਦੀ ਪਤਨੀ। ਮਾਂ ਨੂੰ ਵੇਖ ਕੇ ਉਸ ਤਰ੍ਹਾਂ ਦੇ ਵਿਸ਼ਈ ਆਵੇਸ਼ ਕਿਉਂ ਨਹੀਂ ਪੈਦਾ ਹੁੰਦੇ? ਇਹ ਇਸ ਲਈ ਕਿਉਂਕਿ ਆਵੇਸ਼ ਅਸਲ ਰੂਪ ਵਿਚ ਕੋਈ ਵਸਤੂ ਨਹੀਂ, ਇਹ ਤਾਂ ਇਕ ਭਰਮ ਹੈ ਜਿਹੜਾ ਆਵੇਸ਼ ਦੇ ਪੈਦਾ ਹੋਣ ਦਾ ਕਾਰਨ ਹੈ।

ਜਿਹੜੀਆਂ ਵਸਤੂਆਂ ਆਵੇਸ਼ ਪੈਦਾ ਕਰਦੀਆਂ ਹਨ ਮੈਂ ਉਨ੍ਹਾਂ ਨੂੰ ਸਹੀ ਤਰੀਕੇ, ਸਹੀ ਨਜ਼ਰ ਨਾਲ ਵੇਖਣ ਦਾ ਢੰਗ ਦਿਖਾਵਾਂਗਾ। ਆਵੇਸ਼ ਨੂੰ ਤੁਸੀਂ ਆਪਣੇ ਅੰਦਰ ਇਕ ਆਟੋਮੈਟਿਕ (ਸਵੈ-ਚਾਲਿਤ) ਕੈਮਰਾ ਮੰਨ ਲਉ। ਆਵੇਸ਼ ਪੈਦਾ ਕਰਨ ਵਾਲੀਆਂ ਵਸਤਾਂ ਦੀ ਫੋਟੋ ਨਾ ਖਿੱਚੋ। ਦੂਸਰੇ ਵਿਅਕਤੀ ਅੰਦਰ ਵਸਦੀ ਸ਼ੁੱਧ ਆਤਮਾ ਦੀ ਫੋਟੋ ਲਉ।

ਸੱਚ ਤਾਂ ਇਹ ਹੈ ਕਿ ਆਵੇਸ਼ ਜਾਂ ਇੰਦਰੀ ਸੁਖ ਦੀ ਪ੍ਰਾਪਤੀ ਦੀ ਤਾਂਘ ਅਸਤਿਤਵਹੀਣ ਹੈ। ਕਈ ਵੱਡੇ-ਵੱਡੇ ਬ੍ਰਹਮਚਾਰੀ ਸੰਤ-ਮਹਾਤਮਾ ਨੇ ਵੀ ਵਿਅਰਥ ਕੋਸ਼ਿਸ਼ ਕੀਤੀ ਹੈ ਪਰੰਤੂ ਉਹ ਇਸ ਨੂੰ ਸਮਝ ਨਹੀਂ ਸਕੇ। ਜਦੋਂ ਇਕ ਵਿਅਕਤੀ ਕਿਸੇ ਵੀ ਵਸਤੂ ਵਿਚ ਗਲਤਾਨ ਹੋ ਜਾਂਦਾ ਹੈ ਜਾਂ ਬਹੁਤ ਹੀ ਖਚਿਤ ਹੋ ਜਾਂਦਾ ਹੈ ਤਾਂ ਉਹ ਇਕ ਤਰ੍ਹਾਂ ਨਾਲ ਅੰਨ੍ਹਾ ਹੋ ਜਾਂਦਾ ਹੈ ਅਤੇ ਉਹ ਆਪਣੇ ਅੱਗੇ-ਪਿੱਛੇ ਵੇਖ ਸਕਣ ਦੇ ਸਮਰਥ ਨਹੀਂ ਰਹਿੰਦਾ। ਉਸ ਨੂੰ ਸਿਵਾਏ ਆਪਣੇ ਆਵੇਸ਼ ਦੇ ਕੇਂਦਰ ਵਾਲੀ ਵਸਤੂ ਦੇ ਹੋਰ ਕੁਝ ਵੀ ਵਿਖਾਈ ਨਹੀਂ ਦਿੰਦਾ। ਉਸ ਨੂੰ ਮੋਹ-ਅੰਧ ਹੋ ਜਾਂਦਾ ਹੈ, ਭਾਵ ਉਹ ਪ੍ਰੇਮ-ਉਨਮਾਦ ਦੀ ਮਦਹੋਸ਼ੀ ਵਿਚ ਅੰਨ੍ਹਾ ਹੋ ਜਾਦਾ ਹੈ।

ਜੇ ਕੋਈ ਵਿਅਕਤੀ ਇੰਦਰੀ-ਸੁਖ ਦੀ ਭੀਖ ਮੰਗਣ ਨੂੰ ਆਪਣਾ ਮਰਨ ਮਹਿਸੂਸ ਕਰਦਾ ਹੈ ਤਾਂ ਇਹ ਗੱਲ ਜੱਗ ਜਿੱਤਣ ਦੇ ਬਰਾਬਰ ਹੈ। ਬੇਸ਼ਕ ਇਹ ਭਾਵਨਾ ਬਹੁਤ ਵਿਰਲੇ ਵਿਅਕਤੀਆਂ ਅੰਦਰ ਆਉਂਦੀ ਹੈ। ਇਕ ਇੱਜ਼ਤ ਵਾਲਾ ਜੀਵਨ ਇਸੇ ਤਰ੍ਹਾਂ ਦਾ ਹੋਣਾ ਚਾਹੀਦਾ ਹੈ - ਮਾਨਵੀ ਸਵੈ-ਮਾਣ ਵਾਲਾ ਜੀਵਨ।

ਇਕ ਬਿਮਾਰ ਸਰੀਰ ਅੰਦਰ ਇੰਦਰੀ ਸੁਖ ਦੀ ਤਾਂਘ ਵਧੇਰੇ ਹੁੰਦੀ ਹੈ। ਇਸ ਦੇ ਉਲਟ, ਇਕ ਸਿਹਤਮੰਦ ਸਰੀਰ ਵੱਧ ਸਥਿਰ ਹੁੰਦਾ ਹੈ। ਆਵੇਸ਼ ਬੀਮਾਰੀ ਦਾ ਕਾਰਨ ਨਹੀਂ ਪਰੰਤੂ ਜਦੋਂ ਇਸ ਸੁਖ ਦੀ ਪ੍ਰਾਪਤੀ ਦੀ ਲਾਲਚ ਪੈਦਾ ਹੋ ਜਾਵੇ ਤਾਂ ਸਰੀਰ ਅੰਦਰ ਬਿਮਾਰੀ ਪੈਦਾ ਹੋ ਜਾਂਦੀ ਹੈ। ਵਿਸ਼ਯ ਜਾਂ ਇੰਦਰੀ-ਸੁਖ (ਮੁਕਤੀ ਦੇ ਰਾਹ ਵਿਚ) ਰੁਕਾਵਟ ਨਹੀਂ ਪਰੰਤੂ ਇਸ ਦਾ ਲਾਲਚ ਜ਼ਰੂਰ ਰੁਕਾਵਟਾਂ ਖੜੀਆਂ ਕਰਦਾ ਹੈ। ਰਸੋਈ ਵਿਚ ਖੜੋਤਿਆਂ ਇਹ ਇਕ ਜਾਂ ਦੂਜੀ ਕੋਈ ਨਾ ਕੋਈ ਚੀਜ ਮੰਗਦਾ ਰਹੇਗਾ ਅਤੇ ਫਿਰ ਇਹ ਵੀ ਕਹੇਗਾ ਕਿ ਇਸ ਨੂੰ ਮਸਾਲੇਦਾਰ ਚੀਜ ਤੋਂ ਬਿਨ੍ਹਾਂ ਹੋਰ ਕੋਈ ਚੀਜ ਖਾਣੀ ਪਸੰਦ ਨਹੀਂ। ਇਹ ਲਾਲਚ ਹੈ ਅਤੇ ਇਹ ਵਿਸ਼ਯ ਹੈ। ਕ੍ਰੋਧ, ਲਾਲਚ, ਧ੍ਰੋਹ ਅਤੇ ਹਉਮੈਂ ਬੀਮਾਰੀ ਦਾ ਕਾਰਨ ਹਨ।

ਅੰਦਰਲੀ ਤੀਬਰ ਇੱਛਾ ਦੀ ਤਾਂਘ ਜਾਂ ਦੁੱਖ ਦੇ ਕਾਰਨ ਹੀ ਲੋਕ ਕਾਮ-ਉਤੇਜਕ ਆਵੇਸ਼ ਵੱਲ ਖਿੱਚੇ ਜਾਂਦੇ ਹਨ। ਪਰੰਤੂ ਉਹ ਅਜਿਹੇ ਆਵੇਸ਼ ਨੂੰ ਖ਼ਤਮ ਵੀ ਕਰ ਸਕਦੇ ਹਨ ਬਸ਼ਰਤੇ ਕਿ ਉਹ ਆਪਣੀ ਸੋਚ ਨੂੰ ਸਹੀ ਕਰ ਲੈਣ। ਜੇ ਸਰੀਰ ਦੇ ਉਪਰੋਂ ਚਮੜੀ ਨੂੰ ਉਤਾਰ ਦਿੱਤਾ ਜਾਵੇ ਤਾਂ ਕੀ ਫਿਰ ਵੀ ਕੋਈ ਸਰੀਰ ਪ੍ਰਤੀ ਇਸ ਤਰ੍ਹਾਂ ਆਕਰਸ਼ਿਤ ਹੋਵੇਗਾ? ਇਹ ਸਰੀਰਕ ਢਾਂਚਾ ਤਾਂ ਚਮੜੀ ਨਾਂ ਦੀ ਸੁਹਣੀ ਚਾਦਰ ਨਾਲ ਢਕਿਆ ਹੋਇਆ ਹੈ। ਠੀਕ ਹੈ ਨਾਂ? ਤੇ, ਇਹ ਪੇਟ ਤਾਂ ਮਲ-ਮੂਤਰ ਇੱਕਠਾ ਕਰਨ ਦਾ ਇਕ ਬਰਤਨ ਹੈ। ਜੇ ਇਸ ਦੀ ਚੀਰ-ਫਾੜ ਕੀਤੀ ਜਾਵੇ ਤਾਂ ਇਸ ਅੰਦਰੋਂ ਸਿਰਫ਼ ਮਲ-ਮੂਤਰ ਹੀ ਨਿਕਲੇਗਾ। ਕੋਈ ਵੀ ਵਿਅਕਤੀ ਚਮੜੀ ਤੋਂ ਵਗੈਰ ਵਾਲੇ ਹੱਥ ਨੂੰ ਛੂਹਣਾ ਨਹੀਂ ਚਾਹੇਗਾ, ਖ਼ਾਸ ਤੌਰ ਤੇ ਜਦੋਂ ਉਸ ਵਿਚੋਂ ਮਵਾਦ ਚੋਂ ਰਿਹਾ ਹੋਵੇ। ਪਰ ਸੰਸਾਰ ਅੰਦਰ ਸਭ ਕੁਝ ਚਲਦਾ ਹੈ ਕਿਉਂਕਿ ਇਸ ਬਾਰੇ ਕੋਈ ਸੋਚਦਾ ਹੀ ਨਹੀਂ ਹੈ। ਪ੍ਰੇਮ-ਉਨਮਾਦ ਇਕ ਤਰ੍ਹਾਂ ਦਾ ਪਾਗਲਪਣ ਹੈ। ਵਿਲਾਸਤਾ ਵਿਚਾਰਹੀਣਤਾ ਦੇ ਕਾਰਨ ਹੈ। ਇਹ ਹੋਰ ਕੁਝ ਵੀ ਨਹੀਂ ਸਿਵਾਏ ਅੰਦਰਲੀ ਖਾਜ ਦੇ ਦਰਦ ਦੇ।

**ਪ੍ਰਸ਼ਨ-ਕਰਤਾ** : ਫਿਰ ਵਿਅਕਤੀ ਵਿਲਾਸਤਾ ਦੇ ਇਸ ਖ਼ਤਰਨਾਕ ਚੱਕਰ ਵਿਚੋਂ ਬਾਹਰ ਕਿਵੇਂ ਆ ਸਕਦਾ ਹੈ?

**ਦਾਦਾਸ਼੍ਰੀ** : ਜਦ ਮਠਿਆਈ ਖਾਣ ਤੋਂ ਬਾਅਦ ਤੁਸੀਂ ਚਾਹ ਪੀਂਦੇ ਹੋ ਤਾਂ ਤੁਹਾਨੂੰ ਚਾਹ ਦਾ ਸੁਆਦ ਫਿੱਕਾ-ਫਿੱਕਾ ਲਗਦਾ ਹੈ: ਠੀਕ ਹੈ ਨਾ? ਕੀ ਇਹ ਚਾਹ ਨਾਲ ਅਨਿਆਂ ਨਹੀਂ ਹੈ? ਕੀ ਚਾਹ ਮਿੱਠੀ ਨਹੀਂ ਹੁੰਦੀ। ਫਿਰ ਤੁਹਾਨੂੰ ਕਿਉਂ ਲਗਦਾ ਹੈ ਕਿ ਇਹ ਫਿੱਕੀ ਹੈ? ਚਾਹ ਫਿੱਕੀ ਇਸ ਕਰਕੇ ਲਗਦੀ ਹੈ ਕਿ ਤੁਸੀਂ ਚਾਹ ਪੀਣ ਤੋਂ ਪਹਿਲਾਂ ਉਸ ਨਾਲੋਂ ਵਧੇਰੇ ਮਿੱਠੀ ਮਠਿਆਈ ਖਾ ਲਈ ਸੀ। ਉਸੇ ਤਰ੍ਹਾਂ, ਮੈਂ ਤੁਹਾਨੂੰ ਗਿਆਨ ਦਿੰਦਾ ਹਾਂ ਜਿਹੜਾ ਸਭ ਨਾਲੋਂ ਵੱਧ ਮਿੱਠਾ ਹੈ: ਇਸ ਦਾ ਸਵਾਦ ਨਿਰਾਲਾ ਅਤੇ ਸਭ ਤੋਂ ਵੱਧ ਮਿੱਠਾ ਹੈ। ਗਿਆਨ ਪ੍ਰਾਪਤੀ ਤੋਂ ਬਾਅਦ ਉਹ ਸਾਰੇ ਆਨੰਦ, ਜਿਹੜੇ ਸੰਸਾਰਕ ਇੰਦਰੀ - ਸੁਖ ਨਾਲ ਜੁੜੇ ਹੋਏ ਹਨ, ਤੁਹਾਨੂੰ ਬੇਸੁਆਦੇ

ਲੱਗਣਗੇ ਉਂਝ ਭਾਵੇਂ ਉਹ ਕਿੰਨੇ ਵੀ ਮਿੱਠੇ ਕਿਉਂ ਨਾ ਹੋਣ।

ਇਹ ਵੀ ਕਿਹਾ ਜਾਦਾ ਹੈ ਕਿ ਮਲੇਰੀਆ ਦੇ ਮਰੀਜ਼ ਨੂੰ ਮਿੱਠੀ ਖੀਰ ਵੀ ਕੌੜੀ ਲਗਦੀ ਹੈ। ਇਸ ਦਾ ਕਾਰਨ ਇਹ ਕਿ ਉਸ ਦੇ ਮੂੰਹ ਦਾ ਸੁਆਦ ਕੌੜਾ ਹੁੰਦਾ ਹੈ। ਇਥੇ ਤੁਸੀਂ ਖੀਰ ਨੂੰ ਦੋਸ਼ ਕਿਵੇਂ ਦੇ ਸਕਦੇ ਹੋ? ਇਸੇ ਤਰ੍ਹਾਂ ਅਕਰਮ ਗਿਆਨ ਦੇ ਰਾਹੀਂ ਜਿਉਂ ਹੀ 'ਆਕਰਸ਼ਣ ਦਾ ਬੁਖ਼ਾਰ' ਘਟਣਾ ਆਰੰਭ ਹੁੰਦਾ ਹੈ ਉਵੇਂ ਹੀ ਤੁਸੀਂ ਦੁਨਿਆਵੀ ਇੰਦਰੀ-ਸੁਖ ਦੇ ਸੁਆਦ ਨੂੰ ਹੌਲੀ-ਹੌਲੀ ਬੇਸੁਆਦਾ ਮਹਿਸੂਸ ਕਰਨ ਲੱਗ ਜਾਉਗੇ। ਇਹ ਤਜ਼ਰਬਾ ਤਾਂ ਉਸ ਥਰਮਾਮੀਟਰ ਵਾਂਗ ਹੈ ਜਿਹੜਾ ਸਾਨੂੰ ਆਵੇਸ਼ ਦੇ ਬੁਖ਼ਾਰ ਨੂੰ ਮਾਪਣ ਹਿਤ ਸਹਾਇਕ ਹੁੰਦਾ ਹੈ।

ਕਰਮ ਮਾਰਗ ਉਪਰ ਚਲਦਿਆਂ ਹੋਇਆ ਵੀ ਇਹ ਆਵੇਸ਼ ਹੌਲੀ-ਹੌਲੀ ਆਪਣੇ ਸੁਆਦ ਖੋਂਦੇ ਜਾਂਦੇ ਹਨ। ਉਹ ਸਿਰਫ਼ ਹਉਮੈਂ ਦੇ ਅਧਿਕਾਰ ਜਮਾਉਣ ਕਰਕੇ ਹੀ ਬੇਸੁਆਦੇ ਜਾਪਣ ਲਗਦੇ ਹਨ। ਪਰੰਤੂ ਇਹ ਕਿਸੇ ਸਮੇਂ ਵੀ ਦੁਬਾਰਾ ਵਿਅਕਤੀ ਉਪਰ ਹਾਵੀ ਹੋ ਸਕਦੇ ਹਨ। ਮੇਰੇ ਦੁਆਰਾ ਦਰਸਾਏ ਅਕਰਮ ਮਾਰਗ ਉਪਰ ਚਲਦਿਆਂ ਇਹ ਸਮੱਸਿਆ ਸਾਹਮਣੇ ਨਹੀਂ ਆਉਂਦੀ। ਵਿਲਾਸਤਾ ਦੇ ਮਹਾਂਸਾਗਰ ਦੇ ਵਿਚਕਾਰ ਅਸੀਂ ਪੂਰੀ ਤਰ੍ਹਾਂ ਨਿਰ-ਵਿਸ਼ਯ (ਭਾਵ ਵਿਸ਼ੇ-ਵਾਸਨਾ ਤੋਂ ਨਿਰਲੇਪ) ਰਹਿੰਦੇ ਹਾਂ।

**ਪ੍ਰਸ਼ਨ-ਕਰਤਾ** : ਕੀ ਕੋਈ ਵਿਅਕਤੀ ਨਿਰ-ਵਿਸ਼ਯ ਵਾਲੀ ਅਵਸਥਾ ਵਿਚ ਅੱਪੜ ਸਕਦਾ ਹੈ?

**ਦਾਦਾਸ਼੍ਰੀ** : ਨਿਰ-ਵਿਸ਼ਯ ਵਾਲੀ ਅਵਸਥਾ ਤਾਂ ਉਸ ਕੰਵਲ ਦੇ ਫੁੱਲ ਦੀ ਤਰ੍ਹਾਂ ਹੈ ਜਿਹੜਾ ਛੱਪੜ ਦੇ ਪਾਣੀ ਵਿਚ ਰਹਿ ਕੇ ਵੀ ਪਾਣੀ ਤੋਂ ਅਭਿੱਜ ਰਹਿੰਦਾ ਹੈ। ਮੈਂ ਇਸ ਸਰੀਰ ਉਪਰ ਮਲਕੀਅਤ ਵੀ ਛੱਡ ਦਿੱਤੀ ਹੈ; ਇਸ ਲਈ ਮੈਨੂੰ ਨਾ ਕੋਈ ਵਿਸ਼ਈ ਵਿਚਾਰ ਛੂਹ ਸਕਦਾ ਹੈ ਅਤੇ ਨਾ ਹੀ ਤੰਗ ਕਰ ਸਕਦਾ ਹੈ। ਮੇਰੇ ਅੰਦਰੋਂ ਮਲਕੀਅਤ ਦੀ ਭਾਵਨਾ ਉੱਕਾ ਹੀ ਗੈਰਹਾਜ਼ਰ ਹੈ। ਮਲਕੀਅਤ ਦੀ ਇਹ ਭਾਵਨਾ ਮੈਂ ਮੇਰੇ ਦੁਆਰਾ ਦੀਖਿਆ ਪ੍ਰਾਪਤ ਮਹਾਤਮਾਵਾਂ ਅੰਦਰੋਂ ਵੀ ਖ਼ਤਮ ਕਰ ਦਿੱਤੀ ਹੈ। ਸੋ ਹੁਣ ਉਹ ਵੀ ਆਵੇਸ਼ ਦੇ ਪਾਣੀ ਅੰਦਰ ਕੰਵਲ ਫੁੱਲ ਦੀ ਤਰ੍ਹਾਂ ਅਭਿੱਜ ਰਹਿ ਸਕਦੇ ਹਨ।

ਇਹ ਤੁਹਾਡਾ ਪੁਦਗਲ ਹੀ ਹੈ ਜਿਹੜਾ ਵਿਭਿੰਨ ਵਸਤਾਂ ਵਿਚ ਝਰੀਟਾਂ ਮਾਰਦਾ ਹੈ। ਪਰੰਤੂ ਤੁਹਾਡਾ ਇਸ ਪ੍ਰਕ੍ਰਿਆ ਵਿਚ ਰਚ-ਮਿਚ ਜਾਣ ਦਾ ਅਰਥ ਹੈ ਕਿ ਤੁਸੀਂ ਇਸ ਨੂੰ ਆਪਣੀ ਸਵੀਕ੍ਰਿਤੀ ਦੇ ਦਿੱਤੀ ਹੈ। ਇਸ ਲਈ, ਜਿਹੜੇ ਕਰਮ ਤੁਸੀਂ ਇਕੱਤਰ ਕਰ ਰਹੇ ਹੋ ਤੁਸੀਂ ਆਪਣੇ-ਆਪ ਨੂੰ ਉਨ੍ਹਾਂ ਕਰਮਾਂ ਲਈ ਜ਼ਿੰਮੇਵਾਰ ਬਣ ਕੇ ਉਨ੍ਹਾਂ ਦੇ ਬੰਧਨ ਵਿਚ ਬੱਝ ਰਹੇ ਹੋ। ਪਰੰਤੂ ਜੇਕਰ ਤੁਸੀਂ ਇਸ ਨੂੰ ਆਪਣੀ ਪ੍ਰਵਾਨਗੀ ਨਹੀਂ ਦਿੰਦੇ ਅਤੇ ਜੇਕਰ ਤੁਸੀਂ ਸਿਰਫ਼ ਦ੍ਰਿਸ਼ਟਾ-ਜਾਣੂੰ ਹੀ ਰਹਿੰਦੇ ਹੋ ਤਾਂ ਤੁਸੀਂ ਨਾ ਤਾਂ ਕਰਮਾਂ ਨੂੰ ਇਕੱਤਰ ਕਰਦੇ ਹੋ ਅਤੇ ਨਾ ਹੀ ਬੰਧਨ ਵਿਚ ਬਝਦੇ ਹੋ। ਤੁਸੀਂ ਪੂਰਨ ਤੌਰ 'ਤੇ ਆਜ਼ਾਦ ਰਹਿੰਦੇ ਹੋ।

ਕਈ ਵਿਅਕਤੀਆਂ ਨੇ ਮੈਨੂੰ ਪੁੱਛਿਆ ਹੈ ਕਿ ਮੈਂ ਇਕ ਵਿਸ਼ੇਸ਼ ਕਿਸਮ ਦਾ ਕੋਟ ਹੀ ਕਿਉਂ ਪਹਿਨਦਾ ਹਾਂ। ਉੱਤਰ ਵਿਚ ਮੈਂ ਉਨ੍ਹਾਂ ਨੂੰ ਦੱਸਦਾ ਹਾਂ ਕਿ 'ਇਹ ਇਕ ਤਰ੍ਹਾਂ ਦਾ ਨਿਰਵਿਸ਼ਈ-ਵਿਸ਼ਯ ਹੈ'। ਇੰਦਰੀ ਸੁਖ ਨਾਲ ਸੰਬੰਧਤ ਆਵੇਸ਼ ਦੋ ਪ੍ਰਕਾਰ ਦੇ ਹੁੰਦੇ ਹਨ: ਇਕ ਤਾਂ ਉਹ ਆਵੇਸ਼ ਹੈ ਜਿਹੜਾ ਇੰਦਰੀ ਸੁਖ ਦੇ ਮਨੋਵੇਗ ਦੇ ਪ੍ਰਭਾਵ ਅਧੀਨ ਹੁੰਦਾ ਹੈ ਅਤੇ ਦੂਸਰਾ ਨਿਰਵਿਸ਼ਈ-ਵਿਸ਼ਾ ਹੈ। ਇੰਦਰੀ ਸੁਖ (ਵਿਸ਼ਯ) ਜਿਸ ਵਿਚ ਰੱਤਾ ਜਿੰਨੀ ਵੀ ਸੋਚ-ਵਿਚਾਰ ਜਾਂ ਧਿਆਨ ਨਹੀਂ ਦਿੱਤਾ ਜਾਂਦਾ ਅਤੇ ਜਿਸ ਵਿਚ ਕੋਈ ਚੌਕਸੀ ਵੀ ਨਹੀਂ ਵਰਤੀ ਜਾਦੀ ਨੂੰ ਨਿਰਵਿਸ਼ਈ-ਵਿਸ਼ਯ ਕਿਹਾ ਜਾਦਾ ਹੈ - ਆਵੇਸ਼ ਰਹਿਤ ਇੰਦਰੀ ਸੁਖ।

ਜਿਨ੍ਹਾਂ ਗੱਲਾਂ ਵੱਲ ਵਿਅਕਤੀ ਵਿਸ਼ੇਸ਼ ਤੌਰ 'ਤੇ ਧਿਆਨਮੰਦ ਅਤੇ ਚੌਕਸ ਰਹਿੰਦਾ ਹੈ ਉਨ੍ਹਾਂ ਵਿਚ ਉਹ ਮਾਹਰ ਵੀ ਹੁੰਦਾ ਹੈ ਅਤੇ ਉਨ੍ਹਾਂ ਵਿਚ ਹਰ ਗੱਲ ਦਾ ਬਾਰੀਕੀ ਨਾਲ ਖ਼ਿਆਲ ਰਖਦਾ ਹੈ। ਹਰ ਵਿਅਕਤੀ ਆਪਣੇ-ਆਪਣੇ ਵਿਸ਼ੇ ਵਿਚ ਪੂਰੀ ਤਰ੍ਹਾਂ ਸੰਗਲਨ ਹੁੰਦਾ ਹੈ ਅਤੇ ਇਹ ਉਹ ਖ਼ੇਤਰ ਹੈ ਜਿਥੇ ਉਹ ਤਰਕ ਤੋਂ ਪੂਰੀ ਤਰ੍ਹਾਂ ਵਾਂਝਿਆ ਹੁੰਦਾ ਹੈ ਕਿਉਂਕਿ ਉਹ ਤਾਂ ਉਸ ਵਿਸ਼ੇ, ਉਸ ਮਨੋਵੇਗ ਵਿਚ ਪੂਰਨ ਤੌਰ 'ਤੇ ਗੁਆਚਿਆ ਹੁੰਦਾ ਹੈ।

ਸ਼ੁੱਧ ਆਤਮਾ ਨਿਰਵਿਸ਼ਈ ਹੈ। ਬਾਕੀ ਸਾਰਾ ਸੰਸਾਰ ਵਿਸ਼ਿਆਂ ਵਿਚ ਗਲਤਾਨ ਹੈ। ਸਾਰੇ ਹੀ ਲੋਕ ਉਨ੍ਹਾਂ ਵਿਸ਼ਿਆਂ ਦੀ ਪ੍ਰਾਪਤੀ ਹਿੱਤ ਰੁੱਝੇ ਹੋਏ ਹਨ ਜਿਨ੍ਹਾਂ ਵਿਚ ਉਨ੍ਹਾਂ ਦੀ ਦਿਲਚਸਪੀ ਹੈ। ਉਦਾਹਰਣ ਦੇ ਲਈ, ਇਕ ਸਾਧੂ ਨੇ ਤਪ ਦਾ ਵਿਸ਼ਾ ਪਕੜਿਆ ਹੋਇਆ ਹੈ, ਇਕ ਸੰਨਿਆਸੀ ਨੇ ਤਿਆਗ ਦਾ, ਇਕ ਧਾਰਮਿਕ ਪ੍ਰਚਾਰਕ ਨੇ ਪ੍ਰਵਚਨ/ਭਾਸ਼ਣ ਦੇਣ ਅਤੇ ਪ੍ਰਚਾਰ ਕਰਨ ਦਾ, ਅਤੇ ਇਕ ਦੁਨਿਆਵੀ ਜ਼ਿੰਦਗੀ ਜੀਅ ਰਹੇ ਵਿਅਕਤੀ ਨੇ ਦੁਨਿਆਵੀ ਮਸਲਿਆਂ ਦਾ।

ਉਹ ਇਨ੍ਹਾਂ ਵਿਸ਼ਿਆਂ ਦੇ ਪਿੱਛੇ ਹੀ ਲੱਗੇ ਰਹਿੰਦੇ ਹਨ ਅਤੇ ਫਿਰ ਵੀ ਉਹ ਇਹ ਕਹਿਣ ਦੀ ਹਿਮਾਕਤ ਕਰਦੇ ਹਨ ਕਿ ਉਹ ਸ਼ੁੱਧ ਆਤਮਾ ਦੀ ਪਹਿਚਾਣ ਹਿਤ ਪੁਰਸ਼ਾਰਥ ਕਰਦੇ ਹਨ। ਇਹ ਬੇਹਤਰ ਹੋਵੇਗਾ ਜੇਕਰ ਉਹ ਇਹ ਜਾਨਣ ਲਈ ਕਿ ਕੀ ਉਹ ਸਹੀ ਪੁਰਸ਼ਾਰਥ ਕਰ ਵੀ ਰਹੇ ਹਨ ਜਾਂ ਨਹੀਂ ਕਿਸੇ ਗਿਆਨੀ ਪੁਰਸ਼ ਨਾਲ ਮਸ਼ਵਰਾ ਕਰ ਲੈਣ।

ਪਿਆਰੇ ਮਾਨਵ! ਜੋ ਆਵੱਸ਼ਕ ਸਮਝਿਆ ਜਾਣਾ ਚਾਹੀਦਾ ਹੈ ਤੁਸੀਂ ਉਸ ਨੂੰ ਸਵੈ-ਇੱਛਾ-ਪ੍ਰੇਰਿਤ ਸਮਝ ਰਹੇ ਹੋ। ਤੁਸੀਂ ਇੰਦਰੀ-ਸੁਖ ਦੇ ਪਿੱਛੇ ਲੱਗੇ ਹੋ ਅਤੇ ਸ਼ੁੱਧ-ਆਤਮਾ ਦੀ ਪ੍ਰਾਪਤੀ ਵੀ ਚਾਹੁੰਦੇ ਹੋ, ਉਹ ਸ਼ੁੱਧ ਆਤਮਾ ਜਿਹੜੀ ਇਨ੍ਹਾਂ ਸਭ ਗੱਲਾਂ ਤੋਂ ਅਟੰਕ ਹੈ। ਕਿੰਨੇ ਅਫ਼ਸੋਸ ਦੀ ਗੱਲ ਹੈ! ਹੇ ਪਿਆਰੇ ਵੀਰ! ਇਹ ਕਦੇ ਵੀ ਤੁਹਾਨੂੰ ਭਵਸਾਗਰ ਤੋਂ ਪਾਰ ਨਹੀਂ ਲੈ ਜਾਵੇਗੀ। ਇਹ ਦੌੜ ਅਮੁੱਕ ਚਲਦੀ ਰਹੇਗੀ। ਤੁਸੀਂ ਜੋ ਵੀ ਕੀਤਾ ਹੈ, ਜਿਥੇ ਕਿਧਰੇ ਵੀ ਤੁਸੀਂ ਆਪਣੀ ਹਉਮੈਂ ਦਾ ਅਧਿਕਾਰ ਜਤਾਇਆ ਹੈ, ਖ਼ੁਦ ਨੂੰ ਰੁਝਾਈ ਰਖਿਆ ਹੈ, ਨਾਰਮਲ

ਤੋਂ ਉੱਚਾ ਰਹਿਣ ਦਾ ਯਤਨ ਕੀਤਾ ਹੈ – ਇਹ ਸਭ ਵਿਅਕਤੀਗਤ ਹੈ। ਲੋਕ ਗੁੰਮਰਾਹ ਹੋ ਜਾਂਦੇ ਹਨ ਕਿਉਂਕਿ ਉਹ ਸਹੀ ਗਿਆਨ ਨੂੰ ਸਮਝਣ ਵਿਚ ਅਸਫ਼ਲ ਹੋ ਜਾਂਦੇ ਹਨ। ਪਰੰਤੂ ਉਨ੍ਹਾਂ ਨੂੰ ਇਸ ਦਾ ਦੋਸ਼ ਨਹੀਂ ਦਿੱਤਾ ਜਾ ਸਕਦਾ।

ਮੈਂ ਤਾਂ ਸਿਰਫ਼ ਇਹੋ ਕਹਾਂਗਾ ਕਿ ਮੇਰਾ ਭਾਸ਼ਣ ਡੂੰਘੀ ਰਹਿਮ ਦੀ ਭਾਵਨਾ ਵਿਚੋਂ ਨਿਕਲਦਾ ਹੈ। ਨਹੀਂ ਤਾਂ ਗਿਆਨੀ ਪੁਰਸ਼ ਹੋਣ ਦੇ ਨਾਤੇ ਮੈਂ ਅਜਿਹੇ ਰੁੱਖੇ ਸ਼ਬਦਾਂ ਨੂੰ ਕਿਉਂ ਵਰਤਾਂਗਾ। ਹੋਰ ਕੀਤਾ ਵੀ ਕੀ ਜਾ ਸਕਦਾ ਹੈ? ਕਲਿਯੁਗ ਦੇ ਪ੍ਰਭਾਵ ਕਾਰਨ ਤੁਹਾਨੂੰ ਸਹੀ ਰਸਤਾ ਦਿਖਾਈ ਨਹੀਂ ਦਿੰਦਾ ਅਤੇ ਤੁਹਾਨੂੰ ਇਹ ਸਹੀ ਰਸਤਾ ਦਿਖਾਉਣ ਦੀ ਖ਼ਾਤਰ ਮੈਨੂੰ ਅਜਿਹੇ ਖਰ੍ਹਵੇ, ਸਖ਼ਤ ਸ਼ਬਦ ਬੋਲਣੇ ਪੈਂਦੇ ਹਨ। ਸੱਚੀ ਗੱਲ ਤਾਂ ਇਹ ਕਿ ਗਿਆਨੀ ਪੁਰਸ਼ ਦਇਆ ਦਾ ਸਾਗਰ ਹੁੰਦਾ ਹੈ।

**ਪ੍ਰਸ਼ਨ–ਕਰਤਾ** : ਕਾਮੁਕ ਇੰਦਰੀ ਸੁਖ ਪ੍ਰਤੀ ਸਾਡੀ ਪਹੁੰਚ ਕੀ ਹੋਣੀ ਚਾਹੀਦੀ ਹੈ?

**ਦਾਦਾਸ਼੍ਰੀ** : ਕਾਮੁਕ ਸੁਖ ਨੂੰ ਕਦੇ ਸੱਦਾ ਨਹੀਂ ਦੇਣਾ ਚਾਹੀਦਾ। ਇਸ ਭਾਵਨਾ ਪ੍ਰਤੀ ਸਾਡਾ ਰਵੱਈਆ ਉਸ ਸ਼ੁੱਧ ਸ਼ਾਕਾਹਾਰੀ ਵਿਅਕਤੀ ਵਾਂਗ ਹੋਣਾ ਚਾਹੀਦਾ ਹੈ ਜਿਸ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰਕੇ ਦੋ ਦਿਨ ਪੂਰੀ ਤਰ੍ਹਾਂ ਭੁੱਖਾ ਰਖਿਆ ਹੋਵੇ ਅਤੇ ਫਿਰ ਉਸ ਨੂੰ ਡੰਡੇ ਦੇ ਜ਼ੋਰ ਨਾਲ ਮਾਸ ਖਾਣ ਲਈ ਮਜ਼ਬੂਰ ਕੀਤਾ ਗਿਆ ਹੋਵੇ। ਕਿਸੇ ਹੋਰ ਵਿਕਲਪ ਦੀ ਅਣਹੋਂਦ ਵਿਚ ਹੀ ਵਿਅਕਤੀ ਨੂੰ ਕਾਮੁਕ ਮਨੋਵੇਗ ਅੱਗੇ ਬੇਮਨ ਹੋ ਕੇ ਝੁਕਣਾ ਚਾਹੀਦਾ ਹੈ।

ਮਨੋਵੇਗ ਜਾਂ ਮਨੋਵੇਗ ਤੋਂ ਦੂਰੀ ਇਹ ਮਾਨਵੀ ਸਵੈ ਦੀ ਸ਼ਕਤੀ ਅਧੀਨ ਨਹੀਂ: ਉਸ ਦੀ ਤਾਕਤ ਤੋਂ ਪਰ੍ਹੇ ਹੈ। ਇਕ ਸਿਪਾਹੀ ਨਾਲ ਗ੍ਰਿਫ਼ਤਾਰ ਹੋ ਕੇ ਜਾਣਾ ਕੌਣ ਪਸੰਦ ਕਰੇਗਾ? ਕੋਈ ਵੀ ਇਸ ਤਰ੍ਹਾਂ ਅਜਿਹੇ ਸਿਪਾਹੀ ਨਾਲ ਨਹੀਂ ਜਾਣਾ ਚਾਹੇਗਾ। ਜਿਹੜਾ ਕਾਮੁਕ ਸੁਖ ਤੁਹਾਡੇ ਉਪਰ ਠੋਸਿਆ ਗਿਆ ਹੋਵੇ ਉਹ ਆਵੇਸ਼ ਨਹੀਂ ਰਹਿੰਦਾ, ਪਰੰਤੂ ਉਸ ਬਾਰੇ ਸੋਚਦੇ ਹੀ ਰਹਿਣਾ ਆਵੇਸ਼ ਹੈ ਭਾਵੇਂ ਬਾਹਰੀ ਦਿਖਾਵੇ ਲਈ ਇਸ ਨੂੰ ਜਾਣ-ਬੁੱਝ ਕੇ, ਸੋਚ-ਸਮਝ ਕੇ ਤਿਆਗਿਆ ਹੋਵੇ ਜਾਂ ਇਸ ਦਾ ਆਨੰਦ ਨਾ ਲਿਆ ਹੋਵੇ। ਇਹ ਤਾਂ ਦੈਵੀ ਫ਼ੈਸਲਾ ਹੈ। ਜੇ ਸਰੀਰ ਕਾਮੁਕ ਸੁਖ ਨੂੰ ਮਾਣਦਾ ਹੈ ਤਾਂ ਇਹ ਡਿਸਚਾਰਜ ਹੈ ਪਰੰਤੂ ਜੇ ਮਨ ਇਸ ਦਾ ਆਨੰਦ ਮਾਣਦਾ ਹੈ ਤਾਂ ਕਰਮਾਂ ਦੀ ਬੀਜ ਬੀਜਿਆ ਜਾਂਦਾ ਹੈ। ਇਹ ਬਾਅਦ ਵਿਚ ਫਿਰ ਆਵੇਸ਼ ਦੇ ਰੂਪ ਵਿਚ ਪ੍ਰਗਟ ਹੋਵੇਗਾ।

ਸੰਸਾਰ ਅੰਦਰ ਕਾਮੁਕ ਖੁਸ਼ੀਆਂ ਦੀ ਅਤਿਅੰਤ ਤੀਬਰ ਹੋੜ ਲੱਗੀ ਹੋਈ ਹੈ। ਜੇ ਤੁਸੀਂ ਬਹੁਤ ਸੁੰਦਰ ਪਹਿਰਾਵਾ ਪਹਿਨਦੇ ਹੋ ਅਤੇ ਦੂਸਰਿਆਂ ਨੂੰ ਆਕਰਸ਼ਿਤ ਕਰਦੇ ਹੋ ਤਾਂ ਤੁਸੀਂ ਇਕ ਸਾਧਨ ਬਣ ਜਾਂਦੇ ਹੋ ਜਿਥੇ ਦੂਸਰੇ ਜਨ ਕਰਮਾਂ ਦਾ ਬੀਜ ਬੋ ਦਿੰਦੇ ਹਨ। ਇਸ ਦਾ ਖਮਿਆਜ਼ਾ ਤੁਹਾਨੂੰ ਭੁਗਤਣਾ ਪੈਂਦਾ ਹੈ। ਜੇਕਰ ਤੁਸੀਂ ਆਪਣੇ ਮਨ ਨਾਲ ਕਾਮੁਕ ਖੁਸ਼ੀ ਦੇ

ਇਨ੍ਹਾਂ ਵਿਸ਼ਿਆਂ ਦਾ ਵਿਸ਼ਲੇਸ਼ਣ ਕਰਦੇ ਹੋ ਤਾਂ ਇਹ ਸਭ ਤੁਹਾਨੂੰ ਕੂੜਾ-ਕਰਕਟ ਹੀ ਜਾਪੇਗਾ। ਜਦੋਂ ਤੁਸੀਂ ਤਿਲਕ ਜਾਂਦੇ ਹੋ ਤਾਂ ਉਥੇ ਆਵੇਸ਼ ਆ ਜਾਂਦਾ ਹੈ।

ਅਚੇਤਨ ਵਸਤਾਂ ਲਈ ਵਿਸ਼ਯ ਦੀ ਭਾਵਨਾ ਰੱਖਣਾ ਚੇਤਨ ਜੀਵਾਂ ਪ੍ਰਤੀ ਅਜਿਹੀ ਭਾਵਨਾ ਰੱਖਣ ਨਾਲੋਂ ਬੇਹਤਰ ਹੈ। ਜੇ ਤੁਸੀਂ ਆਜ਼ਾਦ ਵੀ ਹੋਣਾ ਚਾਹੁੰਦੇ ਹੋ ਤਾਂ ਕਿਉਂਕਿ ਜੀਵਿਤ ਪ੍ਰਾਣੀ ਅੰਦਰ ਰਾਗ-ਦਵੇਸ਼ ਦੀ ਭਾਵਨਾ ਸਦਾ ਬਣੀ ਰਹਿੰਦੀ ਹੈ ਇਸ ਲਈ ਉਹ ਤੁਹਾਨੂੰ ਕਦੇ ਵੀ ਆਜ਼ਾਦ ਨਹੀਂ ਹੋਣ ਦੇਵੇਗਾ। ਇਸ ਦੇ ਉਲਟ, ਅਚੇਤਨ ਵਸਤਾਂ ਇਸ ਰਾਗ-ਦਵੇਸ਼, ਮੋਹ ਦੀ ਭਾਵਨਾ ਤੋਂ ਸੁਤੰਤਰ ਹੁੰਦੀਆਂ ਹਨ। ਇਸ ਲਈ ਜਿਉਂ ਹੀ ਤੁਸੀਂ ਉਨ੍ਹਾਂ ਨੂੰ ਤਿਆਗਦੇ ਹੋ ਤੁਸੀਂ ਤੁਰੰਤ ਆਜ਼ਾਦ ਹੋ ਜਾਂਦੇ ਹੋ। ਇਹ ਤਾਂ ਇੰਝ ਹੈ ਜਿਵੇਂ ਇਹ ਤੁਹਾਡੇ ਵੱਲੋਂ 'ਅਲਵਿਦਾ' ਕਹੇ ਜਾਣ ਦੀ ਉਡੀਕ ਹੀ ਕਰ ਰਹੀ ਹੋਵੇ।

ਮਨੁੱਖੀ ਜੀਵਨ ਦਾ ਸਮਾਂ ਸਵਾਸਾਂ ਦੀ ਗਿਣਤੀ ਉਪਰ ਨਿਰਭਰ ਕਰਦਾ ਹੈ। ਜਦੋਂ ਵਿਅਕਤੀ ਵਧੇਰੇ ਸਵਾਸ ਖ਼ਰਚ ਕਰ ਲੈਂਦਾ ਹੈ ਤਾਂ ਉਸ ਦਾ ਜੀਵਨ-ਕਾਲ ਥੋੜਾ ਰਹਿ ਜਾਂਦਾ ਹੈ। ਗੁੱਸਾ, ਹੰਕਾਰ, ਮੋਹ, ਲਾਲਚ, ਧ੍ਰੋਹ, ਆਦਿ ਸਵਾਸਾਂ ਦੀ ਵੱਧ ਗਿਣਤੀ ਖ਼ਰਚ ਕਰ ਦਿੰਦੇ ਹਨ ਅਤੇ ਕਾਮੁਕ ਸੁਖ ਵਰਗੇ ਵਿਸ਼ਿਆਂ ਵਿਚ ਗਲਤਾਨ ਹੋਣ ਨਾਲ ਵੀ ਵੱਧ ਸਵਾਸ ਖ਼ਰਚ ਹੋ ਜਾਂਦੇ ਹਨ।

ਇਸੇ ਕਰਕੇ ਮੈਂ ਦੁਨਿਆਵੀ ਜੀਵਨ ਜੀਅ ਰਹੇ ਵਿਅਕਤੀ ਨੂੰ ਕਹਿੰਦਾ ਹਾਂ ਕਿ 'ਜੇ ਕਰ ਤੁਸੀਂ ਹੋਰ ਕੁਝ ਨਹੀਂ ਕਰ ਸਕਦੇ ਤਾਂ ਆਪਣਾ ਧਨ ਅਤੇ ਬੀਰਜ-ਧਨ ਖਰਚਣ ਵਿਚ ਸੰਕੋਚ ਕਰੋ।' ਇਹ ਦੋਵੇਂ ਇਸ ਸੰਸਾਰ ਅੰਦਰ ਜੀਵਨ ਦੇ ਦੋ ਮੁੱਖ ਸਤੰਭ ਹਨ। ਸ਼ਰਾਬ ਨੂੰ ਬੁਰੀ ਕਿਹਾ ਜਾਂਦਾ ਹੈ ਕਿਉਂਕਿ ਇਹ ਵਿਅਕਤੀ ਨੂੰ ਵਿਸ਼ਈ-ਭਾਵਨਾ ਦਾ ਸ਼ਿਕਾਰ ਬਣਾਉਂਦੀ ਹੈ।

ਕਾਮੁਕ ਸੁਖ ਦੇ ਵਿਸ਼ੇ ਇੰਨੇ ਅਣਗਿਣਤ ਹਨ ਕਿ ਲੱਖਾਂ ਵਾਰ ਜਨਮ-ਮਰਨ ਦੇ ਚੱਕਰ ਵਿਚੋਂ ਲੰਘਣ ਉਪਰੰਤ ਵੀ ਨਾ ਇਹ ਘਟਦੇ ਹਨ ਨਾ ਖ਼ਤਮ ਹੁੰਦੇ ਹਨ। ਮੈਂ ਮੇਰੇ ਦੁਆਰਾ ਦੀਖਿਆ ਪ੍ਰਾਪਤ ਮਹਾਤਮਾ-ਜਨਾਂ ਨੂੰ ਨਿਰਵਿਸ਼ਈ ਬਣਾ ਦਿੱਤਾ ਹੈ: ਉਹ ਹਰ ਆਵੇਸ਼, ਹਰ ਮਨੋਵੇਗ ਤੋਂ ਸੁਤੰਤਰ ਹਨ।

**ਪ੍ਰਸ਼ਨ-ਕਰਤਾ** : ਕਾਮੁਕ ਸੁਖ ਦੀ ਖ਼ਾਤਰ ਆਵੇਸ਼ਾਂ ਨਾਲ ਹਉਮੈਂ ਕਿਵੇਂ ਸੰਬੰਧਤ ਹੈ?

**ਦਾਦਾਸ਼੍ਰੀ**: ਲੋਕ ਸਿਰਫ਼ ਆਵੇਸ਼ ਲਈ ਨਹੀਂ ਜਿਉਂਦੇ, ਉਹ ਆਵੇਸ਼ ਹਿਤ ਆਪਣੀ ਹਉਮੈਂ ਨੂੰ ਸੰਤੁਸ਼ਟ ਕਰਨ ਹਿਤ ਜਿਉਂਦੇ ਹਨ। ਸਰੀਰ ਅੰਦਰ ਮਨੋਵੇਗਾਂ ਦੇ ਪ੍ਰਮਾਣੂ ਹਨ ਉਨ੍ਹਾਂ ਵਿਚੋਂ ਇਕ ਹਉਮੈਂ ਨੂੰ ਵਿਅਕਤੀ ਪਿਛਲੇ ਜਨਮ ਤੋਂ ਨਾਲ ਲੈ ਕੇ ਇਸ ਜਨਮ ਵਿਚ ਆਉਂਦਾ ਹੈ।

ਮੈਂ ਆਪਣੇ ਦੀਖਿਆ-ਪ੍ਰਾਪਤ ਮਹਾਤਮਾ-ਜਨਾਂ ਨੂੰ ਇੰਦਰੀ ਸੁਖ ਹਿਤ ਹਉਮੈਂ ਤੋਂ

ਆਜ਼ਾਦ ਕਰ ਦਿੱਤਾ ਹੈ। ਫਿਰ ਵੀ ਪ੍ਰਮਾਣੂੰ ਜਿਹੜੇ ਪੁਰਾਤਨ ਜਨਮਾਂ ਦੇ ਕਰਮਾਂ ਕਾਰਨ ਬਣੇ ਹੋਏ ਹਨ ਉਹ ਆਪਣਾ ਫਲ ਦੇਣ ਉਪਰੰਤ ਹੀ ਖ਼ਤਮ ਹੋਣਗੇ। ਤੁਹਾਡੇ ਅੰਦਰ ਵਿਭਿੰਨ ਪ੍ਰਕਾਰ ਦੇ ਇੰਦਰੀ ਸੁਖ ਦੀ ਖ਼ਾਤਰ ਹਉਮੈਂ ਜਮ੍ਹਾਂ ਹੋ ਚੁੱਕੀ ਹੈ। ਇਹ ਸਾਰੇ ਕਿਸਮ ਦੇ ਇੰਦਰੀ-ਸੁਖ ਤੁਹਾਡੇ ਸਾਹਮਣੇ ਆਉਣਗੇ। ਇਸ ਦੇ ਉਲਟ, ਜਿਹੜਾ ਆਵੇਸ਼ ਤੁਹਾਡੀ ਹਉਮੈਂ ਦੇ ਅੰਦਰ ਨਹੀਂ ਹੈ ਉਹ ਤੁਹਾਡੇ ਸਾਹਮਣੇ ਨਹੀਂ ਆਵੇਗਾ। ਜਦੋਂ ਬਾਹਰੀ ਹਉਮੈਂ ਪੂਰੀ ਤਰ੍ਹਾਂ ਖ਼ਤਮ ਹੋ ਜਾਂਦੀ ਹੈ ਅਤੇ ਜਦੋਂ ਸੰਬੰਧਤ ਪ੍ਰਮਾਣੂੰ ਆਪਣਾ ਫਲ ਦੇਣ ਉਪਰੰਤ ਟੁੱਟ ਜਾਂਦੇ ਹਨ ਭਾਵ ਖ਼ਤਮ ਹੋ ਜਾਂਦੇ ਹਨ ਤਾਂ ਸਰੀਰ ਦੀ ਹੋਂਦ ਖ਼ਤਮ ਹੋ ਜਾਂਦੀ ਹੈ।

**ਪ੍ਰਸ਼ਨ-ਕਰਤਾ** : ਕਰਮ ਅਤੇ ਆਵੇਸ਼ ਕਿਵੇਂ ਆਪਸ ਵਿਚ ਸੰਬੰਧਤ ਹਨ?

**ਦਾਦਾਸ਼੍ਰੀ** : ਸਰੀਰ ਨੂੰ ਮੁਕਤੀ ਦਾ ਪਦ ਉਦੋਂ ਹੀ ਪ੍ਰਾਪਤ ਹੁੰਦਾ ਹੈ ਜਦੋਂ ਇਸ ਅੰਦਰ ਹਾਜ਼ਰ ਪ੍ਰਮਾਣੂੰ ਪੂਰੀ ਤਰ੍ਹਾਂ ਟੁੱਟ ਜਾਂਦੇ ਹਨ, ਖ਼ਤਮ ਹੋ ਜਾਂਦੇ ਹਨ। ਸੰਸਾਰ ਦੇ ਕਈ ਧਰਮ ਅਬੰਧ (ਅਬੰਧ ਤੋਂ ਭਾਵ ਹੈ ਕਰਮਾਂ ਦੇ ਪ੍ਰਭਾਵ ਨੂੰ ਆਤਮਾ ਉੱਪਰ ਪੈਣ ਤੋਂ ਰੋਕਣਾ) ਨੂੰ ਹੀ ਬੰਧ (ਭਾਵ ਕਰਮਾਂ ਦੇ ਪ੍ਰਭਾਵ ਦਾ ਆਤਮਾ ਵੱਲ ਵਹਾਅ; ਕਰਮਾਂ ਦਾ ਚਾਰਜ ਕਰਨਾ) ਸਮਝਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਉੱਕਾ ਹੀ ਇਲਮ ਨਹੀਂ ਕਿ ਕਿਹੜੀ ਚੀਜ ਅਬੰਧ ਦਾ ਕਾਰਨ ਬਣਦੀ ਹੈ ਅਤੇ ਕਿਸ ਲਈ ਬਣਦੀ ਹੈ। ਇਹ ਬਹੁਤ ਹੀ ਗੰਭੀਰ ਅਤੇ ਸੂਖ਼ਮ ਕਥਨ ਹੈ। ਇਸ ਸੰਕਲਪ ਨੂੰ ਸਮਝ ਸਕਣਾ ਵੀ ਬਹੁਤ ਮੁਸ਼ਕਿਲ ਹੈ।

ਸੰਸਾਰ ਨੂੰ ਉਸ ਵਿਸ਼ਯ ਬਾਰੇ ਜਾਣਕਾਰੀ ਹੈ ਜਿਨ੍ਹਾਂ ਦਾ ਉਨ੍ਹਾਂ ਅਧਿਐਨ ਕੀਤਾ ਹੈ ਜਾਂ ਜਿਨ੍ਹਾਂ ਨਾਲ ਉਨ੍ਹਾਂ ਦਾ ਵਾਹ ਪਿਆ ਹੈ। ਜਿਹੜੇ ਵਿਸ਼ਿਆਂ ਦਾ ਉਨ੍ਹਾਂ ਅਧਿਐਨ ਕੀਤਾ ਹੈ ਉਨ੍ਹਾਂ ਵਿਸ਼ਿਆਂ ਵਿਚ ਉਹ ਵਿਸ਼ਈ ਬਣ ਗਏ ਹਨ। ਆਮ ਤੌਰ 'ਤੇ ਦੁਨੀਆਂ ਦੇ ਧਰਮ ਸਿਰਫ਼ ਪੰਜ ਪ੍ਰਕਾਰ ਦੇ ਵਿਸ਼ਿਆਂ ਬਾਰੇ ਜ਼ਿਕਰ ਕਰਦੇ ਹਨ ਹਾਲਾਂ ਕਿ ਇਹ ਵਿਸ਼ੇ ਤਾਂ ਅਣਗਿਣਤ ਹਨ।

ਜਿਹੜਾ ਵਿਅਕਤੀ ਅਸਾਧਾਰਣ (ਭਾਵ ਸਾਧਾਰਨ ਤੋਂ ਉੱਪਰ ਜਾਂ ਹੇਠਾਂ) ਹੈ ਉਹ ਵਿਸ਼ਈ ਹੋ ਗਿਆ ਹੈ, ਉਹ ਇੰਦਰੀ ਸੁਖ ਵਿਚ ਗਲਤਾਨ ਹੋ ਗਿਆ ਹੈ। ਵਿਸ਼ਈ ਹੋਣ ਤੋਂ ਭਾਵ ਹੈ ਇਸ ਦੁਨਿਆਵੀ ਜੀਵਨ ਬਾਰੇ ਸੰਬੰਧਤ ਗਿਆਨ ਪ੍ਰਾਪਤੀ ਹਿਤ ਯਤਨ ਨਾ ਕਿ ਸ਼ੁੱਧ ਆਤਮਾ ਦੀ ਪਹਿਚਾਣ ਹਿਤ ਸਹੀ ਗਿਆਨ ਦੀ ਪ੍ਰਾਪਤੀ ਦੀ ਕੋਸ਼ਿਸ਼।

## 111
## ਪ੍ਰੇਮ ਅਤੇ ਮੋਹ-ਬੰਧਨ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਨੂੰ ਪ੍ਰੇਮ ਦੇ ਵਿਸ਼ੇ ਉਪਰ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਸੱਚਾ ਪਿਆਰ ਕੀ ਹੈ? ਸੱਚਾ ਪ੍ਰੇਮ ਉਹ ਹੈ ਜਿਹੜਾ ਕਦੇ ਘੱਟ ਨਹੀਂ ਹੁੰਦਾ। ਇਹ ਲਗਾਤਾਰ ਉਵੇਂ ਹੀ ਬਣਿਆ ਰਹਿੰਦਾ ਹੈ। ਭਗਤ ਕਬੀਰ ਜੀ ਦਾ ਕਥਨ ਹੈ ਕਿ 'ਸੱਚੇ ਪਿਆਰ ਦਾ ਵਹਾਅ ਲਗਾਤਾਰ ਇਕਸਾਰ ਬਣਿਆ ਰਹਿੰਦਾ ਹੈ; ਇਹ ਜਵਾਰਭਾਟਾ ਦੇ ਉਤਰਨ ਜਾਂ ਚੜ੍ਹਨ ਵਾਂਗ ਨਹੀਂ ਹੁੰਦਾ।'

'ਸ਼ੁੱਧ ਪ੍ਰੇਮ ਦੈਵੀ ਪ੍ਰੇਮ ਹੈ'। ਜਿਹੜਾ ਪਿਆਰ ਲਾਵੇ ਦੀ ਤਰ੍ਹਾਂ ਵਧਦਾ ਅਤੇ ਘਟਦਾ ਰਹਿੰਦਾ ਹੈ ਉਹ ਸੱਚਾ ਪ੍ਰੇਮ ਨਹੀਂ ਹੁੰਦਾ। ਇਸ ਨੂੰ ਅਸੀਂ ਮੋਹ ਜਾਂ ਮੋਹ-ਬੰਧਨ ਕਹਿ ਸਕਦੇ ਹਾਂ।

ਜਿਹੜਾ ਪਿਆਰ ਤੁਸੀਂ ਇਸ ਸੰਸਾਰ ਅੰਦਰ ਵੇਖਦੇ ਹੋ ਉਹ ਸੱਚਾ ਪਿਆਰ ਨਹੀਂ ਹੈ: ਮੈਂ ਇਸ ਨੂੰ 'ਸੋਚ-ਸਮਝ ਕੇ ਕੀਤਾ' ਪਿਆਰ ਕਹਾਂਗਾ ਕਿਉਂਕਿ ਇਹ ਪਿਆਰ ਕਿਸੇ ਉੱਦੇਸ਼ ਜਾਂ ਮਤਲਬ ਦੀ ਪੂਰਤੀ ਹਿੱਤ ਹੁੰਦਾ ਹੈ। ਪਤੀ-ਪਤਨੀ ਦਾ ਪਿਆਰ, ਮਾਂ-ਬਾਪ ਦਾ ਪਿਆਰ, ਪਿਤਾ-ਪੁੱਤਰ ਜਾਂ ਮਾਂ-ਪੁੱਤਰ ਵਿਚਕਾਰ ਪਿਆਰ, ਮਾਲਕ ਅਤੇ ਨੌਕਰ ਵਿਚਕਾਰ ਪਿਆਰ - ਇਹ ਸਾਰੇ ਪਿਆਰ ਇਕ ਵਿਸ਼ੇਸ਼ ਮਕਸਦ ਉਪਰ ਆਧਾਰਤ ਹੁੰਦੇ ਹਨ। ਜਦੋਂ ਇਹ ਪ੍ਰੇਮ ਟੁੱਟ ਜਾਂਦਾ ਹੈ ਜਾਂ ਇਸ ਵਿਚ ਤਰੇੜ ਆ ਜਾਂਦੀ ਹੈ ਤਾਂ ਵਿਅਕਤੀ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਇਹ ਤਾਂ 'ਸੋਚ-ਵਿਚਾਰ ਕੇ' ਕਿਸੇ ਮਕਸਦ ਲਈ ਕੀਤਾ ਗਿਆ ਪਿਆਰ ਸੀ। ਜਿੰਨੀ ਦੇਰ ਰਿਸ਼ਤੇ ਵਿਚ ਮਿਠਾਸ ਬਣੀ ਰਹਿੰਦੀ ਹੈ ਉਨੀ ਦੇਰ ਸਭ ਠੀਕ ਹੈ ਪਰੰਤੂ ਅਸਲੀਅਤ ਉਦੋਂ ਸਪਸ਼ਟ ਹੁੰਦੀ ਹੈ ਜਦੋਂ ਰਿਸ਼ਤੇ ਵਿਚ ਖਟਾਸ ਆਉਣੀ ਆਰੰਭ ਹੁੰਦੀ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਇਕ ਪੁੱਤਰ ਆਪਣੀ ਸਾਰੀ ਉਮਰ ਪਿਤਾ ਪ੍ਰਤੀ ਸਤਿਕਾਰ ਬਣਾਈ ਰਖਦਾ ਹੈ ਪਰੰਤੂ ਕਦੇ ਹਾਲਾਤਾਂ ਦੇ ਬੋਝ ਹੇਠ ਉਹ ਇਹ ਕਹਿ ਉਠਦਾ ਹੈ ਕਿ 'ਤੁਹਾਨੂੰ ਕੋਈ ਸਮਝ ਨਹੀਂ ਹੈ'। ਇਹ ਗੱਲ ਪਿਤਾ ਅਤੇ ਪੁੱਤਰ ਵਿਚਕਾਰ ਸੰਬੰਧਾਂ ਨੂੰ ਖ਼ਰਾਬ ਕਰ ਦਿੰਦੀ ਹੈ ਅਤੇ ਪਿਤਾ ਕਹਿ ਦਿੰਦਾ ਹੈ ਕਿ 'ਅੱਜ ਤੋਂ ਬਾਅਦ ਤੂੰ ਮੇਰਾ ਪੁੱਤਰ ਨਹੀਂ।'

ਹਾਂ, ਜੇ ਕਿਧਰੇ ਸੱਚਾ ਪਿਆਰ ਹੈ ਤਾਂ ਉਹ ਹਮੇਸ਼ਾ ਉਵੇਂ ਹੀ ਬਣਿਆ ਰਹੇਗਾ - ਲੜਨ-ਝਗੜਨ ਦੇ ਬਾਵਜੂਦ ਵੀ। ਇਸ ਤੋਂ ਬਿਨਾਂ ਕਿਸੇ ਹੋਰ ਨੂੰ ਸੱਚਾ ਪ੍ਰੇਮ ਕਿਵੇਂ ਕਿਹਾ ਜਾ ਸਕਦਾ ਹੈ?

**ਪ੍ਰਸ਼ਨ-ਕਰਤਾ** : ਪਿਆਰ ਅਤੇ ਮੋਹ ਬੰਧਨ ਵਿਚ ਕੀ ਫ਼ਰਕ ਹੈ?

**ਦਾਦਾਸ਼੍ਰੀ** : ਜਿਹੜਾ ਪਿਆਰ 'ਸੋਚ-ਸਮਝ ਕੇ ਕਿਸੇ ਵਿਸ਼ੇਸ਼ ਮਕਸਦ ਲਈ ਕੀਤਾ ਜਾਦਾ ਹੈ ਉਹ ਸੱਚਾ ਪਿਆਰ ਨਹੀਂ, ਉਹ ਬੰਧਨ ਹੈ। ਇਹ ਤਾਂ ਇਕ ਦੁਕਾਨਦਾਰ ਅਤੇ ਗਾਹਕ ਦਰਮਿਆਨ ਪਿਆਰ ਵਾਂਗ ਹੈ। ਇਹ ਇਕ ਸੌਦਾ ਹੈ। ਇਸ ਸੰਸਾਰ ਅੰਦਰ ਜਿਹੜਾ ਪ੍ਰੇਮ

ਤੁਹਾਨੂੰ ਮਿਲਦਾ ਹੈ ਉਹ ਦਰਅਸਲ ਬੰਧਨ ਹੈ।

ਜਦੋਂ ਕੋਈ ਵਿਅਕਤੀ ਹਰ ਸਮੇਂ, ਹਮੇਸ਼ਾ ਹੀ ਆਪਣੇ ਪਿਆਰੇ ਦੇ ਨਾਲ, ਉਸ ਦੇ ਨੇੜੇ ਰਹਿਣਾ ਚਾਹੇ ਅਤੇ ਜਦੋਂ ਵਿਅਕਤੀ ਨੂੰ ਆਪਣੇ ਪਿਆਰੇ ਦੀ ਹਰ ਗੱਲ, ਹਰ ਚੀਜ ਪਸੰਦ ਆਵੇ ਅਤੇ ਪ੍ਰਸ਼ੰਸ਼ਾ ਦੇ ਯੋਗ ਲੱਗੇ ਤਾਂ ਇਹ ਸੱਚਾ ਪਿਆਰ ਹੈ। ਇਸ ਵਿਚ 'ਕ੍ਰਿਆ ਅਤੇ ਪ੍ਰਤਿਕ੍ਰਿਆ' ਨਹੀਂ ਹੋਵੇਗੀ: ਇਹ ਸਚਮੁੱਚ ਪ੍ਰਤਿਕ੍ਰਿਆ ਤੋਂ ਵਿਹੀਣ ਹੋਵੇਗਾ।

ਸੱਚਾ ਪ੍ਰੇਮ ਤਾਂ ਪਰਮਾਤਮਾ ਦਾ ਦੂਜਾ ਨਾਮ ਹੈ। ਸੱਚੇ ਪਿਆਰ ਦਾ ਵਹਾਅ ਸਦਾ ਇਕਸਾਰ ਬਣਿਆ ਰਹਿੰਦਾ ਹੈ। ਨਾ ਇਸ ਵਿਚ ਕੋਈ ਚੜ੍ਹਾਅ ਆਉਂਦਾ ਹੈ ਅਤੇ ਨਾ ਹੀ ਉਤਰਾਅ। ਇਸ ਵਿਚ ਪੂਰਨਤਾ ਜਾਂ ਅਧੂਰੇਪਣ ਦਾ ਪ੍ਰਸ਼ਨ ਹੀ ਨਹੀਂ ਉਠਦਾ। ਜਿਥੇ ਉਤਰਾਅ-ਚੜ੍ਹਾਅ, ਆਦਿ ਹੋਵੇਗਾ ਉਹ ਸੱਚਾ ਪਿਆਰ ਨਹੀਂ, ਬੰਧਨ ਹੁੰਦਾ ਹੈ।

ਦੇਖੋ, ਤੁਸੀਂ ਅਕਸਰ ਉਸ ਥਾਂ ਨਾਲ ਵੀ ਬੱਝ ਜਾਂਦੇ ਹੋ ਜਿਥੇ ਤੁਸੀਂ ਸੌਂਦੇ ਹੋ ਅਤੇ ਹਰ ਰਾਤ ਉਸੇ ਥਾਂ ਉਪਰ ਸੌਣ ਦੀ ਜਿੱਦ ਕਰਦੇ ਹੋ। ਜੇ ਤੁਸੀਂ ਦਰੀ ਉਪਰ ਸੌਣ ਦੇ ਆਦੀ ਹੋ ਗਏ ਹੋ ਤਾਂ ਤੁਸੀਂ ਦਰੀ ਉਪਰ ਹੀ ਸੌਣਾ ਚਾਹੋਗੇ ਅਤੇ ਜੇ ਤੁਸੀਂ ਡਨਲਪ ਜਾਂ ਕਿਸੇ ਹੋਰ ਬਰਾਂਡ ਦੇ ਗੱਦੇ ਉਪਰ ਸੌਣ ਦੇ ਆਦੀ ਹੋ ਤਾਂ ਤੁਸੀਂ ਉਸੇ ਬਰਾਂਡ ਦੇ ਗੱਦੇ ਦੀ ਮੰਗ ਕਰੋਗੇ। ਸਾਧਾਰਨ ਦਰੀ ਉਪਰ ਸੌਣ ਵਾਲਾ ਵਿਅਕਤੀ ਡਨਲਪ ਦੇ ਗੱਦੇ ਉੱਪਰ ਸੌਂ ਨਹੀਂ ਸਕੇਗਾ। ਇਸ ਤਰ੍ਹਾਂ ਦੀ ਜਿੱਦ ਤਾਂ ਜ਼ਹਿਰ ਹੈ ਅਤੇ ਅਜਿਹੀ ਜ਼ਿੱਦ ਨਾ ਕਰਨਾ ਅੰਮ੍ਰਿਤ ਹੈ।

**ਪ੍ਰਸ਼ਨ-ਕਰਤਾ** : ਅਸੀਂ ਦੂਸਰਿਆਂ ਦਾ ਪਿਆਰ ਕਿਵੇਂ ਜਿੱਤੀਏ?

**ਦਾਦਾਸ਼੍ਰੀ** : ਜਿੰਨੀ ਦੇਰ ਵਿਅਕਤੀ ਜਿੱਦ ਨਾ ਕਰਨ ਦੀ ਭਾਵਨਾ ਪੈਦਾ ਨਹੀ਼ ਕਰ ਲੈਂਦਾ ਉਨੀ ਦੇਰ ਉਹ ਦੁਨੀਆਂ ਅੰਦਰ ਪਿਆਰ ਨਹੀਂ ਪਾ ਸਕਦਾ। ਸ਼ੁੱਧ ਪ੍ਰੇਮ ਹਠ ਜਿਦ ਨਾ ਕਰਨ ਵਾਲੀ ਭਾਵਨਾ ਦੇ ਰਾਹੀਂ ਪ੍ਰਗਟ ਹੁੰਦਾ ਹੈ। ਇਹ ਸ਼ੁੱਧ ਪ੍ਰੇਮ ਹੀ ਪਰਮਾਤਮਾ ਹੈ। ਇਸ ਸੰਸਾਰ ਦੇ ਲੋਕ ਕੀ ਚਾਹੁੰਦੇ ਹਨ? ਉਹ ਸਿਰਫ਼ ਪ੍ਰੇਮ ਦੀ ਖ਼ਾਤਰ ਹੀ ਪ੍ਰੇਮ (ਮੁਕਤ-ਪ੍ਰੇਮ) ਚਾਹੁੰਦੇ ਹਨ। ਜਿਸ ਪਿਆਰ ਅੰਦਰ ਖ਼ੁਦਗਰਜ਼ੀ ਜਾਂ ਕੋਈ ਉਦੇਸ਼ ਨਹੀਂ ਜਾਂ ਜਿਹੜਾ ਪਿਆਰ ਕਿਸੇ ਮਕਸਦ ਦੀ ਪੂਰਤੀ ਹਿਤ ਸੋਚ-ਵਿਚਾਰ ਕੇ ਨਹੀਂ ਕੀਤਾ ਗਿਆ ਉਹ ਮੁਕਤ ਪ੍ਰੇਮ ਹੈ।

ਬਿਨਾਂ ਸਹੀ ਗਿਆਨ ਦੇ ਪ੍ਰੇਮ ਛੇਤੀ ਖ਼ਤਮ ਹੋ ਜਾਂਦਾ ਹੈ। ਅੱਜ ਕੱਲ ਤਾਂ ਪ੍ਰੇਮ ਵਿਅਕਤੀ ਦੀ ਬਾਹਰੀ ਦਿੱਖ ਜਾਂ ਸੁਭਾਅ ਉਪਰ ਆਧਾਰਤ ਹੈ; ਸੁਭਾਅ ਦੇ ਗੁਣ ਬਦਲਦੇ ਰਹਿੰਦੇ ਹਨ। ਇਸ ਤਰ੍ਹਾਂ ਦੀ ਅਸਥਿਰ ਪ੍ਰਕ੍ਰਿਤੀ - ਉਹ ਪ੍ਰਕ੍ਰਿਤੀ ਜਿਸ ਨੇ ਯਕੀਨਨ ਹੀ ਬਦਲਦੇ ਰਹਿਣਾ ਹੈ - ਉਪਰ ਆਧਾਰਤ ਪਿਆਰ ਦਾ ਕੀ ਮੁੱਲ? ਅਜਿਹਾ ਪਿਆਰ ਸਦੀਵੀ ਕਿਵੇਂ ਰਹੇਗਾ?

**ਪ੍ਰਸ਼ਨ-ਕਰਤਾ** : ਹਉਮੈਂ ਪਿਆਰ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?

**ਦਾਦਾਸ਼੍ਰੀ** : ਇਕ ਵਿਅਕਤੀ ਦੇਖਣ ਨੂੰ ਭਾਵੇਂ ਕਿੰਨਾ ਵੀ ਸੁੰਦਰ ਕਿਉਂ ਨਾ ਲਗਦਾ ਹੋਵੇ ਉਸ ਅੰਦਰਲੀ ਹਉਮੈਂ ਉਸ ਨੂੰ ਕਰੂਪ ਬਣਾ ਦਿੰਦੀ ਹੈ। ਅਜਿਹੇ ਵਿਅਕਤੀ ਸੁੰਦਰ ਕਿਵੇਂ ਦਿਖ ਸਕਦੇ ਹਨ। ਉਹ ਸੁੰਦਰ ਤਾਂ ਹੀ ਦਿਖ ਸਕਦੇ ਹਾਂ ਜਦੋਂ ਉਨ੍ਹਾਂ ਦਾ ਸ਼ੁੱਧ ਆਤਮਾ ਪ੍ਰਤੀ ਪਿਆਰ ਹਉਮੈਂ-ਵਿਹੀਣ ਹੋਵੇ ਅਤੇ ਜਦੋਂ ਉਹ ਪ੍ਰੇਮ ਦਾ ਹੀ ਰੂਪ - ਪ੍ਰਮਾਤਮਾ - ਬਣ ਜਾਣ। ਉਦੋਂ ਉਹ ਸੁੰਦਰ ਹੀ ਜਾਪਣਗੇ ਭਾਵੇਂ ਉਨ੍ਹਾਂ ਦੀ ਬਾਹਰੀ ਦਿੱਖ ਕਰੂਪ ਹੀ ਕਿਉਂ ਨਾ ਹੋਵੇ। ਜਦੋਂ ਸ਼ੁੱਧ ਪ੍ਰੇਮ ਪ੍ਰਗਟ ਹੁੰਦਾ ਹੈ ਤਾਂ ਵਿਅਕਤੀ ਸੁੰਦਰ ਨਜ਼ਰ ਆਉਂਦਾ ਹੈ।

**ਪ੍ਰਸ਼ਨ-ਕਰਤਾ** : ਕਦੇ ਕਦੇ ਤੁਸੀਂ ਉਸ ਵਿਅਕਤੀ ਪ੍ਰਤੀ ਵੀ ਨਫ਼ਰਤ ਮਹਿਸੂਸ ਕਰਦੇ ਹੋ ਜਿਸ ਨਾਲ ਤੁਸੀਂ ਬਹੁਤ ਜੁੜੇ ਹੁੰਦੇ ਹੋ। ਅਜਿਹਾ ਕਿਉਂ?

**ਦਾਦਾਸ਼੍ਰੀ** : ਦੁਨਿਆਵੀ ਜੀਵਨ ਵਿਚ ਕਲੇਸ਼ ਵੀ ਮੋਹ-ਬੰਧਨ ਪੈਦਾ ਕਰਦੇ ਹਨ। ਇਸ ਸੰਸਾਰ ਵਿਚ ਝਗੜੇ ਅਤੇ ਕਲੇਸ਼ ਤਾਂ ਅਜਿਹੇ ਬੰਧਨਾਂ ਲਈ ਵਿਟਾਮਿਨ ਦਾ ਕੰਮ ਕਰਦੇ ਹਨ। ਜੇ ਕੋਈ ਝਗੜਾ ਜਾਂ ਕਲੇਸ਼ ਨਾ ਹੋਵੇ ਤਾਂ ਵਿਅਕਤੀ ਹਰ ਪ੍ਰਕਾਰ ਦੇ ਬੰਧਨਾ ਤੋਂ ਪਰ੍ਹੇ ਹੋ ਜਾਵੇਗਾ।

**ਪ੍ਰਸ਼ਨ-ਕਰਤਾ** : ਜਿਹੜਾ ਵਿਅਕਤੀ ਮੁਕਤੀ ਦੀ ਤਾਂਘ ਰਖਦਾ ਹੈ ਉਸ ਨੂੰ ਪਿਆਰ ਅਤੇ ਮੋਹ-ਬੰਧਨ ਪ੍ਰਤੀ ਕਿਹੜੀਆਂ ਕਿਹੜੀਆਂ ਗੱਲਾਂ ਦਾ ਧਿਆਨ ਰਖਣਾ ਚਾਹੀਦਾ ਹੈ।

**ਦਾਦਾਸ਼੍ਰੀ** : ਪਰਮਾਤਮਾ ਦਾ ਆਦੇਸ਼ ਹੈ : "ਨਫ਼ਰਤ (ਦਵੈਸ਼-ਪਰੀਛਾ) ਮਦਦਗਾਰ ਹੁੰਦੀ ਹੈ ਜਦੋਂ ਕਿ ਪ੍ਰੇਮ-ਪਰੀਛਾ ਤੁਹਾਨੂੰ ਮੁਕਤ ਨਹੀਂ ਹੋਣ ਦਿੰਦੀ।" ਇਹ ਸਾਰਾ ਸੰਸਾਰ ਪ੍ਰੇਮ-ਪਰੀਛਾ ਦੇ ਜਾਲ ਵਿਚ ਫਾਥਾ ਹੋਇਆ ਹੈ। ਇਸ ਲਈ, ਹਰ ਕਿਸੇ ਤੋਂ ਥੋੜ੍ਹੀ ਦੂਰੀ ਬਣਾ ਕੇ ਰਖੋ ਅਤੇ ਘੱਟ ਤੋਂ ਘੱਟ ਲੋਕਾਚਾਰ ਅਤੇ ਮਰਯਾਦਾ ਜ਼ਰੂਰ ਬਣਾਈ ਰਖੋ।

ਕਿਸੇ ਨਾਲ ਵੀ ਨੇੜਿਉਂ ਨਾ ਜੁੜੋ ਅਤੇ ਕਿਸੇ ਦੇ ਮੋਹ-ਸੰਬੰਧਾਂ ਵਿਚ ਨਾ ਫਸੋ। ਪਰੰਤੂ ਜੇ ਤੁਸੀਂ ਤੁਹਾਨੂੰ ਵਿਖਾਈ ਗਈ ਅਪਣੱਤ ਨੂੰ ਵੀ ਅਸਵੀਕਾਰ ਕਰ ਦਿੰਦੇ ਹੋ ਤਾਂ ਤੁਸੀਂ ਮੁਕਤੀ ਪ੍ਰਾਪਤ ਨਹੀਂ ਕਰ ਸਕੋਗੇ। ਇਸ ਲਈ ਹਮੇਸ਼ਾ ਆਪਣਾ ਬਚਾਅ ਰਖੋ। ਜਦੋਂ ਤੁਸੀਂ ਮੁਕਤੀ ਚਾਹੁੰਦੇ ਹੋ ਤਾਂ ਉਨ੍ਹਾਂ ਲੋਕਾਂ ਦਾ ਧੰਨਵਾਦ ਜ਼ਰੂਰ ਕਰੋ ਜਿਹੜੇ ਤੁਹਾਡੀ ਵਿਰੋਧਤਾ ਕਰਦੇ ਹਨ। ਇਸ ਲਈ ਤੁਸੀਂ ਆਪਣਾ ਵਰਤਾਵ ਹਮੇਸ਼ਾ ਇਸ ਤਰ੍ਹਾਂ ਦਾ ਰਖੋ ਕਿ ਜਿਹੜੇ ਤੁਹਾਨੂੰ ਪ੍ਰੇਮ ਕਰਦੇ ਹਨ ਉਹ ਖ਼ੁਦ ਦੀ ਹੇਠੀ ਨਾ ਸਮਝਣ ਅਤੇ ਤੁਸੀਂ ਖ਼ੁਦ ਨੂੰ ਆਜ਼ਾਦ ਵੀ ਕਰ ਲਉ। ਜੇਕਰ ਤੁਸੀਂ ਦੂਸਰਿਆਂ ਦੇ ਵਿਖਾਏ ਪਿਆਰ ਦੀ ਨਿਰਾਦਰੀ ਕਰੋਗੇ ਤਾਂ ਇਹ ਤੁਹਾਨੂੰ ਭਵਸਾਗਰ ਵਿਚ ਹੀ ਉਲਝਾਈ ਰਖੇਗਾ।

**ਪ੍ਰਸ਼ਨ-ਕਰਤਾ** : ਮੋਹ-ਬੰਧਨ/ਪ੍ਰੇਮ-ਪਰੀਛਾ ਪਿਛੇ ਆਂਤਰਿਕ ਵਿਗਿਆਨ ਕੀ ਹੈ?

**ਦਾਦਾਸ਼੍ਰੀ** : ਮੋਹ-ਬੰਧਨ ਸਾਧਾਰਨ ਤੋਂ ਵੱਧ ਵੀ ਹੋ ਸਕਦਾ ਹੈ ਅਤੇ ਉਸ ਤੋਂ ਘੱਟ ਵੀ। ਇਸ ਦੇ ਉਲਟ, ਸੱਚਾ ਪ੍ਰੇਮ ਹਮੇਸ਼ਾ ਨਾਰਮਲ ਹੀ ਰਹਿੰਦਾ ਹੈ। ਇਹ ਸਦਾ ਹੀ ਇਕਸਾਰ ਅਤੇ ਲਗਾਤਾਰ ਬਣਿਆ ਰਹਿੰਦਾ ਹੈ। ਇਸ ਵਿਚ ਕਦੇ ਵੀ ਕਿਸੇ ਪ੍ਰਕਾਰ ਦੀ ਤਬਦੀਲੀ ਨਹੀਂ ਆਉਂਦੀ। ਸ਼ੁੱਧ ਚੇਤਨਾ ਦਾ ਮੋਹ-ਬੰਧਨ ਨਾਲ ਕੋਈ ਸੰਬੰਧ ਨਹੀਂ ਹੁੰਦਾ।

ਦੁਨਿਆਵੀ ਜੀਵਨ ਵਿਚ ਇਕਸੁਰਤਾ ਜਾਂ ਇਕਰੂਪਤਾ ਦੇ ਪਿੱਛੇ ਕਾਰਨ ਹੁੰਦਾ ਹੈ। ਪ੍ਰਮਾਣੂਆਂ ਅਤੇ ਮੋਹ-ਬੰਧਨ ਦੇ ਗੁਣ ਇਸ ਇਕਸੁਰਤਾ ਨੂੰ ਪੈਦਾ ਕਰਦੇ ਹਨ। ਪਰੰਤੂ, ਇਹ ਕੋਈ ਨਹੀਂ ਦੱਸ ਸਕਦਾ ਕਿ ਅਗਲੇ ਪਲ ਕੀ ਵਾਪਰੇਗਾ। ਜਿੰਨੀ ਦੇਰ ਤੱਕ ਪ੍ਰਮਾਣੂ ਇੱਕ ਜੋੜ ਦੇ ਹਨ ਉਨੀ ਦੇਰ ਤੱਕ ਖਿੱਚ ਅਤੇ ਇਕਸੁਰਤਾ ਬਰਕਰਾਰ ਰਹਿੰਦੀ ਹੈ ਪਰੰਤੂ ਜਦੋਂ ਪ੍ਰਮਾਣੂਆਂ ਵਿਚੋਂ ਇਹ ਇਕਸੁਰਤਾ ਖ਼ਤਮ ਹੋ ਜਾਂਦੀ ਹੈ ਤਾਂ ਵਿਅਕਤੀਗਤ ਰਿਸ਼ਤਿਆਂ ਵਿਚ ਵੀ ਨਫ਼ਰਤ ਅਤੇ ਦੁਸ਼ਮਣੀ ਨਜ਼ਰ ਆਉਣ ਲਗਦੀ ਹੈ। ਇਸ ਲਈ, ਜਿਥੇ ਮੋਹ-ਬੰਧਨ ਹੋਣਗੇ ਉਥੇ ਨਫ਼ਰਤ ਅਤੇ ਵਿਰੋਧਤਾ ਅਤੇ ਦੁਸ਼ਮਣੀ ਵੀ ਹੋਵੇਗੀ।

ਇਹ ਪ੍ਰਮਾਣੂ ਵਿਗਿਆਨ ਹੈ : ਸਵੈ ਦਾ ਇਸ ਨਾਲ ਕੋਈ ਲੈਣ-ਦੇਣ ਨਹੀਂ ਹੈ। ਪਰੰਤੂ ਲੋਕ ਪ੍ਰਮਾਣੂਆਂ ਦੀ ਖਿੱਚ ਨੂੰ ਸਵੈ ਦੀ ਖਿੱਚ ਸਮਝਣ ਦੀ ਗਲਤੀ ਕਰ ਬੈਠਦੇ ਹਨ। "ਮੈਂ ਆਕਰਸ਼ਿਤ ਹੋ ਗਿਆ ਸੀ" ਇਕ ਕਾਲਪਨਿਕ ਵਿਸ਼ਵਾਸ ਹੈ। ਸਵੈ ਕਦੇ ਵੀ ਆਕਰਸ਼ਿਤ ਨਹੀਂ ਹੁੰਦਾ। ਜਦੋਂ ਸਵੈ ਕਿਸੇ ਚੀਜ ਵਿਚ ਗਲਤਾਨ ਨਹੀਂ ਹੁੰਦਾ ਤਾਂ ਕਹਿ ਸਕਦੇ ਹਾਂ ਕਿ ਤਿਆਗ ਦੀ ਭਾਵਨਾ ਹਾਵੀ ਸੀ।

ਕਰਮ ਦਾ ਕਰਤਾ ਹੋਣ ਦਾ ਹੰਕਾਰ ਮੋਹ-ਬੰਧਨ ਤੋਂ ਵੱਧ ਕੁਝ ਨਹੀਂ। ਅਸੀਂ ਸਰੀਰਕ ਪੱਖੋਂ ਭਾਵੇਂ ਕਿਧਰੇ ਜੁੜੇ ਹੋਈਏ ਪਰੰਤੂ ਸਾਡਾ ਸਵੈ, ਸਾਡੀ ਆਤਮਾ ਸੰਸਾਰਕ ਮਾਮਲਿਆਂ ਵਿਚ ਹਮੇਸ਼ਾ ਹੀ ਨਿਰਲੇਪ ਰਹਿੰਦੀ ਹੈ।

ਸ਼ੁੱਧ ਪਿਆਰ ਸਾਰੇ ਦਰਵਾਜ਼ੇ ਖੋਲ ਦਿੰਦਾ ਹੈ। ਗੁਰੂ ਪ੍ਰਤੀ ਸੱਚੇ ਪ੍ਰੇਮ ਦੇ ਰਾਹੀਂ ਕਿਹੜੀ ਚੀਜ ਪ੍ਰਾਪਤ ਕਰਨੀ ਅਸੰਭਵ ਹੈ? ਕੋਈ ਵੀ ਨਹੀਂ। ਇਕ ਗਿਆਨੀ ਪੁਰਸ਼ ਦਾ ਪਿਆਰ ਸੱਚਾ ਹੁੰਦਾ ਹੈ। ਅਜਿਹਾ ਵਿਲੱਖਣ ਆਨੰਦਦਾਇਕ ਪਿਆਰ ਸਾਨੂੰ ਸੰਸਾਰ ਵਿਚ ਹੋਰ ਕਿਧਰੇ ਵੀ ਨਹੀਂ ਮਿਲੇਗਾ।

## 112
## ਕੁਦਰਤ ਦਾ ਕਾਨੂੰਨ : ਗਲਤੀ ਭੁਗਤਾ ਦੀ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਜ਼ਿੰਦਗੀ ਵਿਚ ਆਉਣ ਵਾਲੇ ਦੁੱਖਾਂ ਸੰਬੰਧੀ ਕੁਦਰਤ ਦੇ

ਕਾਨੂੰਨ ਨੂੰ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਫ਼ੈਸਲਾ ਦੇਣ ਵਾਲੇ ਤਾਂ ਸਾਨੂੰ ਇਸ ਸੰਸਾਰ ਵਿਚ ਹਰ ਥਾਂ ਮਿਲ ਜਾਣਗੇ ਪਰੰਤੂ ਕੁਦਰਤ ਦਾ ਕਰਮ ਦਾ ਕਾਨੂੰਨ ਇਕ ਹੀ ਹੈ। 'ਕਸੂਰ ਉਸ ਦਾ ਹੈ ਜੋ ਦੁੱਖ ਭੁਗਤਦਾ ਹੈ'। ਇਹ ਇਕੋ ਇਕ ਕਾਨੂੰਨ ਹੈ ਜੋ ਸਾਰੇ ਸੰਸਾਰ ਵਿਚ ਲਾਗੂ ਹੈ ਪਰੰਤੂ ਇਹ ਸੰਸਾਰ ਤਾਂ ਦੁਨਿਆਵੀ ਨਿਆਂ ਦੀ ਜਕੜ ਵਿਚ ਹੈ। ਦੁਨਿਆਵੀ ਨਿਆਂ ਇਕ ਭੁਲੇਖਾ ਹੈ ਅਤੇ ਆਵਾਗਵਣ ਦੇ ਚੱਕਰ ਦੀ ਲਗਾਤਾਰਤਾ ਬਣਾਈ ਰਖਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਵਧੇਰੇ ਵਿਸਥਾਰ ਵਿਚ ਦੱਸੋ ਕਿਉਂਕਿ ਮੇਰੇ ਲਈ ਇਸ ਨੂੰ ਸਮਝ ਸਕਣਾ ਔਖਾ ਹੈ।

**ਦਾਦਾਸ਼੍ਰੀ** : ਕਲਪਨਾ ਕਰੋ ਕਿ ਇਕ ਵਿਅਕਤੀ ਦੀ ਜੇਬ ਕੱਟੀ ਜਾਂਦੀ ਹੈ। ਇਸ ਮਾਮਲੇ ਵਿਚ ਦੁਨਿਆਵੀ ਨਿਆਂ ਕੀ ਕਰੇਗਾ? ਲੋਕ ਉਸ ਵਿਅਕਤੀ ਨੂੰ ਜਿਸ ਦੀ ਜੇਬ ਕੱਟੀ ਗਈ ਹੈ ਦਿਲਾਸਾ ਅਤੇ ਧਰਵਾਸਾ ਦੇਣ ਦਾ ਯਤਨ ਕਰਨਗੇ। "ਕਿੰਨੀ ਤਰਸ ਵਾਲੀ ਗੱਲ ਹੈ! ਇਹ ਵਿਅਕਤੀ ਮੁਸ਼ਕਿਲ ਵਿਚ ਫਸਿਆ ਹੋਇਆ ਹੈ ਕਿਉਂਕਿ ਉਸ ਨੇ ਆਪਣਾ ਬਟੂਆ ਖੋਇਆ ਹੈ"। ਇੰਨਾ ਕਹਿੰਦੇ ਹੋਏ ਇਹ ਹਮਦਰਦ ਖ਼ੁਦ ਵੀ ਦੁੱਖ ਮਹਿਸੂਸ ਕਰਨਗੇ ਅਤੇ ਇਸ ਦੇ ਨਾਲ ਹੀ ਜੇਬਕਤਰੇ ਨੂੰ ਵੀ ਅਨੇਕਾਂ ਗਾਲ੍ਹਾਂ ਦੇਣਗੇ। ਇਸ ਦੇ ਉਲਟ, ਕੁਦਰਤ ਦਾ ਕਾਨੂੰਨ, ਸੱਚਾ ਨਿਆਂ ਠੱਗੇ ਗਏ ਵਿਅਕਤੀ ਨੂੰ ਹੀ ਦੋਸ਼ੀ ਠਹਿਰਾਉਂਦਾ ਹੈ।

ਇਸ ਮੌਕੇ ਦੁੱਖ ਕੌਣ ਸਹਿ ਰਿਹਾ ਹੈ? ਕੀ ਜੇਬਕਤਰਾ ਜਾਂ ਉਹ ਵਿਅਕਤੀ ਜਿਸ ਦੀ ਜੇਬ ਕੱਟੀ ਗਈ ਹੈ? ਯਕੀਨਨ ਹੀ ਜਿਹੜਾ ਵਿਅਕਤੀ ਹੁਣ ਬਿਪਤਾ ਵਿਚ ਹੈ ਉਸੇ ਦਾ ਕਸੂਰ ਹੈ। ਜੇਬਕਤਰੇ ਨੂੰ ਚੋਰ ਤਾਂ ਹੀ ਕਹਾਂਗੇ ਜਦੋਂ ਉਹ ਗ੍ਰਿਫ਼ਤਾਰ ਹੋ ਜਾਵੇਗਾ। ਪਰੰਤੂ ਇਸ ਪਲ ਤਾਂ ਉਹ ਕਿਧਰੇ ਆਰਾਮ ਫਰਮਾ ਰਿਹਾ ਹੋਵੇਗਾ ਅਤੇ ਕਿਸੇ ਵਧੀਆ ਰੈਸਟੋਰੈਂਟ ਵਿਚ ਸਵਾਦੀ ਖਾਣੇ ਦਾ ਆਨੰਦ ਮਾਣ ਰਿਹਾ ਹੋਵੇਗਾ। ਠੀਕ ਹੈ ਨਾ? ਉਸ ਨੂੰ ਆਪਣੇ ਕੀਤੇ ਦੀ ਸਜਾ ਤਾਂ ਤਦੋਂ ਹੀ ਮਿਲੇਗੀ ਜਦੋਂ ਉਹ ਪਕੜਿਆ ਜਾਵੇਗਾ। ਪਰੰਤੂ ਇਸ ਪਲ ਦੁਖੀ ਕੌਣ ਹੈ? ਇਸ ਸਮੇਂ ਦੁੱਖ ਵਿਚ ਤਾਂ ਉਹੀ ਹੈ ਜਿਸ ਦਾ ਨੁਕਸਾਨ ਹੋਇਆ ਹੈ ਅਤੇ ਕੁਦਰਤ ਦਾ ਕਾਨੂੰਨ ਕਹਿੰਦਾ ਹੈ ਜਿਹੜਾ ਵਿਅਕਤੀ ਦੁਖ ਭੋਗ ਰਿਹਾ ਹੈ ਉਹੀ ਕਸੂਰਵਾਰ ਹੈ। ਉਸ ਨੇ ਆਪਣੇ ਪਿਛਲੇ ਜਨਮ ਵਿਚ ਜਿਹੜੀ ਗਲਤੀ ਕੀਤੀ ਸੀ ਉਹ ਹੁਣ ਉਸੇ ਦਾ ਫਲ ਭੋਗ ਰਿਹਾ ਹੈ। ਠੀਕ ਇਹੋ ਕਾਰਨ ਹੈ ਜਿਸ ਕਰਕੇ ਉਹ ਠੱਗਿਆ/ਲੁੱਟਿਆ ਗਿਆ ਹੈ ਅਤੇ ਅੱਜ ਦੁੱਖ ਭੋਗ ਰਿਹਾ ਹੈ।

ਮੈਂ ਇਹ ਗੱਲ ਖੁੱਲ ਕੇ ਸਪਸ਼ਟ ਰੂਪ ਵਿਚ ਬਿਨਾਂ ਕਿਸੇ ਝਿਜਕ ਦੇ ਕੁਦਰਤ ਦੇ ਉਸ ਕਾਨੂੰਨ ਦੀ ਗੱਲ ਕਰਦਾ ਹਾਂ ਜਿਹੜਾ ਕੁਦਰਤ ਦੀ ਅਦਾਲਤ ਵਿਚ ਚਲਦਾ ਹੈ ਅਤੇ ਉਹ ਹੈ "ਕਸੂਰ ਉਸੇ ਦਾ ਹੈ ਜਿਹੜਾ ਦੁੱਖ ਭੋਗ ਰਿਹਾ ਹੈ"।

**ਪ੍ਰਸ਼ਨ-ਕਰਤਾ** : ਤੁਹਾਡਾ ਕਹਿਣ ਤੋਂ ਭਾਵ ਹੈ ਕਿ ਕੋਈ ਵੀ ਦੁੱਖ ਜਾਂ ਕਸ਼ਟ ਐਵੇਂ ਨਹੀਂ ਆਉਂਦਾ, ਬਿਨਾਂ ਸਾਡੀ ਕਿਸੇ ਗਲਤੀ ਦੇ ਨਹੀਂ ਆਉਂਦਾ।

**ਦਾਦਾਸ਼੍ਰੀ** : ਹਰ ਇਨਸਾਨ ਆਪਣੀਆਂ ਗਲਤੀਆਂ ਦਾ ਹੀ ਖਮਿਆਜਾ ਭੁਗਤਦਾ ਹੈ। ਜਿਹੜਾ ਵਿਅਕਤੀ ਪੱਥਰ ਸੁੱਟਦਾ ਹੈ ਉਸ ਦੀ ਗਲਤੀ ਨਹੀਂ ਹੈ ਸਗੋਂ ਗਲਤੀ ਉਸ ਦੀ ਹੈ ਜਿਸ ਦੇ ਪੱਥਰ ਵਜਦਾ ਹੈ। ਜਿਹੜਾ ਵਿਅਕਤੀ ਦੁਖ ਭੋਗਦਾ ਹੈ ਉਹ ਹੀ ਕਸੂਰਵਾਰ ਹੈ। ਤੁਹਾਡੇ ਆਲੇ -ਦੁਆਲੇ ਵਿਚਰਨ ਵਾਲੇ ਵਿਅਕਤੀ ਭਾਵੇਂ ਕਿਸੇ ਪ੍ਰਕਾਰ ਦੀ ਵੀ ਗਲਤੀ ਕਰਨ, ਜੇ ਉਹ ਗਲਤੀ ਤੁਹਾਨੂੰ ਪ੍ਰਭਾਵਿਤ ਨਹੀਂ ਕਰਦੀ ਤਾਂ ਤੁਸੀਂ ਕਸੂਰਵਾਰ ਨਹੀਂ ਬਣਦੇ। ਪਰੰਤੂ ਜੇ ਅਜਿਹੀਆਂ ਗਲਤੀਆਂ ਦਾ ਅਸਰ ਤੁਹਾਡੇ ਉਪਰ ਪੈਂਦਾ ਹੈ ਤਾਂ ਤੁਸੀਂ ਵੀ ਕਸੂਰਵਾਰ ਬਣ ਜਾਂਦੇ ਹੋ। ਇਸ ਸੰਸਾਰ ਅੰਦਰ ਜਿਸ ਵਿਅਕਤੀ ਦੀਆਂ ਗਲਤੀਆਂ ਵੱਧ ਹਨ ਉਹ ਦੁੱਖ ਵੀ ਵੱਧ ਭੋਗਦਾ ਹੈ। ਜਿਹੜਾ ਵਿਅਕਤੀ ਦੁੱਖ ਭੋਗਦਾ ਹੈ ਉਹੀ ਕਸੂਰਵਾਰ ਹੈ।

ਜੋ ਮਨੁੱਖ ਕਠਿਨ ਦੌਰ ਵਿਚੋਂ ਲੰਘ ਰਿਹਾ ਹੈ ਉਹ ਕਰਤਾ ਹੈ। ਕਰਤਾ ਦਾ ਕਰਮ ਸਿਵਾਇ ਹਉਮੈਂ ਦੇ ਹੋਰ ਕੁਝ ਨਹੀਂ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਮੰਨ ਲਉ ਕਿ ਤੁਹਾਡੀ ਇਕ ਉਂਗਲ ਉਸੇ ਮਸ਼ੀਨ ਦੇ ਦੰਦਿਆਂ ਵਿਚ ਫਸ ਜਾਂਦੀ ਹੈ ਜਿਹੜੀ ਮਸ਼ੀਨ ਤੁਸੀਂ ਖ਼ੁਦ ਹੀ ਬਣਾਈ ਹੈ। ਜੇ ਤੁਸੀਂ ਉਸ ਮਸ਼ੀਨ ਦੀਆਂ ਮਿੰਨਤਾਂ ਵੀ ਕਰਦੇ ਰਹੋ ਤਾਂ ਵੀ ਉਹ ਤੁਹਾਡੀ ਉਂਗਲ ਨੂੰ ਛੱਡੇਗੀ ਨਹੀਂ। ਇਹ ਤੁਹਾਨੂੰ ਦਰਸਾ ਦੇਵੇਗੀ ਕਿ ਤੁਸੀਂ ਇਸ ਕਰਕੇ ਕਸ਼ਟ ਭੋਗ ਰਹੇ ਹੋ ਕਿਉਂਕਿ ਤੁਸੀਂ ਗਲਤੀ ਕੀਤੀ ਹੈ। ਉਸੇ ਤਰ੍ਹਾਂ ਇਹ ਸੰਸਾਰ ਵੀ ਇਕ ਮਸ਼ੀਨ ਦੀ ਤਰ੍ਹਾਂ ਹੈ ਅਤੇ ਜੀਵ ਇਸ ਦੇ ਦੰਦੇ ਹਨ। ਜੇ ਇਹ ਇਸ ਤਰ੍ਹਾਂ ਨਾ ਹੋਵੇ ਤਾਂ ਕੋਈ ਵੀ ਪਤਨੀ ਆਪਣੇ ਪਤੀ ਨੂੰ ਦੁਖੀ ਨਹੀਂ ਕਰੇਗੀ ਅਤੇ ਕੋਈ ਵੀ ਪਤੀ ਆਪਣੀ ਪਤਨੀ ਨੂੰ ਦੁਖੀ ਨਹੀਂ ਕਰੇਗਾ। ਹਰ ਵਿਅਕਤੀ ਆਪਣੇ ਘਰ ਨੂੰ ਇਕ ਸੁਖੀ ਘਰ, ਇਕ ਸੁਖੀ ਪਰਿਵਾਰ ਬਣਾ ਕੇ ਰਖੇਗਾ। ਪਰੰਤੂ ਇਦਾਂ ਹੁੰਦਾ ਨਹੀਂ ਹੈ ਕਿਉਂਕਿ ਬੱਚੇ, ਪਤੀ, ਪਤਨੀ, ਆਦਿ ਸਭ ਦੰਦਿਆਂ ਦੀ ਤਰ੍ਹਾਂ ਹਨ।

**ਪ੍ਰਸ਼ਨ-ਕਰਤਾ** : ਕੀ ਇਸ ਤਰ੍ਹਾਂ ਹੀ ਸਾਰੇ ਹਾਲਾਤ ਅਤੇ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ?

**ਦਾਦਾਸ਼੍ਰੀ** : ਕੁਦਰਤ ਦਾ ਕਾਨੂੰਨ ਸਿਰਫ਼ ਕਸੂਰਵਾਰ ਨੂੰ, ਗਲਤੀ ਕਰਨ ਵਾਲੇ ਨੂੰ ਹੀ ਸਜਾ ਦਿੰਦਾ ਹੈ। ਇਕ ਘਰ ਅੰਦਰ ਸੱਤ ਵਿਅਕਤੀ ਸੁੱਤੇ ਪਏ ਹੋ ਸਕਦੇ ਹਨ ਪਰੰਤੂ ਸੱਪ ਉਸੇ ਨੂੰ ਕੱਟੇਗਾ ਜਿਸ ਨੇ ਗਲਤੀ ਕੀਤੀ ਹੋਈ ਹੈ, ਜਿਹੜਾ ਕਸੂਰਵਾਰ ਹੈ। ਵਿਵਸਥਿਤਾ ਇਕ ਨਿਯਮਤ ਰੂਪ ਵਿਚ ਇਸੇ ਤਰ੍ਹਾਂ ਕੰਮ ਕਰਦੀ ਹੈ।

**ਪ੍ਰਸ਼ਨ-ਕਰਤਾ** : ਤਾਂ ਕੀ ਮੇਰਾ ਇਹ ਮੰਨਣਾ ਠੀਕ ਹੈ ਕਿ ਕਿਸੇ ਕਲੇਸ਼ ਬਾਰੇ ਫ਼ੈਸਲਾ ਦਿੰਦੇ ਸਮੇਂ ਸਾਨੂੰ ਦੂਸਰਿਆਂ ਬਾਰੇ ਰਾਇ ਨਹੀਂ ਬਨਾਉਣੀ ਚਾਹੀਦੀ।

**ਦਾਦਾਸ਼੍ਰੀ** : ਜਦੋਂ ਕੁਦਰਤ ਦਾ ਕਾਨੂੰਨ ਕਿ 'ਦੁੱਖ ਭੋਗਣ ਵਾਲਾ ਕਸੂਰਵਾਰ ਹੈ' ਲਾਗੂ ਹੈ ਤਾਂ ਕਿਸੇ ਅਦਾਲਤ ਦਾ ਜੱਜ ਕੋਈ ਆਪਣਾ ਫ਼ੈਸਲਾ ਨਹੀਂ ਦੇ ਸਕਦਾ। ਬਾਹਰੀ ਜੱਜ ਤਾਂ ਸਿਰਫ਼ ਇਕ ਸਾਲਸ ਹੈ ਅਤੇ ਇਕ ਸਾਲਸ ਕੀ ਕਰੇਗਾ? ਉਹ ਦੋਹਾਂ ਧਿਰਾਂ ਦੀ ਗੱਲ ਸੁਣਦਾ ਹੈ, ਦੋਹਾਂ ਧਿਰਾਂ ਨੂੰ ਘੂਰਦਾ ਹੈ ਕਿ ਉਨ੍ਹਾਂ ਨੇ ਆਪਣੀ ਸਮਝ ਦਾ, ਆਪਣੀ ਬੁੱਧੀ ਦਾ ਇਸਤੇਮਾਲ ਨਹੀਂ ਕੀਤਾ। ਦੂਸਰਿਆਂ ਦੀਆਂ ਗਲਤੀਆਂ ਨੂੰ ਨੰਗਿਆ ਕਰਦਿਆਂ ਹੋਇਆ ਉਹ ਸਿਰਫ਼ ਆਪਣੀ ਪ੍ਰਤਿਸ਼ਠਾ ਅਤੇ ਕੀਰਤੀ ਦਾ ਬਚਾਅ ਕਰਦਾ ਹੈ।

ਕੁਦਰਤ ਦੇ ਕਾਨੂੰਨ ਨੂੰ ਲਾਗੂ ਕਰਨ ਹਿਤ ਕਿਸੇ ਜੱਜ ਦੀ ਜ਼ਰੂਰਤ ਨਹੀਂ ਪੈਂਦੀ।

**ਪ੍ਰਸ਼ਨ-ਕਰਤਾ** : ਹਰ ਕੋਈ ਇਹੋ ਸੋਚਦਾ ਹੈ ਕਿ ਉਹ ਮਾਸੂਮ ਹੈ, ਬੇਕਸੂਰ ਹੈ।

**ਦਾਦਾਸ਼੍ਰੀ** : ਬਿਲਕੁਲ ਠੀਕ। ਆਪਣੇ ਹੀ ਕੇਸ ਨਾਲ ਨਜਿੱਠਦੇ ਹੋਏ ਲੋਕ ਕੀ ਕਰਦੇ ਹਨ? ਇਕ ਕਸੂਰਵਾਰ ਹੋਣ ਦੇ ਬਾਵਜੂਦ ਉਹ ਵਕੀਲ ਵੀ ਖ਼ੁਦ ਬਣ ਜਾਂਦੇ ਹਨ ਅਤੇ ਜੱਜ ਵੀ। ਅਜਿਹਾ ਵਿਅਕਤੀ ਫਿਰ ਆਪਣੇ ਕੇਸ ਵਿਚ ਆਪਣੀ ਪਸੰਦ ਦਾ ਆਪ ਹੀ ਫ਼ੈਸਲਾ ਸੁਣਾਉਂਦਾ ਹੈ ਅਤੇ ਫਿਰ ਬਿਨਾਂ ਰੁਕਿਆਂ ਉਹ ਉਹੀ ਗਲਤੀਆਂ ਦੁਹਰਾਉਂਦਾ ਰਹੇਗਾ।

**ਪ੍ਰਸ਼ਨ-ਕਰਤਾ** : ਫਿਰ ਨਿਆਂ ਕਿਸ ਤੋਂ ਮੰਗਿਆ ਜਾਵੇ?

**ਦਾਦਾਸ਼੍ਰੀ** : ਇਹ ਨਿਆਂ ਗਿਆਨੀ ਪੁਰਸ਼ ਪਾਸੋਂ ਮੰਗਣਾ ਚਾਹੀਦਾ ਹੈ ਕਿਉਂਕਿ ਗਿਆਨੀ ਪੁਰਸ਼ ਦੇ ਮਨ ਵਿਚ ਕੋਈ ਭੇਦ-ਭਾਵ ਨਹੀਂ ਹੁੰਦਾ; ਇਥੋਂ ਤੱਕ ਕਿ ਉਸ ਦਾ ਆਪਦੇ ਸਰੀਰ ਪ੍ਰਤੀ ਵੀ ਅਜਿਹਾ ਵਿਚਾਰ ਨਹੀਂ ਹੁੰਦਾ। ਪਰੰਤੂ ਜੇ ਵਿਅਕਤੀ ਜੱਜ, ਵਕੀਲ ਅਤੇ ਪੰਚ ਸਭ ਆਪ ਹੀ ਹੋਵੇ ਤਾਂ ਫਿਰ ਫ਼ੈਸਲਾ ਕਿਸ ਦੇ ਹੱਕ ਵਿਚ ਆਵੇਗਾ? ਯਕੀਨਨ ਹੀ ਉਸ ਦੇ ਆਪਣੇ ਹੱਕ ਵਿਚ।

ਇਸ ਤਰ੍ਹਾਂ ਨਾਲ ਸਵੈ ਜਾਂ ਆਤਮਾ ਕਰਮਾਂ ਦੇ ਜਾਲ ਵਿਚ ਫਸਿਆ ਰਹਿੰਦਾ ਹੈ। ਅੰਦਰਲਾ ਜੱਜ ਕਹੇਗਾ ਕਿ ਤੁਸੀਂ ਗਲਤੀ ਕੀਤੀ ਹੈ ਪਰੰਤੂ ਅੰਦਰਲਾ ਵਕੀਲ ਤੁਹਾਡੇ ਬਚਾਅ ਲਈ ਦਲੀਲ ਦੇਵੇਗਾ ਕਿ ਤੁਸੀਂ ਮਾਸੂਮ ਹੋ, ਬੇਕਸੂਰ ਹੋ ਅਤੇ ਤੁਹਾਡਾ ਕੋਈ ਕਸੂਰ ਨਹੀਂ ਹੈ। ਇੰਝ ਜੀਵ ਕਰਮਾਂ ਦੇ ਬੰਧਨ ਵਿਚ ਬੱਝਿਆ ਰਹਿੰਦਾ ਹੈ। ਆਤਮਕ ਪ੍ਰਗਤੀ ਦੇ ਲਈ ਜ਼ਰੂਰੀ ਹੈ ਕਿ ਤੁਸੀਂ ਇਹ ਜਾਣ ਲਉ ਕਿ ਗਲਤੀ ਕੌਣ ਕਰਦਾ ਹੈ ਅਤੇ ਕੌਣ ਬੰਧਨ ਦਾ ਕਾਰਨ ਬਣਦਾ ਹੈ। ਗਲਤੀ ਤੁਸੀਂ ਆਪ ਹੀ ਕਰਦੇ ਹੋ। ਦੁਨੀਆਂ ਦੇ ਨਿਆਂ ਦੀ ਨਜ਼ਰ ਵਿਚ ਤੁਸੀਂ ਭੁਗਤਾ ਹੋ ਪਰੰਤੂ ਦੈਵੀ ਨਿਆਂ ਦੀਆਂ ਨਜ਼ਰਾਂ ਵਿਚ ਅਤੇ ਕੁਦਰਤ ਦੇ ਕਾਨੂੰਨ ਅਨੁਸਾਰ 'ਕਸੂਰ ਉਸੇ ਵਿਅਕਤੀ ਦਾ ਹੁੰਦਾ ਹੈ ਜਿਹੜਾ ਦੁੱਖ ਭੋਗਦਾ ਹੈ'। ਦਾਦਾ ਭਗਵਾਨ ਨੇ ਆਪਣੇ ਦੈਵੀ ਗਿਆਨ

ਦੇ ਰਾਹੀਂ ਇਹ ਜਾਣਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 'ਕਸੂਰ ਉਸ ਵਿਅਕਤੀ ਦਾ ਹੈ ਜਿਹੜਾ ਕਸ਼ਟ ਭੋਗਦਾ ਹੈ'।

**ਪ੍ਰਸ਼ਨ-ਕਰਤਾ** : ਕੀ ਤੁਹਾਡਾ ਕਹਿਣ ਤੋਂ ਭਾਵ ਇਹ ਹੈ ਕਿ ਮੁਕਤੀ ਪ੍ਰਾਪਤੀ ਦੇ ਰਸਤੇ ਉਪਰ ਚਲਦਿਆਂ ਵਿਅਕਤੀ ਨੂੰ ਕੁਦਰਤ ਦੇ ਕਾਨੂੰਨ ਅਨੁਸਾਰ ਚੱਲਣਾ ਚਾਹੀਦਾ ਹੈ?

**ਦਾਦਾਸ਼੍ਰੀ** : ਕਸ਼ਟ ਸਹਿਣ ਵਾਲਾ ਵਿਅਕਤੀ ਖ਼ੁਦ ਹੀ ਜਿੰਮੇਵਾਰ ਹੁੰਦਾ ਹੈ ਉਨ੍ਹਾਂ ਦੁੱਖਾਂ ਲਈ ਜਿਹੜੇ ਉਹ ਸਹਿੰਦਾ ਹੈ। ਇਹ ਸਮਝ ਤੁਹਾਨੂੰ ਮੁਕਤੀ ਦੇ ਰਸਤੇ ਉਪਰ ਅੱਗੇ ਲੈ ਜਾਵੇਗੀ। ਦੂਸਰਿਆਂ ਅੰਦਰ ਨੁਕਸ ਲੱਭਣੇ ਬਿਲਕੁਲ ਗ਼ਲਤ ਗੱਲ ਹੈ।

ਆਪਣੀਆਂ ਗਲਤੀਆਂ ਕਾਰਨ ਵਿਅਕਤੀਆਂ ਨੂੰ ਉਹ ਸਾਧਨ ਮਿਲ ਜਾਂਦੇ ਹਨ ਜਿਹੜੇ ਉਸ ਲਈ ਦੁੱਖ ਲਿਆਉਣ ਦਾ ਕਾਰਨ ਬਣਦੇ ਹਨ। ਜੇ ਇਹ ਸਾਧਨ ਜੀਵਿਤ ਵਿਅਕਤੀ ਹੈ ਤਾਂ ਤੁਸੀਂ ਉਸ ਨਾਲ ਝਗੜਾ ਕਰ ਲਉਗੇ। ਮੰਨ ਲਉ ਜੇ ਉਹ ਸਾਧਨ ਅਜੀਵ ਹੋਵੇ (ਉਦਾਹਰਣ ਦੇ ਲਈ, ਜਿਵੇਂ ਕੋਈ ਕੰਡਾ ਚੁਭ ਜਾਵੇ) ਤਾਂ ਫਿਰ ਤੁਸੀਂ ਕੀ ਕਰੋਗੇ?

ਕਿਸੇ ਚੁਰਸਤੇ ਵਿਚ ਕੋਈ ਕੰਡਾ ਪਿਆ ਹੋ ਸਕਦਾ ਹੈ ਅਤੇ ਉਸ ਚੁਰਸਤੇ ਵਿਚੋਂ ਦੀ ਹਜ਼ਾਰਾਂ ਲੋਕ ਲੰਘਦੇ ਹਨ ਅਤੇ ਇਹ ਕੰਡਾ ਕਿਸੇ ਨੂੰ ਤਕਲੀਫ਼ ਨਹੀਂ ਦਿੰਦਾ। ਪਰੰਤੂ ਫਿਰ ਅਮਿਤ ਨਾਂ ਦਾ ਇਕ ਵਿਅਕਤੀ ਉਥੋਂ ਲੰਘਦਾ ਹੈ ਅਤੇ ਉਹੀ ਕੰਡਾ ਉਸ ਦੇ ਪੈਰ ਵਿਚ ਚੁਭ ਜਾਂਦਾ ਹੈ ਅਤੇ ਇੰਝ ਉਸ ਲਈ ਤਕਲੀਫ਼ ਦਾ ਕਾਰਨ ਬਣਦਾ ਹੈ। ਇਹ ਵੇਖ-ਸੋਚ ਕੇ ਤੁਸੀਂ ਹੈਰਾਨ ਹੋ ਜਾਂਦੇ ਹੋ ਕਿ ਵਿਵਸਥਿਤਾ ਕਿਸ ਢੰਗ ਨਾਲ ਕੰਮ ਕਰਦੀ ਹੈ। ਕੰਡਾ ਸਿਰਫ਼ ਅਮਿਤ ਦੇ ਚੁਭਿਆ। ਵਿਵਸਥਿਤਾ ਸਾਰੇ ਹਾਲਾਤਾਂ ਦਾ ਇੰਝ ਮੌਕਾ-ਮੇਲ ਕਰਦੀ ਹੈ ਕਿ ਇਕ ਵਿਸ਼ੇਸ਼ ਘਟਨਾ ਇਕ ਖ਼ਾਸ ਥਾਂ ਅਤੇ ਸਮੇਂ ਉਪਰ ਹੀ ਵਾਪਰਦੀ ਹੈ। ਸਾਧਨ ਹਾਲਾਤਾਂ ਲਈ ਜ਼ਿੰਮੇਵਾਰ ਨਹੀਂ ਹੁੰਦਾ।

ਮੰਨ ਲਉ ਇਕ ਵਿਅਕਤੀ ਕੋਈ ਅਜਿਹੀ ਦਵਾਈ ਦਾ ਛਿੜਕਾਅ ਕਰ ਦਿੰਦਾ ਹੈ ਕਿ ਉਥੇ ਖੜੇ ਲੋਕ ਖੰਘਣ ਅਤੇ ਛਿੱਕਾਂ ਮਾਰਨ ਲੱਗ ਜਾਂਦੇ ਹਨ। ਅਜਿਹੀ ਹਾਲਤ ਵਿਚ ਉਥੇ ਝਗੜਾ ਉਠ ਖੜੋਵੇਗਾ ਪਰੰਤੂ ਜਦੋਂ ਰਸੋਈ ਵਿਚੋਂ ਤੜਕਾ, ਵਗੈਰਾ ਲਗਾਉਂਦੇ ਸਮੇਂ ਮਿਰਚਾਂ ਨੱਕ ਨੂੰ ਚੜ੍ਹ ਜਾਂਦੀਆਂ ਹਨ ਤਾਂ ਉਸ ਮੌਕੇ ਕੋਈ ਵੀ ਵਿਅਕਤੀ ਇਤਰਾਜ਼ ਨਹੀਂ ਕਰਦਾ, ਕੋਈ ਵੀ ਝਗੜਾ ਨਹੀਂ ਕਰਦਾ। ਇੰਝ ਜਿਹੜਾ ਵੀ ਕੋਈ ਸਾਹਮਣੇ ਆਉਂਦਾ ਹੈ ਉਹ ਪਕੜਿਆ ਜਾਂਦਾ ਹੈ ਅਤੇ ਸਜਾ ਦਾ ਭਾਗੀ ਬਣਦਾ ਹੈ। ਇਸੇ ਤਰ੍ਹਾਂ ਆਮ ਤੌਰ 'ਤੇ ਲੋਕ ਸਾਧਨ ਨੂੰ ਹੀ ਦੋਸ਼ ਦਿੰਦੇ ਹਨ। ਪਰੰਤੂ ਜੇ ਉਨ੍ਹਾਂ ਨੂੰ ਸਤਿ ਦੀ ਸਮਝ ਆ ਜਾਵੇ ਕਿ ਇਸ ਤਰ੍ਹਾਂ ਕਿਉਂ ਹੁੰਦਾ ਹੈ ਅਤੇ ਇਸ ਤਰ੍ਹਾਂ ਕਰਨ ਲਈ ਕੌਣ ਜਿੰਮੇਵਾਰ ਹੈ ਤਾਂ ਕੋਈ ਸਮੱਸਿਆ, ਕੋਈ ਦੁੱਖ ਨਹੀਂ ਹੋਵੇਗਾ।

ਸੋਚੋ ਕਿ ਤੁਸੀਂ ਪੈਰੀਂ ਜੁੱਤੀ ਪਹਿਨ ਕੇ ਤਿਲਕਵੀਂ ਜਮੀਨ ਉਪਰ ਤੁਰ ਰਹੇ ਹੋ ਅਤੇ ਤੁਸੀਂ ਤਿਲਕ ਜਾਂਦੇ ਹੋ। ਇਸ ਵਿਚ ਕਸੂਰ ਕਿਸ ਦਾ ਹੋਇਆ? ਇਸ ਮਾਮਲੇ ਵਿਚ ਤਾਂ ਕਸੂਰ ਸਿੱਧਾ-ਸਿੱਧਾ ਤੁਹਾਡਾ ਹੀ ਹੋਇਆ। ਤੁਹਾਨੂੰ ਪਤਾ ਹੋਣਾ ਚਾਹੀਦਾ ਸੀ ਕਿ ਜੇਕਰ ਤੁਸੀਂ ਅਜਿਹੀ ਥਾਂ ਉਪਰ ਨੰਗੇ ਪੈਰ ਤੁਰੋਗੇ ਤਾਂ ਤੁਸੀਂ ਉਂਗਲਾਂ ਦੇ ਬਲ ਧਰਤੀ ਨਾਲ ਚੰਗੀ ਪਕੜ ਬਣਾ ਕੇ ਰਖ ਸਕਦੇ ਹੋ ਅਤੇ ਇੰਝ ਤਿਲਕ ਕੇ ਡਿੱਗਣ ਤੋਂ ਬਚ ਸਕਦੇ ਹੋ। ਫਿਰ ਇਥੇ ਗ਼ਲਤ ਕੌਣ ਹੋਇਆ? ਕੀ ਗਲਤੀ ਤਿਲਕਵੀਂ ਜਮੀਨ ਦੀ ਸੀ ਜਾਂ ਜੁੱਤੀ ਦੀ ਜਾਂ ਤੁਹਾਡੀ ਆਪਣੀ?

ਜੇਕਰ ਤੁਸੀਂ ਕਿਸੇ ਦੇ ਚਿਹਰੇ ਤੇ ਘੂਰੀ ਵੱਟੀ ਵੇਖਦੇ ਹੋ ਤਾਂ ਇਹ ਤੁਹਾਡੀ ਗਲਤੀ ਹੈ। ਅਜਿਹੇ ਮੌਕੇ ਉਪਰ ਤੁਹਾਨੂੰ ਉਸ ਵਿਅਕਤੀ ਦੇ ਅੰਦਰਲੀ ਸ਼ੁੱਧ ਆਤਮਾ ਨੂੰ ਵੇਖਣਾ ਚਾਹੀਦਾ ਹੈ ਅਤੇ ਉਸ ਦੀ ਸ਼ੁੱਧ ਆਤਮਾ ਪਾਸੋਂ ਵਾਰ-ਵਾਰ ਮੁਆਫ਼ੀ ਮੰਗਣੀ ਚਾਹੀਦੀ ਹੈ। ਤਾਂ ਹੀ ਤੁਸੀਂ ਪਿਛਲੇ ਜਨਮਾਂ ਦੇ ਕਰਮਾਂ ਦੇ ਬੰਧਨ ਤੋਂ ਮੁਕਤ ਹੋ ਸਕਦੇ ਹੋ।

ਜਿਹੜਾ ਵਿਅਕਤੀ ਕਸ਼ਟ ਸਹਿ ਰਿਹਾ ਹੈ, ਦੁੱਖ ਅਨੁਭਵ ਕਰ ਰਿਹਾ ਹੈ ਉਹ ਕਸੂਰਵਾਰ ਹੈ ਅਤੇ ਜਿਹੜਾ ਵਿਅਕਤੀ ਅਨੰਦਮਈ ਅਨੁਭਵ ਕਰ ਰਿਹਾ ਹੈ ਇਹ ਅਨੰਦ, ਇਹ ਖੁਸ਼ੀ ਉਸ ਦਾ ਇਨਾਮ ਹੈ। ਦੁਨਿਆਵੀ ਕਾਨੂੰਨ ਤਾਂ ਦੁੱਖ ਦਾ ਕਾਰਨ ਬਣਨ ਵਾਲੇ ਸਾਧਨ ਨੂੰ ਕਸੂਰਵਾਰ ਮੰਨਦਾ ਹੈ ਪਰੰਤੂ ਦੈਵੀ ਕਾਨੂੰਨ ਅਸਲੀ ਅਤੇ ਸਹੀ ਹੈ। ਇਹ ਅਸਲੀ ਕਸੂਰਵਾਰ ਨੂੰ ਦੋਸ਼ੀ ਮੰਨਦਾ ਹੈ। ਇਹ ਕਾਨੂੰਨ ਸੱਚਾ ਹੈ ਅਤੇ ਇਸ ਨੂੰ ਕੋਈ ਵੀ ਬਦਲ ਨਹੀਂ ਸਕਦਾ। ਇਸ ਸੰਸਾਰ ਅੰਦਰ ਕੋਈ ਅਜਿਹਾ ਕਾਨੂੰਨ ਨਹੀਂ ਹੈ ਜਿਹੜਾ ਕਿਸੇ ਵਿਅਕਤੀ ਨੂੰ ਅਨੁਚਿਤ ਦੁੱਖ ਦੇ ਸਕਦਾ ਹੋਵੇ। ਕੋਈ ਸਰਕਾਰੀ ਕਾਨੂੰਨ ਵੀ ਅਜਿਹਾ ਨਹੀਂ ਕਰ ਸਕਦਾ। ਜੋ ਦੁੱਖ ਭੋਗਦਾ ਹੈ ਉਹੀ ਕਸੂਰਵਾਰ ਹੁੰਦਾ ਹੈ।

**ਦਾਦਾਸ਼੍ਰੀ** : ਇਕ ਵਿਅਕਤੀ ਆਪਣੇ ਦੁਆਰਾ ਭੋਗੇ ਜਾਂ ਰਹੇ ਦੁੱਖ ਤੋਂ ਆਪਣੀ ਗਲਤੀ ਦੇ ਪੱਧਰ ਨੂੰ ਮਾਪ ਸਕਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਮੰਨ ਲਉ ਇਕ ਪਰਿਵਾਰ ਵਿਚ ਦਸ ਜੀਅ ਹਨ। ਉਨ੍ਹਾਂ ਦਸਾਂ ਵਿਚੋਂ ਦੋ ਕਦੇ ਵੀ ਇਹ ਨਹੀਂ ਸੋਚਦੇ ਕਿ ਘਰ ਕਿਵੇਂ ਚਲਦਾ ਹੈ, ਦੂਸਰੇ ਦੋ ਪਰਿਵਾਰ ਦੀ ਘਰ ਚਲਾਉਣ ਵਿਚ ਸਹਾਇਤਾ ਕਰਨ ਦੀ ਸੋਚਦੇ ਹਨ ਅਤੇ ਦੂਸਰੇ ਦੋ ਸਚਮੁੱਚ ਸਹਾਇਤਾ ਕਰਦੇ ਹਨ ਜਦੋਂ ਕਿ ਇਕ ਇਸੇ ਚਿੰਤਾ ਵਿਚ ਰਹਿੰਦਾ ਹੈ ਕਿ ਘਰ ਨੂੰ ਕਿਵੇਂ ਚਲਾਇਆ ਜਾਵੇ ਅਤੇ ਬਾਕੀ ਦੇ ਸਾਰੇ ਨਿਸ਼ਚਿੰਤ ਸੁੱਤੇ ਰਹਿੰਦੇ ਹਨ। ਇਥੇ ਗਲਤੀ ਕਿਸ ਦੀ ਹੈ? ਕੀ ਉਹ ਪਰਿਵਾਰਕ ਜੀਅ ਜਿਹੜਾ ਕਸ਼ਟ ਸਹਿੰਦਾ ਹੈ ਜਾਂ ਉਹ ਜਿਹੜਾ ਹਰ ਸਮੇਂ ਚਿੰਤਾ ਵਿਚ ਗਲਤਾਨ ਰਹਿੰਦਾ ਹੈ? ਗਲਤ ਕੌਣ ਹੋਇਆ? ਜਿਹੜਾ ਹਮੇਸ਼ਾ ਸ਼ਾਂਤ ਸੁੱਤਾ ਰਹਿੰਦਾ ਹੈ ਉਹ ਤਾਂ ਗਲਤ ਨਹੀਂ ਹੈ!

ਜੇ ਇਕ ਸੱਸ ਆਪਣੀ ਨੂੰਹ ਨੂੰ ਘੂਰਦੀ ਰਹਿੰਦੀ ਹੈ ਅਤੇ ਨੂੰਹ ਫਿਰ ਵੀ ਖੁਸ਼ ਰਹਿੰਦੀ ਹੈ ਪਰੰਤੂ ਸੱਸ ਦੁੱਖੀ ਹੁੰਦੀ ਹੈ ਤਾਂ ਫਿਰ ਗਲਤੀ ਸੱਸ ਦੀ ਹੈ। ਜੇ ਪਰਿਵਾਰ ਵਿਚ ਕੋਈ ਜੀਅ ਨੂੰਹ ਨੂੰ ਭੜਕਾਉਂਦਾ ਹੈ ਅਤੇ ਉਹ ਦੁਖੀ ਹੁੰਦੀ ਹੈ ਤਾਂ ਫਿਰ ਗਲਤੀ ਨੂੰਹ ਦੀ ਹੈ। ਜੇ ਉਹ ਬਿਨਾਂ ਕਿਸੇ ਕਾਰਨ ਤੋਂ ਹੀ ਕਲੇਸ਼ ਸਹਿੰਦੀ ਹੈ ਤਾਂ ਵੀ ਗਲਤੀ ਉਸ ਦੀ ਹੀ ਹੈ। ਇਸ ਦਾ ਕਾਰਨ ਉਸ ਦੇ ਪਿਛਲੇ ਜਨਮ ਦੇ ਕਰਮਾਂ ਦਾ ਲੇਖਾ-ਜੋਖਾ ਹੈ, ਇਹ ਲੇਖਾ-ਜੋਖਾ ਉਸ ਨੇ ਇਸ ਜਨਮ ਵਿਚ ਬਰਾਬਰ ਕਰਨਾ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਉਹੀ ਗਲਤੀ ਦੁਬਾਰਾ ਨਾ ਕਰੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਉਸ ਨੂੰ ਦੁਬਾਰਾ ਫਿਰ ਦੁੱਖ ਭੁਗਤਣਾ ਪਵੇਗਾ।

**ਪ੍ਰਸ਼ਨ-ਕਰਤਾ** : ਦੁੱਖ ਸਹਿੰਦਿਆਂ ਹੋਇਆ ਉਸ ਦਾ ਸਹੀ ਰਵੱਈਆ ਕੀ ਹੋਣਾ ਚਾਹੀਦਾ ਹੈ?

**ਦਾਦਾਸ਼੍ਰੀ** : ਉਸ ਨੂੰ ਚਾਹੀਦਾ ਹੈ ਕਿ ਜੋ ਵੀ ਉਸ ਨੂੰ ਮਿਲ ਰਿਹਾ ਹੈ ਉਸੇ ਨੂੰ ਉਹ ਸਵੀਕਾਰ ਕਰੇ - ਚਾਹੇ ਉਹ ਸੁਖ ਹੈ ਚਾਹੇ ਦੁਖ। ਇਹੋ ਉਸ ਦੇ ਪੁਰਾਣੇ ਕਰਮਾਂ ਦੇ ਲੇਖੇ-ਜੋਖੇ ਨੂੰ ਬਰਾਬਰ ਕਰੇਗਾ।

ਇਸ ਸੰਸਾਰ ਵਿਚ, ਕਰਮਾਂ ਦੇ ਪੁਰਾਣੇ ਹਿਸਾਬ-ਕਿਤਾਬ ਤੋਂ ਬਿਨਾਂ ਤਾਂ ਤੁਸੀਂ ਕਿਸੇ ਨਾਲ ਅੱਖ ਵੀ ਨਹੀਂ ਮਿਲਾ ਸਕਦੇ। ਫਿਰ ਕਰਮਾਂ ਦੇ ਖ਼ਾਤੇ ਤੋਂ ਕੋਈ ਗੱਲ ਬਾਹਰ ਕਿਵੇਂ ਹੋ ਸਕਦੀ ਹੈ? ਤੁਸੀਂ ਜੋ ਵੀ ਦੂਸਰਿਆਂ ਨੂੰ ਦਿੱਤਾ ਹੈ ਉਹੀ ਤੁਹਾਨੂੰ ਵਾਪਸ ਮਿਲੇਗਾ। ਜਦੋਂ ਇਸ ਤਰ੍ਹਾਂ ਵਾਪਰਦਾ ਹੈ ਤਾਂ ਉਸ ਨੂੰ ਮੁਸਕੁਰਾ ਕੇ ਅਤੇ ਸਹਿਜ ਹੀ ਸਵੀਕਾਰ ਕਰ ਲਉ। ਇੰਝ ਕਰਮਾਂ ਦਾ ਹਿਸਾਬ ਨਿਬੜ ਜਾਵੇਗਾ। ਇਸ ਤੋਂ ਵਖਰਾ ਹੋਰ ਵਿਵਹਾਰ ਜਾਂ ਮੁੜ ਉਸੇ ਗਲਤੀ ਨੂੰ ਦੁਹਰਾਉਣਾ ਤੁਹਾਡੇ ਦੁੱਖ ਦਾ ਕਾਰਨ ਬਨਣਗੇ।

'ਇਹ ਸੰਸਾਰ ਤੁਹਾਡਾ ਆਪਣਾ ਹੈ'। ਤੁਸੀਂ ਸਾਰੇ ਬ੍ਰਹਿਮੰਡ ਦੇ ਮਾਲਕ ਹੋ। ਪਰੰਤੂ ਤੁਸੀਂ ਆਪਣੀਆਂ ਗਲਤੀਆਂ ਨਾਲ ਬੱਝੇ ਹੋਏ ਹੋ। ਇਸ ਲਈ, ਆਪਣੇ ਦੁੱਖ, ਆਪਣੇ ਕਸ਼ਟ ਦਾ ਕਾਰਨ ਲੱਭੋ।

ਸਾਡੀਆਂ ਆਪਣੀਆਂ ਗਲਤੀਆਂ ਸਾਨੂੰ ਬੰਨ੍ਹ ਕੇ ਰਖਦੀਆਂ ਹਨ: ਸਾਨੂੰ ਕਿਸੇ ਦੂਸਰਿਆਂ ਨੇ ਨਹੀਂ ਬੰਨ੍ਹਿਆ ਹੋਇਆ। ਅਜਿਹੀਆਂ ਗਲਤੀਆਂ ਨੂੰ ਖ਼ਤਮ ਕਰਨ ਉਪਰੰਤ ਹੀ ਮੁਕਤੀ ਮਿਲਦੀ ਹੈ। ਇਸ ਤਰ੍ਹਾਂ ਦੇ ਸਪਸ਼ਟ ਅਤੇ ਸ਼ੁੱਧ ਕਾਨੂੰਨ ਦੇ ਸਨਮੁਖ (ਉਹ ਕਾਨੂੰਨ ਜਿਹੜਾ ਮੈਂ ਤੁਹਾਨੂੰ ਵਿਖਾ ਰਿਹਾ ਹਾਂ) ਤੁਹਾਨੂੰ ਨਿਆਂ-ਅਨਿਆਂ ਬਾਰੇ ਚਿੰਤਾ ਕਰਨ ਦੀ ਕੀ ਲੋੜ ਹੈ?

ਇਹ ਬਹੁਤ ਗੰਭੀਰ ਗੱਲ ਹੈ। ਇਹ ਸਾਰੇ ਧਰਮ ਗਰੰਥਾਂ ਦਾ ਸਾਰ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ ਕੁਦਰਤ ਦਾ ਕਾਨੂੰਨ ਕਿਵੇਂ ਨਿਆਂ ਕਰਦਾ ਹੈ ਅਤੇ ਇਸ ਦਾ ਆਧਾਰ ਉਹੀ ਸਿਧਾਤ ਹੈ - 'ਗਲਤੀ ਦੁੱਖ ਸਹਿਣ ਵਾਲੇ ਦੀ ਹੀ ਹੁੰਦੀ ਹੈ'।

## 113
# ਆਪਣੀਆਂ ਕਮੀਆਂ ਦੀ ਸਵੈ-ਪੜਚੋਲ

**ਪ੍ਰਸ਼ਨ-ਕਰਤਾ** : ਹਰ ਵਿਅਕਤੀ ਦੂਸਰਿਆਂ ਅੰਦਰ ਹੀ ਕਮੀਆਂ ਕਿਉਂ ਲਭਦਾ ਹੈ?

**ਦਾਦਾਸ਼੍ਰੀ** : ਲੋਕ ਹਰ ਰੋਜ ਮੰਦਰ ਜਾਂਦੇ ਹਨ, ਆਪਦੇ ਇਸ਼ਟ ਅੱਗੇ ਹੱਥ ਬੰਨ੍ਹ ਕੇ ਅਰਜੋਈ ਕਰਦੇ ਹਨ ਅਤੇ ਕਹਿੰਦੇ ਹਨ: "ਮੇਰੇ ਅੰਦਰ ਅਣਗਿਣਤ ਕਮਜ਼ੋਰੀਆਂ ਹਨ; ਮੈਂ ਗੁਨਾਹਾਂ ਦਾ ਭਰਿਆ ਹੋਇਆ ਹਾਂ, ਹੇ ਦਿਆਲੂ ਪਰਮਾਤਮਾ।" ਉਥੇ ਉਹ ਇਹ ਵੀ ਕਹਿੰਦੇ ਹਨ: "ਜੇ ਮੈਂ ਸਵੈ-ਪੜਚੋਲ ਕਰਕੇ ਆਪਣੀਆਂ ਗਲਤੀਆਂ, ਆਪਣੀਆਂ ਤਰੁੱਟੀਆਂ ਨੂੰ ਨਾ ਜਾਣਿਆ ਤਾਂ ਮੇ ਰੀ ਇਹ ਕਮਜ਼ੋਰ ਜੀਵਨ-ਰੂਪੀ ਕਿਸ਼ਤੀ ਭਵਸਾਗਰ ਤੋਂ ਪਾਰ ਕਿਵੇਂ ਲੱਗੇਗੀ?"

ਜੇ ਤੁਸੀਂ ਉਨ੍ਹਾਂ ਨੂੰ ਇਹ ਪੁੱਛੋਂ ਕਿ ਤੁਹਾਡੇ ਅੰਦਰ ਹਾਲੇ ਵੀ ਕਿੰਨੀਆਂ ਤਰੁੱਟੀਆਂ ਹਨ ਰੁਤਾਂ ਉੱਤਰ ਹੋਵੇਗਾ 'ਬਸ ਦੋ ਜਾਂ ਤਿੰਨ। ਕਦੇ ਕਦੇ ਉਹ ਥੋੜਾ-ਬਹੁਤ ਗੁੱਸਾ ਕਰ ਜਾਂਦੇ ਹਨ ਜਾਂ ਮਾਮੂਲੀ ਲਾਲਚ ਦੀ ਭਾਵਨਾ ਆ ਜਾਂਦੀ ਹੈ। ਬਸ ਇੰਨੀਆਂ ਕੁ ਹੀ ਕਮਜ਼ੋਰੀਆਂ ਹਨ।' ਉਹ ਕਹਿਣਗੇ ਕਿ ਉਨ੍ਹਾਂ ਅੰਦਰ ਇਨ੍ਹਾਂ ਤੋਂ ਇਲਾਵਾ ਹੋਰ ਕੋਈ ਕਮਜ਼ੋਰੀ, ਕੋਈ ਹੋਰ ਕਮੀ ਨਹੀਂ ਹੈ। ਉਨ੍ਹਾਂ ਨੂੰ ਪੁੱਛੋ ਕਿ ਕੀ ਥੋੜਾ ਚਿਰ ਹੀ ਪਹਿਲਾਂ ਤੁਸੀਂ ਮੰਦਰ ਅੰਦਰ ਇਹ ਅਰਜੋਈ ਨਹੀਂ ਸੀ ਕਰ ਰਹੇ - ਹੇ ਦਿਆਲੂ ਪਰਮਾਤਮਾ! ਮੇਰੇ ਅੰਦਰ ਅਣਗਿਣਤ ਕਮਜ਼ੋਰੀਆਂ, ਅਨੇਕਾਂ ਨੁਕਸ ਹਨ"। ਫਿਰ ਉਹ ਕਹਿਣਗੇ: "ਇਹ ਅਰਦਾਸ ਤਾਂ ਸਾਰੇ ਹੀ ਕਰਦੇ ਹਨ, ਇਸ ਲਈ ਕਰਨੀ ਹੁੰਦੀ ਹੈ ਪਰੰਤੂ ਅਸਲ ਵਿਚ ਉਨ੍ਹਾਂ ਅੰਦਰ ਕੋਈ ਕਮਜ਼ੋਰੀ, ਕੋਈ ਤਰੁੱਟੀ ਨਹੀਂ ਹੈ।" ਦੇਖ ਲਉ! ਉਹ ਤਾਂ ਪਰਮਾਤਮਾ ਨਾਲ ਵੀ ਧੋਖਾ ਕਰ ਰਹੇ ਹਨ।

**ਪ੍ਰਸ਼ਨ-ਕਰਤਾ** : ਵਾਕਿਆ ਹੀ, ਕੀ ਉਹ ਇਸ ਤਰ੍ਹਾਂ ਕਰਦੇ ਹਨ?

**ਦਾਦਾਸ਼੍ਰੀ** : ਪਰਮਾਤਮਾ ਤਾਂ ਕਹਿੰਦਾ ਹੈ ਕਿ 'ਜਿਸ ਵਿਅਕਤੀ ਅੰਦਰ ਸਿਰਫ਼ ਦੋ ਹੀ ਤਰੁੱਟੀਆਂ ਹਨ ਉਹ ਸਿਰਫ਼ ਤਿੰਨ ਘੰਟੇ ਦੇ ਅੰਦਰ ਮੁਕਤੀ ਪ੍ਰਾਪਤ ਕਰ ਲਵੇਗਾ। ਜੇ ਤੁਸੀਂ ਕਿਸੇ ਅਖੌਤੀ ਮਹਾਨ ਸੰਤ ਜਾਂ ਅਚਾਰੀਯ ਨੂੰ ਇਹ ਪੁਛੋਗੇ ਤਾਂ ਉਹ ਕਹਿਣਗੇ ਕਿ ਉਨ੍ਹਾਂ ਅੰਦਰ ਬੜੀ ਮੁਸ਼ਕਿਲ ਨਾਲ ਬੱਸ ਦੋ-ਤਿੰਨ ਕਮੀਆਂ ਹੀ ਹਨ। ਜੇ ਉਨ੍ਹਾਂ ਅੰਦਰ ਸਿਰਫ਼ ਦੋ-ਤਿੰਨ ਤਰੁੱਟੀਆਂ ਹੀ ਹਨ ਤਾਂ ਫਿਰ ਉਹ ਤਿੰਨ ਘੰਟੇ ਵਿਚ ਮੁਕਤੀ ਪ੍ਰਾਪਤ ਕਰ ਲੈਣਗੇ। ਪਰੰਤੂ ਉਹ ਤਾਂ ਹਾਲੇ ਵੀ ਇਥੇ ਹੀ ਭਵਸਾਗਰ ਦੇ ਭੰਵਰ ਵਿਚ ਫਸੇ ਹੋਏ ਹਨ ਕਿਉਂਕਿ ਉਨ੍ਹਾਂ ਅੰਦਰ ਅਣਗਿਣਤ ਕਮੀਆਂ ਹਨ। ਪਰੰਤੂ ਜੇ ਤੁਸੀਂ ਉਨ੍ਹਾਂ ਨੂੰ ਇਹ ਪੁੱਛ ਬੈਠਦੇ ਹੋ ਕਿ ਦੂਸਰਿਆਂ ਅੰਦਰ ਕੀ ਕਮੀਆਂ ਹਨ ਤਾਂ ਉਹ ਦੂਸਰਿਆਂ ਦੀਆਂ ਅਣਗਿਣਤ ਕਮੀਆਂ ਗਿਣਾ ਦੇਣਗੇ। ਕਮਾਲ ਇਹ ਕਿ ਉਹ

ਆਪਣੇ ਅੰਦਰ ਕੋਈ ਕਮੀ ਨਹੀਂ ਵੇਖਦੇ।

ਹਰ ਕੋਈ ਹੀ ਦੂਸਰਿਆਂ ਅੰਦਰ ਕਮੀਆਂ ਲੱਭ ਲੈਂਦਾ ਹੈ।

**ਪ੍ਰਸ਼ਨ-ਕਰਤਾ** : ਫਿਰ ਵਿਅਕਤੀ ਆਪਣੇ ਅੰਦਰਲੀਆਂ ਕਮੀਆਂ ਨੂੰ ਕਿਵੇਂ ਵੇਖੇ?

**ਦਾਦਾਸ਼੍ਰੀ** : ਤੁਸੀਂ ਆਪਣੇ ਅੰਦਰਲੀਆਂ ਕਮੀਆਂ ਨੂੰ, ਆਪਣੀਆਂ ਗਲਤੀਆਂ ਨੂੰ ਸ਼ੁੱਧ ਆਤਮਾ ਨੂੰ ਪਹਿਚਾਨਣ ਉਪਰੰਤ ਹੀ ਵੇਖ ਸਕਦੇ ਹੋ। ਸਵੈ-ਪਹਿਚਾਣ ਤੁਹਾਡੇ ਅੰਦਰ ਭੇਦ-ਭਾਵ ਨੂੰ ਖ਼ਤਮ ਕਰ ਦਿੰਦੀ ਹੈ। ਜੇਕਰ ਤੁਸੀਂ ਆਪਣੀਆਂ ਕਮੀਆਂ ਨੂੰ ਪਹਿਚਾਣਿਆ ਹੁੰਦਾ ਤਾਂ ਤੁਸੀਂ ਹੁਣ ਤੱਕ ਮੁਕਤੀ ਪ੍ਰਾਪਤੀ ਕਰ ਲਈ ਹੁੰਦੀ ਜਾਂ ਤੁਸੀਂ ਹੁਣ ਤੱਕ ਖ਼ੁਦ ਨੂੰ ਇਕ ਗਿਆਨੀ-ਪੁਰਸ਼ ਦੇ ਪੱਧਰ ਤੱਕ ਉੱਚਾ ਉਠਾ ਚੁੱਕੇ ਹੁੰਦੇ।

ਪਰੰਤੂ ਇਸ ਮਾਮਲੇ ਵਿਚ ਗਲਤੀ ਕਿਸੇ ਦੀ ਵੀ ਨਹੀਂ ਹੈ। ਇਹ ਤਾਂ ਕਲਿਯੁਗ ਦੇ ਪ੍ਰਭਾਵ ਕਾਰਨ ਹੈ। ਹਰ ਗੱਲ, ਹਰ ਘਟਨਾ ਪੈਦਾ ਕੀਤੇ ਗਏ ਹਾਲਾਤਾਂ ਕਾਰਨ ਵਾਪਰਦੀ ਹੈ। ਫਿਰ ਅਸੀਂ ਕਿਸੇ ਨੂੰ ਵੀ ਕਿਵੇਂ ਦੋਸ਼ ਦੇ ਸਕਦੇ ਹਾਂ?

**ਪ੍ਰਸ਼ਨ-ਕਰਤਾ** : ਅਸੀਂ ਆਪਣੀਆਂ ਕਮੀਆਂ ਨੂੰ ਦੂਰ ਕਿਵੇਂ ਕਰ ਸਕਦੇ ਹਾਂ? ਇਨ੍ਹਾਂ ਤੋਂ ਕਿਵੇਂ ਬਚ ਸਕਦੇ ਹਾਂ?

**ਦਾਦਾਸ਼੍ਰੀ** : ਜਦੋਂ ਤੁਹਾਨੂੰ ਗਿਆਨੀ ਪੁਰਸ਼ ਦਾ ਆਸ਼ੀਰਵਾਦ ਮਿਲ ਜਾਂਦਾ ਹੈ ਤਾਂ ਤੁਸੀਂ ਆਪਣੀਆਂ ਕਮੀਆਂ ਨੂੰ ਵੇਖਣ ਲਗਦੇ ਹੋ। ਪਹਿਲਾਂ ਤੁਹਾਨੂੰ ਇਹ ਅਹਿਸਾਸ ਹੋਵੇਗਾ ਕਿ ਤੁਸੀਂ ਤਾਂ ਕਮੀਆਂ ਨਾਲ ਭਰੇ ਪਏ ਹੋ, ਗਲਤੀਆਂ ਦੇ ਪੁਤਲੇ ਹੋ। ਤੁਸੀਂ ਇਨ੍ਹਾਂ ਕਮੀਆਂ ਨੂੰ ਲੱਭਣਾ ਸ਼ੁਰੂ ਕਰ ਦਿਉਗੇ ਅਤੇ ਉਨ੍ਹਾਂ ਨੂੰ ਲੱਭ ਲਉਗੇ, ਪਹਿਚਾਣ ਲਉਗੇ। ਜਦੋਂ ਤੁਸੀਂ ਕਮੀਆਂ ਨੂੰ ਵੇਖ ਲਿਆ ਤਾਂ ਬੱਸ ਇਹ ਸ਼ੁਰੂਆਤ ਹੈ ਇਨ੍ਹਾਂ ਕਮੀਆਂ ਦੇ ਦੂਰ ਹੋਣ ਦੀ। ਹੌਲੀ-ਹੌਲੀ ਇਹ ਕਮੀਆਂ ਅਲੋਪ ਹੋ ਜਾਣਗੀਆਂ। ਤੁਸੀਂ ਆਪਣੇ ਅੰਦਰ ਕਮੀਆਂ ਨੂੰ ਆਪਣੀ ਸੁਸਤੀ ਕਾਰਨ ਹੀ ਨਹੀਂ ਦੇਖ ਰਹੇ।

ਜਦੋਂ ਇਕ ਵਾਰ ਤੁਹਾਨੂੰ ਇਹ ਪਤਾ ਲੱਗ ਗਿਆ ਕਿ ਤੁਹਾਡੇ ਅੰਦਰ ਅਨੇਕਾਂ ਕਮੀਆਂ ਹਨ ਤਾਂ ਤੁਸੀਂ ਉਨ੍ਹਾਂ ਨੂੰ ਢੂੰਡਣਾ ਵੀ ਸ਼ੁਰੂ ਕਰ ਦਿਉਗੇ। ਜਦੋਂ ਕੋਈ ਚੋਰ ਕਿਸੇ ਬਹਿਰੇ ਵਿਅਕਤੀ ਦੇ ਘਰ ਅੰਦਰ ਦਾਖ਼ਲ ਹੋ ਜਾਵੇ ਤਾਂ ਫਿਰ ਕੀ ਹੁੰਦਾ ਹੈ? ਭਾਂਡੇ-ਟੀਂਡੇ ਇਧਰ ਉਧਰ ਡਿੱਗੀ ਜਾਣ, ਜਿੰਨਾ ਮਰਜ਼ੀ ਖੜਕਾ ਹੋਈ ਜਾਵੇ ਪਰੰਤੂ ਉਸ ਘਰ ਦੇ ਬਹਿਰੇ ਮਾਲਕ ਨੂੰ ਤਾਂ ਕੁਝ ਸੁਣਾਈ ਹੀ ਨਹੀਂ ਦਿੰਦਾ। ਕੀ ਉਸ ਨੂੰ ਕੋਈ ਖੜਾਕ ਸੁਣੇਗਾ? ਉਸੇ ਤਰ੍ਹਾਂ ਜਿਸ ਵਿਅਕਤੀ ਨੂੰ ਆਪਣੇ ਅੰਦਰ ਕੋਈ ਕਮੀ ਨਜ਼ਰ ਹੀ ਨਹੀਂ ਆਉਂਦੀ, ਉਹ ਇਨ੍ਹਾਂ ਕਮੀਆਂ ਤੋਂ ਖਹਿੜਾ ਕਿਵੇਂ ਛੁਡਾ ਸਕੇਗਾ? ਇਕ ਵਾਰ ਜਦੋਂ ਉਹ ਆਪਣੀਆਂ ਕਮੀਆਂ ਨੂੰ ਲੱਭਣਾ ਸ਼ੁਰੂ ਕਰ ਦਿੰਦਾ

ਹੈ ਤਾਂ ਫਿਰ ਇਹ ਕਮੀਆਂ ਵੀ ਖ਼ਤਮ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਸਾਡੀਆਂ ਕਈ ਕਮੀਆਂ ਅਜਿਹੀਆਂ ਹੁੰਦੀਆਂ ਹਨ ਕਿ ਉਹ ਸਾਡੇ ਨਾਲ ਚਿੰਮੜ ਹੀ ਜਾਂਦੀਆਂ ਹਨ ਅਤੇ ਉਨ੍ਹਾਂ ਤੋਂ ਖਹਿੜਾ ਛੁਡਾਉਣ ਵਿਚ ਚੋਖਾ ਸਮਾਂ ਲਗਦਾ ਹੈ। ਪਰੰਤੂ ਜਦੋਂ ਅਸੀਂ ਇਕ ਵਾਰ ਆਪਣੀਆਂ ਕਮੀਆਂ ਨੂੰ ਲੱਭ ਲਿਆ, ਵੇਖ ਲਿਆ ਤਾਂ ਫਿਰ ਇਹ ਅਲੋਪ ਤਾਂ ਹੋ ਹੀ ਜਾਣਗੀਆਂ, ਚਾਹੇ ਇਕ ਦਿਨ ਵਿਚ ਚਾਹੇ ਇਕ ਸਾਲ ਵਿਚ। ਜੇ ਕੋਈ ਚੋਰ ਕਿਸੇ ਘਰ ਅੰਦਰ ਦਾਖ਼ਲ ਹੋ ਜਾਂਦਾ ਹੈ ਤਾਂ ਉਹ ਉਥੇ ਕਿੰਨੀ ਕੁ ਦੇਰ ਟਿਕੇਗਾ? ਯਕੀਨਨ ਹੀ ਜਦੋਂ ਘਰ ਦੇ ਮਾਲਕ ਨੂੰ ਉਸ ਦੀ ਘਰ ਅੰਦਰ ਹੋਂਦ ਬਾਰੇ ਪਤਾ ਚੱਲ ਗਿਆ ਉਸ ਤੋਂ ਬਾਅਦ ਤਾਂ ਉਹ ਉਥੇ ਨਹੀਂ ਟਿਕ ਸਕੇਗਾ। ਜਿਸ ਪਲ ਮਕਾਨ ਦੇ ਮਾਲਕ ਨੂੰ ਉਸ ਦਾ ਪਤਾ ਲਗ ਗਿਆ ਉਸੇ ਪਲ ਚੋਰ ਦੌੜ ਜਾਂਦਾ ਹੈ। ਇਹੋ ਗੱਲ ਸਾਡੀਆਂ ਕਮੀਆਂ ਉੱਪਰ ਲਾਗੂ ਹੁੰਦੀ ਹੈ।

**ਪ੍ਰਸ਼ਨ-ਕਰਤਾ** : ਕੀ ਸਾਨੂੰ ਦੂਸਰਿਆਂ ਦੀਆਂ ਕਮੀਆਂ ਨੂੰ ਨਹੀਂ ਵੇਖਣਾ ਚਾਹੀਦਾ?

**ਦਾਦਾਸ਼੍ਰੀ** : ਜੇ ਅਸੀਂ ਕਮੀਆਂ ਨੂੰ ਵੇਖਣਾ ਹੀ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੀਆਂ ਕਮੀਆਂ ਨੂੰ ਵੇਖੀਏ। ਜਦੋਂ ਅਸੀਂ ਦੂਜਿਆਂ ਦੀਆਂ ਕਮੀਆਂ ਨੂੰ ਵੇਖਦੇ ਹਾਂ ਤਾਂ ਸਾਡਾ ਦਿਮਾਗ਼ ਕਿਉਂ ਬੰਦ ਹੋ ਜਾਂਦਾ ਹੈ ਅਤੇ ਤਣਾਅ ਵਿਚ ਆ ਜਾਂਦਾ ਹੈ ਅਤੇ ਅਸੀਂ ਕਿੰਨੇ ਖੁਸ਼ ਹੁੰਦੇ ਹਾਂ ਜਦੋਂ ਅਸੀਂ ਦੂਸਰਿਆਂ ਦੇ ਗੁਣ ਵੇਖਦੇ ਹਾਂ?

ਦੂਸਰਿਆਂ ਅੰਦਰ ਕਮੀਆਂ ਦੇਖਣ ਦੀ ਬਜਾਇ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੀਆਂ ਕਮੀਆਂ ਨੂੰ ਦੂਰ ਕਰੀਏ। ਸਾਡੇ ਬਾਰੇ ਕੋਈ ਵੀ ਬੁਰਾ ਨਹੀਂ ਬੋਲੇਗਾ ਬਸ਼ਰਤੇ ਕਿ ਇਹ ਸਾਡੇ ਪੁਰਾਣੇ ਕਰਮਾਂ ਦੇ ਹਿਸਾਬ-ਕਿਤਾਬ ਵਜੋਂ ਨਾ ਹੋਵੇ।

ਪਰਮਾਤਮਾ ਦੀਆਂ ਨਜ਼ਰਾਂ ਵਿਚ ਤੁਸੀਂ 'ਮਾਨਵ' ਕਹਾਏ ਜਾਣ ਦੇ ਯੋਗ ਹੋ ਜੇਕਰ ਤੁਸੀਂ ਆਪਣੀ ਇਕ ਵੀ ਗਲਤੀ ਨੂੰ ਲੱਭ ਲੈਂਦੇ ਹੋ, ਪਹਿਚਾਣ ਲੈਂਦੇ ਹੋ। ਤੁਸੀਂ ਸਚਮੁੱਚ ਹੀ 'ਮਾਨਵ' ਹੋ ਜੇਕਰ ਤੁਸੀਂ ਇਸ ਜਗਤ ਵਿਚ ਆਪਣੀਆਂ ਕਮੀਆਂ ਨੂੰ ਪਹਿਚਾਣ ਲੈਂਦੇ ਹੋ ਅਤੇ ਉਨ੍ਹਾਂ ਨੂੰ ਦੂਰ ਕਰ ਦਿੰਦੇ ਹੋ।

ਇਸ ਸੰਸਾਰ ਅੰਦਰ ਤੁਸੀਂ ਹੋਰ ਹਰ ਚੀਜ ਲੱਭ ਲਓਗੇ ਪਰੰਤੂ ਆਪਣੀ ਕਮਜ਼ੋਰੀ ਨਹੀਂ।

**ਪ੍ਰਸ਼ਨ-ਕਰਤਾ** : ਵਿਅਕਤੀ ਆਪਣੀਆਂ ਕਮਜ਼ੋਰੀਆਂ ਨੂੰ ਕਿਵੇਂ ਵੇਖ ਸਕਦਾ ਹੈ?

**ਦਾਦਾਸ਼੍ਰੀ** : ਇਕ ਗਿਆਨੀ ਪੁਰਸ਼ ਤੁਹਾਡੀਆਂ ਕਮਜ਼ੋਰੀਆਂ ਉਪਰ ਚਾਨਣਾ ਪਾ ਸਕਦਾ ਹੈ। ਸਿਰਫ਼ ਗਿਆਨੀ ਪੁਰਸ਼ ਪਾਸ ਹੀ ਇਹ ਵਿਲੱਖਣ ਅਤੇ ਨਿਰਵਿਵਾਦ ਆਤਮਕ ਤਾਕਤ ਹੈ ਕਿ ਉਹ ਤੁਹਾਨੂੰ ਤੁਹਾਡੀਆਂ ਕਮੀਆਂ ਵਿਖਾ ਸਕੇ ਅਤੇ ਤੁਹਾਨੂੰ ਇਨ੍ਹਾਂ ਕਮਜ਼ੋਰੀਆਂ ਤੋਂ ਆਗਾਹ ਕਰ ਸਕੇ। ਜਿਹੜਾ ਵੀ ਕੋਈ ਤੁਹਾਨੂੰ ਇਨ੍ਹਾਂ ਕਮੀਆਂ ਤੋਂ ਜਾਣੂ ਕਰਵਾਉਂਦਾ ਹੈ ਉਸ ਨੂੰ

ਪਰਮਾਤਮਾ 'ਸੁਪਰ ਮਾਨਵ' ਮੰਨਦਾ ਹੈ।

ਅਜਿਹਾ ਕਦੋਂ ਵਾਪਰ ਸਕਦਾ ਹੈ? ਸਿਰਫ਼ ਉਦੋਂ ਜਦੋਂ ਤੁਸੀਂ ਇਕ ਗਿਆਨੀ ਪੁਰਸ਼ ਦੇ ਸੰਪਰਕ ਵਿਚ ਆਉਂਦੇ ਹੋ ਅਤੇ ਉਹ ਤੁਹਾਨੂੰ ਨਿਰਪੱਖ ਬਣਾ ਦਿੰਦਾ ਹੈ। ਤੁਸੀਂ ਉਨੀ ਦੇਰ ਆਪਣੀਆਂ ਕਮੀਆਂ ਨੂੰ ਨਹੀਂ ਵੇਖ ਸਕਦੇ ਜਿੰਨੀ ਦੇਰ ਤੱਕ ਤੁਸੀਂ ਆਪਣੇ ਆਪ ਪ੍ਰਤੀ ਵੀ ਨਿਰਪੱਖ ਨਹੀਂ। ਜਦੋਂ ਤੱਕ ਤੁਹਾਨੂੰ ਗਿਆਨੀ ਪੁਰਸ਼ ਸਵੈ-ਪਹਿਚਾਣ ਨਹੀਂ ਕਰਵਾ ਦਿੰਦਾ, ਤੁਹਾਨੂੰ ਤੁਹਾਡੇ ਕਿਰਦਾਰ ਦੀ ਸਹੀ ਪਹਿਚਾਣ ਨਹੀਂ ਕਰਵਾ ਦਿੰਦਾ ਉਦੋਂ ਤੱਕ ਤੁਸੀਂ ਨਿਰਪੱਖਤਾ ਦਾ ਗੁਣ ਗ੍ਰਹਿਣ ਨਹੀਂ ਕਰ ਸਕਦੇ। ਸਹੀ ਗਿਆਨ ਕਿਸੇ ਵਿਚ ਕਮੀ ਨਹੀਂ ਲਭਦਾ ਜਦੋਂ ਕਿ ਬੁੱਧੀ ਹਰ ਕਿਸੇ ਵਿਚ ਕਮੀ ਲਭਦੀ ਹੈ: ਬੁੱਧੀ ਤਾਂ ਆਪਣੇ ਭਰਾ ਨੂੰ ਵੀ ਨਹੀਂ ਬਖਸ਼ਦੀ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਇਹ ਕਿਉਂ ਹੁੰਦਾ ਹੈ ਕਿ ਵੱਡੀ ਉਮਰ ਦੇ ਲੋਕ ਛੋਟਿਆਂ ਵਿਚ ਕਮੀਆਂ ਵੇਖਦੇ ਹਨ ਅਤੇ ਛੋਟੀ ਉਮਰ ਵਾਲੇ ਵੱਡਿਆਂ ਵਿਚ? ਇਨ੍ਹਾਂ ਦੋਹਾਂ ਦੇ ਦ੍ਰਿਸ਼ਟੀਕੋਣਾਂ ਵਿਚ ਵਿਰੋਧਾਭਾਸ ਕਿਉਂ ਹੈ?

**ਦਾਦਾਸ਼੍ਰੀ** : ਇਹ ਤਾਂ ਇੰਝ ਹੈ ਜਿਵੇਂ ਵੱਡੇ ਛੋਟੇ ਦਾ ਸ਼ਿਕਾਰ ਕਰਦੇ ਹੋਣ। "ਇਹ ਮੇਰੀ ਗਲਤੀ ਹੈ" ਕਹਿਣਾ ਕਿਤੇ ਬੇਹਤਰ ਹੋਵੇਗਾ। ਗਲਤੀ ਦੀ ਜ਼ਿੰਮੇਵਾਰੀ ਲੈ ਲੈਣਾ ਸਾਰੀ ਸਮੱਸਿਆ ਦਾ ਸਮਾਧਾਨ ਹੈ। ਮੈਂ ਕਿਵੇਂ ਕਾਰਜ ਕਰਦਾ ਹਾਂ? ਮੈਂ ਜਾਣਦਾ ਹਾਂ ਕਿ ਦੂਸਰੇ ਗਲਤੀਆਂ ਦਾ ਭਾਰ ਨਹੀਂ ਸਹਿ ਸਕਣਗੇ। ਇਸ ਲਈ ਇਹ ਭਾਰ ਮੈਂ ਆਪਣੇ ਉਪਰ ਲੈ ਲੈਂਦਾ ਹਾਂ। ਮੈਂ ਦੂਸਰਿਆਂ ਵਿਚ ਕਮੀਆਂ ਨਹੀਂ ਲਭਦਾ।

ਮੈਂ ਦੂਸਰਿਆਂ ਨੂੰ ਕੌੜੀ ਵਸਤੂ ਕਿਉਂ ਖਾਣ ਦੇਵਾਂ ਜਦੋਂ ਮੇਰਾ ਆਪਣਾ ਪੇਟ ਸਮੁੰਦਰ ਜਿੰਨਾ ਵੱਡਾ ਹੈ? ਦੇਖੋ, ਸਮੁੰਦਰ ਕਿਵੇਂ ਮੁੰਬਈ ਸ਼ਹਿਰ ਦਾ ਸਾਰਾ ਗੰਦ-ਮੰਦ ਆਪਣੇ ਅੰਦਰ ਸਮੋ ਲੈਂਦਾ ਹੈ। ਸਾਨੂੰ ਵੀ ਉਵੇਂ ਹੀ ਕਰਨਾ ਚਾਹੀਦਾ ਹੈ। ਇਹ ਗੱਲ ਸਾਡੇ ਬੱਚਿਆਂ ਅਤੇ ਆਲੇ-ਦੁਆਲੇ ਦੇ ਲੋਕਾਂ ਉਪਰ ਚੰਗਾ ਪ੍ਰਭਾਵ ਛੱਡੇਗੀ ਅਤੇ ਉਹ ਸਾਡੇ ਤੋਂ ਬਹੁਤ ਕੁਝ ਸਿਖਣਗੇ। ਸਾਡੇ ਬੱਚੇ ਇਹ ਮਹਿਸੂਸ ਕਰਨਗੇ ਕਿ ਸਾਡਾ ਹਿਰਦਾ ਸਮੁੰਦਰ ਵਾਂਗ ਵਿਸ਼ਾਲ ਹੈ।

ਇਸ ਦੁਨਿਆਵੀ ਜੀਵਨ ਲਈ ਕੁਦਰਤ ਦੇ ਆਪਣੇ ਨਿਯਮ ਹਨ। ਜਿਹੜਾ ਵਿਅਕਤੀ ਤੁਹਾਡਾ ਅਪਮਾਨ ਕਰਦਾ ਹੈ ਉਹ ਤੁਹਾਨੂੰ ਤਾਕਤ ਵੀ ਦਿੰਦਾ ਹੈ। ਇਸ ਲਈ ਉਸ ਤਿਰਸਕਾਰ ਨੂੰ ਵੀ ਹੱਸ ਕੇ ਸਵੀਕਾਰ ਕਰ ਲਉ।

**ਪ੍ਰਸ਼ਨ-ਕਰਤਾ** : ਪਰੰਤੂ ਇਹ ਗਲਤੀਆਂ, ਇਹ ਕਮਜ਼ੋਰੀਆਂ ਵਾਰ-ਵਾਰ ਕਿਉਂ ਵਾਪਰਦੀਆਂ ਹਨ?

**ਦਾਦਾਸ਼੍ਰੀ** : ਜੇ ਅਸੀਂ ਆਪਣੀ ਇਕ ਅੱਖ ਨੂੰ ਹੱਥ ਨਾਲ ਦਬਾ ਕੇ ਚੰਦ ਵੱਲ ਦੇਖੀਏ ਤਾਂ ਸਾਨੂੰ ਦੋ ਚੰਦ ਦਿਸਣਗੇ। ਇਹ ਕਿਸ ਦੀ ਗਲਤੀ ਹੈ? ਇਸੇ ਤਰ੍ਹਾਂ ਸੰਸਾਰ ਅੰਦਰ ਲੋਕਾਂ ਨਾਲ

ਵਾਪਰਦਾ ਹੈ। ਉਹ ਹਰ ਪਲ ਗਲਤੀਆਂ ਕਰਦੇ ਹਨ। ਉਨ੍ਹਾਂ ਕੋਲ ਦੂਸਰਿਆਂ ਲਈ ਸਮਾਂ ਹੈ ਪਰੰਤੂ ਆਪਣੇ ਲਈ ਨਹੀਂ। ਉਹ ਆਪਣੇ ਲਈ, ਆਪਣੀ ਸ਼ੁੱਧ ਆਤਮਾ ਲਈ ਤਾਂ ਇਕ ਸੈਕਿੰਡ, ਇਕ ਪਲ ਵੀ ਨਹੀਂ ਕੱਢਦੇ। ਜਿਹੜੇ ਵਿਅਕਤੀ ਆਪਣੀ ਸ਼ੁੱਧ ਆਤਮਾ, ਆਪਣੇ ਸਹੀ ਆਪੇ ਨੂੰ ਨਹੀਂ ਪਹਿਚਾਣਦੇ ਉਹ ਹੋਰ ਮਾਮਲਿਆਂ ਵਿਚ ਹੀ ਖਚਿਤ ਰਹਿੰਦੇ ਹਨ। ਤੁਸੀਂ ਆਪਣੇ ਆਪ, ਆਪਣੀ ਆਤਮਾ ਨਾਲ ਸੰਬੰਧਤ ਮਾਮਲਿਆਂ ਨਾਲ ਖ਼ੁਦ ਨੂੰ ਉਦੋਂ ਹੀ ਇਕਰੂਪ ਕਰ ਪਾਉਗੇ ਜਦੋਂ ਤੁਸੀਂ ਸਵੈ-ਪਹਿਚਾਣ ਪ੍ਰਾਪਤ ਕਰ ਲਉਗੇ।

ਬਹੁਤ ਸਾਰੇ ਲੋਕਾਂ ਦਾ ਨਜ਼ਰੀਆ ਗਲਤ ਜਾਂ ਵਿਕ੍ਰਿਤ ਹੁੰਦਾ ਹੈ। ਇਸ ਲਈ ਉਹ ਸਿਰਫ਼ ਦੂਸਰਿਆਂ ਦੀਆਂ ਕਮਜ਼ੋਰੀਆਂ ਅਤੇ ਗਲਤੀਆਂ ਹੀ ਵੇਖਦੇ ਹਨ। ਉਹ ਆਪਣੀਆਂ ਕਮਜ਼ੋਰੀਆਂ ਵੱਲ ਕਦੇ ਝਾਤੀ ਨਹੀਂ ਮਾਰਦੇ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਨਜ਼ਰੀਏ ਨੂੰ ਪੂਰਨ ਤੌਰ 'ਤੇ ਮਾਸੂਮ, ਹਰ ਹੀਣਤਾ ਤੋਂ ਪੂਰੀ ਤਰ੍ਹਾਂ ਰਹਿਤ ਬਣਾਉ। ਪਹਿਲਾਂ ਤੁਸੀਂ ਖ਼ੁਦ ਨੂੰ ਪੂਰੀ ਤਰ੍ਹਾਂ ਬੇਦਾਗ਼ ਅਤੇ ਨਿਰ-ਦੋਸ਼ ਬਣਾਉ: ਇਹ ਤੁਹਾਡੇ ਨਜ਼ਰੀਏ ਨੂੰ ਵੀ ਬੇਦਾਗ਼ ਅਤੇ ਨਿਰਦੋਸ਼ ਬਣਾ ਦੇਵੇਗਾ। ਜੇ ਤੁਸੀਂ ਦੂਸਰਿਆਂ ਸਭ ਨੂੰ ਦੋਸ਼ ਰਹਿਤ, ਬੇਦਾਗ਼ ਮੰਨਣ ਲਗ ਜਾਂਦੇ ਹੋ ਤਾਂ ਤੁਸੀਂ ਮੁਕਤ ਹੋ ਜਾਉਗੇ।

ਲੋਕ ਆਪਣੀਆਂ ਕਮਜ਼ੋਰੀਆਂ ਦੇ ਬੰਧਨ ਵਿਚ ਬੱਝੇ ਹੋਏ ਹਨ। ਇਕ ਅਪਰਾਧਿਕ ਦੋਸ਼ ਲਈ ਵਿਅਕਤੀ ਨੂੰ ਪੁਲੀਸ ਬੰਨ੍ਹ ਲੈਂਦੀ ਹੈ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਇਹ ਸਭ ਕਰਮਾਂ ਨਾਲ ਕਿਵੇਂ ਸੰਬੰਧਤ ਹੈ?

**ਦਾਦਾਸ਼੍ਰੀ** : ਲੋਕ ਕਰਮਾਂ ਦੀ ਗੱਲ ਕਰਦੇ ਹਨ ਪਰੰਤੂ ਉਨ੍ਹਾਂ ਨੂੰ ਇਸ ਗੱਲ ਦਾ ਬਿਲਕੁਲ ਇਲਮ ਨਹੀਂ ਹੁੰਦਾ ਕਿ ਕਰਮ ਕੀ ਹਨ। ਇਕ ਵਿਅਕਤੀ ਦੇ ਕਰਮਾਂ ਤੋਂ ਭਾਵ ਹੈ ਵਿਅਕਤੀ ਦੀਆਂ ਪਹਿਲੀਆਂ ਖ਼ਾਮੀਆਂ। ਵਿਅਕਤੀ ਦੀ ਆਤਮਾ ਦੋਸ਼-ਮੁਕਤ ਹੈ: ਇਸ ਲਈ ਇਹ ਤਾਂ ਨਿਰਦੋਸ਼ ਹੈ, ਮਾਸੂਮ ਹੈ। ਪਰੰਤੂ ਵਿਅਕਤੀ ਦੇ ਕਰਮਾਂ ਕਰਕੇ ਉਸ ਦੇ ਦੋਸ਼ਾਂ ਕਰਕੇ ਇਹ ਵੀ ਬੰਧਨ ਵਿਚ ਹੈ। ਜਿੰਨੀਆਂ ਆਪਣੀਆਂ ਵਧੇਰੇ ਗਲਤੀਆਂ ਅਤੇ ਕਮਜ਼ੋਰੀਆਂ ਵਿਅਕਤੀ ਆਪ ਵੇਖਦਾ, ਮਹਿਸੂਸ ਕਰਦਾ ਹੈ ਉਨਾ ਹੀ ਉਹ ਵਧੇਰੇ ਆਜ਼ਾਦ ਮਹਿਸੂਸ ਕਰਦਾ ਹੈ। ਕਈ ਖ਼ਾਮੀਆਂ ਦੀਆਂ ਲੱਖਾਂ ਤਹਿਆਂ ਹੋ ਸਕਦੀਆਂ ਹਨ। ਅਜਿਹੀ ਗਲਤੀ ਨੂੰ ਦੂਰ ਕਰਨ ਲਈ ਤੁਹਾਨੂੰ ਇਸ ਗਲਤੀ ਨੂੰ ਲੱਖਾਂ ਵਾਰ ਵੇਖਣਾ ਅਤੇ ਵਾਚਣਾ ਪਵੇਗਾ। ਇਹ ਸਾਰੀਆਂ ਕਮਜ਼ੋਰੀਆਂ ਅਤੇ ਦੋਸ਼ ਵਿਅਕਤੀ ਦੇ ਮਨ, ਬੋਲੀ ਅਤੇ ਸਰੀਰ ਵਿਚ ਪੱਕੇ ਹੋਏ ਹੁੰਦੇ ਹਨ।

**ਪ੍ਰਸ਼ਨ-ਕਰਤਾ** : ਮੁਕਤੀ ਦੇ ਇੱਛੁਕ ਵਿਅਕਤੀ ਨੂੰ ਆਪਣੀਆਂ ਖ਼ਾਮੀਆਂ ਨੂੰ ਕਿੰਝ ਵੇਖਣਾ ਚਾਹੀਦਾ ਹੈ?

**ਦਾਦਾਸ਼੍ਰੀ** : ਤੁਸੀਂ ਹਰ ਪਲ ਆਪਣੇ ਮਨ, ਬਚਨ ਅਤੇ ਕਰਮ ਦੀਆਂ ਕਮਜ਼ੋਰੀਆਂ ਨੂੰ ਵਾਚਿਆ ਹੋਵੇਗਾ। ਇਸ ਬੁਰੇ ਅਤੇ ਡਰਾਵਣੇ ਕਾਲ (ਦੂਸ਼ਮ-ਕਾਲ) ਦੌਰਾਨ ਕੋਈ ਵੀ ਵਿਅਕਤੀ ਅਜਿਹਾ ਨਹੀਂ ਜਿਸ ਨੂੰ ਪੂਰੀ ਤਰ੍ਹਾਂ ਦੋਸ਼-ਮੁਕਤ ਕਿਹਾ ਜਾ ਸਕੇ। ਵਿਅਕਤੀ ਜਿਨਾ ਵਧੇਰੇ ਆਪਣੀਆਂ ਗਲਤੀ ਨੂੰ ਵਾਚਦਾ ਹੈ ਉਨੀ ਹੀ ਵਧੇਰੇ ਉਸ ਦੀ ਆਤਮਾ ਪ੍ਰਕਾਸ਼ਵਾਨ ਹੁੰਦੀ ਹੈ। ਅਕਰਮ ਗਿਆਨ ਇਸ ਯੁਗ ਦੀ ਇਕ ਨਿਰਾਲੀ ਅਤੇ ਹੈਰਾਨਕੁਨ ਪ੍ਰਾਪਤੀ ਹੈ। ਤੁਸੀਂ ਸਿਰਫ਼ ਸਾਵਧਾਨ ਰਹਿਣਾ ਹੈ, ਪਿਛਲੇ ਜਨਮਾਂ ਤੋਂ ਨਾਲ ਲਿਆਂਦੇ ਕਰਮਾਂ ਦੇ ਬੋਝ ਨੂੰ ਲਾਹ ਦੇਣਾ ਹੈ ਅਤੇ ਆਂਤਰਿਕ ਸਵੈ ਨੂੰ ਪੂਰੀ ਤਰ੍ਹਾਂ ਸਵੱਛ ਬਣਾ ਲੈਣਾ ਹੈ।

ਸਵੈ ਦੀ ਇਹ ਸਾਵਧਾਨੀ ਸਦੈਵ ਹੀ ਬਣੀ ਰਹਿਣੀ ਚਾਹੀਦੀ ਹੈ। ਜੇਕਰ ਤੁਸੀਂ ਦਿਨ ਦੇ ਦੌਰਾਨ ਆਪਣੇ ਸਵੈ, ਆਪਣੀ ਆਤਮਾ ਨੂੰ ਨੀਂਦ ਵਿਚ ਗਲਤਾਨ ਰੱਖੋਗੇ ਤਾਂ ਤੁਸੀਂ ਆਤਮਕ ਪ੍ਰਗਤੀ ਦੇ ਰਸਤੇ ਉਪਰ ਅੱਗੇ ਨਹੀਂ ਵਧ ਸਕੋਗੇ। ਪਰੰਤੂ ਜੇਕਰ ਤੁਸੀਂ ਆਪਣੀਆਂ ਕਮਜ਼ੋਰੀਆਂ ਨੂੰ ਵੇਖਦੇ ਅਤੇ ਵਾਚਦੇ ਰਹਿੰਦੇ ਹੋ ਅਤੇ ਧੋਂਦੇ ਰਹਿੰਦੇ ਹੋ ਤਾਂ ਤੁਸੀਂ ਆਤਮਕ ਪ੍ਰਗਤੀ ਕਰ ਸਕਦੇ ਹੋ। ਇੰਝ ਸਾਵਧਾਨ ਰਹਿਣ ਹਿਤ ਦਾਦਾ ਭਗਵਾਨ ਦੁਆਰਾ ਸੁਝਾਏ ਪੰਜ ਆਦੇਸ਼ ਬਹੁਤ ਸਹਾਈ ਹੁੰਦੇ ਹਨ। ਇਹ ਸਵੈ ਦੀ, ਆਤਮਾ ਦੀ ਰਾਖੀ ਕਰਦੇ ਹਨ ਅਤੇ ਉਸ ਦਾ ਮੂਲ ਵੱਕਾਰ ਕਾਇਮ ਰਖਦੇ ਹਨ। ਸਵੈ-ਪਹਿਚਾਣ ਦੇ ਲਈ ਸਤਿਸੰਗ ਅਤੇ ਪੁਰਸ਼ਾਰਥ ਜ਼ਰੂਰੀ ਹਨ : ਨਿਮਰਤਾ ਸਹਿਤ ਆਗਿਆ ਦਾ ਪਾਲਣ ਕਰਨਾ ਸਤਿਸੰਗ ਵੱਲ ਪਹਿਲਾ ਕਦਮ ਹੈ।

ਜੇਕਰ ਤੁਸੀਂ ਦੁਨਿਆਵੀ ਜੀਵਨ ਵਿਚ ਲਾਭ ਅਤੇ ਹਾਨੀ ਤੋਂ ਪ੍ਰਭਾਵਿਤ ਨਹੀਂ ਹੁੰਦੇ ਤਾਂ ਤੁਸੀਂ ਇਸ ਦੁਨੀਆਂ ਅੰਦਰ ਜੀਵਨ ਦੀ ਆਖ਼ਰੀ ਸਟੇਜ ਉਪਰ ਵਿਚਰ ਰਹੇ ਹੋ। ਤੁਸੀਂ ਸਿਰਫ਼ ਇੰਨਾ ਹੀ ਕਰਨਾ ਹੈ ਕਿ ਤੁਸੀਂ ਇਸ ਜੀਵਨ ਅੰਦਰ ਤੁਹਾਡੇ ਪ੍ਰਤੀ ਕੀਤੇ ਜਾਂਦੇ ਹਰ ਪ੍ਰਕਾਰ ਦੇ ਦੁਰ-ਵਿਵਹਾਰ ਤੋਂ ਅਟੰਕ ਰਹੋ।

ਜੇਕਰ ਕਰਮਾਂ ਦਾ ਕੋਈ ਪੁਰਾਣਾ ਹਿਸਾਬ-ਕਿਤਾਬ ਨਹੀਂ ਹੈ ਤਾਂ ਕੋਈ ਵੀ ਤੁਹਾਡੇ ਹੱਕ ਜਾਂ ਵਿਰੋਧ ਵਿਚ, ਤੁਹਾਡੇ ਬਾਰੇ ਚੰਗਾਂ ਜਾਂ ਮੰਦਾ ਨਹੀਂ ਬੋਲੇਗਾ। ਜੇਕਰ ਤੁਸੀਂ ਤੱਥਾਂ ਉਪਰ ਆਧਾਰਤ ਗੱਲ ਕਰਕੇ ਵੀ ਆਪਣੇ ਵਿਚਾਰ ਸਪਸ਼ਟ ਸ਼ਬਦਾਂ ਵਿਚ ਵਿਅਕਤ ਕਰਦੇ ਹੋ ਤਾਂ ਵੀ ਦੂਸਰੇ ਨਰਾਜ਼ ਹੋ ਸਕਦੇ ਹਨ। ਸਤਿਸੰਗ ਤੁਹਾਡੇ ਅੰਦਰੋਂ ਖ਼ਾਮੀਆਂ ਅਤੇ ਗਲਤੀਆਂ ਦੀ ਸਾਰੀ ਮੈਲ ਧੋ ਸੁੱਟਦਾ ਹੈ। ਜੇ ਤੁਸੀਂ ਦੂਸਰਿਆਂ ਦੇ ਦੋਸ਼ ਦਸਦੇ ਹੋ ਤਾਂ ਤੁਸੀਂ ਮੈਲੇ ਹੋ ਜਾਉਗੇ ਪਰੰਤੂ, ਇਸ ਦੇ ਉਲਟ, ਜੇ ਤੁਸੀਂ ਆਪਣੇ ਦੋਸ਼, ਆਪਣੀਆਂ ਖ਼ਾਮੀਆਂ ਨੂੰ ਵੇਖਦੇ ਅਤੇ ਵਾਚਦੇ ਹੋ ਤਾਂ ਤੁਹਾਡੀ ਮੈਲ ਧੋਤੀ ਜਾਵੇਗੀ। ਪ੍ਰਮਾਦ ਵਾਲਾ ਭਾਵ ਦਲਿੱਦਰੀ ਆਦਮੀ ਅਕਸਰ ਦੂਜਿਆਂ ਦੀ ਖ਼ਾਮੀਆਂ ਵਧੇਰੇ ਵੇਖਦਾ ਹੈ।

# 114

## ਗਲਤੀਆਂ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਨੂੰ ਦੱਸੋ ਕਿ ਆਤਮਕ ਪ੍ਰਗਤੀ ਦੇ ਰਾਹ ਉਪਰ ਚਲਦਿਆਂ ਅਸੀਂ ਆਪਣੀਆਂ ਗਲਤੀਆਂ ਉਪਰ ਕਿਵੇਂ ਕਾਬੂ ਪਾ ਸਕਦੇ ਹਾਂ? ਇਨ੍ਹਾਂ ਨੂੰ ਕਿਵੇਂ ਖ਼ਤਮ ਕਰ ਸਕਦੇ ਹਾਂ?

**ਦਾਦਾਸ਼੍ਰੀ** : ਹਨ੍ਹੇਰੇ (ਭਾਵ ਆਤਮਾ ਬਾਰੇ ਅਗਿਆਨਤਾ; ਸਵੈ-ਪਹਿਚਾਣ ਪ੍ਰਾਪਤ ਕਰਨ ਤੋਂ ਪਹਿਲਾਂ ਦੀ ਸਥਿਤੀ) ਵਿਚ ਕੀਤੀਆਂ ਗਈਆਂ ਗਲਤੀਆਂ ਅਤੇ ਉਹ ਗਲਤੀਆਂ ਜਿਹੜੀਆਂ ਹਨ੍ਹੇਰੇ ਵਿਚ ਦੱਬੀਆਂ ਰਹਿੰਦੀਆਂ ਹਨ ਉਹ ਦ੍ਰਿਸ਼ਟੀਗੋਚਰ ਨਹੀਂ ਹੁੰਦੀਆਂ। ਜਿਉਂ ਹੀ ਆਤਮਕ ਗਿਆਨ ਦਾ ਚਾਨਣ ਹੁੰਦਾ ਹੈ ਇਹ ਗਲਤੀਆਂ ਦਿਸਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਥੋਂ ਤੱਕ ਕਿ ਕਈ ਸਪਸ਼ਟ ਗਲਤੀਆਂ ਦਾ ਖ਼ਾਤਮਾ ਤੁਹਾਡੀਆਂ ਅੱਖਾਂ ਅੰਦਰ ਇੱਕ ਵਿਲੱਖਣ ਚਮਕ ਲੈ ਆਉਂਦਾ ਹੈ। ਜਿਉਂ ਜਿਉਂ ਤੁਹਾਡੀਆਂ ਕਮਜ਼ੋਰੀਆਂ ਅਤੇ ਗਲਤੀਆਂ ਘੱਟਣ ਅਤੇ ਖ਼ਤਮ ਹੋਣ ਲਗਦੀਆਂ ਹਨ ਤਾਂ ਤੁਹਾਡੇ ਬਚਨ, ਤੁਹਾਡੀ ਬੋਲ-ਚਾਲ ਦਾ ਲਹਿਜਾ ਅਜਿਹਾ ਹੋ ਜਾਂਦਾ ਹੈ ਕਿ ਹਰ ਕੋਈ ਤੁਹਾਨੂੰ ਸੁਨਣਾ ਚਾਹੁੰਦਾ ਹੈ।

**ਪ੍ਰਸ਼ਨ-ਕਰਤਾ** : ਬਹੁਤੇ ਲੋਕ ਇਹੋ ਸੋਚਦੇ ਹਨ ਕਿ ਉਨ੍ਹਾਂ ਅੰਦਰ ਕੋਈ ਕਮਜ਼ੋਰੀ ਜਾਂ ਗਲਤੀ ਨਹੀਂ।

**ਦਾਦਾਸ਼੍ਰੀ** : ਕੋਈ ਵੀ ਵਿਅਕਤੀ ਇਹ ਨਹੀਂ ਕਹਿੰਦਾ ਕਿ ਉਹ ਪੂਰੀ ਤਰ੍ਹਾਂ ਦੋਸ਼-ਹੀਣ ਹੈ, ਉਸ ਵਿਚ ਕੋਈ ਖ਼ਾਮੀ ਨਹੀਂ। ਤੁਹਾਨੂੰ ਵੀ ਇਹ ਕਦੇ ਨਹੀਂ ਕਹਿਣਾ ਚਾਹੀਦਾ ਕਿ ਤੁਹਾਡੇ ਅੰਦਰ ਕੋਈ ਕਮਜ਼ੋਰੀ ਨਹੀਂ ਹੈ। ਸਿਰਫ਼ ਕੇਵਲ-ਗਿਆਨੀ ਹੀ ਅਜਿਹਾ ਵਿਅਕਤੀ ਹੁੰਦਾ ਹੈ ਜਿਸ ਵਿਚ ਕੋਈ ਕਮਜ਼ੋਰੀ, ਕੋਈ ਖ਼ਾਮੀ ਨਹੀਂ ਹੁੰਦੀ।

ਤੁਹਾਡੀਆਂ ਹਨ੍ਹੇਰੇ ਵਿਚ ਕੀਤੀਆਂ ਗਲਤੀਆਂ ਅਤੇ ਹਨ੍ਹੇਰੇ ਵਿਚ ਦੱਬੀਆਂ ਹੋਈਆਂ ਗਲਤੀਆਂ ਕਈ ਵਾਰ ਤੁਹਾਡੀ ਨਜ਼ਰ ਤੋਂ ਉਹਲੇ ਰਹਿ ਜਾਂਦੀਆਂ ਹਨ।

**ਪ੍ਰਸ਼ਨ-ਕਰਤਾ** : ਹਨ੍ਹੇਰੇ ਵਿਚ ਕੀਤੀਆਂ ਅਤੇ ਹਨ੍ਹੇਰੇ ਵਿਚ ਦੱਬੀਆਂ ਗਲਤੀਆਂ ਤੋਂ ਵਿਅਕਤੀ ਕਿਵੇਂ ਖਹਿੜਾ ਛੁਡਾ ਸਕਦਾ ਹੈ?

**ਦਾਦਾਸ਼੍ਰੀ** : ਅਗਿਆਨਤਾ ਦੇ ਹਨ੍ਹੇਰੇ ਵਿਚ ਕੀਤੀਆਂ ਗਲਤੀਆਂ ਉਹ ਹਨ ਜਿਹੜੀਆਂ ਕਰਨ ਵਾਲੇ ਨੂੰ ਚੁਭਦੀਆਂ ਨਹੀਂ। ਜੇ ਤੁਸੀਂ ਉਨ੍ਹਾਂ ਨੂੰ ਵੇਖ ਹੀ ਨਹੀਂ ਸਕਦੇ ਤਾਂ ਫਿਰ ਤੁਸੀਂ ਉਨ੍ਹਾਂ ਨੂੰ ਖ਼ਤਮ ਕਿਵੇਂ ਕਰੋਗੇ? ਜਿਹੜੀਆਂ ਗਲਤੀਆਂ ਸਪਸ਼ਟ ਰੂਪ ਵਿਚ ਕਿਸੇ ਬਹੁਤ ਹੀ ਜਿੱਦੀ ਵਿਅਕਤੀ ਦੀਆਂ ਹਨ ਅਤੇ ਵਿਖਾਈ ਦਿੰਦੀਆਂ ਹਨ ਉਹ ਭਾਵੇਂ ਕਿੰਨੀਆਂ ਹੀ ਹੋਣ ਉਹ ਨਾ ਦਿਸਣ ਵਾਲੀਆਂ ਜਾਂ ਹਨ੍ਹੇਰੇ ਵਿਚ ਦਬੀਆਂ ਰਹਿੰਦੀਆਂ ਗਲਤੀਆਂ ਨਾਲੋਂ ਬੇਹਤਰ ਹਨ।

ਤੁਹਾਡੀ ਸਤਰਕਤਾ ਜਿੰਨੀ ਵਧੇਰੇ ਚੁਸਤ-ਦਰੁਸਤ ਹੋਵੇਗੀ ਉਨੀਆਂ ਹੀ ਵਧੇਰੇ ਗਲਤੀਆਂ ਤੁਸੀਂ ਵੇਖ ਸਕੋਗੇ। ਤੁਹਾਡੀਆਂ ਸੂਖ਼ਮ (ਸਪਸ਼ਟ ਰੂਪ ਵਾਲੀਆਂ) ਗਲਤੀਆਂ ਤਾਂ ਵਿਚਾਰਕ ਵਿਰੋਧ ਦੇ ਪੈਦਾ ਹੁੰਦਿਆਂ ਹੀ ਅਲੋਪ ਹੋ ਜਾਣਗੀਆਂ ਪਰੰਤੂ ਕੁਝ ਗਲਤੀਆਂ ਉਹ ਹਨ ਜਿਹੜੀਆਂ ਸੂਖ਼ਮ ਨਹੀਂ: ਇਨ੍ਹਾਂ ਤੋਂ ਖਹਿੜਾ ਛਡਾਉਣਾ ਸੌਖਾ ਕਾਰਜ ਨਹੀਂ।

ਅਗਿਆਨਤਾ ਦੇ ਹਨ੍ਹੇਰੇ ਵਿਚ ਕੀਤੀਆਂ ਗਲਤੀਆਂ ਸਿਰਫ਼ ਉਦੋਂ ਹੀ ਰੋਸ਼ਨੀ ਵਿਚ ਆਉਣਗੀਆਂ ਜਦੋਂ ਕੋਈ ਗਿਆਨੀ ਪੁਰਸ਼ ਉਨ੍ਹਾਂ ਉਪਰ ਗਿਆਨ ਦਾ ਚਾਨਣ ਪਾਵੇਗਾ। ਦ੍ਰਿਸ਼ਟੀਗੋਚਰ ਗਲਤੀਆਂ ਹਨ੍ਹੇਰੇ ਵਿਚ ਦਫ਼ਨ ਗਲਤੀਆਂ ਨਾਲੋਂ ਬੇਹਤਰ ਹਨ ਕਿਉਂਕਿ ਵਿਅਕਤੀ ਇਨ੍ਹਾਂ ਨੂੰ ਵੇਖ ਸਕਦਾ ਹੈ।

**ਪ੍ਰਸ਼ਨ-ਕਰਤਾ** : ਸਾਨੂੰ ਕੀ ਪੁਰਸ਼ਾਰਥ ਕਰਨਾ ਲੋੜੀਂਦਾ ਹੈ?

**ਦਾਦਾਸ਼੍ਰੀ** : ਅਸਲੀ ਪੁਰਸ਼ਾਰਥ (ਅਸਲੀ ਆਜ਼ਾਦ ਕੋਸ਼ਿਸ਼) ਉਦੋਂ ਹੀ ਆਰੰਭ ਹੁੰਦਾ ਹੈ ਜਦੋਂ ਤੁਸੀਂ (ਸਵੈ-ਪਹਿਚਾਣ ਪ੍ਰਾਪਤ ਕਰ ਚੁੱਕੇ) ਪੁਰਸ਼ ਬਣ ਜਾਂਦੇ ਹੋ। ਜਦੋਂ ਤੁਹਾਨੂੰ ਇਹ ਅਹਿਸਾਸ ਹੋ ਜਾਦਾ ਹੈ ਕਿ ਤੁਸੀਂ ਸ਼ੁੱਧ ਆਤਮਾ ਹੋ ਤਾਂ ਵਿਅਕਤੀ ਦੇ ਅੰਦਰ ਡੂੰਘੀਆਂ ਦਫ਼ਨ ਗਲਤੀਆਂ ਨੂੰ ਖ਼ਤਮ ਕਰਨ ਹਿਤ ਪੁਰਸ਼ਾਰਥ ਅਤੇ ਸਵੈ-ਪ੍ਰਾਕਰਮ ਆਰੰਭ ਹੋ ਸਕਦਾ ਹੈ। ਸਵੈ ਜਾਂ ਆਤਮਾ ਹਰ ਚੀਜ ਨੂੰ ਰੁਸ਼ਨਾ ਦਿੰਦੀ ਹੈ: ਇਸ ਦੇ ਚਾਨਣ ਵਿਚ ਵਿਅਕਤੀ ਆਪਣੀਆਂ ਗਲਤੀਆਂ ਨੂੰ ਵੀ ਵੇਖ ਸਕਦਾ ਹੈ।

ਔਖੀ ਘੜੀ ਵਿਚ ਗਿਆਨ ਤੁਹਾਡਾ ਸਹਾਈ ਹੁੰਦਾ ਹੈ। ਜਦੋਂ ਤੁਹਾਡਾ ਕੰਨ ਕੱਟਿਆ ਜਾ ਰਿਹਾ ਹੋਵੇ ਅਤੇ ਉਸ ਸਮੇਂ ਜੇ ਗਿਆਨ ਤੁਹਾਡੇ ਬਚਾਅ ਹਿਤ ਸਹਾਈ ਹੁੰਦਾ ਹੈ ਤਾਂ ਉਹ ਸੱਚਾ ਗਿਆਨ ਹੈ।

ਇਕ ਗਿਆਨੀ ਪੁਰਸ਼ ਸਿਰਫ਼ ਇੱਕ ਘੰਟੇ ਲਈ ਸੌਂਦਾ ਹੈ। ਉਹ ਸਾਰਾ ਸਮਾਂ ਹੀ ਆਪਣੇ ਅਸਲੀ ਸਵੈ ਪ੍ਰਤੀ ਸਾਵਧਾਨ ਰਹਿੰਦਾ ਹੈ। ਜਿਹੜਾ ਵਿਅਕਤੀ ਘੱਟ ਸੌਂਦਾ ਹੈ ਅਤੇ ਜਿਸ ਦਾ ਆਹਾਰ ਵੀ ਬਹੁਤ ਹੀ ਥੋੜਾ ਹੈ ਉਹ ਆਤਮਾ ਦੀ ਚੇਤਨਤਾ ਨੂੰ ਵਧਾ ਦਿੰਦਾ ਹੈ। ਬਹੁਤ ਜ਼ਿਆਦਾ ਸੌਣਾ ਤਾਂ ਆਤਮਕ ਉਦਾਸੀਨਤਾ ਦੀ ਨਿਸ਼ਾਨੀ ਹੈ। ਇਹ ਤਾਂ ਸਵੈ/ਆਤਮਾ ਨੂੰ ਇਕ ਹਨ੍ਹੇਰੇ ਥੈਲੇ ਵਿਚ ਸੀਲ-ਬੰਦ ਕਰਨ ਦੀ ਤਰ੍ਹਾਂ ਹੈ। ਬਹੁਤਾ ਖਾਣਾ ਵੀ ਆਤਮਕ ਉਦਾਸੀਨਤਾ ਹੈ।

ਲੋਕਾਂ ਨੂੰ ਰੱਤਾ ਜਿੰਨੀ ਵੀ ਚੇਤਨਾ ਨਹੀਂ ਹੈ ਕਿ ਗਲਤੀ ਕੀ ਹੁੰਦੀ ਹੈ। ਇਹ ਸਿਰਫ਼ ਅਸਧਾਰਨ ਕੋਸ਼ਿਸ਼ (ਸਵੈ-ਪ੍ਰਾਕਰਮ) ਰਾਹੀਂ ਹੀ ਹੈ ਕਿ ਵਿਅਕਤੀ ਆਪਣੀਆਂ ਗਲਤੀਆਂ ਨੂੰ ਵੇਖ ਸਕਦਾ ਹੈ ਅਤੇ ਉਨ੍ਹਾਂ ਨੂੰ ਦੂਰ ਕਰ ਸਕਦਾ ਹੈ।

ਆਪਣੀਆਂ ਗਲਤੀਆਂ ਨੂੰ ਦੂਰ ਕਰਨ ਹਿਤ ਜਾਂ ਤਾਂ ਤੁਹਾਨੂੰ ਖ਼ੁਦ ਨੂੰ ਇਕ ਗਿਆਨੀ ਪੁਰਸ਼ ਦੀ ਸੇਵਾ ਹਿਤ ਅਰਪਣ ਕਰਨਾ ਪਵੇਗਾ ਅਤੇ ਜਾਂ ਉਸ ਗਿਆਨੀ ਪੁਰਸ਼ ਦੁਆਰਾ ਦੀਖਿਆ ਪ੍ਰਾਪਤ ਕਿਸੇ ਮਹਾਤਮਾ ਦੀ ਸੇਵਾ ਹਿਤ ਅਤੇ ਜਾਂ ਫਿਰ ਸਵੈ-ਪੁਰਸ਼ਾਰਥ ਕਰਨਾ ਪਵੇਗਾ। ਬਿਨਾਂ ਸਵੈ-ਪੁਰਸ਼ਾਰਥ ਤੋਂ ਤੁਹਾਨੂੰ ਗਿਆਨ-ਰੂਪੀ ਫਲ ਦੀ ਪ੍ਰਾਪਤੀ ਨਹੀਂ ਹੋਵੇਗੀ। ਜਿਹੜੀਆਂ ਗਲਤੀਆਂ ਤੁਹਾਨੂੰ ਚੁਭਦੀਆਂ ਰਹਿੰਦੀਆਂ ਹਨ ਉਹ 'ਬਿਜਲਈ' ਗਲਤੀਆਂ ਹਨ। ਤੁਸੀਂ ਉਨ੍ਹਾਂ ਪ੍ਰਤੀ ਸਾਵਧਾਨ ਵੀ ਹੋ ਜਾਂਦੇ ਹੋ ਅਤੇ ਉਨ੍ਹਾਂ ਨੂੰ ਵੇਖ ਵੀ ਲੈਂਦੇ ਹੋ। ਤੁਸੀਂ ਉਨ੍ਹਾਂ ਗਲਤੀਆਂ ਅਤੇ ਖਾਮੀਆਂ ਪ੍ਰਤੀ ਸਾਵਧਾਨ ਨਹੀਂ ਹੁੰਦੇ ਜਿਹੜੀਆਂ ਹਨ੍ਹੇਰੇ ਵਿਚ ਦਬੀਆਂ ਪਈਆਂ ਹਨ ਅਤੇ ਤੁਹਾਨੂੰ ਚੁਭਦੀਆਂ ਵੀ ਨਹੀਂ।

ਤੁਲਨਾਤਮਕ ਪੱਖ ਤੋਂ ਵੇਖਦਿਆਂ ਅਸੀਂ ਕਹਿ ਸਕਦੇ ਹਾਂ ਕਿ ਜਿਹੜੀਆਂ ਗਲਤੀਆਂ ਸਪਸ਼ਟ ਕ੍ਰਮ ਵਿਚ ਦ੍ਰਿਸ਼ਟੀਮਾਨ ਹਨ ਉਹ ਬੇਹਤਰ ਹਨ। ਹਾਂ, ਜਿਹੜੀਆਂ 'ਬਿਜਲਈ' ਗਲਤੀਆਂ ਹਨ ਉਹ ਸੌਖਿਆਂ ਹੀ ਵੇਖੀਆਂ ਜਾ ਸਕਦੀਆਂ ਹਨ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਇਹ 'ਬਿਜਲਈ' ਗਲਤੀਆਂ ਕੀ ਹਨ?

**ਦਾਦਾਸ਼੍ਰੀ** : ਮੈਂ ਉਨ੍ਹਾਂ ਗਲਤੀਆਂ ਨੂੰ 'ਬਿਜਲਈ' ਗਲਤੀਆਂ ਕਹਿੰਦਾ ਹਾਂ ਜਿਹੜੀਆਂ ਗਲਤੀ ਕਰਨ ਵਾਲੇ ਨੂੰ ਹੀ ਚੁਭਦੀਆਂ ਰਹਿੰਦੀਆਂ ਹਨ। ਅਗਿਆਨਤਾ ਦੇ ਹਨ੍ਹੇਰੇ ਵਿਚ ਕੀਤੀਆਂ ਜਾਂ ਦਬੀਆਂ ਪਈਆਂ ਗਲਤੀਆਂ ਕਰਨ ਵਾਲੇ ਨੂੰ ਤੰਗ ਨਹੀਂ ਕਰਦੀਆਂ। ਜਿਹੜੀ ਗਲਤੀ ਤੁਹਾਨੂੰ ਚੁਭਦੀ ਹੈ, ਤੰਗ ਕਰਦੀ ਹੈ ਉਹ ਛੇਤੀ ਹੀ ਤੁਹਾਡੇ ਧਿਆਨ ਵਿਚ ਆ ਜਾਂਦੀ ਹੈ ਅਤੇ, ਇਸ ਦੇ ਉਲਟ, ਜਿਹੜੀ ਗਲਤੀ ਤੁਹਾਨੂੰ ਤੰਗ ਨਹੀਂ ਕਰਦੀ ਉਹ ਧਿਆਨ ਵਿਚ ਨਹੀਂ ਆਉਂਦੀ। ਇਹ ਸਪਸ਼ਟ ਗਲਤੀਆਂ ਹਨ। ਇਹ ਤੁਹਾਨੂੰ ਕੁਝ ਸਮਾਂ ਤੰਗ ਕਰਨ ਅਤੇ ਅਸਹਿਜ ਮਹਿਸੂਸ ਕਰਵਾਉਣ ਉਪਰੰਤ ਖ਼ਤਮ ਹੋ ਜਾਂਦੀਆਂ ਹਨ। ਇਹ ਹਮੇਸ਼ਾ ਤੁਹਾਨੂੰ ਸਾਵਧਾਨ ਅਤੇ ਚੇਤੰਨ ਰਖਦੀਆਂ ਹਨ।

ਅਗਿਆਨਤਾ ਦੇ ਹਨ੍ਹੇਰੇ ਵਿਚ ਕੀਤੀਆਂ ਗਲਤੀਆਂ ਵੇਖੀਆਂ ਨਹੀਂ ਜਾ ਸਕਦੀਆਂ। ਇਨ੍ਹਾਂ ਹਨ੍ਹੇਰੇ ਵਿਚ ਦਬੀਆਂ ਹੋਈਆਂ ਖ਼ਾਮੀਆਂ ਦੇ ਮਾਮਲੇ ਵਿਚ ਤੁਸੀਂ ਖ਼ੁਦ ਹੀ ਲਾਪਰਵਾਹ ਅਤੇ ਕਸੂਰਵਾਰ ਹੁੰਦੇ ਹੋ ਪਰੰਤੂ ਕੋਈ ਵੀ ਅਜਿਹਾ ਵਿਅਕਤੀ ਨਹੀਂ ਹੁੰਦਾ ਜਿਹੜਾ ਤੁਹਾਨੂੰ ਤੁਹਾਡੀਆਂ ਇਹ ਗਲਤੀਆਂ ਵਿਖਾ ਸਕੇ। ਜਦੋਂ ਕੋਈ ਵਿਅਕਤੀ ਇਹ ਕਹਿੰਦਾ ਹੈ ਕਿ "ਮੈਂ ਜਾਣਦਾ ਹਾਂ; ਮੈਨੂੰ ਪਤਾ ਹੈ" ਤਾਂ ਇਹ ਅਗਿਆਨਤਾ ਵਿਚ ਕੀਤੀ ਗਲਤੀ ਹੈ ਪਰੰਤੂ ਜਦੋਂ ਕੋਈ ਇਹ ਕਹਿੰਦਾ ਹੈ ਕਿ 'ਮੈਨੂੰ ਕੋਈ ਪ੍ਰਵਾਹ ਨਹੀਂ' ਤਾਂ ਇਹ ਬਹੁਤ ਗੰਭੀਰ ਗਲਤੀ ਹੈ।

ਗਿਆਨੀ ਪੁਰਸ਼ ਤੋਂ ਬਿਨਾਂ ਕੋਈ ਵੀ ਇਹ ਨਹੀਂ ਕਹਿ ਸਕਦਾ ਕਿ ਮੇਰੇ ਅੰਦਰ ਕੋਈ ਖ਼ਾਮੀ ਨਹੀਂ। ਸਾਨੂੰ ਹਮੇਸ਼ਾ ਇਹ ਅਹਿਸਾਸ ਰਹਿਣਾ ਚਾਹੀਦਾ ਹੈ ਕਿ 'ਮੈਂ ਸ਼ੁੱਧ ਆਤਮਾ ਹਾਂ'।

ਜੇ ਤੁਸੀਂ ਇਸ ਤਰ੍ਹਾਂ ਮਹਿਸੂਸ ਕਰੋਗੇ ਅਤੇ ਇਸ ਤਰ੍ਹਾਂ ਹੀ ਵਿਵਹਾਰ ਕਰੋਗੇ ਤਾਂ ਤੁਹਾਨੂੰ ਕੋਈ ਸਮੱਸਿਆ ਪੇਸ਼ ਨਹੀਂ ਆਵੇਗੀ।

ਸ਼ੁੱਧ ਆਤਮਾ ਅੰਦਰ ਕੋਈ ਖ਼ਾਮੀ ਨਹੀਂ ਹੈ ਪਰੰਤੂ ਅਮਿਤ ਨੂੰ ਚਾਹੀਦਾ ਹੈ ਕਿ ਜਿਉਂ ਹੀ ਉਹ ਆਪਣੀਆਂ ਗਲਤੀਆਂ ਅਤੇ ਖ਼ਾਮੀਆਂ ਨੂੰ ਵੇਖੇ ਖ਼ੁਦ ਨੂੰ ਉਨ੍ਹਾਂ ਤੋਂ ਆਜ਼ਾਦ ਕਰ ਲਵੇ।

ਤੁਹਾਡੇ ਅੰਦਰ ਮੇਰੇ ਸਿਧਾਂਤਾਂ, ਮੇਰੀਆਂ ਸਿੱਖਿਆਂ ਉਪਰ ਚੱਲਣ ਦੀ ਤੀਬਰ ਇੱਛਾ ਹੈ ਅਤੇ ਮੇਰੀ ਮਿਹਰ ਸਦਕਾ ਤੁਸੀਂ ਇਦਾਂ ਕਰਨ ਵਿਚ ਸਫ਼ਲ ਵੀ ਹੋ ਜਾਉਗੇ।

ਜੇ ਤੁਸੀਂ ਮੇਰੇ ਸ਼ਬਦਾਂ ਨੂੰ, ਮੇਰੇ ਪ੍ਰਵਚਨਾਂ ਨੂੰ ਸੁਣਦੇ ਅਤੇ ਸਮਝਦੇ ਹੋ ਪਰੰਤੂ ਤੁਸੀਂ ਉਨ੍ਹਾਂ ਨੂੰ ਆਪਣੇ ਮਨ ਅੰਦਰ ਪੱਕਾ ਨਹੀਂ ਕਰਦੇ ਤਾਂ ਇਸ ਦਾ ਭਾਵ ਇਹ ਹੋਇਆ ਕਿ ਤੁਹਾਡੇ ਅੰਦਰ ਵੱਡੀ ਗੰਢ ਹੈ।

ਮੈਂ ਕਦੇ ਕਿਸੇ ਵਿਅਕਤੀ ਨੂੰ ਉਸ ਦੀਆਂ ਗਲਤੀਆਂ ਜਾਂ ਖ਼ਾਮੀਆਂ ਨਹੀਂ ਵਿਖਾਉਂਦਾ ਕਿਉਂਕਿ ਮੇਰੇ ਕੋਲ ਵਕਤ ਹੀ ਨਹੀਂ ਹੈ। ਜੇ ਮੈਂ ਤੁਹਾਨੂੰ ਤੁਹਾਡੀਆਂ ਗਲਤੀਆਂ ਤੋਂ ਜਾਣੂੰ ਕਰਵਾਉਂਦਾ ਹਾਂ ਤਾਂ ਸੱਚ ਜਾਣੋ ਇਹ ਤਾਂ ਤੁਹਾਡੇ ਪੁੰਨ ਕਰਮਾਂ ਦਾ ਫਲ ਹੈ ਜਿਹੜਾ ਤੁਸੀਂ ਇਸ ਘੜੀ ਪ੍ਰਾਪਤ ਕਰ ਰਹੇ ਹੋ। ਮੈਂ ਆਪਣੀ ਸਿਧੀ (ਭਾਵ ਆਤਮਕ ਸ਼ਕਤੀ) ਦੇ ਨਾਲ ਤੁਹਾਡੀਆਂ ਗਲਤੀਆਂ ਦੀਆਂ ਗੰਢਾਂ ਦਾ ਆਪਰੇਸ਼ਨ ਕਰਦਾ ਹਾਂ। ਇੰਝ ਕਰਨ ਲਈ ਮੈਨੂੰ ਬਹੁਤ ਜ਼ਿਆਦਾ ਯਤਨ ਕਰਨਾ ਪੈਂਦਾ ਹੈ।

ਜਿਸ ਵਿਅਕਤੀ ਦੇ ਅੰਦਰ ਕੋਈ ਖ਼ਾਮੀ ਨਹੀਂ ਉਸ ਉਪਰ ਹੁਕਮ ਚਲਾਉਣ ਵਾਲਾ ਕੋਈ ਨਹੀਂ ਹੁੰਦਾ। ਮੇਰੇ ਉਪਰ ਵੀ ਕੋਈ ਅਜਿਹਾ ਹੁਕਮ ਕਰਨ ਵਾਲਾ ਨਹੀਂ ਹੈ: ਮੈਂ ਹੁਕਮਰਾਨਾਂ ਉਪਰ ਹੁਕਮਰਾਨ ਹਾਂ। ਇਹ ਇਸ ਕਰਕੇ ਹੈ ਕਿ ਮੇਰੇ ਅੰਦਰ ਕੋਈ ਵੀ ਸਥੂਲ ਜਾਂ ਦ੍ਰਿਸ਼ਟੀਮਾਨ ਖ਼ਾਮੀ ਬਾਕੀ ਨਹੀਂ ਹੈ। ਇਥੋਂ ਤੱਕ ਕਿ ਸਭ ਸੂਖ਼ਮ ਖ਼ਾਮੀਆਂ/ਗਲਤੀਆਂ ਵੀ ਅਲੋਪ ਹੋ ਗਈਆਂ ਹਨ। ਮੇਰੇ ਅੰਦਰ ਕੁਝ ਹੋਰ ਵਧੇਰੇ ਸੂਖ਼ਮ ਅਤੇ ਸੂਖ਼ਮਤਾ (ਸਭ ਤੋਂ ਸੂਖ਼ਮ) ਗਲਤੀਆਂ ਬਾਕੀ ਹਨ ਪਰੰਤੂ ਮੈਂ ਇਨ੍ਹਾਂ ਖ਼ਾਮੀਆਂ ਅਤੇ ਗਲਤੀਆਂ ਨੂੰ ਜਾਣਦਾ ਵੀ ਹਾਂ ਅਤੇ ਵੇਖਦਾ ਵੀ। ਭਗਵਾਨ ਮਹਾਂਵੀਰ ਅਜਿਹੀ ਹੀ ਆਤਮਕ ਸਥਿਤੀ ਵਿਚ ਵਿਚਰੇ ਸਨ।

ਜਦੋਂ ਵਿਅਕਤੀ ਦੇ ਅੰਦਰੋਂ ਮੈਲ ਸਾਫ਼ ਹੋ ਜਾਂਦੀ ਹੈ ਤਾਂ ਉਹ ਆਪਣੇ ਅੰਦਰ ਵਧੇਰੇ ਸੂਖ਼ਮ ਅਤੇ ਸਭ ਤੋਂ ਵੱਧ ਸੂਖ਼ਮਤਮ ਖ਼ਾਮੀਆਂ ਨੂੰ ਵੀ ਵੇਖ ਸਕਦਾ ਹੈ। ਜਦੋਂ ਭਗਵਾਨ ਮਹਾਂਵੀਰ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ ਤਾਂ ਉਹ ਆਪਣੇ ਅੰਦਰ ਬਚ ਗਈਆਂ ਸਭ ਤੋਂ ਵੱਖ ਸੂਖ਼ਮ ਖ਼ਾਮੀਆਂ ਨੂੰ ਵੀ ਵੇਖ ਸਕਦੇ ਸਨ। ਭਗਵਾਨ ਮਹਾਂਵੀਰ ਨੂੰ ਕੇਵਲ ਗਿਆਨ ਦੀ ਪ੍ਰਾਪਤੀ ਅਤੇ ਉਨ੍ਹਾਂ ਅੰਦਰ ਵੇਖਣ ਲਈ ਬਿਲਕੁਲ ਹੀ ਕਿਸੇ ਖ਼ਾਮੀ ਦਾ ਨਾ ਬਚਣਾ ਇਕੋ ਸਮੇਂ ਵਾਪਰਿਆ। ਇਹ ਕੁਦਰਤ ਦਾ ਨਿਯਮ ਹੈ ਕਿ ਜਦੋਂ ਤੁਹਾਡੇ ਅੰਦਰ ਬਿਲਕੁਲ ਹੀ ਕੋਈ

ਗਲਤੀ/ਖ਼ਾਮੀ ਬਾਕੀ ਨਹੀਂ ਬਚਦੀ ਤਾਂ ਇਹ ਉਹ ਸਮਾਂ ਹੈ ਜਦੋਂ ਤੁਹਾਨੂੰ ਕੇਵਲ ਗਿਆਨ ਪ੍ਰਾਪਤ ਹੋ ਜਾਵੇਗਾ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਮੈਂ ਆਪਣੇ ਬਚਪਨ ਤੋਂ ਲੈ ਕੇ ਆਪਣੇ ਸਾਰੇ ਜੀਵਨ ਵਿਚ ਬਹੁਤ ਸਾਰੀਆਂ ਮੁਸ਼ਕਿਲਾਂ ਨਾਲ ਘਿਰਿਆ ਰਿਹਾ ਹਾਂ। ਹੁਣ ਮੈਨੂੰ ਆਪਣੇ ਬੱਚਿਆਂ ਦੇ ਹੱਥੋਂ ਵੀ ਮੁਸ਼ਕਿਲਾਂ ਦਾ ਅਤੇ ਦੁਰਵਿਵਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਰਪਾ ਕਰਕੇ ਮੈਨੂੰ ਰਾਹ ਦਿਖਾਉ ਕਿ ਮੈਂ ਹਾਲਾਤ ਨਾਲ ਕਿਵੇਂ ਨਜਿੱਠਾਂ? ਇਹ ਵੀ ਦੱਸੋ ਕਿ ਇਹ ਗਲਤੀ ਕਿਸ ਦੀ ਹੈ?

**ਦਾਦਾਸ਼੍ਰੀ** : ਜੇ ਤੁਸੀਂ ਇਹ ਚਾਹ ਵਾਲਾ ਕੱਪ ਆਪ ਹੀ ਤੋੜਦੇ ਹੋ ਤਾਂ ਕੀ ਤੁਹਾਨੂੰ ਇਸ ਗੱਲ ਦਾ ਅਫ਼ਸੋਸ ਹੋਵੇਗਾ? ਜੇ ਕੱਪ ਤੁਸੀਂ ਆਪ ਤੋੜਦੇ ਹੋ ਤਾਂ ਤੁਹਾਨੰ ਤਕਲੀਫ਼ ਨਹੀਂ ਹੋਵੇਗੀ ਪਰੰਤੂ ਜੇ ਤੁਹਾਡਾ ਕੋਈ ਬੱਚਾ ਤੋੜਦਾ ਹੈ ਤਾਂ ਤੁਸੀਂ ਦੁਖੀ ਵੀ ਹੋਵੋਗੇ ਅਤੇ ਚਿੰਤਿਤ ਵੀ। ਕੀ ਚਿੰਤਾ ਜਾਂ ਕੋਈ ਕਸ਼ਟ ਹੋਵੇਗਾ ਜੇ ਤੁਹਾਨੂੰ ਇਹ ਅਹਿਸਾਸ ਹੋ ਜਾਵੇ ਕਿ ਇਹ ਤਾਂ ਤੁਹਾਡੀਆਂ ਪਿਛਲੀਆਂ ਗਲਤੀਆਂ ਦੇ ਕਰਮਾਂ ਦਾ ਲੇਖਾ-ਜੋਖਾ ਹੈ? ਤੁਸੀਂ ਦੂਸਰਿਆਂ ਅੰਦਰ ਗਲਤੀਆਂ ਵੇਖਦੇ ਹੋ ਅਤੇ ਦਿਨ-ਰਾਤ ਇਸੇ ਕਰਕੇ ਉਦਾਸ ਵੀ ਰਹਿੰਦੇ ਹੋ ਅਤੇ ਫ਼ਿਕਰਮੰਦ ਵੀ। ਇਹ ਤੁਹਾਡੇ ਆਪਣੇ ਕਰਮ ਹਨ ਅਤੇ ਤੁਸੀਂ ਫਿਰ ਵੀ ਇਹ ਸ਼ਿਕਾਇਤ ਕਰਦੇ ਹੋ ਕਿ ਤੁਸੀਂ ਦੁਖੀ ਹੋ।

**ਪ੍ਰਸ਼ਨ-ਕਰਤਾ** : ਕੀ ਹਰ ਵਿਅਕਤੀ ਹੀ ਗਲਤੀਆਂ ਅਤੇ ਖ਼ਾਮੀਆਂ ਦਾ ਪੁਤਲਾ ਹੈ?

**ਦਾਦਾਸ਼੍ਰੀ** : ਤੁਹਾਡੇ ਅੰਦਰ ਇਕ ਵੱਡਾ ਦਲ੍ਹਾਣ ਹੈ ਜਿਹੜਾ ਗਲਤੀਆਂ ਨਾਲ ਭਰਿਆ ਹੋਇਆ ਹੈ। ਜੇ ਤੁਸੀਂ ਹਰ ਪਲ ਹੀ ਆਪਣੀ ਗਲਤੀ ਨੂੰ ਪਹਿਚਾਣਦੇ ਅਤੇ ਚੇਤੰਨ ਰਹਿੰਦੇ ਹੋ ਤਾਂ ਤੁਸੀਂ ਇਕ ਅਰਥ-ਭਰਪੂਰ ਜੀਵਨ ਜਿਉਂਦੇ ਹੋ। ਜਦ ਇਕ ਵਾਰ ਤੁਹਾਡਾ ਧਿਆਨ ਸ਼ੁੱਧ ਆਤਮਾ ਉਪਰ ਕੇਂਦ੍ਰਿਤ ਹੋ ਜਾਂਦਾ ਹੈ ਤਾਂ ਤੁਸੀਂ ਆਪਣੀਆਂ ਗਲਤੀਆਂ ਨੂੰ ਵੇਖਣਾ ਆਰੰਭ ਕਰ ਦਿੰਦੇ ਹੋ। ਇਹ ਜਾਨਣ ਵਾਲੇ ਅਤੇ ਦੇਖਣ ਵਾਲੇ ਦਾ ਰਿਸ਼ਤਾ ਹੈ ਅਤੇ ਇਸ ਵਿਚ ਨਾ ਕੋਈ ਦੁੱਖ ਹੈ ਨਾ ਦਰਦ। ਜੇਕਰ ਤੁਹਾਡਾ ਕਰਮਾਂ ਦਾ ਕੋਈ ਪੁਰਾਣਾ ਲੇਖਾ-ਜੋਖਾ ਬਾਕੀ ਨਹੀਂ ਤਾਂ ਤੁਸੀਂ ਕਿਸੇ ਨਾਲ ਵੀ ਨਹੀਂ ਉਲਝੋਗੇ। ਮੈਂ ਆਪਣੀਆਂ ਗਲਤੀਆਂ ਅਤੇ ਖ਼ਾਮੀਆਂ ਨੂੰ ਵੇਖ ਲਿਆ ਹੈ ਅਤੇ ਇਸੇ ਕਰਕੇ ਮੈਂ ਸੁਤੰਤਰ ਹਾਂ, ਮੁਕਤ ਹਾਂ।

ਜੇਕਰ ਤੁਸੀਂ ਆਪ ਹੀ ਪੰਜ ਸੌ ਰੁਪਏ ਖੋ ਲੈਂਦੇ ਹੋ ਤਾਂ ਤੁਸੀਂ ਇਸ ਨੁਕਸਾਨ ਨੂੰ ਸਹਿ ਲਉਗੇ। ਉਸੇ ਤਰ੍ਹਾਂ ਆਪਣੀ ਗਲਤੀ ਦਾ ਅਹਿਸਾਸ ਕਰ ਲੈਣ ਨਾਲ ਤੁਹਾਡੀ ਸਹਿਣ ਕਰ ਸਕਣ ਦੀ ਸ਼ਕਤੀ ਆਪਣੇ ਆਪ ਹੀ ਵੱਧ ਜਾਂਦੀ ਹੈ। "ਇਹ ਕਿਸ ਦੀ ਗਲਤੀ ਹੈ, ਕਿਸ ਦਾ ਕਸੂਰ ਹੈ?"...."ਹਾਂ, ਇਹ ਕਸੂਰ, ਇਹ ਗਲਤੀ ਤਾਂ ਮੇਰੀ ਹੈ"....ਜੇਕਰ ਤੁਸੀਂ ਜ਼ਿੰਦਗੀ ਪ੍ਰਤੀ ਇਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਅਪਣਾਉਗੇ ਤਾਂ ਤੁਸੀਂ ਮੁਕਤ ਹੋ ਜਾਉਗੇ, ਨਹੀਂ ਤਾਂ ਤੁਸੀਂ ਹੋਰ

ਵੀ ਪਕੇਰੇ ਬੰਧਨ ਵਿਚ ਫਸ ਜਾਉਗੇ।

ਲੋਕਾਂ ਨੂੰ ਆਪਣਾ ਸਹਿਣਸ਼ੀਲਤਾ ਦਾ ਪੱਧਰ ਉਚੇਰਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਪਰੰਤੂ ਸਹਿਣਸ਼ੀਲਤਾ ਦੇ ਵੱਧਣ ਦੀ ਵੀ ਇੱਕ ਹੱਦ ਹੁੰਦੀ ਹੈ। ਸੱਚੇ ਗਿਆਨ ਦਾ ਧਾਗਾ ਅੰਤਿਮ ਮੰਜ਼ਿਲ ਤੱਕ ਪਹੁੰਚ ਜਾਂਦਾ ਹੈ। ਪਰੰਤੂ ਵਧੀ ਹੋਈ ਸਹਿਣ ਸ਼ਕਤੀ ਜਾਂ ਧੀਰਜ ਕਿਥੋਂ ਕੁ ਤੱਕ ਜਾ ਸਕਦੀ ਹੈ? ਸਹਿਣਸ਼ੀਲਤਾ ਦੀ ਤਾਕਤ ਦੀ ਵੀ ਇਕ ਸੀਮਾ ਹੁੰਦੀ ਹੈ ਜਦੋਂ ਕਿ ਸੱਚੇ ਗਿਆਨ ਦੀ ਸ਼ਕਤੀ ਅਸੀਮਿਤ ਹੈ। ਮੇਰੇ ਦੁਆਰਾ ਪ੍ਰਦਾਨ ਕੀਤਾ ਗਿਆ ਗਿਆਨ ਅਜਿਹਾ ਹੈ ਕਿ ਤੁਹਾਡੇ ਦੁਖੀ ਹੋਣ ਜਾਂ ਤੁਹਾਡੇ ਸਹਿਣ ਕਰਨ ਲਈ ਕੁਝ ਵੀ ਬਾਕੀ ਨਹੀਂ ਰਹਿੰਦਾ। ਸਹਿਣ ਸ਼ਕਤੀ ਜਾਂ ਧੀਰਜ ਤਾਂ ਇੰਝ ਹੈ ਜਿਵੇਂ ਸਿਰਫ਼ ਇਕ ਤੱਕਣੀ ਨਾਲ ਲੋਹੇ ਨੂੰ ਪਿੰਘਲਾਉਣ ਦਾ ਯਤਨ ਕਰਨਾ ਜਦੋਂ ਕਿ ਸੱਚੇ ਗਿਆਨ ਦੇ ਰਾਹੀਂ ਸਰਵੋਤਮ ਆਨੰਦ ਅਤੇ ਸੰਪੂਰਨ ਆਜ਼ਾਦੀ ਦੀ ਪ੍ਰਾਪਤੀ ਹੋ ਜਾਂਦੀ ਹੈ: ਇਸ ਵਿਚ ਰਤਾ ਜਿੰਨਾ ਵੀ ਦੁੱਖ-ਦਰਦ ਸਹਿਣ ਦੀ ਲੋੜ ਨਹੀਂ ਰਹਿੰਦੀ। ਇਹ ਇਸ ਕਾਰਨ ਹੁੰਦਾ ਹੈ ਕਿ ਤੁਸੀਂ ਇਹ ਸਮਝ ਜਾਂਦੇ ਹੋ ਕਿ ਤੁਸੀਂ ਤਾਂ ਸਿਰਫ਼ ਆਪਣੇ ਪੁਰਾਣੇ ਕਰਮਾਂ ਦਾ ਲੇਖਾ-ਜੋਖਾ ਹੀ ਬਰਾਬਰ ਕਰ ਰਹੇ ਹੋ।

**ਪ੍ਰਸ਼ਨ-ਕਰਤਾ** : ਆਪਣੀ ਗਲਤੀਆਂ ਅਤੇ ਕਮਜ਼ੋਰੀਆਂ ਨੂੰ ਵਾਚ ਸਕਣ ਦੇ ਸਮਰਥ ਹੋਣ ਲਈ ਅਸੀਂ ਆਪਣੀ ਚੇਤਨਤਾ ਨੂੰ ਕਿਵੇਂ ਤੀਬਰ ਕਰ ਸਕਦੇ ਹਾਂ?

**ਦਾਦਾਸ਼੍ਰੀ** : ਖ਼ਾਮੀਆਂ ਅਤੇ ਗਲਤੀਆਂ ਅਨੇਕ ਹਨ। ਉਹ ਸਾਨੂੰ ਨੀਂਦ ਵਿਚ ਲੈ ਜਾਂਦੀਆਂ ਹਨ, ਨਹੀਂ ਤਾਂ ਕੋਈ ਵਿਅਕਤੀ ਸੌਂ ਕਿਵੇਂ ਸਕਦਾ ਹੈ? ਨੀਂਦ ਤਾਂ ਇਕ ਦੁਸ਼ਮਣ ਦੀ ਤਰ੍ਹਾਂ ਹੈ। ਇਹ ਤਾਂ ਵਿਅਕਤੀ ਦਾ ਆਪਣੀ ਆਂਤਰਿਕ ਗ਼ਫ਼ਲਤ ਪ੍ਰਤੀ ਨਿਸ਼ਕ੍ਰਿਆ ਹੋਣਾ ਹੈ। ਚੰਗੀਆਂ ਅਤੇ ਪਵਿੱਤਰ ਪ੍ਰਵਿਰਤੀਆਂ ਦੇ ਰਸਤੇ ਉੱਪਰ ਚਲਦਿਆਂ ਹੋਇਆ ਵੀ ਉਨੀਂਦਰੇ ਨੂੰ ਅਪਵਿੱਤਰ ਮੰਨਿਆ ਗਿਆ ਹੈ ਜਿਹੜਾ ਧਿਆਨ ਨੂੰ ਭੰਗ ਕਰਦਾ ਹੈ।

ਜਦੋਂ ਤੁਹਾਡੀ ਨੀਂਦ ਅਤੇ ਆਹਾਰ ਘੱਟ ਜਾਂਦਾ ਹੈ ਤਾਂ ਤੁਸੀਂ ਇਹ ਸਮਝ ਲਉ ਕਿ ਗ਼ਫ਼ਲਤ ਪ੍ਰਤੀ ਤੁਹਾਡੀ ਉਦਾਸੀਨਤਾ ਵੀ ਘੱਟ ਹੋ ਗਈ ਹੈ।

ਵਿਅਕਤੀ ਦੀਆਂ ਗਲਤੀਆਂ ਦੇ ਖ਼ਤਮ ਹੋਣ ਨਾਲ ਉਸ ਦੇ ਚਿਹਰੇ ਉਪਰ ਚਮਕ ਆ ਜਾਂਦੀ ਹੈ, ਉਸ ਦੀ ਬਾਣੀ ਵਿਚ ਮਿਠਾਸ ਭਰ ਜਾਂਦੀ ਹੈ ਅਤੇ ਪ੍ਰਭਾਵਸ਼ਾਲੀ ਹੋ ਜਾਂਦੀ ਹੈ। ਅਜਿਹਾ ਵਿਅਕਤੀ ਸਭ ਦੇ ਸਨਮਾਨ ਦਾ ਪਾਤਰ ਬਣ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਸ਼ੁੱਧ-ਆਤਮਾ ਦੇ ਸਦਾ ਚੇਤਨਾ ਰਹਿਣ ਦੇ ਕੀ ਅਰਥ ਹਨ?

**ਦਾਦਾਸ਼੍ਰੀ** : ਇਸ ਦਾ ਅਰਥ ਇਹ ਹੈ ਕਿ ਆਤਮਾ ਪ੍ਰਤੀ ਕਦੀ ਵੀ ਬੇਧਿਆਨੇ ਨਾ ਹੋਵੋ; ਇਸ ਪ੍ਰਤੀ ਕਦੇ ਵੀ ਗਾਫ਼ਲ ਨਾ ਹੋਵੋ।

ਸਿਵਾਇ ਗਿਆਨੀ ਪੁਰਸ਼ ਦੇ ਹੋਰ ਕੋਈ ਵੀ ਵਿਅਕਤੀ ਇਹ ਐਲਾਨ ਨਹੀਂ ਕਰ ਸਕਦਾ ਕਿ 'ਮੇਰੇ ਅੰਦਰ ਇਕ ਵੀ ਖ਼ਾਮੀ, ਇਕ ਵੀ ਗਲਤੀ ਬਾਕੀ ਨਹੀਂ ਬਚੀ ਹੈ'। ਦੇਖੋ! ਸਾਡੇ ਆਪਣੇ ਕਾਨ੍ਹੂੰ ਭਾਈ ਕਿੰਨੀ ਉਚੇਰੀ ਆਤਮਕ ਅਵਸਥਾ ਵਿਚ ਵਿਚਰ ਰਹੇ ਹਨ ਅਤੇ ਫਿਰ ਵੀ ਉਹ ਅਜਿਹਾ ਕੁਝ ਕਦੇ ਵੀ ਨਹੀਂ ਕਹਿੰਦੇ। ਹਰ ਇਕ ਖ਼ਾਮੀ ਅਤੇ ਗਲਤੀ ਨੂੰ ਵੇਖਣਾ, ਪਹਿਚਾਨਣਾ ਅਤੇ ਖ਼ਤਮ ਕਰਨਾ ਹੈ।

"ਮੈਨੂੰ ਸਭ ਪਤਾ ਹੈ; ਮੈਂ ਜਾਣਦਾ ਹਾਂ" ਇਕ ਬੀਮਾਰੀ ਹੈ: ਤੁਸੀਂ ਕਦੇ ਵੀ ਇਸ ਬੀਮਾਰੀ ਦਾ ਸ਼ਿਕਾਰ ਨਾ ਬਣੋ। ਤੁਸੀਂ ਪਵਿੱਤਰ ਆਤਮਾ ਹੋ ਅਤੇ ਸ਼ੁੱਧ ਆਤਮਾ ਹਰ ਖ਼ਾਮੀ ਤੋਂ ਰਹਿਤ ਹੈ; ਇਹ ਦੋਸ਼-ਰਹਿਤ ਹੈ। ਪਰੰਤੂ ਜੇ ਤੁਹਾਡੇ ਅੰਦਰ ਅਮ੍ਰਿਤ ਲਾਲ ਹੋਣ ਦੇ ਨਾਤੇ ਕਮੀਆਂ ਹਨ ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇਨ੍ਹਾਂ ਵੱਲ ਧਿਆਨ ਦਿਉ, ਇਨ੍ਹਾਂ ਨੂੰ ਵੇਖੋ ਅਤੇ ਇਨ੍ਹਾਂ ਨੂੰ ਦੂਰ ਕਰੋ।

ਤੁਸੀਂ ਗਿਆਨੀ ਪੁਰਸ਼ ਦੀ ਮਿਹਰ ਅਤੇ ਅਸ਼ੀਰਵਾਦ ਸਦਕਾ ਹਮੇਸ਼ਾ ਹੀ ਉਸ ਵਿਚ ਅਟਲ ਵਿਸ਼ਵਾਸ਼ ਰਖੋਗੇ ਅਤੇ ਉਸ ਦੇ ਆਗਿਆਕਾਰੀ ਰਹੋਗੇ ਬਸ਼ਰਤੇ ਕਿ ਤੁਸੀਂ ਦਿਲੋਂ ਇਹ ਚਾਹੁੰਦੇ ਹੋਵੋ। ਹੁਕਮ ਦੀ ਪਾਲਣਾ ਕਰਨ ਦਾ ਆਪਣਾ ਹੀ ਅਨੰਦ ਹੈ। ਗਿਆਨ ਦਾ ਅਨੰਦ ਉਸੇ ਨੂੰ ਮਿਲਦਾ ਹੈ ਜਿਹੜਾ ਗਿਆਨ ਨੂੰ ਪ੍ਰਚਾਰਦਾ ਹੈ ਅਤੇ ਦੂਸਰਿਆਂ ਨੂੰ ਗਿਆਨ-ਪ੍ਰਾਪਤੀ ਹਿਤ ਉਤਸਾਹਿਤ ਕਰਦਾ ਹੈ।

**ਪ੍ਰਸ਼ਨ-ਕਰਤਾ** : ਜੇ ਵਿਅਕਤੀ ਆਪਣੀਆਂ ਕਮਜ਼ੋਰੀਆਂ ਨੂੰ ਵੇਖ ਕੇ ਖ਼ਤਮ ਕਰ ਦਿੰਦਾ ਹੈ ਤਾਂ ਉਸ ਨੂੰ ਇਸ ਦਾ ਮੁੱਖ ਲਾਭ ਕੀ ਹੈ?

**ਦਾਦਾਸ਼੍ਰੀ** : ਸਵੈਰੂਪ-ਗਿਆਨ ਦੀ ਪ੍ਰਾਪਤੀ ਇਕ ਅਜਿਹੀ ਚੀਜ ਹੈ ਕਿ ਇਹ ਜਦੋਂ ਪ੍ਰਾਪਤ ਹੁੰਦੀ ਹੈ ਉਸੇ ਸਮੇਂ ਆਪਣਾ ਪ੍ਰਭਾਵ ਦਿਖਾਉਣਾ ਸ਼ੁਰੂ ਕਰ ਦਿੰਦੀ ਹੈ। ਇਸ ਵਿਚ ਕੋਈ ਦੁੱਖ-ਦਰਦ ਨਹੀਂ ਹੈ। ਆਪਣੇ ਅਸਲੀ ਸਵੈ ਨੂੰ ਜਾਨਣ ਉਪਰੰਤ ਤੁਸੀਂ ਗਿਆਤਾ ਬਣ ਜਾਂਦੇ ਹੋ ਅਤੇ ਹਰ ਵਾਪਰਨ ਵਾਲੀ ਘਟਨਾ ਨੂੰ ਤੁਸੀਂ ਵੇਖਣਾ ਅਤੇ ਜਾਨਣਾ ਹੁੰਦਾ ਹੈ। ਸਿਰਫ਼ ਗਿਆਤਾ ਅਤੇ ਦ੍ਰਸ਼ਟਾ ਦੇ ਸੰਬੰਧ ਦੇ ਕਾਰਨ ਤੁਹਾਨੂੰ ਬਿਲਕੁਲ ਹੀ ਕਸ਼ਟ ਨਹੀਂ ਸਹਿਦਾ ਪੈਂਦਾ।

ਕਿਸੇ ਵੀ ਵਿਅਕਤੀ ਨੇ ਤੁਹਾਡੇ ਨਾਲ ਝਗੜਾ ਕਿਉਂ ਕੀਤਾ? ਇਹ ਵਿਖਾਉਂਦਾ ਹੈ ਕਿ ਤੁਸੀਂ ਗਲਤੀ 'ਤੇ ਹੋ। ਤੁਹਾਡੀ ਕਮਜ਼ੋਰੀਆਂ ਤੁਹਾਡੇ ਲਈ ਬੰਧਨ ਹਨ ਅਤੇ ਤੁਸੀਂ ਇਨ੍ਹਾਂ ਬੰਧਨਾਂ ਤੋਂ ਮੁਕਤ ਹੋਣਾ ਹੈ। ਇਹ ਤੁਹਾਡੇ ਪੁਰਾਣੇ ਕਰਮਾਂ ਦੇ ਲੇਖੇ-ਜੋਖੇ ਦਾ ਆਕਸਮਕ ਸੰਬੰਧ ਹੈ। ਹਰ ਵਿਅਕਤੀ ਆਪਣੀਆਂ ਗਲਤੀਆਂ ਅਤੇ ਕਮਜ਼ੋਰੀਆਂ ਕਾਰਨ ਬੰਧਨ ਵਿਚ ਹੈ। ਵਿਅਕਤੀ ਇਨ੍ਹਾਂ ਕਮਜ਼ੋਰੀਆਂ ਨੂੰ ਵੇਖ ਕੇ (ਅਤੇ ਦੂਰ ਕਰਕੇ) ਹੀ ਆਜ਼ਾਦ ਹੋ ਸਕਦਾ ਹੈ। ਤੁਸੀਂ ਵੀ ਆਪਣੀਆਂ ਕਮਜ਼ੋਰੀਆਂ ਅਤੇ ਗਲਤੀਆਂ ਦਾ ਅਹਿਸਾਸ ਕਰਕੇ ਖ਼ੁਦ ਨੂੰ ਇਸ ਬੰਧਨ

ਤੋਂ ਮੁਕਤ ਕਰ ਸਕਦੇ ਹੋ।

ਜਿਹੜਾ ਦ੍ਰਿਸ਼ਟੀਕੋਣ ਵਿਅਕਤੀ ਨੂੰ ਆਪਣੀਆਂ ਖ਼ਾਮੀਆਂ ਵੇਖ ਸਕਣ ਦੇ ਸਮੱਰਥ ਬਣਾਉਂਦਾ ਹੈ ਉਹੀ ਸਹੀ ਦ੍ਰਿਸ਼ਟੀਕੋਣ ਹੈ। ਜੇ ਇਕ ਵਾਰ ਤੁਸੀਂ ਦੁਨੀਆਰੀ ਨਿਭਾਉਂਦੇ ਹੋਏ ਸਹੀ ਰਸਤੇ ਉਪਰ ਚਲ ਪਏ ਤਾਂ ਤੁਹਾਡੀ 'ਦੁਨੀਆਦਾਰੀ ਦੀ ਕਮਜ਼ੋਰੀਆਂ ਅਤੇ ਗਲਤੀਆਂ ਦੀ ਦੁਕਾਨ' ਖਾਲੀ ਹੋ ਜਾਵੇਗੀ। ਜਿਹੜਾ ਵਿਅਕਤੀ ਗਲਤ ਰਸਤੇ ਉਪਰ ਪੈ ਗਿਆ ਹੈ ਉਸ ਦੀ ਸਥਿਤੀ ਉਸ ਮਨੁੱਖ ਵਰਗੀ ਹੈ ਜਿਹੜਾ ਦੂਜਿਆਂ ਦੀ ਮੈਲ ਧੋ ਰਿਹਾ ਹੈ ਜਦੋਂ ਕਿ ਉਸ ਦੇ ਆਪਣੇ ਕਪੜੇ ਮੈਲੇ-ਕੁਚੈਲੇ ਹਨ।

ਮੈਂ ਖ਼ੁਦ ਗਿਆਨ ਦੇ ਸਦਕਾ ਵੇਖਿਆ ਹੈ ਕਿ ਸੰਸਾਰ ਨੂੰ ਕਿਸ ਚੀਜ ਨੇ ਬੰਧਨ ਵਿਚ ਬੰਨ੍ਹਿਆ ਹੋਇਆ ਹੈ.... ਹਰ ਵਿਅਕਤੀ ਆਪਣੀਆਂ ਖ਼ਾਮੀਆਂ ਗਲਤੀਆਂ ਕਰਕੇ ਬੰਧਨ ਵਿਚ ਹੈ।

**ਪ੍ਰਸ਼ਨ-ਕਰਤਾ** : ਸਾਡਾ ਬੁਨਿਆਦੀ ਦ੍ਰਿਸ਼ਟੀਕੋਣ ਕੀ ਹੋਣਾ ਚਾਹੀਦਾ ਹੈ?

**ਦਾਦਾਸ਼੍ਰੀ** : ਇਕ ਵਾਰ ਜਦੋਂ ਤੁਸੀਂ ਹਰ ਇਕ ਵਿਅਕਤੀ ਨੂੰ ਮਾਸੂਮ ਅਤੇ ਦੋਸ਼-ਰਹਿਤ ਦੇਖਣਾ ਸ਼ੁਰੂ ਕਰ ਦਿੰਦੇ ਹੋ ਤਾਂ ਤੁਸੀਂ ਮੁਕਤੀ ਦੇ ਸਹੀ ਰਾਹ ਉਪਰ ਤੁਰ ਪੈਂਦੇ ਹੋ। ਇਸ ਤਰ੍ਹਾਂ ਦੇ ਪੂਰੀ ਤਰ੍ਹਾਂ ਦੋਸ਼-ਰਹਿਤ ਦ੍ਰਿਸ਼ਟੀਕੋਣ ਨਾਲ ਤੁਸੀਂ ਨਾ ਸਿਰਫ਼ ਲੋਕਾਂ ਨੂੰ ਮਾਸੂਮ ਜੀਵਾਂ ਦੇ ਤੌਰ 'ਤੇ ਵੇਖਣ ਲੱਗੋਗੇ ਪਰੰਤੂ ਤੁਸੀਂ ਕਦੇ ਇਹ ਨੁਕਤਾਚੀਨੀ ਵੀ ਨਹੀਂ ਕਰੋਗੇ ਇਹ ਦਰਖ਼ਤ ਵਿੰਗਾ-ਟੇਢਾ ਹੈ। ਸੰਸਾਰ ਜਿਹੋ ਜਿਹਾ ਹੈ ਸੋ ਹੈ। ਤੁਸੀਂ ਅਨੰਤ ਜਨਮਾਂ ਤੋਂ ਦੂਸਰਿਆਂ ਵਿਚ ਦੋਸ਼ ਲਭਦੇ ਆ ਰਹੇ ਹੋ।

**ਪ੍ਰਸ਼ਨ-ਕਰਤਾ** : ਕੀ ਤੁਸੀਂ ਸਾਨੂੰ ਸਹਿਜ ਅਵਸਥਾ ਵਿਚ ਪਹੁੰਚਣ ਲਈ ਕੋਈ ਮੂਲ ਮੰਤਰ ਦੇ ਸਕਦੇ ਹੋ?

**ਦਾਦਾਸ਼੍ਰੀ** : ਜੇਕਰ ਤੁਸੀਂ ਮੇਰੇ ਨਿਮਨਲਿਖਿਤ ਦੋ ਸਿਧਾਂਤਾਂ ਨੂੰ ਮਨ ਵਿਚ ਪੱਕੇ ਤੌਰ 'ਤੇ ਬਿਠਾ ਲੈਂਦੇ ਹੋ ਤਾਂ ਤੁਹਾਡਾ ਦ੍ਰਿਸ਼ਟੀਕੋਣ ਸਹੀ ਹੋ ਜਾਵੇਗਾ:

(i) ਮਨ ਗੰਢਾਂ ਦਾ ਬਣਿਆ ਹੋਇਆ ਹੈ ਅਤੇ ਇਹ ਆਤਮਾ ਦਾ ਅੰਗ ਨਹੀਂ ਹੈ। ਜੇਕਰ ਤੁਸੀਂ ਇਸ ਨੂੰ ਕੰਟਰੋਲ ਕਰਨ ਹਿਤ ਤਿਆਰ ਹੁੰਦੇ ਹੋ ਤਾਂ ਇਹ ਤੁਹਾਨੂੰ ਚੈਲੇਂਜ ਕਰੇਗਾ। ਇਕ ਵਾਰ ਜਦੋਂ ਤੁਸੀਂ ਇਹ ਜਾਣ ਲੈਂਦੇ ਹੋ ਕਿ ਮਨ ਪੁਰਾਣੇ ਜਨਮਾਂ ਵਿਚ ਬਣੀਆਂ ਗੰਢਾਂ ਤੋਂ ਨਿਰਮਿਤ ਹੋਇਆ ਹੈ ਤਾਂ ਫਿਰ ਤੁਹਾਨੂੰ ਹੋਰ ਕੁਝ ਕਰਨ ਦੀ ਲੋੜ ਨਹੀਂ ਪਵੇਗੀ।

(ii) ਦੂਸਰਾ ਬੁਨਿਆਦੀ ਸਿਧਾਂਤ ਇਹ ਹੈ – 'ਗਲਤੀ/ਕਮਜ਼ੋਰੀ ਉਸੇ ਦੀ ਹੈ ਜਿਹੜਾ ਦੁੱਖ ਭੋਗਦਾ ਹੈ'।

## 115

# ਆਤਮਕ ਉਦੇਸ਼ ਦੀ ਪ੍ਰਾਪਤੀ ਹਿਤ ਅਤਿਭੋਗ ਅਤੇ ਕੱਟੜਤਾ

**(ਸਵੈਛੰਦ ਦਾ ਅਰਥ ਹੈ ਆਤਮਕ ਮਾਮਲਿਆਂ ਵਿਚ ਆਪਣੀ ਬੁੱਧੀ ਦਾ ਅਨੁਸਰਣ ਕਰਨਾ)**

**ਪ੍ਰਸ਼ਨ-ਕਰਤਾ** : ਕੀ ਕਾਰਨ ਹੈ ਕਿ ਬਹੁਤ ਸਾਰੇ ਲੋਕਾਂ ਦੇ ਅਨੇਕਾਂ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਉਹ ਕੋਈ ਖ਼ਾਸ ਆਤਮਕ ਪ੍ਰਗਤੀ ਕਰਨ ਵਿਚ ਸਫ਼ਲ ਨਹੀਂ ਹੁੰਦੇ?

**ਦਾਦਾਸ਼੍ਰੀ** : ਤੁਹਾਡੇ ਅੰਦਰ ਇਕ ਵਿਸ਼ੇਸ਼ਤਾ ਹੈ ਜਿਸ ਦਾ ਨਾਂ ਹੈ ਸਵੈਛੰਦ। 'ਸਵੈਛੰਦ' ਸ਼ਬਦ ਦਾ ਅਰਥ ਹੈ ਆਪਦੇ ਹੀ ਢੰਗ ਨਾਲ ਕੰਮ ਕਰਨਾ। ਇਹ ਜ਼ਿੱਦ ਜਾਂ ਕੱਟੜਤਾ, ਖ਼ਾਸ ਤੌਰ 'ਤੇ ਮੁਕਤੀ ਪ੍ਰਾਪਤੀ ਹਿਤ ਕੀਤੇ ਜਾਣ ਵਾਲੇ ਯਤਨਾਂ ਵਿਚ, ਇਕ ਅਜਿਹੀ ਕਮਜ਼ੋਰੀ ਜਾਂ ਗਲਤੀ ਹੈ ਕਿ ਇਹ ਤੁਹਾਨੂੰ ਕਦੇ ਵੀ ਜਨਮ-ਮਰਨ ਦੇ ਅਟੁੱਟ ਚੱਕਰ ਵਿਚੋਂ ਬਾਹਰ ਨਹੀਂ ਨਿਕਲਣ ਦੇਵੇਗੀ। ਆਪਣੇ ਪਿਛਲੇ ਅਨੇਕਾਂ ਜਨਮਾਂ ਦੇ ਲੇਖੇ-ਜੋਖੇ ਵੱਲ ਨਜ਼ਰ ਮਾਰੋ ਤਾਂ ਤੁਸੀਂ ਵੇਖੋਗੇ ਕਿ ਇਸ ਵਹੀ ਉਪਰ ਸਿਰਲੇਖ ਲਿਖਿਆ ਹੈ 'ਅਮ੍ਰਿਤ'। ਕੀ ਬਸ ਇਨੀ ਕੁ ਹੀ ਹੈ ਜੋ ਤੁਸੀਂ ਅਨੰਤ ਕਾਲ ਤੋਂ ਲੈ ਕੇ ਹੁਣ ਤੱਕ ਕਮਾਈ ਕੀਤੀ ਹੈ? ਤੁਸੀਂ ਸਾਰੇ ਦੇ ਸਾਰੇ ਅੱਠ ਕਰਮਾਂ ਦੇ ਬੰਧਨ ਵਿਚ ਬੱਝੇ ਹੋਏ ਸੀ: ਕੀ ਤੁਸੀਂ ਇਸ ਅਨੰਤ, ਅਥਾਹ ਗਿਆਨ ਵਿਚੋਂ ਇਕ ਤੁਪਕਾ ਵੀ ਪ੍ਰਾਪਤ ਨਹੀਂ ਕਰ ਸਕੇ? ਜਿੰਨੀਆਂ ਵੀ ਪ੍ਰਾਪਤੀਆਂ ਤੁਸੀਂ ਕੀਤੀਆਂ ਹਨ ਉਨ੍ਹਾਂ ਸਾਰੀਆਂ ਵਿਚ ਕੀ ਤੁਸੀਂ ਸਦੀਵੀ ਅਨੰਦ ਦਾ ਭੋਰਾ ਵੀ ਹਾਸਲ ਨਹੀਂ ਕਰ ਸਕੇ?

ਇਹ ਸੰਸਾਰਕ ਖੁਸ਼ੀ ਤਾਂ ਗਲਤ ਵਿਸ਼ਵਾਸ਼ ਹੈ; ਇਹ ਤਾਂ ਕੋਈ ਕਲਪਨਾ ਹੈ। ਇਹ ਯਥਾਰਥਕ ਨਹੀਂ ਹੈ। ਜਿਸ ਚੀਜ ਦੀ ਤੁਹਾਨੂੰ ਜ਼ਰੂਰਤ ਹੈ ਉਹ ਹੈ ਸੱਚੀ ਮੁਕਤੀ, ਨਾ ਕਿ ਇਕ ਝੂਠਾ ਬਿੰਬ ਜਾਂ ਕਾਲਪਨਕ ਖੁਸ਼ੀ। ਤੁਹਾਡੇ ਉਪਰ ਵੀ ਕੋਈ ਵੀ ਹੋਰ ਮਾਲਕ ਜਾਂ ਤੁਹਾਡੇ ਤੋਂ ਵੱਡਾ ਨਹੀਂ ਹੈ। ਜਦੋਂ ਤੁਸੀਂ ਇਹ ਮਹਿਸੂਸ ਕਰ ਲੈਂਦੇ ਹੋ ਤਾਂ ਤੁਸੀਂ ਮੁਕਤ-ਪਦ ਪ੍ਰਾਪਤ ਕਰ ਲਓਗੇ।

'ਸਵੈਛੰਦ' ਤਾਂ ਇੰਝ ਹੈ ਜਿਵੇਂ ਆਪਣੀ ਦਵਾਈ ਆਪ ਹੀ ਤਿਆਰ ਕਰਨਾ। ਅਜਿਹਾ ਵਿਅਕਤੀ ਆਪਣੀ ਮਰਜ਼ ਖ਼ੁਦ ਹੀ ਤਲਾਸ਼ਦਾ ਹੈ, ਖ਼ੁਦ ਹੀ ਦਵਾਈ ਨਿਰਧਾਰਤ ਕਰਦਾ ਹੈ ਅਤੇ ਖ਼ੁਦ ਹੀ ਉਸ ਦਵਾਈ ਦਾ ਨਿਰਮਾਣ ਕਰਦਾ ਹੈ। ਤੁਸੀਂ ਵੀ ਆਪਣੇ ਆਪ ਹੀ ਆਪਣੀ ਮੁਕਤੀ ਦਾ ਰਸਤਾ ਨਿਰਧਾਰਤ ਕਰਦੇ ਹੋ। ਇਹੋ ਕਾਰਨ ਹੈ ਕਿ ਇਹ ਦਵਾਈ ਜ਼ਹਿਰ ਬਣ ਗਈ ਹੈ। ਇਹੋ ਕਾਰਨ ਹੈ ਜਦੋਂ ਕੋਈ ਵਿਅਕਤੀ ਤੁਹਾਡੀ ਤਾਰੀਫ਼ ਕਰਦਾ ਹੈ ਤਾਂ ਤੁਹਾਡੇ ਮਨ ਅੰਦਰ ਰਾਗ ਪੈਦਾ ਹੁੰਦਾ ਹੈ ਅਤੇ ਜਦੋਂ ਕੋਈ ਤੁਹਾਡੀ ਆਲੋਚਨਾ ਕਰਦਾ ਹੈ ਤਾਂ ਤੁਹਾਡੇ ਅੰਦਰ ਦਵੇਸ਼ ਦੀ ਭਾਵਨਾ ਪੈਦਾ ਹੁੰਦੀ ਹੈ। ਤੁਸੀਂ ਧਰਮ, ਧਾਰਮਕ ਰੀਤੀ-ਰਿਵਾਜਾਂ ਅਤੇ ਧਰਮ-ਗਰੰਥਾਂ ਨੂੰ ਸਮਝਣ ਦੇ ਮਾਮਲੇ ਵਿਚ ਸਵੈਛੰਦ ਦੀ ਵਰਤੋਂ ਨਹੀਂ ਕਰ ਸਕਦੇ। ਇਸ

ਤਰ੍ਹਾਂ ਕਰਨਾ ਤਾਂ ਇੰਝ ਹੋਵੇਗਾ ਜਿਵੇਂ ਤੁਸੀਂ ਆਪ ਹੀ ਵਕੀਲ ਹੋਵੋ ਅਤੇ ਆਪ ਹੀ ਜੱਜ। ਆਤਮਕ ਪ੍ਰਗਤੀ ਦੇ ਰਸਤੇ ਵਿਚ ਇਸ ਤਰ੍ਹਾਂ ਦੀ ਮਨ-ਮਰਜੀ ਤੁਹਾਡੀ ਆਤਮਕ ਗਿਰਾਵਟ ਦਾ ਕਾਰਨ ਬਣ ਜਾਵੇਗੀ।

'ਸਵੈਛੰਦ' ਦਾ ਅਰਥ ਹੈ ਸੋਚ, ਵਿਸ਼ਲੇਸ਼ਣ ਅਤੇ ਕਾਰਜ ਵਿਚ ਮਨ-ਮਰਜ਼ੀ। ਸਵੈਛੰਦ ਤੁਹਾਨੂੰ ਆਤਮਕ ਪੱਖੋਂ ਤਬਾਹ ਕਰ ਦੇਵੇਗਾ ਅਤੇ ਜੇ ਤੁਸੀਂ ਇਸੇ ਤਰ੍ਹਾਂ ਮਨ ਦੀ ਮਰਜ਼ੀ ਦੇ ਅਨੁਸਾਰ ਹੀ ਸਾਰੇ ਕਾਰਜ ਕਰਦੇ ਰਹੇ ਤਾਂ ਤੁਸੀਂ ਮੁਕਤੀ ਪ੍ਰਾਪਤ ਕਰ ਸਕਣ ਦੀ ਥਾਂ ਅਨੇਕਾਂ ਜਨਮਾਂ ਲਈ ਇਸ ਆਵਾਗਵਣ ਦੇ ਚੱਕਰ ਵਿਚ ਫਸ ਕੇ ਰਹਿ ਜਾਉਗੇ।

ਇਸ ਲਈ ਬੇਹਤਰ ਹੋਵੇਗਾ ਕਿ ਧਰਮ ਦੇ ਰਸਤੇ ਚਲਦਿਆਂ ਹੋਇਆ ਮੁਕਤੀ ਪ੍ਰਾਪਤੀ ਹਿਤ ਯਤਨ ਕਰਦਿਆਂ ਇਸ ਅਵਸਥਾ ਵਿਚ ਨਾ ਪਹੁੰਚੋ। ਕਿਰਪਾ ਕਰਕੇ ਤੁਸੀਂ ਜਿਥੇ ਹੋ ਉਥੇ ਹੀ ਟਿਕੇ ਰਹੋ ਕਿਉਂਕਿ ਜੇਕਰ ਧਰਮ ਵਾਲੀ ਅਵਸਥਾ ਵਿਚ ਪਹੁੰਚ ਕੇ ਵੀ ਤੁਸੀਂ ਸਵੈਛੰਦ ਦੀ ਵਰਤੋਂ ਕਰਦੇ ਰਹੇ ਅਤੇ ਮਨ ਦੇ ਮਗਰ ਲੱਗ ਕੇ ਹੀ ਸਾਰੇ ਕਾਰਜ ਕਰਦੇ ਰਹੇ ਤਾਂ ਤੁਸੀਂ ਆਉਣ ਵਾਲੇ ਅਨੰਤ ਜਨਮਾਂ ਲਈ ਇਸ ਦੁਨਿਆਵੀ ਜੀਵਨ ਵਿਚ ਹੀ ਗ੍ਰਸਿਤ ਰਹੋਗੇ।

**ਪ੍ਰਸ਼ਨ-ਕਰਤਾ** : ਮੁਕਤੀ ਪ੍ਰਾਪਤੀ ਵਰਗੇ ਸ਼ੁਭ ਕਾਰਜ ਕਰਨ ਹਿਤ ਜੇ ਅਸੀਂ ਆਪਣੇ ਆਪ ਵੀ ਯਤਨ ਕਰਦੇ ਰਹੀਏ ਤਾਂ ਇਸ ਵਿਚ ਕੀ ਗਲਤ ਹੈ?

**ਦਾਦਾਸ਼੍ਰੀ** : ਸਿਰਫ਼ ਆਪਣੀ ਹੀ ਬੁੱਧੀ ਜਾਂ ਮਨ ਦੇ ਮਗਰ ਲੱਗ ਕੇ ਕੋਈ ਵੀ ਵਿਅਕਤੀ ਇਸ ਜਟਿਲ ਸੰਸਾਰ ਅੰਦਰ ਆਪਣਾ ਰਾਹ ਆਪ ਨਹੀਂ ਬਣਾ ਸਕਦਾ। ਭਾਵੇਂ ਤੁਸੀਂ ਕਿਸੇ ਮਹਾਨ ਆਤਮਾ ਦਾ ਪ੍ਰਵਚਨ ਸੁਨਣ ਚਲੇ ਜਾਉ ਜਾਂ ਖ਼ੁਦ ਇਕ ਸਾਧੂ ਬਣ ਜਾਉ, ਭਾਵੇਂ ਤਪ ਕਰਦੇ ਰਹੋ ਜਾਂ ਧਰਮ-ਗਰੰਥਾਂ ਦੇ ਅਧਿਐਨ ਲਈ ਘਰ-ਬਾਰ ਸਭ ਕੁਝ ਤਿਆਗ ਦਿਉ - ਜੇਕਰ ਇਹ ਆਪਣੇ ਮਨ ਦੇ ਪਿੱਛੇ ਲੱਗ ਕੇ ਕੀਤਾ ਜਾਂਦਾ ਹੈ ਤਾਂ ਇਹ ਸਭ ਸਵੈਛੰਦ ਹੈ।

ਸਵੈਛੰਦ ਨੂੰ ਤੁਸੀਂ ਤਾਂ ਹੀ ਖ਼ਤਮ ਕਰ ਸਕਦੇ ਹੋ ਜੇਕਰ ਤੁਸੀਂ ਪਹਿਲਾਂ ਇਸ ਨੂੰ ਜਾਣ ਲੈਂਦੇ ਹੋ। ਸਿਰਫ਼ ਆਪਣੇ ਆਪ ਹੀ ਮਨ ਅਤੇ ਬੁੱਧੀ ਦੇ ਆਸਰੇ ਰਹਿ ਕੇ ਕੋਈ ਵੀ ਸਵੈਛੰਦ ਨੂੰ ਖ਼ਤਮ ਨਹੀਂ ਕਰ ਸਕਦਾ। ਸ੍ਰੀਮਦ ਰਾਜ ਚੰਦਰ ਜੀ ਨੇ ਕਿਹਾ ਹੈ: "ਤੁਸੀਂ ਦੈਵੀ-ਰੂਪ ਜੀਵਿਤ ਮਹਾਤਮਾ ਦੇ ਨਾਲ ਖ਼ੁਦ ਨੂੰ ਇਕਸੁਰ ਕੀਤੇ ਬਗੈਰ ਜੋ ਵੀ ਕਰਦੇ ਹੋ ਉਹ ਸਾਰਾ ਹੀ ਤੁਹਾਡੇ ਲਈ ਬੰਧਨ ਬਣ ਜਾਂਦਾ ਹੈ - ਇਹ ਮੇਰੇ ਦਿਲ ਦੀ ਡੂੰਘਾਈ ਵਿਚੋਂ ਪ੍ਰਗਟਾਏ ਬਚਨ ਹਨ।"

"ਮੈਂ ਅਮਿਤ ਹਾਂ" ਇਹ ਗਲਤ ਵਿਸ਼ਵਾਸ਼ ਸਵੈਛੰਦ ਹੈ। ਆਪਣੇ ਦੁਨਿਆਵੀ ਸਵੈ ਨੂੰ ਆਪਣਾ ਅਸਲੀ, ਸੱਚਾ ਸਵੈ ਮੰਨ ਲੈਣਾ ਸਵੈਛੰਦ ਹੈ। ਜਦੋਂ ਤੁਸੀਂ ਆਪਣੇ ਅਸਲੀ ਸਵੈ ਨੂੰ ਪਹਿਚਾਣ ਲਿਆ ਤਾਂ ਤੁਸੀਂ ਮੁਕਤੀ ਪ੍ਰਾਪਤ ਕਰ ਲਉਗੇ। ਇਕ ਵਾਰ ਜਦ ਤੁਸੀਂ ਸਵੈਛੰਦ ਤੋਂ ਆਜ਼ਾਦ ਹੋਣ ਵਿਚ ਸਫ਼ਲ ਹੋ ਗਏ ਤਾਂ ਇਕ ਘੰਟੇ ਅੰਦਰ-ਅੰਦਰ ਤੁਸੀਂ ਮੁਕਤੀ ਪ੍ਰਾਪਤ ਕਰ ਲਉਗੇ।

**ਪ੍ਰਸ਼ਨ-ਕਰਤਾ** : ਫਿਰ ਜਗਿਆਸੂਆਂ ਲਈ ਸਰਵੋਤਮ ਯਤਨ ਕੀ ਹੈ ਜਿਹੜਾ ਉਨ੍ਹਾਂ ਨੂੰ ਮੁਕਤੀ ਪ੍ਰਾਪਤੀ ਹਿਤ ਕਰਨਾ ਚਾਹੀਦਾ ਹੈ?

**ਦਾਦਾਸ਼੍ਰੀ** : ਤੁਸੀਂ ਸਿਰਫ਼ ਬੁੱਧੀ ਦੇ ਆਖੇ ਲੱਗ ਕੇ ਆਪਣਾ ਸਾਰਾ ਜੀਵਨ ਨਹੀਂ ਬਤੀਤ ਕਰ ਸਕਦੇ। ਜਿੰਨੀ ਦੇਰ ਤੱਕ ਤੁਸੀਂ ਗਿਆਨੀ ਪੁਰਸ਼ ਨੂੰ ਨਹੀਂ ਮਿਲ ਲੈਂਦੇ ਉਨੀ ਦੇਰ ਉਸ ਵਿਅਕਤੀ ਦਾ ਅਨੁਸਰਣ ਕਰੋ ਜਿਹੜਾ ਤੁਹਾਡੇ ਨਾਲੋਂ ਆਤਮਕ ਪੱਖੋਂ ਥੋੜਾ ਜਿੰਨਾ ਵੀ ਉੱਚਾ-ਸੁੱਚਾ ਹੈ। ਸ੍ਰੀਮਦ ਰਾਜ ਚੰਦਰ ਜੀ ਦਾ ਕਥਨ ਹੈ: "ਗਿਆਨੀ ਪੁਰਸ਼ ਦੀ ਤਲਾਸ਼ ਕਰੋ ਅਤੇ ਆਪਣੀਆਂ ਸਮਸਤ ਇੱਛਾਵਾਂ ਅਤੇ ਭਾਵਨਾਵਾਂ ਉਸ ਦੇ ਚਰਨ-ਕਮਲਾਂ ਵਿਚ ਅਰਪਣ ਕਰ ਦਿਉ। ਜੇਕਰ ਇੰਝ ਕਰਨ ਉਪਰੰਤ ਵੀ ਤੁਹਾਨੂੰ ਮੋਕਸ਼ ਦੀ ਪ੍ਰਾਪਤੀ ਨਾ ਹੋਵੇ ਤਾਂ ਤੁਸੀਂ ਮੇਰੇ ਕੋਲੋਂ ਮੰਗ ਸਕਦੇ ਹੋ: ਇਹ ਮੇਰਾ ਵਾਅਦਾ ਹੈ।"

**ਪ੍ਰਸ਼ਨ-ਕਰਤਾ** : ਤਾਂ ਇਸ ਦਾ ਅਰਥ ਇਹ ਹੋਇਆ ਕਿ ਗਿਆਨੀ ਪੁਰਸ਼ ਦੀ ਅਗਵਾਈ ਪ੍ਰਾਪਤ ਕਰਨੀ ਅਤਿਅੰਤ ਜ਼ਰੂਰੀ ਹੈ।

**ਦਾਦਾਸ਼੍ਰੀ** : ਹਾਂ, ਬਿਲਕੁਲ ਠੀਕ। ਤੁਹਾਨੂੰ ਆਤਮਕ ਮਾਮਲਿਆਂ ਵਿਚ ਇਹ ਅਗਵਾਈ ਹਾਸਲ ਕਰਨੀ ਹੀ ਪਵੇਗੀ। ਇਸ ਸਮੇਂ ਧਰਮ ਦੀ ਪਾਲਣਾ ਸਿਰਫ਼ ਸਵੈਛੰਦ ਦੇ ਰਾਹੀਂ ਹੀ ਕੀਤੀ ਜਾਂਦੀ ਹੈ। ਉਦਾਹਰਣ ਦੇ ਲਈ, ਤੁਸੀਂ ਕਿੰਨੇ ਹੀ ਵਰ੍ਹਿਆਂ ਤੋਂ ਕਿਸੇ ਗੁਰੂ ਦੇ ਪੈਰੋਕਾਰ ਬਣੇ ਹੋਏ ਹੋ ਅਤੇ ਉਸ ਦੀ ਪੂਜਾ ਕਰ ਰਹੇ ਹੋ ਪਰੰਤੂ ਫਿਰ ਵੀ ਜਿਸ ਪਲ ਤੁਸੀਂ ਕਿਸੇ ਦੁਆਰਾ ਤੁਹਾਡਾ ਨਾਮ ਲਏ ਜਾਣਾ ਸੁਣਦੇ ਹੋ ਤਾਂ ਤੁਸੀਂ ਇਕਦਮ ਚੇਤੰਨ ਹੋ ਜਾਂਦੇ ਹੋ। ਇਸ ਤੋਂ ਵੀ ਵੱਧ ਜੇਕਰ ਕੋਈ ਵਿਅਕਤੀ ਤੁਹਾਡੇ ਬਾਰੇ ਕੁਝ ਕਹਿੰਦਾ ਹੈ ਤਾਂ ਤੁਸੀਂ ਰਾਗ ਜਾਂ ਦਵੈਸ਼ ਜ਼ਰੂਰ ਮਹਿਸੂਸ ਕਰੋਗੇ। ਜੇਕਰ ਤੁਸੀਂ ਰਾਗ ਅਤੇ ਦਵੈਸ਼ ਦੀ ਭਾਵਨਾ ਤੋਂ ਹੀ ਮੁਕਤ ਨਹੀਂ ਹੋ ਸਕੇ ਤਾਂ ਤੁਹਾਡੀ ਇਨਾ ਲੰਮਾ ਸਮਾਂ ਗੁਰੂ ਪ੍ਰਤੀ ਸ਼ਰਧਾ ਦਾ ਕੀ ਲਾਭ ਹੋਇਆ?

ਪਰੰਤੂ ਜੇਕਰ ਤੁਹਾਡੀ ਸ਼ਰਧਾ ਅਤੇ ਸਾਧਨਾ ਸਿਰਫ਼ ਮੁਕਤੀ ਹਿਤ ਹੈ ਤਾਂ ਤੁਸੀਂ ਦੇਰ-ਸਵੇਰ ਇਕ ਗਿਆਨੀ ਪੁਰਸ਼ ਦੇ ਸੰਪਰਕ ਵਿਚ ਜ਼ਰੂਰ ਆ ਜਾਉਗੇ।

ਤੁਸੀਂ ਹੋਰ ਵਧੇਰੇ ਸਮਾਂ ਮਨ ਦੀ ਮਰਜ਼ੀ ਅਨੁਸਾਰ ਨਹੀਂ ਜੀਅ ਸਕਦੇ। ਜੇ ਤੁਸੀਂ ਅਣਜਾਣਪਣੇ ਵਿਚ ਵੀ ਅੱਗ ਨੂੰ ਹੱਥ ਲਾ ਬੈਠਦੇ ਹੋ ਤਾਂ ਯਕੀਨਨ ਹੀ ਤੁਸੀਂ ਹੱਥ ਸਾੜ ਲਉਗੇ। ਤੁਹਾਨੂੰ ਤੁਹਾਡੇ ਕਰਮਾਂ ਦਾ ਫਲ ਭੁਗਤਣਾ ਹੀ ਪੈਂਦਾ ਹੈ, ਉਹ ਕਰਮ ਭਾਵੇਂ ਤੁਸੀਂ ਅਗਿਆਨਤਾ ਵਿਚ, ਅਣਜਾਣਪਣੇ ਵਿਚ ਹੀ ਕਿਉਂ ਨਾ ਕੀਤੇ ਹੋਣ। ਇਸ ਲਈ ਸਭ ਤੋਂ ਪਹਿਲਾਂ ਤੁਹਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਤੁਸੀਂ ਕੌਣ ਹੋ ਅਤੇ ਇਹ ਸਭ ਕੀ ਹੈ?

ਸਵੈਛੰਦ ਜਾਂ ਮਨਮੁਖ ਵਿਰਤੀ ਤੋਂ ਖਹਿੜਾ ਛੁੜਾ ਲੈਣ ਉਪਰੰਤ ਹੀ ਦਾਦਾ ਭਗਵਾਨ ਦਾ ਛੰਦ, ਦਾਦਾ ਭਗਵਾਨ ਦਾ ਸੰਦੇਸ਼ ਤੁਹਾਡੇ ਉਪਰ ਹਾਵੀ ਹੋਵੇਗਾ। ਇਸ ਦਾ ਭਾਵ ਇਹ ਕਿ

ਫਿਰ ਦਾਦਾ ਭਗਵਾਨ ਦਾ ਗਿਆਨ ਮੁਕਤੀ ਹਿਤ ਸਾਰੇ ਮਾਮਲਿਆਂ ਵਿਚ ਤੁਹਾਡੀ ਅਗਵਾਈ ਕਰੇਗਾ। ਜਦੋਂ ਜ਼ਿੱਦ ਜਾਂ ਹੱਠ ਦੀ ਭਾਵਨਾ ਮੁੱਕ ਜਾਂਦੀ ਹੈ ਤਾਂ ਸਵੈ-ਰੂਪ (ਸਵੈ-ਪਹਿਚਾਣ) ਦੀ ਅਵਸਥਾ ਆ ਜਾਂਦੀ ਹੈ।

**ਪ੍ਰਸ਼ਨ-ਕਰਤਾ** : ਅਸੀਂ ਕਿਵੇਂ ਪਹਿਚਾਣ ਸਕਦੇ ਹਾਂ ਕਿ ਇਹ ਵਿਅਕਤੀ ਮਨਮੁਖ ਨਹੀਂ? ਅਜਿਹੇ ਵਿਅਕਤੀ ਦੀ ਕੀ ਪਹਿਚਾਣ ਹੈ?

**ਦਾਦਾਸ਼੍ਰੀ** : ਸਵੈ-ਰੂਪ, ਸਵੈ-ਪਹਿਚਾਣ ਦੀ ਪ੍ਰਾਪਤੀ ਦਾ ਇੱਛੁਕ ਵਿਅਕਤੀ ਪਰਿਵਰਤਨਸ਼ੀਲ ਅਤੇ ਪ੍ਰਭਾਵਸ਼ੀਲ ਹੁੰਦਾ ਹੈ: ਉਹ ਦਾਦਾ ਭਗਵਾਨ ਦੇ ਗਿਆਨ ਦਾ ਪ੍ਰਭਾਵ ਗ੍ਰਹਿਣ ਕਰੇਗਾ, ਖ਼ੁਦ ਨੂੰ ਬਦਲੇਗਾ ਅਤੇ ਲੋੜ ਅਨੁਸਾਰ ਪੁਰਾਣੀ ਸੋਚ ਤੋਂ ਵਾਪਸ ਮੁੜੇਗਾ। ਉਹ ਯਕੀਨਨ ਹੀ ਮੁਕਤੀ ਦਾ ਰਸਤਾ ਲੱਭੇਗਾ ਅਤੇ ਉਸ ਰਸਤੇ ਉਪਰ ਅੱਗੇ ਵਧੇਗਾ। ਇਸ ਦੇ ਉਲਟ ਇਕ ਮਨਮੁਖ ਜਾਂ ਹਠੀ ਵਿਅਕਤੀ ਨਾ ਤਾਂ ਪ੍ਰਭਾਵ ਗ੍ਰਹਿਣ ਕਰੇਗਾ ਅਤੇ ਨਾ ਹੀ ਜਿਵੇਂ ਤੁਸੀਂ ਚਾਹੁੰਦੇ ਹੋ ਉਹ ਪੁਰਾਣੀਆਂ ਆਦਤਾਂ, ਪੁਰਾਣੀ ਸੋਚ ਤੋਂ ਬਾਜ ਆਵੇਗਾ।

ਚੰਚਲਤਾ, ਚਪਲਤਾ, ਵਿਲਾਸਤਾ ਅਤੇ ਹਠ ਮਨ ਨੂੰ ਭਟਕਾ ਦਿੰਦੇ ਹਨ। ਇਹ ਬੁੱਧੀ ਅੰਦਰ ਇਕ ਭਰਮ ਪੈਦਾ ਕਰ ਦਿੰਦੇ ਹਨ। ਇਹ ਤੁਹਾਨੂੰ ਵਿਸ਼ਵਾਸ਼ ਦਿਵਾ ਦਿੰਦੇ ਹਨ ਕਿ ਤੁਹਾਡੇ ਦੁੱਖਾਂ ਅਤੇ ਦਰਦ ਲਈ ਦੂਸਰੇ ਲੋਕ ਜ਼ਿੰਮੇਵਾਰ ਹਨ। ਇਸ ਸੰਸਾਰ ਅੰਦਰ ਤੁਹਾਡੇ ਹਰ ਕਰਮ, ਤੁਹਾਡੇ ਹਰ ਵਿਚਾਰ ਲਈ ਸਿਰਫ਼ ਅਤੇ ਸਿਰਫ਼ ਤੁਸੀਂ ਖ਼ੁਦ ਹੀ ਜ਼ਿੰਮੇਵਾਰ ਠਹਿਰਾਏ ਜਾਓਗੇ। ਤੁਹਾਡੀ ਚੰਚਲਤਾ ਅਤੇ ਤੁਹਾਡਾ ਹੱਠ ਹੀ ਤੁਹਾਡੀ ਸਭ ਤੋਂ ਵੱਡੀ ਗਲਤੀ ਅਤੇ ਕਮਜ਼ੋਰੀ ਹਨ।

ਮੁਕਤੀ ਦੀ ਤਾਂਘ ਰੱਖਣ ਵਾਲੇ ਸਾਧਕਾਂ ਲਈ ਪਰਮਾਤਮਾ ਨੇ ਇਕ ਬਹੁਤ ਵਧੀਆ ਦਵਾਈ ਤਿਆਰ ਕੀਤੀ ਹੈ। ਉਸ ਨੇ ਇਹ ਦਵਾਈ ਤਿਆਰ ਕਰਨ ਦਾ ਨੁਸਖਾ ਸਭ ਨੂੰ ਦੱਸਿਆ ਹੋਇਆ ਹੈ ਪਰੰਤੂ ਅੱਜ ਅਸੀਂ ਉਸ ਨੁਸਖੇ ਨੂੰ ਭੁੱਲ ਚੁੱਕੇ ਹਾਂ। ਅੱਜ ਮੈਂ ਇਹ ਨੁਸਖਾ ਤੁਹਾਡੀ ਜਾਣਕਾਰੀ ਹਿਤ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ।

ਇਸ ਦਵਾਈ ਦੇ ਮਿਸ਼ਰਣ ਨੂੰ ਤਿਆਰ ਕਰਨ ਹਿਤ ਇਸ ਵਿਚ ਇਹ ਤੱਤ ਪਾਏ ਜਾਂਦੇ ਹਨ: 20% ਧਰਮ ਗਰੰਥ; 70% ਗਿਆਨੀ ਪੁਰਸ਼ ਪ੍ਰਤੀ ਅਤਿਅੰਤ ਨਿਮਰਤਾ ਅਤੇ ਸਤਿਕਾਰ; ਅਤੇ 10% ਦੁਨਿਆਵੀ ਇੱਛਾਵਾਂ। ਤੁਸੀਂ ਇਹ ਮਿਸ਼ਰਣ ਸਹਿਜੇ ਹੀ ਲੈ ਸਕਦੇ ਹੋ।

ਪਰੰਤੂ ਹੁਣ ਤੱਕ ਲੋਕ ਧਰਮ ਗਰੰਥਾਂ ਉਪਰ ਹੀ ਜ਼ੋਰ ਦਿੰਦੇ ਰਹੇ ਹਨ ਅਤੇ ਨਤੀਜੇ ਵਜੋਂ ਉਨ੍ਹਾਂ ਨੂੰ ਮਰੋੜ ਲੱਗੇ ਰਹੇ ਹਨ। ਪਰਮਾਤਮਾ ਦਾ ਬਚਨ ਸੀ ਕਿ ਦਵਾਈ ਦੇ ਇਸ ਮਿਸ਼ਰਣ ਨੂੰ ਚੰਗੀ ਤਰ੍ਹਾਂ ਹਿਲਾ ਕੇ ਦਿਨ ਵਿਚ ਤਿੰਨ ਵਾਰ ਲੈਣਾ ਹੈ ਪਰੰਤੂ ਬਹੁਤ ਸਾਰੇ ਲੋਕ ਇਸ ਨੂੰ ਦਿਨ ਵਿਚ ਤਿੰਨ ਵਾਰ ਸਿਰਫ਼ ਹਿਲਾਉਂਦੇ ਹੀ ਰਹੇ। ਕੁਝ ਹੋਰ ਲੋਕ ਅਜਿਹੇ ਵੀ ਸਨ ਜਿਨ੍ਹਾਂ ਨੇ ਇਸ

ਗੱਲ ਨੂੰ ਹੀ ਰੱਟਾ ਲਾ ਲਿਆ ਕਿ ਇਸ ਮਿਸ਼ਰਣ ਨੂੰ ਹਿਲਾ ਕੇ ਤਿੰਨ ਵਾਰ ਪੀਣਾ ਹੈ, ਇਸ ਮਿਸ਼ਰਣ ਨੂੰ ਹਿਲਾ ਕੇ ਪੀਣਾ ਹੈ, ਪਰੰਤੂ ਪੀਤਾ ਨਹੀਂ। ਦੂਸਰੇ ਸ਼ਬਦਾਂ ਵਿਚ, ਉਨ੍ਹਾਂ ਇਹ ਹਿਦਾਇਤ ਤਾਂ ਯਾਦ ਰੱਖੀ ਪਰ ਇਸ ਉਪਰ ਅਮਲ ਨਹੀਂ ਕੀਤਾ।

ਇਹ ਤਾਂ ਇੰਝ ਹੋਇਆ ਜਿਵੇਂ ਕੋਈ ਡਾਕਟਰੀ ਦੀ ਪੁਸਤਕ ਵਿਚੋਂ ਨੁਸਖਾ ਪੜ੍ਹ ਕੇ ਦਵਾਈ ਤਿਆਰ ਕਰਨਾ ਚਾਹੇ। ਲੋਕ ਬਿਨਾਂ ਡਾਕਟਰ ਨਾਲ ਮਸ਼ਵਰਾ ਕੀਤੇ ਦਵਾਈ ਨਹੀਂ ਲੈਂਦੇ ਪਰੰਤੂ ਕਿੰਨੇ ਹੀ ਲੋਕ ਹਨ ਜਿਹੜੇ ਕਈ ਦੈਵੀ ਹਸਤੀਆਂ ਦੇ ਧਰਮ ਗਰੰਥਾਂ ਦਾ ਮਿਸ਼ਰਣ ਲੈ ਕੇ ਆਵਾਗਵਣ ਦੇ ਚੱਕਰ ਵਿਚ ਪੈ ਕੇ ਅਣਗਿਣਤ ਮੌਤਾਂ ਦਾ ਖ਼ਤਰਾ ਉਠਾ ਰਹੇ ਹਨ। ਇਸੇ ਨੂੰ ਸਵੈਛੰਦ ਕਿਹਾ ਗਿਆ ਹੈ।

**ਪ੍ਰਸ਼ਨ-ਕਰਤਾ** : ਕੀ ਇਹ ਜ਼ਰੂਰੀ ਹੈ ਕਿ ਸਾਧਕ ਨਿਰਧਾਰਤ ਰਸਤੇ ਉਪਰ ਹੀ ਚੱਲੇ ਅਤੇ ਕੀ ਮਨ ਦੀ ਮਰਜ਼ੀ ਅਨੁਸਾਰ ਰੱਤਾ ਵੀ ਇਧਰ-ਉਧਰ ਨਹੀਂ ਹੋਇਆ ਜਾ ਸਕਦਾ?

**ਦਾਦਾਸ਼੍ਰੀ** : ਮੁਕਤੀ ਦਾ ਰਸਤਾ ਭੀੜਾ ਹੈ ਅਤੇ ਜੇਕਰ ਇਸ ਰਸਤੇ ਉਪਰ ਤੁਸੀਂ ਸਿੱਧੇ ਨਹੀਂ ਚੱਲੋਗੇ ਤਾਂ ਰਸਤੇ ਵਿਚ ਹੀ ਫਸ ਜਾਉਗੇ। ਤੁਹਾਨੂੰ ਦਿੱਤੀਆਂ ਗਈਆਂ ਹਿਦਾਇਤਾਂ ਅਨੁਸਾਰ ਹੀ ਚੱਲਣਾ ਪਵੇਗਾ, ਨਹੀਂ ਤਾਂ ਤੁਸੀਂ ਮੁਕਤੀ ਪ੍ਰਾਪਤ ਨਹੀਂ ਕਰ ਸਕੋਗੇ। ਤੁਹਾਨੂੰ ਪਰਿਵਰਤਨਸ਼ੀਲ ਹੋਣਾ ਪਵੇਗਾ, ਹਠ ਤਿਆਗ ਕੇ ਸਮਾਯੋਜਨ ਕਰਨਾ ਹੋਵੇਗਾ। ਸੱਪ ਵੀ ਆਪਣੀ ਖੁੱਡ ਵਿਚ ਦਾਖ਼ਲ ਹੁੰਦੇ ਸਮੇਂ ਖ਼ੁਦ ਨੂੰ ਸਿੱਧ ਕਰ ਲੈਂਦਾ ਹੈ।

ਹਠ ਕਰਨ ਅਤੇ ਖ਼ੁਦ ਨੂੰ ਨਾ ਬਦਲਣ ਦੇ ਸੁਭਾਅ ਕਾਰਨ ਵਿਅਕਤੀ ਇਸ ਸੰਸਾਰ ਅੰਦਰ ਆਵਾਗਵਣ ਦੇ ਚੱਕਰ ਵਿਚ ਹਮੇਸ਼ਾ ਲਈ ਫਸ ਜਾਂਦਾ ਹੈ। ਤੁਸੀਂ ਮੁਕਤੀ ਪ੍ਰਾਪਤ ਕਰ ਸਕਣ ਦੇ ਯੋਗ ਨਹੀਂ ਹੁੰਦੇ ਕਿਉਂਕਿ ਤੁਹਾਡਾ ਸੁਭਾਅ ਹਠੀ ਹੈ ਅਤੇ ਤੁਸੀਂ ਬਦਲਦੇ ਨਹੀਂ। ਪਰਮਾਤਮਾ ਹਰ ਵਿਅਕਤੀ ਨੂੰ ਸਾਧੂ ਬਨਣ ਤੋਂ ਪਹਿਲਾਂ ਤੋਂ ਸਪਸ਼ਟਵਾਦੀ ਅਤੇ ਈਮਾਨਦਾਰ ਚਾਹੁੰਦਾ ਹੈ। ਜੇਕਰ ਤੁਸੀਂ ਆਪਣੇ ਜ਼ਿੱਦੀ ਸੁਭਾਅ ਨੂੰ ਹੀ ਨਹੀਂ ਬਦਲ ਸਕਦੇ ਤਾਂ ਤੁਹਾਡੇ ਸਾਧੂ ਬਨਣ ਦਾ ਵੀ ਕੀ ਲਾਭ ਹੋਇਆ? ਜ਼ਿੱਦੀ ਸੁਭਾਅ ਤਾਂ ਵਿਕ੍ਰਿਤ ਹਉਮੈਂ ਦੇ ਕਾਰਨ ਹੁੰਦਾ ਹੈ। ਸਹੀ ਰਸਤਾ ਵਿਅਕਤੀ ਦੇ ਸਾਹਮਣੇ ਵੀ ਹੋਵੇ ਤਾਂ ਵੀ ਇਹ ਜ਼ਿੱਦੀ ਸੁਭਾਅ ਉਸ ਨੂੰ ਸਹੀ ਰਸਤੇ ਉਪਰ ਨਹੀਂ ਜਾਣ ਦੇਵੇਗਾ। ਉਸ ਦਾ ਹਠ ਉਸ ਨੂੰ ਸਹੀ ਰਸਤੇ ਵੱਲ ਧਿਆਨ ਨਾ ਦੇਣ ਲਈ ਮਜ਼ਬੂਰ ਕਰੇਗਾ।

ਅਜਿਹਾ ਵਿਅਕਤੀ ਆਪਣੇ ਹਠ ਨੂੰ ਆਪਣੀ ਪਤਨੀ ਅਤੇ ਬੱਚਿਆਂ ਨਾਲੋਂ ਵੀ ਵੱਧ ਪਿਆਰ ਨਾਲ ਸੰਭਾਲ ਕੇ ਰਖਦਾ ਹੈ: ਉਹ ਇਸ ਸੁਭਾਅ ਨੂੰ ਤਾਂ ਆਪਣੇ ਆਪ ਨਾਲੋਂ ਵੀ ਵਧੇਰੇ ਮੋਹ ਕਰਦਾ ਹੈ। ਇਸੇ ਜਿੱਦੀ ਸੁਭਾਅ ਕਾਰਨ ਉਹ ਅਨੰਤ ਜਨਮਾਂ ਦੇ ਚੱਕਰ ਵਿਚ ਘੁੰਮਦਾ ਫਿਰ ਰਿਹਾ ਹੈ। ਇਹ ਉਸ ਨੂੰ ਸਹੀ ਰਸਤਾ ਵੇਖਣ ਹੀ ਨਹੀਂ ਦਿੰਦਾ। ਹਠ ਸਵੈਛੰਦ ਨੂੰ ਜਨਮ ਦਿੰਦਾ

ਹੈ ਅਤੇ ਸਵੈਛੰਦ ਜਾਂ ਮਨਮੁਖਤਾ ਆਤਮਕ ਜੀਵਨ ਵਾਸਤੇ ਜ਼ਹਿਰ ਦੀ ਤਰ੍ਹਾਂ ਹੈ।

ਦੁਨਿਆਵੀ ਜੀਵਨ ਵਿਚ ਵੀ ਇਕ ਜ਼ਿੱਦੀ ਵਿਅਕਤੀ ਨੂੰ ਸਤਿਕਾਰ ਨਹੀਂ ਮਿਲਦਾ: ਲੋਕ ਉਸ ਤੋਂ ਕੰਨੀ ਕਤਰਾਉਂਦੇ ਹਨ। ਇਸ ਦੇ ਉਲਟ, ਪਰਿਵਰਤਨਸ਼ੀਲ ਵਿਅਕਤੀ ਨੂੰ ਸਾਰੇ ਹੀ ਪਸੰਦ ਕਰਦੇ ਹਨ ਅਤੇ ਸਤਿਕਾਰ ਦਿੰਦੇ ਹਨ। ਸੋ ਤੁਸੀਂ ਜਿੰਨੀ ਦੇਰ ਤਕ ਤੁਹਾਡੇ ਮਨ ਅੰਦਰ ਜ਼ਿੱਦ ਹੈ ਤੁਸੀਂ ਮੁਕਤੀ-ਪ੍ਰਾਪਤੀ ਦੀ ਮੰਜ਼ਿਲ ਉਪਰ ਕਿਵੇਂ ਪਹੁੰਚ ਸਕਦੇ ਹੋ? ਅਜਿਹੇ ਸੁਭਾਅ ਨੂੰ ਤਾਂ ਦੁਨਿਆਵੀ ਜੀਵਨ ਅੰਦਰ ਵੀ ਕੋਈ ਨਹੀਂ ਸਹਿੰਦਾ।

ਜਦ ਤੱਕ ਕੇਵਲ ਗਿਆਨ ਦੀ ਪ੍ਰਾਪਤੀ ਨਹੀਂ ਹੋ ਜਾਂਦੀ ਉਦੋਂ ਤੱਕ ਹਠ ਤਾਂ ਮਨ ਅੰਦਰ ਉਗਮਦਾ ਹੀ ਰਹੇਗਾ। ਤੁਹਾਨੂੰ ਜ਼ਿੱਦ ਦਾ ਸਮੁੰਦਰ ਪਾਰ ਕਰਨਾ ਪੈਣਾ ਹੈ। ਤੁਸੀਂ ਇਸ ਹਠ-ਰੂਪੀ ਸਮੁੰਦਰ ਦੇ ਇਸ ਕਿਨਾਰੇ ਉਪਰ ਖੜੋਤੇ ਹੋ ਅਤੇ ਤੁਸੀਂ ਇਸ ਸਮੁੰਦਰ ਦੇ ਪਾਰਲੇ ਕਿਨਾਰੇ ਪਹੁੰਚਣਾ ਹੈ। ਤੁਸੀਂ ਜ਼ਿੱਦੀ ਸੁਭਾਅ ਨੂੰ ਹਠ ਕਰਕੇ ਨਹੀਂ ਤਿਆਗ ਸਕਦੇ। ਤੁਹਾਨੂੰ ਹਠ ਤਿਆਗ ਕੇ ਪਰਿਵਰਤਨਸ਼ੀਲ ਅਤੇ ਸਪਸ਼ਟਵਾਦੀ ਹੋਣਾ ਪਵੇਗਾ। ਆਪਣੀ ਖੁੱਡ ਵਿਚ ਵੜਨ ਸਮੇਂ ਸੱਪ ਨੂੰ ਵੀ ਸਿੱਧਾ ਹੋਣਾ ਪੈਂਦਾ ਹੈ। ਮੁਕਤੀ ਪ੍ਰਾਪਤੀ ਹਿਤ ਹਰ ਵਿਅਕਤੀ ਨੂੰ ਸਿੱਧਾ ਅਤੇ ਸਪਸ਼ਟ ਹੋਣਾ ਪਵੇਗਾ। ਤੁਹਾਨੂੰ ਬੁੱਧੀ ਦੀਆਂ ਸਾਰੀਆਂ ਗੰਢਾਂ, ਰੁਕਾਵਟਾਂ ਅਤੇ ਗੁੰਝਲਾਂ ਹਟਾ ਦੇਣੀਆਂ ਪੈਣਗੀਆਂ ਅਤੇ ਤੁਹਾਨੂੰ ਸਪਸ਼ਟਵਾਦੀ ਅਤੇ ਈਮਾਨਦਾਰ ਬਨਣ ਦਾ ਯਤਨ ਕਰਨਾ ਪਵੇਗਾ।

**ਪ੍ਰਸ਼ਨ-ਕਰਤਾ** : ਧਰਮ ਗਰੰਥਾਂ ਦੇ ਅਧਿਐਨ ਉਪਰੰਤ ਵੀ ਸਾਡੇ ਅੰਦਰ ਇੰਨੇ ਜ਼ਿਆਦਾ ਸ਼ੰਕੇ ਕਿਉਂ ਬਣੇ ਰਹਿੰਦੇ ਹਨ?

**ਦਾਦਾਸ਼੍ਰੀ** : ਜੇਕਰ ਤੁਸੀਂ ਧਰਮ ਗਰੰਥ ਨੂੰ ਮਨਮੁਖੀ ਪ੍ਰਵਿਰਤੀ ਨਾਲ ਪੜ੍ਹਦੇ ਹੋ, ਆਪਣੀ ਬੁੱਧੀ ਅਤੇ ਕਲਪਨਾ ਦੇ ਹਿਸਾਬ ਨਾਲ ਉਸ ਦਾ ਵਿਸ਼ਲੇਸ਼ਣ ਕਰਦੇ ਹੋ ਤਾਂ ਤੁਸੀਂ ਯਥਾਰਥ ਤੋਂ ਦੂਰ ਹੁੰਦੇ ਚਲੇ ਜਾਂਦੇ ਹੋ। ਇਸ ਨਾਲ ਤੁਹਾਡਾ ਨਜ਼ਰੀਆਂ ਵਧੇਰੇ ਧੁੰਦਲਾ ਅਤੇ ਅਨਿਸ਼ਚਤ ਹੋ ਜਾਦਾ ਹੈ। ਨਤੀਜੇ ਵਜੋਂ ਤੁਸੀਂ ਪਹਿਲਾਂ ਨਾਲੋਂ ਵੀ ਵਧੇਰੇ ਜ਼ਿੱਦੀ ਹੋ ਜਾਂਦੇ ਹੋ। ਇਹ ਸਭ ਤੁਹਾਡੀ ਅਗਿਆਨਤਾ ਦੇ ਪੜਦੇ ਨੂੰ ਹੋਰ ਮੋਟਾ, ਹੋਰ ਤਾਕਤਵਰ ਬਣਾ ਦਿੰਦਾ ਹੈ।

ਜੇਕਰ ਤੁਸੀਂ ਧਰਮ ਗਰੰਥਾਂ ਤੋਂ ਕੁਝ ਸਿੱਖਿਆ ਹੈ ਤਾਂ ਤੁਸੀਂ ਫਿਰ ਵੀ ਆਤਮਕ ਪ੍ਰਗਤੀ ਦੇ ਰਸਤੇ ਉਪਰ ਲੜਖੜਾ ਕਿਉਂ ਰਹੇ ਹੋ? ਇਨਸਾਨ ਲੜਖੜਾਉਂਦਾ ਜਾਂ ਠੇਡਾ ਤਾਂ ਹਨ੍ਹੇਰੇ ਵਿਚ ਖਾਂਦਾ ਹੈ, ਚਾਨਣ ਵਿਚ ਨਹੀਂ। ਧਰਮ ਗਰੰਥਾਂ ਦੇ ਅਧਿਐਨ ਤੋਂ ਬਾਅਦ ਕੀ ਤੁਹਾਡੀ ਇਕ ਵੀ ਚਿੰਤਾ ਘੱਟ ਹੋਈ ਹੈ? ਇਸ ਦੇ ਉਲਟ ਸਗੋਂ ਤੁਸੀਂ ਵਧੇਰੇ ਉਲਝ ਗਏ ਹੋ। ਜਿਥੇ ਕਿਧਰੇ ਵੀ ਮਨ ਅੰਦਰ ਸ਼ੰਕਾ ਹੈ ਤਾਂ ਉਥੇ ਇਸ ਦਾ ਕਾਰਨ ਅਗਿਆਨਤਾ ਹੈ। ਸ਼ੰਕਾ ਅਤੇ ਭਰਮ ਦੀ ਹੋਂਦ ਤੋਂ ਭਾਵ ਹੈ ਸੱਚੇ ਗਿਆਨ ਦੀ ਅਣਹੋਂਦ। ਸੱਚਾ ਗਿਆਨ ਤਾਂ ਵਿਅਕਤੀ

ਨੂੰ ਹਰ ਤਰ੍ਹਾਂ ਦੇ ਭਰਮਾਂ ਅਤੇ ਸ਼ੰਕਾਵਾਂ ਤੋਂ ਪੂਰੀ ਤਰ੍ਹਾਂ ਮੁਕਤ ਕਰ ਦਿੰਦਾ ਹੈ।

ਸੱਚਾ ਗਿਆਨ ਤੁਹਾਨੂੰ ਤੁਹਾਡੇ ਸਾਰੇ ਭਰਮਾਂ ਅਤੇ ਸ਼ੰਕਾਵਾਂ ਤੋਂ ਪੂਰੀ ਤਰ੍ਹਾਂ ਮੁਕਤ ਕਰ ਦਿੰਦਾ ਹੈ ਅਤੇ ਤੁਹਾਡੇ ਮਨ ਅੰਦਰ ਸ਼ੰਕਾ ਦਾ ਭੋਰਾ ਵੀ ਨਹੀਂ ਬਚਦਾ। ਸ਼ੰਕਾ ਤਾਂ ਇਕ ਬੀਮਾਰੀ ਹੈ ਜਿਸ ਦੇ ਕਾਰਨ ਵਿਅਕਤੀ ਆਪਣੇ ਸਵੈ ਤੋਂ ਦੂਰ ਹੋ ਜਾਂਦਾ ਹੈ। ਇਸ ਲਈ ਮਨ ਅੰਦਰਲੇ ਭਰਮ/ਸ਼ੰਕਾ ਨੂੰ ਪੈਦਾ ਹੁੰਦੇ ਹੀ ਦਬਾ ਦੇਣਾ ਚਾਹੀਦਾ ਹੈ। ਇਕ ਵਾਰ ਤੁਸੀਂ ਸਵੈ-ਅਹਿਸਾਸ ਕਰ ਲਿਆ, ਇਕ ਵਾਰ ਤੁਸੀਂ ਸਹਿਜ ਅਵਸਥਾ ਪ੍ਰਾਪਤ ਕਰ ਲਈ, ਫਿਰ ਤੁਹਾਨੂੰ ਕੋਈ ਵੀ ਚੀਜ ਉਥੋਂ ਹਿਲਾ ਨਹੀਂ ਸਕਦੀ। ਕੀ ਇਸ ਸੰਸਾਰ ਅੰਦਰ ਕੋਈ ਅਜਿਹਾ ਤੱਤ ਹੈ ਜਿਹੜਾ ਤੁਹਾਡੇ ਕੋਲੋਂ ਉਸ ਵਸਤੂ ਨੂੰ ਖੋਹ ਸਕੇ ਜਿਹੜੀ ਮੂਲ ਰੂਪ ਵਿਚ ਤੁਹਾਡੀ ਆਪਣੀ ਹੈ? ਭਰਮ ਜਾਂ ਭ੍ਰਾਂਤੀ ਇਕ ਭਿਆਨਕ ਬਿਮਾਰੀ ਹੈ। ਤੁਹਾਨੂੰ ਨਾ ਤਾਂ ਇਹ ਪਤਾ ਹੈ ਕਿ ਇਹ ਬੀਮਾਰੀ ਤੁਹਾਨੂੰ ਕਿਵੇਂ ਲੱਗ ਜਾਂਦੀ ਹੈ ਅਤੇ ਨਾ ਹੀ ਤੁਹਾਨੂੰ ਇਹ ਪਤਾ ਹੈ ਕਿ ਇਸ ਤੋਂ ਖਹਿੜਾ ਕਿਵੇਂ ਛਡਾਇਆ ਜਾ ਸਕਦਾ ਹੈ।

**ਪ੍ਰਸ਼ਨ-ਕਰਤਾ** : ਧਰਮ ਗਰੰਥਾਂ ਤੋਂ ਪ੍ਰਾਪਤ ਕੀਤੇ ਗਿਆਨ ਦੇ ਬਾਵਜੂਦ ਵੀ ਸਹਿਮ ਸਾਨੂੰ ਸਦਾ ਹੀ ਬਣਿਆ ਰਹਿੰਦਾ ਹੈ। ਇਹ ਕਿਉਂ?

**ਦਾਦਾਸ਼੍ਰੀ** : ਇਸ ਅਸੁਰੱਖਿਅਤ ਅਤੇ ਅਸਥਿਰ ਸੰਸਾਰ ਅੰਦਰ ਜਦੋਂ ਤੁਹਾਨੂੰ ਖ਼ੁਦ ਨੂੰ ਇਹ ਯਕੀਨ ਨਹੀਂ ਹੁੰਦਾ ਕਿ ਬਾਹਰ ਜਾਣ ਉਪਰੰਤ ਕੀ ਤੁਸੀਂ ਘਰ ਵਾਪਸ ਪਰਤ ਪਾਉਗੇ ਜਾਂ ਨਹੀਂ ਤਾਂ ਤੁਸੀਂ ਕਿਸ ਚੀਜ ਉਪਰ ਸ਼ੰਕਾ ਕਰੋਗੇ ਅਤੇ ਕਿਸ ਉਪਰ ਵਿਸ਼ਵਾਸ ਕਰੋਗੇ। ਕੀ ਅਜਿਹਾ ਪਹਿਲਾਂ ਕਦੇ ਨਹੀਂ ਹੋਇਆ? ਕੀ ਇਹ ਸਭ ਕੁਝ ਬਿਲਕੁਲ ਨਵਾ ਹੈ? ਅਜਿਹਾ ਪਹਿਲਾਂ ਵੀ ਵਾਪਰਿਆ ਹੈ। ਮੈਂ ਤੁਹਾਨੂੰ ਇਸ ਗੱਲ ਦੀ ਗਰੰਟੀ ਦਿੰਦਾ ਹਾਂ ਕਿ ਵਿਗਿਆਨਕ ਵਿਵਸਥਤਾ ਦੇ ਨਿਯਮਾਂ ਦੇ ਉਲਟ ਕਦੇ ਵੀ ਕੁਝ ਨਹੀਂ ਵਾਪਰਦਾ। ਫਿਰ ਕਿਸੇ ਕਿਸਮ ਦਾ ਸਹਿਮ ਮਨ ਵਿਚ ਕਿਉਂ ਪਾਲਿਆ ਜਾਵੇ? ਅਜਿਹੀ ਕੋਈ ਗੱਲ ਜਾਂ ਚੀਜ ਨਹੀਂ ਜਿਸ ਉਪਰ ਤੁਹਾਨੂੰ ਸ਼ੱਕ ਕਰਨ ਦੀ ਲੋੜ ਹੋਵੇ।

ਇਹ ਲੋਕ ਤਾਂ ਮੁਕਤੀ, ਵਿਤਰਾਗ ਅਤੇ ਧਰਮ ਉਪਰ ਵੀ ਸ਼ੱਕ ਕਰਦੇ ਹਨ। ਜੇ ਤੁਸੀਂ ਇਸ ਤਰ੍ਹਾਂ ਹਰ ਗੱਲ ਉਪਰ ਹੀ ਸ਼ੱਕ ਕਰੋਗੇ ਤਾਂ ਤੁਹਾਨੂੰ ਬਾਹਰ ਧੱਕ ਦਿੱਤਾ ਜਾਵੇਗਾ।

**ਪ੍ਰਸ਼ਨ-ਕਰਤਾ** : ਮੈਂ ਲਗਾਤਾਰ ਇਹ ਵਿਚਾਰਨ ਦਾ ਯਤਨ ਕਰ ਰਿਹਾ ਹਾਂ ਕਿ ਮੈਂ ਆਤਮਾ ਹਾਂ। ਫਿਰ ਵੀ ਮੈਨੂੰ ਇਹ ਅਹਿਸਾਸ ਨਹੀਂ ਹੁੰਦਾ।

**ਦਾਦਾਸ਼੍ਰੀ** : ਸਵੈ-ਪਹਿਚਾਣ ਦਾ ਅਹਿਸਾਸ, ਇਹ ਅਵਸਥਾ ਉਦੋਂ ਹੀ ਪ੍ਰਾਪਤ ਹੋ ਸਕਦੀ ਹੈ ਜਦੋਂ ਦੇਹਾਧਯਾਸ (ਭਾਵ ਮੈਂ ਫਲਾਂ ਸਰੀਰ ਹਾਂ) ਦੀ ਭਾਵਨਾ ਖ਼ਤਮ ਹੋ ਜਾਦੀ ਹੈ। ਨਹੀਂ ਤਾਂ ਇਹ ਦੇਹਾਧਯਾਸ ਦੀ ਭਾਵਨਾ ਤੁਹਾਨੂੰ ਕਦੇ ਵੀ ਸਵੈ-ਪਚਿਾਣ ਦੀ ਪ੍ਰਾਪਤੀ ਨਹੀਂ ਕਰਨ

ਦੇਵੇਗੀ। ਬੁੱਧੀ ਦੁਨਿਆਵੀ ਜੀਵਨ ਦਾ ਬਚਾਅ ਕਰਦੀ ਹੈ ਅਤੇ ਤੁਸੀਂ ਇਸ ਜਗਤ ਵਿਚ ਅਨੰਤ ਜਨਮਾਂ ਦੇ ਚੱਕਰ ਵਿਚ ਪਏ ਰਹੋਗੇ। ਇਹ ਬੁੱਧੀ ਤੁਹਾਨੂੰ ਸਹੀ ਰਸਤਾ ਨਹੀਂ ਵੇਖਣ ਦੇਵੇਗੀ। ਇਕ ਵਾਰ ਜਦੋਂ ਤੁਸੀਂ ਸਹੀ ਰਸਤੇ ਉਪਰ ਚੱਲ ਪੈਂਦੇ ਹੋ ਤਾਂ ਸਵੈ-ਪਹਿਚਾਣ ਪ੍ਰਾਪਤੀ ਦੀ ਸੰਭਾਵਨਾ ਬਣੀ ਰਹਿੰਦੀ ਹੈ। ਸਹੀ ਰਸਤੇ ਉਪਰ ਚੱਲਣ ਦਾ ਅਰਥ ਹੈ ਸਹੀ ਵਿਸ਼ਵਾਸ਼ ਰਖਣਾ ਅਤੇ ਸਹੀ ਵਿਸ਼ਵਾਸ ਹੈ ਕਿ 'ਮੈਂ ਸ਼ੁੱਧ ਆਤਮਾ ਹਾਂ'। ਗਲਤ ਵਿਸ਼ਵਾਸ ਹੈ ਕਿ 'ਮੈਂ ਅਮਿਤ ਹਾਂ'। ਸਹੀ ਸਵੈ ਗਿਆਨ-ਰੂਪ ਹੈ। ਗਲਤ ਵਿਸ਼ਵਾਸ਼ (ਮੈਂ ਅਮਿਤ ਹਾਂ) ਨੂੰ ਦੂਰ ਕਰਨ ਤੋਂ ਭਾਵ ਹੈ ਸਹੀ ਵਿਸ਼ਵਾਸ਼ (ਮੈਂ ਸ਼ੁੱਧ ਆਤਮਾ ਹਾਂ) ਨੂੰ ਪੈਦਾ ਕਰਨਾ। ਤਾਂ ਹੀ ਵਿਅਕਤੀ ਮੁਕਤੀ ਦੀ ਅਨੰਦਮਈ ਅਵਸਥਾ ਦੇ ਅਨੁਭਵ ਨੂੰ ਮਾਣ ਸਕਦਾ ਹੈ।

## 116

## ਰੂੜ੍ਹੀਵਾਦਤਾ : ਆਪਣੇ ਮਤ ਉਪਰ ਹਠ-ਧਰਮੀ

**ਪ੍ਰਸ਼ਨ-ਕਰਤਾ** : ਬਹੁਤ ਸਾਰੇ ਲੋਕ ਆਪਣੇ ਧਰਮ ਵਿਚ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਵਿਸ਼ਵਾਸ ਰਖਦੇ ਹਨ ਪਰੰਤੂ ਫਿਰ ਵੀ ਉਹ ਕੋਈ ਵਿਸ਼ੇਸ਼ ਆਤਮਕ ਪ੍ਰਗਤੀ ਨਹੀਂ ਕਰ ਸਕਦੇ। ਅਜਿਹਾ ਕਿਉਂ ਹੁੰਦਾ ਹੈ?

**ਦਾਦਾਸ਼੍ਰੀ** : ਹਾਂ, ਇਹ ਸੱਚ ਹੈ ਕਿ ਬਹੁਤ ਸਾਰੇ ਲੋਕ ਕਿਸੇ ਇਕ ਵਿਸ਼ੇਸ਼ ਮਤ ਵਿਚ ਹੀ ਫਸੇ ਰਹਿੰਦੇ ਹਨ ਅਤੇ ਉਸ ਵਿਚਾਰਧਾਰਾ ਵਿਚੋਂ ਬਾਹਰ ਨਿਕਲ ਕੇ ਨਹੀਂ ਵੇਖਦੇ। ਉਹ ਉਸੇ ਵਿਚਾਰਧਾਰਾ ਦੇ ਪੱਖ, ਉਸੇ ਪਰੰਪਰਾ ਜਾਂ ਉਸੇ ਫਿਰਕੇ ਦੀ ਨੀਂਹ ਨੂੰ ਹੋਰ ਮਜ਼ਬੂਤ ਕਰਦੇ ਰਹਿੰਦੇ ਹਨ। ਉਹ ਰੂੜ੍ਹੀਵਾਦੀ ਹੋ ਜਾਂਦੇ ਹਨ ਅਤੇ ਦੂਸਰੇ ਨਜ਼ਰੀਆਂ ਪ੍ਰਤੀ ਅੱਖਾਂ ਬੰਦ ਕਰ ਲੈਂਦੇ ਹਨ। ਉਹ ਦਿਨ ਰਾਤ ਉਸੇ ਪਰੰਪਰਾ ਜਾਂ ਮਤ ਦੀ ਨੀਂਹ ਨੂੰ ਤਕੜਾ ਕਰਨ ਵਿਚ ਗੁਆਚੇ ਰਹਿੰਦੇ ਹਨ ਜਿਹੜੀ ਪਰੰਪਰਾ ਜਾਂ ਮਤ ਜਾਂ ਫਿਰਕਾ ਉਨ੍ਹਾਂ ਨੇ ਆਪਣੇ ਲਈ ਚੁਣਿਆ ਹੁੰਦਾ ਹੈ। ਇਹ ਮੂਰਖਤਾ ਹੈ। ਕੀ ਤੁਸੀਂ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਹੋ ਜਾਂ ਤੁਸੀਂ ਰੂੜ੍ਹੀਵਾਦੀ ਬਣੇ ਰਹਿਣਾ ਚਾਹੁੰਦੇ ਹੋ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਤਾਂ ਫਿਰ ਕੀ ਇਸ ਦਾ ਅਰਥ ਇਹ ਹੋਇਆ ਕਿ ਰੂੜ੍ਹੀਵਾਦਤਾ ਮੁਕਤੀ ਪ੍ਰਾਪਤੀ ਹਿਤ ਉੱਕਾ ਹੀ ਲਾਹੇਵੰਦ ਨਹੀਂ ਹੈ?

**ਦਾਦਾਸ਼੍ਰੀ** : ਮੁਕਤੀ ਅਤੇ ਰੂੜ੍ਹੀਵਾਦਤਾ ਦਾ ਆਪਸ ਵਿਚ ਕੋਈ ਮੇਲ ਨਹੀਂ। ਵਿਅਕਤੀ ਮੁਕਤੀ ਦਾ ਰਸਤਾ ਤਾਂ ਹੀ ਲਭ ਸਕਦਾ ਹੈ ਜੇਕਰ ਉਹ ਸਾਰੇ ਪ੍ਰਕਾਰ ਦੇ ਨਜ਼ਰੀਆਂ ਤੋਂ ਉੱਪਰ ਉੱਠ ਖਲੋਵੇ। ਪਰਮਾਤਮਾ ਸਿਰਫ਼ ਉਥੇ ਹੀ ਹਾਜ਼ਰ ਹੈ ਜਿਥੇ ਕੋਈ ਵਿਤਕਰਾ ਨਹੀਂ; ਜਿਥੇ ਪੱਖ-ਪਾਤ ਨਹੀਂ ਹੈ, ਉਥੇ ਮੁਕਤੀ ਹੈ।

ਜਿਹੜਾ ਵਿਅਕਤੀ ਦੂਸਰਿਆਂ ਦੇ ਦ੍ਰਿਸ਼ਟੀਕੋਣ ਪ੍ਰਤੀ ਅੱਖਾਂ ਮੀਚ ਲੈਂਦਾ ਹੈ ਉਹ ਕਦੇ ਵੀ ਆਤਮ-ਪਹਿਚਾਣ ਪ੍ਰਾਪਤ ਨਹੀਂ ਕਰ ਸਕਦਾ। ਜੇਕਰ ਤੁਸੀਂ ਰੂੜ੍ਹੀਵਾਦੀ ਹੋ ਅਤੇ ਆਪਣੇ ਹੀ ਦ੍ਰਿਸ਼ਟੀਕੋਣ ਨੂੰ ਸਹੀ ਮੰਨ ਕੇ ਉਸ ਉਪਰ ਹੀ ਜ਼ੋਰ ਦਿੰਦੇ ਹੋ ਤਾਂ ਫਿਰ ਤੁਸੀਂ ਦੂਸਰਿਆਂ ਦੇ ਸੱਚ ਨੂੰ ਕਿਵੇਂ ਸਵੀਕਾਰ ਕਰੋਗੇ? ਕੀ ਤੁਹਾਡਾ ਅਨੁਰੋਧ ਕਿਸੇ ਸਦੀਵੀ ਵਸਤੂ ਉਪਰ ਹੈ ਜਾਂ ਅਸਥਿਰ ਵਸਤੂ ਉਪਰ? ਤੁਹਾਨੂੰ ਚਾਹੀਦੀ ਤਾਂ ਸਦੀਵੀ ਵਸਤੂ ਹੈ ਪਰੰਤੂ ਤੁਸੀਂ ਅਨੁਰੋਧ ਇਕ ਥੋੜ-ਚਿਰੀ ਵਸਤੂ ਹਿਤ ਕਰ ਰਹੇ ਹੋ। ਫਿਰ ਤੁਸੀਂ ਆਤਮ-ਪਹਿਚਾਣ ਕਿਵੇਂ ਪ੍ਰਾਪਤ ਕਰ ਸਕਦੇ ਹੋ?

ਆਪਣੀ ਆਤਮਾ ਤੋਂ ਸਿਵਾਇ ਹਰ ਵਸਤੂ ਉਪਰ ਅਨੁਰੋਧ ਕਰਨ ਤੋਂ ਮੁਕਤ ਹੋ ਜਾਉ। ਤਾਂ ਹੀ ਤੁਹਾਨੂੰ ਆਤਮ-ਪਹਿਚਾਣ ਪ੍ਰਾਪਤ ਹੋਵੇਗੀ। ਬਾਕੀ ਸਭ ਇੱਛਾਵਾਂ ਨੂੰ ਤਿਆਗ ਦਿਉ। ਸਿਰਫ਼ ਸਤਿ ਨੂੰ ਜਾਨਣ ਦੇ ਇੱਛੁਕ ਬਣ ਜਾਉ। ਇਸ ਤਰ੍ਹਾਂ ਕਰਨ ਨਾਲ ਹੀ ਤੁਸੀਂ ਅੰਤਮ ਸਤਿ ਦੀ ਪ੍ਰਾਪਤੀ ਕਰ ਸਕੋਗੇ।

## 117
## ਤੁਅੱਸਬ : ਦ੍ਰਿਸ਼ਟੀ-ਰਾਗ

**(ਇਕ ਵਿਸ਼ੇਸ਼ ਵਿਚਾਰਧਾਰਾ ਨਾਲ ਅਤਿ ਜ਼ਿਆਦਾ ਜੁੜੇ ਹੋਣਾ)**

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਕ ਵਿਸ਼ੇਸ਼ ਵਿਚਾਰਧਾਰਾ ਦਾ ਹੀ ਪੂਰਨ ਇਕਾਗਰਤਾ ਨਾਲ ਅਨੁਸਰਣ ਕਰਨ ਦੇ ਵਿਸ਼ੇ ਉਪਰ ਵਧੇਰੇ ਰੋਸ਼ਨੀ ਪਾਉ।

**ਦਾਦਾਸ਼੍ਰੀ** : ਮਤ-ਅੰਧਤਾ (ਦੂਸਰੇ ਦ੍ਰਿਸ਼ਟੀਕੋਣਾਂ ਪ੍ਰਤੀ ਪੂਰੀ ਤਰ੍ਹਾਂ ਗ਼ਾਫਿਲ ਹੋਣਾ) ਤਾਂ ਦ੍ਰਿਸ਼ਟੀ-ਰਾਗ (ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਨਾਲ ਅਤਿ ਦਾ ਲਗਾਵ) ਨਾਲੋਂ ਵੀ ਵਧੇਰੇ ਨੁਕਸਾਨਦੇਹ ਹੈ। ਇਹ ਕਿਹਾ ਜਾਂਦਾ ਹੈ ਕਿ ਪਰਮਾਤਮਾ ਅੰਧ-ਵਿਸ਼ਵਾਸ ਦੇ ਉਨਾ ਵਿਰੋਧ ਵਿਚ ਨਹੀਂ ਜਿਨਾ ਉਹ ਕਿਸੇ ਵਿਸ਼ੇਸ਼ ਪਰੰਪਰਾ ਪ੍ਰਤੀ ਤੁਅੱਸਬੀ ਲਗਾਉ ਦੇ ਵਿਰੁੱਧ ਹੈ।

**ਪ੍ਰਸ਼ਨ-ਕਰਤਾ** : ਦ੍ਰਿਸ਼ਟੀ-ਰਾਗ ਕੀ ਹੈ?

**ਦਾਦਾਸ਼੍ਰੀ** : ਦੇਖੋ, ਵਿਭਿੰਨ ਦ੍ਰਿਸ਼ਟੀਕੋਣ $360^\circ$ ਵਿਚ ਹਨ ਅਤੇ ਹਰ ਦ੍ਰਿਸ਼ਟੀਕੋਣ ਪ੍ਰਤੀ ਵੀ ਅਨੇਕ ਦ੍ਰਿਸ਼ਟੀਕੋਣ ਹਨ। ਇਨ੍ਹਾਂ ਵਿਚੋਂ ਕਿਸੇ ਵੀ ਦ੍ਰਿਸ਼ਟੀਕੋਣ ਪ੍ਰਤੀ ਹਠਧਰਮੀ ਵਾਲਾ ਲਗਾਵ ਦ੍ਰਿਸ਼ਟੀ-ਰਾਗ ਹੈ। ਜਦੋਂ ਕੋਈ ਵਿਅਕਤੀ ਗਿਆਨੀ ਪੁਰਸ਼ ਦੇ ਸੰਪਰਕ ਵਿਚ ਆ ਜਾਂਦਾ ਹੈ ਤਾਂ ਇਹ ਦ੍ਰਿਸ਼ਟੀ-ਰਾਗ ਖ਼ਤਮ ਹੋ ਜਾਂਦਾ ਹੈ।

ਕਿਸੇ ਵੀ ਵਿਅਕਤੀ ਦੇ ਮਾਮਲੇ ਵਿਚ ਦ੍ਰਿਸ਼ਟੀ-ਰਾਗ ਉਸ ਦੇ ਅਤੇ ਆਤਮਾ ਦੇ

ਵਿਚਕਾਰ ਇਕ ਦੀਵਾਰ ਹੈ। ਦੁਨਿਆਵੀ ਜੀਵਨ ਪ੍ਰਤੀ ਰਾਗ ਅਤੇ ਦਵੇਸ਼ ਦੀ ਭਾਵਨਾ ਤਾਂ ਖ਼ਤਮ ਹੋ ਜਾਵੇਗੀ ਪਰੰਤੂ ਦ੍ਰਿਸ਼ਟੀ-ਰਾਗ ਦਾ ਕੋਈ ਇਲਾਜ ਨਹੀਂ। ਇਹ ਰੋਗ ਇਸ ਜਨਮ ਵਿਚ ਖ਼ਤਮ ਨਹੀਂ ਹੁੰਦਾ ਅਤੇ ਨਾ ਹੀ ਇਹ ਆਉਣ ਵਾਲੇ ਅਨੰਤ ਜਨਮਾਂ ਦੇ ਚੱਕਰ ਵਿਚ ਹੁੰਦਾ ਹੈ। ਦ੍ਰਿਸ਼ਟੀ-ਰਾਗ ਦੀਆਂ ਨਿਸ਼ਾਨੀਆਂ ਕੀ ਹਨ? ਇਸ ਅੰਦਰ ਵਿਤਰਾਗ - ਕਿਸੇ ਵੀ ਕਿਸਮ ਦੇ ਲਗਾਵ ਤੋਂ ਉਪਰ ਉਠਣ ਵਾਲਾ ਇਕ ਵੀ ਗੁਣ ਜਾਂ ਵਿਸ਼ੇਸ਼ਤਾ ਨਹੀਂ ਹੁੰਦੀ। ਵਿਤਰਾਗ ਤਾਂ ਇਕ ਗਿਆਨਵਾਨ ਦ੍ਰਿਸ਼ਟੀਕੋਣ ਦੀ ਅਵਸਥਾ ਹੈ।

ਜਿਹੜਾ ਵਿਅਕਤੀ ਦ੍ਰਿਸ਼ਟੀ-ਰਾਗ ਤੋਂ ਪੀੜਿਤ ਹੈ ਉਹ ਮੇਰੀ ਇਕ ਵੀ ਗੱਲ ਨੂੰ ਨਹੀਂ ਸਮਝੇਗਾ ਜਦੋਂ ਕਿ ਇਕ ਅਨਪੜ੍ਹ ਵਿਅਕਤੀ ਵੀ ਮੇਰੀ ਗੱਲ ਨੂੰ ਸਮਝ ਲੈਂਦਾ ਹੈ।

ਦ੍ਰਿਸ਼ਟੀ-ਰਾਗ ਤਾਂ ਹਰ ਕਿਸਮ ਦੇ ਲਗਾਵ ਦੀ ਮਾਂ ਹੈ। ਜਦੋਂ ਕੋਈ ਵਿਅਕਤੀ ਇਸ ਨੂੰ ਜੜੋ ਖ਼ਤਮ ਕਰਨ ਵਿਚ ਸਫ਼ਲ ਹੋ ਜਾਂਦਾ ਹੈ ਤਾਂ ਹੀ ਉਹ ਆਤਮ-ਪਹਿਚਾਣ ਪ੍ਰਾਪਤ ਕਰ ਸਕਦਾ ਹੈ।

## 118
## ਦੁਸ਼ਮਣੀ ਅਤੇ ਬਦਲਾ

**ਪ੍ਰਸ਼ਨ-ਕਰਤਾ** : ਜਿਹੜਾ ਸੱਪ ਸਾਨੂੰ ਕੱਟਣ ਲਈ ਆਉਂਦਾ ਹੈ ਕੀ ਅਸੀਂ ਉਸ ਨੂੰ ਵੀ ਨਾਂ ਮਾਰੀਏ?

**ਦਾਦਾਸ਼੍ਰੀ** : ਅਜਿਹੇ ਸੱਪ ਨੂੰ ਮਾਰਨ ਨਾਲੋਂ ਬੇਹਤਰ ਹੋਵੇਗਾ ਕਿ ਅਸੀਂ ਉਸ ਦੇ ਰਸਤੇ ਤੋਂ ਲਾਂਭੇ ਹਟ ਜਾਈਏ। ਜੇ ਤੁਸੀਂ ਰੇਲ ਗੱਡੀ ਜਾਂ ਬੱਸ ਨੂੰ ਤੁਹਾਡੇ ਵੱਲ ਤੇਜ ਚਾਲ ਆਉਂਦਿਆਂ ਦੇਖੋ ਤਾਂ ਤੁਸੀਂ ਕੀ ਕਰੋਗੇ? ਤੁਸੀਂ ਇਕ ਦਮ ਪਿਛੇ ਹਟੋਗੇ ਅਤੇ ਉਸ ਦੇ ਰਾਹ ਤੋਂ ਲਾਂਭੇ ਹਟ ਜਾਉਗੇ।

ਸੱਪ ਵੀ ਪੰਜ ਇੰਦਰੀਆਂ ਵਾਲਾ ਇਕ ਜੀਵ ਹੈ। ਜੇ ਤੁਸੀਂ ਇਸ ਨੂੰ ਮਾਰਨ ਦਾ ਯਤਨ ਕਰੋਗੇ ਤਾਂ ਇਹ ਤੁਹਾਡੇ ਪ੍ਰਤੀ ਬਦਲੇ ਦੀ ਭਾਵਨਾ ਦ੍ਰਿੜ ਕਰ ਲਵੇਗਾ। ਸੱਪ ਮਹਿਸੂਸ ਕਰੇਗਾ ਕਿ ਤੁਸੀਂ ਉਸ ਨੂੰ ਬਿਨਾਂ ਉਸ ਦੀ ਕਿਸੇ ਗਲਤੀ ਦੇ ਮਾਰ ਰਹੇ ਹੋ। ਸੋ, ਅਗਲੇ ਜਨਮ ਵਿਚ ਉਹ ਤੁਹਾਨੂੰ ਮਾਰੇਗਾ।

**ਪ੍ਰਸ਼ਨ-ਕਰਤਾ** : ਤਾਂ ਫਿਰ ਕੀ ਅਸੀਂ ਆਪਣੇ ਘਰ ਅੰਦਰ ਕੀੜੇ-ਮਕੌੜਿਆਂ , ਆਦਿ ਨੂੰ ਵੀ ਨਾਂ ਮਾਰੀਏ?

**ਦਾਦਾਸ਼੍ਰੀ** : ਸਾਰੇ ਸੰਸਾਰ ਦੀ ਉਤਪਤੀ ਹੀ ਬਦਲੇ ਦੀ ਭਾਵਨਾ 'ਚੋਂ ਹੋਈ ਹੈ। ਇਥੋਂ ਤੱਕ ਕਿ ਇਹ ਨਿੱਕੀ ਜਿਹੀ ਕੀੜੀ ਵੀ ਮਹਿਸੂਸ ਕਰਦੀ ਹੈ ਕਿ ਜੇ ਇਸ ਅੰਦਰ ਸਮਰਥਾ ਹੋਵੇ ਤਾਂ ਇਹ

ਤੁਹਾਨੂੰ ਪਰੇਸ਼ਾਨ ਜ਼ਰੂਰ ਕਰੇ। ਤੁਸੀਂ ਵੇਖਦੇ ਹੀ ਹੋ ਕਿ ਜਿਉਂ ਹੀ ਤੁਸੀਂ ਬੱਲਬ ਜਗਾਉਂਦੇ ਹੋ ਤਾਂ ਇਕ ਖਟਮਲ ਕਿਵੇਂ ਗੁੱਸੇ ਹੁੰਦਾ ਹੈ, ਡਰ ਜਾਂਦਾ ਹੈ ਅਤੇ ਦੌੜ ਜਾਂਦਾ ਹੈ। ਇਕ ਪਾਸੇ ਤਾਂ ਇਹ ਡਰਦਾ ਹੈ ਕਿ ਤੁਸੀਂ ਇਸ ਨੂੰ ਮਾਰ ਦਿਉਗੇ ਅਤੇ ਦੂਜੇ ਪਾਸੇ ਉਹ ਇਹ ਵੀ ਸੋਚਦਾ ਹੈ ਕਿ ਉਹ ਤਾਂ ਆਪਣੀ ਖ਼ੁਰਾਕ ਹੀ ਖਾ ਰਿਹਾ ਹੈ ਅਤੇ ਆਪਣਾ ਖਾਣਾ ਖਾਣ ਦੇ ਕਾਰਨ ਮੈਨੂੰ ਕਿਉਂ ਮਾਰਿਆ ਜਾਵੇ? ਇਹ ਖਟਮਲ ਤੁਹਾਡਾ ਖ਼ੂਨ ਚੂਸਦਾ ਹੈ ਕਿ ਉਸ ਦਾ ਤੁਹਾਡੇ ਨਾਲ ਪੁਰਾਣੇ ਕਰਮਾਂ ਦਾ ਕੋਈ ਲੇਖਾ ਬਾਕੀ ਹੈ।

ਬੰਧਨ ਦੋ ਪ੍ਰਕਾਰ ਦਾ ਹੁੰਦਾ ਹੈ – ਪਿਆਰ ਦਾ ਅਤੇ ਬਦਲੇ ਦਾ। ਪਿਆਰ ਦੀ ਪ੍ਰਸ਼ੰਸਾ ਹੁੰਦੀ ਹੈ, ਪੂਜਾ ਹੁੰਦੀ ਹੈ ਅਤੇ ਸਤਿਕਾਰ ਹੁੰਦਾ ਹੈ ਪਰੰਤੂ ਬਦਲੇ ਦੀ ਭਾਵਨਾ ਸੰਸਾਰ ਨੂੰ ਬੰਨ੍ਹ ਕੇ ਰਖਦੀ ਹੈ। ਸੁਭਾਅ ਪੱਖੋਂ ਹੀ ਪ੍ਰੇਮ ਅਤੇ ਮੋਹ ਬੰਧਨ 'ਚਿਪਕੇ' ਰਹਿੰਦੇ ਹਨ ਪਰੰਤੂ ਅੰਤ ਨੂੰ ਇਹ 'ਸੁੱਕ' ਸਕਦੇ ਹਨ। ਦੁਸ਼ਮਣੀ ਅਤੇ ਬਦਲੇ ਦੀ ਭਾਵਨਾ ਵਿਚ ਇਸ ਤਰ੍ਹਾਂ ਨਹੀਂ ਹੁੰਦਾ। ਬਦਲੇ ਦੀ ਭਾਵਨਾ ਦਿਨੋ-ਦਿਨ ਤਿੱਖੀ ਅਤੇ ਵਧੇਰੇ ਤਾਕਤਵਰ ਹੁੰਦੀ ਜਾਂਦੀ ਹੈ।

## 119

## ਦੁਨਿਆਵੀ ਜੀਵਨ ਦੇ ਸਮੁੰਦਰ ਵਿਚ ਤਰੰਗਾਂ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਡੇ ਲਈ ਦੁਨਿਆਵੀ ਜੀਵਨ ਦੇ ਰਸਤੇ ਵਿਚ ਆਉਣ ਵਾਲੀਆਂ ਤਰੰਗਾਂ ਉਪਰ ਚਾਨਣਾ ਪਾਉ।

**ਦਾਦਾਸ਼੍ਰੀ** : ਦੁਨਿਆਵੀ ਜੀਵਨ ਪਰਮਾਣੂਆਂ ਦਾ ਇਕ ਸਮੁੰਦਰ ਹੈ। ਜਦੋਂ ਇਨ੍ਹਾਂ ਪਰਮਾਣੂਆਂ ਵਿਚ ਤਰੰਗ ਪੈਦਾ ਹੁੰਦੀ ਹੈ ਤਾਂ ਉਹ ਲਹਿਰਾਂ ਪੈਦਾ ਕਰ ਦਿੰਦੇ ਹਨ ਅਤੇ ਇਹ ਲਹਿਰਾਂ ਇਕ ਦੂਜੇ ਦੇ ਵਿਰੁੱਧ ਵਜਦੀਆਂ ਰਹਿੰਦੀਆਂ ਹਨ। ਲਹਿਰਾਂ ਦਾ ਇਹ ਆਪਸੀ ਟਕਰਾਅ ਹੋਰ ਵਧੇਰੇ ਤਰੰਗਾਂ ਪੈਦਾ ਕਰਦਾ ਹੈ ਜਿਸ ਕਾਰਨ ਹੋਰ ਲਹਿਰਾਂ ਪੈਦਾ ਹੁੰਦੀਆਂ ਹਨ ਅਤੇ ਅਖ਼ੀਰ ਇਹ ਸਭ ਇਕ ਤੂਫ਼ਾਨ ਨੂੰ ਜਨਮ ਦਿੰਦਾ ਹੈ। ਇਨ੍ਹਾਂ ਸਾਰੀਆਂ ਤਰੰਗਾਂ ਦੀ ਉਤਪਤੀ ਦਾ ਮੂਲ ਪਰਮਾਣੂੰ ਹੀ ਹੁੰਦੇ ਹਨ। ਜੇਕਰ ਜੀਵ ਦਾ ਸਵੈ ਇਨ੍ਹਾਂ ਵਿਚ ਖਚਿਤ ਹੋ ਜਾਂਦਾ ਹੈ ਤਾਂ ਇਹ ਤਰੰਗਾਂ ਹੋਰ ਵਧੇਰੇ ਸ਼ਕਤੀਸ਼ਾਲੀ ਹੋ ਜਾਂਦੀਆਂ ਹਨ। ਇਹ ਸੰਸਾਰ ਵੀ ਇਕ ਸਮੁੰਦਰ ਦੀ ਨਿਆਈਂ ਹੀ ਹੈ। ਇਕ ਤਰੰਗ ਹੋਰ ਅਨੇਕਾਂ ਹੀ ਤਰੰਗਾਂ ਨੂੰ ਜਨਮ ਦੇਵੇਗੀ। ਸਮੁੱਚੇ ਸੰਸਾਰ ਦੀ ਉਤਪਤੀ ਹੀ ਇਨ੍ਹਾਂ ਤਰੰਗਾਂ, ਇਨ੍ਹਾਂ ਲਹਿਰਾਂ ਦੀ ਗੂੰਜ ਵਿਚੋਂ ਹੋਈ ਹੈ। ਹਰ ਪ੍ਰਕਾਰ ਦੀ ਗੂੰਜ ਹੀ ਠੀਕ ਹੈ ਅਤੇ ਇਹ ਸਾਰੀਆਂ ਗੂੰਜਾਂ ਇਕ ਲੈਅ ਵਿਚ ਸੁਣਾਈ ਦਿੰਦੀਆਂ ਹਨ।

**ਪ੍ਰਸ਼ਨ-ਕਰਤਾ** : ਇਹ ਤਰੰਗਾਂ ਪੈਦਾ ਕਿਵੇਂ ਹੁੰਦੀਆਂ ਹਨ?

**ਦਾਦਾਸ਼੍ਰੀ** : ਜੇਕਰ ਤੁਸੀਂ ਇਕ ਬਾਉਲੀ ਦੇ ਵਿਚ ਹੇਠਾਂ ਉਤਰ ਜਾਂਦੇ ਹੋ ਅਤੇ ਬਹੁਤ ਉੱਚੀ ਆਵਾਜ਼ ਵਿਚ ਕਹਿੰਦੇ ਹੋ ਕਿ "ਤੂੰ ਚੋਰ ਹੈ" ਤਾਂ ਕੀ ਹੋਵੇਗਾ? "ਤੂੰ ਚੋਰ ਹੈ" ਸ਼ਬਦਾਂ ਦੀ ਗੂੰਜ ਵਾਰ-ਵਾਰ ਤੁਹਾਡੇ ਕੰਨਾਂ ਵਿਚ ਪਵੇਗੀ। ਅਤੇ ਜੇ ਤੁਸੀਂ ਉੱਚੀ ਆਵਾਜ਼ ਵਿਚ ਕਹਿੰਦੇ ਹੋ ਕਿ "ਤੂੰ ਬਾਦਸ਼ਾਹ ਹੈ" ਤਾਂ ਇਹੋ ਸ਼ਬਦ ਗੂੰਜਣਗੇ ਅਤੇ ਤੁਹਾਨੂੰ ਸੁਣਾਈ ਦੇਣਗੇ। "ਤੂੰ ਬਾਦਸ਼ਾਹ ਹੈ" ਸ਼ਬਦਾਂ ਦੀ ਗੂੰਜ ਵੀ ਇਹੋ ਹੋਵੇਗੀ - "ਤੂੰ ਬਾਦਸ਼ਾਹ ਹੈ"। ਇਹ ਸੰਸਾਰ ਵੀ ਇਕ ਬਾਉਲੀ ਦੀ ਤਰ੍ਹਾਂ ਹੈ। ਇਹ ਗੂੰਜ ਜਿਹੜੀ ਤੁਸੀਂ ਸੁਣਦੇ ਹੋ ਇਹ ਤੁਹਾਡੇ ਦੁਆਰਾ ਪੈਦਾ ਕੀਤੀਆਂ ਗਈਆਂ ਤਰੰਗਾਂ ਉਪਰ ਨਿਰਭਰ ਕਰਦੀ ਹੈ।

ਇਹ ਕੁਦਰਤ ਦਾ ਕਾਨੂੰਨ ਹੈ: 'ਕ੍ਰਿਆ ਅਤੇ ਪ੍ਰਤਿਕ੍ਰਿਆ ਸਮਾਨ ਅਤੇ ਵਿਰੋਧਾਤਮਕ ਹੁੰਦੀਆਂ ਹਨ। ਹੁਣ ਇਹ ਤੁਹਾਡੇ ਉਪਰ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਪ੍ਰਕਾਰ ਦੀ ਗੂੰਜ ਨੂੰ ਸੁਨਣਾ ਪਸੰਦ ਕਰਦੇ ਹੋ। ਜੇਕਰ ਤੁਸੀਂ ਦੂਸਰੇ ਨੂੰ ਚੋਰ ਕਹੋਗੇ ਤਾਂ ਤੁਹਾਨੂੰ ਵੀ ਇਹੋ ਸੁਨਣ ਨੂੰ ਮਿਲੇਗਾ। ਤੁਸੀਂ ਕੀ ਸੁਨਣਾ ਚਾਹੁੰਦੇ ਹੋ ਇਹ ਪੂਰੀ ਤਰ੍ਹਾਂ ਤੁਹਾਡੇ ਆਪਣੇ ਉਪਰ ਨਿਰਭਰ ਕਰਦਾ ਹੈ। ਇਸ ਲਈ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇਹ ਸਾਰਾ ਸੋਚ-ਵਿਚਾਰ ਕਰਕੇ ਹੀ ਤਰੰਗਾਂ ਪੈਦਾ ਕਰੋ। ਜੇਕਰ ਤੁਸੀਂ ਪਾਣੀ ਵਿਚ ਪੱਥਰ ਨਹੀਂ ਸੁੱਟੋਗੇ ਤਾਂ ਉਥੇ ਤਰੰਗਾਂ ਪੈਦਾ ਹੀ ਨਹੀਂ ਹੋਣਗੀਆਂ। ਇੰਝ ਵਿਰੋਧੀ ਵਿਅਕਤੀ ਅੰਦਰ ਲਹਿਰਾਂ ਪੈਦਾ ਹੀ ਨਹੀਂ ਹੋਣਗੀਆਂ ਅਤੇ ਇਹ ਸਾਨੂੰ ਵੀ ਪ੍ਰਭਾਵਿਤ ਨਹੀਂ ਕਰਨਗੀਆਂ। ਪਰੰਤੂ ਵਿਅਕਤੀ ਕੀ ਕਰ ਸਕਦਾ ਹੈ? ਹਰ ਕੋਈ ਤਰੰਗਾਂ ਉਤਪੰਨ ਕਰਦਾ ਹੈ: ਕੋਈ ਛੋਟੀਆਂ ਤਰੰਗਾਂ ਪੈਦਾ ਕਰਦਾ ਹੈ ਅਤੇ ਕੋਈ ਵੱਡੀਆਂ। ਕਈ ਵਿਅਕਤੀ ਛੋਟਾ ਪੱਥਰ ਸੁਟਦੇ ਹਨ ਅਤੇ ਕਈ ਵੱਡਾ ਪੱਥਰ ਸੁਟਦੇ ਹਨ।

ਅਗਿਆਨਤਾ ਦੇ ਪੜਦੇ ਦੇ ਕਾਰਨ ਇਨ੍ਹਾਂ ਤਰੰਗਾਂ ਦੀ ਉਤਪਤੀ ਹੁੰਦੀ ਹੈ ਅਤੇ ਇਹੋ ਕਾਰਨ ਹੈ ਕਿ ਵਿਅਕਤੀ ਸ਼ਿਕਾਰ ਹੋ ਜਾਂਦਾ ਹੈ। ਜਿਥੇ ਗਿਆਨ ਹੈ ਉਥੇ ਤਰੰਗਾਂ ਦੀ ਹੋਂਦ ਨਹੀਂ ਹੁੰਦੀ। ਪਰਮਾਤਮਾ ਦਾ ਹੁਕਮ ਹੈ ਕਿ 'ਤਰੰਗਾਂ ਪੈਦਾ ਨਾ ਕਰੋ ਪਰੰਤੂ ਵਿਅਕਤੀ ਤਰੰਗਾਂ ਨੂੰ ਉਤਪੰਨ ਕਰਨ ਤੋਂ ਬਾਜ ਹੀ ਨਹੀਂ ਆਉਂਦਾ.... ਜੇਕਰ ਅਸੀਂ ਸ਼ਾਂਤਮਈ ਢੰਗ ਨਾਲ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਤਰੰਗਾਂ ਪੈਦਾ ਕਰਨੀਆਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ।'

ਜੇ ਤੁਸੀਂ ਬਹੁਤ ਸਾਰੀਆਂ ਤਰੰਗਾਂ ਇਕੱਠੀਆਂ ਕਰ ਲੈਂਦੇ ਹੋ ਤਾਂ ਇਸ ਦਾ ਭਾਵ ਇਹ ਹੋਇਆ ਕਿ ਤੁਸੀਂ ਆਪਣੇ ਜੀਵਨ ਨੂੰ ਨਰਕ ਬਣਾ ਲੈਂਦੇ ਹੋ। ਹਲਕੀਆਂ ਤਰੰਗਾਂ ਵਾਲੇ ਵਿਅਕਤੀ ਦੈਵੀ, ਅਨੰਦਮਈ ਜੀਵਨ ਬਤੀਤ ਕਰਦੇ ਹਨ। ਇਹ ਸਮੁੰਦਰ ਨਹੀਂ ਜਿਹੜਾ ਸਾਨੂੰ ਤਕਲੀਫ਼ ਦਿੰਦਾ ਹੈ ਬਲਕਿ ਤਰੰਗਾਂ ਹਨ, ਲਹਿਰਾਂ ਹਨ ਜਿਹੜੀਆਂ ਅਸੀਂ ਖ਼ੁਦ ਪੱਥਰ ਸੁੱਟ ਕੇ ਪੈਦਾ ਕਰਦੇ ਹਾਂ। ਸਮੁੰਦਰ ਤਾਂ ਸ਼ਾਂਤ ਹੁੰਦਾ ਹੈ ਪਰੰਤੂ ਸਾਡੇ ਦੁਆਰਾ ਪੈਦਾ ਕੀਤੀਆਂ ਇਹ ਲਹਿਰਾਂ ਇਸ ਨੂੰ ਤੂਫ਼ਾਨੀ ਬਣਾ ਦਿੰਦੀਆਂ ਹਨ।

ਪਰਮਾਤਮਾ ਦਾ ਕੀ ਆਦੇਸ਼ ਹੈ? ਅਸੀਂ ਆਪਣੇ ਆਪ ਲਈ ਇਕ ਪਲ ਵੀ ਖ਼ਰਚ ਨਹੀਂ ਕਰਦੇ: ਇਨ੍ਹਾਂ ਤਰੰਗਾਂ, ਇਨ੍ਹਾਂ ਲਹਿਰਾਂ ਨੂੰ ਪੈਦਾ ਕਰਨ ਲਈ ਵੀ ਸਮਾਂ ਬਿਲਕੁਲ ਨਾ ਦਿਉ। ਲੋਕ ਇਹ ਤਰੰਗਾਂ ਪੈਦਾ ਕਰਦੇ ਹਨ, ਇਸ ਲਈ ਅਸੀਂ ਵੀ ਕਰਦੇ ਜਾ ਰਹੇ ਹਾਂ। ਇਸ ਲਈ ਨਾ ਤੁਸੀਂ ਤੈਰ ਸਕਦੇ ਹੋ ਅਤੇ ਨਾ ਹੀ ਡੁੱਬ ਸਕਦੇ ਹੋ।

ਸਰੀਰ ਦੀਆਂ ਤਰੰਗਾਂ ਤੁਹਾਡੇ ਲਈ ਬੰਧਨ ਨਹੀ਼ ਹਨ ਅਤੇ ਨਾ ਹੀ ਇਹ ਤੁਹਾਡੇ ਲਈ ਨੁਕਸਾਨਦੇਹ ਹਨ। ਪਰੰਤੂ ਮਨ ਅਤੇ ਬਚਨ ਦੀਆਂ ਤਰੰਗਾਂ ਤੁਹਾਡੇ ਲਈ ਬੰਧਨ ਹਨ ਅਤੇ ਤੁਹਾਡੇ ਲਈ ਨੁਕਸਾਨਦੇਹ ਵੀ ਹਨ। ਇਨ੍ਹਾਂ ਲਹਿਰਾਂ ਨੂੰ ਪਰਮਾਤਮਾ ਨੇ ਇਨ੍ਹਾਂ ਤਰੰਗਾਂ ਨੂੰ ਸਮਰੰਭ (ਕਿਸੇ ਵੀ ਵਿਚਾਰ ਦਾ ਆਰੰਭ; ਪਹਿਲਾ ਖਿਆਲ), ਸਮਾਰੰਭ (ਫੈਸਲਾ ਲੈਣ ਦੀ ਪ੍ਰਕ੍ਰਿਆ ਦੀ ਸ਼ੁਰੂਆਤ ਅਤੇ ਉਸ ਫੈਸਲੇ ਨੂੰ ਸ਼ਬਦਾਂ ਦਾ ਰੂਪ ਦੇਣਾ) ਅਤੇ ਆਰੰਭ (ਸਪਸ਼ਟ ਕ੍ਰਿਆ) ਕਿਹਾ ਹੈ। ਮਨ ਅੰਦਰ ਤਰੰਗਾਂ ਦੀ ਪਹਿਲੀ ਦਸਤਕ ਹੈ ਸਮਰੰਭ। ਉਦਾਹਰਣ ਦੇ ਲਈ, ਜਦੋਂ ਤੁਸੀਂ ਪਹਿਲਾਂ ਚਰਚਗੇਟ ਜਾਣ ਬਾਰੇ ਸੋਚਦੇ ਹੋ ਤਾਂ ਇਹ 'ਸਮਰੰਭ' ਹੈ। ਫਿਰ ਤੁਸੀਂ ਉਥੇ ਜਾਣ ਦਾ ਫੈਸਲਾ ਕਰਦੇ ਹੋ ਤਾਂ ਤੁਸੀਂ ਬੀਜ ਬੋ ਦਿੰਦੇ ਹੋ: ਇਹ 'ਸਮਾਰੰਭ' ਹੈ। ਜਦੋਂ ਤੁਸੀਂ ਉਸ ਫੈਸਲੇ ਨੂੰ ਅਮਲੀ ਜਾਮ ਪਹਿਨਾਉਣਾ ਸ਼ੁਰੂ ਕਰ ਦਿੰਦੇ ਹੋ ਅਤੇ ਚਰਚਗੇਟ ਵੱਲ ਆਪਣੀ ਯਾਤਰਾ ਸ਼ੁਰੂ ਕਰ ਦਿੰਦੇ ਹੋ ਤਾਂ ਇਸ ਨੂੰ 'ਆਰੰਭ' ਕਿਹਾ ਜਾਂਦਾ ਹੈ। ਜੀਵਨ ਦੀ ਇਸ ਪਹੇਲੀ ਨੂੰ ਕਿਵੇਂ ਹੱਲ ਕੀਤਾ ਜਾਵੇ?

ਜਦੋਂ ਮਨ ਮਹਿਸੂਸ ਕਰਦਾ ਹੈ ਕਿ ਉਸ ਦਾ ਅਨਾਦਰ ਜਾਂ ਤਿਰਸਕਾਰ ਹੋਇਆ ਹੈ ਤਾਂ ਕੀ ਹੁੰਦਾ ਹੈ? ਇਹ ਸਾਡੇ ਆਪਣੀ ਲਈ ਵੀ ਅਤੇ ਦੂਸਰਿਆਂ ਉਪਰ ਵੀ ਲਾਗੂ ਹੁੰਦੀ ਹੈ। ਅਨਾਦਰ ਅਤੇ ਤਿਰਸਕਾਰ ਦੀ ਭਾਵਨਾ ਉਨ੍ਹਾਂ ਵਿਅਕਤੀਆਂ ਲਈ ਬਹੁਤ ਤਿੱਖੀ ਹੁੰਦੀ ਹੈ ਜਿਨ੍ਹਾਂ ਨੇ ਇਸ ਦੁਨਿਆਵੀ ਜੀਵਨ ਨੂੰ ਤਿਆਗ ਦਿੱਤਾ ਹੁੰਦਾ ਹੈ। ਪਰੰਤੂ ਇਕ ਵਿਤਰਾਗ (ਭਾਵ ਜਿਹੜਾ ਵਿਅਕਤੀ ਹਰ ਕਿਸਮ ਦੇ ਰਾਗ ਅਤੇ ਦਵੇਸ਼ ਤੋਂ ਉਪਰ ਉਠ ਚੁੱਕਿਆ ਹੁੰਦਾ ਹੈ) ਦਾ ਭਾਵੇਂ ਕਿੰਨਾ ਵੀ ਅਨਾਦਰ ਜਾਂ ਤਿਰਸਕਾਰ ਹੋਵੇ ਉਹ ਤਰੰਗਾਂ ਨੂੰ ਬਿਲਕੁਲ ਹੀ ਪੈਦਾ ਨਹੀਂ ਹੋਣ ਦੇਵੇਗਾ।

**ਪ੍ਰਸ਼ਨ-ਕਰਤਾ** : ਸਾਡੀਆਂ ਇਨ੍ਹਾਂ ਤਰੰਗਾਂ ਦਾ ਨਤੀਜਾ ਕੀ ਨਿਕਲਦਾ ਹੈ?

**ਦਾਦਾਸ਼੍ਰੀ** : ਵਿਅਕਤੀ ਆਪਣੇ ਹੀ ਮਨ ਦੁਆਰਾ ਬੁਣੇ ਜਾਨ ਵਿਚ ਉਲਝ ਕੇ ਰਹਿ ਜਾਂਦਾ ਹੈ। ਇਸ ਤੋਂ ਵੀ ਵੱਧ, ਜਦੋਂ ਉਸ ਦੀ ਸ਼ਾਂਦੀ ਹੋ ਜਾਦੀ ਹੈ ਤਾਂ ਉਹ ਇਕ ਹੋਰ ਮਨ-ਸਰੀਰ-ਬਚਨ-ਹਉਮੈਂ ਦੇ ਸਮੂਹ (ਮਿਸ਼ਰ-ਚੇਤਨ) ਨਾਲ ਬੱਝ ਕੇ ਫਸ ਜਾਂਦਾ ਹੈ ਹਾਲਾਂ ਕਿ ਇਹ ਦੂਸਰਾ ਮਿਸ਼ਰ-ਚੇਤਨ ਉਸ ਦਾ ਆਪਣਾ ਨਹੀਂ ਹੁੰਦਾ। ਜਦੋਂ ਤੁਹਾਡਾ ਤੁਹਾਡੇ ਆਪਣੇ ਪਿਤਾ ਨਾਲ ਕੋਈ (ਵਿਰੋਧ ਜਾਂ ਕਲੇਸ਼ ਪੈਦਾ ਹੋ ਜਾਂਦਾ ਹੈ ਤਾਂ ਫਿਰ ਇਹ ਪਤਨੀ ਨਾਲ ਕਿਉਂ ਨਹੀਂ ਹੋਵੇਗਾ? ਪਤਨੀ ਤਾਂ

ਮਨ-ਸਰੀਰ-ਬਚਨ-ਹਉਮੈਂ ਦਾ ਮਿਸ਼ਰ-ਚੇਤਨ ਹੈ। ਇਥੇ ਤੁਹਾਨੂੰ ਕੀ ਕਰਨਾ ਚਾਹੀਦਾ ਹੈ? ਤੁਸੀਂ ਸਾਰੀਆਂ ਤਰੰਗਾਂ ਨੂੰ ਖ਼ਤਮ ਕਰ ਦਿਉ। ਪਿਤਾ ਦੇ ਨਾਲ ਇਹ ਤਰੰਗਾਂ ਨੂੰ ਸਵੀਕਾਰ ਕੀਤਾ ਜਾ ਸਕਦਾ ਹੈ ਪਰੰਤੂ ਤੁਹਾਡੇ ਪਤੀ ਜਾਂ ਪਤਨੀ ਦੇ ਮਾਮਲੇ ਵਿਚ ਨਹੀਂ। ਇਨ੍ਹਾਂ ਤਰੰਗਾਂ ਤੋਂ ਤੁਹਾਨੂੰ ਕੀ ਲਾਭ ਹੋਵੇਗਾ? ਕੁਝ ਵੀ ਨਹੀਂ। ਤੁਸੀਂ ਵੇਖੋ, ਇਸ ਸੰਸਾਰ ਵਿਚ ਤਰੰਗਾਂ ਦਾ ਉਤਪੰਨ ਹੋਣਾ ਕਦੇ ਵੀ ਬੰਦ ਨਹੀਂ ਹੁੰਦਾ।

ਇਹ ਵਿਅਕਤੀ ਦੀ ਜੀਭ ਅਤੇ ਉਸਦੇ ਬੋਲ ਹਨ ਜਿਹੜੇ ਪੈਦਾ ਕਰਦੇ ਅਤੇ ਖ਼ਤਮ ਕਰਦੇ ਹਨ, ਖ਼ਤਮ ਕਰਦੇ ਹਨ ਅਤੇ ਪੈਦਾ ਕਰਦੇ ਹਨ। ਇਹ ਕਿਸ ਕਾਰਨ ਕਰਕੇ ਹੈ? ਇਹ ਤੁਹਾਡੇ ਪਿਛਲੇ ਜਨਮਾਂ ਦੇ ਅਹੰਕਾਰ ਦੇ ਕਾਰਨ ਹੈ, ਇਹ ਉਸ ਹਉਮੈ ਦੇ ਕਾਰਨ ਹੈ ਜਿਹੜੀ ਤੁਹਾਡੀ ਜੀਭ 'ਚੋਂ ਨਿਕਲੇ ਸ਼ਬਦਾਂ ਰਾਹੀਂ ਬਾਹਰ ਆਉਂਦੀ ਹੁੰਦੀ ਹੈ ਅਤੇ ਤਰੰਗਾਂ ਪੈਦਾ ਹੁੰਦੀਆਂ ਹਨ। ਅੱਜ ਜਿੰਨੇ ਵੀ ਦੁੱਖ ਅਸੀਂ ਭੋਗ ਰਹੇ ਹਾਂ ਉਨ੍ਹਾਂ ਵਿਚੋਂ ਬਹੁਤੇ ਸਾਡੇ ਬੋਲਾਂ ਦੁਆਰਾ ਪੈਦਾ ਕੀਤੀਆਂ ਤਰੰਗਾਂ ਦੇ ਕਾਰਨ ਹਨ।

**ਪ੍ਰਸ਼ਨ-ਕਰਤਾ** : ਫਿਰ ਇਹ ਤਰੰਗਾਂ ਘੱਟ ਜਾਂ ਕਮਜ਼ੋਰ ਕਿਵੇਂ ਹੋਣਗੀਆਂ?

**ਦਾਦਾਸ਼੍ਰੀ** : ਇਨ੍ਹਾਂ ਤਰੰਗਾਂ ਬਾਰੇ ਸੰਸਾਰ ਵਿਚ ਅਗਿਆਨਤਾ ਦਾ ਬੋਲ-ਬਾਲਾ ਹੈ। ਜੇ ਤੁਹਾਡੇ ਪਾਸ ਸਹੀ ਗਿਆਨ ਹੈ ਅਤੇ ਜੇ ਉਸ ਤੋਂ ਬਾਅਦ ਵੀ ਤਰੰਗਾਂ ਉਠਦੀਆਂ ਹਨ ਤਾਂ ਇਨ੍ਹਾਂ ਦਾ ਕੋਈ ਨੁਕਸਾਨ ਨਹੀਂ। ਦੈਵੀ ਬਚਨ ਹਨ: 'ਇਨ੍ਹਾਂ ਤਰੰਗਾਂ ਦਾ ਕਾਰਨ ਨਾ ਬਣੋ'। ਇਸ ਸਰੀਰ ਵਿਚ ਤਰੰਗਾਂ ਉਤਪੰਨ ਨਾ ਕਰੋ। ਇਹ ਸਰੀਰ ਤਾਂ ਦੈਵੀ ਨਿਯਮਾਂ ਅਨੁਸਾਰ ਅਖ਼ੀਰ ਖ਼ਤਮ ਹੋ ਜਾਣਾ ਹੈ। ਸਰੀਰ ਅੰਦਰ ਤਰੰਗਾਂ ਛੇੜ ਕੇ ਤੁਸੀਂ ਕੀ ਲਾਹਾ ਪ੍ਰਾਪਤ ਕਰਨਾ ਚਾਹੁੰਦੇ ਹੋ?

ਅੱਜ ਦੇ ਇਸ ਕਲਿਯੁਗ ਦੇ ਸਮੇਂ ਵਿਚ ਨੇਕ ਕਾਰਜ ਕਰਨ ਦੀ ਖੁਸ਼ਕਿਸਮਤੀ ਬਹੁਤ ਵਿਰਲੇ ਵਿਅਕਤੀਆਂ ਦੇ ਹਿੱਸੇ ਆਉਂਦੀ ਹੈ। ਸਗੋਂ ਤੁਸੀਂ ਤਾਂ ਬੁਰਾਈ ਦੀ ਧਿਰ ਦਾ ਸਾਥ ਦੇਣ ਹਿਤ ਰੁਚਿਤ ਹੋ ਜਾਂਦੇ ਹੋ। ਇਸ ਕਲਿਯੁਗ ਦੇ ਹਨੇਰੇ ਯੁਗ ਵਿਚ ਸਾਡੀ ਇਹ ਖੁਸ਼ਕਿਸਮਤੀ ਨਹੀਂ ਕਿ ਅਸੀਂ ਨੇਕ ਕਰਮਾਂ ਵਿਚ ਭਾਗੀਦਾਰ ਬਣ ਸਕੀਏ ਸਗੋਂ ਅਸੀਂ ਤਾਂ ਬੁਰੇ ਕਰਮਾਂ ਵੱਲ ਝੁਕਾਅ ਰਖਦੇ ਹਾਂ।

ਗਿਆਨ ਪ੍ਰਾਪਤੀ ਤੋਂ ਪਿਛੋਂ ਮੇਰੇ ਦੁਆਰਾ ਦੀਖਿਆ ਪ੍ਰਾਪਤ ਮਹਾਤਮਾ-ਜਨ ਨਾਂਹ-ਪੱਖੀ ਤਰੰਗਾਂ ਕਾਰਨ ਪੈਦਾ ਹੋਏ ਨਾਂਹ-ਪੱਖੀ ਕਾਰਜਾਂ ਨੂੰ ਪਸੰਦ ਨਹੀ਼ ਕਰਦੇ। ਕਾਰਜ ਭਾਵੇਂ ਹਾਂ-ਪੱਖੀ ਹੋਵੇ ਜਾਂ ਨਾਂਹ-ਪੱਖੀ, ਉਹ ਕਿਸ ਕਾਰਜ ਨੂੰ ਪੁਰਾਣੇ ਕਰਮਾਂ ਦੇ ਡਿਸਚਾਰਜ ਵਜੋਂ ਵੇਖਦੇ ਹਨ। ਇੰਝ ਕੋਈ ਨਵੀਆਂ ਤਰੰਗਾਂ ਪੈਦਾ ਨਹੀਂ ਹੁੰਦੀਆਂ ਅਤੇ ਅਖ਼ੀਰ ਇਹ ਸਾਰੀਆਂ ਤਰੰਗਾਂ ਥਮ ਜਾਂਦੀਆਂ ਹਨ।

ਪਰੰਤੂ ਗਿਆਨ-ਹੀਣ ਵਿਅਕਤੀ ਜਿਨ੍ਹਾਂ ਦੀ ਆਤਮਾ ਸ਼ਿਥਿਲਤਾ ਅਤੇ ਅਗਿਆਨਤਾ

ਦੀ ਅਵਸਥਾ ਵਿਚ ਹੁੰਦੀ ਹੈ ਆਪਣੇ ਬੁਰੇ ਕਾਰਜਾਂ ਅੰਦਰ ਦੀ ਬੁਰਾਈ ਨੂੰ ਮਹਿਸੂਸ ਨਹੀਂ ਕਰਦੇ। ਇੰਝ ਦੂਹਰੀਆਂ ਤਰੰਗਾਂ ਉਤਪੰਨ ਹੁੰਦੀਆਂ ਹਨ - ਕ੍ਰਿਆ ਦੀਆਂ ਤਰੰਗਾਂ ਅਤੇ ਅਗਿਆਨਤਾ ਵਿਚ ਕੀਤੀ ਪ੍ਰਤਿਕ੍ਰਿਆ ਦੀਆਂ ਤਰੰਗਾਂ। ਇਹ ਵਿਅਕਤੀ ਕਿਉਂਕਿ ਅਗਿਆਨਤਾ ਦੇ ਹਨ੍ਹੇਰੇ ਵਿਚ ਵਿਚਰ ਰਹੇ ਹੁੰਦੇ ਹਨ ਇਸ ਲਈ ਉਨ੍ਹਾਂ ਨੂੰ ਇਹ ਇਲਮ ਹੀ ਨਹੀਂ ਹੁੰਦਾ ਕਿ ਤਰੰਗਾਂ ਕਦੋਂ ਪੈਦਾ ਹੁੰਦੀਆਂ ਹਨ। ਇਹ ਗਿਆਨ ਸਿਰਫ਼ ਗਿਆਨੀ ਪੁਰਸ਼ ਨੂੰ ਹੀ ਹੁੰਦਾ ਹੈ। ਉਸ ਤੋਂ ਬਿਨਾਂ ਹੋਰ ਕਿਸੇ ਨੂੰ ਵੀ, ਚਾਹੇ ਉਹ ਗ੍ਰਹਿਸਥੀ ਹੋਵੇ ਚਾਹੇ ਸੰਨਿਆਸੀ, ਇਸ ਘਟਨਾ ਦੀ ਜਾਣਕਾਰੀ ਨਹੀਂ ਹੁੰਦੀ। ਜਿਥੇ ਅਗਿਆਨਤਾ ਹੈ ਉਥੇ ਸਹਿਮ ਹੈ - ਕਾਲਪਨਿਕ ਡਰ। ਹਾਂ, ਉਥੇ ਹਰ ਹਾਲ ਤਰੰਗਾਂ ਵੀ ਪੈਦਾ ਹੋਣਗੀਆਂ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਨੂੰ ਤਰੰਗਾਂ ਦੇ ਮੂਲ ਕਾਰਨ ਬਾਰੇ ਵੀ ਗਿਆਨ ਦਿਉ।

**ਦਾਦਾਸ਼੍ਰੀ** : ਕਲਪਨਾ ਕਰੋ ਕਿ ਇਕ ਚਿੜੀ ਸ਼ੀਸ਼ੇ ਅੱਗੇ ਬੈਠੀ ਹੈ: ਸ਼ੀਸ਼ੇ ਨੂੰ ਕੀ ਹੋਵੇਗਾ? ਸ਼ੀਸ਼ਾ ਤਾਂ ਉਹੀ ਰਹੇਗਾ ਪਰੰਤੂ ਚਿੜੀ ਨੂੰ ਇਕ ਹੋਰ ਚਿੜੀ - ਬਿਲਕੁਲ ਉਸ ਦੀ ਹਮਸ਼ਕਲ, ਉਹੀ ਅੱਖਾਂ, ਉਹੀ ਚੁੰਝ, ਆਦਿ - ਉਸ ਸ਼ੀਸ਼ੇ ਵਿਚ ਬੈਠੀ ਨਜ਼ਰ ਆਵੇਗੀ। ਇਹ ਸਭ ਉਸ ਚਿੜੀ ਦੀ ਸੋਚ, ਉਸ ਦੇ ਵਿਸ਼ਵਾਸ਼ ਵਿਚ ਇਕ ਤਬਦੀਲੀ ਦਾ ਕਾਰਨ ਬਣੇਗਾ। ਇਹ ਚਿੜੀ ਸੋਚੇਗੀ ਕਿ ਉਸ ਵਰਗੀ ਇਕ ਹੋਰ ਚਿੜੀ ਵੀ ਹੈ। ਉਹ ਸ਼ੀਸ਼ੇ ਵਿਚ ਖੁਦ ਦੇ ਪ੍ਰਤਿਬਿੰਬ ਵਾਲੀ ਚਿੜੀ ਨੂੰ ਚੁੰਝਾਂ ਮਾਰੇਗੀ। ਜਿਵੇਂ ਹੀ ਵਿਸ਼ਵਾਸ਼ ਤਬਦੀਲ ਹੁੰਦਾ ਹੈ ਉਵੇਂ ਹੀ ਦ੍ਰਿਸ਼ਟੀ ਜਾਂ ਕਲਪਨਾ ਵੀ ਬਦਲ ਜਾਂਦੀ ਹੈ ਅਤੇ ਫਿਰ ਇਹੋ ਵਿਸ਼ਵਾਸ਼ ਯਥਾਰਥ ਬਣ ਜਾਂਦਾ ਹੈ।

ਇਹ ਸ਼ੀਸ਼ਾ ਵੀ ਕਮਾਲ ਦਾ ਹੈ। ਪਰੰਤੂ ਇਹ ਹੁਣ ਇਨਾ ਆਮ ਹੋ ਗਿਆ ਹੈ ਕਿ ਲੋਕ ਇਸ ਦੇ ਰਹੱਸ ਨੂੰ ਜਾਨਣਾ ਅਤੇ ਮਾਨਣਾ ਭੁੱਲ ਗਏ ਹਨ। ਉਹ ਸ਼ੀਸ਼ੇ ਅੰਦਰ ਵੇਖਦੇ ਹਨ, ਵੇਖਦਿਆਂ ਹੋਇਆ ਵਾਲ ਸੰਵਾਰਦੇ ਹਨ ਅਤੇ ਚਿਹਰੇ ਉਪਰ ਪਾਊਡਰ-ਕਰੀਮ ਲਗਾਉਂਦੇ ਹਨ। ਇਹੋ ਕਾਰਨ ਹੈ ਕਿ ਸ਼ੀਸ਼ੇ ਦੀ ਅਹਿਮੀਅਤ ਖ਼ਤਮ ਹੋ ਗਈ ਹੈ, ਇਸ ਦੀ ਅਸਲੀ ਮਹੱਤਾ ਖੋ ਗਈ ਹੈ। ਨਹੀਂ ਤਾਂ, ਸ਼ੀਸ਼ਾ ਤਾਂ ਇਕ ਕਰਾਮਾਤੀ ਅਸਚਰਜਤਾ ਹੈ। ਪੁਦਗਲ ਦਾ ਵੀ ਕ੍ਰਿਆ ਖੇਲ ਹੈ। ਜਦੋਂ ਇਕ ਚਿੜੀ ਸ਼ੀਸ਼ੇ ਦੇ ਅੱਗੇ ਬੈਠਦੀ ਹੈ ਤਾਂ ਇਸ ਦਾ 'ਗਿਆਨ' ਤਬਦੀਲ ਨਹੀਂ ਹੁੰਦਾ ਪਰ ਵਿਸ਼ਵਾਸ਼ ਬਦਲ ਜਾਂਦਾ ਹੈ। ਇਸ ਦਾ ਵਿਸ਼ਵਾਸ਼ ਬਣ ਜਾਂਦਾ ਹੈ ਕਿ ਇਕ ਹੋਰ ਚਿੜੀ ਹੈ ਜੋ ਸ਼ੀਸ਼ੇ ਦੇ ਅੰਦਰ ਬੈਠੀ ਹੈ। ਇਹ ਚਿੜੀ ਉਸ ਸ਼ੀਸ਼ੇ ਵਾਲੀ ਚਿੜੀ ਨਾਲ ਲੜਦੀ ਹੈ, ਉਸ ਨੂੰ ਚੁੰਝਾਂ ਮਾਰਦੀ ਹੈ।

ਇਸ ਦੁਨਿਆਵੀ ਜੀਵਨ ਵਿਚ ਵੀ ਇੰਝ ਹੀ ਹੁੰਦਾ ਹੈ ਅਤੇ ਇਥੇ ਇਕ ਤਰੰਗ ਦੀ ਮੁਠਭੇੜ ਹੋਰ ਅਨੇਕਾਂ ਤਰੰਗਾਂ ਨਾਲ ਹੁੰਦੀ ਹੈ। ਗਿਆਨ ਸਦੀਵੀ ਅਤੇ ਸਥਿਰ ਹੈ: ਇਹ ਤਬਦੀਲ ਨਹੀਂ ਹੁੰਦਾ ਪਰੰਤੂ ਵਿਸ਼ਵਾਸ਼ ਜ਼ਰੂਰ ਬਦਲਦਾ ਰਹਿੰਦਾ ਹੈ ਅਤੇ ਇਹ ਹਰ ਪਲ

ਬਦਲਦਾ ਹੈ। ਜੇ ਗਿਆਨ ਵੀ ਪਰਿਵਰਤਨਸ਼ੀਲ ਹੁੰਦਾ ਤਾਂ ਇਹ ਆਤਮਾ ਦੀ ਹੋਂਦ ਨੂੰ ਹੀ ਖ਼ਤਮ ਕਰ ਦਿੰਦਾ। ਆਤਮਾ ਅਤੇ ਗਿਆਨ ਦੋ ਭਿੰਨ ਹਸਤੀਆਂ ਨਹੀਂ ਹਨ।

ਜਿਸ ਤਰ੍ਹਾਂ ਇਕ ਚੀਜ ਅਤੇ ਉਸ ਚੀਜ ਦੀਆਂ ਵਿਸ਼ੇਸ਼ਤਾਵਾਂ ਹਮੇਸ਼ਾਂ ਇੱਕਠੀਆਂ ਰਹਿੰਦੀਆਂ ਹਨ ਅਤੇ ਜਿਵੇਂ ਉਹ ਅਟੁੱਟ ਅਤੇ ਅਭਿੰਨ ਹਨ, ਉਸੇ ਤਰ੍ਹਾਂ ਆਤਮਾ ਅਤੇ ਗਿਆਨ ਵੀ ਅਭਿੰਨ ਹਨ। ਪਰੰਤੂ ਵਿਅਕਤੀ ਸਿਰਫ਼ ਉਹੀ ਵੇਖਦਾ ਹੈ ਜਿਸ ਦੀ ਉਹ ਆਪਣੇ ਵਿਸ਼ਵਾਸ਼ ਦੇ ਰਾਹੀਂ ਕਲਪਨਾ ਕਰਦਾ ਹੈ। ਇਹੋ ਹੈ ਜੋ ਯਥਾਰਥ ਵਿਚ ਵਾਪਰਦਾ ਹੈ। ਵਿਅਕਤੀ ਦਾ ਜੋ ਵਿਸ਼ਵਾਸ਼ ਹੁੰਦਾ ਹੈ ਉਹੀ ਉਹ ਬਣ ਜਾਂਦਾ ਹੈ।

## 120
## ਕਲੇਸ਼ ਅਤੇ ਦੁੱਖ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਜੀਵਨ ਵਿਚ ਵਿਚਾਰਕ ਅਸੰਮਤੀ ਅਤੇ ਈਰਖਾ ਦੇ ਵਿਸ਼ੇ ਉਪਰ ਚਾਨਣ ਪਾਉ। ਸਾਨੂੰ ਇਨ੍ਹਾਂ ਦਾ ਹਰ ਥਾਂ ਅਤੇ ਹਰ ਸਮੇਂ ਸਾਹਮਣਾ ਕਰਨਾ ਪੈਂਦਾ ਹੈ – ਭਾਵੇਂ ਅਸੀਂ ਘਰੇ ਹੋਈਏ, ਭਾਵੇਂ ਦੁਕਾਨ 'ਤੇ ਅਤੇ ਭਾਵੇਂ ਦਫ਼ਤਰ ਵਿਚ।

**ਦਾਦਾਸ਼੍ਰੀ** : ਇਕ ਵਿਅਕਤੀ ਜਿਸ ਦੇ ਮਨ ਅੰਦਰ ਉੱਕਾ ਹੀ ਕੋਈ ਕਲੇਸ਼ ਨਹੀਂ ਉਹ ਤਾਂ ਮੁਕਤ ਆਤਮਾ ਹੈ। ਕਲਹ ਵਾਲਾ ਮਾਹੌਲ ਤਾਂ ਹਮੇਸ਼ਾ ਬਣਿਆ ਹੀ ਰਹੇਗਾ। ਕੀ ਸੂਰਜ ਦੀ ਧੁੱਪ ਵਿਚ ਖੜਿਆਂ ਗਰਮੀ ਨਹੀਂ ਲਗਦੀ? ਜਦੋਂ ਤੇਜ ਹਵਾ ਵਗਦੀ ਹੈ ਤਾਂ ਕੀ ਦਰਵਾਜ਼ੇ ਜ਼ੋਰ ਨਾਲ ਖੁਲਦੇ ਅਤੇ ਬੰਦ ਨਹੀਂ ਹੁੰਦੇ? ਜਦੋਂ ਇਹ ਵਾਪਰਦਾ ਹੈ ਤਾਂ ਤੁਸੀਂ ਸਿਰਫ਼ ਇਨਾ ਹੀ ਕਰਨਾ ਹੈ ਕਿ ਆਪਣੇ ਆਪ ਨੂੰ ਇਕ ਦੂਰੀ ਉਪਰ ਰਖੋ। ਵਿਅਕਤੀ ਕਲਹ ਵਾਲੇ ਇਸ ਮਾਹੌਲ ਵਿਚ ਮੁਕਤੀ ਕਿਵੇਂ ਅਨੁਭਵ ਕਰ ਸਕਦਾ ਹੈ? ਦਾਦਾ ਭਗਵਾਨ ਦੇ ਮੁਕਤੀ ਦੇ ਸਿਧਾਂਤ ਅਨੁਸਾਰ ਤੁਸੀਂ ਇਨ੍ਹਾਂ ਸਾਰੇ ਕਲੇਸ਼ਾਂ ਅਤੇ ਮਤਭੇਦਾਂ ਦੇ ਵਿਚਕਾਰ ਰਹਿੰਦੇ ਹੋਏ ਵੀ ਮੁਕਤੀ ਪ੍ਰਾਪਤ ਕਰ ਸਕਦੇ ਹੋ।

ਪਰਮਾਤਮਾ ਦੀਆਂ ਨਜ਼ਰਾਂ ਵਿਚ ਕੋਈ ਵੀ ਚੀਜ ਬੰਧਨ ਨਹੀਂ ਹੈ: ਇਹ ਤਾਂ ਪ੍ਰਕਿਰਤੀ ਹੈ ਜੋ ਖਾਂਦੀ ਅਤੇ ਪੀਂਦੀ ਹੈ ਅਤੇ ਸਾਰੇ ਕਾਰਜ ਕਰਦੀ ਹੈ। ਇਹ ਤੁਹਾਡੇ ਲਈ ਬੰਧਨ ਨਹੀਂ ਹਨ। ਮੁਕਤੀ ਤੋਂ ਭਾਵ ਹੈ ਹਰ ਤਰ੍ਹਾਂ ਦੇ ਕਲੇਸ਼, ਹਰ ਕਲਹ ਤੋਂ ਆਜ਼ਾਦ ਹੋਣਾ। ਜਦੋਂ ਅਤਿ ਤਣਾਅ-ਪੂਰਨ ਹਾਲਾਤਾਂ ਵਿਚ ਵੀ ਵਿਅਕਤੀ ਦੇ ਅੰਦਰ ਕੋਈ ਤਰੰਗਾਂ ਪੈਦਾ ਨਹੀਂ ਹੁੰਦੀਆਂ ਤਾਂ ਇਹ ਸਾਰੇ ਧਰਮ ਗਰੰਥਾਂ ਦੇ ਅਧਿਐਨ ਕਰਨ ਦੇ ਤੁੱਲ ਹੈ। ਵਿਪਰੀਤ ਅਤੇ ਘ੍ਰਿਣਾਤਮਕ ਹਾਲਾਤਾਂ ਵਿਚ ਵੀ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਜਿਨਾ ਵਧੇਰੇ ਦਬਾਉਗੇ ਉਨੇ

ਹੀ ਵਧੇਰੇ ਕਲੇਸ਼ ਤੁਹਾਡੇ ਅੰਦਰ ਉਤਪੰਨ ਹੋਣਗੇ। ਇਥੋਂ ਤੱਕ ਕਿ ਇਕ ਅਧਿਆਪਕ ਅਤੇ ਉਸ ਦੇ ਸ਼ਿਸ਼ ਵਿਚਕਾਰ ਵੀ ਅਜਿਹੇ ਕਲੇਸ਼ ਅਨੁਭਵ ਕੀਤੇ ਜਾਂਦੇ ਹਨ।

ਦਾਦਾ ਭਗਵਾਨ ਪਾਸੋਂ ਗਿਆਨ ਪ੍ਰਾਪਤ ਕਰ ਲੈਣ ਉਪਰੰਤ ਅਣਸੁਖਾਵੇਂ ਹਾਲਾਤਾਂ ਵਿਚ ਵੀ ਕੋਈ ਕਲਹ ਪੈਦਾ ਨਹੀਂ ਹੁੰਦੀ। ਦਾਦਾ ਭਗਵਾਨ ਕਿਸ ਪ੍ਰਕਾਰ ਦਾ ਗਿਆਨ ਦਿੰਦੇ ਹਨ? ਉਨ੍ਹਾਂ ਪਾਸੋਂ ਗਿਆਨ ਪ੍ਰਾਪਤ ਕਰਨ ਵਾਲੇ ਸ਼ਰਧਾਲੂ ਕਦੇ ਵੀ ਦੁੱਖ ਨਹੀਂ ਭੋਗਦੇ: ਉਹ ਹਮੇਸ਼ਾ ਵਿਤਰਾਗ ਦਾ ਆਨੰਦ ਮਾਣਦੇ ਹਨ। ਸਾਰੇ ਕਲਹ ਅਤੇ ਕਲੇਸ਼ ਖ਼ਤਮ ਕਰਨ ਉਪਰੰਤ ਹੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਫਿਰ ਤੁਸੀਂ ਇਸ ਸੰਸਾਰ ਵਿਚ ਵਿਚਰਦਿਆਂ ਹੋਇਆ ਵੀ ਮੁਕਤ-ਅਵਸਥਾ ਦਾ ਆਨੰਦ ਮਾਣਦੇ ਹੋ।

ਜਦੋਂ ਤੁਹਾਨੂੰ ਕਲੇਸ਼ ਵਿਚੋਂ ਗੁਜ਼ਰਨਾ ਪੈਂਦਾ ਹੈ ਤਾਂ ਕੀ ਹੁੰਦਾ ਹੈ? ਤੁਸੀਂ ਇੰਝ ਮਹਿਸੂਸ ਕਰਦੇ ਹੋ ਜਿਵੇਂ ਤੁਹਾਡੀ ਆਤਮਾ ਅਤੇ ਤੁਹਾਡੇ ਦਿਲ ਨੂੰ ਅੱਗ ਲੱਗੀ ਹੋਵੇ ਅਤੇ ਤੁਸੀਂ ਉਸ ਅੱਗ ਨੂੰ ਬੁਝਾਉਣ ਦੇ ਅਸਮਰਥ ਹੋ, ਭਾਵੇਂ ਤੁਸੀਂ ਕਿੰਨੇ ਹੀ ਯਤਨ ਕਿਉਂ ਨਾ ਕਰ ਲਉ। ਮੇਰੇ ਪਿਆਰੇ ਮਾਨਵ! ਕੀ ਤੁਸੀਂ ਜੀਵ ਨੂੰ ਇੰਝ ਸੜ ਜਾਣ ਦਿਉਗੇ? ਤੁਹਾਡੇ ਕਪੜੇ ਭਾਵੇਂ ਸਾਰੇ ਸੜ ਜਾਣ ਕੋਈ ਗੱਲ ਨਹੀਂ ਪਰੰਤੂ ਜੀਵ (ਆਤਮਾ) ਨੂੰ ਨਾ ਸੜਨ ਦਿਉ.... ਤੁਸੀਂ ਸਦਾ ਹੀ ਲਗਾਤਾਰ ਕਲਹ ਦੀ ਅੱਗ ਵਿਚ ਬਲਦੇ ਹੋ। ਕਦੇ ਤੁਸੀਂ ਪ੍ਰੇਮ-ਉਨਮਾਦ ਵਿਚ ਗ੍ਰਸਿਤ ਵੀ ਹੋ ਸਕਦੇ ਹੋ, ਗੁਆਚੇ ਹੋਏ ਹੋ ਸਕਦੇ ਹੋ ਪਰ ਯਕੀਨਨ ਹੀ ਤੁਸੀਂ ਫਿਰ ਕਲਹ ਵਿਚ ਸੜਨ ਲਈ ਮੁੜ ਆਉਂਦੇ ਹੋ। ਸਮੁੱਚਾ ਸੰਸਾਰ ਹੀ ਦੁੱਖ-ਦਰਦ ਦੇ ਚਿੱਕੜ ਵਿਚ ਲਿਬੜਿਆ ਪਿਆ ਹੈ। ਤੁਸੀਂ ਭ੍ਰਾਂਤੀ ਅਤੇ ਅਗਿਆਨਤਾ ਕਾਰਨ ਤੁਸੀਂ ਥੋੜੀ ਦੇਰ ਲਈ ਸ਼ਾਇਦ ਦੁਖ-ਦਰਦ ਨੂੰ ਭੁੱਲ ਜਾਉ। ਇਹ ਦੁੱਖ ਖ਼ਤਮ ਨਹੀਂ ਕੀਤਾ ਜਾ ਸਕਦਾ। ਹਾਂ, ਜਦੋਂ ਕਿਸੇ ਗਿਆਨੀ ਪੁਰਸ਼ ਦੀ ਕਿਰਪਾ ਸਦਕਾ ਇਹ ਦੁਖ ਖ਼ਤਮ ਹੋ ਜਾਣ ਤਾਂ ਇਹੋ ਮੁਕਤੀ ਹੈ।

**ਪ੍ਰਸ਼ਨ-ਕਰਤਾ** : ਕਈ ਵਿਅਕਤੀ ਅਜਿਹੇ ਕਲਹ-ਪੂਰਨ ਹਾਲਾਤਾਂ ਵਿਚ ਖ਼ੁਦਕਸ਼ੀ ਵੀ ਕਰ ਲੈਂਦੇ ਹਨ।

**ਦਾਦਾਸ਼੍ਰੀ** : ਅੱਜ ਕੱਲ ਦੇ ਜ਼ਮਾਨੇ ਵਿਚ ਹਰ ਥਾਂ, ਹਰ ਸਮੇਂ, ਇਥੋਂ ਤੱਕ ਕਿ ਰਾਤ ਦੇ ਖਾਣੇ ਦੇ ਸਮੇਂ ਵੀ, ਵਾਰ-ਵਾਰ ਕਲੇਸ਼, ਤਣਾਅ ਅਤੇ ਤਕਲੀਫ਼ ਦਾ ਮਾਹੌਲ ਬਣਦਾ ਰਹਿੰਦਾ ਹੈ। ਜਦੋਂ ਇਹ ਕਲਹ ਜਾਂ ਤਣਾਅ ਜਾਂ ਦੁੱਖਾਂ ਦੀ ਅੱਤ ਹੋ ਜਾਂਦੀ ਹੈ ਅਤੇ ਮਨੁੱਖ ਇਨ੍ਹਾਂ ਨੂੰ ਹੋਰ ਸਹਿਣ ਨਹੀਂ ਕਰ ਸਕਦਾ ਤਾਂ ਉਹ ਖੁਦਕਸ਼ੀ ਕਰਨ ਦੀ ਸੋਚਦਾ ਹੈ। ਪਰੰਤੂ ਕੀ ਇਸ ਨਾਲ ਸਮੱਸਿਆ ਦਾ ਸਮਾਧਾਨ ਹੋ ਜਾਂਦਾ ਹੈ। ਇਸ ਦੇ ਵਿਪਰੀਤ, ਤੁਸੀਂ ਸਗੋਂ ਉਸ ਸਮੱਸਿਆ ਨੂੰ ਅਗਲੇ ਜਨਮ ਵਿਚ ਵੀ ਆਪਣੇ ਨਾਲ ਲੈ ਜਾਂਦੇ ਹੋ। ਇਸ ਤੋਂ ਵੀ ਵੱਧ, ਅਗਲੇ ਜਨਮ ਵਿਚ ਇਹ ਤਕਲੀਫ਼ ਪਹਿਲਾਂ ਨਾਲੋਂ ਕਈ ਗੁਣਾਂ ਵੱਧ ਹੋ ਜਾਵੇਗੀ। ਇਸ ਲਈ ਤੁਹਾਡੇ ਲਈ ਇਹੋ ਬੇਹਤਰ ਹੈ ਕਿ

ਤੁਸੀਂ ਇਸੇ ਜੀਵਨ ਦੌਰਾਨ ਹੀ ਇਨ੍ਹਾਂ ਮੁਸ਼ਕਲ ਹਾਲਾਤਾਂ ਉਪਰ ਕਾਬੂ ਪਾ ਲਉ। ਹਾਲਾਤਾਂ ਤੋਂ ਭੱਜ ਕੇ ਖੁਦਕਸ਼ੀ ਕਰਨਾ ਸਹੀ ਸਮਝ ਦੀ ਘਾਟ ਦੀ ਪ੍ਰਤੀਕ ਹੈ।

**ਪ੍ਰਸ਼ਨ-ਕਰਤਾ** : ਜਦ ਕੋਈ ਵਿਅਕਤੀ ਖੁਦਕਸ਼ੀ ਕਰ ਲੈਂਦਾ ਹੈ ਤਾਂ ਫਿਰ ਕੀ ਹੁੰਦਾ ਹੈ?

**ਦਾਦਾਸ਼੍ਰੀ** : ਇਕ ਵਿਅਕਤੀ ਖੁਦਕਸ਼ੀ ਕਰਕੇ ਆਪਣੀ ਜੀਵਨ-ਲੀਲ੍ਹਾ ਇਸ ਵਾਰ ਤਾਂ ਸਮਾਪਤ ਕਰ ਸਕਦਾ ਹੈ ਪਰੰਤੂ ਇੰਝ ਕਰਨ ਦਾ ਨਤੀਜਾ ਇਹ ਹੁੰਦਾ ਹੈ ਕਿ ਉਸ ਨੂੰ ਆਪਣੇ ਪਹਿਲੇ ਸਾਰੇ ਕਰਮਾਂ ਦਾ ਲੇਖਾ-ਜੋਖਾ ਬਰਾਬਰ ਕਰਨ ਲਈ ਦੁਬਾਰਾ ਜਨਮ ਲੈਣਾ ਪਵੇਗਾ। ਇਕ ਇਨਸਾਨ ਹੋਣ ਦੇ ਨਾਤੇ ਉਸ ਨੂੰ ਮੁਸ਼ਕਲਾਂ ਦਾ ਸਾਹਮਣਾ ਤਾਂ ਕਰਨਾ ਹੀ ਪੈਣਾ ਹੈ ਪਰੰਤੂ ਇਸ ਦਾ ਇਹ ਅਰਥ ਬਿਲਕੁਲ ਨਹੀਂ ਕਿ ਉਹ ਇਨ੍ਹਾਂ ਤੋਂ ਡਰ ਕੇ ਖੁਦਕਸ਼ੀ ਕਰ ਲਵੇ। ਖੁਦਕਸ਼ੀ ਕਰਨ ਦੇ ਨਤੀਜੇ ਅਤਿ ਭਿਆਨਕ ਹਨ। ਪਰਮਾਤਮਾ ਨੇ ਮਨੁੱਖ ਨੂੰ ਖੁਦਕੁਸ਼ੀ ਕਰਨ ਤੋਂ ਹੋੜਿਆ ਹੈ ਕਿਉਂਕਿ ਇੰਝ ਕਰਨ ਦੇ ਨਤੀਜੇ ਬਹੁਤ ਮਾੜੇ ਹੁੰਦੇ ਹਨ। ਵਿਅਕਤੀ ਦੇ ਮਨ ਵਿਚ ਕਦੇ ਖੁਦਕਸ਼ੀ ਕਰਨ ਦਾ ਵਿਚਾਰ ਵੀ ਨਹੀਂ ਆਉਣਾ ਚਾਹੀਦਾ। ਜੋ ਵੀ ਕਰਮਾਂ ਦੇ ਲੇਖਾ ਤੁਸੀਂ ਦੇਣਾ ਹੈ ਉਸ ਨੂੰ ਦੇਣ ਹਿਤ ਦ੍ਰਿੜ ਸੰਕਲਪ ਕਰੋ ਪਰੰਤੂ ਖੁਦਕਸ਼ੀ ਕਰਨ ਬਾਰੇ ਕਦੇ ਸੋਚੋ ਵੀ ਨਾ। ਭਗਵਾਨ ਰਾਮ ਨੂੰ ਵੀ ਜੀਵਨ ਵਿਚ ਬਹੁਤ ਦੁੱਖ-ਤਕਲੀਫ਼ਾਂ ਸਹਿਣੀਆਂ ਪਈਆਂ। ਉਸ ਨੂੰ ਆਪਣਾ ਰਾਜ-ਭਾਗ ਛੱਡਣਾ ਪਿਆ ਅਤੇ 14 ਸਾਲ ਦੇ ਲੰਮੇ ਅਰਸੇ ਲਈ ਜੰਗਲਾਂ ਵਿਚ ਰਹਿਣ (ਬਨਵਾਸ) ਦਾ ਆਦੇਸ਼ ਮਿਲਿਆ। ਖੁਦਕਸ਼ੀ ਕਰਨ ਬਾਰੇ ਸੋਚਣ ਜਾਂ ਖੁਦਕਸ਼ੀ ਕਰਨ ਵਾਲਿਆਂ ਦੇ ਸਮੁੱਚੇ ਜੀਵਨ ਦਾ ਦੁੱਖ-ਦਰਦ ਭਗਵਾਨ ਰਾਮ ਦੇ ਜੰਗਲ ਵਿਚ ਇਕ ਦਿਨ ਅੰਦਰ ਭੋਗੇ ਕਸ਼ਟ ਤੋਂ ਵੀ ਕਿਤੇ ਘੱਟ ਹੈ। ਫਿਰ ਵੀ ਇਹ ਧੀਰਜ ਤੋਂ ਸੱਖਣੇ ਵਿਅਕਤੀ ਸਿਵਾਇ ਆਪਣੇ ਕਾਲਪਨਿਕ ਦੁੱਖ ਦੀ ਸ਼ਿਕਾਇਤ ਰੋਣ ਦੇ ਹੋਰ ਕੁਝ ਨਹੀਂ ਕਰਦੇ।

ਸੁੱਖ ਅਤੇ ਦੁੱਖ ਤਾਂ ਘਰ-ਬੁਲਾਏ ਮਹਿਮਾਨ ਦੀ ਤਰ੍ਹਾਂ ਹਨ। ਉਨ੍ਹਾਂ ਨੂੰ ਦੂਰ ਧਕੇਲਣ ਦੀ ਬਜਾਇ ਵਿਅਕਤੀ ਨੂੰ ਇਨ੍ਹਾਂ ਦੁੱਖਾਂ ਅਤੇ ਸੁੱਖਾਂ ਨੂੰ ਉਵੇਂ ਹੀ ਵੇਖਣਾ ਪਵੇਗਾ ਜਿਵੇਂ ਉਹ ਘਰ-ਬੁਲਾਏ ਮਹਿਮਾਨ ਨਾਲ ਵਿਵਹਾਰ ਕਰਦਾ ਹੈ। ਇਹ ਦੁਨਿਆਵੀ ਜੀਵਨ ਦੁੱਖਾਂ ਦਾ ਸਮੁੰਦਰ ਹੈ। ਵਿਅਕਤੀ ਨੂੰ ਦੁਨਿਆਵੀ ਕਾਰ-ਵਿਹਾਰ ਕਰਨ ਤੋਂ ਡਰ ਕੇ ਨਹੀਂ ਭੱਜ ਜਾਣਾ ਚਾਹੀਦਾ। ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਨਾਲ ਦੁਰਵਿਵਹਾਰ ਨਾ ਹੋਵੇ ਅਤੇ ਜੇ ਤੁਸੀਂ ਆਪਣੇ ਕਰਮਾਂ ਦਾ ਲੇਖਾ-ਜੋਖਾ ਬਰਾਬਰ ਕਰਨਾ ਚਾਹੁੰਦੇ ਹੋ ਤਾਂ ਦੂਸਰਿਆਂ ਨਾਲ ਕੋਈ ਵੀ ਵਿਵਹਾਰ ਕਰਨ ਤੋਂ ਪਹਿਲਾਂ ਇਸ ਬਾਰੇ ਸੋਚ ਜ਼ਰੂਰ ਲੈਣਾ। ਆਪਣੇ ਚੰਗੇ ਜਾਂ ਮੰਦੇ ਵਿਵਹਾਰ ਦੇ ਨਤੀਜਿਆਂ ਬਾਰੇ ਵੀ ਸੋਚ ਲੈਣਾ ਕਿ ਕੀ ਤੁਸੀਂ ਆਪਣੇ ਮੰਦੇ ਵਿਵਹਾਰ ਦੇ ਨਤੀਜਿਆਂ ਦਾ ਸਾਹਮਣਾ ਕਰ ਸਕੋਗੇ ਕਿ ਨਹੀਂ।

**ਪ੍ਰਸ਼ਨ-ਕਰਤਾ** : ਦੁੱਖ-ਦਰਦ, ਜਿਹੜੇ ਵਿਅਕਤੀ ਸਹਿੰਦਾ ਹੈ, ਵੀ ਕਈ ਪ੍ਰਕਾਰ ਦੇ ਹੁੰਦੇ ਹਨ।

**ਦਾਦਾਸ਼੍ਰੀ** : ਵਿਅਕਤੀ ਦੇ ਸਾਹਮਣੇ ਆਉਣ ਵਾਲੀਆਂ ਦੁੱਖ-ਤਕਲੀਫਾਂ ਤਿੰਨ ਪ੍ਰਕਾਰ ਦੀਆਂ ਹਨ: ਇਕ ਹੈ ਸਰੀਰਕ ਦੁੱਖ ਜਾਂ ਕਸ਼ਟ। ਇਹ ਸਿੱਧਾ ਅਤੇ ਯਥਾਰਥਕ ਦੁੱਖ ਹੈ। ਦੰਦ ਦਾ ਦਰਦ, ਅੱਖ ਦੀ ਪੀੜ, ਅਧਰੰਗ, ਆਦਿ ਸਭ ਸਰੀਰਕ ਕਸ਼ਟ ਹਨ। ਦੂਸਰੀ ਪ੍ਰਕਾਰ ਦਾ ਦਰਦ ਹੈ ਕੜਵੇਂ ਬੋਲਾਂ ਦੀ ਸੱਟ। ਇਸ ਤਰ੍ਹਾਂ ਦਾ ਦੁੱਖ ਲੰਮੇ ਸਮੇਂ ਤੱਕ ਰਹਿੰਦਾ ਹੈ। ਤੀਸਰਾ ਦੁੱਖ ਜਾਂ ਕਸ਼ਟ ਹੈ ਮਾਨਸਿਕ।

**ਪ੍ਰਸ਼ਨ-ਕਰਤਾ** : ਵਿਅਕਤੀ ਇਨ੍ਹਾਂ ਤਿੰਨਾ ਪ੍ਰਕਾਰ ਦੇ ਦੁੱਖਾਂ ਨਾਲ ਕਿਵੇਂ ਨਜਿੱਠੇ?

**ਦਾਦਾਸ਼੍ਰੀ** : ਵਿਅਕਤੀ ਨੂੰ ਮਾਨਸਕ ਕਸ਼ਟ ਜਾਂ ਬੋਲਾਂ ਤੋਂ ਪੈਦਾ ਹੋਏ ਕਸ਼ਟ ਦੇ ਪ੍ਰਭਾਵ ਨੂੰ ਨਹੀਂ ਲੈਣਾ ਚਾਹੀਦਾ। ਹਾਂ, ਸਰੀਰਕ ਕਸ਼ਟ ਦਾ ਪ੍ਰਭਾਵ ਹੋਵੇਗਾ ਅਤੇ ਵਿਅਕਤੀ ਨੂੰ ਇਹ ਭੁਗਤਣਾ ਹੀ ਪੈਣਾ ਹੈ। ਪਰੰਤੂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇਸ ਦੁੱਖ ਨੂੰ ਇਕ ਸਵੈ, ਇਕ ਗਿਆਤਾ ਅਤੇ ਇਕ ਦ੍ਰਸ਼ਟਾ ਦੇ ਰੂਪ ਵਿਚ ਭੋਗੋ। ਤੁਹਾਨੂੰ ਮਨ ਅਤੇ ਬਚਨ ਦਾ ਕਸ਼ਟ ਨਹੀਂ ਹੋਣਾ ਚਾਹੀਦਾ।

ਤੁਸੀਂ ਇਹ ਸੁਣਦੇ ਹੋ ਕਿ ਕਿਸੇ ਨੂੰ ਦਿਲ ਦਾ ਦੌਰਾ ਪਿਆ ਹੈ ਅਤੇ ਉਸ ਸਮੇਂ ਉਸ ਦੀ ਛਾਤੀ ਵਿਚ ਬਹੁਤ ਦਰਦ ਹੋਇਆ। ਇਹ ਸੁਣ ਕੇ ਵਿਅਕਤੀ ਸੋਚਣ ਲਗਦਾ ਹੈ ਕਿ ਜੇ ਮੈਨੂੰ ਦਿਲ ਦਾ ਦੌਰਾ ਪੈ ਜਾਵੇ ਤਾਂ ਫਿਰ ਕੀ ਹੋਵੇਗਾ? ਇੰਝ ਸੋਚ ਕੇ ਉਹ ਖ਼ੁਦ ਲਈ ਮਾਨਸਕ ਪੀੜਾ ਨੂੰ ਸੱਦਾ ਦੇ ਰਿਹਾ ਹੈ ਅਤੇ ਆਪਣੇ ਦਰਦ ਨੂੰ ਵਧਾ ਰਿਹਾ ਹੈ। ਚਾਹੀਦਾ ਹੈ ਕਿ ਵਿਅਕਤੀ ਅਜਿਹੇ ਵਿਚਾਰ ਨੂੰ ਇਕ ਦਮ ਦਿਮਾਗ਼ ਵਿਚੋਂ ਕੱਢ ਦੇਵੇ। ਜਦੋਂ ਵੀ ਇਸ ਸਰੀਰ ਦੇ ਅੰਤ ਹੋਣ ਦਾ ਸਮਾਂ ਆ ਗਿਆ ਉਸ ਪਲ ਇਸ ਦਾ ਅੰਤ ਹੋ ਜਾਂਦਾ ਹੈ। ਕੀ ਇਹ 'ਵਿਵਸਥਿਤ' ਉਪਰ ਨਿਰਭਰ ਨਹੀਂ ਹੈ? ਫਿਰ ਅਜਿਹੇ ਵਿਚਾਰਾਂ ਕਾਰਨ ਆਪਣੇ ਲਈ ਬੇਲੋੜੀ ਤਕਲੀਫ਼ ਕਿਉਂ ਸਹੇੜੀ ਜਾਵੇ? ਆਪਣੇ ਸਰੀਰ ਦੇ ਸਾਰੇ ਦੁੱਖ-ਦਰਦਾਂ ਲਈ ਇਕ ਦ੍ਰਸ਼ਟਾ ਬਣ ਕੇ ਰਹੋ ਅਤੇ ਜੇ ਤੁਹਾਨੂੰ ਕੋਈ ਦੁੱਖ-ਦਰਦ ਨਹੀ਼ ਹੈ ਤਾਂ ਫਿਰ ਇਸ ਦੁਨੀਆ ਦੀ ਮੌਜ-ਮਸਤੀ ਕਿਉਂ ਨਾ ਮਾਣੀ ਜਾਵੇ?

ਪਰਮਾਤਮਾ ਦਾ ਸਾਡੇ ਲਈ ਹੁਕਮ ਹੈ ਕਿ ਅਸੀਂ ਸਰੀਰਕ ਤਕਲੀਫ਼ ਨੂੰ ਤਕਲੀਫ਼-ਮਾਤਰ ਹੀ ਸਮਝੀਏ: ਬਾਕੀ ਹਰ ਕਿਸਮ ਦਾ ਦਰਦ ਯਥਾਰਥਕ ਨਹੀਂ ਹੈ। ਜਾਨਵਰਾਂ ਨੂੰ ਸਰੀਰਕ ਤੋਂ ਬਿਨਾਂ ਹੋਰ ਕੋਈ ਦੁੱਖ ਕਿਉਂ ਨਹੀਂ ਹੁੰਦਾ? ਇਸ ਦਾ ਕਾਰਨ ਇਹ ਕਿ ਜਾਨਵਰਾਂ ਦਾ ਮਨ/ਦਿਮਾਗ਼ ਸੀਮਿਤ ਹੁੰਦਾ ਹੈ। ਜੇ ਤੁਸੀਂ ਉਨ੍ਹਾਂ ਲਈ ਖਾਣਾ/ਚਾਰਾ ਲੈ ਜਾਂਦੇ ਹੋ, ਉਹ ਦੌੜਦੇ ਹੋਏ ਤੁਹਾਡੇ ਵੱਲ ਆਉਣਗੇ ਕਿਉਂਕਿ ਉਹ ਜਾਣਦੇ ਹਨ ਕਿ ਤੁਸੀਂ ਉਨ੍ਹਾਂ ਵਾਸਤੇ ਖਾਣ ਲਈ ਕੁਝ ਲੈ ਕੇ ਜਾ ਰਹੇ ਹੋ। ਜੇ ਤੁਸੀਂ ਹੱਥ ਵਿਚ ਸੋਟੀ ਫੜ ਕੇ ਉਨ੍ਹਾਂ ਵੱਲ ਜਾਂਦੇ ਹੋ ਤਾਂ ਉਹ ਤੁਹਾਡੇ ਤੋਂ ਦੂਰ ਭੱਜਣਗੇ। ਉਨ੍ਹਾਂ ਦਾ ਦਿਮਾਗ਼ ਇਨਾ ਕੁ ਕੰਮ ਹੀ ਕਰਦਾ ਹੈ। ਕੀ ਉਹ ਇਨੇ ਤੋਂ ਬਿਨਾਂ

ਕਿਸੇ ਹੋਰ ਚੀਜ ਦੀ ਵੀ ਚਿੰਤਾ ਕਰਦੇ ਹਨ? ਗਾਵਾਂ ਦੇ ਮਨ ਇਧਰ-ਉਧਰ ਨਹੀਂ ਭਟਕਦੇ: ਇਸੇ ਕਰਕੇ ਉਨ੍ਹਾਂ ਸਾਹਮਣੇ ਬਹੁਤੀਆਂ ਸਮੱਸਿਆਵਾਂ ਨਹੀਂ ਹੁੰਦੀਆਂ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਮਾਨਸਕ ਪੀੜਾ ਹੁੰਦੀ ਹੈ। ਫਿਰ ਵੀ ਉਨ੍ਹਾਂ ਦੀ ਦੁਨਿਆਵੀ ਜ਼ਿੰਦਗੀ ਸਾਡੇ ਵਰਗੀ ਹੀ ਹੈ। ਉਹ ਬੁੱਧੀਮਾਨ ਨਹੀਂ ਹਨ ਪਰੰਤੂ ਫਿਰ ਵੀ ਉਨ੍ਹਾਂ ਦਾ ਸੰਸਾਰ ਚਲਦਾ ਰਹਿੰਦਾ ਹੈ। ਫਿਰ ਤੁਹਾਡਾ ਸੰਸਾਰ ਕਿਉਂ ਨਹੀਂ ਚਲਦਾ ਰਹੇਗਾ? ਤੁਹਾਡਾ ਮਨ ਗਾਂ ਦੇ ਮਨ ਨਾਲੋਂ ਵਧੇਰੇ ਤਕੜਾ ਅਤੇ ਵਿਕਸਿਤ ਹੈ: ਇਸ ਲਈ ਤੁਸੀਂ ਇਸ ਗੁਣ ਦਾ ਫਾਇਦਾ ਕਿਉਂ ਨਹੀਂ ਉਠਾਉਂਦੇ? ਇਹ ਵਿਕਸਿਤ ਮਨ ਤੁਹਾਡੇ ਲਈ ਸਮੱਸਿਆ ਕਿਉਂ ਬਣ ਜਾਂਦੀ ਹੈ? ਦੁੱਖ ਅਤੇ ਪੀੜਾ ਦੇ ਸਾਰੇ ਵਿਚਾਰ ਮਨ ਅੰਦਰੋਂ ਕੱਢ ਦਿਉ ਜਾਂ ਫਿਰ ਇਨ੍ਹਾਂ ਨੂੰ ਸਵੀਕਾਰ ਹੀ ਨਾ ਕਰੋ।

ਸਾਨੂੰ ਸਰੀਰਕ ਪੀੜਾ ਹੁੰਦੀ ਹੈ - ਬਿਲਕੁਲ ਉਸੇ ਤਰ੍ਹਾਂ ਜਿਵੇਂ ਇਨ੍ਹਾਂ ਗਾਵਾਂ ਜਾਂ ਮੱਝਾਂ ਨੂੰ ਹੁੰਦੀ ਹੈ: ਪਰ ਇਨ੍ਹਾਂ ਜਾਨਵਰਾਂ ਨੂੰ ਬੋਲ-ਚਾਲ ਦੀ ਪੀੜ ਨਾਲ ਸੰਬੰਧਤ ਸਮੱਸਿਆਵਾਂ ਨਹੀਂ ਆਉਂਦੀਆਂ। ਜਦ ਤੁਸੀਂ ਉਨ੍ਹਾਂ ਨੂੰ ਗਾਲ ਕੱਢਦੇ ਹੋ ਤਾਂ ਉਨ੍ਹਾਂ ਨੂੰ ਕੋਈ ਤਕਲੀਫ਼ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦਾ ਮਨ ਅਤੇ ਬੁੱਧੀ ਸੀਮਿਤ ਹਨ। ਸੋ ਇਨਸਾਨ ਨੂੰ ਅੰਦਰਲੇ ਵਾਧੂ ਦੇ ਦੁੱਖਾਂ ਅਤੇ ਦਰਦਾਂ ਤੋਂ ਖਹਿੜਾ ਛੁਡਾਉਣਾ ਚਾਹੀਦਾ ਹੈ।

ਕੀ ਗਾਵਾਂ ਅਤੇ ਮੱਝਾਂ ਨੂੰ ਆਪਣੇ ਬੱਚਿਆਂ ਦੀ ਸ਼ਾਦੀ ਕਰਨ ਦੀ ਚਿੰਤਾ ਹੈ? ਜੇ ਤੁਸੀਂ ਰੋਸ਼ਨੀ ਵਿਚ ਇਕ ਬਿੱਛੂ ਨੂੰ ਤੁਹਾਡੇ ਘਰ ਦੇ ਅੰਦਰ ਦਾਖ਼ਲ ਹੁੰਦਾ ਵੇਖ ਲੈਂਦੇ ਹੋ ਤਾਂ ਤੁਸੀਂ ਲਗਾਤਾਰ ਡਰਦੇ ਰਹੋਗੇ। ਪਰੰਤੂ ਜੇਕਰ ਇਹੋ ਬਿੱਛੂ ਹਨ੍ਹੇਰੇ ਵਿਚ ਤੁਹਾਡੇ ਘਰ ਅੰਦਰ ਦਾਖ਼ਲ ਹੁੰਦਾ ਹੈ ਅਤੇ ਤੁਹਾਨੂੰ ਇਸ ਦਾ ਪਤਾ ਵੀ ਨਹੀਂ ਲਗਦਾ ਤਾਂ ਤੁਸੀਂ ਡਰ ਦੀ ਅਵਸਥਾ ਵਿਚ ਨਹੀਂ ਹੋਵੋਗੇ। ਤੁਸੀਂ ਪੂਰੀ ਰੋਸ਼ਨੀ (ਬੁੱਧੀ) ਨੂੰ ਮੱਧਮ ਕਰ ਸਕਦੇ ਹੋ ਪਰ ਤੁਸੀਂ ਮੱਧਮ ਰੋਸ਼ਨੀ ਨੂੰ ਪੂਰੀ ਚਮਕਦਾਰ ਨਹੀਂ ਕਰ ਸਕਦੇ। ਜੇ ਮੱਝਾਂ, ਗਾਵਾਂ ਆਦਿ ਜਾਨਵਰਾਂ ਦਾ ਜੀਵਨ ਚੱਲ ਰਿਹਾ ਹੈ ਤਾਂ ਸਾਡਾ ਜੀਵਨ ਕਿਉਂ ਨਹੀਂ ਚਲਦਾ ਰਹੇਗਾ? ਜਿਨ੍ਹਾਂ ਜੀਵਾਂ ਨੂੰ ਬਿਲਕੁਲ ਹੀ ਚੇਤਨਾ ਨਹੀਂ ਹੈ ਉਨ੍ਹਾਂ ਦਾ ਜੀਵਨ ਵੀ ਚਲਦਾ ਰਹਿੰਦਾ ਹੈ। ਸਾਰਾ ਸੰਸਾਰ ਇੰਝ ਹੀ ਚਲਦਾ ਰਹਿੰਦਾ ਹੈ। ਫਿਰ ਤੁਸੀਂ ਹਰ ਚੀਜ ਨੂੰ ਉਸ ਦੀ ਹਾਲਤ ਉਪਰ ਕਿਉਂ ਨਹੀਂ ਛੱਡ ਦਿੰਦੇ?

ਦਰਦ ਉਹ ਹੈ ਜਿਹੜਾ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ: ਇਹ ਕੱਪੜਿਆਂ ਭਾਵ ਸਾਡੇ ਪਹਿਰਾਵੇ ਉਪਰ ਅਸਰ ਨਹੀਂ ਪਾਉਂਦਾ। ਕਈ ਵਾਰ ਜੇ ਕੋਈ ਕਿਸੇ ਦੇ ਕੱਪੜਿਆਂ ਨਾਲ ਵੀ ਛੂਹ ਜਾਵੇ ਤਾਂ ਉਹ ਪਰੇਸ਼ਾਨ ਹੋ ਉਠਦੇ ਹਨ। ਮੰਨ ਲਉ ਤੁਸੀਂ ਕਿਸੇ ਦੀ ਸ਼ਾਦੀ ਵਿਚ ਸ਼ਾਮਲ ਹੋਣ ਲਈ ਜਾ ਰਹੇ ਹੋ ਅਤੇ ਰਸਤੇ ਵਿਚ ਕੋਈ ਤੁਹਾਡੇ ਕਪੜਿਆਂ ਉਪਰ ਥੁੱਕ ਦਿੰਦਾ ਹੈ ਤਾਂ ਤੁਸੀਂ ਗਿਲਾ ਕਰੋਗੇ ਕਿ ਉਸਨੇ ਤੁਹਾਡੇ ਉਪਰ ਥੁੱਕ ਦਿੱਤਾ। ਪਰੰਤੂ ਮੈਂ ਕਹਾਂਗਾ ਕਿ 'ਬੇਸ਼ਕ ਉਸ ਨੇ ਤੁਹਾਡੇ ਉਪਰ ਥੁੱਕ ਦਿੱਤਾ ਪਰ ਇਸ ਨਾਲ ਤੁਹਾਨੂੰ ਦਰਦ ਨਹੀਂ ਪਹੁੰਚਿਆ ਕਿਉਂਕਿ

ਇਸ ਨੇ ਤੁਹਾਡੇ ਸਰੀਰ ਨੂੰ ਨਹੀਂ ਛੁਹਿਆ। ਜਦੋਂ ਇਹ ਸਰੀਰ ਨੂੰ ਛੂਹ ਜਾਵੇ ਤਾਂ ਇਹ ਦਰਦ ਜਾਂ ਪੀੜਾ ਬਣ ਜਾਂਦਾ ਹੈ।

ਜੇਕਰ ਤੁਹਾਡੀ ਪਤਨੀ ਨੂੰ ਦਰਦ ਹੋ ਰਿਹਾ ਹੈ ਤਾਂ ਇਹ ਦਰਦ ਉਸ ਦੇ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ, ਤੁਹਾਡੇ ਸਰੀਰ ਨੂੰ ਨਹੀਂ। ਫਿਰ ਤੁਸੀਂ ਇਸ ਦਰਦ ਨੂੰ ਆਪਣੇ ਮਨ ਵਿਚ ਕਿਉਂ ਹੰਢਾਉਂਦੇ ਹੋ? ਤੁਸੀਂ ਇਸ ਨੂੰ ਆਪਣੇ ਗਿਆਨ ਦੀ ਰੋਸ਼ਨੀ ਵਿਚ ਵਿਚਾਰੋ। ਬਸ ਇਨਾ ਹੀ ਕਾਫ਼ੀ ਹੈ।

ਇਕ ਵਪਾਰੀ ਆਪਣੇ ਕਾਲਪਨਿਕ ਦਰਦ ਦਾ ਭਾਰਾ ਬੋਝ ਆਪਣੇ ਮੋਢਿਆਂ ਉਪਰ ਲਈ ਫਿਰਦਾ ਹੈ। ਉਸ ਕੋਲ ਵਪਾਰ ਦਾ ਵੀ ਦਰਦ ਹੈ, ਸਮਾਜ ਦਾ ਵੀ ਦਰਦ ਹੈ, ਪਰੰਤੂ ਇਹ ਸਚਮੁੱਚ ਯਥਾਰਥਕ ਦਰਦ ਨਹੀਂ। ਮੈਂ ਵਪਾਰ ਦਾ ਦਰਦ ਵਪਾਰ ਕੋਲ ਹੀ ਛੱਡ ਦਿੰਦਾ ਹਾਂ ਅਤੇ ਸਮਾਜ ਦਾ ਦਰਦ ਸਮਾਜ ਕੋਲ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ! ਤੁਸੀਂ ਆਪਣੇ ਵਪਾਰ, ਆਪਣੇ ਕਾਰੋਬਾਰ ਵਿਚ ਆਉਂਦੀਆਂ ਦਿੱਕਤਾਂ ਅਤੇ ਅਣਸੁਖਾਵੇਂ ਹਾਲਾਤਾਂ ਨਾਲ ਕਿਵੇਂ ਨਜਿੱਠਦੇ ਹੋ?

**ਦਾਦਾਸ਼੍ਰੀ** : ਮੈਂ ਵਿਭਿੰਨ ਮਾਮਲਿਆਂ ਨੂੰ ਅਲੱਗ-ਅਲੱਗ ਹੀ ਰਖਦਾ ਹਾਂ। ਜੇ ਵਪਾਰ ਵਿਚ ਘਾਟਾ ਪੈ ਗਿਆ ਹੈ ਤਾਂ ਮੇਰਾ ਕਹਿਣਾ ਹੁੰਦਾ ਹੈ ਕਿ ਵਪਾਰ ਨੂੰ ਘਾਟਾ ਪਿਆ ਹੈ। ਲਾਭ ਜਾਂ ਨੁਕਸਾਨ ਦਾ ਮਾਲਕ ਮੈਂ ਨਹੀਂ ਹਾਂ - ਇਹ ਸਭ ਵਪਾਰ ਦਾ ਹੈ ਅਤੇ ਵਪਾਰ ਮੇਰੇ ਤੋਂ ਵੱਖਰੀ ਇਕ ਹਸਤੀ ਹੈ। ਸੋ ਇਸ ਸਭ ਦਾ ਬੋਝ ਮੈਂ ਆਪਣੇ ਸਿਰ ਕਿਉਂ ਲਵਾਂ? ਲਾਭ ਅਤੇ ਨੁਕਸਾਨ ਮੈਨੂੰ ਪ੍ਰਭਾਵਿਤ ਨਹੀਂ ਕਰਦੇ। ਜੇ ਵਪਾਰ ਵਿਚ ਘਾਟਾ ਪੈ ਜਾਂਦਾ ਹੈ ਅਤੇ ਜਦੋਂ ਟੈਕਸ ਮਹਿਕਮੇ ਦਾ ਕੋਈ ਅਫ਼ਸਰ ਆ ਧਮਕਦਾ ਹੈ ਤਾਂ ਮੈਂ ਵਪਾਰ ਪ੍ਰਤੀ ਇੱਦਾ ਸੋਚਾਂਗਾ: " ਪਿਆਰੇ ਵਪਾਰ! ਜੇ ਤੇਰੇ ਪਾਸ ਆਪਣੀਆਂ ਦੇਣਦਾਰੀਆਂ ਦੇਣ ਹਿਤ ਰੋਕੜਾ ਹੈ ਤਾਂ ਅਦਾਇਗੀ ਕਰ ਦੇਹ; ਇਹ ਦੇਣਦਾਰੀ ਤਾਂ ਦੇਣੀ ਹੀ ਪੈਣੀ ਹੈ।"

ਸਾਡੇ ਇਮਾਰਤ ਉਸਾਰੀ ਦੀ ਠੇਕੇਦਾਰੀ ਦੇ ਕਾਰੋਬਾਰ ਵਿਚ ਜੇ ਸਾਨੂੰ ਇਹ ਖ਼ਬਰ ਮਿਲਦੀ ਹੈ ਕਿ ਸਾਡਾ 500 ਟਨ ਲੋਹਾ ਸਮੁੰਦਰ ਵਿਚ ਡਿੱਗ ਕੇ ਡੁੱਬ ਗਿਆ ਹੈ ਤਾਂ ਪਹਿਲੀ ਗੱਲ ਜੋ ਮੈਂ ਕਹਾਂਗਾ ਉਹ ਇਦਾ ਹੋਵੇਗੀ: 'ਸਾਡੇ ਕਿਸੇ ਵਿਅਕਤੀ ਦਾ ਜਾਨੀ ਨੁਕਸਾਨ ਨਹੀਂ ਹੋਇਆ। ਇਹ ਠੀਕ ਹੈ ਕਿ ਨਹੀਂ?' ਹਰ ਵਿਅਕਤੀ ਆਪਣੇ ਕਰਮਾਂ ਦੇ ਲੇਖੇ-ਜੋਖੇ ਅਨੁਸਾਰ ਨਿਰਧਾਰਤ ਸਮੇਂ ਉਪਰ ਮਰਦਾ ਹੈ ਪਰੰਤੂ ਕਿਸੇ ਹੋਰ ਨੂੰ ਇਸ ਪ੍ਰਕ੍ਰਿਆ ਵਿਚ ਭਾਗੀਦਾਰ ਨਹੀਂ ਹੋਣਾ ਚਾਹੀਦਾ।

**ਪ੍ਰਸ਼ਨ-ਕਰਤਾ** : ਇਹ ਨਜ਼ਰੀਆ ਮੈਨੂੰ ਬਹੁਤ ਹੀ ਦਿਲਚਸਪ ਅਤੇ ਨਵੇਕਲਾ ਜਾਪਦਾ ਹੈ। ਕਿਰਪਾ ਕਰਕੇ ਜੀਵਨ ਵਿਚ ਆਉਣੇ ਵਾਲੇ ਦਰਦ ਅਤੇ ਦੁੱਖ ਨਾਲ ਨਜਿੱਠਣ ਦੀ ਕਲਾ ਬਾਰੇ

ਰਤਾ ਵਿਸਥਾਰ ਵਿਚ ਵਧੇਰੇ ਚਾਨਣ ਪਾਉ।

**ਦਾਦਾਸ਼੍ਰੀ** : ਜੇ ਤੁਸੀਂ ਮੈਨੂੰ ਇਹ ਦਸਦੇ ਹੋ ਕਿ ਤੁਹਾਡੇ ਕੰਨ ਵਿਚ ਦਰਦ ਹੈ ਤਾਂ ਮੈਂ ਤੁਹਾਡੀ ਗੱਲ ਸੁਣਾਂਗਾ। ਜੇ ਤੁਸੀਂ ਮੈਨੂੰ ਆਪਣੇ ਦੰਦ ਦੇ ਦਰਦ ਦੀ ਵਿਥਿਆ ਸੁਣਾਉਂਦੇ ਹੋ, ਮੈਂ ਤਾਂ ਵੀ ਤੁਹਾਡੀ ਗੱਲ ਨੂੰ ਸੁਣਾਂਗਾ। ਜੇ ਤੁਸੀਂ ਭੁੱਖੇ ਹੋ ਮੈਂ ਤਾਂ ਵੀ ਤੁਹਾਨੂੰ ਸੁਣਾਂਗਾ। ਇਨ੍ਹਾਂ ਸਾਰਿਆਂ ਨੂੰ ਦਰਦ/ਦੁੱਖ ਮੰਨਿਆ ਗਿਆ ਹੈ। ਪਰੰਤੂ ਜੇਕਰ ਤੁਸੀਂ ਗਿਲਾ ਕਰਦੇ ਹੋ ਕਿ ਮੱਖਣ ਨਹੀਂ ਹੈ ਜਾਂ ਟੋਸਟ ਲਈ ਜੈਮ ਨਹੀਂ ਹੈ ਤਾਂ ਮੈਂ ਤੁਹਾਡੀ ਗੱਲ ਨੂੰ ਨਹੀਂ ਸੁਣਾਂਗਾ। ਜੇ ਤੁਸੀਂ ਇਸ ਸਰੀਰ ਨੂੰ ਥੋੜੀ ਖਿਚੜੀ ਵੀ ਖਿਲਾ ਦਿੰਦੇ ਹੋ ਤਾਂ ਵੀ ਇਹ ਸਰੀਰ ਕੋਈ ਗਿਲਾ-ਸ਼ਿਕਵਾ ਨਹੀਂ ਕਰੇਗਾ। ਖਿਚੜੀ ਖਾਣ ਉਪਰੰਤ ਵੀ ਇਹ ਸਰੀਰ ਤੁਸੀਂ ਜਿਸ ਤਰ੍ਹਾਂ, ਜਿਸ ਢੰਗ ਨਾਲ ਵੀ ਭਗਤੀ ਕਰਨੀ ਚਾਹੋ, ਉਸ ਨੂੰ ਸਵੀਕਾਰ ਕਰੇਗਾ। ਤੁਸੀਂ ਚੰਗਾ-ਮੰਦਾ ਜੋ ਵੀ ਕਰਦੇ ਹੋ ਇਹ ਤੁਹਾਡੀ ਆਪਣੀ ਇੱਛਾ ਉਪਰ ਨਿਰਭਰ ਕਰਦਾ ਹੈ।

ਜੇ ਕੋਈ ਵਿਅਕਤੀ ਤੁਹਾਡੇ ਵਾਲ ਕਟਦਾ ਹੈ ਤਾਂ ਇਹ ਦਰਦ ਨਹੀਂ ਹੈ। ਪਰੰਤੂ ਜੇ ਉਹ ਤੁਹਾਡਾ ਕੰਨ ਕੱਟ ਦਿੰਦਾ ਹੈ ਤਾਂ ਇਹ ਜ਼ਰੂਰ ਦਰਦ ਹੈ।

ਇਸ ਸੰਸਾਰ ਅੰਦਰ ਅਜਿਹਾ ਕੁਝ ਨਹੀਂ ਜਿਸ ਲਈ ਰੋਇਆ ਜਾਵੇ ਅਤੇ, ਜਿਥੇ ਕਿਧਰੇ ਰੋਣ-ਧੋਣ ਦਾ ਮੌਕਾ ਹੈ ਤਾਂ ਉਥੇ ਵੀ ਤੁਹਾਡਾ ਮਿਜਾਜ਼ ਖੁਸ਼ ਹੀ ਹੋਣਾ ਚਾਹੀਦਾ ਹੈ। ਇਹ ਤਾਂ ਇੰਝ ਹੈ ਜਿਵੇਂ ਤੁਸੀਂ ਇਕ ਨਾਂਹ-ਪੱਖੀ ਅਵਸਥਾ ਦਾ ਇਕ ਹਾਂ-ਪੱਖੀ ਅਵਸਥਾ ਦੇ ਨਾਲ ਵਿਭਾਜਨ ਕਰ ਦਿੰਦੇ ਹੋ। ਜੇਕਰ ਤੁਹਾਨੂੰ ਕਿਸੇ ਦਰਦ ਜਾਂ ਗਮ ਨੂੰ ਸਹਿਣਾ ਹੀ ਪੈਣਾ ਹੈ ਤਾਂ ਸਵੀਕਾਰ ਨਾ ਕਰਕੇ ਜਾਂ ਸ਼ਿਕਵਾ-ਸ਼ਿਕਾਇਤ ਕਰਕੇ ਵਧਾਉਣ ਦੀ ਬਜਾਇ ਜੇ ਤੁਸੀਂ ਇਸ ਨੂੰ ਆਪਣੀ ਖੁਸ਼-ਮਿਜਾਜ਼ੀ ਨਾਲ ਮੁਸਕਰਾ ਕੇ ਤਕਸੀਮ ਕਰ ਦਿੰਦੇ ਹੋ ਤਾਂ ਤੁਹਾਡੇ ਕਰਮਾਂ ਦੇ ਖਾਤੇ ਵਿਚ ਕੁਝ ਬਕਾਇਆ ਨਹੀਂ ਬਚੇਗਾ।

ਇਕ ਵਾਰ ਇਕ ਵਿਅਕਤੀ ਨੇ ਮੈਨੂੰ ਕਿਹਾ: 'ਮੇਰੀ ਬਰਾਦਰੀ ਵਿਚ ਮੇਰੀ ਇੱਜ਼ਤ ਖ਼ਤਮ ਹੋ ਗਈ ਹੈ।' ਉਸ ਦੀ ਬਰਾਦਰੀ ਉਸ ਦੇ ਦੁੱਖ ਦਾ ਕਾਰਨ ਕਿਉਂ ਬਣੇ? ਦਰਦ ਜਾਂ ਪੀੜ ਤਾਂ ਉਹ ਹੈ ਜਿਹੜੀ ਤੁਹਾਡੇ ਸਰੀਰ ਨਾਲ ਸੰਬੰਧਤ ਹੈ। ਜੇ ਵਿਅਕਤੀ ਦੀ ਸੋਚ ਨਾਂਹ-ਪੱਖੀ ਹੈ ਤਾਂ ਉਹ ਇਨ੍ਹਾਂ ਤੋਂ ਜ਼ਰੂਰ ਪ੍ਰਭਾਵਿਤ ਹੋਵੇਗਾ। ਜੇ ਉਹ ਇਸ ਦਰਦ ਨੂੰ ਸਹਿੰਦਾ ਹੈ ਅਤੇ ਜੇ ਉਹ ਇਸ ਤਰ੍ਹਾਂ ਦੀ ਨਾਂਹ-ਪੱਖੀ ਸੋਚ ਨੂੰ ਇਸੇ ਤਰ੍ਹਾਂ ਬਣਾਈ ਰਖਦਾ ਹੈ ਤਾਂ ਇਹ ਸੋਚ ਉਸ ਲਈ ਨੁਕਸਾਨਦੇਹ ਹੋਵੇਗੀ ਉਂਝ ਭਾਵੇਂ ਉਸਦਾ ਇਹ ਨੁਕਸਾਨ ਜਾਂ ਦਰਦ ਨਾ ਵੀ ਹੋਣਾ ਹੋਵੇ। ਨਾ-ਪੱਖੀ ਸੋਚ ਦਾ ਨਤੀਜਾ ਵੀ ਬੁਰਾ ਹੀ ਹੋਵੇਗਾ।

ਇਕ ਵਿਅਕਤੀ ਕਹਿੰਦਾ ਹੈ: "ਮੇਰੀ ਪਤਨੀ ਨੇ ਮੈਨੂੰ ਅਜਿਹੇ ਸ਼ਬਦ ਕਹੇ ਜਿਨ੍ਹਾਂ ਨੇ ਮੈਨੂੰ ਠੇਸ ਮਾਰੀ।" ਇਹ ਦਰਦ ਨਹੀਂ ਕਿਉਂਕਿ ਇਸ ਕਹੇ ਦਾ ਸਿੱਧਾ ਸੰਬੰਧ ਉਸ ਦੇ ਸਰੀਰ

ਨਾਲ ਨਹੀਂ। ਇਹ ਖ਼ੁਦ ਸਹੇੜੀਆਂ ਸਮੱਸਿਆਵਾਂ ਨੂੰ ਦੁੱਖ ਜਾਂ ਦਰਦ ਨਹੀਂ ਕਿਹਾ ਜਾ ਸਕਦਾ। ਕਈ ਵਾਰ ਵਿਅਕਤੀ ਆਪਣੇ ਪੁੱਤਰ ਦੇ ਸਾਰੇ ਦਰਦਾਂ ਦਾ ਭਾਰ ਖ਼ੁਦ ਹੀ ਲੈ ਲੈਂਦਾ ਹੈ: ਜਦੋਂ ਉਹ ਪੁੱਤਰ ਮਰਦਾ ਹੈ ਤਾਂ ਪਿਤਾ ਉਸ ਦੇ ਨਾਲ ਕਿਉਂ ਨਹੀਂ ਮਰ ਜਾਂਦਾ? ਉਥੇ ਤਾਂ ਉਹ ਪੁੱਤਰ ਦਾ ਸਾਥ ਨਹੀਂ ਦਿੰਦਾ।

ਗਿਆਨੀ ਪੁਰਸ਼ ਬਹੁਤ ਸਮਝਦਾਰ ਅਤੇ ਗਿਆਨਵਾਨ ਹੁੰਦੇ ਹਨ। ਉਨ੍ਹਾਂ ਨੇ ਸੰਸਾਰ ਦੀ ਹਰ ਵਸਤੂ ਨੂੰ, ਹਰ ਗੱਲ ਨੂੰ ਸਮਝਿਆ ਹੁੰਦਾ ਹੈ। ਯੁੱਗਾਂ ਦੇ ਇਸ ਚੱਕਰ ਵਿਚ ਮੌਜੂਦਾ ਕਲਿਯੁਗ ਜਿਹੋ ਜਿਹਾ ਹੈ ਕੀ ਤੁਸੀਂ ਇਹ ਨਹੀਂ ਸੋਚਦੇ ਕਿ ਇਹ ਗਿਆਨ ਪੁਰਸ਼ ਨੂੰ ਵੀ ਪ੍ਰਭਾਵਿਤ ਕਰਦਾ ਹੈ? ਕਾਲ ਦੇ ਇਸ ਚੱਕਰ ਵਿਚ ਕੀ ਗਿਆਨੀ ਪੁਰਸ਼ ਨੂੰ ਦਰਦ ਨਹੀਂ ਹੁੰਦਾ? ਉਹ ਵੀ ਦਰਦ ਨੂੰ ਮਹਿਸੂਸ ਕਰਦਾ ਹੈ ਪਰੰਤੂ ਉਹ ਸਮੇਂ ਤੋਂ ਪਹਿਲਾਂ ਸਾਰੇ ਇੰਤਜ਼ਾਮ ਕਰ ਲੈਂਦਾ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਡਾਕਖ਼ਾਨਾ ਕਰ ਲੈਂਦਾ ਹੈ। ਡਾਕਖ਼ਾਨੇ ਵਿਚ ਵੱਖ-ਵੱਖ ਥਾਵਾਂ ਤੋਂ ਆਈ ਅਤੇ ਵੱਖ-ਵੱਖ ਪਿੰਡਾਂ-ਸ਼ਹਿਰਾਂ ਨੂੰ ਜਾਣ ਵਾਲੀ ਡਾਕ ਛਾਂਟਣ ਲਈ ਵਖਰੀਆਂ ਖੁੱਲੀਆਂ ਥਾਵਾਂ ਹੁੰਦੀਆਂ ਹਨ ਜਿਥੇ ਵੱਖ-ਵੱਖ ਸ਼ਹਿਰਾਂ/ਪਿੰਡਾਂ ਨੂੰ ਜਾਣ ਵਾਲੀ ਡਾਕ ਇਕੱਤਰ ਕੀਤੀ ਜਾਂਦੀ ਹੈ। ਉਸੇ ਤਰ੍ਹਾਂ ਗਿਆਨੀ ਪੁਰਸ਼ ਵੀ ਵਿਭਿੰਨ ਕਿਸਮ ਦੇ ਦਰਦਾਂ ਨੂੰ ਵੱਖ-ਵੱਖ ਬਕਸਿਆਂ ਵਿਚ ਰਖ ਦਿੰਦਾ ਹੈ - ਕਾਰੋਬਾਰ ਦਾ ਬਕਸਾ, ਸਮਾਜ ਦਾ ਬਕਸਾ, ਦਫ਼ਤਰ ਦਾ ਬਕਸਾ, ਆਦਿ। ਇੰਝ ਕਰਨ ਉਪਰੰਤ ਉਹ ਰਾਤ ਨੂੰ ਸ਼ਾਂਤੀ ਨਾਲ ਸੌਂਦਾ ਹੈ।

ਜੇ ਇਕ ਸਿਨਮਾ-ਘਰ ਦੀ ਛੱਤ ਡਿੱਗ ਪਵੇ ਤਾਂ ਤੁਹਾਨੂੰ ਇਸ ਗੱਲ ਦੀ ਤਸੱਲੀ ਅਤੇ ਖ਼ੁਸ਼ੀ ਹੋਣੀ ਚਾਹੀਦੀ ਹੈ ਕਿ ਕਿਸੇ ਦੇ ਸੱਟ-ਫੇਟ ਨਹੀਂ ਲੱਗੀ। ਜੇ ਕਿਸੇ ਵਿਅਕਤੀ ਦੇ ਚੋਟ ਲੱਗ ਜਾਂਦੀ ਹੈ ਤਾਂ ਤੁਹਾਨੂੰ ਇਹ ਜਾਣ ਕੇ ਖੁਸ਼ ਹੋਣਾ ਚਾਹੀਦਾ ਹੈ ਕਿ ਕਿਸੇ ਦੀ ਜਾਨ ਨਹੀਂ ਗਈ।

ਇਸ ਤਰ੍ਹਾਂ ਸੋਚ ਕੇ ਤੁਹਾਨੂੰ ਮਨ ਨੂੰ ਤਸੱਲੀ ਅਤੇ ਆਸਰਾ ਦੇਣਾ ਚਾਹੀਦਾ ਹੈ। ਹਰ ਗੱਲ ਨੂੰ ਦੂਸਰੀ ਨਾਲੋਂ ਅਲੱਗ ਰਖੋ - ਹਰ ਗੱਲ ਨੂੰ ਉਸ ਦੇ ਵਖਰੇ ਖਾਤੇ ਵਿਚ ਰਖੋ। ਤੁਹਾਨੂੰ ਇਕੋ ਇਕ ਚੀਜ ਜਿਹੜੀ ਪ੍ਰਭਾਵਿਤ ਕਰਦੀ ਹੈ ਉਹ ਹੈ ਉਹ ਘਟਨਾ ਜਾਂ ਦਰਦ ਜਿਹੜਾ ਤੁਹਾਡੇ ਸਰੀਰ ਨੂੰ ਲਗਦਾ ਹੈ। ਜੇਕਰ ਪਿਤਾ ਦੇ ਸਰੀਰ ਨੂੰ ਦਰਦ ਮਹਿਸੂਸ ਹੁੰਦਾ ਹੈ ਤਾਂ ਇਸ ਗੱਲ ਨੂੰ ਤੁਸੀਂ ਆਪਣੇ ਮਨ ਨੂੰ ਪ੍ਰਭਾਵਿਤ ਨਾ ਕਰਨ ਦਿਉ। ਹਾਂ ਤੁਸੀਂ ਇਹ ਵੀ ਜਾਣਕਾਰੀ ਲੈਣੀ ਹੈ ਕਿ ਉਨ੍ਹਾਂ ਨੂੰ ਅਸਲ ਵਿਚ ਕੀ ਹੋਇਆ ਹੈ। ਉਪਰੰਤ ਤੁਸੀਂ ਉਨ੍ਹਾਂ ਲਈ ਲੋੜੀਂਦੀ ਡਾਕਟਰੀ ਸਹਾਇਤਾ ਅਤੇ ਦਵਾਈਆਂ ਦਾ ਪ੍ਰਬੰਧ ਕਰਨਾ ਹੈ। ਇਹ ਸਭ ਕਰਦੇ ਸਮੇਂ ਤੁਸੀਂ ਨਿਰਲੇਪ ਰਹੋ ਜਿਵੇਂ ਤੁਸੀਂ ਕਿਸੇ ਨਾਟਕ ਵਿਚ ਪਾਰਟ ਅਦਾ ਕਰਦੇ ਸਮੇਂ ਰਹਿੰਦੇ ਹੋ। ਜੇ ਇਹ ਜੀਵਨ ਇਕ ਨਾਟਕ ਦੀ ਤਰ੍ਹਾਂ ਭਾਵ ਥੋੜ-ਚਿਰੀ ਨਾ ਹੁੰਦੀ ਤਾਂ ਜਦੋਂ ਪਿਤਾ ਦੀ ਮੌਤ ਹੁੰਦੀ ਹੈ ਤਾਂ ਪੁੱਤਰ ਨੂੰ ਵੀ ਉਸ ਦੇ ਨਾਲ ਜਾਣਾ ਬਣਦਾ ਹੈ। ਜਦੋਂ ਮੌਤ ਦਾ ਪ੍ਰਸ਼ਨ ਆਉਂਦਾ ਹੈ ਤਾਂ ਅਸੀਂ ਜੀਵਨ

ਨੂੰ ਇਕ ਨਾਟਕ ਦੀ ਤਰ੍ਹਾਂ ਲੈਂਦੇ ਹਾਂ ਪਰੰਤੂ ਜਦੋਂ ਕਿਸੇ ਨੇੜਲੇ ਦੇ ਦੁੱਖ-ਦਰਦ ਦੀ ਗੱਲ ਹੁੰਦੀ ਹੈ ਤਾਂ ਉਸ ਸਮੇਂ ਅਸੀਂ ਇਸ ਤਰ੍ਹਾਂ ਨਹੀਂ ਸੋਚਦੇ। ਇਦਾਂ ਕਿਉਂ?

ਸਵੈ-ਪਹਿਚਾਣ ਦੀ ਅਵਸਥਾ ਵਿਚ ਪਹੁੰਚਣ ਉਪਰੰਤ ਇਹ ਸੰਭਵ ਹੈ ਕਿ ਤੁਹਾਨੂੰ ਕਿਸੇ ਪ੍ਰਕਾਰ ਦੀ ਵੀ ਪੀੜ ਨਾ ਹੋਵੇ। ਗਿਆਨੀ ਪੁਰਸ਼ ਹਮੇਸ਼ਾ ਸਦੀਵੀ ਅਨੰਦ ਦੀ ਅਵਸਥਾ ਵਿਚ ਕਿਉਂ ਰਹਿੰਦੇ ਹਨ? ਇਹ ਇਸ ਕਰਕੇ ਸੰਭਵ ਹੈ ਕਿਉਂਕਿ ਉਹ ਜਾਣਦੇ ਹਨ ਕਿ ਕਿਸੇ ਵੀ ਚੀਜ ਨਾਲ ਕਿਵੇਂ ਨਜਿੱਠਣਾ ਹੈ? ਗਿਆਨੀ ਪੁਰਸ਼ ਤੁਹਾਨੂੰ ਵੀ ਸਿੱਖਿਆ ਦਿੰਦੇ ਹਨ ਕਿ ਅਜਿਹਾ ਕਿਵੇਂ ਕਰਨਾ ਹੈ।

ਜੇ ਤੁਸੀਂ ਕਿਸੇ ਵੀ ਚੀਜ ਬਾਰੇ ਬਹੁਤ ਜ਼ਿਆਦਾ ਨਾ ਸੋਚੋ ਤਾਂ ਹਰ ਚੀਜ, ਹਰ ਗੱਲ ਹੀ ਠੀਕ ਰਹੇਗੀ। ਜਦੋਂ ਤੁਸੀਂ ਜ਼ਿਆਦਾ ਸੋਚਣਾ ਜਾਂ ਚਿੰਤਾ ਕਰਨੀ ਸ਼ੁਰੂ ਕਰ ਦਿੰਦੇ ਹੋ ਤਾਂ ਉਹ ਕੰਮ ਯਕੀਨਨ ਹੀ ਖ਼ਰਾਬ ਹੋ ਜਾਂਦਾ ਹੈ। ਇਸ ਦਾ ਕਾਰਨ ਇਹ ਹੁੰਦਾ ਹੈ ਕਿ ਇਹ ਵਿਚਾਰ ਉਸ ਵਿਅਕਤੀ ਦੇ ਅੰਦਰ ਉਪਜਦੇ ਹਨ ਜਿਸ ਦੇ ਮਨ ਅੰਦਰ ਹਉਮੈ ਹੈ ਅਤੇ ਇਸ ਲਈ ਉਹ ਨਿਰ-ਆਸ਼ਰਿਤ ਹੈ। ਜੇਕਰ ਇਹੋ ਵਿਚਾਰ ਆਸ਼ਰਿਤ (ਉਦਾਹਰਣ ਦੇ ਲਈ, ਪਸ਼ੂ) ਦੇ ਅੰਦਰ ਪੈਦਾ ਹੁੰਦੇ ਹਨ ਤਾਂ ਗੱਲ ਵੱਖਰੀ ਹੋਵੇਗੀ।

ਇਹ ਸਾਰਾ ਦੁੱਖ ਅਤੇ ਪੀੜਾ ਕਿਥੋਂ ਆਉਂਦੇ ਹਨ? ਇਸ ਪੀੜਾ ਦੇ ਪਿੱਛੇ ਤੱਥ ਇਹ ਹੈ ਕਿ ਤੁਸੀਂ ਇਕ ਗਮਗ਼ੀਨ ਵਿਅਕਤੀ ਪਾਸ ਆਸਰਾ ਲੈ ਲਿਆ ਹੈ। ਜੇ ਤੁਸੀਂ ਇਕ ਖੁਸ਼-ਮਿਜਾਜ਼ ਵਿਅਕਤੀ ਪਾਸ ਆਸਰਾ ਲੈ ਲੈਂਦੇ ਹੋ ਤਾਂ ਤੁਹਾਨੂੰ ਕੋਈ ਦੁੱਖ ਜਾਂ ਪੀੜਾ ਨਹੀਂ ਹੋਵੇਗੀ। ਦਾਦਾ ਭਗਵਾਨ ਪੂਰਨ ਆਨੰਦ ਵਿਚ ਹਨ; ਉਨ੍ਹਾਂ ਦਾ ਆਸਰਾ ਲਉ। ਕੀ ਫਿਰ ਵੀ ਕੋਈ ਸਮੱਸਿਆ ਹੋਵੇਗੀ? ਨਹੀਂ।

ਜਿਹੜੇ ਵਿਅਕਤੀ ਚਾਲਾਕ ਅਤੇ ਧੋਖੇਬਾਜ਼ ਹਨ ਉਹ ਨਾ-ਖੁਸ਼ ਰਹਿੰਦੇ ਹਨ ਅਤੇ ਜੇ ਤੁਸੀਂ ਉਨ੍ਹਾਂ ਪਾਸ ਧੀਰਜ ਲੱਭੋਗੇ ਤਾਂ ਤੁਸੀਂ ਵੀ ਖੁਸ਼ ਨਹੀਂ ਹੋਵੋਗੇ। ਇਕ ਧੋਖੇਬਾਜ਼ ਨਾ-ਖੁਸ਼ ਵਿਅਕਤੀ ਖ਼ੁਦ ਨੂੰ ਦੁੱਖ ਤੋਂ ਮੁਕਤ ਨਹੀਂ ਕਰ ਸਕਦਾ: ਇਸ ਲਈ ਉਹ ਤੁਹਾਨੂੰ ਇਹਨਾਂ ਦੁੱਖਾਂ ਤੋਂ ਖਹਿੜਾ ਛੁਡਾਉਣ ਵਿਚ ਕਿਵੇਂ ਸਹਾਇਕ ਹੋ ਸਕਦਾ ਹੈ? ਜੇ ਤੁਸੀਂ ਉਸ ਵਿਅਕਤੀ ਦਾ ਆਸਰਾ ਲੈਂਦੇ ਹੋ ਜਿਹੜਾ ਸੰਪੂਰਨ ਹੈ ਅਤੇ ਅਨੰਤ ਆਨੰਦ ਦਾ ਘਰ ਹੈ, ਜਿਹੜਾ ਧੋਖੇਬਾਜ਼ ਨਹੀਂ ਅਤੇ ਹਰ ਇੱਛਾ ਤੋਂ ਮੁਕਤ ਹੈ, ਤਾਂ ਤੁਸੀਂ ਵੀ ਸੰਪੂਰਨਤਾ ਪ੍ਰਾਪਤ ਕਰ ਲਉਗੇ।

ਜਿਉਂ-ਜਿਉਂ ਕਲੇਸ਼ ਵਧਦਾ ਹੈ, ਇਹ ਖੁੱਲ੍ਹ ਕੇ ਝਗੜੇ ਦਾ ਰੂਪ ਲੈ ਲੈਂਦਾ ਹੈ। ਜਿਹੜਾ ਵਿਅਕਤੀ ਲੜਾਕੇ ਸੁਭਾਅ ਦਾ ਹੈ ਤੁਸੀਂ ਉਸ ਨਾਲ ਦੋਸਤੀ ਵਾਲਾ ਸੰਬੰਧ ਕਿਵੇਂ ਰੱਖ ਸਕਦੇ ਹੋ? ਇਹ ਤਾਂ ਖੱਟੀ ਲੱਸੀ ਨੂੰ ਮਿੱਠਾ ਕਰਨ ਵਾਂਗ ਹੈ - ਅਜਿਹੀ ਖੱਟੀ ਲੱਸੀ ਜਿਸ ਵਿਚ ਮਿੱਠਾ ਪਾਉਣ ਨਾਲ ਉਸ ਦਾ ਖੱਟਾਪਣ ਹੋਰ ਤੇਜ਼ ਹੋ ਜਾਂਦਾ ਹੈ।

ਇਸ ਲਈ ਬੇਹਤਰ ਇਹੋ ਹੈ ਕਿ ਤੁਸੀਂ ਖ਼ੁਦ ਨੂੰ ਲੜਾਕੇ ਸੁਭਾਅ ਵਾਲੇ ਵਿਅਕਤੀਆਂ ਤੋਂ ਦੂਰ ਰਖੋ। ਦੂਸਰਾ ਵਿਚਾਰ ਇਹ ਹੈ ਕਿ ਤੁਸੀਂ ਸਵੈ-ਪਹਿਚਾਣ ਪ੍ਰਾਪਤ ਕਰ ਲਉ। ਸਵੈ-ਪਹਿਚਾਣ ਪ੍ਰਾਪਤ ਕਰਨ ਉਪਰੰਤ ਤੁਹਾਨੂੰ ਸਮਝ ਆ ਜਾਵੇਗੀ ਕਿ ਦੂਸਰਾ ਵਿਅਕਤੀ ਜੋ ਕਹਿ ਰਿਹਾ ਹੈ ਉਹ ਸਿਰਫ਼ ਇਕ ਰਿਕਾਰਡ ਕੀਤੇ ਹੋਏ ਬਚਨ ਹਨ ਅਤੇ ਇਹੋ ਜਿਹੇ ਰਿਕਾਰਡ ਕੀਤੇ ਹੋਏ ਟੇਪ ਹਰ ਥਾਂ ਵੱਜ ਰਹੇ ਹਨ। ਇਕ ਗਿਆਨੀ ਪੁਰਸ਼ ਤਾਂ ਹਰ ਜੀਵ ਦੇ ਅੰਦਰ ਇੱਕ ਪਵਿੱਤਰ, ਸ਼ੁੱਧ ਆਤਮਾ ਹੀ ਵੇਖਦਾ ਹੈ। ਪਰੰਤੂ ਤੁਹਾਡੀ ਸਥਿਤੀ ਤਾਂ ਜੇਲ੍ਹ ਅੰਦਰ ਫਸੇ ਵਿਅਕਤੀ ਵਰਗੀ ਹੈ: ਇਸ ਲਈ ਤੁਸੀਂ ਕੀ ਕਰ ਸਕਦੇ ਹੋ? ਇਹ ਕਿਸ ਤਰ੍ਹਾਂ ਦਾ ਜਾਲ ਹੈ? ਪਰਿਵਾਰ ਦੇ ਸਾਰੇ ਜੀਅ ਰਲ ਕੇ ਇਕ ਦੇ ਹੀ ਮਗਰ ਪੈ ਜਾਂਦੇ ਹਨ: ਜਦ ਘਰ ਵਿਚ ਇਸ ਤਰ੍ਹਾਂ ਦਾ ਝਗੜੇ ਵਾਲਾ ਮਾਹੌਲ ਹੋਵੇ ਤਾਂ ਉਹ ਜੀਅ ਕਿਵੇਂ ਖ਼ੁਸ਼ ਰਹਿ ਸਕਦਾ ਹੈ? ਉਹ ਤਾਂ ਰਾਤ ਨੂੰ ਸੌਂ ਵੀ ਨਹੀਂ ਸਕੇਗਾ। ਘਰ ਦੇ ਬਾਕੀ ਜੀਆਂ ਨੂੰ ਨਰਾਜ਼ ਕਰਨ ਦੇ ਡਰ ਕਾਰਨ ਉਹ ਕਿਸੇ ਮਿੱਤਰ ਵਲੋਂ ਸ਼ਾਮ ਦੇ ਖਾਣ ਲਈ ਆਏ ਨਿਮੰਤ੍ਰਣ ਨੂੰ ਵੀ ਸਕੀਵਾਰ ਨਹੀਂ ਕਰ ਸਕੇਗਾ। ਉਸ ਲਈ ਹਰ ਪਲ ਹੀ ਦਰਦ ਭਰਿਆ ਹੈ ਅਤੇ ਉਸ ਨੇ ਇਹ ਦਰਦ ਸਹਿਣਾ ਹੈ। ਕਰਮਾਂ ਦਾ ਪ੍ਰਭਾਵ ਵੇਖੋ! ਘਰ ਦੇ ਅੰਦਰ ਵੀ ਉਹ ਅਜਿਹੇ ਮਾਹੌਲ ਵਿਚ ਰਹਿੰਦਾ ਹੈ ਜਿਹੜਾ ਉਸ ਲਈ ਪ੍ਰਤਿਕੂਲ ਹੈ। ਇਸ ਸੰਸਾਰ ਅੰਦਰ ਤੁਸੀਂ ਦੁੱਖਾਂ, ਗ਼ਮਾਂ ਤੋਂ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੋ ਸਕਦੇ।

ਇਕ ਵਾਰ ਇਕ ਵਿਅਕਤੀ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ: "ਦਾਦਾ! ਮੈਨੂੰ ਮੇਰੀ ਪਤਨੀ ਪਸੰਦ ਨਹੀਂ ਹੈ।" ਮੈਂ ਉਸ ਨੂੰ ਮੁੜ ਪ੍ਰਸ਼ਨ ਕੀਤਾ ਹੈ ਕਿ ਕਿਸ ਕਾਰਨ ਉਸ ਨੂੰ ਆਪਣੀ ਪਤਨੀ ਪਸੰਦ ਨਹੀਂ ਹੈ। "ਉਹ ਲੰਗੜੀ ਹੈ ਅਤੇ ਉਹ ਥੋੜਾ ਲੰਗੜਾ ਕੇ ਤੁਰਦੀ ਹੈ", ਉਸ ਨੇ ਉੱਤਰ ਦਿੱਤਾ। "ਕੀ ਤੁਹਾਡੀ ਪਤਨੀ ਤੁਹਾਨੂੰ ਪਸੰਦ ਕਰਦੀ ਹੈ"? ਮੈਂ ਉਸ ਨੂੰ ਮੁੜ ਪ੍ਰਸ਼ਨ ਕੀਤਾ। "ਹਾਂ, ਦਾਦਾਜੀ, ਬਿਲਕੁਲ; ਉਹ ਮੈਨੂੰ ਪਸੰਦ ਕਰਦੀ ਹੈ। ਮੈਂ ਸੁੰਦਰ ਹਾਂ, ਪੜ੍ਹਿਆਂ-ਲਿਖਿਆ ਹਾਂ, ਪੈਸਾ ਕਮਾਉਂਦਾ ਹਾਂ ਅਤੇ ਮੇਰੇ ਸਰੀਰ ਵਿਚ ਕੋਈ ਨੁਕਸ ਵੀ ਨਹੀਂ ਹੈ। ਫਿਰ ਉਹ ਮੈਨੂੰ ਕਿਉਂ ਪਸੰਦ ਨਹੀਂ ਕਰੇਗੀ?"

**ਦਾਦਾਸ਼੍ਰੀ** : ਇਹ ਤੁਹਾਡੀ ਗਲਤੀ ਹੈ। ਇਹ ਤੁਹਾਡੇ ਪਿਛਲੇ ਜਨਮ ਦੇ ਮਾੜੇ ਕਰਮਾਂ ਦਾ ਫਲ ਹੈ ਕਿ ਤੁਹਾਨੂੰ ਇਕ ਲੰਗੜਾ ਕੇ ਚੱਲਣ ਵਾਲੀ ਪਤਨੀ ਮਿਲੀ ਹੈ ਜਦੋਂ ਕਿ ਇਹ ਤੁਹਾਡੀ ਪਤਨੀ ਦੇ ਪਿਛਲੇ ਜਨਮ ਦੇ ਸ਼ੁਭ ਕਰਮਾਂ ਦਾ ਫਲ ਹੈ ਕਿ ਉਸ ਨੂੰ ਤੁਹਾਡੇ ਵਰਗਾ ਪਤੀ ਮਿਲਿਆ ਹੈ।

ਤੁਸੀਂ ਜੋ ਵੀ ਬੀਜਦੇ ਹੋ ਉਹੀ ਤੁਹਾਨੂੰ ਕੱਟਣਾ ਪੈਂਦਾ ਹੈ। ਇਸ ਲਈ ਦੂਸਰਿਆਂ ਨੂੰ ਦੋਸ਼ ਕਿਉਂ ਦਿੰਦੇ ਹੋ? ਦੇਖੋ! ਇਹ ਤੁਹਾਡੀ ਆਪਣੀ ਗਲਤੀ ਹੈ। ਗਲਤੀ ਨੂੰ ਦਰੁਸਤ ਕਰਨ ਦੇ ਇਸ ਮੌਕੇ ਦਾ ਭਰਪੂਰ ਫਾਇਦਾ ਉਠਾਉ। ਉਹ ਗਲਤੀ ਫਿਰ ਨਾ ਦੁਹਰਾਉ। ਉਸ ਭਲੇ

ਮਾਣਸ ਨੂੰ ਮੇਰੀ ਗੱਲ ਦੀ ਸਮਝ ਆ ਗਈ: ਉਸ ਦੀ ਉਦਾਸੀ ਖ਼ਤਮ ਹੋ ਗਈ ਅਤੇ ਉਹ ਮੁੜ ਖੁਸ਼ ਮਹਿਸੂਸ ਕਰਨ ਲੱਗਾ।

ਕਲੇਸ਼ ਨੂੰ ਖ਼ਤਮ ਕਰਨਾ ਜੀਵਨ ਦੇ ਸਭ ਤੋਂ ਅਹਿਮ ਪੱਖਾਂ ਵਿਚੋਂ ਇੱਕ ਹੈ। ਕਲੇਸ਼ ਦੇ ਖ਼ਤਮ ਹੋਣ ਉਪਰੰਤ ਹੀ ਆਨੰਦ ਮਿਲਦਾ ਹੈ। ਤੁਹਾਡੇ ਪਾਸ ਗਿਆਨ ਭਾਵੇਂ ਨਾ ਹੋਵੇ ਪਰੰਤੂ ਕੀ ਤੁਸੀਂ ਕਹਿ ਸਕਦੇ ਹੋ ਘਰ ਅੰਦਰ ਤੁਸੀਂ ਧਰਮ ਉਪਰ ਅਮਲ ਕਰਦੇ ਹੋ? ਘਰ ਦੇ ਅੰਦਰ ਹਰ ਤਰ੍ਹਾਂ ਦੇ ਮਾਹੌਲ ਨੂੰ ਸਹਿ ਸਕਣ ਦੀ ਆਦਤ ਪਾਉ ਅਤੇ ਘਰ ਅੰਦਰ ਚਲਦੇ ਕਲੇਸ਼ ਦੀ ਬਲਦੀ ਅੱਗ ਉਪਰ ਤੇਲ ਪਾਉਣ ਦਾ ਕੰਮ ਨਾ ਕਰੋ। ਇੰਝ ਕਰਨ ਉਪਰੰਤ ਹੀ ਤੁਸੀਂ ਨੇਕ ਵਿਅਕਤੀ ਦੇ ਤੌਰ ਤੇ ਜਾਣੇ ਜਾਉਗੇ।

ਅਜਿਹੇ ਕਲੇਸ਼-ਰਹਿਤ ਖੁਸ਼ੀਆਂ ਭਰੇ ਘਰ ਵਿਚ ਹੀ ਪਰਮਾਤਮਾ ਦਾ ਵਾਸ ਹੈ। ਜੇ ਘਰ ਦੇ ਅੰਦਰ ਕਲਹ ਹੈ ਤਾਂ ਹਰ ਚੀਜ ਹੀ ਖੋ ਜਾਂਦੀ ਹੈ। ਪਰਮਾਤਮਾ ਅਤੇ ਧਨ ਦੀ ਦੇਵੀ ਲੱਛਮੀ ਵੀ 'ਬਾਏ! ਬਾਏ!' ਕਹਿ ਜਾਣਗੇ : ਉਸ ਘਰ ਵਿਚ ਨਾ ਪਰਮਾਤਮਾ ਵਸੇਗਾ ਅਤੇ ਨਾ ਹੀ ਲੱਛਮੀ। ਜਿਸ ਘਰ ਅੰਦਰ ਮਾਹੌਲ ਧਾਰਮਕ ਹੋਵੇ ਅਤੇ ਜਿਥੇ ਕੋਈ ਲੜਾਈ-ਝਗੜਾ ਨਹੀਂ ਅਤੇ ਜਿਸ ਘਰ ਅੰਦਰ ਜੇ ਕਦੇ-ਕਦਾਈ ਝਗੜਾ ਹੋ ਵੀ ਜਾਵੇ ਤਾਂ ਉਸ ਨੂੰ ਘਰ ਦੀ ਚਾਰਦੀਵਾਰੀ ਦੇ ਅੰਦਰ ਹੀ ਸੁਲਝਾ ਲਿਆ ਜਾਂਦਾ ਹੋਵੇ ਅਤੇ ਜਿਥੇ ਹਰ ਕੋਈ ਇਹ ਸਾਵਧਾਨੀ ਵਰਤਦਾ ਹੋਵੇ ਕਿ ਅਜਿਹਾ ਝਗੜਾ, ਅਜਿਹਾ ਕਲੇਸ਼ ਦੁਬਾਰਾ ਨਾ ਹੋਵੇ ਉਸ ਘਰ ਅੰਦਰ ਪਰਮਾਤਮਾ ਵਸਦਾ ਹੈ।

ਧਨ ਦੀ ਦੇਵੀ ਲੱਛਮੀ ਨੂੰ ਕੀ ਪਸੰਦ ਹੈ? ਉਹ ਚਾਹੁੰਦੀ ਹੈ ਕਿ ਹਰ ਕੋਈ ਉਸ ਦੇ ਨਿਯਮਾਂ ਦੀ ਪਾਲਣਾ ਕਰੇ। ਇਹ ਦੋ ਮੁੱਖ ਨਿਯਮ ਹਨ - ਮੁਕੰਮਲ ਈਮਾਨਦਾਰੀ ਅਤੇ ਉਧਾਰ ਲਈ ਹਰ ਵਸਤੂ ਨੂੰ ਵਾਪਸ ਕਰਨ ਦੀ ਸਾਵਧਾਨੀ। ਜੇ ਤੁਸੀਂ ਲੱਛਮੀ ਦੀ ਪੂਜਾ ਤਾਂ ਕਰਦੇ ਹੋ ਪਰੰਤੂ ਉਸ ਦੇ ਨਿਯਮਾਂ ਦੀ ਅਵੱਗਿਆ ਕਰਦੇ ਹੋ ਤਾਂ ਫਿਰ ਲੱਛਮੀ ਤੁਹਾਡੇ ਨਾਲ ਖੁਸ਼ ਕਿਵੇਂ ਹੋ ਸਕਦੀ ਹੈ?

**ਪ੍ਰਸ਼ਨ-ਕਰਤਾ** : ਪਰਿਵਾਰ ਵਿਚ ਚਲਦੇ ਕਲਹ ਦੇ ਕਾਰਨ ਸਭ ਤੋਂ ਵੱਧ ਦੁਖੀ ਬੱਚੇ ਹੁੰਦੇ ਹਨ।

**ਦਾਦਾਸ਼੍ਰੀ** : ਇਹ ਛੋਟਾ ਬੱਚਾ ਵੀ ਮੇਰੇ ਬਚਨਾਂ ਨੂੰ ਸੁਣਦਾ ਹੈ ਅਤੇ ਇਕ ਆਂਤਰਿਕ ਸਾਂਤਵਨਾ ਅਤੇ ਸ਼ਾਂਤੀ ਮਹਿਸੂਸ ਕਰਦਾ ਹੈ। ਉਸ ਨੂੰ ਵੀ ਚੇਤਨਤਾ ਹੈ ਅਤੇ ਉਹ ਵੀ ਜਾਣਦਾ ਹੈ ਕਿ ਕੀ ਸ਼ਾਂਤੀਪੂਰਨ ਹੈ ਅਤੇ ਕੀ ਅਸ਼ਾਂਤ, ਦੁਖੀ ਕਰਨ ਦਾ ਕਾਰਨ। ਜਦੋਂ ਘਰ ਵਿਚ ਕੋਈ ਝਗੜਾ ਹੁੰਦਾ ਹੈ ਤਾਂ ਉਹ ਸਭ ਕੁਝ ਵਾਚਦਾ ਹੈ ਅਤੇ ਉਹ ਆਪਣੇ ਪਿਤਾ ਅਤੇ ਮਾਤਾ ਵਿਚਕਾਰ ਬੋਲੇ ਜਾ ਰਹੇ ਸ਼ਬਦਾਂ ਨੂੰ ਮਨ ਅੰਦਰ ਤੋਲਦਾ ਹੈ। ਫਿਰ ਉਹ ਖ਼ੁਦ ਹੀ ਵਿਸ਼ਲੇਸ਼ਣ ਕਰਨ ਦਾ ਯਤਨ ਕਰਦਾ ਹੈ ਕਿ ਦੋਹਾਂ ਵਿਚੋਂ ਗਲਤ ਕੌਣ ਸੀ। ਉਹ ਇਹ ਵੀ ਮਹਿਸੂਸ ਕਰਦਾ ਹੈ ਕਿ ਬਹੁਤ

ਛੋਟਾ ਹੋਣ ਕਾਰਨ ਇਸ ਸਾਰੇ ਮਾਮਲੇ ਵਿਚ ਉਸ ਦੀ ਕੋਈ ਪੁੱਛ-ਪਰਤੀਤ ਨਹੀਂ ਹੈ। ਉਹ ਸੋਚਦਾ ਹੈ ਕਿ ਜਦੋਂ ਉਹ ਵੱਡਾ ਹੋ ਜਾਵੇਗਾ ਤਾਂ ਉਹ ਇਸ ਮਾਮਲੇ ਵਿਚ ਗਲਤੀ ਕਰਨ ਵਾਲੇ ਤੋਂ ਬਦਲਾ ਲਵੇਗਾ।

ਇਥੋਂ ਤੱਕ ਕਿ ਇੱਕ ਛੋਟਾ ਬੱਚਾ ਵੀ ਇੱਕ ਵਿਆਕੁਲ ਅਤੇ ਇੱਕ ਸ਼ਾਂਤ-ਚਿੱਤ ਵਿਅਕਤੀ ਵਿਚਕਾਰ ਫ਼ਰਕ ਨੂੰ ਸਮਝਦਾ ਹੈ।

**ਪ੍ਰਸ਼ਨ-ਕਰਤਾ** : ਕੀ ਕਲਹ ਕਾਰਨ ਪੈਦਾ ਹੋਣ ਵਾਲੇ ਦੁੱਖਾਂ ਦਾ ਕਰਮਾਂ ਨਾਲ ਕੋਈ ਸੰਬੰਧ ਹੈ?

**ਦਾਦਾਸ਼੍ਰੀ** : ਕਲੇਸ਼ ਅਤੇ ਝਗੜੇ ਵਾਲਾ ਸਮਾਂ ਕਿਵੇਂ ਨਾ ਕਿਵੇਂ ਬੀਤ ਜਾਂਦਾ ਹੈ ਪਰੰਤੂ ਉਸ ਸਮੇਂ ਕੀਤੇ ਗਏ ਕਰਮਾਂ ਦੇ ਬੀਜ ਬੋਏ ਜਾਂਦੇ ਹਨ ਅਤੇ ਇਹ ਕਰਮ ਤੁਹਾਡੇ ਆਉਣ ਵਾਲੇ ਅਨੰਤ ਜਨਮਾਂ ਵਿਚ ਤੁਹਾਡੇ ਲਈ ਬੰਧਨ ਬਣ ਜਾਂਦੇ ਹਨ। ਝਗੜੇ ਦੇ ਬੀਜ ਜਿਹੜੇ ਅਜਿਹੇ ਸਮੇਂ ਬੀਜੇ ਜਾਂਦੇ ਹਨ ਅਤੇ ਅਨੇਕਾਂ ਜਨਮਾਂ ਤੱਕ ਉੱਥੇ ਹੀ ਸਥਿਲ ਪਏ ਰਹਿੰਦੇ ਹਨ। ਜਦੋਂ ਵੀ ਉਨ੍ਹਾਂ ਨੂੰ ਅਨੁਕੂਲ ਮਾਹੌਲ ਮਿਲਦਾ ਹੈ ਉੱਗ ਖਲੋਂਦੇ ਹਨ। ਇਕ ਗਿਆਨੀ ਪੁਰਸ਼ ਕਲਹ ਦੇ ਬਿਨ੍ਹਾਂ ਬੀਜ਼ਾਂ ਨੂੰ ਸਾੜ ਸਕਦਾ ਹੈ ਤਾਂ ਜੋ ਮੁੜ ਤੁਹਾਡੇ ਜਨਮ ਵਿਚ ਕਦੇ ਕਲਹ ਹੋਵੇ ਹੀ ਨਾ। ਰਾਮ ਚੰਦਰ ਜੀ ਨੇ ਕਿਹਾ ਹੈ: 'ਮੈਂ ਉਸ ਘਰ ਦੀ ਦਹਿਲੀਜ਼ ਉਪਰ ਨਤ-ਮਸਤਕ ਹੁੰਦਾ ਹਾਂ ਜਿਸ ਘਰ ਅੰਦਰ ਇਕ ਦਿਨ ਵੀ ਕਲੇਸ਼ ਨਹੀਂ ਹੁੰਦਾ।'

## 121

## ਖੁਸ਼ੀ ਅਤੇ ਗ਼ਮੀ ਦਾ ਯਥਾਰਥ

**ਪ੍ਰਸ਼ਨ-ਕਰਤਾ** : ਦੁਨੀਆਂ ਵਿਚ ਗ਼ਮੀ ਕਿਉਂ ਹੈ?

**ਦਾਦਾਸ਼੍ਰੀ** : ਇਹ ਸਭ ਕੋਰੀ ਕਲਪਨਾ ਹੈ। ਇਹ ਖੁਸ਼ੀ ਅਤੇ ਗ਼ਮੀ ਸਿਰਫ਼ ਮਨ ਦੇ ਪ੍ਰਸਤੁਤੀਕਰਣ ਹਨ। ਜਦੋਂ ਕੋਈ ਵਿਅਕਤੀ ਕਿਸੇ ਗੱਲ ਨੂੰ ਖੁਸ਼ੀ ਵਾਲੀ ਮੰਨ ਲੈਂਦਾ ਹੈ ਤਾਂ ਉਸ ਨੂੰ ਖੁਸ਼ੀ ਮਹਿਸੂਸ ਕਰਦਾ ਹੈ। ਗਿਆਨੀ ਪੁਰਸ਼ ਦਾ ਕਹਿਣਾ ਹੈ ਕਿ ਗ਼ਮੀ ਕੁਝ ਨਹੀਂ ਹੁੰਦੀ। ਇਸ ਸੰਸਾਰ ਵਿਚ ਲੋਕ ਆਮ ਤੌਰ 'ਤੇ ਇਹ ਪਦ ਵਰਤਦੇ ਹਨ। ਜਿਹੜਾ ਵਿਅਕਤੀ ਗਿਆਨੀ ਪੁਰਸ਼ ਦੀ ਸਿੱਖਿਆ ਉਪਰ ਚਲਦਾ ਹੈ ਉਸ ਨੂੰ ਕਦੇ ਵੀ ਗ਼ਮੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਬਦਕਿਸਮਤੀ ਨਾਲ ਇਸ ਸੰਸਾਰ ਦਾ ਹਰ ਵਿਅਕਤੀ ਦੁੱਖਾਂ ਅਤੇ ਗਮਾਂ ਵਿਚ ਗਲਤਾਨ ਹੈ ਭਾਵੇਂ ਉਹ ਕਿਧਰੇ ਵੀ ਰਹਿੰਦਾ ਅਤੇ ਵਿਚਰਦਾ ਹੋਵੇ; ਉਸ ਨੂੰ ਇਕ ਦਿਨ ਦੇ ਲਈ ਵੀ ਕਿਧਰੇ ਖੁਸ਼ੀ ਨਹੀਂ ਲਭਦੀ।

ਅਸਲ ਵਿਚ, ਦੁੱਖ ਜਾਂ ਗ਼ਮ ਕੀ ਹੈ? ਜੇ ਕਿਸੇ ਵਿਅਕਤੀ ਨੂੰ ਭੁੱਖ ਲੱਗੀ ਹੈ ਅਤੇ ਉਸ

ਨੂੰ ਖਾਣ ਲਈ ਕੁਝ ਚਾਹੀਦਾ ਹੈ ਪਰੰਤੂ ਉਸ ਨੂੰ ਖਾਣ ਲਈ ਕੁਝ ਨਹੀਂ ਲਭਦਾ ਅਤੇ ਖਾਲੀ ਪੇਟ ਵੀ ਦਰਦ ਕਰਨ ਲਗਦਾ ਹੈ – ਹਾਂ, ਇਹ ਦੁੱਖ ਹੈ। ਨੱਕ ਦੀਆਂ ਦੋਵੇਂ ਨਾਸਾਂ ਨੂੰ ਜ਼ੋਰ ਨਾਲ ਕੁਝ ਦੇਰ ਲਈ ਦਬਾ ਕੇ ਰਖੋ। ਨਤੀਜੇ ਵਜੋਂ ਤੁਹਾਡਾ ਸਾਹ ਘੁੱਟਣ ਲਗੇਗਾ। ਇਹ ਦੁੱਖ ਹੈ। ਬਾਕੀ ਹਰ ਪ੍ਰਕਾਰ ਦੇ ਬਾਹਰੀ ਕਲੇਸ਼ ਨਾਲ ਅਸੀਂ ਨਿਪਟ ਸਕਦੇ ਹਾਂ ਪਰੰਤੂ ਅਸੀਂ ਨਾ ਤਾਂ ਬਿਨਾਂ ਖਾਧੇ ਰਹਿ ਸਕਦੇ ਹਾਂ ਅਤੇ ਨਾ ਹੀ ਸਾਹ ਲੈਣ ਲਈ ਹਵਾ ਤੋਂ ਬਗੈਰ ਅਤੇ ਨਾ ਹੀ ਪੀਣ ਲਈ ਪਾਣੀ ਤੋਂ ਬਿਨਾਂ। ਬਾਕੀ ਕਲੇਸ਼ਾਂ ਦੇ ਕਾਰਨ ਤੁਹਾਡੀ ਜਾਨ ਨਹੀਂ ਜਾ ਸਕਦੀ। ਇਹ ਸਭ ਬੇਲੋੜੀ ਵਿਆਕੁਲਤਾ ਹੈ।

ਮੁੱਢਲੀਆਂ ਲੋੜਾਂ ਦੀ ਪੂਰਤੀ ਹੋਈ ਹੋਣ ਦੇ ਬਾਵਜੂਦ ਵੀ ਜਿਹੜਾ ਮਨ ਵਿਕ੍ਰਿਤ ਹੈ ਉਹ ਕਿਧਰੋਂ ਵੀ ਦੁੱਖ ਅਤੇ ਗ਼ਮ ਪੈਦਾ ਕਰ ਹੀ ਲਵੇਗਾ। ਦੁੱਖ ਇਸ ਗੱਲ ਦਾ ਨਹੀਂ ਕਿ ਤੁਹਾਡੇ ਪਾਸ ਖਾਣ ਲਈ ਖਾਣਾ ਵੀ ਹੈ ਅਤੇ ਤੁਹਾਡੇ ਪਾਸ ਪਹਿਨਣ ਲਈ ਕੱਪੜੇ ਵੀ ਹਨ ਅਤੇ ਸੌਣ ਲਈ ਤੁਹਾਡੇ ਪਾਸ ਘਰ ਵੀ ਹੈ। ਜਦੋਂ ਤੁਹਾਡੇ ਪਾਸ ਇਹ ਸਭ ਕੁਝ ਹੈ ਤਾਂ ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਤੁਸੀਂ ਦੁਖੀ ਹੋ? ਲੋਕ ਦੁਖੀ ਹਨ ਕਿਉਂਕਿ ਉਨ੍ਹਾਂ ਦੇ ਮਨ ਵਿਕ੍ਰਿਤ ਹੋ ਚੁੱਕੇ ਹਨ ਅਤੇ ਜਦੋਂ ਮਨ ਸਿੱਧਾ-ਸਪਸ਼ਟ ਅਤੇ ਸਹਿਜ ਹੋ ਜਾਂਦਾ ਹੈ ਤਾਂ ਵਿਅਕਤੀ ਪ੍ਰਸੰਨ ਮਹਿਸੂਸ ਕਰਦਾ ਹੈ। ਜਦੋਂ ਮਨ ਵਿਕ੍ਰਿਤ ਹੋ ਜਾਂਦਾ ਹੈ ਤਾਂ ਇਹ ਚਿੰਤਾਵਾਂ ਸਹੇੜ ਲੈਂਦਾ ਹੈ ਹਾਲਾਂਕਿ ਚਿੰਤਾਵਾਂ ਦਾ ਕੋਈ ਕਾਰਨ ਹੀ ਨਹੀਂ ਹੁੰਦਾ। ਮੰਨ ਲਿਆ ਕਿ ਇਕ ਵਿਅਕਤੀ ਆਪਣੇ ਦੰਦਾਂ ਦੇ ਦਰਦ ਦੇ ਕਾਰਨ ਦੁਖੀ ਹੈ ਪਰੰਤੂ ਉਸ ਨੂੰ ਹੋਰ ਕੋਈ ਦੁਖ-ਦਰਦ ਨਹੀਂ ਹੈ ਪਰੰਤੂ ਅਜਿਹੇ ਵਿਅਕਤੀ ਫਿਰ ਵੀ ਬਹੁਤ ਬੇਚੈਨ ਰਹਿੰਦੇ ਹਨ।

**ਪ੍ਰਸ਼ਨ-ਕਰਤਾ** : ਕੀ ਤੁਸੀਂ ਦੁੱਖ ਨੂੰ ਪਰਿਭਾਸ਼ਤ ਕਰਨ ਦੀ ਖੇਚਲ ਕਰੋਗੇ?

**ਦਾਦਾਸ਼੍ਰੀ** : ਕੋਈ ਵੀ ਉਹ ਗੱਲ ਜਾਂ ਸਮੱਸਿਆ ਜਿਸ ਦਾ ਕੋਈ ਹੱਲ ਹੈ, ਜਿਸ ਦਾ ਕੋਈ ਇਲਾਜ ਹੈ ਉਸ ਨੂੰ ਦੁੱਖ ਜਾਂ ਦਰਦ ਕਹਿੰਦੇ ਹਾਂ। ਅਸਲ ਵਿਚ, ਦੁੱਖ ਜਾਂ ਦਰਦ ਕਿਸੇ ਗੱਲ ਜਾਂ ਮਸਲੇ ਨੂੰ ਤਾਂ ਹੀ ਕਿਹਾ ਜਾ ਸਕਦਾ ਹੈ ਜੇਕਰ ਉਸ ਦਾ ਕੋਈ ਸਮਾਧਾਨ ਹੈ। ਜੇ ਉਸ ਦਾ ਕੋਈ ਸਮਾਧਾਨ ਹੀ ਨਹੀਂ ਹੈ ਤਾਂ ਉਸ ਨੂੰ ਦੁੱਖ ਨਹੀਂ ਮੰਨਿਆ ਜਾ ਸਕਦਾ। ਜਦੋਂ ਸਾਨੂੰ ਕੋਈ ਦੁੱਖ ਜਾਂ ਤਕਲੀਫ਼ ਹੁੰਦੀ ਹੈ ਤਾਂ ਕੀ ਅਸੀਂ ਉਸ ਦਾ ਕੋਈ ਹੱਲ, ਉਸ ਦਾ ਕੋਈ ਇਲਾਜ ਨਹੀਂ ਲੱਭਦੇ? ਉਦਾਹਰਣ ਦੇ ਲਈ, ਜੇ ਜੰਗ ਦੇ ਦੌਰਾਨ ਇਕ ਵਿਅਕਤੀ ਆਪਣੀ ਇਕ ਲੱਤ ਖੋ ਲੈਂਦਾ ਹੈ ਤਾਂ ਉਹ ਲੱਤ ਤਾਂ ਹੁਣ ਵਾਪਸ ਨਹੀਂ ਆਵੇਗੀ। ਇਸ ਲਈ ਇਸ ਨੂੰ ਦੁੱਖ ਨਹੀਂ ਕਿਹਾ ਜਾ ਸਕਦਾ। ਹਾਂ, ਜੇ ਕਿਸੇ ਵਿਅਕਤੀ ਦੇ ਚਿਹਰੇ ਉਪਰ ਇਕ ਫੋੜਾ ਨਿਕਲ ਆਉਂਦਾ ਹੈ ਤਾਂ ਉਹ ਦੁੱਖ ਹੈ ਕਿਉਂਕਿ ਉਸ ਦਾ ਇਲਾਜ ਸੰਭਵ ਹੈ, ਉਸ ਦਾ ਹੱਲ ਹੋ ਸਕਦਾ ਹੈ।

ਕੋਈ ਵਿਅਕਤੀ ਇਹ ਕਹਿ ਸਕਦਾ ਹੈ ਕਿ 'ਮੈਂ ਹਰ ਪੱਖ ਤੋਂ ਖੁਸ਼ ਸਾਂ ਪਰੰਤੂ ਮੇਰੀ

ਲੱਤ ਉਪਰ ਇਹ ਖਾਜ ਹੋਣ ਲੱਗ ਪਈ ਹੈ'। ਇਸ ਨੂੰ ਦੁੱਖ ਕਿਵੇਂ ਕਹਿ ਸਕਦੇ ਹੋ? ਜਦੋਂ ਖਾਜ ਹੁੰਦੀ ਹੈ ਤਾਂ ਖਾਜ ਕਰਨ ਲਈ ਸਾਡੇ ਪਾਸ ਹੱਥ ਉਪਲਬਧ ਹੈ। ਕੀ ਸਾਡਾ ਹੱਥ ਸਹਿਜ ਹੀ ਖਾਜ ਨਹੀਂ ਕਰ ਦਿੰਦਾ?

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਪਿਛਲੇ ਦਿਨੀਂ ਮੇਰੀ ਆਰਥਕ ਹਾਲਤ ਬਹੁਤ ਨਿੱਘਰ ਗਈ ਹੈ। ਇਸ ਨੂੰ ਕੀ ਕਹਾਂਗੇ?

**ਦਾਦਾਸ਼੍ਰੀ** : ਦੇਖੋ! ਹਾਲਾਤ ਬਦਲਦੇ ਰਹਿੰਦੇ ਹਨ। ਕੀ ਰਾਤ ਤੋਂ ਬਾਅਦ ਦਿਨ ਨਹੀਂ ਚੜ੍ਹਦਾ? ਹੋ ਸਕਦਾ ਹੈ ਅਜ ਤੁਹਾਡੇ ਪਾਸ ਨੌਕਰੀ ਨਾ ਹੋਵੇ ਪਰੰਤੂ ਕੱਲ ਨੂੰ ਤੁਹਾਡੇ ਪਾਸ ਇਕ ਨਵੀਂ ਨੌਕਰੀ ਹੋ ਸਕਦੀ ਹੈ। ਬਹੁਤ ਵਾਰ ਅਜਿਹਾ ਹੁੰਦਾ ਹੈ ਕਿ ਵਿਅਕਤੀ ਦੀ ਕੋਈ ਆਰਥਕ ਸਮੱਸਿਆ ਨਹੀਂ ਹੁੰਦੀ। ਪਰੰਤੂ ਉਸ ਉਪਰ ਲਾਲਚ ਹਾਵੀ ਹੁੰਦਾ ਹੈ। ਤੁਹਾਨੂੰ ਸਿਰਫ਼ ਇਹੋ ਦੇਖਣਾ ਚਾਹੀਦਾ ਹੈ ਕਿ ਕੀ ਕੱਲ ਦੀ ਸਬਜ਼ੀ, ਕੱਲ ਦਾ ਰਾਸ਼ਨ ਖਰੀਦਣ ਲਈ ਘਰ ਵਿਚ ਪੈਸਾ ਹੈ? ਇਸ ਤੋਂ ਵੱਧ ਕੁਝ ਨਹੀਂ। ਹੁਣ ਮੈਨੂੰ ਦੱਸੋ ਕਿ ਤੁਹਾਨੂੰ ਇਹ ਦੁੱਖ ਹੈ?

**ਪ੍ਰਸ਼ਨ-ਕਰਤਾ** : ਜੀ ਨਹੀਂ।

**ਦਾਦਾਸ਼੍ਰੀ** : ਫਿਰ ਤੁਸੀਂ ਉਸ ਨੂੰ ਦੁੱਖ ਕਿਵੇਂ ਕਹਿ ਸਕਦੇ ਹੋ? ਵਿਅਕਤੀ ਉਸ ਦੁੱਖ ਦੇ ਕਾਰਨ ਉਦਾਸ ਜਾਂ ਗ਼ਮਗੀਨ ਰਹਿੰਦਾ ਹੈ ਜਿਹੜਾ ਅਸਲ ਵਿਚ ਹੁੰਦਾ ਹੀ ਨਹੀਂ। ਇਹ ਬੇਲੋੜੀ ਸ਼ਿਕਾਇਤ ਬੇਚੈਨੀ ਪੈਦਾ ਕਰਦੀ ਹੈ ਅਤੇ ਕਈ ਵਾਰ ਦਿਲ ਦਾ ਦੌਰਾ ਵੀ ਪੈ ਜਾਂਦਾ ਹੈ। ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਦੁੱਖ ਨੂੰ ਘੱਟ ਕਰਨ ਹਿਤ ਜੋ ਵੀ ਕਰ ਸਕਦਾ ਹੈ ਉਹ ਕਰੇ ਤਾਂ ਜੋ ਉਸ ਦੁੱਖ ਦਾ ਕੋਈ ਸਮਾਧਾਨ ਲੱਭਿਆ ਜਾ ਸਕੇ। ਪਰੰਤੂ ਜਿਸ ਦਾ ਕੋਈ ਇਲਾਜ ਜਾਂ ਸਮਾਧਾਨ ਹੀ ਨਹੀਂ ਹੈ ਉਹ ਦੁੱਖ ਨਹੀਂ ਕਿਹਾ ਜਾ ਸਕਦਾ। ਅੱਜ ਦਾ ਯੁੱਗ ਕਿਹੋ ਜਿਹਾ ਹੈ?

ਅੱਜ ਦੇ ਯੁੱਗ ਵਿਚ ਵਿਅਕਤੀ ਉਨ੍ਹਾਂ ਸਾਰੇ ਕੰਮਾਂ ਅਤੇ ਸਾਧਨਾਂ ਵਿਚ ਵਿਅਸਤ ਹੈ ਜਿਨ੍ਹਾਂ ਰਾਹੀਂ ਉਹ ਧਨ ਕਮਾ ਸਕਦਾ ਹੈ, ਦੂਸਰਿਆਂ ਦਾ ਸੋਸ਼ਣ ਕਰ ਸਕਦਾ ਹੈ ਅਤੇ ਉਨ੍ਹਾਂ ਦੀ ਪੂੰਜੀ ਖੋਹ ਸਕਦਾ ਹੈ, ਮਿਲਾਵਟ ਵਾਲੀਆਂ ਵਸਤਾਂ ਵੇਚ ਸਕਦਾ ਹੈ, ਪਰ-ਨਾਰੀ ਤੋਂ ਦੈਹਿਕ ਸੁਖ ਪ੍ਰਾਪਤ ਕਰਨ ਦੀ ਲਾਲਸਾ ਪੂਰੀ ਕਰ ਸਕਦਾ ਹੈ। ਜੇ ਵਿਅਕਤੀ ਨੂੰ ਇਨ੍ਹਾਂ ਸਾਰੇ ਕੰਮਾਂ ਤੋਂ ਵਿਹਲ ਮਿਲੇ ਤਾਂ ਹੀ ਉਹ ਕਿਸੇ ਹੋਰ ਵਸਤੂ ਦੀ ਭਾਲ ਕਰ ਸਕਦਾ ਹੈ। ਠੀਕ ਨਹੀਂ? ਮਨੁੱਖ ਦੇ ਉਪਰੋਕਤ ਰੁਝੇਵੇ ਵਾਲੇ ਇਨ੍ਹਾਂ ਸਾਰੇ ਕਾਰਜਾਂ ਵਿਚੋਂ ਕੋਈ ਵੀ ਅਰਥ-ਭਰਪੂਰ ਪ੍ਰਸੰਨਤਾ ਨਹੀਂ ਦਿੰਦਾ।

**ਪ੍ਰਸ਼ਨ-ਕਰਤਾ** : ਅਰਥ-ਭਰਪੂਰ ਖੁਸ਼ੀ ਕੀ ਹੈ?

**ਦਾਦਾਸ਼੍ਰੀ** : ਅਰਥ-ਭਰਪੂਰ ਪ੍ਰਸੰਨਤਾ ਤਾਂ ਹੀ ਮਿਲ ਸਕਦੀ ਹੈ ਜੇਕਰ ਵਿਅਕਤੀ ਸਵੈ-ਪਹਿਚਾਣ

ਦੀ ਪ੍ਰਾਪਤੀ ਹਿਤ ਯਤਨਾਂ ਦੇ ਫ਼ਲ ਦੀ ਪ੍ਰਾਪਤੀ ਦੀ ਤਾਂਘ ਰਖੇ। ਇਹ ਦੁਨਿਆਵੀ ਜੀਵਨ ਤਾਂ ਇਕ ਉਪ-ਉਤਪਾਦ (ਬਾਈ-ਪ੍ਰੋਡਕਟ) ਹੈ। ਵਿਅਕਤੀ ਆਪਣਾ ਇਹ ਸਰੀਰ, ਦੁਨਿਆਵੀ ਸੁਖ-ਸਹੂਲਤਾਂ, ਪਤਨੀ, ਘਰ, ਆਦਿ ਆਪਣੇ ਪੁਰਾਣੇ ਜੀਵਨ ਦੌਰਾਨ ਕੀਤੇ ਨੇਕ ਕਰਮਾਂ ਦੇ ਫ਼ਲ ਵਜੋਂ ਪ੍ਰਾਪਤ ਕਰਦਾ ਹੈ। ਜੇ ਇਨ੍ਹਾਂ ਸਾਰੀਆਂ ਵਸਤਾਂ ਨੂੰ ਸਿਰਫ਼ ਅਤੇ ਸਿਰਫ਼ ਮਿਹਨਤ ਦੇ ਬਲ-ਬੂਤੇ ਪ੍ਰਾਪਤ ਕਰ ਸਕਣਾ ਸੰਭਵ ਹੁੰਦਾ ਤਾਂ ਇਕ ਮਜ਼ਦੂਰ ਪਾਸ ਵੀ ਇਹ ਸਭ ਕੁਝ ਹੁੰਦਾ ਪਰੰਤੂ ਇਦਾਂ ਹੁੰਦਾ ਨਹੀਂ ਹੈ। ਅੱਜ ਦੇ ਲੋਕਾਂ ਅੰਦਰ ਇਹ ਗ਼ਲਤ-ਫ਼ਹਿਮੀ ਹੈ। ਇਸ ਲਈ ਉਨ੍ਹਾਂ ਨੇ ਉਪ-ਉਤਪਾਦਨ (ਪੈਸਾ, ਕਾਲਪਨਿਕ ਸੁਖ, ਆਦਿ) ਦੇ 'ਕਾਰਖਾਨੇ' ਲਗਾ ਰਖੇ ਹਨ। ਤੁਸੀਂ ਉਪ-ਉਤਪਾਦਨ ਦਾ ਧੰਦਾ ਆਰੰਭ ਨਾ ਕਰੋ। ਇਨ੍ਹਾਂ ਉਪ-ਉਤਪਾਦਨਾਂ ਦੀ ਪ੍ਰਾਪਤੀ ਦੀਆਂ ਗਲਤ ਖ਼ਾਹਿਸ਼ਾਂ ਕਾਰਨ ਹੀ ਅਨੰਤ ਜਨਮ ਵਿਅਰਥ ਗੁਆ ਚੁੱਕੇ ਹੋ। ਜਰਾ ਸੋਚੋ! ਦੂਸਰੇ ਵਿਅਕਤੀ ਨੂੰ ਕੀ ਪਸੰਦ ਹੈ। ਦੂਸਰੇ ਨੂੰ ਪ੍ਰਸੰਨ ਕਰਨ ਲਈ ਅਸੀਂ ਜੋ ਵੀ ਕਰਦੇ ਹਾਂ ਉਹ ਸਾਨੂੰ ਪੁੰਨ ਕਰਮ ਕਮਾਉਣ ਵਿਚ ਸਹਾਈ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਜੀਵਨ ਦੇ ਦੌਰਾਨ ਮਨੁੱਖ ਦੇ ਵਿਚਾਰ ਅਤੇ ਆਦਰਸ਼ ਤਬਦੀਲ ਕਿਉਂ ਹੁੰਦੇ ਰਹਿੰਦੇ ਹਨ? ਵਿਅਕਤੀ ਦੇ ਵਿਚਾਰਾਂ ਅਤੇ ਕਰਮਾਂ ਵਿਚ ਵਿਰੋਧਾਭਾਸ ਕਿਉਂ ਹੈ?

**ਦਾਦਾਸ਼੍ਰੀ** : ਇਹ ਸਭ ਉਦਭਵ ਦੀ ਇਕ ਪ੍ਰਕ੍ਰਿਆ ਹੈ। ਤੁਸੀਂ ਜੀਵਨ-ਯਾਤਰਾ ਦੇ ਪਹਿਲੇ ਮੀਲ ਵਿਚ ਜੋ ਅਨੁਭਵ ਹਾਸਲ ਕਰੋਗੇ ਉਹ ਆਉਂਦੇ ਹਰ ਮੀਲ ਉਪਰੰਤ ਅੱਗੇ ਵਧੇਗਾ। ਪਿਛਲੇ ਜਨਮ ਦੌਰਾਨ ਵਿਅਕਤੀ ਇਸ ਵਿਚਾਰ ਦਾ ਹੋ ਸਕਦਾ ਹੈ ਕਿ ਚੋਰੀ ਕਰਨ ਵਿਚ ਕੁਝ ਵੀ ਗਲਤ ਨਹੀਂ ਹੈ ਪਰੰਤੂ ਇਸ ਜੀਵਨ ਦੌਰਾਨ ਉਸ ਨੂੰ ਬਿਲਕੁਲ ਹੀ ਵਖਰੀ ਕਿਸਮ ਦਾ ਗਿਆਨ ਪ੍ਰਾਪਤ ਹੋ ਸਕਦਾ ਹੈ ਜਿਸ ਗਿਆਨ ਰਾਹੀਂ ਉਸ ਅੰਦਰ ਇਹ ਸੋਚ ਪਣਪੇ ਕਿ ਚੋਰੀ ਕਰਨਾ ਗਲਤ ਹੈ। ਉਹ ਇਸ ਸੋਚ ਉਪਰ ਪੱਕਾ ਵੀ ਰਹਿੰਦਾ ਹੈ ਪਰੰਤੂ ਇਸ ਸੋਚ ਦੇ ਬਾਵਜੂਦ ਵੀ ਉਹ ਚੋਰੀ ਕਰਦਾ ਹੈ। ਇਹ ਸਭ ਉਸ ਦੇ ਪਿਛਲੇ ਜਨਮ ਦੇ ਕਰਮਾਂ ਦਾ ਫਲ ਹੈ। ਇਸ ਲਈ ਉਹ ਚੋਰੀ ਕਰਦਾ ਹੈ। ਇਹ ਇਕ-ਦਮ ਬੰਦ ਨਹੀਂ ਹੋਵੇਗਾ ਕਿਉਂਕਿ ਕਰਮਾਂ ਦੇ ਫ਼ਲ ਅਮਲ ਵਿਚ ਆਉਣ ਉਪਰੰਤ ਇਕਦਮ ਖ਼ਤਮ ਨਹੀਂ ਕੀਤੇ ਜਾ ਸਕਦੇ। ਇਨ੍ਹਾਂ ਕਰਮਾਂ ਨੂੰ ਡਿਸਚਾਰਜ ਕਰਨਾ ਅਤੇ ਫਿਰ ਖ਼ਤਮ ਕਰਨਾ ਹੈ। ਜਿੰਨੀ ਦੇਰ ਵਿਅਕਤੀ ਇਹ ਨਹੀਂ ਕਰਦਾ ਉਸ ਦੀ ਮੌਤ ਨਹੀਂ ਹੁੰਦੀ।

ਮੈਂ ਤੁਹਾਨੂੰ ਸਿਰਫ਼ ਇਨਾ ਹੀ ਕਹਿੰਦਾ ਹਾਂ ਕਿ ਪਿਛਲੇ ਜਨਮ ਦੌਰਾਨ ਤੁਹਾਡੇ ਜੋ ਵੀ ਗਲਤ ਵਿਚਾਰ ਜਾਂ ਧਾਰਨਾਵਾਂ ਸਨ ਉਨ੍ਹਾਂ ਨੂੰ ਬਦਲ ਦਿਉ। ਆਪਣੇ ਫੈਸਲੇ ਉਪਰ ਪੱਕੇ ਰਹੋ ਕਿ ਤੁਸੀਂ ਅੱਗੇ ਤੋਂ ਚੋਰੀ ਕਰਨੀ ਨਹੀਂ ਚਾਹੋਗੇ ਅਤੇ ਖ਼ੁਦ ਨੂੰ ਇਸ ਬਾਰੇ ਲਗਾਤਾਰ ਸੁਚੇਤ ਕਰਦੇ ਰਹੋ। ਹਰ ਵਾਰ ਜਦੋਂ ਤੁਸੀਂ ਚੋਰੀ ਕਰਨ ਬਾਰੇ ਸੋਚੋ ਤਾਂ ਉਸ ਵਿਚਾਰ ਨੂੰ, ਚੋਰੀ ਦੀ

ਉਸ ਸੋਚ ਨੂੰ ਜੜ੍ਹ ਤੋਂ ਹੀ ਖ਼ਤਮ ਕਰ ਦਿਉ। ਇੰਝ ਤੁਸੀਂ ਸਫ਼ਲ ਹੋ ਜਾਉਗੇ ਅਤੇ ਆਪਣੇ ਅਗਲੇ ਜੀਵਨ ਲਈ ਪੁੰਨ ਕਰਮ ਅਰਚਿਤ ਕਰੋਗੇ।

ਵਿਅਕਤੀ ਦੀ ਬੁੱਧੀ ਦੀ ਸੋਚ ਸਮੇਂ ਦੇ ਨਾਲ-ਨਾਲ ਵੱਖਰੀ-ਵੱਖਰੀ ਹੋ ਸਕਦੀ ਹੈ ਪਰੰਤੂ ਜਦੋਂ ਵਿਅਕਤੀ ਮਰਨ ਕਿਨਾਰੇ ਹੁੰਦਾ ਹੈ ਉਸ ਸਮੇਂ ਜਿਹੜੀ ਸੋਚ ਉਸ ਉਪਰ ਭਾਰੂ ਹੁੰਦੀ ਹੈ ਉਹ ਅਗਲੇ ਜਨਮ ਵਿਚ ਫ਼ਲ ਦਿੰਦੀ ਹੈ।

**ਪ੍ਰਸ਼ਨ-ਕਰਤਾ** : ਜੀਵਨ ਜੀਣ ਲਈ ਵਿਅਕਤੀ ਦਾ ਆਦਰਸ਼ ਦ੍ਰਿਸ਼ਟੀਕੋਣ ਕੀ ਹੋਣਾ ਚਾਹੀਦਾ ਹੈ?

**ਦਾਦਾਸ਼੍ਰੀ** : ਇਸ ਸੰਸਾਰ ਅੰਦਰ ਸੰਸਾਰਕ ਵਿਅਕਤੀਆਂ ਨੂੰ ਵਿਵਹਾਰਕ ਧਰਮ ਸਿਖਾਉਣ ਹਿਤ ਮੈਂ ਕਹਿੰਦਾ ਹਾਂ ਕਿ "ਖ਼ੁਦ ਬਾਰੇ ਨਾ ਸੋਚੋ; ਹਮੇਸ਼ਾ ਦੂਸਰਿਆਂ ਦੀ ਸਹਾਇਤਾ, ਦੂਸਰਿਆਂ ਦਾ ਭਲਾ ਕਰਨ ਦੀ ਸੋਚੋ। ਨਿਜੀ ਮੁਫਾਦਾਂ ਦੀ ਪੂਰਤੀ ਹਿਤ ਕੰਮ ਨਾ ਕਰੋ। ਸਰਬੱਤ ਦੇ ਭਲੇ ਹਿਤ ਕੰਮ ਕਰੋ। ਜੇ ਤੁਸੀਂ ਆਪਣੀ ਸਾਰੀ ਤਾਕਤ ਨਿਜੀ ਮੁਫਾਦਾਂ ਹਿਤ ਹੀ ਵਰਤੋਗੇ ਤਾਂ ਇਹ ਮਿਹਨਤ ਵਿਅਰਥ ਜਾਵੇਗੀ। ਦੂਸਰਿਆਂ ਦੇ ਭਲੇ ਹਿਤ ਇਸ ਨੂੰ ਵਰਤਣ ਤੋਂ ਭਾਵ ਹੈ ਆਪਣੇ ਅਗਲੇ ਜੀਵਨ ਲਈ ਅਗਾਊਂ ਹੀ ਸੁਖ ਦਾ ਪ੍ਰਬੰਧ ਕਰਨਾ।"

ਸ਼ੁੱਧ ਆਤਮਾ ਦਾ ਕੀ ਕਹਿਣਾ ਹੈ?" ਜਿਹੜੇ ਵਿਅਕਤੀ ਦੂਸਰਿਆਂ ਦੇ ਭਲੇ ਦਾ ਸੋਚਦੇ ਹਨ ਮੈਂ ਉਨ੍ਹਾਂ ਦੇ ਭਲੇ ਦਾ ਪ੍ਰਬੰਧ ਕਰਦੀ ਹਾਂ ਅਤੇ ਜਿਹੜੇ ਨਿਜੀ ਲਾਭ ਬਾਰੇ ਹੀ ਸੋਚਦੇ ਹਨ ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਹਾਲ ਉਪਰ ਛੱਡ ਦਿੰਦੀ ਹਾਂ।

## 122
## ਨਘੋਚੀ ਵਤੀਰਾ

**ਪ੍ਰਸ਼ਨ-ਕਰਤਾ** : ਜਦੋਂ ਅਸੀਂ ਦੂਸਰਿਆਂ ਅੰਦਰ ਕੋਈ ਗਲਤੀ ਵੇਖਦੇ ਹਾਂ ਤਾਂ ਇਹ ਇਸ ਕਰਕੇ ਹੁੰਦਾ ਹੈ ਕਿ ਉਹ ਕਮਜ਼ੋਰੀਆਂ ਸਾਡੇ ਆਪਣੇ ਅੰਦਰ ਵੀ ਹੁੰਦੀਆਂ ਹਨ? ਕੀ ਇਹ ਸੱਚ ਹੈ?

**ਦਾਦਾਸ਼੍ਰੀ** : ਨਹੀਂ, ਜਦੋਂ ਅਸੀਂ ਦੂਸਰਿਆਂ ਅੰਦਰ ਕੋਈ ਖ਼ਾਮੀ ਵੇਖਦੇ ਹਾਂ ਤਾਂ ਹੋ ਸਕਦਾ ਹੈ ਉਹ ਖ਼ਾਮੀ ਸਾਡੇ ਅੰਦਰ ਵੀ ਹੋਵੇ ਅਤੇ ਹੋ ਸਕਦਾ ਹੈ ਉਹ ਸਾਡੇ ਅੰਦਰ ਨਾ ਵੀ ਹੋਵੇ। ਵਿਅਕਤੀ ਦੀ ਬੁੱਧੀ ਕੀ ਕਰਦੀ ਹੈ? ਇਹ ਹਮੇਸ਼ਾ ਆਪਣੀਆਂ ਕਮਜ਼ੋਰੀਆਂ ਨੂੰ ਛੁਪਾ ਲੈਂਦੀ ਹੈ ਅਤੇ ਦੂਸਰਿਆਂ ਅੰਦਰ ਉਹੀ ਕਮਜ਼ੋਰੀਆਂ ਲੱਭ ਲੈਂਦੀ ਹੈ। ਵਿਕ੍ਰਿਤ ਬੁੱਧੀ ਦਾ ਕੰਮ ਹੀ ਦੂਸਰਿਆਂ ਅੰਦਰ ਖ਼ਾਮੀਆਂ ਲੱਭਣਾ ਹੈ। ਜਿਸ ਵਿਅਕਤੀ ਦੇ ਆਪਣੇ ਅੰਦਰ ਕੋਈ ਕਮਜ਼ੋਰੀ ਨਹੀਂ ਹੁੰਦੀ ਉਹ ਦੂਸਰਿਆਂ ਅੰਦਰ ਕਮਜ਼ੋਰੀਆਂ ਲੱਭਣ ਨਹੀਂ ਜਾਂਦਾ। ਉਸ ਨੂੰ ਇਹ ਬੁਰੀ ਆਦਤ ਨਹੀਂ ਹੁੰਦੀ। ਉਸ ਨੂੰ ਹਰ ਥਾਂ ਮਾਸੂਮੀਅਤ ਹੀ ਨਜ਼ਰ ਆਉਂਦੀ ਹੈ। ਸੱਚਾ ਗਿਆਨ

ਹੀ ਉਹ ਹੈ ਜਿਹੜਾ ਵਿਅਕਤੀ ਨੂੰ ਇਸ ਯੋਗ ਬਣਾ ਦੇਵੇ ਕਿ ਉਸ ਨੂੰ ਕਿਧਰੇ ਵੀ, ਕਿਸੇ ਅੰਦਰ ਵੀ ਕੋਈ ਬੁਰਾਈ, ਕੋਈ ਖ਼ਾਮੀ ਨਜ਼ਰ ਨਾ ਆਵੇ।

**ਪ੍ਰਸ਼ਨ-ਕਰਤਾ** : ਜੇ ਦੂਸਰਿਆਂ ਅੰਦਰ ਕੋਈ ਖ਼ਾਮੀਆਂ ਸਪਸ਼ਟ ਦਿਸਦੀਆਂ ਹੋਣ ਤਾਂ ਵੀ ਉਨ੍ਹਾਂ ਖ਼ਾਮੀਆਂ ਨੂੰ ਕਿਉਂ ਨਾ ਵੇਖੀਏ?

**ਦਾਦਾਸ਼੍ਰੀ** : ਖ਼ਾਮੀਆਂ ਤਾਂ ਗੰਦੇ ਨਾਲੇ ਜਾਂ ਗਟਰ ਦੀ ਤਰ੍ਹਾਂ ਹਨ। ਅਸੀਂ ਗਲੀ ਅੰਦਰ ਗਟਰ ਨੂੰ ਨਹੀਂ ਖੋਲਦੇ। ਕੋਈ ਬੱਚਾ ਵੀ ਅਜਿਹਾ ਨਹੀਂ ਕਰਦਾ। ਹਰ ਰਸੋਈ ਦਾ ਇਕ ਗਟਰ ਹੁੰਦਾ ਹੈ ਪਰੰਤੂ ਅਸੀਂ ਉਸ ਨੂੰ ਖੋਲਦੇ ਨਹੀਂ। ਕਿਸੇ ਵਿਅਕਤੀ ਅੰਦਰ ਕੋਈ ਕਮਜ਼ੋਰੀ ਹੋ ਸਕਦੀ ਹੈ। ਹੋ ਸਕਦਾ ਹੈ ਉਹ ਚਿੜਚਿੜੇ ਸੁਭਾਅ ਵਾਲਾ ਹੋਵੇ ਜਾਂ ਹੋ ਸਕਦਾ ਹੈ ਉਸ ਦੇ ਸੁਭਾਅ ਅੰਦਰ ਕਾਹਲ ਹੋਵੇ ਜਾਂ ਬੇਚੈਨੀ ਹੋਵੇ। ਇਨ੍ਹਾਂ ਕਮਜ਼ੋਰੀਆਂ ਨੂੰ ਵੇਖਣਾ ਤਾਂ ਇੰਝ ਹੈ ਜਿਵੇਂ ਗਟਰ ਨੂੰ ਖੋਲ੍ਹਣਾ। ਸਾਨੂੰ ਦੂਸਰੇ ਦੀਆਂ ਖ਼ਾਮੀਆਂ ਵੇਖਣ ਦੀ ਬਜਾਇ ਉਸ ਦੇ ਗੁਣਾਂ ਨੂੰ ਵੇਖਣਾ ਚਾਹੀਦਾ ਹੈ। ਜੇ ਅਸੀਂ ਗਟਰ ਅੰਦਰ ਹੀ ਝਾਤੀ ਮਾਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣਾ 'ਗਟਰ' ਵੇਖਣਾ ਚਾਹੀਦਾ ਹੈ। ਜੇ ਇਹ ਭਰ ਕੇ ਛਲਕ ਰਿਹਾ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਨੂੰ ਸਾਫ਼ ਕਰੀਏ। ਪਰੰਤੂ ਅਸੀਂ ਇਹ ਨਹੀਂ ਜਾਣਦੇ ਕਿ ਸਾਡਾ ਆਪਣਾ 'ਗਟਰ' ਕਦੋਂ ਬੰਦ ਹੋ ਕੇ ਛਲਕਣ ਲੱਗ ਜਾਵੇ। ਜੇ ਕਿਸੇ ਨੂੰ ਇਹ ਪਤਾ ਲਗ ਵੀ ਜਾਂਦਾ ਹੈ ਤਾਂ ਵੀ ਕੀ ਕੀਤਾ ਜਾ ਸਕਦਾ ਹੈ? ਹੌਲੀ-ਹੌਲੀ ਅਜਿਹਾ ਵਿਅਕਤੀ ਅਜਿਹੇ ਗੰਦ ਦਾ ਆਦੀ ਹੋ ਜਾਂਦਾ ਹੈ ਅਤੇ ਫਿਰ ਕੋਈ ਨਾ ਕੋਈ ਬੀਮਾਰੀ ਪੈਦਾ ਹੋ ਜਾਂਦੀ ਹੈ। ਇਕ ਵਿਅਕਤੀ ਧਰਮ ਗਰੰਥ ਦਾ ਅਧਿਐਨ ਕਰਦਾ ਹੈ ਅਤੇ ਇਹ ਗੁਣਗੁਣਾਉਂਦਾ ਰਹਿੰਦਾ ਹੈ: "ਕਿਸੇ ਬਾਰੇ ਬੁਰੇ ਸ਼ਬਦ ਨਾ ਬੋਲੋ।" ਪਰੰਤੂ ਫਿਰ ਵੀ ਉਹ ਬੁਰੇ ਸ਼ਬਦ ਬੋਲਣ, ਨਘੋਚ ਕੱਢਣ ਤੋਂ ਰਹਿ ਨਹੀਂ ਸਕਦਾ। ਉਹ ਦੂਸਰਿਆਂ ਨੂੰ ਦੋਸ਼ ਦੇਵੇਗਾ, ਉਨ੍ਹਾਂ ਦੀ ਨਿੰਦਾ ਕਰੇਗਾ।

ਕਿਸੇ ਦੀ ਆਲੋਚਨਾ ਕਰਨਾ ਤਾਂ ਇੰਝ ਹੈ ਜਿਵੇਂ ਅਸੀਂ ਦਸ ਰੁਪਏ ਦਾ ਨੋਟ ਕਿਸੇ ਦੇ ਇਕ ਰੁਪਏ ਨਾਲ ਬਦਲ ਲਿਆ ਹੋਵੇ। ਆਲੋਚਨਾ ਕਰਨ ਵਾਲਾ ਹਮੇਸ਼ਾ ਘਾਟੇ ਵਿਚ ਰਹਿੰਦਾ ਹੈ। ਅਜਿਹੀਆਂ ਫ਼ਜ਼ੂਲ ਕੋਸ਼ਿਸ਼ਾਂ ਵਿਚ ਅਸੀਂ ਆਪਣੀ ਤਾਕਤ ਕਿਉਂ ਗੰਵਾ ਰਹੇ ਹਾਂ। ਬੇਲੋੜੀ ਆਲੋਚਨਾ ਕਰਨ ਨਾਲ ਤੁਹਾਡੀ ਸ਼ਕਤੀ ਅਜਾਈਂ ਜਾਂਦੀ ਹੈ। ਜੇ ਸਾਨੂੰ ਪਤਾ ਲਗਦਾ ਹੈ ਅਤੇ ਯਕੀਨ ਹੋ ਜਾਂਦਾ ਹੈ ਕਿ ਇਹ ਬੀਜ ਸਰੋਂ ਦਾ ਨਹੀਂ ਹੈ ਸਗੋਂ ਇਹ ਤਾਂ ਛੋਟੀ ਰੋੜੀ ਹੈ ਤਾਂ ਫਿਰ ਅਸੀਂ ਉਸ ਵਿਚੋਂ ਤੇਲ ਕੱਢਣ ਹਿਤ ਉਸ ਨੂੰ ਕਿਉਂ ਪੀਸੀਏ? ਇਹ ਤਾਂ ਸਮੇਂ ਅਤੇ ਸ਼ਕਤੀ ਦੀ ਬਰਬਾਦੀ ਹੈ।

ਆਲੋਚਨਾ ਕਰਨ ਨਾਲ ਤੁਸੀਂ ਦੂਸਰੇ ਦੇ ਗੰਦ ਨੂੰ ਖੁੱਲੇ ਵਿਚ ਧੋਂਦੇ ਹੋ ਅਤੇ ਇੰਝ ਕਰਦਿਆਂ ਆਪਣੇ ਕਪੜੇ ਲਬੇੜ ਲੈਂਦੇ ਹੋ। ਇਨ੍ਹਾਂ ਆਪਣੇ ਮੈਲੇ ਕਪੜਿਆਂ ਨੂੰ ਤੁਸੀਂ ਕਦੋਂ ਸਾਫ਼ ਕਰੋਗੇ?

"ਮੂਆ" ਸ਼ਬਦ ਮੈਂ ਅਕਸਰ ਹੀ ਵਰਤਦਾ ਹਾਂ। ਤੁਸੀਂ ਇਸ ਦਾ ਕੀ ਅਨੁਵਾਦ ਕਰੋਗੇ? ਇਸ ਦਾ ਅਰਥ ਬਹੁਤ ਸੂਖ਼ਮ ਅਤੇ ਰਹੱਸਮਈ ਹੈ। ਇਸ ਦੇ ਅੰਦਰ ਇਕ ਹਲਕੀ ਜਿਹੀ ਝਿੜਕ ਹੈ, ਪਰੰਤੂ ਇਸ ਵਿਚ ਨਾ ਤਾਂ ਨਫ਼ਰਤ ਹੈ ਅਤੇ ਨਾ ਹੀ ਉਪਰਾਮਤਾ। ਇਹ ਤਾਂ ਇੰਝ ਹੈ ਜਿਵੇਂ ਇਕ ਮਾਂ ਆਪਣੇ ਬੱਚੇ ਨੂੰ ਡਾਂਟ ਰਹੀ ਹੋਵੇ। ਇਸ ਦੇ ਬਹੁਤ ਡੂੰਘੇ ਅਰਥ ਹਨ। ਮੇਰਾ ਹਰ ਵਾਕ ਤੁਹਾਨੂੰ ਸੋਚਣ ਲਈ ਮਜ਼ਬੂਰ ਕਰੇਗਾ ਕਿਉਂਕਿ ਇਹ ਇਕ ਗਿਆਨੀ ਪੁਰਸ਼ ਦਾ ਦਿਲ ਨੂੰ ਟੁੰਭ ਦੇਣ ਵਾਲਾ ਪ੍ਰਵਚਨ ਹੈ। ਹਾਂ, ਇਹ ਸਰਸਵਤੀ (ਵਿਦਿਆ, ਗਿਆਨ ਦੀ ਦੇਵੀ) ਦੇ ਪ੍ਰਵਚਨਾਂ ਦਾ ਸਿੱਧਾ ਇਲਹਾਮ ਹੈ।

[ਸਾਡਾ ਇਥੇ 'ਮੂਆ' ਸ਼ਬਦ ਤੋਂ ਭਾਵ ਹੈ 'ਆਪਣੇ ਸਵੈ ਪ੍ਰਤੀ ਮਰਨਾ' ਸਿੱਧੀ-ਸਾਦੀ ਆਤਮਾ, ਇਕ ਮਾਸੂਮ ਆਤਮਾ, ਸਿੱਧਰਾ, ਬਦਕਿਸਮਤ ਜੀਵ, ਆਦਿ]

## 123

## ਯਾਦਾਸ਼ਤ

**ਪ੍ਰਸ਼ਨ-ਕਰਤਾ** : ਵਿਅਕਤੀ ਬੀਤੇ ਸਮੇਂ ਨੂੰ ਭੁੱਲ ਨਹੀਂ ਸਕਦਾ। ਇਸ ਦਾ ਕੀ ਮਹੱਤਵ ਹੈ? ਅਜਿਹਾ ਕਿਉਂ ਹੈ?

**ਦਾਦਾਸ਼੍ਰੀ** : ਭੂਤਕਾਲ ਅਜਿਹੀ ਚੀਜ ਹੈ ਜਦੋਂ ਤੁਸੀਂ ਕੋਸ਼ਿਸ਼ ਕਰੋਗੇ ਤਾਂ ਬੀਤੇ ਸਮੇਂ ਦੀ ਗੱਲ ਯਾਦ ਨਹੀਂ ਆਵੇਗੀ ਅਤੇ ਜਦੋਂ ਤੁਸੀਂ ਬੀਤੇ ਸਮੇਂ ਦੀ ਕਿਸੇ ਗੱਲ ਨੂੰ ਭੁੱਲਣ ਦੀ ਕੋਸ਼ਿਸ਼ ਕਰੋਗੇ ਤਾਂ ਭੁੱਲ ਨਹੀਂ ਸਕੋਗੇ। ਇਸੇ ਕਰਕੇ ਇਸ ਨੂੰ ਅੰਗਰੇਜ਼ੀ ਵਿਚ 'ਪਾਸਟ ਟੈਂਸ' (ਅਰਥ ਬੀਤੀ ਹੋਈ ਕ੍ਰਿਆ ਪਰੰਤੂ ਸ਼ਾਬਦਿਕ ਭਾਵਾਰਥ ਇੰਝ ਵੀ ਹੋ ਸਕਦਾ ਹੈ: 'ਬੀਤਿਆ ਹੋਇਆ ਤਣਾਅ') ਕਿਹਾ ਜਾਦਾ ਹੈ। ਬਹੁਤ ਸਾਰੇ ਲੋਕ ਬੀਤੇ ਹੋਏ ਨੂੰ ਭੁੱਲ ਜਾਣਾ ਚਾਹੁੰਦੇ ਹਨ ਪਰੰਤੂ ਉਹ ਭੁੱਲ ਨਹੀਂ ਸਕਦੇ। ਸਹੀ ਗਿਆਨ ਦੀ ਅਣਹੋਂਦ ਵਿਚ ਯਾਦਾਸ਼ਤ ਵਿਚੋਂ ਸਮੁੱਚੇ ਸੰਸਾਰ ਨੂੰ ਮਿਟਾ ਸਕਣਾ ਸੰਭਵ ਨਹੀਂ ਹੈ।

ਗੱਲਾਂ ਦੇ ਯਾਦ ਰੱਖਣ ਜਾਂ ਯਾਦ ਰਹਿ ਜਾਣ ਦੇ ਪਿੱਛੇ ਕਾਰਨ ਹੈ ਸਾਡੀ ਉਨ੍ਹਾਂ ਗੱਲਾਂ ਨਾਲ ਨੇੜਤਾ, ਉਨ੍ਹਾਂ ਨਾਲ ਲਗਾਵ (ਰਾਗ) ਜਾਂ ਉਨ੍ਹਾਂ ਪ੍ਰਤੀ ਦਵੇਸ਼। ਜਿੰਨੀ ਕਿਸੇ ਗੱਲ ਨਾਲ ਤੁਹਾਡੀ ਨੇੜਤਾ, ਤੁਹਾਡਾ ਲਗਾਵ ਵੱਧ ਹੋਵੇਗਾ ਉਨੀ ਹੀ ਉਹ ਗੱਲ ਤੁਹਾਨੂੰ ਵਧੇਰੇ ਯਾਦ ਰਹੇਗੀ। ਪਰੰਤੂ ਜਿਹੜੀ ਗੱਲ ਤੁਹਾਨੂੰ ਨਾ-ਪਸੰਦ ਹੋਵੇਗੀ ਉਹ ਵੀ ਗੱਲ ਤੁਹਾਨੂੰ ਯਾਦ ਰਹੇਗੀ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਇਕ ਵਿਆਹੁਤਾ ਆਪਣੀ ਸੱਸ ਨੂੰ ਭੁੱਲਣ ਹਿਤ ਆਪਣੇ ਪੇਕੇ ਘਰ ਜਾਂਦੀ ਹੈ ਪਰੰਤੂ

ਉਹ ਉਸ ਨੂੰ ਭੁੱਲ ਨਹੀਂ ਸਕਦੀ ਕਿਉਂਕਿ ਉਹ ਆਪਣੀ ਸੱਸ ਨੂੰ ਘ੍ਰਿਣਾ ਕਰਦੀ ਹੈ, ਪਸੰਦ ਨਹੀਂ ਕਰਦੀ। ਪਰੰਤੂ ਉਹ ਆਪਣੇ ਪਤੀ ਨੂੰ ਯਾਦ ਕਰਦੀ ਹੈ। ਇਸ ਯਾਦ ਦਾ ਕਾਰਨ ਹੁੰਦਾ ਹੈ ਉਹ ਖੁਸ਼ੀ ਜਿਹੜੀ ਪਤੀ ਨੇ ਉਸ ਨੂੰ ਦਿੱਤੀ ਹੁੰਦੀ ਹੈ। ਇਸ ਦੇ ਕਾਰਨ ਰਾਗ ਪੈਦਾ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਨਾ-ਖੁਸਗਵਾਰ ਯਾਦਾਸ਼ਤ ਦਾ ਮੂਲ ਕਾਰਨ ਕੀ ਹੈ ਅਤੇ ਵਿਅਕਤੀ ਇਸ ਤੋਂ ਕਿਵੇਂ ਖਹਿੜਾ ਛੁਡਾ ਸਕਦਾ ਹੈ?

**ਦਾਦਾਸ਼੍ਰੀ** : ਤੁਸੀਂ ਉਸ ਗੱਲ ਨੂੰ ਜ਼ਰੂਰ ਯਾਦ ਰਖਦੇ ਹੋ ਜਿਸ ਨੇ ਤੁਹਾਨੂੰ ਜਾਂ ਤਾਂ ਬਹੁਤ ਖੁਸ਼ੀ ਦਿੱਤੀ ਹੋਵੇ ਜਾਂ ਬਹੁਤ ਦੁੱਖ। ਤੁਸੀਂ ਉਸ ਗੱਲ ਨਾਲ ਰਾਗ ਜਾਂ ਦਵੇਸ਼ ਦੀ ਭਾਵਨਾ ਨਾਲ ਬੱਝੇ ਹੋਏ ਹੋ। ਜੇ ਤੁਸੀਂ ਉਸ ਬੰਧਨ ਨੂੰ ਤੋੜ ਦਿੰਦੇ ਹੋ ਤਾਂ ਫਿਰ ਉਸ ਗੱਲ ਦੀ ਕੋਈ ਯਾਦ ਨਹੀਂ ਰਹੇਗੀ। ਇਹ ਤੁਹਾਡੀ ਯਾਦਾਸ਼ਤ ਵਿਚੋਂ ਅਲੋਪ ਹੀ ਹੋ ਜਾਵੇਗੀ। ਜਿਹੜੇ ਵਿਚਾਰ ਅਚਾਨਕ ਆਪਣੇ ਆਪ ਹੀ ਮਨ ਵਿਚ ਆ ਜਾਂਦੇ ਹਨ ਉਨ੍ਹਾਂ ਨੂੰ 'ਯਾਦ ਕਰਨਾ' ਹੀ ਕਿਹਾ ਜਾਵੇਗਾ। ਜਦੋਂ ਇਹ ਸਾਰੇ ਵਿਚਾਰ ਧੋ ਕੇ ਬਾਹਰ ਕੱਢ ਸੁੱਟੇ ਜਾਣਗੇ ਤਾਂ ਯਾਦ ਆਏਗੀ ਹੀ ਨਹੀਂ ਅਤੇ ਫਿਰ ਉਸ ਵਿਅਕਤੀ ਦੇ ਚਿਹਰੇ ਉਪਰ ਮੁਸਕੁਰਾਹਟ ਬੇਰੋਕ ਅਤੇ ਖਾਲਿਸ ਹੋਵੇਗੀ।

ਯਾਦਾਸ਼ਤ ਇਕ ਖਿੱਚ ਪੈਦਾ ਕਰਦੀ ਹੈ; ਮਨ ਅੰਦਰ ਇੱਕ ਖਿਚਾਅ ਪੈਦਾ ਕਰਦੀ ਹੈ; ਅਤੇ ਇਸ ਖਿਚਾਅ ਦੀਆਂ ਲਾਈਨਾਂ ਚਿਹਰੇ ਦੇ ਹਾਵ-ਭਾਵ ਉਪਰ ਵੀ ਉੱਕਰੀਆਂ ਜਾਂਦੀਆਂ ਹਨ। ਅਜਿਹੇ ਸਮੇਂ ਜੇ ਵਿਅਕਤੀ ਮੁਸਕੁਰਾਏਗਾ ਵੀ ਤਾਂ ਵੀ ਇਹ ਮੁਸਕੁਰਾਹਟ ਨਿਯੰਤ੍ਰਤ ਹੋਵੇਗੀ ਨਾ ਕਿ ਖੁੱਲ੍ਹੀ, ਅਨੰਦ-ਭਰਪੂਰ। ਇਹ ਯਾਦਾਸ਼ਤ ਹਰ ਵਿਅਕਤੀ ਦੇ ਮਾਮਲੇ ਵਿਚ ਭਿੰਨ ਹੁੰਦੀ ਹੈ। ਜਿਹੜੀ ਗੱਲ ਤੁਹਾਨੂੰ ਯਾਦ ਰਹਿੰਦੀ ਹੈ ਹੋ ਸਕਦਾ ਹੈ ਉਹ ਦੂਸਰੇ ਨੂੰ ਯਾਦ ਨਾ ਰਹੇ ਕਿਉਂਕਿ ਹਰ ਵਿਅਕਤੀ ਅੰਦਰ ਵਿਭਿੰਨ ਵਸਤਾਂ ਪ੍ਰਤੀ ਰਾਗ-ਦਵੇਸ਼ ਦੀ ਭਾਵਨਾ ਅਲੱਗ ਹੁੰਦੀ ਹੈ। ਸੋ ਯਾਦਾਸ਼ਤ ਦੀ ਹੋਂਦ ਰਾਗ-ਦਵੇਸ਼ ਦੇ ਕਾਰਨ, ਉਨ੍ਹਾਂ ਦੇ ਰਾਹੀਂ ਹੈ।

**ਪ੍ਰਸ਼ਨ-ਕਰਤਾ** : ਇਹ ਤਾਂ ਠੀਕ ਹੈ ਕਿ ਸਾਨੂੰ ਇਹ ਯਾਦਾਂ ਮਿਟਾ ਦੇਣੀਆਂ ਯੋਗ ਹਨ, ਪਰ ਅਸੀਂ ਇਹ ਕਿਸ ਤਰ੍ਹਾਂ ਕਰੀਏ?

**ਦਾਦਾਸ਼੍ਰੀ** : ਯਾਦਾਸ਼ਤ ਤਾਂ ਆਪ ਕਹਿੰਦੀ ਹੈ: 'ਮੈਨੂੰ ਖ਼ਤਮ ਕਰੋ; ਮੈਨੂੰ ਬਾਹਰ ਕੱਢ ਕੇ ਸੁੱਟੋ; ਮੈਨੂੰ ਖ਼ਤਮ ਕਰੋ'। ਹਾਂ, ਜੇ ਯਾਦਾਸ਼ਤ ਬਿਲਕੁਲ ਹੀ ਨਾ ਹੋਵੇ ਤਾਂ ਵੀ ਚਾਰੋਂ ਪਾਸੇ ਅਫੜਾ-ਤਫੜੀ ਫੈਲ ਜਾਵੇਗੀ। ਤੁਹਾਨੂੰ ਇਹ ਵੀ ਪਤਾ ਨਹੀਂ ਹੋਵੇਗਾ ਕਿ ਤੁਸੀਂ ਖ਼ਤਮ ਕਿਸ ਨੂੰ ਕਰਨਾ ਹੈ। ਫਿਰ ਤੁਹਾਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਤੁਹਾਨੂੰ ਕਿਸ ਵਸਤੂ ਨਾਲ ਰਾਗ ਦੀ ਭਾਵਨਾ ਹੈ ਅਤੇ ਕਿਸ ਨਾਲ ਦਵੇਸ਼ ਦੀ।

ਜਦੋਂ ਕੋਈ ਗੱਲ ਯਾਦ ਆਉਂਦੀ ਹੈ, ਜੇ ਤੁਸੀਂ ਉਸ ਨੂੰ ਸਾਫ਼ ਕਰ ਦਿੰਦੇ ਹੋ ਭਾਵ ਪੂਰੀ ਤਰ੍ਹਾਂ ਮਨ ਵਿਚੋਂ ਕੱਢ ਦਿੰਦੇ ਹੋ ਤਾਂ ਇਹ ਪੂਰੀ ਤਰ੍ਹਾਂ ਭੁੱਲ ਜਾਵੇਗੀ। ਤੁਸੀਂ ਕਿਸੇ ਗੱਲ ਨੂੰ ਤਾਂ

ਹੀ ਯਾਦ ਰਖਦੇ ਹੋ ਕਿਉਂਕਿ ਤੁਸੀਂ ਉਸ ਗੱਲ ਉਪਰ ਹੀ ਰੁਕੇ ਹੋਏ ਹੋ। ਤੁਸੀਂ ਉਸ ਯਾਦ ਨੂੰ ਮਿਟਾ ਦਿੰਦੇ ਹੋ, ਉਸ ਉਪਰ ਪਸ਼ਚਾਤਾਪ ਕਰਦੇ ਹੋ ਅਤੇ ਦੁਬਾਰਾ ਉਹੀ ਗੱਲ ਨਾ ਕਰਨ ਦਾ ਪ੍ਰਣ ਕਰਦੇ ਹੋ। ਇਸ ਲਈ ਉਸ ਨੂੰ ਮਿਟਾ ਦੇਣ ਦਾ ਨਤੀਜਾ ਹੋਵੇਗਾ ਕਿ ਉਹ ਤੁਹਾਡੀ ਯਾਦ ਵਿਚੋਂ ਪੂਰੀ ਤਰ੍ਹਾਂ ਖ਼ਾਰਜ ਹੋ ਜਾਵੇਗੀ। ਸੱਚਾ, ਸਹੀ ਗਿਆਨ ਉਹ ਹੈ ਜਿਹੜਾ ਤੁਹਾਨੂੰ ਸੰਸਾਰ ਨੂੰ ਭੁੱਲ ਸਕਣ ਦੇ ਯੋਗ ਬਣਾ ਦਿੰਦਾ ਹੈ।

## 124
## ਦੁੱਖ ਵਿੱਚ ਸੁੱਖ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਜੀਵਨ ਦੇ ਸੁੱਖ-ਸਹੂਲਤਾਂ ਦੇ ਵਿਸ਼ੇ ਉਪਰ ਚਾਨਣਾ ਪਾਉ।

**ਦਾਦਾਸ਼੍ਰੀ** : ਪਰਮਾਤਮਾ ਦਾ ਹੁਕਮ ਹੈ: "ਦੁੱਖ ਵਿਚੋਂ ਵੀ ਸੁੱਖ ਲੱਭੋ।" ਜਿਹੜੇ ਹਾਲਾਤ ਅਸੁਵਿਧਾਜਨਕ ਅਤੇ ਦੁੱਖ ਦੇਣ ਵਾਲੇ ਹਨ ਉਨ੍ਹਾਂ ਵਿਚ ਵੀ ਸੁੱਖ ਦੀ ਹੋਂਦ ਹੁੰਦੀ ਹੈ। ਫਰਕ ਸਿਰਫ਼ ਇਹ ਹੈ ਕਿ ਤੁਹਾਡੇ ਪਾਸ ਉਨ੍ਹਾਂ ਸੁੱਖਾਂ ਨੂੰ ਲੱਭ ਸਕਣ ਦੀ ਕਾਬਲੀਅਤ ਨਹੀਂ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਇਕ ਵਿਅਕਤੀ ਪੰਜ ਵਰ੍ਹੇ ਪਹਿਲਾਂ ਖਰੀਦੇ ਹੋਏ ਸੋਫੇ ਉਪਰ ਬੈਠ ਕੇ ਵੀ ਸੁਵਿਧਾ ਮਹਿਸੂਸ ਨਹੀਂ ਕਰਦਾ ਕਿਉਂਕਿ ਉਹ ਸੋਚਦਾ ਹੈ ਕਿ ਇਹ ਪੁਰਾਣੇ ਫੈਸ਼ਨ ਦਾ ਹੈ। ਇਸ ਨੂੰ ਮੈਂ ਸੁੱਖ ਵਿਚ ਵੀ ਦੁਖ ਪੈਦਾ ਕਰਨਾ ਕਹਿੰਦਾ ਹਾਂ।

ਅੱਜ ਦੇ ਯੁੱਗ ਵਿਚ ਲੋਕ ਇਕ ਆਰਾਮ-ਕੁਰਸੀ ਉਪਰ ਬੈਠੇ ਹੋਏ ਵੀ ਬੇਚੈਨੀ ਮਹਿਸੂਸ ਕਰਦੇ ਹਨ। ਪਿਆਰੇ ਮਾਨਵ! ਜੀਵਨ-ਭਰ ਦੌਰਾਨ ਇਕ ਵਾਰ ਇਸ ਤਰ੍ਹਾਂ ਬੇਚੈਨੀ ਜਾਂ ਔਖ ਮਹਿਸੂਸ ਕਰਨੀ ਹੈ ਤਾਂ ਸਮਝ ਆਉਂਦੀ ਹੈ ਪਰ ਤੁਸੀਂ ਤਾਂ ਹਰ ਰੋਜ ਹੀ ਕਸ਼ਟ ਵਿਚ ਰਹਿੰਦੇ ਹੋ। ਤੁਸੀਂ ਹਰ ਸਮੇਂ ਹੀ ਆਪਣੇ ਦੁੱਖ ਅਤੇ ਔਖ ਦਾ ਰੋਣਾ ਰੋਂਦੇ ਰਹਿੰਦੇ ਹੋ। ਬੰਬਈ ਸ਼ਹਿਰ ਵਿਚ ਹਰ ਤਰ੍ਹਾਂ ਦਾ ਸੁਖ ਅਤੇ ਖੁਸ਼ੀ ਦੇਣ ਲਈ ਹਰ ਚੀਜ ਹੈ ਪਰੰਤੂ ਤੁਸੀਂ ਤਾਂ ਗ਼ਮ ਵਿਚ ਗਲਤਾਨ ਹੈ। ਸੁੱਖ-ਸੁਵਿਧਾ ਪਹਿਲਾਂ ਹੀ ਹੈ ਅਤੇ ਇਸ ਨੂੰ ਹੋਰ ਵਧੇਰੇ ਸੁਖਦਾਇਕ ਬਣਾਉਣ ਦੇ ਸਾਰੇ ਯਤਨਾਂ ਦਾ ਨਤੀਜਾ ਕਸ਼ਟ ਅਤੇ ਬੇਚੈਨੀ ਹੀ ਹੋਵੇਗਾ।

ਗੁਆਂਢੀ ਦੇ ਘਰ ਇਕ ਨਵਾਂ ਸੋਫਾ-ਸੈਟ ਵੇਖ ਕੇ ਇਸਤਰੀ ਛੇ ਮਹੀਨੇ ਤੱਕ ਆਪਣੇ ਪਤੀ ਨਾਲ ਕਲੇਸ਼ ਕਰਦੀ ਰਹੀ; ਉਹ ਰੋਜ ਇਹੋ ਕਹਿੰਦੀ ਰਹੀ ਕਿ ਆਪਾਂ ਵੀ ਇਹੋ ਜਿਹਾ ਸੋਫਾ ਹੀ ਖਰੀਦਣਾ ਹੈ। ਅੰਤ ਉਹ ਆਪਣੇ ਘਰ ਲਈ ਉਧਾਰ ਉਹੋ ਜਿਹਾ ਸੋਫਾ ਲਿਆਉਣ ਵਿਚ ਸਫ਼ਲ ਵੀ ਹੋ ਗਈ। ਪਰੰਤੂ ਜਦੋਂ ਉਹ ਸੋਫਾ ਟੁੱਟ ਗਿਆ ਤਾਂ ਉਹ ਬਹੁਤ ਦੁੱਖੀ ਹੋਈ।

ਜਿਹੜੇ ਸੋਫੇ ਤੁਸੀਂ ਅੱਜ ਕੱਲ ਖਰੀਦਦੇ ਹੋ ਉਹ ਵਧੀਆ ਕੁਆਲਟੀ ਦੇ ਬਣੇ ਹੋਏ ਨਹੀਂ ਹੁੰਦੇ ਅਤੇ ਥੋੜੇ ਅਰਸੇ ਬਾਅਦ ਹੀ ਤੁਸੀਂ ਉਸ ਦੀ ਇੱਕ ਜਾਂ ਦੂਜੀ ਲੱਤ ਟੁੱਟੀ ਹੋਈ ਪਾਉਗੇ। ਇੰਞ ਤੁਸੀਂ ਨਵੇਂ ਸੋਫੇ ਦੇ ਸੁਖ ਦੀ ਆਸ ਵਿਚ ਦੁੱਖ ਸਹੇੜ ਲਿਆ। ਮੇਰੇ ਪਿਆਰੇ ਦੋਸਤ! ਕੀ ਤੁਹਾਨੂੰ ਇਸ ਤਰ੍ਹਾਂ ਦੀ ਦਿਲ ਦੀ ਜਲਣ ਸ਼ੋਭਾ ਦਿੰਦੀ ਹੈ? ਤੁਹਾਡੇ ਕੱਪੜੇ ਭਾਵੇਂ ਫਟ ਜਾਣ ਜਾਂ ਸੜ ਜਾਣ ਪਰੰਤੂ ਦਿਲ ਨੂੰ, ਆਤਮਾ ਨੂੰ ਕਦੇ ਵੀ ਸੜਨ ਨਾ ਦਿਉ।

**ਪ੍ਰਸ਼ਨ-ਕਰਤਾ** : ਫਿਰ ਅਜਿਹੇ ਮਾਮਲਿਆਂ ਵਿਚ ਸਾਡਾ ਆਦਰਸ਼ ਵਤੀਰਾ ਕਿਹੋ ਜਿਹਾ ਹੋਣਾ ਚਾਹੀਦਾ ਹੈ?

**ਦਾਦਾਸ਼੍ਰੀ** : ਕਿਸੇ ਦੀ ਨਕਲ ਨਾ ਕਰੋ। ਸਾਡੇ ਲਈ ਇਹ ਇਕ ਆਦਰਸ਼ ਸਥਿਤੀ ਹੈ। ਸਿਰਫ਼ ਘੱਟ ਬੁੱਧੀ ਵਾਲੇ ਲੋਕ ਹੀ ਦੂਸਰਿਆਂ ਦੀ ਨਕਲ ਕਰਦੇ ਹਨ ਅਤੇ ਇੰਞ ਕਰਦਿਆਂ ਉਹ ਦੁੱਖੀ ਹੁੰਦੇ ਹਨ। ਅੱਜ ਕਲ ਤਾਂ ਹਰ ਘਰ ਵਿਚ ਸੋਫਾ ਸੈੱਟ ਹਨ। ਪਰੰਤੂ ਕੀ ਇਹ ਜ਼ਰੂਰੀ ਹੈ ਕਿ ਤੁਹਾਡੇ ਘਰ ਵੀ ਗੁਆਂਢੀ ਦੇ ਸੋਫੇ ਵਰਗਾ ਹੀ ਸੋਫਾ ਹੋਵੇ? ਸਾਨੂੰ ਚਾਹੀਦਾ ਹੈ ਕਿ ਅਸੀਂ ਸੁਤੰਤਰ ਤੌਰ ਤੇ, ਨਿਵੇਕਲੇ ਤੌਰ ਤੇ ਜੀਵੀਏ, ਕਿਸੇ ਹੋਰ ਦੀ ਨਕਲ ਨਾ ਕਰੀਏ। ਸਾਡੇ ਘਰ ਦੀ ਬੈਠਕ ਵਿਚ ਬੈਠਣ ਲਈ ਭਾਰਤੀ ਸਟਾਈਲ ਦਾ ਪ੍ਰਬੰਧ ਹੋ ਸਕਦਾ ਹੈ; ਨਰਮ ਨੂੰ ਦੀਆਂ ਭਰੀਆਂ ਹੋਈਆਂ ਗੱਦੀਆਂ ਅਤੇ ਦਾਗ਼ ਰਹਿਤ ਸਫ਼ੈਦ ਵਿਛੀ ਹੋਈ ਚਾਦਰ। ਇੰਞ ਅਸੀਂ ਕਿਸੇ ਦੀ ਨਕਲ ਨਹੀਂ ਕਰਦੇ ਹੋਵਾਂਗੇ ਅਤੇ ਸਾਡਾ ਬੈਠਣ ਦਾ ਪ੍ਰਬੰਧ ਵੀ ਸੁਖਦਾਇਕ ਹੋਵੇਗਾ।

ਅਸਲ ਵਿਚ ਇਕ ਵਿਅਕਤੀ ਦੀਆਂ ਕੀ ਲੋੜਾਂ ਹਨ? ਉਸ ਨੂੰ ਪੇਟ ਭਰਨ ਲਈ ਖਾਣਾ, ਸਰੀਰ ਢਕਣ ਲਈ ਪਹਿਰਾਵਾ ਅਤੇ ਸਿਰ ਢਕਣ ਲਈ ਛੱਤ ਚਾਹੀਦੀ ਹੈ। ਪਰੰਤੂ ਅੱਜ ਕੱਲ ਲੋਕ ਆਪਣੇ ਆਪ ਲਈ ਨਵੀਆਂ ਨਵੀਆਂ ਸਮੱਸਿਆਵਾਂ ਖੜੀਆਂ ਕਰ ਲੈਂਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਸੰਸਾਰ ਵਿਚ ਗ਼ਮੀ ਨਾਂ ਦੀ ਕੋਈ ਚੀਜ ਨਹੀਂ ਹੈ। ਇਹ ਆਮ ਗਿਆਨ ਅਤੇ ਸਮਝ ਦੀ ਘਾਟ ਕਾਰਨ ਹੀ ਹੈ ਕਿ ਵਿਅਕਤੀ ਖ਼ੁਦ ਲਈ ਦੁੱਖ ਦੇ ਬੀਜ ਬੀਜਦਾ ਹੈ।

ਹੋ ਸਕਦਾ ਹੈ ਤੁਹਾਡਾ ਪੜੋਸੀ ਅੱਜ ਤੁਹਾਨੂੰ ਘਰ ਬੁਲਾ ਲਏ ਅਤੇ ਹੋ ਸਕਦਾ ਹੈ ਅਗਲੇ ਦਿਨ ਉਹ ਤੁਹਾਡੀ ਪੂਰੀ ਤਰ੍ਹਾਂ ਅਵਹੇਲਨਾ ਕਰੇ। ਤੁਸੀਂ ਹਰ ਸਮੇਂ ਉਸ ਤੋਂ ਇਸੇ ਤਰ੍ਹਾਂ ਦੇ ਸੱਦੇ ਦੀ ਉਮੀਦ ਕਿਉਂ ਰਖਦੇ ਹੋ? ਜਦੋਂ ਉਹ ਤੁਹਾਨੂੰ ਇੱਜ਼ਤ ਦਿੰਦਾ ਹੈ ਤਾਂ ਤੁਸੀਂ ਖੁਸ਼ ਹੋ ਜਾਂਦੇ ਹੋ; ਤੁਹਾਨੂੰ ਜਾਪਦਾ ਹੈ ਕਿ ਤੁਹਾਡੀ ਪਰਵਾਹ ਹੈ। ਇੰਞ ਤੁਸੀਂ ਸੌਖੇ ਜਿਹੇ ਮਹਿਸੂਸ ਕਰਦੇ ਹੋ। ਪਰੰਤੂ ਜੇ ਉਹ ਤੁਹਾਨੂੰ ਨਹੀਂ ਬੁਲਾਉਂਦਾ ਤਾਂ ਤੁਸੀਂ ਔਖ ਮਹਿਸੂਸ ਕਰਦੇ ਹੋ। ਤੁਹਾਡੇ ਲਈ ਸਰਵੋਤਮ ਇਹੋ ਹੈ ਕਿ ਤੁਸੀਂ ਦੋਹਾਂ ਦੋਹਾਂ ਹਾਲਾਤਾਂ - ਪੜੋਸੀ ਤੁਹਾਨੂੰ ਘਰ ਬੁਲਾਵੇ ਜਾਂ ਤੁਹਾਡੇ ਵੱਲ ਧਿਆਨ ਹੀ ਨਾ ਦੇਵੇ - ਵਿਚ ਹੀ ਮਸਤ ਰਹੋ।

**ਪ੍ਰਸ਼ਨ–ਕਰਤਾ** : ਵਿਅਕਤੀ ਜੀਵਨ ਵਿਚ ਖੁਸ਼ੀ ਕਿਵੇਂ ਪਾ ਸਕਦਾ ਹੈ?

**ਦਾਦਾਸ਼੍ਰੀ** : ਸਾਡੇ ਅੰਦਰ ਅਤੇ ਸਾਡੇ ਆਲੇ–ਦੁਆਲੇ ਅਨੰਤ ਖੁਸ਼ੀ ਹੈ ਪਰੰਤੂ ਵਿਅਕਤੀ ਨੂੰ ਇਹ ਸਮਝ ਨਹੀਂ ਕਿ ਇਸ ਨੂੰ ਪ੍ਰਾਪਤ ਕਿਵੇਂ ਕਰੇ। ਅਸਲੀ ਖੁਸ਼ੀ ਸਿਰਫ਼ ਇਕੋ ਪ੍ਰਕਾਰ ਦੀ ਹੁੰਦੀ ਹੈ ਪਰੰਤੂ ਦੁਨੀਆਂ ਨੇ ਇਸ ਨੂੰ ਵੱਖ–ਵੱਖ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਹੈ। ਕੀ ਅਸੀਂ ਯਥਾਰਥ ਨੂੰ ਜਾਣ ਤੋਂ ਬਾਅਦ ਸੱਚ-ਮੁੱਚ ਖੁਸ਼ ਮਹਿਸੂਸ ਕਰ ਸਕਦੇ ਹਾਂ? ਕਾਲਪਨਿਕ ਖੁਸ਼ੀ ਵਿਚ ਅਸੀਂ ਕਿੰਨੀ ਕੁ ਦੇਰ ਖੁਸ਼ ਰਹਿ ਸਕਦੇ ਹਾਂ? ਅਸੀਂ ਹੋਰ ਕੀ ਕਰ ਸਕਦੇ ਹਾਂ? ਅਸੀਂ ਝਾਂਸੇ ਵਿਚ ਆਏ ਹੋਏ ਹਾਂ। ਸੋ ਅਸੀਂ ਕੀ ਕਰ ਸਕਦੇ ਹਾਂ?

**ਪ੍ਰਸ਼ਨ–ਕਰਤਾ** : ਕੀ ਇਹ ਸਾਰੇ ਇਕ ਝਾਂਸੇ ਵਿਚ ਆਉਣ ਦੀ ਤਰ੍ਹਾਂ ਹੀ ਹੈ?

**ਦਾਦਾਸ਼੍ਰੀ** : ਇਹ ਸਭ ਕਿਸ ਤਰ੍ਹਾਂ ਹੈ ਇਹ ਸਮਝਾਉਣ ਲਈ ਮੈਂ ਇਕ ਘਟਨਾ ਦਾ ਜ਼ਿਕਰ ਕਰਦਾ ਹਾਂ: ਇਕ ਵਾਰ ਇਕ ਬਾਣੀਆ ਅਤੇ ਉਸ ਦਾ ਮੁਸਲਮਾਨ ਦੋਸਤ ਇੱਕ ਪਿੰਡ ਵਿੱਚ ਰਹਿੰਦੇ ਸਨ। ਦੋਨੋ ਪੱਕੇ ਲੰਗੋਟੀਏ ਯਾਰ ਸਨ। ਇਕ ਵਾਰ ਮੁਹੱਰਹਮ ਦੇ ਦਿਨੀਂ ਦੋਵੇਂ ਕਿਧਰੇ ਘੁੰਮਣ ਚਲੇ ਗਏ। ਰਸਤੇ ਵਿਚ ਉਨ੍ਹਾਂ ਮੁਸਲਮਾਨਾਂ ਦੁਆਰਾ ਪਰੰਪਰਾਗਤ ਢੰਗ ਨਾਲ ਕੱਢਿਆ ਜਾ ਰਿਹਾ ਤਾਜ਼ੀਆ ਵੇਖਿਆ। ਤਾਜ਼ੀਆ ਵੇਖ ਕੇ ਮੁਸਲਮਾਨ ਦੋਸਤ ਪੂਰੀ ਤਰ੍ਹਾਂ ਭਾਵੁਕ ਹੋ ਗਿਆ। ਉਹ ਤਾਜ਼ੀਏ ਵਿਚ ਸ਼ਾਮਲ ਹੋਣ ਦੀ ਆਪਣੀ ਤਾਂਘ ਨੂੰ ਦਬਾ ਨਾ ਸਕਿਆ। “ਦੋ ਮਿੰਟ ਉਡੀਕ ਬੱਸ”, ਉਸ ਨੇ ਆਪਣੀ ਬਾਣੀਏ ਦੋਸਤ ਨੂੰ ਕਿਹਾ ਅਤੇ ਤਾਜ਼ੀਆਂ ਦੇ ਲੋਕਾਂ ਦੀ ਭੀੜ ਵਿਚ ਗੁਆਚ ਗਿਆ। ਉਸ ਨੇ ਉੱਚੀ–ਉੱਚੀ ਚਿਲਾਉਣਾ ਆਰੰਭ ਕਰ ਦਿੱਤਾ “ਯਾ ਹੁਸੈਨ....ਯਾ ਹੁਸੈਨ”। ਬਾਣੀਆ ਉਥੇ ਖੜਾ ਆਪਣੇ ਦੋਸਤ ਦੀ ਉਡੀਕ ਕਰਦਾ ਰਿਹਾ। ਇਕ–ਇਕ ਮਿੰਟ ਕਰਦਿਆਂ ਅੱਧਾ ਘੰਟਾ ਬੀਤ ਗਿਆ। ਪਰੰਤੂ ਮੁਸਲਮਾਨ ਦੋਸਤ ਤਾਜ਼ੀਏ ਦੀ ਉਸ ਵਕਤੀ ਭਾਵਨਾ ਵਿਚ ਐਸਾ ਵਹਿ ਗਿਆ ਕਿ ਉਸ ਦਾ ਵਾਪਸ ਜਾਣ ਨੂੰ ਮਨ ਨਹੀਂ ਸੀ ਕਰ ਰਿਹਾ। ਬਾਣੀਆ ਹਰ ਪੰਜ ਮਿੰਟ ਬਾਅਦ ਉਸ ਨੂੰ ਇਸ਼ਾਰੇ ਨਾਲ ਬਾਹਰ ਆਉਣ ਲਈ ਕਹਿੰਦਾ ਪਰ ਉਹ ਬਾਹਰ ਨਾ ਆਇਆ। ਇੰਝ ਇੱਕ ਘੰਟਾ ਬੀਤ ਗਿਆ। ਤੰਗ ਆ ਕੇ ਬਾਣੀਏ ਨੇ ਉਸ ਦਾ ਹੱਥ ਫੜਿਆ ਅਤੇ ਉਸ ਨੂੰ ਖਿੱਚ ਕੇ ਬਾਹਰ ਲਿਆਉਣ ਦੀ ਕੋਸ਼ਿਸ਼ ਕੀਤੀ। ਪਰੰਤੂ ਹੋਇਆ ਇਸ ਦੇ ਉਲਟ। ਬਾਣੀਆ ਆਪ ਹੀ ਤਾਜ਼ੀਏ ਦੀ ਭੀੜ ਵਿਚ ਖਿੱਚਿਆ ਗਿਆ। ਇਸ ਸਮੇਂ ਵੀ ਮੁਸਲਮਾਨ ਦੋਸਤ ਇਹੋ ਕਹਿੰਦਾ ਰਿਹਾ ‘ਬੱਸ ਦੋ ਮਿੰਟ... ਯਾ ਹੁਸੈਨ.... ਯਾ ਹੁਸੈਨ’; ਬਾਣੀਏ ਨੂੰ ਉਸ ਤਾਜ਼ੀਏ ਦੇ ਜਲੂਸ ਵਿਚ ਸ਼ਾਮਲ ਹੋਣਾ ਪੈ ਗਿਆ ਅਤੇ ਉਸ ਨੂੰ ਵੀ ‘ਯਾ ਹੁਸੈਨ.... ਯਾ ਹੁਸੈਨ’ ਵਾਰ–ਵਾਰ ਬੋਲਣਾ ਪਿਆ। ਕਿਉਂਕਿ ਬਾਣੀਏ ਨੂੰ ਇਨ੍ਹਾਂ ਸ਼ਬਦਾਂ ਦੀ ਸਮਝ ਨਹੀਂ ਸੀ ਇਸ ਲਈ ਉਸ ਦਾ ਉਚਾਰਣ ਭਿੰਨ ਸੀ: ਇਉਂ ਜਾਪਦਾ ਸੀ ਜਿਵੇਂ ਉਹ ਕਹਿ ਰਿਹਾ ਹੋਵੇ ‘ਮੈਂ ਫਸ ਗਿਆ ਹਾਂ... ਮੈਂ ਫਸ ਗਿਆ ਹਾਂ’।

ਇਹ ਸੰਸਾਰ ਵੀ ਇਸੇ ਤਰ੍ਹਾਂ ਹੈ। ਇਕ ਵਾਰ ਤੁਸੀਂ ਇਸ ਸੰਸਾਰ ਵਿਚ ਜਨਮ ਲੇ ਲਿਆ ਅਤੇ ਇਥੋਂ ਦੇ ਝਾਂਸੇ ਵਿਚ ਆ ਗਏ, ਬਸ ਫਿਰ ਤੁਸੀਂ ਇਸ ਖਲਜਗਣ ਵਿਚੋਂ ਬਾਹਰ ਨਹੀਂ ਨਿਕਲ ਸਕਦੇ।

**ਪ੍ਰਸ਼ਨ-ਕਰਤਾ** : ਫਿਰ ਵਿਅਕਤੀ ਇਸ ਵਿਚੋਂ ਬਾਹਰ ਕਿਵੇਂ ਨਿਕਲ ਸਕਦਾ ਹੈ?

**ਦਾਦਾਸ਼੍ਰੀ** : ਸਿਰਫ਼ ਇਕ ਪੂਰਨ ਗਿਆਨੀ ਪੁਰਸ਼ ਹੀ ਤੁਹਾਨੂੰ ਇਸ ਜਾਲ ਵਿਚੋਂ ਮੁਕਤ ਕਰ ਸਕਦਾ ਹੈ। ਇਹ ਜਾਲ ਗਲਤ ਵਿਸ਼ਵਾਸ਼ ਅਤੇ ਗ਼ਲਤਫਹਿਮੀਆਂ ਦਾ ਹੈ। ਇਕ ਵਾਰ ਗਲਤ ਵਿਸ਼ਵਾਸ਼ ਅਤੇ ਧਾਰਨਾਵਾਂ ਖ਼ਤਮ ਹੋ ਜਾਣ ਉਸ ਉਪਰੰਤ ਮੁਕਤੀ ਸੰਭਵ ਹੈ। ਪਰੰਤੂ ਇਹ ਗਲਤ ਵਿਸ਼ਵਾਸ ਅਤੇ ਭੁਲੇਖੇ ਕਿਵੇਂ ਦੂਰ ਹੋ ਸਕਦੇ ਹਨ? ਤੁਹਾਡੇ ਗਲਤ ਵਿਸ਼ਵਾਸ਼ ਉਸ ਸਮੇਂ ਅਲੋਪ ਹੋ ਜਾਂਦੇ ਹਨ ਜਦੋਂ ਕੋਈ ਗਿਆਨੀ ਪੁਰਸ਼ ਤੁਹਾਨੂੰ ਚੇਤਨਤਾ ਪ੍ਰਦਾਨ ਕਰਦਾ ਹੈ। ਹੋਰ ਕੋਈ ਇਹ ਕੰਮ ਨਹੀਂ ਕਰ ਸਕਦਾ। ਗਿਆਨੀ ਪੁਰਸ਼ ਦੀ ਹਾਜ਼ਰੀ ਅਤੇ ਉਸ ਦੀ ਚੇਤਨਤਾ ਪ੍ਰਦਾਨ ਕਰਨ ਵਾਲੀ ਛੂਹ ਤੋਂ ਬਿਨਾਂ ਤੁਸੀਂ ਜਿੰਨੀ ਵੀ ਇਸ ਜਾਲ ਵਿਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰੋਗੇ ਉਨਾ ਹੀ ਵਧੇਰੇ ਇਸ ਸੰਸਾਰ ਦੀ ਦਲਦਲ ਵਿਚ ਖੁਭਦੇ ਜਾਉਗੇ।

## 125
## ਕਰਮ : ਸਿਰਜਣ-ਵਿਸਰਜਣ

**ਪ੍ਰਸ਼ਨ-ਕਰਤਾ** : ਕਰਮਾਂ ਦੀ ਸਿਰਜਣਾ ਕਿਸ ਤਰ੍ਹਾਂ ਹੁੰਦੀ ਹੈ?

**ਦਾਦਾਸ਼੍ਰੀ** : ਦਰਸ਼ਨ-ਮੋਹ (ਭਾਵ ਗਲਤ ਵਿਸ਼ਵਾਸ਼ ਕਾਰਨ ਪ੍ਰਾਪਤ ਗਲਤ ਸਮਝ ਅਤੇ ਉਸ ਤੋਂ ਪੈਦਾ ਹੋਇਆ ਦੁਨਿਆਵੀ ਮੋਹ ਅਤੇ ਨਵੇਂ ਕਰਮ) ਨੂੰ ਸਿਰਜਣ-ਮੋਹ ਕਹਿ ਸਕਦੇ ਹਾਂ ਅਤੇ ਚਰਿੱਤਰ-ਮੋਹ (ਭਾਵ ਪਹਿਲੇ ਜੀਵਨ ਦੇ ਮੋਹ ਦਾ ਪ੍ਰਭਾਵ ਜਿਹੜਾ ਨਵੇਂ ਕਰੰਮਾਂ ਨੂੰ ਨਹੀਂ ਸਿਰਜਦਾ ਨੂੰ ਵਿਸਰਜਣ ਮੋਹ ਕਹਿ ਸਕਦੇ ਹਾਂ। ਜੇ ਉਦਾਹਰਣ ਦੇ ਕੇ ਕਹਿਣਾ ਚਾਹੀਏ ਤਾਂ ਪਾਣੀ ਚਾਰਜ-ਮੋਹ (ਸਿਰਜਣ-ਮੋਹ) ਹੈ ਅਤੇ ਬਰਫ਼ ਡਿਸਚਾਰਜ-ਮੋਹ (ਵਿਸਰਜਣ ਮੋਹ) ਹੈ। ਜਦੋਂ ਮਨੁੱਖ ਦਾ ਚੇਤਨ ਸਵੈ ਦੂਸਰੇ ਅਚੇਤਨ ਸਵੈ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਚੇਤਨ ਸਵੈ ਆਪਦੇ ਅਸਲੀ ਰੂਪ ਦੀ ਪਹਿਚਾਣ ਭੁੱਲ ਜਾਂਦਾ ਹੈ ਅਤੇ ਇਸ ਤਰ੍ਹਾਂ ਚੇਤਨ ਸਵੈ ਦੇ ਅਚੇਤਨ ਸਵੈ ਵਿਚ ਰਚ-ਮਿਚ ਜਾਣ ਦੇ ਕਾਰਨ ਕਰਮਾਂ ਦੀ ਸਿਰਜਣਾ (ਚਾਰਜਿੰਗ) ਹੁੰਦੀ ਹੈ। ਇਹ ਚਾਰਜਿੰਗ ਉਸ ਵੇਲੇ ਵਾਪਰਦੀ ਹੈ ਜਿਸ ਵੇਲੇ ਵਿਅਕਤੀ ਵਾਰ-ਵਾਰ ਯਾਦ ਆਉਣ ਵਾਲੀਆਂ ਗੱਲਾਂ ਵਿਚ ਗਲਤਾਨ ਹੋ ਜਾਂਦਾ ਹੈ। ਵਿਅਕਤੀ ਦੇ ਮਨ ਵਿਚ ਵਾਰ-ਵਾਰ ਕਿਹੜਾ ਵਿਚਾਰ, ਕਿਹੜੀ ਯਾਦ ਆਉਂਦੀ ਹੈ? ਇਹ ਸਿਰਫ਼ ਉਹੀ ਗੱਲਾਂ ਹੁੰਦੀਆਂ ਹਨ ਜਿਨ੍ਹਾਂ ਪ੍ਰਤੀ ਉਸ ਦੇ ਮਨ

ਵਿਚ ਡੂੰਘਾ ਰਾਗ ਜਾਂ ਦਵੇਸ਼ ਹੁੰਦਾ ਹੈ।

ਕੋਈ ਅਜਿਹੀ ਗੱਲ ਜੋ ਵਿਅਕਤੀ ਨਾਲ ਵਾਪਰ ਜਾਵੇ ਜਾਂ ਕੋਈ ਅਜਿਹੀ ਚੀਜ ਜਿਹੜੀ ਉਸ ਦੇ ਹੱਥ ਲਗ ਜਾਵੇ ਉਨ੍ਹਾਂ ਪ੍ਰਤੀ ਵਿਅਕਤੀ ਅੰਦਰ ਪੈਦਾ ਹੋਈ ਰਾਗ ਜਾਂ ਦਵੇਸ਼ ਦੀ ਭਾਵਨਾ ਚੇਤਨ ਦੀ ਬਿਲਕੁਲ ਨਿਵੇਕਲੀ ਅਤੇ ਵਖਰੀ ਵਿਸ਼ੇਸ਼ਤਾ ਪੈਦਾ ਕਰਨ ਦਾ ਕਾਰਨ ਬਣਦੀ ਹੈ। ਆਤਮਾ ਦੀ ਆਂਤਰਿਕ ਕਾਲਪਨਿਕ ਸ਼ਕਤੀ ਇਸ ਵਖਰੇ ਵਿਭਾਵ ਨੂੰ ਗ੍ਰਹਿਣ ਕਰ ਲੈਂਦੀ ਹੈ ਜਿਹੜਾ ਅਸਲ ਵਿਚ ਅਚੇਤਨ ਦੀ ਪਹਿਚਾਣ ਦੀ ਕਿਰਤ ਹੁੰਦਾ ਹੈ। ਜਦੋਂ ਵਿਅਕਤੀ ਦਾ ਚੇਤਨ ਸਵੈ ਉਸ ਦੇ ਅਚੇਤਨ ਨਾਲ ਇਕਮਿਕ ਹੋ ਜਾਂਦਾ ਹੈ ਤਾਂ ਚਾਰਜਿੰਗ ਵਾਪਰਦੀ ਹੈ। ਇਹ ਦੁਨਿਆਵੀ ਜੀਵਨ ਇਸ ਤਰ੍ਹਾਂ ਹੀ ਚਲਦਾ ਰਹਿੰਦਾ ਹੈ। ਅਤੇ, ਜੋ ਗਲਤੀਆਂ ਰਾਹੀਂ ਚਾਰਜ ਹੋਇਆ ਹੈ ਅਤੇ ਜੋ ਗਲਤ ਧਾਰਨਾ ਕਾਰਨ ਵਾਧੇ ਵਜੋਂ ਪ੍ਰਾਪਤ ਹੋਇਆ ਹੁੰਦਾ ਹੈ ਉਸ ਨੇ ਵਿਸਰਜਤ ਹੋਣਾ ਹੁੰਦਾ ਹੈ। ਕਰਮਾਂ ਦੇ ਸਿਰਜਣ ਅਤੇ ਵਿਸਰਜਣ, ਚਾਰਜਿੰਗ ਅਤੇ ਡਿਸਚਾਰਜਿੰਗ ਦਾ ਇਹੋ ਚੱਕਰ ਹੈ।

ਪੁਰਾਣੇ ਕਰਮਾਂ ਦੇ ਵਿਸਰਜਣ ਸਮੇਂ ਸਾਡੇ ਆਲੇ-ਦੁਆਲੇ ਵਾਪਰਨ ਵਾਲੀਆਂ ਘਟਨਾਵਾਂ ਪ੍ਰਤੀ ਸਾਡੀ ਰਾਗ ਜਾਂ ਦਵੇਸ਼ ਦੀ ਭਾਵਨਾ ਉਸ ਸਮੇਂ ਨਵੇਂ ਕਰਮਾਂ ਦੀ ਸਿਰਜਣਾ ਵੀ ਕਰਦੀ ਰਹਿੰਦੀ ਹੈ। ਇਹ ਇਸ ਲਈ ਹੁੰਦਾ ਹੈ ਕਿਉਂਕਿ ਚੇਤਨ ਆਪਣੇ ਆਪ ਨੂੰ ਉਹੀ ਸਮਝ ਲੈਂਦਾ ਹੈ ਜਿਸ ਨਾਲ ਇਹ ਅਚੇਤਨ ਦੇ ਖ਼ੇਤਰ ਵਿਚ ਖ਼ੁਦ ਨੂੰ ਇਕਮਿਕ ਕਰ ਲੈਂਦਾ ਹੈ। ਇਹੋ ਰਾਹ ਹੈ ਜਿਸ ਨਾਲ ਇਹ ਦੁਨਿਆਵੀ ਜੀਵਨ ਲਗਾਤਾਰ ਚਲਦਾ ਰਹਿੰਦਾ ਹੈ। ਜੋ ਗਲਤ ਵਿਸ਼ਵਾਸ (ਜਿਹਾ ਕਿ 'ਮੈਂ ਅਮਿਤ ਹਾਂ') ਦੀ ਭਾਵਨਾ ਰਾਹੀਂ ਭੁਲੇਖੇ ਕਾਰਨ ਸਿਰਜਿਆ ਜਾਂਦਾ ਹੈ ਉਸ ਦਾ ਵਿਸਰਜਣ ਵੀ ਹੁੰਦਾ ਰਹਿੰਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਚੰਦਨ ਨਾਂ ਦੀ ਇਕ ਔਰਤ ਇਕ ਦੁਕਾਨ ਦੇ ਲਾਗਿਉਂ ਲੰਘ ਰਹੀ ਸੀ। ਉਹ ਇਕ ਸਾੜੀ ਵੇਖਦੀ ਹੈ। ਉਹ ਸਾੜੀ ਵੱਲ ਆਕਰਸ਼ਿਤ ਹੋ ਜਾਂਦੀ ਹੈ ਅਤੇ ਸਾੜੀ ਦੇ ਖ਼ਿਆਲਾਂ ਵਿਚ ਖੋ ਜਾਂਦੀ ਹੈ। ਮਸਲਾ ਇਹ ਨਹੀਂ ਕਿ ਉਸ ਨੇ ਸਾੜੀ ਵੱਲ ਵੇਖਿਆ ਅਤੇ ਸਾੜੀ ਦੀ ਸੁੰਦਰਤਾ ਨੂੰ ਸਲਾਹਿਆ, ਸਗੋਂ ਮਸਲਾ ਇਹ ਹੈ ਕਿ ਉਹ ਸਾੜੀ ਵੱਲ ਖਿੱਚੀ ਗਈ ਅਤੇ ਉਸ ਦੇ ਖ਼ਿਆਲਾਂ ਵਿਚ ਹੀ ਗੁਆਚ ਗਈ। ਸਾੜੀ ਨੂੰ ਵੇਖਣਾ ਅਤੇ ਪਸੰਦ ਕਰਨਾ ਡਿਸਚਾਰਜ ਮੋਹ ਹੈ ਪਰੰਤੂ ਜਦੋਂ ਉਹ ਸਾੜੀ ਦੇ ਖ਼ਿਆਲਾਂ ਵਿਚ ਹੀ ਗ੍ਰਸਿਤ ਹੋ ਗਈ ਤਾਂ ਉਹ ਕਰਮਾਂ ਨੂੰ ਡਿਸਚਾਰਜ ਕਰਦੀ ਹੋਈ ਨਵੇਂ ਕਰਮਾਂ ਨੂੰ ਚਾਰਜ ਭਾਵ ਸਿਰਜਣ ਵਿਚ ਵੀ ਲਗ ਗਈ।

ਉਹ ਸਾੜ੍ਹੀ ਦੇ ਖ਼ਿਆਲਾਂ ਵਿਚ, ਉਸ ਦੇ ਮੋਹ ਵਿਚ ਇੰਨੀ ਡੁੱਬ ਗਈ ਕਿ ਉਸ ਦਾ ਚਿੱਤ ਵੀ ਸਾੜ੍ਹੀ ਦੀ ਤਰ੍ਹਾਂ ਹੀ 6×3 ਮੀਟਰ ਜਿੱਡਾ ਹੀ ਹੋ ਗਿਆ। ਉਸ ਦੀ ਨਜ਼ਰ ਵਿਚ ਸਾੜੀ

ਉਪਰ ਛਪਿਆ ਹੋਇਆ ਹਰ ਫੁੱਲ ਅਤੇ ਉਸ ਉਪਰ ਟੁੰਗਿਆ ਹੋਇਆ ਹਰ ਸ਼ੀਸ਼ਾ ਉਸ ਨੂੰ ਪ੍ਰਭਾਵਤ ਕਰਦਾ ਹੈ। ਉਸ ਦੀ ਪ੍ਰਤਿਸ਼ਠਿਤ ਆਤਮਾ ਪੂਰੀ ਤਰ੍ਹਾਂ ਇਸ ਵਿਚ ਗੁਆਚ ਜਾਂਦੀ ਹੈ।

ਉਹ ਆਪ ਤਾਂ ਘਰ ਵਾਪਸ ਆ ਜਾਂਦੀ ਹੈ ਪਰੰਤੂ ਉਸ ਦਾ ਚਿੱਤ ਹਾਲੇ ਵੀ ਉਸ ਦੁਕਾਨ ਅੰਦਰ ਪਈ ਸਾੜ੍ਹੀ ਵਿਚ ਹੀ ਅਟਕਿਆ ਰਹਿੰਦਾ ਹੈ। ਉਸ ਦਾ ਪਤੀ ਉਸ ਨੂੰ ਪੁਛਦਾ ਹੈ ਕਿ 'ਉਹ ਕਿਥੇ ਖੋਈ ਹੋਈ ਹੈ' ਅਤੇ 'ਕੀ ਅੱਜ ਉਸ ਦੀ ਤਬੀਅਤ ਠੀਕ ਨਹੀਂ ਹੈ' ਅਤੇ 'ਉਹ ਇੰਨੀ ਉਦਾਸ ਕਿਸ ਕਾਰਨ ਕਰਕੇ ਹੈ' ਪਰੰਤੂ ਉਸ ਵਿਚਾਰੇ ਪਤੀ ਨੂੰ ਇਹ ਮਾਲੂਮ ਨਹੀਂ ਕਿ ਉਸ ਦੀ ਪਤਨੀ ਸਰੀਰਕ ਤੌਰ 'ਤੇ ਘਰੇ ਪਹੁੰਚੀ ਹੋਈ ਹੈ ਪਰੰਤੂ ਮਾਨਸਕ ਤੌਰ 'ਤੇ ਉਹ ਦੁਕਾਨ ਅੰਦਰ ਪਈ ਸਾੜ੍ਹੀ ਵਿਚ ਹੀ ਉਲਝੀ ਹੋਈ ਹੈ। ਪਰਮਾਤਮਾ ਦੀਆਂ ਨਜ਼ਰਾਂ ਵਿਚ ਇਹ 'ਚਾਰਜ ਮੋਹ' ਹੈ।

**ਪ੍ਰਸ਼ਨ-ਕਰਤਾ** : ਭਿੰਨ ਪ੍ਰਕਾਰ ਦੇ ਖਾਣਿਆਂ ਦੇ ਸੁਆਦ ਨੂੰ ਮਾਨਣ ਬਾਰੇ ਤੁਹਾਡੀ ਕੀ ਵਿਚਾਰ ਹਨ?

**ਦਾਦਾਸ਼੍ਰੀ** : ਜੇਕਰ ਤੁਸੀਂ ਮਸਾਲੇਦਾਰ ਭਜੀਆ ਜਾਂ ਸੁਆਦੀ ਮਠਿਆਈ (ਜਦੋਂ ਵੀ ਇਹ ਤੁਹਾਨੂੰ ਮਿਲ ਜਾਂਦੇ ਹਨ) ਦਾ ਸੁਆਦ ਮਾਣਦੇ ਹੋ ਤਾਂ ਇਸ ਵਿਚ ਕੋਈ ਇਤਰਾਜ ਵਾਲੀ ਗੱਲ ਨਹੀਂ ਹੈ। ਪਰੰਤੂ ਜੇ ਇਹ ਸੁਆਦ ਬਣਿਆ ਹੀ ਰਹੇ ਅਤੇ ਤੁਹਾਡੇ ਅੰਦਰ ਇਸ ਸੁਆਦ ਨੂੰ ਮਾਨਣ ਦੀ ਇੱਛਾ ਵਾਰ-ਵਾਰ ਆਵੇ ਤਾਂ ਕਰਮਾਂ ਦੀ ਚਾਰਜਿੰਗ ਹੁੰਦੀ ਹੈ। ਜੇ ਤੁਸੀਂ ਭਜੀਆ ਜਾਂ ਮਠਿਆਈ ਖਾਂਦੇ ਹੋ ਅਤੇ ਇਸ ਦੇ ਸੁਆਦ ਨੂੰ ਮਾਨਣ ਸਮੇਂ ਉਸ ਸੁਆਦ ਵਿਚ ਇੰਨੇ ਗੁਆਚ ਜਾਂਦੇ ਹੋ ਕਿ ਤੁਸੀਂ ਖ਼ੁਦ ਹੀ ਭਜੀਆ ਜਾਂ ਮਠਿਆਈ ਦਾ ਰੂਪ ਹੋ ਜਾਂਦੇ ਹੋ ਤਾਂ ਮੋਹ ਦੀ ਚਾਰਜਿੰਗ ਹੁੰਦੀ ਹੈ।

**ਪ੍ਰਸ਼ਨ-ਕਰਤਾ** : ਸਾਡੇ ਦੁਆਰਾ ਆਪਣਾ ਕਾਰੋਬਾਰ ਕਰਨ ਦੇ ਬਾਰੇ ਤੁਸੀਂ ਕੀ ਕਹੋਗੇ?

**ਦਾਦਾਸ਼੍ਰੀ** : ਜਦੋਂ ਤੁਸੀਂ ਆਪਣਾ ਕਾਰੋਬਾਰ ਕਰ ਰਹੇ ਹੁੰਦੇ ਹੋ ਤਾਂ ਉਸ ਸਮੇਂ ਅਸਲ ਵਿਚ ਤੁਹਾਡੇ ਪੁਰਾਣੇ ਕਰਮ ਡਿਸਚਾਰਜ ਹੋ ਰਹੇ ਹੁੰਦੇ ਹਨ। ਤੁਹਾਡੇ ਪਿਛਲੇ ਜਨਮ ਸਮੇਂ ਅਰਜਿਤ ਕਰਮਾਂ ਦੇ ਕਾਰਨ ਹੀ ਤੁਹਾਡਾ ਇਹ ਕਾਰੋਬਾਰ ਚਲ ਰਿਹਾ ਹੈ। ਕਾਰੋਬਾਰ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ ਲੈ ਕੇ ਉਹ ਕਰਮ ਡਿਸਚਾਰਜ ਹੋਣੇ ਆਰੰਭ ਹੁੰਦੇ ਹਨ। ਪਰੰਤੂ ਜੇਕਰ ਤੁਸੀਂ ਖ਼ੁਦ ਨੂੰ ਆਪਣੇ ਕਾਰੋਬਾਰ ਵਿਚ ਹੀ ਵਿਲੀਨ ਕਰ ਲੈਂਦੇ ਹੋ ਤਾਂ ਇਸ ਨਾਲ ਕਰਮ ਨਵੇਂ ਸਿਰਿਉਂ ਚਾਰਜ ਹੋਣੇ ਸ਼ੁਰੂ ਹੋ ਜਾਂਦੇ ਹਨ।

**ਪ੍ਰਸ਼ਨ-ਕਰਤਾ** : ਫਿਰ ਤਾਂ ਸਾਡੇ ਦੁਆਰਾ ਕੀਤਾ ਜਾਣ ਵਾਲਾ ਹਰ ਕਾਰਜ ਹੀ ਕਰਮਾਂ ਨੂੰ ਡਿਸਚਾਰਜ ਕਰਨ ਵਾਲਾ ਹੈ?

**ਦਾਦਾਸ਼੍ਰੀ** : ਮਾਂ ਦੇ ਗਰਭ ਵਿਚੋਂ ਜਨਮ ਲੈਣ ਤੋਂ ਲੈ ਕੇ ਅੰਤਮ ਸੰਸਕਾਰ ਹੋਣ ਤੱਕ, ਜਨਮ ਤੋਂ

ਲੈ ਕੇ ਅੰਤ ਸਵਾਸ ਲੈਣ ਤੱਕ ਜੋ ਵੀ ਵਾਪਰਦਾ ਹੈ ਉਹ ਪੁਰਾਣੇ ਕਰਮਾਂ ਦਾ ਡਿਸਚਾਰਜ ਹੀ ਹੈ। ਇਸ ਜਨਮ ਵਿਚ ਮਨੁੱਖਾ ਜੂਨ ਵਿਚ ਆਉਣਾ ਵੀ ਤੁਹਾਡੇ ਪੁਰਾਣੇ ਕਰਮਾਂ ਦਾ ਡਿਸਚਾਰਜ ਹੀ ਹੈ। ਤੁਸੀਂ ਆਪਣੇ ਪਿਛਲੇ ਜਨਮ ਦੌਰਾਨ ਇਨਸਾਨੀਅਤ ਵਾਲੇ ਕਰਮਾਂ ਦੀ ਸਿਰਜਣਾ ਕੀਤੀ ਸੀ ਅਤੇ ਹੁਣ ਇਸ ਜਨਮ ਵਿਚ ਆ ਕੇ ਤੁਸੀਂ ਉਨ੍ਹਾਂ ਕਰਮਾਂ ਨੂੰ ਡਿਸਚਾਰਜ ਕਰਦੇ ਹੋ।

**ਪ੍ਰਸ਼ਨ-ਕਰਤਾ** : ਫਿਰ ਮੇਰੇ ਖੇਤਰ ਵਿਚ ਕੀ ਰਹਿ ਜਾਦਾ ਹੈ?

**ਦਾਦਾਸ਼੍ਰੀ** : ਦੇਖੋ! ਪਰਮਾਤਮਾ ਕਰਮਾਂ ਦੇ ਡਿਸਚਾਰਜ ਕਰਨ ਤੋਂ ਨਹੀਂ ਰੋਕਦਾ। ਪਰੰਤੂ ਮਹੱਤਵਪੂਰਨ ਇਹ ਹੈ ਕਿ ਤੁਹਾਡਾ ਧਿਆਨ ਕਿੱਥੇ ਹੈ ਅਤੇ ਕਰਮਾਂ ਨੂੰ ਡਿਸਚਾਰਜ ਕਰਦੇ ਸਮੇਂ ਤੁਸੀਂ ਉਨ੍ਹਾਂ ਵਿਚ ਕਿੰਨਾ ਕੁ ਖੁੱਭੇ ਹੋਏ ਹੋ।

ਉਦਾਹਰਣ ਦੇ ਲਈ ਜਦੋਂ ਤੁਸੀਂ ਮੰਦਰ ਜਾਂਦੇ ਹੋ ਅਤੇ ਜਦੋਂ ਤੁਸੀਂ ਪਰਮਾਤਮਾ ਦੀ ਬੰਦਗੀ ਕਰਦੇ ਹੋ ਉਸ ਸਮੇਂ ਜੇ ਤੁਹਾਡਾ ਮਨ ਬਾਹਰ ਉਤਾਰ ਕੇ ਰੱਖੇ ਜੁੱਤਿਆਂ ਵਿਚ ਹੈ ਕਿਉਂਕਿ ਤੁਸੀਂ ਆਪਣੀ ਜੁੱਤੀ ਦੇ ਚੋਰੀ ਹੋਣ ਤੋਂ ਡਰ ਰਹੇ ਹੋ ਤਾਂ ਇਸ ਹਾਲਤ ਵਿਚ ਤੁਹਾਡਾ ਪਰਮਾਤਮਾ/ਦੈਵੀ ਇਸ਼ਟ ਦੇ ਬੁੱਤ ਦੇ ਦਰਸ਼ਨ ਕਰਨਾ ਤੁਹਾਡੇ ਪੁਰਾਣੇ ਕਰਮਾਂ ਦਾ ਡਿਸਚਾਰਜ ਹੈ। ਪਰੰਤੂ ਤੁਹਾਡੇ ਮਨ ਦਾ ਤੁਹਾਡੇ ਜੁੱਤਿਆਂ ਵਿਚ ਗ੍ਰਸਿਤ ਹੋਣਾ ਨਵੇਂ ਕਰਮ ਸਿਰਜ ਵੀ ਰਿਹਾ ਹੈ ਅਤੇ ਅਰਜਿਤ ਵੀ ਕਰ ਰਿਹਾ ਹੈ।

ਪਾਣੀ ਦਾ ਪੀਣਾ ਵੀ ਕਰਮਾਂ ਦਾ ਡਿਸਚਾਰਜ ਹੈ ਕਿਉਂਕਿ ਵਿਅਕਤੀ ਦਾ ਇਹ ਵਿਸ਼ਵਾਸ਼ ਹੈ ਕਿ ਉਹ ਪਾਣੀ ਪੀਂਦਾ ਹੈ ਪਰੰਤੂ ਜਦ ਉਹ ਪਾਣੀ ਸਰੀਰ ਦੇ ਅੰਦਰ ਹੁੰਦਾ ਹੋਇਆ ਪਿਸ਼ਾਬ ਦਾ ਰੂਪ ਧਾਰ ਕੇ ਬਾਹਰ ਆਉਂਦਾ ਹੈ ਤਾਂ ਇਹ ਡਿਸਚਾਰਜ ਹੈ।

ਜਦੋਂ ਕੋਈ ਵਿਅਕਤੀ ਖਾਜ ਕਰਦਾ ਹੈ ਤਾਂ ਇਹ ਡਿਸਚਾਰਜ ਹੈ ਪਰੰਤੂ ਖਾਜ ਕਰਦੇ ਸਮੇਂ ਜੋ ਸਕੂਨ ਦੀ ਅਹਿਸਾਸ ਉਹ ਮਾਣਦਾ ਹੈ ਉਹ ਨਵੇਂ ਕਰਮਾਂ ਦੇ ਚਾਰਜ ਹੋਣ ਦਾ ਕਾਰਨ ਹੈ। ਸਾਰੇ ਹੀ ਇੰਦਰੀਆਂ ਰਾਹੀਂ ਕੀਤੇ ਕਾਰਜ ਡਿਸਚਾਰਜ ਹਨ। ਇਨ੍ਹਾਂ ਸਾਰੇ ਕਾਰਜਾਂ ਵਿਚ ਨਾ ਤਾਂ ਕੋਈ ਖੁਸ਼ ਹੋਣ ਵਾਲੀ ਗੱਲ ਹੈ ਅਤੇ ਨਾ ਹੀ ਦੁੱਖੀ ਹੋਣ ਵਾਲੀ। ਇਹ ਤਾਂ ਪ੍ਰਤਿਸ਼ਠਿਤ ਆਤਮਾ ਹੈ ਜੋ ਆਨੰਦਿਤ ਮਹਿਸੂਸ ਕਰਦੀ ਹੈ ਜਦੋਂ ਕਿ ਸ਼ੁੱਧ ਆਤਮਾ ਸਿਰਫ਼ ਗਿਆਤਾ ਹੈ।

ਆਤਮਾ ਜੋ ਗਿਆਤਾ ਹੈ ਜਾਣਦੀ ਹੈ ਕਿ ਖਾਜ ਕਾਰਨ ਪੈਦਾ ਹੋਣ ਵਾਲੇ ਸਕੂਨ ਤੋਂ ਬਾਦ ਜਲਣ ਹੋਵੇਗੀ। ਪਰੰਤੂ ਫਿਰ ਵੀ ਜਦੋਂ ਇਹ ਖਾਜ ਦੇ ਸਕੂਨ ਵਾਲੇ ਅਹਿਸਾਸ ਵਿਚ ਡੁੱਬੀ ਹੁੰਦੀ ਹੈ ਤਾਂ ਉਦੋਂ ਕਰਮ ਮੁੜ ਚਾਰਜ ਹੁੰਦੇ ਹਨ। ਡਿਸਚਾਰਜ-ਮੋਹ ਨਸ਼ਟ ਹੋ ਰਿਹਾ ਹੁੰਦਾ ਹੈ ਪਰੰਤੂ ਉਸ ਸਮੇਂ ਅਗਲੇ ਜਨਮ ਲਈ ਕਰਮਾਂ ਦਾ ਚਾਰਜ ਵੀ ਹੋ ਰਿਹਾ ਹੁੰਦਾ ਹੈ। ਇਸ ਪੁਨਰ ਚਾਰਜ ਸਮੇਂ ਵਿਅਕਤੀ ਸੋਚਦਾ ਹੈ ਕਿ ਉਹ ਅਗਲੀ ਵਾਰ ਵੀ ਮਨੁੱਖਾ ਜੂਨੀ ਵਿਚ ਹੀ ਜਨਮ ਲਵੇਗਾ। ਪਰੰਤੂ ਇਹ ਸੰਭਵ ਹੈ ਕਿ ਉਹ ਗਧੇ ਦੀ ਜੂਨ ਪਵੇ।

ਇਹ ਸਭ ਇਨਾ ਰਹੱਸਮਈ ਹੈ ਕਿ ਇਹ ਸਮੁੱਚੀ ਕਲਪਨਾ ਅਤੇ ਬੁੱਧੀ ਤੋਂ ਪਰ੍ਹੇ ਹੈ। ਵਿਅਕਤੀ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਸ ਦੇ ਹੱਕ ਵਿਚ ਕੀ ਹੈ। ਇਸ ਲਈ ਉਹ ਕੋਈ ਕੰਮ ਆਰੰਭ ਕਰਦਾ ਹੈ ਪਰੰਤੂ ਜਦੋਂ ਉਹ ਕਾਰਜ ਹੋਰ ਹੀ ਸ਼ਕਲ ਅਖ਼ਤਿਆਰ ਕਰ ਲੈਂਦਾ ਹੈ ਤਾਂ ਉਹ ਬੇਬੱਸ ਮਹਿਸੂਸ ਕਰਦਾ ਹੈ।

**ਪ੍ਰਸ਼ਨ-ਕਰਤਾ** : ਡਿਸਚਾਰਜ ਦੀ ਵਿਧੀ ਕਿਵੇਂ ਹੈ?

**ਦਾਦਾਸ਼੍ਰੀ** : ਚਾਰਜ ਹੋਣ ਵਾਲਾ ਮੋਹ ਧੀਰੇ-ਧੀਰੇ ਵਧਦਾ ਰਹਿੰਦਾ ਹੈ – ਇਕ ਡਿਗਰੀ ਤੋਂ ਚੱਲ ਕੇ 500 ਡਿਗਰੀ ਤੱਕ। ਡਿਸਚਾਰਜ-ਮੋਹ ਬਾਰੇ ਕੀ ਕਹੋਗੇ? ਡਿਸਚਾਰਜ ਅਚਾਨਕ ਹੀ 500 ਡਿਗਰੀ ਤੋਂ ਆਰੰਭ ਹੋ ਜਾਂਦੀ ਹੈ। ਉਦਾਹਰਣ ਦੇ ਲਈ, ਗੁੱਸਾ ਪਹਿਲਾਂ 500 ਡਿਗਰੀ ਉਪਰ ਪਹੁੰਚ ਜਾਂਦਾ ਹੈ ਫਿਰ ਇਹ ਹੌਲੀ-ਹੌਲੀ ਹੇਠਾਂ ਉਤਰਦਾ ਹੈ – 450 ਡਿਗਰੀ ਤੱਕ, ਫਿਰ 400 ਡਿਗਰੀ ਤੱਕ ਅਤੇ ਅਖ਼ੀਰ 1 ਡਿਗਰੀ ਤੱਕ। ਉਪਰੰਤ ਗੁੱਸਾ ਉਕਾ ਹੀ ਅਲੋਪ ਹੋ ਜਾਂਦਾ ਹੈ। ਇਹ ਮੁਕੰਮਲ ਤੌਰ ’ਤੇ ਡਿਸਚਾਰਜ ਹੈ। ਡਿਸਚਾਰਜ ਦੀ ਪ੍ਰਕਿਰਿਆ ਵਿਚ ਹਰ ਚੀਜ ਪਹਿਲਾਂ ਸਭ ਤੋਂ ਉੱਚੀ ਡਿਗਰੀ ਤੋਂ ਸ਼ੁਰੂ ਹੁੰਦੀ ਹੈ। ਉਪਰੰਤ ਇਹ ਕਦਮ-ਦਰ-ਕਦਮ ਘਟਦੀ ਰਹਿੰਦੀ ਹੈ। ਆਰੰਭ ਵਿਚ ਤਾਂ ਗੁੱਸਾ 500 ਡਿਗਰੀ ਉਪਰ ਪਹੁੰਚ ਜਾਂਦਾ ਹੈ ਅਤੇ ਇਕ ਦਮ ਫਟਦਾ ਹੈ। ਫਿਰ 500 ਡਿਗਰੀ ਤੋਂ ਆਰੰਭ ਹੋ ਕੇ ਘਟਣ ਵੱਲ ਤੁਰਦਾ ਹੈ ਅਤੇ ਹੌਲੀ-ਹੌਲੀ ਖ਼ਤਮ ਹੋ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਫਿਰ ਸਾਨੂੰ ਕੀ ਕਰਨਾ ਚਾਹੀਦਾ ਹੈ?

**ਦਾਦਾਸ਼੍ਰੀ** : ਮਨ, ਬਚਨ ਅਤੇ ਸਰੀਰ ਦੁਆਰਾ ਕੀਤਾ ਜਾਣ ਵਾਲਾ ਉਹ ਕੋਈ ਵੀ ਕਾਰਜ ਜਿਹੜਾ ਸਥਾਪਤ ਸਮਾਜਕ ਵਿਵਸਥਾ ਦੇ ਵਿਰੁੱਧ ਜਾਂਦਾ ਹੋਵੇ ਅਜਿਹਾ ਕਾਰਜ ਸਾਨੂੰ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ। ਕੋਈ ਵੀ ਅਜਿਹਾ ਕਾਰਜ ਜਿਸ ਨੂੰ ਆਮ ਤੌਰ ’ਤੇ ਲੋਕਾਂ ਦੀ ਪ੍ਰਵਾਨਗੀ ਅਤੇ ਹਿਮਾਇਤ ਪ੍ਰਾਪਤ ਹੋਵੇ ਉਸ ਨੂੰ ਕਰਨ ਦੀ ਮਨਾਹੀ ਨਹੀਂ। ਵਿਅਕਤੀ ਨੂੰ ਹਰ ਹਾਲ ਵਿਚ ਉਹ ਕੰਮ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ ਜਿਸ ਨੂੰ ਸਮਾਜਕ ਤੌਰ ’ਤੇ ਲੋਕ ਪਸੰਦ ਨਾ ਕਰਦੇ ਹੋਣ।

ਸ਼ੁੱਧ ‘ਮੈਂ’ ਕੋਲ ਮਕਾਨਕੀ ‘ਮੈਂ’ ਉਪਰ ਨਾ ਤਾਂ ਕੋਈ ਕੰਟਰੋਲ ਹੈ ਅਤੇ ਨਾ ਹੀ ਉਸ ਉਪਰ ਹਾਵੀ ਹੋਣ ਦੀ ਤਾਕਤ। ਇਕ ਵਾਰ ਇੰਜਣ ਚਾਲੂ ਹੋ ਜਾਵੇ ਫਿਰ ਇਸ ਪਾਸ ਸਮੁੱਚੀ ਪ੍ਰਕਿਰਿਆ ਨੂੰ ਆਪਣੇ ਆਪ ਰੋਕਣ ਹਿਤ ਕੋਈ ਤਾਕਤ ਨਹੀਂ। ਚਾਰਜਡ ਕਰਮਾਂ ਵਿਚ ਜੋ ਵੀ ਸੰਮਿਲਤ ਹੈ ਉਸ ਨੇ ਡਿਸਚਾਰਜ ਹੋਣਾ ਹੀ ਹੈ। ਇਸ ਪ੍ਰਕਿਰਿਆ ਵਿਚ ਪਰਮਾਤਮਾ ਕੋਲ ਵੀ ਇਸ ਇਕ ਵਾਰ ਆਰੰਭ ਹੋ ਗਈ ਪ੍ਰਕਿਰਿਆ ਨੂੰ ਰੋਕਣ ਦੀ ਤਾਕਤ ਨਹੀਂ ਹੈ। ਜਿਹੜੀ ਬੈਟਰੀ ਚਾਰਜ ਹੋਈ ਹੈ ਉਸ ਨੇ ਡਿਸਚਾਰਜ ਹੋਣਾ ਹੀ ਹੈ।

**ਪ੍ਰਸ਼ਨ-ਕਰਤਾ** : ਫਿਰ ਅਸੀਂ ਇਸ ਚਾਰਜ-ਡਿਸਚਾਰਜ-ਚਾਰਜ ਦੇ ਇਸ ਦੁਸ਼ਟ ਚੱਕਰ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ?

**ਦਾਦਾਸ਼੍ਰੀ** : ਜਦੋਂ ਤੁਸੀਂ ਆਪਣੇ ਅਸਲੀ ਸਵੈ ਨੂੰ ਇਸ ਦੇ ਯਥਾਰਥਕ, ਸ਼ੁੱਧ ਰੂਪ ਵਿਚ ਪਹਿਚਾਣ ਲੈਂਦੇ ਹੋ ਤਾਂ ਇਹ ਮੁੜ ਡਿਸਚਾਰਜ ਨਹੀਂ ਹੋਵੇਗਾ। ਕਰਮਾਂ ਦਾ ਚਾਰਜ ਹੋਣਾ ਆਪਣੇ ਆਪ ਹੀ ਖ਼ਤਮ ਹੋ ਜਾਵੇਗਾ। ਸਵੈ-ਪਹਿਚਾਣ ਤੋਂ ਪਿਛੋਂ ਵਿਅਕਤੀ ਫਿਰ ਡਿਸਚਾਰਜ ਦੀ ਪ੍ਰਕਿਰਿਆ ਵਿਚ ਨਹੀਂ ਉਲਝਦਾ ਕਿਉਂਕਿ ਹਰ ਚਾਰਜ ਹੋਈ ਚੀਜ ਨੇ ਹੌਲੀ-ਹੌਲੀ ਘਟਨਾਵਾਂ ਦੇ ਸਿਰਫ਼ ਗਿਆਤਾ-ਦ੍ਰਸ਼ਟਾ ਹੋਣ ਦੇ ਪੁਰਸ਼ਾਰਥ ਨਾਲ ਖ਼ਤਮ ਹੋ ਜਾਣਾ ਹੈ।

## 126
## ਪਸੰਦ ਅਤੇ ਨਾ-ਪਸੰਦ

**ਪ੍ਰਸ਼ਨ-ਕਰਤਾ** : ਸਾਡੇ ਅੰਦਰ ਪਸੰਦ ਅਤੇ ਨਾ-ਪਸੰਦ ਦੀ ਭਾਵਨਾ ਕਿਉਂ ਹੈ? ਕਈ ਵਾਰ ਚਾਹਤ ਦੇ ਵਿਰੁੱਧ ਵੀ ਇਹ ਹੁੰਦੀ ਹੈ?

**ਦਾਦਾਸ਼੍ਰੀ** : ਜੀਵਨ ਦੇ ਦੌਰਾਨ ਅਸੀਂ ਕਈ ਵਾਰ ਆਕਰਸ਼ਣ ਮਹਿਸੂਸ ਕਰਦੇ ਹਾਂ ਅਤੇ ਕਈ ਵਾਰ ਨਫਰਤ: ਇਸ ਉਪਰ ਸਾਡਾ ਕਾਬੂ ਵੀ ਨਹੀਂ ਹੈ। ਕੋਈ ਵੀ ਵਿਅਕਤੀ ਇਹ ਕਦੇ ਨਹੀਂ ਸੋਚਦਾ ਕਿ ਉਹ ਕਿਉਂ ਇਕ ਚੀਜ ਨੂੰ ਪਸੰਦ ਕਰਦਾ ਹੈ ਅਤੇ ਦੂਜੀ ਨੂੰ ਨਾਪਸੰਦ। ਸਾਡੇ ਜਨਮ ਤੋਂ ਲੈ ਕੇ ਹੀ ਸਾਡੇ ਮਨ, ਬਚਨ ਅਤੇ ਕਰਮ/ਸਰੀਰ ਦੀਆਂ ਤਿੰਨੋਂ ਬੈਟਰੀਆਂ ਡਿਸਚਾਰਜ ਹੁੰਦੀਆਂ ਰਹਿੰਦੀਆਂ ਹਨ। ਇਹ ਉਸੇ ਤਰੀਕੇ ਨਾਲ ਡਿਸਚਾਰਜ ਹੁੰਦੀਆਂ ਹਨ ਜਿਸ ਤਰੀਕੇ ਨਾਲ ਇਹ ਤੁਹਾਡੇ ਪਿਛਲੇ ਜਨਮ ਦੌਰਾਨ ਚਾਰਜ ਹੋਈਆਂ ਸਨ। ਤੁਹਾਡੇ ਚਾਹੁਣ ਦੇ ਬਾਵਜੂਦ ਵੀ ਤੁਸੀਂ ਇਸ ਭਾਵਨਾ ਨੂੰ ਬਦਲ ਨਹੀਂ ਸਕਦੇ। ਹੁਣ ਇਹ ਤੁਹਾਡੀ 'ਮਰਜ਼ੀ' ਦੀ ਗੱਲ ਨਹੀਂ ਰਹੀ।

**ਪ੍ਰਸ਼ਨ-ਕਰਤਾ** : ਕਈ ਵਾਰ ਜ਼ਿੰਦਗੀ ਵਿਚ ਉਹ ਕੁਝ ਵਾਪਰ ਜਾਂਦਾ ਹੈ ਜੋ ਤੁਹਾਨੂੰ ਬਿਲਕੁਲ ਪਸੰਦ ਨਹੀਂ ਹੁੰਦਾ।

**ਦਾਦਾਸ਼੍ਰੀ** : ਸਿਰਫ਼ ਡਿਸਚਾਰਜ ਹੋਣ ਦੇ ਸਮੇਂ ਹੀ ਵਿਅਕਤੀ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਇਹ ਗਲਤ ਤਰੀਕੇ ਨਾਲ ਚਾਰਜ ਹੋਇਆ ਸੀ। ਜੇਕਰ ਤੁਸੀਂ ਇਸ ਨੂੰ ਦੁਬਾਰਾ ਠੀਕ ਢੰਗ ਨਾਲ ਚਾਰਜ ਕਰਦੇ ਹੋ ਤਾਂ ਤੁਹਾਡੀ ਜ਼ਿੰਦਗੀ ਸਹੀ ਅਤੇ ਸਾਂਵੇਂ ਤਰੀਕੇ ਨਾਲ ਚਲਦੀ ਰਹੇਗੀ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਜਿਥੋਂ ਤੱਕ ਤੁਹਾਡੇ ਮੌਜੂਦਾ ਜੀਵਨ ਦਾ ਸੰਬੰਧ ਹੈ, ਸਾਰੀ ਦੀ ਸਾਰੀ ਫ਼ਿਲਮ ਤਾਂ

ਪਹਿਲਾਂ ਹੀ ਬਣ ਚੁੱਕੀ ਹੈ। ਹੁਣ ਜੋ ਤੁਹਾਡੇ ਕਰਨ ਲਈ ਬਚਿਆ ਹੈ ਉਹ ਇਹ ਕਿ ਤੁਸੀਂ ਆਪਣੇ ਲਈ ਅਗਲੀ ਫ਼ਿਲਮ ਤਿਆਰ ਕਰਨੀ ਹੈ। ਜਿਹੜੀ ਫ਼ਿਲਮ ਤੁਸੀਂ ਹੁਣ ਵੇਖ ਰਹੇ ਹੋ ਇਹ ਪਹਿਲਾਂ ਤਿਆਰ ਕੀਤੀ ਗਈ ਸੀ। ਹੁਣ ਜਦੋਂ ਕਈ ਅਜਿਹਾ ਦ੍ਰਿਸ਼ ਆਉਂਦਾ ਹੈ ਜਿਹੜਾ ਤੁਹਾਨੂੰ ਪਸੰਦ ਨਹੀਂ ਜਾਂ ਜਿਹੜਾ ਤੁਹਾਡੀ ਮਰਜ਼ੀ ਮੁਤਾਬਕ ਨਹੀਂ ਤਾਂ ਤੁਸੀਂ ਚਿੱਲਾ ਉਠਦੇ ਹੋ – 'ਕੱਟੋ! ਕੱਟੋ!' ਪਰੰਤੂ ਇਹ ਤਾਂ ਤੁਸੀਂ ਉਸ ਸਮੇਂ ਸੋਚਣਾ ਸੀ ਜਦੋਂ ਤੁਸੀਂ ਫ਼ਿਲਮ ਨੂੰ ਬਣਾ ਰਹੇ ਸੀ ਭਾਵ ਕਰਮਾਂ ਨੂੰ ਚਾਰਜ ਕਰ ਰਹੇ ਸੀ। ਹੁਣ ਇਸ ਨੂੰ ਕੱਟ ਕੇ ਕੱਢ ਸਕਣਾ ਸੰਭਵ ਨਹੀਂ ਹੈ। ਇਸ ਲਈ, ਇਸ ਪਹਿਲਾਂ ਬਣੀ ਹੋਈ ਫ਼ਿਲਮ ਨੂੰ ਬਿਨਾਂ ਕਿਸੇ ਕਿਸਮ ਦੇ ਰਾਗ ਤਾਂ ਦਵੇਸ਼ ਦੇ ਵੇਖ ਲਉ ਅਤੇ ਸਾਰੀ ਫ਼ਿਲਮ ਨੂੰ ਖ਼ਤਮ ਕਰ ਲਉ। ਸਾਰਾ ਸੰਸਾਰ ਹੀ ਕਰਮਾਂ ਦੇ ਚਾਰਜ ਹੋਣ ਦੇ ਸਿਧਾਂਤ ਅਧੀਨ ਹੈ।

**ਪ੍ਰਸ਼ਨ-ਕਰਤਾ** : ਕਰਮ ਕਿਸ ਪ੍ਰਕਾਰ ਚਾਰਜ ਹੁੰਦੇ ਹਨ?

**ਦਾਦਾਸ਼੍ਰੀ** : ਪਸੰਦ ਅਤੇ ਨਾ-ਪਸੰਦ ਡਿਸਚਾਰਜ-ਮੋਹ ਹਨ ਅਤੇ ਆਕਰਸ਼ਣ ਅਤੇ ਨਫ਼ਰਤ ਚਾਰਜ-ਮੋਹ ਹਨ। 'ਚਾਰਜ' ਪਰਮਾਤਮਾ ਦੇ ਹੁਕਮ ਦੇ ਵਿਰੁੱਧ ਹੈ ਜਦੋਂ ਕਿ 'ਡਿਸਚਾਰਜ' ਦੈਵੀ ਹੁਕਮ ਦੇ ਵਿਰੋਧ ਵਿਚ ਨਹੀਂ ਹੈ। ਲੋਕ ਡਿਸਚਾਰਜ-ਮੋਹ ਦੀਆਂ ਪੱਤੀਆਂ ਕਟਦੇ ਰਹਿੰਦੇ ਹਨ ਪਰੰਤੂ ਨਾਲ ਹੀ ਨਵੇਂ ਕਰਮ ਵੀ ਚਾਰਜ/ਨਿਰਮਿਤ ਕਰਦੇ ਰਹਿੰਦੇ ਹਨ। ਕਈ ਲੋਕ ਇਸ ਦੀਆਂ ਟਾਹਣੀਆਂ ਕਟਦੇ ਰਹਿੰਦੇ ਹਨ ਅਤੇ ਕਈ ਇਸ ਦੀਆਂ ਲਾਂਭੇ ਜਾਂਦੀਆਂ ਛੋਟੀਆਂ ਜੜ੍ਹਾਂ ਨੂੰ ਵੀ ਕਟਦੇ ਰਹਿੰਦੇ ਹਨ ਪਰੰਤੂ ਜਿੰਨੀ ਦੇਰ ਤੱਕ ਕਿਸੇ ਦਰਖ਼ਤ ਦੀ ਜੜ੍ਹ ਨਹੀਂ ਪੁੱਟੀ ਜਾਂਦੀ ਉਨੀ ਦੇਰ ਉਹ ਹਾਲ ਦੁਬਾਰਾ ਫੁੱਟਦਾ ਰਹੇਗਾ। ਇਸੇ ਤਰ੍ਹਾਂ ਵਿਅਕਤੀ ਆਵਾਗਵਣ ਦੇ ਚੱਕਰ ਨੂੰ ਮੁਕਾਉਣ ਹਿਤ ਭਾਵੇਂ ਕਿੰਨੀਆਂ ਹੀ ਵੱਖ-ਵੱਖ ਯੋਜਨਾਵਾਂ ਬਣਾਉਂਦਾ ਰਹੇ ਇਹ ਚੱਕਰ ਉਨੀ ਦੇਰ ਚਲਦਾ ਹੀ ਰਹੇਗਾ ਜਿੰਨੀ ਦੇਰ ਤੱਕ ਗਿਆਨੀ ਪੁਰਸ਼ ਆਪਣੀ ਮਿਹਰ ਸਦਕਾ ਇਸ ਨੂੰ ਖ਼ਤਮ ਨਹੀਂ ਕਰ ਦਿੰਦਾ। ਗਿਆਨੀ ਪੁਰਸ਼ ਨਾ ਤਾਂ ਪੱਤਿਆਂ ਨੂੰ ਕੱਟੇਗਾ ਅਤੇ ਨਾ ਹੀ ਟਾਹਣੀਆਂ ਨੂੰ ਛਾਂਗੇਗਾ ਅਤੇ ਨਾ ਅਨੰਤ ਜੜ੍ਹਾਂ ਨੂੰ ਛੇੜੇਗਾ। ਉਹ ਮੁੱਖ ਜੜ੍ਹ, ਮੁੱਖ ਤਣੇ ਨੂੰ ਲੱਭੇਗਾ, ਜੜ੍ਹ ਵਿਚ ਰੱਤਾ ਕੁ ਦਵਾਈ ਪਾਵੇਗਾ ਅਤੇ ਦਰਖ਼ਤ ਸੁੱਕ ਜਾਵੇਗਾ।

ਜੋ ਕਾਰਜ ਗਿਆਨੀ ਪੁਰਸ਼ ਕਰਦਾ ਹੈ ਉਹ ਬੈਟਰੀ ਦੀ ਤਾਰ ਨੂੰ ਅਲੱਗ ਕਰਨ (ਡਿਕੁਨੈਕਟ) ਦੀ ਤਰ੍ਹਾਂ ਹੈ ਅਤੇ ਉਸ ਨੂੰ ਚਾਰਜਿੰਗ ਵਾਲੇ ਸ੍ਰੋਤ ਤੋਂ ਅੱਠ ਫੁੱਟ ਦੂਰ ਕਰ ਦਿੰਦਾ ਹੈ ਤਾਂ ਜੋ ਨਵੀਂ ਚਾਰਜਿੰਗ ਹੋ ਹੀ ਨਾ ਸਕੇ। ਲੋਕ ਭਾਵੇਂ ਕਿਸੇ ਤਰ੍ਹਾਂ ਦੇ ਵੀ ਸਮਾਧਾਨ ਸੁਝਾਉਣ ਪਰੰਤੂ ਮੋਹ ਤੋਂ ਮੁਕਤ ਹੋਣ ਦੇ ਲਈ ਨਵੇਂ ਕਰਮਾਂ ਨੂੰ ਚਾਰਜ ਹੋਣ ਤੋਂ ਰੋਕਣਾ ਅਤਿ ਜ਼ਰੂਰੀ ਹੈ। ਤੁਸੀਂ ਸੰਸਾਰ ਤਿਆਗ਼ ਕੇ ਸੰਨਿਆਸ ਲੈ ਸਕਦੇ ਹੋ, ਉਲਟੇ ਲਟਕ ਕੇ ਭਗਤੀ ਕਰ ਸਕਦੇ ਹੋ ਪਰੰਤੂ ਮੋਹ ਖ਼ਤਮ ਨਹੀਂ ਹੋਵੇਗਾ ਸਗੋਂ ਤੁਸੀਂ ਉਸ ਦੇ ਜਾਲ ਵਿਚ ਵਧੇਰੇ ਉਲਝ ਜਾਉਗੇ। ਇਸ ਜਾਲ ਤੋਂ ਮੁਕਤ ਹੋਣ ਲਈ ਤੁਹਾਨੂੰ ਪੰਜਾਹ ਵੱਖ-ਵੱਖ ਪ੍ਰਕਾਰ ਦੇ ਮੋਹ ਤੋਂ ਸੁਤੰਤਰ ਹੋਣਾ ਪਵੇਗਾ-

25 ਚਾਰਜ-ਮੋਹ ਅਤੇ 25 ਡਿਸਚਾਰਜ-ਮੋਹ।

"ਇਹ ਕੰਮ ਮੈਂ ਕੀਤਾ" ਇੰਝ ਕਹਿਣਾ ਚਾਰਜ ਕਰਨਾ ਹੈ ਅਤੇ "ਮੈਂ ਇਸ਼ਟ ਦੇ ਦਰਸ਼ਨ ਕੀਤੇ, ਮੈਂ ਪ੍ਰਤਿਕ੍ਰਮਣ ਕੀਤਾ" ਇਹ ਕਹਿਣਾ ਵੀ ਚਾਰਜ ਕਰਨਾ ਹੈ। ਕਰਤਾ ਹੋਣ ਦਾ ਦਾਅਵਾ ਕਰਨਾ ਹੀ ਕਰਮ ਚਾਰਜ ਕਰਨਾ ਹੈ।

ਜੇ ਤੁਸੀਂ ਅਜਿਹੀਆਂ ਗੱਲਾਂ ਉਸ ਭਾਵਨਾ ਨਾਲ ਕਰਦੇ ਹੋ ਜਿਸ ਭਾਵਨਾ ਨਾਲ ਕਿਸੇ ਨਾਟਕ ਵਿਚ ਕੰਮ ਕਰਦੇ ਸਮੇਂ ਕੋਈ ਕਲਾਕਾਰ ਅਜਿਹੇ ਸੰਵਾਦ ਬੋਲਦਾ ਹੈ ਤਾਂ ਫਿਰ ਕੋਈ ਮਾੜੀ ਗੱਲ ਨਹੀਂ। ਪਰੰਤੂ ਜੇਕਰ ਤੁਸੀਂ ਇਹ ਗੱਲ ਅੰਦਰੋਂ ਵਿਸ਼ਵਾਸ਼ ਨਾਲ ਬੋਲਦੇ ਹੋ, ਸਚਮੁੱਚ ਕਿਸੇ ਕਾਰਜ ਦੇ ਕਰਤਾ ਹੋਣ ਦਾ ਦਾਅਵਾ ਕਰਦੇ ਹੋ ਤਾਂ ਇਹ ਹਉਮੈਂ ਨੂੰ ਜਨਮ ਦੇਵੇਗਾ ਅਤੇ ਇਸ ਨਾਲ ਤੁਸੀਂ ਪੁਰਾਣੇ ਕਰਮਾਂ ਨੂੰ ਖ਼ਰਚ (ਡਿਸਚਾਰਜ) ਕਰਦੇ ਸਮੇਂ ਨਵੇਂ ਕਰਮ ਵੀ ਚਾਰਜ ਜਾਂ ਪੈਦਾ ਕਰੋਗੇ। ਕਰਮਾਂ ਦੇ ਡਿਸਚਾਰਜ ਉਪਰ ਸਾਡਾ ਕੋਈ ਕੰਟਰੋਲ ਨਹੀਂ ਪਰੰਤੂ ਕਾਰਜ ਉਪਰ ਤਾਂ ਸਾਡਾ ਕਾਬੂ ਹੈ। ਮੁਕਤੀ ਹੀ ਇਕ ਅਜਿਹੀ ਵਸਤੂ ਹੈ ਜਿਸ ਦੀ ਅਸੀਂ ਇੱਛਾ ਕਰ ਸਕਦੇ ਹਾਂ ਅਤੇ ਜਦ ਤੁਸੀਂ ਇਸ ਦੀ ਤਾਂਘ ਰਖੋਗੇ ਤਾਂ ਰਸਤਾ ਵੀ ਲੱਭ ਜਾਵੇਗਾ। ਮੁਕਤੀ ਹੀ ਇਕ ਐਸੀ ਚੀਜ ਹੈ ਜਿਸ ਦੇ ਲਈ ਕਰਮ ਚਾਰਜ ਕੀਤੇ ਜਾਣ।

**ਪ੍ਰਸ਼ਨ-ਕਰਤਾ** : ਪਰੰਤੂ ਕੋਈ ਵੀ ਵਿਅਕਤੀ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਨੂੰ ਵੇਖੇ ਬਗ਼ੈਰ ਤਾਂ ਰਹਿ ਨਹੀਂ ਸਕਦਾ।

**ਦਾਦਾਸ਼੍ਰੀ** : ਵੇਖਣ ਦਾ ਹੱਕ ਹਰ ਕਿਸੇ ਨੂੰ ਹੈ ਪਰੰਤੂ ਜੋ ਵੇਖਿਆ ਹੈ ਉਸ ਉਪਰ ਹੀ ਚਿੰਤਨ ਕਰਦੇ ਰਹਿਣ ਜਾਂ ਉਸ ਵਿਚ ਹੀ ਡੁੱਬੇ ਰਹਿਣ ਦਾ ਨਹੀਂ। ਸਿਰਫ਼ ਸੋਚਣ ਦਾ ਢੰਗ ਹੀ ਇੱਕ ਹੱਲ ਹੈ ਜਿਹੜੀ ਗਿਆਨੀ ਪੁਰਸ਼ ਨੂੰ ਆਮ ਵਿਅਕਤੀ ਨਾਲੋਂ ਵੱਖਰਾ ਕਰਦੀ ਹੈ। ਬੰਬਈ ਮਾਯਾ ਨਗਰੀ ਵਿਚ ਬਹੁਤ ਲੋਕ ਰਹਿੰਦੇ ਹਨ ਅਤੇ ਉਥੇ ਹੀ ਇਕ ਗਿਆਨੀ ਪੁਰਸ਼ ਵੀ ਰਹਿੰਦਾ ਹੈ ਪਰੰਤੂ ਉਸ ਗਿਆਨੀ ਪੁਰਸ਼ ਨੂੰ ਮਾਯਾ ਨਗਰੀ ਦੀ ਚਕਾਚੌਂਧ ਆਕਰਸ਼ਤ ਨਹੀਂ ਕਰਦੀ। ਉਸ ਦਾ ਚਿੱਤ ਕਿਸੇ ਵਸਤੂ ਵਿਸ਼ੇਸ਼ ਉਪਰ ਕੇਂਦ੍ਰਿਤ ਨਹੀਂ ਹੁੰਦਾ, ਉਸ ਲਈ ਕੋਈ ਖਿੱਚ ਨਹੀਂ ਰਖਦੀ।

ਭਾਵ-ਕਰਮ ਇਕ ਚਾਰਜ ਬੈਟਰੀ ਹੈ। ਇਹ ਆਤਮਾ ਦੇ ਬਹੁਤ ਨਜ਼ਦੀਕ ਹੈ। ਇਹ ਲਗਾਤਾਰ ਚਾਰਜ ਹੁੰਦੀ ਰਹਿੰਦੀ ਹੈ। ਮੈਂ ਇਸ ਨੂੰ ਅੱਗੇ ਤੋਂ ਹੋਰ ਚਾਰਜ ਹੋਣ ਤੋਂ ਬੰਦ ਕਰ ਦਿਆਂਗਾ। ਮੇਰੇ ਤੋਂ ਦੀਖਿਆ ਪ੍ਰਾਪਤ ਸਾਰੇ ਮਹਾਤਮਾ ਲੋਕਾਂ ਪਾਸ ਸਿਰਫ਼ ਡਿਸਚਾਰਜ ਬੈਟਰੀ ਹੀ ਬਾਕੀ ਬਚੀ ਹੈ। ਡਿਸਚਾਰਜ ਹੋਣ ਦੀ ਪ੍ਰਕ੍ਰਿਆ ਨੂੰ ਜਾਰੀ ਰਹਿਣ ਦਿਉ - ਭਾਵੇਂ ਕੁਝ ਵੀ ਹੋਵੇ। ਤੁਹਾਡਾ ਅਸਲੀ ਸਵੈ ਇਸ ਡਿਸਚਾਰਜ ਦਾ ਸਿਰਫ਼ ਗਿਆਤਾ ਅਤੇ ਦ੍ਰਸ਼ਟਾ ਹੀ ਹੋਣਾ ਚਾਹੀਦਾ ਹੈ। ਤੁਹਾਡਾ ਮਨ ਭਾਵੇਂ ਸਥਿਰ ਅਤੇ ਟਿਕਾਅ ਅਵਸਥਾ ਵਿਚ ਰਹੇ ਜਾਂ ਡੋਲਦਾ ਰਹੇ,

ਤੁਸੀਂ ਇਸ ਨੂੰ ਸਿਰਫ਼ ਜਾਨਣਾ ਅਤੇ ਵੇਖਣਾ ਹੈ ਤਾਂ ਜੋ ਮੁੜ ਚਾਰਜ ਨਾ ਹੋਵੇ। ਤੁਹਾਡੇ ਅੰਦਰ ਇਹ ਭਾਵਨਾ ਬਣੀ ਰਹਿਣੀ ਚਾਹੀਦੀ ਹੈ ਕਿ ਸਭ ਠੀਕ-ਠਕ ਹੈ ਅਤੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡੇ ਪਾਸ ਕੁਝ ਹੈ ਕਿ ਨਹੀਂ।

"ਭਾਵ-ਕਰਮ ਇਕ ਚਾਰਜ ਬੈਟਰੀ ਹੈ"। ਇਨ੍ਹਾਂ ਸਿਰਫ਼ ਪੰਜ-ਛੇ ਸ਼ਬਦਾਂ ਵਿਚ ਭਗਵਾਨ ਮਹਾਂਵੀਰ ਦੇ ਸਾਰੇ ਦੇ ਸਾਰੇ 45 ਆਗਮਾਂ ਦਾ ਤੱਤ-ਸਾਰ ਉਪਲਬਧ ਹੈ। ਨਹੀਂ ਤਾਂ ਸਿਰਫ਼ ਇਕ ਕਿਸਮ ਦੇ ਮੋਹ ਤੋਂ ਮੁਕਤੀ ਪ੍ਰਾਪਤ ਕਰਨ ਹਿਤ ਹਜ਼ਾਰਾਂ ਜਨਮ ਬੀਤ ਜਾਂਦੇ ਹਨ।

**ਪ੍ਰਸ਼ਨ-ਕਰਤਾ** : ਕਲਪਨਾ ਅਤੇ ਇੱਛਾ ਵਿਚ ਕੀ ਅੰਤਰ ਹੈ?

**ਦਾਦਾਸ਼੍ਰੀ** : ਕਲਪਨਾ ਦਾ ਮੂਲ ਵਿਅਕਤੀ ਦੀ ਆਪਣੇ ਅਸਲੀ ਸਵੈ ਪ੍ਰਤੀ ਅਗਿਆਨਤਾ ਵਿਚ ਹੈ ਜਦੋਂ ਕਿ ਇੱਛਾ ਡਿਸਚਾਰਜ ਕਰਮ ਵਿਚੋਂ ਪੈਦਾ ਹੁੰਦੀ ਹੈ। ਪਰੰਤੂ ਇੱਛਾ ਦਾ ਮੂਲ ਵੀ ਕਲਪਨਾ ਹੀ ਹੈ; ਆਪਣੇ ਅਸਲੀ ਸਵੈ ਬਾਰੇ ਅਗਿਆਨਤਾ। ਇਹ ਸਭ ਇੰਝ ਹੀ ਹੈ: ਪਾਣੀ ਉਪਰ ਤੋਂ ਹੇਠਾਂ ਗਿਰਦਾ ਹੈ; ਅਸਮਾਨ ਉਪਰ ਆਪਣੀ ਜਗ੍ਹਾ ਸਥਿਰ ਰਹਿੰਦਾ ਹੈ; ਹਵਾ ਇਧਰ-ਉਧਰ ਵਗਦੀ ਰਹਿੰਦੀ ਹੈ; ਪਾਣੀ ਉਪਰ ਤੋਂ ਨੀਚੇ ਡਿੱਗ ਕੇ ਹੇਠਲੇ ਪਾਣੀ ਵਿਚ ਮਿਲ ਜਾਂਦਾ ਹੈ; ਇੰਝ ਕਰਦਿਆਂ ਉਹ ਕਈ ਬੁਲਬੁਲੇ ਵੀ ਬਣਾਉਂਦਾ ਹੈ। ਫਿਰ ਉਨ੍ਹਾਂ ਬੁਲਬੁਲਿਆਂ ਉਪਰ ਮੀਂਹ ਪੈ ਜਾਂਦਾ ਹੈ। ਇਥੇ ਇਹ ਕਿਸੇ ਦੀ ਇੱਛਾ ਨਹੀਂ ਹੈ - ਨਾ ਹੀ ਹਵਾ ਦੀ ਅਤੇ ਨਾ ਹੀ ਪਾਣੀ ਦੀ। ਹਰ ਗੱਲ ਆਪਣੇ ਆਪ ਹੀ ਵਾਪਰ ਰਹੀ ਹੈ। ਇਸੇ ਤਰ੍ਹਾਂ ਇੱਛਾ ਉਪਜਦੀ ਹੈ।

**ਪ੍ਰਸ਼ਨ-ਕਰਤਾ** : ਸਾਨੂੰ ਇਹ ਕਿਵੇਂ ਗਿਆਤ ਹੋ ਸਕਦਾ ਹੈ ਕਿ ਇਹ ਚਾਰਜ ਹੈ ਜਾਂ ਡਿਸਚਾਰਜ?

**ਦਾਦਾਸ਼੍ਰੀ** : ਜਿਸ ਪਲ ਤੁਸੀਂ ਇਹ ਮਹਿਸੂਸ ਕਰਨ ਲਗਦੇ ਹੋ ਕਿ 'ਮੈਂ ਅਮਿਤ ਹਾਂ', ਉਸੇ ਪਲ ਤੋਂ ਹੀ 'ਚਾਰਜ' ਸ਼ੁਰੂ ਹੋ ਜਾਂਦਾ ਹੈ। ਜੇ ਤੁਸੀਂ ਸਦੈਵ ਹੀ ਇਹ ਵਿਸ਼ਵਾਸ਼ ਰਖੋ ਕਿ 'ਮੈਂ ਸ਼ੁੱਧ ਆਤਮਾ ਹਾਂ' ਤਾਂ ਫਿਰ ਕਦੇ ਕੋਈ 'ਚਾਰਜ' ਨਹੀਂ ਹੋਵੇਗਾ। ਜਦੋਂ ਤੁਸੀਂ ਕਿਸੇ ਮਾਮਲੇ ਵਿਚ ਉਲਝਦੇ ਹੋ ਜਾਂ ਡੋਲਦੇ ਹੋ ਤਾਂ ਫਿਰ ਉਦੋਂ 'ਚਾਰਜ' ਹੁੰਦਾ ਹੈ। ਪਰੰਤੂ ਇਹ ਕੌਣ ਕਰਦਾ ਹੈ? ਚਾਰਜ ਅਤੇ ਡਿਸਚਾਰਜ ਦੇ ਬਾਹਰੀ ਲੱਛਣ ਇਕੋ-ਜਿਹੇ ਹੀ ਹੁੰਦੇ ਹਨ। ਇਸ ਲਈ ਵਿਅਕਤੀ ਇਹ ਨਿਸ਼ਚਾ ਕਰ ਲੈਣ ਵਿਚ ਅਸਫ਼ਲ ਰਹਿੰਦਾ ਹੈ ਕਿ ਇਹ ਚਾਰਜ ਹੈ ਜਾਂ ਡਿਸਚਾਰਜ। ਜੇ ਕੋਈ ਵਿਅਕਤੀ ਇਸ ਦੀ ਸਹੀ ਪਹਿਚਾਣ ਕਰ ਲੈਂਦਾ ਹੈ ਤਾਂ ਉਹ ਇਕਦਮ ਚਾਰਜ ਨੂੰ ਬੰਦ ਕਰ ਦੇਵੇਗਾ। ਸਿਰਫ਼ ਇਕ ਗਿਆਨੀ ਪੁਰਸ਼ ਹੀ ਇਸ ਫ਼ਰਕ ਨੂੰ ਸਪਸ਼ਟ ਕਰ ਸਕਦਾ ਹੈ। ਜਦੋਂ ਕੋਈ ਵਿਅਕਤੀ ਗਿਆਨੀ ਬਨਣ ਦੀ ਅਵਸਥਾ ਵਿਚ ਪਹੁੰਚਿਆ ਹੋਇਆ ਹੋਵੇ ਤਾਂ ਉਦੋਂ ਸਿਰਫ਼ ਡਿਸਚਾਰਜ ਹੀ ਹੁੰਦਾ ਹੈ। ਪਰੰਤੂ ਜਦੋਂ ਉਹ ਵਿਅਕਤੀ 'ਅਮਿਤ' ਹੋਣ ਦਾ ਦਾਅਵਾ ਕਰਨ ਲਗਦਾ ਹੈ ਅਤੇ ਜਦੋਂ ਉਸ ਅੰਦਰ ਹਉਮੈਂ ਆ ਜਾਂਦੀ ਹੈ ਤਾਂ ਉਸ ਵਕਤ ਚਾਰਜ ਦੀ

ਸਥਿਤੀ ਆ ਜਾਂਦੀ ਹੈ। ਜੋ ਡਿਸਚਾਰਜ ਹੋ ਰਿਹਾ ਹੈ ਉਹ ਪੁਰਾਣੀ ਬੈਟਰੀ ਦਾ ਪ੍ਰਭਾਵ ਹੈ ਪਰੰਤੂ ਇਨ੍ਹਾਂ ਪ੍ਰਭਾਵਾਂ ਨੂੰ ਸਹਿ ਸਕਣ ਤੋਂ ਅਸਮਰਥ ਵਿਅਕਤੀ ਬੈਟਰੀ ਨੂੰ ਚਾਰਜ ਕਰਨ ਦਾ ਕਾਰਜ ਕਰਨ ਲਗਦਾ ਹੈ।

ਜਿਉਂ ਹੀ ਚਾਰਜ ਹੋਣ ਦੀ ਪ੍ਰਕ੍ਰਿਆ ਆਰੰਭ ਹੁੰਦੀ ਹੈ ਤਾਂ ਤੁਸੀਂ ਚਿੰਤਾ ਦੀ ਪਕੜ ਵਿਚ ਆ ਜਾਂਦੇ ਹੋ। ਤੁਹਾਡੇ ਅੰਦਰ ਜਲਣ ਮਹਿਸੂਸ ਹੋਣ ਲਗਦੀ ਹੈ। ਇਉਂ ਜਾਪਦਾ ਹੈ ਮਾਨੋ ਅੱਗ ਬਲ ਰਹੀ ਹੋਵੇ। ਵਿਅਕਤੀ ਹੈਰਾਨ-ਪਰੇਸ਼ਾਨ ਮਹਿਸੂਸ ਕਰਦਾ ਹੈ। ਡਿਸਚਾਰਜ ਸਮੇਂ ਇੰਝ ਨਹੀਂ ਵਾਪਰਦਾ। ਉਸ ਸਮੇਂ ਨਾ ਕੋਈ ਚਿੰਤਾ ਹੁੰਦੀ ਹੈ ਅਤੇ ਨਾ ਕੋਈ ਪਰੇਸ਼ਾਨੀ ਕਿਉਂਕਿ ਵਿਅਕਤੀ ਡਿਸਚਾਰਜ ਪ੍ਰਕ੍ਰਿਆ ਵਿਚ ਸੰਲਗਨ ਹੀ ਨਹੀਂ ਹੁੰਦਾ।

ਪਰਮਾਤਮਾ ਦਾ ਹੁਕਮ ਹੈ: "ਮੈਂ ਡਿਸਚਾਰਜ ਦੀ ਪੂਰੀ ਜ਼ਿੰਮੇਵਾਰੀ ਲੈਂਦਾ ਹਾਂ ਪਰੰਤੂ ਤੁਸੀਂ ਚਾਰਜ ਹੋਣ ਦੀ ਪ੍ਰਕ੍ਰਿਆ ਨੂੰ ਆਰੰਭ ਨਾ ਹੋਣ ਦਿਉ।" ਇਸ ਵਾਕ ਅੰਦਰ ਪੂਰੇ ਸੰਸਾਰ ਦੇ ਸਾਰੇ ਧਰਮ-ਗਰੰਥਾਂ ਦਾ ਸਾਰ ਸਮਾਇਆ ਹੋਇਆ ਹੈ।

ਇਕ ਵਾਰ ਚਾਰਜ ਹੋਣ ਦੀ ਪ੍ਰਕ੍ਰਿਆ ਸਮਾਪਤ ਹੋ ਜਾਵੇ ਤਾਂ ਇਸ ਨੂੰ ਡਿਸਚਾਰਜ ਦੀ ਪ੍ਰਕ੍ਰਿਆ ਦਾ ਅੰਤ ਵੀ ਕਿਹਾ ਜਾ ਸਕਦਾ ਹੈ। ਚਾਰਜ ਹੋ ਰਹੀ ਮੋਹ ਦੀ ਭਾਵਨਾ ਇਕ ਪਰਨੋਟ ਦੀ ਤਰ੍ਹਾਂ ਹੈ ਅਤੇ ਜੋ ਡਿਸਚਾਰਜ ਹੋ ਰਿਹਾ ਹੈ ਉਹ ਅੰਦਰ ਪਏ ਨਕਦ ਦੀ ਤਰ੍ਹਾਂ ਹੈ।

ਮੈਂ ਤੁਹਾਨੂੰ ਗਰੰਟੀ ਦਿੰਦਾ ਹਾਂ ਕਿ ਦਾਦਾ ਭਗਵਾਨ ਨੂੰ ਮਿਲਣ ਤੋਂ ਬਾਦ ਅੱਗੋਂ ਚਾਰਜ ਹੋਣ ਦੀ ਪ੍ਰਕ੍ਰਿਆ ਖ਼ਤਮ ਹੀ ਹੋ ਜਾਵੇਗੀ, ਭਾਵ ਆਵਾਗਵਣ ਦਾ ਚੱਕਰ ਮੁੱਕ ਜਾਵੇਗਾ।

## 127

## ਮੋਹ ਦਾ ਸੁਭਾਅ

ਮੋਟੇ ਤੌਰ ਤੇ ਮੋਹ ਦੋ ਪ੍ਰਕਾਰ ਦੇ ਹੁੰਦੇ ਹਨ - ਇਕ, ਦਰਸ਼ਨ-ਮੋਹ ਜਾਂ ਚਾਰਜ-ਮੋਹ ਅਤੇ ਦੂਜਾ ਚਰਿੱਤਰ-ਮੋਹ ਜਾਂ ਡਿਸਚਾਰਜ-ਮੋਹ।

1. **ਦਰਸ਼ਨ-ਮੋਹ**

ਦਰਸ਼ਨ-ਮੋਹ ਇਸ ਗੱਲ ਉਪਰ ਆਧਾਰਤ ਹੈ ਕਿ ਤੁਹਾਡਾ ਆਕਰਸ਼ਣ ਕਿਸ ਚੀਜ ਵਿਚ ਅਤੇ ਕਿਸ ਥਾਂ 'ਤੇ ਹੈ। ਇਹ ਵਿਅਕਤੀ ਨੂੰ ਆਪਣੇ ਨਾਮ, ਸਰੀਰ ਅਤੇ ਆਪੇ ਤੋਂ ਖ਼ੁਦ ਦੀ ਪਹਿਚਾਣ ਕਰਵਾਉਂਦਾ ਹੈ, ਉਦਾਹਰਣ ਦੇ ਲਈ, "ਮੈਂ ਅਮਿਤ ਹਾਂ"। ਇਸ ਦਾ ਅਰਥ ਹੈ: ਦਰਸ਼ਨ ਮੋਹ ਉਥੇ ਹੈ ਜਿਥੇ ਵਿਅਕਤੀ ਦਾ ਰੁਝਾਨ, ਉਸ ਦੀ ਖਿੱਚ ਹੈ, ਉਸ ਦੀ ਪਸੰਦ ਹੈ।

(ੳ) **ਮਿਥਿਆ-ਮੋਹ**: ਇਸ ਸੰਸਾਰ ਦੀਆਂ ਨਾਸ਼ਵਾਨ ਵਸਤਾਂ ਪ੍ਰਤੀ ਆਕਰਸ਼ਣ ਨੂੰ

ਅਸੀਂ ਮਿਥਿਆ-ਮੋਹ ਕਹਾਂਗੇ (ਭ੍ਰਮਿਤ ਵਿਸ਼ਵਾਸ਼ ਜਾਂ ਗਲਤ ਵਿਸ਼ਵਾਸ਼)।

(ਅ) **ਮਿਸ਼ਰਤ-ਮੋਹ**: ਸਵੈ-ਗਿਆਨ ਪ੍ਰਾਪਤੀ ਹਿਤ ਅਤੇ ਸੰਸਾਰ ਦੀਆਂ ਨਾਸ਼ਵਾਨ ਵਸਤਾਂ ਦੋਹਾਂ ਪ੍ਰਤੀ ਆਕਰਸ਼ਤ ਹੋਣ ਨੂੰ ਮਿਸ਼ਰਤ-ਮੋਹ ਕਹਾਂਗੇ। ਸੂਖ਼ਮ ਅਤੇ ਸਥੂਲ, ਯਥਾਰਥ ਅਤੇ ਵਕਤੀ ਦੋਹਾਂ ਨੂੰ ਹੀ ਸੱਚ ਸਮਝ ਲੈਣਾ ਮਿਸ਼ਰਤ-ਮੋਹ ਹੈ।

(ੲ) **ਸਮਕਿਤ-ਮੋਹ**: ਸਵੈ ਨੂੰ ਪਹਿਚਾਨਣ ਅਤੇ ਜਾਨਣ ਹਿਤ ਉਸ ਭਾਵਨਾ ਅਤੇ ਦ੍ਰਿੜਤਾ ਨਾਲ ਡੂੰਘੀ ਤਾਂਘ ਰੱਖਣੀ ਮਾਨੋ 'ਇਹੋ ਹੀ ਸਤਿ' ਹੋਵੇ ਨੂੰ ਅਸੀਂ ਸਮਕਿਤ ਮੋਹ ਕਹਾਂਗੇ। ਸਮਕਿਤ ਸ਼ਬਦ ਦਾ ਅਰਥ ਹੈ ਕਿ ਵਿਅਕਤੀ ਦੀ ਬੁੱਧੀ ਅਤੇ ਨਜ਼ਰ ਦੋਵੇਂ ਹੀ ਉਸ ਦੇ ਅਸਲੀ ਸਵੈ ਉਪਰ ਟਿੱਕੇ ਹੋਏ ਹਨ। ਸਹੀ ਗਿਆਨ ਤੋਂ ਭਾਵ ਹੈ ਸਵੈ ਨੂੰ ਜਾਨਣਾ। ਸੱਚੇ ਗਿਆਨ ਅਤੇ ਪੂਰਨ ਗਿਆਨੀ ਪੁਰਸ਼ ਪ੍ਰਤੀ ਇੰਤਹਾ ਦਾ ਆਕਰਸ਼ਣ ਬੁਨਿਆਦੀ ਅਸਲੀ ਮੋਹ ਹੈ। ਇਸ ਨੂੰ ਸਮਯਕ ਮੋਹ ਵੀ ਕਹਿੰਦੇ ਹਨ। ਇਸ ਤੋਂ ਬਿਨਾਂ ਬਾਕੀ ਸਾਰੇ ਮੋਹ ਮਿਥਿਆ-ਮੋਹ ਦੀ ਸ਼੍ਰੇਣੀ ਵਿਚ ਆਉਂਦੇ ਹਨ।

ਇਹ ਸੰਸਾਰ ਕਿਸ ਆਧਾਰ ਉਪਰ ਮੌਜੂਦ ਹੈ? ਯਕੀਨਨ ਹੀ ਇਹ ਦਰਸ਼ਨ-ਮੋਹ ਹੈ।

### 2. **ਚਰਿੱਤਰ-ਮੋਹ**

ਪਰਮਾਤਮਾ ਵੱਲੋਂ ਚਰਿੱਤਰ-ਮੋਹ ਬਾਰੇ ਕੋਈ ਇਤਰਾਜ ਨਹੀਂ ਕਿਉਂਕਿ ਇਹ ਡਿਸਚਾਰਜ-ਮੋਹ ਹੈ। ਜਿਹੜੇ ਵਿਅਕਤੀ ਸਵੈ-ਪਹਿਚਾਣ ਪ੍ਰਾਪਤੀ ਦੀ ਅਵਸਥਾ ਵਿਚ ਨਹੀਂ ਪਹੁੰਚੇ ਉਨ੍ਹਾਂ ਦੇ ਕਰਮ ਵੀ ਡਿਸਚਾਰਜ ਹੁੰਦੇ ਹਨ ਪਰੰਤੂ ਜਦੋਂ ਉਹ ਅਸਤਿ ਨੂੰ ਸਤਿ ਅਤੇ ਅਚੇਤਨ ਨੂੰ ਚੇਤਨ ਮੰਨ ਲੈਂਦੇ ਹਨ ਤਾਂ ਉਹ ਨਵੇਂ ਕਰਮ ਚਾਰਜ ਕਰ ਲੈਂਦੇ ਹਨ।

ਚਰਿੱਤਰ-ਮੋਹ ਮਨ, ਸਰੀਰ ਅਤੇ ਬਚਨ ਦੀ ਅਗਿਆਨਤਾ ਦੇ ਪਰਦੇ ਦੇ ਰਾਹੀਂ ਪ੍ਰਚਾਰਿਆ ਜਾਂਦਾ ਹੈ। ਵਿਅਕਤੀ ਦਾ ਚਰਿੱਤਰ-ਮੋਹ ਉਸ ਨੂੰ ਵਿਸ਼ਵਾਸ਼ ਦਿਲਾ ਦਿੰਦਾ ਹੈ ਕਿ ਮੈਂ ਕਰਤਾ ਹਾਂ ਅਤੇ ਇਹ ਸਭ ਮੇਰਾ ਹੈ। ਸਾਡੇ ਲਈ ਇਹ ਸਮਝ ਲੈਣਾ ਅਤਿ ਜ਼ਰੂਰੀ ਹੈ ਕਿ ਚਰਿੱਤਰ-ਮੋਹ, ਜਿਸ ਤਰ੍ਹਾਂ ਪਰਮਾਤਮਾ ਨੇ ਇਸ ਦੀ ਵਿਆਖਿਆ ਕੀਤੀ ਹੈ, ਅਸਲ ਵਿਚ ਕੀ ਹੈ।

ਸਮਯਕ, ਪ੍ਰਤਿਕ੍ਰਮਣ ਜਾਂ ਸੰਸਾਰ ਦੀ ਹੋਰ ਕਿਸੇ ਵੀ ਗਤੀ-ਵਿਧੀ ਬਾਰੇ 'ਕਰਤਾ' ਦੀ ਭਾਵਨਾ ਚਰਿੱਤਰ-ਮੋਹ ਹੈ ਅਤੇ ਉਨ੍ਹਾਂ ਪ੍ਰਤੀ ਲਗਾਤਾਰ ਦਿਲਚਸਪੀ ਅਤੇ ਪਸੰਦਗੀ ਦੀ ਭਾਵਨਾ ਦਾ ਲੰਮੇ ਸਮੇਂ ਲਈ ਬਣਿਆ ਰਹਿਣਾ ਦਰਸ਼ਨ-ਮੋਹ ਹੈ। ਚਰਿੱਤਰ-ਮੋਹ ਉਹ ਮੋਹ ਹੈ ਜਿਹੜਾ ਪਰਿਣਾਮ-ਸਰੂਪ ਪ੍ਰਭਾਵ ਤੋਂ ਪੈਦਾ ਹੁੰਦਾ ਹੈ। ਇਹ ਤੁਹਾਨੂੰ ਆਪਣੇ ਫਲ ਦੇਣ ਹਿਤ ਕ੍ਰਿਆਸ਼ੀਲ ਹੈ। ਇਸ ਲਈ ਇਸ ਦਾ ਸੁਭਾਅ ਡਿਸਚਾਰਜ-ਮੋਹ ਵਾਲਾ ਹੈ। ਜਿਹੜਾ ਮੋਹ ਨਵੇਂ ਕਰਮ ਚਾਰਜ ਕਰਦਾ ਹੈ ਉਹ ਦਰਸ਼ਨ-ਮੋਹ ਹੈ ਅਤੇ ਜਿਹੜਾ ਮੋਹ ਕਰਮ ਡਿਸਚਾਰਜ ਕਰ ਰਿਹਾ ਹੈ ਉਹ ਚਰਿੱਤਰ-ਮੋਹ ਹੈ। ਡਿਸਚਾਰਜ-ਮੋਹ ਵਿਅਕਤੀ ਨੂੰ ਗੁੰਮਰਾਹ ਕਰ ਦਿੰਦਾ ਹੈ

ਅਤੇ ਉਸ ਨੂੰ ਗਲਤੀਆਂ ਕਰਨ ਲਈ ਮਜ਼ਬੂਰ ਕਰ ਦਿੰਦਾ ਹੈ।

**ਪ੍ਰਸ਼ਨ-ਕਰਤਾ** : ਚਾਰਜ-ਮੋਹ ਦਾ ਮੂਲ ਕਾਰਨ ਕੀ ਹੈ?

**ਦਾਦਾਸ਼੍ਰੀ** : ਸਵੈ ਦੀ ਹਾਜ਼ਰੀ ਵਿਚ ਪੁਦਗਲ ਚੇਤਨ ਭਾਵ ਨਾਲ ਭਰ ਜਾਂਦਾ ਹੈ: ਇਹ ਚਾਰਜ ਹੋ ਜਾਂਦਾ ਹੈ। ਉਹੀ ਚਾਰਜ ਹੋਈ ਸ਼ਕਤੀ ਬਾਅਦ ਵਿਚ ਡਿਸਚਾਰਜ ਹੁੰਦੀ ਹੈ। ਜਦੋਂ ਪੁਦਗਲ ਚੇਤਨ (ਸ਼ੁੱਧ ਆਤਮਾ ਪ੍ਰਤੀ ਚੇਤਨਤਾ) ਦੇ ਸੰਪਰਕ ਵਿਚ ਆਉਂਦਾ ਹੈ ਤਾਂ ਇਹ ਚਾਰਜ ਹੋ ਜਾਂਦਾ ਹੈ। ਪਰੰਤੂ ਇਸ ਚਾਰਜ ਹੁੰਦੇ ਹੋਏ ਇਸ ਵਿਚ ਚੇਤਨ ਦਾ ਕੋਈ ਵੀ ਲੱਛਣ ਸ਼ਾਮਲ ਨਹੀਂ ਹੁੰਦਾ। ਵਿਅਕਤੀ ਆਪਣੇ ਸਰੀਰ ਵਿਚੋਂ ਹਰ ਚੀਜ ਨੂੰ ਡਿਸਚਾਰਜ ਹੁੰਦੇ ਹੋਏ ਵੇਖ ਸਕਦਾ ਹੈ। ਵਿਅਕਤੀ ਇਹ ਸਭ ਕੁਝ ਇਕ ਦ੍ਰਸ਼ਟਾ ਦੇ ਤੌਰ 'ਤੇ ਮਹਿਸੂਸ ਕਰ ਸਕਦਾ ਹੈ। ਇਹੋ ਕਾਰਨ ਹੈ ਕਿ ਮੈਂ ਕਹਿੰਦਾ ਹਾਂ ਕਿ 'ਇਹ ਚਾਰਜ ਹੋ ਗਈ ਸੀ'। 'ਗਲਨ' ਸ਼ਬਦ ਵੀ ਡਿਸਚਾਰਜ ਲਈ ਵਰਤਿਆ ਜਾ ਸਕਦਾ ਹੈ। ਅਸੀਂ ਇਸ ਨੂੰ ਭਾਵ-ਅਭਾਵ ਕਹਿੰਦੇ ਹਾਂ। ਇਸ ਵਿਚ ਸ਼ੁੱਧ ਚੇਤਨਾ ਨਹੀਂ ਹੁੰਦੀ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਇਕ ਵਿਅਕਤੀ, ਜਿਸ ਨੂੰ ਕਿਸੇ ਕਾਰਨ ਉਮਰ ਕੈਦ ਹੋ ਗਈ ਹੋਵੇ, ਨੂੰ ਜੇਲ੍ਹ ਅੰਦਰ ਖਾਣ ਲਈ ਸਾਧਾਰਨ ਕਿਸਮ ਦਾ ਖਾਣਾ ਠੀਕ ਮਾਤਰਾ ਵਿਚ ਮਿਲ ਜਾਂਦਾ ਹੈ ਪਰੰਤੂ ਉਸ ਨੂੰ ਉਥੇ ਨਾ ਤਾਂ ਲੱਡੂ ਮਿਲਦੇ ਹਨ ਨਾ ਜਲੇਬੀ ਅਤੇ ਨਾ ਹੀ ਕੋਈ ਹੋਰ ਮਿਸ਼ਟਾਂਗ। ਕੀ ਇਸ ਦਾ ਭਾਵ ਇਹ ਹੋਇਆ ਉਸ ਦੇ ਅੰਦਰ ਆਕਰਸ਼ਣ-ਮੋਹ ਬਿਲਕੁਲ ਨਹੀਂ ਹੁੰਦਾ? ਨਹੀਂ, ਉਸ ਅੰਦਰ ਇਹ ਮੋਹ ਤਾਂ ਹੁੰਦਾ ਹੈ ਪਰ ਇਹ ਸ਼ਿਥਿਲ ਪਿਆ ਹੁੰਦਾ ਹੈ। ਜਦੋਂ ਤੁਹਾਨੂੰ ਕੋਈ ਚੀਜ ਪ੍ਰਾਪਤ ਨਹੀਂ ਹੁੰਦੀ ਤਾਂ ਇਸ ਭਾਵ ਇਹ ਬਿਲਕੁਲ ਨਹੀਂ ਲਿਆ ਜਾ ਸਕਦਾ ਕਿ ਤੁਹਾਡੇ ਅੰਦਰ ਮੋਹ ਹੈ ਹੀ ਨਹੀਂ।

**ਪ੍ਰਸ਼ਨ-ਕਰਤਾ** : ਕੀ ਇਹ ਕਹਿ ਸਕਦੇ ਹਾਂ ਕਿ ਮੇਰੇ ਅੰਦਰ ਮੋਹ ਵਧੇਰੇ ਹੈ ਜਦੋਂ ਕਿ ਦੂਸਰਿਆਂ ਅੰਦਰ ਇਹ ਮੇਰੇ ਨਾਲੋਂ ਘੱਟ ਹੈ?

**ਦਾਦਾਸ਼੍ਰੀ** : ਮੋਹ ਦਾ ਨੱਕਾ ਜਿੰਨਾ ਬੀਜ਼ ਵੀ ਜਦੋਂ ਉਗਦਾ ਹੈ ਤਾਂ ਪਲਮ ਕੇ ਸਾਰੇ ਸੰਸਾਰ ਉਪਰ ਛਾ ਜਾਂਦਾ ਹੈ। ਮੋਹ ਦੀ ਸਹੀ ਸਮਝ ਲਈ ਅਸੀਂ ਇਸ ਨੂੰ ਵੱਖ-ਵੱਖ ਡਿਗਰੀਆਂ ਦੇ ਰੂਪ ਵਿਚ ਨਹੀਂ ਸਮਝ ਸਕਦੇ। ਜਦੋਂ ਤੁਸੀਂ ਮੋਹ ਦੀ ਭਾਵਨਾ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੰਦੇ ਹੋ ਤਾਂ ਹੀ ਤੁਸੀਂ ਆਪਣੇ ਉਦੇਸ਼ ਦੀ ਪ੍ਰਾਪਤੀ ਕਰ ਸਕਦੇ ਹੋ।

ਜਿਹੜਾ ਮੋਹ ਵਿਅਕਤੀ ਆਪਣੇ ਅੰਦਰ ਭਗਵਾਨ ਲਈ, ਸਤਿਸੰਗ ਲਈ ਅਤੇ ਸਤ-ਪੁਰਸ਼ ਦੀਆਂ ਸਿੱਖਿਆਵਾਂ ਲਈ ਰਖਦਾ ਹੈ ਉਹ ਮੋਹ ਪ੍ਰਸ਼ੰਸਾਯੋਗ ਹੈ ਅਤੇ ਅਜਿਹੇ ਮੋਹ

ਅਜਿਹੇ ਪ੍ਰੇਮ ਦੇ ਰਾਹੀਂ ਹੀ ਵਿਅਕਤੀ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਮੋਹ ਅਨੰਤ ਕਿਸਮ ਦੇ ਹਨ ਅਤੇ ਇਨ੍ਹਾਂ ਸਾਰਿਆਂ ਉਪਰ ਕਾਬੂ ਪਾ ਸਕਣਾ ਲਗਭਗ ਇਕ ਅਸੰਭਵ ਕਾਰਜ ਹੈ। ਇਕ ਮੋਹ ਉਪਰ ਕਾਬੂ ਪਾ ਸਕਣ ਲਈ ਵੀ ਵਿਅਕਤੀ ਨੂੰ ਇਕ ਲੱਖ ਜਨਮ ਚਾਹੀਦੇ ਹੋਣਗੇ। ਵਿਅਕਤੀ ਇਕ ਅਜਾਇਬ ਘਰ ਦੀ ਤਰ੍ਹਾਂ ਹੈ ਜੋ ਵੱਖ-ਵੱਖ ਤਰ੍ਹਾਂ ਦੇ ਮੋਹ ਨਾਲ ਭਰਿਆ ਹੋਇਆ ਹੈ। ਜੇ ਤੁਸੀਂ ਸਵੈ-ਪਹਿਚਾਣ ਪ੍ਰਾਪਤ ਨਹੀਂ ਕਰਦੇ ਤਾਂ ਤੁਸੀਂ ਮੋਹ ਦੀ ਪਕੜ ਵਿਚੋਂ ਵੀ ਨਹੀਂ ਨਿਕਲ ਸਕਦੇ।

## 128
## ਮਾਇਆ

**ਪ੍ਰਸ਼ਨ-ਕਰਤਾ** : ਮਾਇਆ ਦੇ ਬੰਧਨ ਤੋਂ ਖ਼ੁਦ ਨੂੰ ਮੁਕਤ ਕਰਨ ਲਈ ਵਿਅਕਤੀ ਕੀ ਕਰ ਸਕਦਾ ਹੈ? ਬਹੁਤ ਸਾਰੀਆਂ ਧਾਰਮਕ ਪੁਸਤਕਾਂ ਦਾ ਕਹਿਣਾ ਹੈ ਕਿ ਇਸ ਸੰਸਾਰ ਵਿਚ (ਪਰਮਾਤਮਾ ਦੁਆਰਾ ਪੈਦਾ ਕੀਤੀ ਗਈ) ਮਾਇਆ ਨਾਮ ਦੀ ਇਕ ਬ੍ਰਹਿਮੰਡੀ ਭ੍ਰਾਂਤੀ ਇਕ ਬਹੁਤ ਸਮਰਥਾਵਾਨ ਤਾਕਤ ਹੈ ਜਿਹੜੀ ਹਰ ਵਿਅਕਤੀ ਅੰਦਰ ਇਕ ਪਰਦੇ, ਇਕ ਦੀਵਾਰ ਦੀ ਤਰ੍ਹਾਂ ਹੈ ਅਤੇ ਜਿਹੜੀ ਹਰ ਵਿਅਕਤੀ ਦੇ ਮੁਕਤੀ ਦੇ ਰਸਤੇ ਉਪਰ ਚੱਲਣ ਹਿਤ ਇਕ ਰੁਕਾਵਟ ਬਣਦੀ ਹੈ। ਮੇਰੇ ਲਈ ਇਹ ਗੱਲ ਬਹੁਤ ਅਸਪਸ਼ਟ ਅਤੇ ਟੇਢੀ ਹੈ। ਕਿਰਪਾ ਕਰਕੇ ਇਸ ਵਿਸ਼ੇ ਉਪਰ ਚਾਨਣਾ ਪਾਉਣ ਦੀ ਕਿਰਪਾ ਕਰੋ।

**ਦਾਦਾਸ਼੍ਰੀ** : ਮਾਇਆ ਆਪਣੇ ਆਪ ਵਿਚ ਅਗਿਆਨਤਾ ਹੈ। ਆਪਣੇ ਅਸਲੀ ਸਵੈ ਪ੍ਰਤੀ ਅਗਿਆਨਤਾ ਦਾ ਨਾਂ ਮਾਇਆ ਹੈ ਅਤੇ ਇਹ ਮਾਇਆ ਸਾਨੂੰ ਅਜਿਹੀ ਗੁੱਝੀ ਮਾਰ ਮਾਰਦੀ ਹੈ ਕਿ ਸਾਨੂੰ ਆਪਣੇ ਜ਼ਖ਼ਮ ਵੀ ਦਿਖਾਈ ਨਹੀਂ ਦਿੰਦੇ। ਇਸ ਜਗਤ ਵਿਚ ਤੁਹਾਡੇ ਉਪਰ ਤੁਹਾਡੇ ਨਾਲੋਂ ਬੇਹਤਰ ਜਾਂ ਵੱਡਾ ਕੋਈ ਨਹੀਂ। ਇਹ ਸਿਰਫ਼ ਮਾਇਆ ਕਾਰਨ ਹੀ ਹੈ ਕਿ ਤੁਸੀਂ ਸੰਸਾਰ ਵਿਚ ਦਮਨ ਦਾ ਸ਼ਿਕਾਰ ਹੋਏ ਮਹਿਸੂਸ ਕਰਦੇ ਹੋ। ਮਾਇਆ ਕੀ ਹੈ? ਮਾਇਆ ਪਰਮਾਤਮਾ ਦੀ ਹੀ ਸਥੂਲ ਰੂਪ ਹੈ। ਲੋਕ ਕਹਿੰਦੇ ਹਨ ਕਿ ਮਾਇਆ ਵਿਅਕਤੀ ਨੂੰ ਜਾਲ ਵਿਚ ਫਸਾ ਲੈਂਦੀ ਹੈ।

ਇਸ ਗੱਲ ਤੋਂ ਅਣਜਾਣ ਕਿ ਸੰਸਾਰ ਦੀ ਸਾਰੀ ਕਿਰਿਆ ਨੂੰ ਕੌਣ ਸੰਚਾਲਿਤ ਕਰਦਾ ਹੈ, ਲੋਕ ਵਿਸ਼ਵਾਸ਼ ਕਰਦੇ ਹਨ ਕਿ ਉਹ ਆਪ ਹੀ ਇਹ ਸਭ-ਕੁਝ ਕਰ ਰਹੇ ਹਨ। ਇਹ ਸਿਰਫ਼ ਇਸ ਅਗਿਆਨਤਾ (ਮਾਇਆ) ਦੇ ਕਾਰਨ ਹੀ ਹੈ ਕਿ ਅਸੀਂ ਆਪਣੇ ਤੋਂ ਵੱਡੀ ਕਿਸੇ ਤਾਕਤ ਵਿਚ ਵਿਸ਼ਵਾਸ਼ ਕਰਨ ਲਗਦੇ ਹਾਂ ਜੋ ਸਾਡੇ ਸਾਰਿਆਂ ਉਪਰ ਹਾਵੀ ਹੈ। ਅਸਲ ਵਿਚ ਉਹ ਮਾਇਆ ਹੈ ਅਤੇ ਲੋਕ ਇਸ ਦੇ ਜਾਲ ਵਿਚ ਫਸੇ ਹੋਏ ਹਨ।

ਇਸ ਸੰਸਾਰ ਵਿਚ ਜੇਕਰ ਕੋਈ ਵੀ ਹਸਤੀ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੈ ਤਾਂ ਉਹ ਹੈ ਪਰਮਾਤਮਾ। ਜਿਹੜੇ ਵਿਅਕਤੀ ਪ੍ਰੌਢ ਨਹੀਂ ਅਤੇ ਮਾਹਰ ਨਹੀਂ ਉਹ ਮਾਇਅ ਦੀ ਮਾਰ ਸਹਿੰਦੇ ਹਨ ਪਰੰਤੂ ਉਹ ਇਸ ਮਾਰ ਨੂੰ ਪਰਮਾਤਮਾ ਵੱਲੋਂ ਮਾਰੀ ਗਈ ਮਾਰ ਹੀ ਸਮਝਦੇ ਹਨ। ਕੀ ਮਾਇਆ ਦੀ ਸੱਟ ਨਰਮ ਹੈ ਜਾਂ ਸਖ਼ਤ ਇਹ ਤਾਂ ਕੋਈ ਨਹੀਂ ਦੱਸ ਸਕਦਾ ਪਰ ਇਹ ਗੱਲ ਪੱਕੀ ਹੈ ਕਿ ਇਹ ਵਿਅਕਤੀ ਨੂੰ ਮੁਕਤੀ ਦੀ ਪ੍ਰਾਪਤੀ ਹਿਤ ਉਤਸ਼ਾਹਿਤ ਜ਼ਰੂਰ ਕਰੇਗੀ।

ਸੱਚੀ ਗੱਲ ਤਾਂ ਇਹ ਹੈ ਕਿ ਵਿਅਕਤੀ ਦੀ ਆਪਣੀ ਅਸਲੀ ਪਹਿਚਾਣ ਪ੍ਰਤੀ ਅਗਿਆਨਤਾ ਹੀ ਮਾਇਆ ਹੈ। ਇਕ ਵਾਰ ਇਹ ਅਗਿਆਨਤਾ ਹਟ ਜਾਵੇ ਤਾਂ ਮਾਇਆ ਵੀ ਨਹੀਂ ਰਹੇਗੀ। ਜਦੋਂ ਕਿਸੇ ਚੀਜ ਦੀ ਹੋਂਦ ਹੀ ਨਹੀਂ ਪਰ ਉਸ ਚੀਜ ਨੂੰ ਪ੍ਰਤਿਬਿੰਬਤ ਕਰਨਾ ਮਾਇਆ ਹੈ। ਮਾਇਆ ਮੇਰੀ ਹਾਜ਼ਰੀ ਵਿਚ ਨਹੀਂ ਖੜੋ ਸਕਦੀ ਪਰੰਤੂ ਜਿਉਂ ਹੀ ਤੁਸੀਂ ਮੇਰੇ ਤੋਂ ਦੂਰ ਜਾਉਗੇ ਇਹ ਫਿਰ ਤੁਹਾਡੇ ਦੁਆਲੇ ਹੋ ਜਾਏਗੀ। ਇਕ ਵਾਰ ਤੁਸੀਂ ਮੇਰੇ ਤੋਂ ਗਿਆਨ (ਸ਼ੁੱਧ ਆਤਮਾ ਦਾ ਗਿਆਨ) ਪ੍ਰਾਪਤ ਕਰ ਲਉ, ਫਿਰ ਤੁਸੀਂ ਸੰਸਾਰ ਵਿਚ ਕਿਧਰੇ ਵੀ ਚਲੇ ਜਾਉ ਮਾਇਆ ਤੁਹਾਡਾ ਪਿੱਛਾ ਨਹੀਂ ਕਰੇਗੀ; ਇਹ ਤੁਹਾਨੂੰ ਤੰਗ ਨਹੀਂ ਕਰੇਗੀ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਇਹ ਮਨ ਵੀ ਸਾਨੂੰ ਬਹੁਤ ਪਰੇਸ਼ਾਨ ਕਰਦਾ ਹੈ।

**ਦਾਦਾਸ਼੍ਰੀ** : ਲੋਕਾਂ ਦਾ ਵਿਚਾਰ ਹੈ ਕਿ ਮਨ ਹੀ ਮੁੱਖ ਤੌਰ 'ਤੇ ਸ਼ਰਾਰਤ ਕਰਦਾ ਹੈ ਅਤੇ ਉਹ ਇਸ ਨੂੰ ਮਾਫ਼ ਨਹੀਂ ਕਰਦੇ। ਉਹ ਬੁਰੀ ਤਰ੍ਹਾਂ ਮਨ ਦੇ ਪਿੱਛੇ ਹੱਥ ਧੋ ਕੇ ਪਏ ਹੋਏ ਹਨ। ਪਰੰਤੂ ਸੱਚ ਤਾਂ ਇਹ ਹੈ ਕਿ ਇਹ ਮਨ ਨਹੀਂ ਬਲਕਿ ਮਨ ਦੇ ਪਿੱਛੇ ਮਾਇਆ (ਸਵੈ ਪ੍ਰਤੀ ਅਗਿਆਨਤਾ) ਹੈ ਜਿਹੜੀ ਤੁਹਾਨੂੰ ਪਰੇਸ਼ਾਨ ਕਰਦੀ ਹੈ ਅਤੇ ਤੁਹਾਡੇ ਲਈ ਸਮੱਸਿਆਵਾਂ ਪੈਦਾ ਕਰਦੀ ਹੈ।

ਮਾਇਆ ਨੂੰ ਦੂਰ ਚਲੇ ਜਾਣ ਦਿਉ; ਉਸ ਉਪਰੰਤ ਮਨ ਇਕ ਸੁੰਦਰ ਅਤੇ ਨਾ-ਮੁੱਕਣ ਵਾਲੀ ਫ਼ਿਲਮ ਬਣ ਜਾਵੇਗਾ।

**ਪ੍ਰਸ਼ਨ-ਕਰਤਾ** : ਸੰਨਿਆਸੀ ਲੋਕ ਤਾਂ ਮਾਇਆ ਤੋਂ ਸੁਤੰਤਰ ਹੁੰਦੇ ਹੋਣਗੇ।

**ਦਾਦਾਸ਼੍ਰੀ** : ਇਥੇ ਕਈ ਵਿਅਕਤੀ ਹਨ ਜਿਨ੍ਹਾਂ ਨੇ ਸੰਸਾਰ ਦੀ ਮਾਯਾ ਨੂੰ ਤਜ ਦਿੱਤਾ ਹੈ ਅਤੇ ਘਰ-ਬਾਰ ਛੱਡ ਕੇ ਸੰਨਿਆਸੀ ਬਣ ਗਏ ਹਨ। ਪਰੰਤੂ ਕੀ ਇਸ ਦਾ ਅਰਥ ਇਹ ਹੋਇਆ ਕਿ ਉਹ ਮਾਇਆ ਤੋਂ ਮੁਕਤ ਹੋ ਗਏ ਹਨ? ਨਹੀਂ। ਇਸ ਦੇ ਵਿਪਰੀਤ, ਉਹ ਤਾਂ ਮਾਇਆ ਦੇ ਦੁੱਗਣੇ ਤਾਕਤਵਰ ਜਾਲ ਵਿਚ ਉਲਝ ਗਏ ਹਨ।

ਇਹ ਅਖੌਤੀ ਤਿਆਗੀ ਆਪਣੀਆਂ ਪਤਨੀਆਂ ਅਤੇ ਬੱਚਿਆਂ ਨੂੰ ਪਿੱਛੇ ਛੱਡ ਜਾਂਦੇ ਹਨ ਪਰੰਤੂ ਇਸ ਦੇ ਨਾਲ ਹੀ ਉਹ ਆਪਣੇ ਆਪ ਨੂੰ ਅਗਿਆਨਤਾ ਦੀਆਂ ਅਨੰਤ ਤਹਿਆਂ

ਵਿਚ ਲਪੇਟ ਲੈਂਦੇ ਹਨ। ਉਹ ਇਧਰ-ਉਧਰ ਭਟਕਦੇ ਰਹਿੰਦੇ ਹਨ ਪਰੰਤੂ ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ ਕਿਸ ਦਿਸ਼ਾ ਵਿਚ ਜਾ ਰਹੇ ਹਨ। ਫਿਰ ਉਨ੍ਹਾਂ ਨੇ ਮਾਇਆ ਨੂੰ ਕਿਵੇਂ ਤਿਆਗਿਆ?

**ਪ੍ਰਸ਼ਨ-ਕਰਤਾ** : ਵਿਅਕਤੀ ਕਦੋਂ ਕਹਿ ਸਕਦਾ ਹੈ ਕਿ ਉਸ ਨੇ ਮਾਇਆ ਨੂੰ ਤਿਆਗ ਦਿੱਤਾ ਹੈ।

**ਦਾਦਾਸ਼੍ਰੀ** : ਇਸ ਸੰਸਾਰ ਅੰਦਰ ਖਾਂਦਿਆਂ-ਪੀਂਦਿਆਂ, ਇਥੋਂ ਦੀਆਂ ਸੁਖ-ਸਹੂਲਤਾਂ ਮਾਣਦਿਆਂ ਹੋਇਆ ਜਦੋਂ ਅਸੀਂ ਖ਼ੁਦ ਨੂੰ ਮਾਇਆ (ਅਗਿਆਨਤਾ) ਤੋਂ ਅਜ਼ਾਦ ਕਰ ਲੈਂਦੇ ਹਾਂ ਤਾਂ ਇਹ ਸੱਚਾ ਤਿਆਗ ਹੈ।

ਤੁਸੀਂ ਸੰਸਾਰ ਅੰਦਰ ਕਿਧਰੇ ਵੀ ਚਲੇ ਜਾਉ ਪਰੰਤੂ ਜੇਕਰ ਤੁਸੀਂ ਮੇਰ-ਤੇਰ ਦੀ ਸੋਚ ਤੋਂ ਮੁਕਤ ਨਹੀਂ ਹੁੰਦੇ ਅਤੇ ਜੇ ਤੁਹਾਡੇ ਅੰਦਰ ਹਉਮੈਂ ਬਣੀ ਰਹਿੰਦੀ ਹੈ ਤਾਂ ਇਸ ਦਾ ਭਾਵ ਇਹ ਕਿ ਤੁਸੀਂ ਮਾਇਆ ਅਤੇ ਮਾਇਆ ਦੀ ਪਕੜ ਤੋਂ ਬਚੇ ਹੋਏ ਨਹੀਂ ਹੋ।

ਪਰਮਾਤਮਾ ਦੇ ਆਦੇਸ਼ ਅਨੁਸਾਰ ਇਹ ਸਾਰਾ ਜੀਵਨ ਇਕ ਨਾਟਕ ਦੀ ਤਰ੍ਹਾਂ ਹੈ। ਤੁਸੀਂ ਇਸ ਵਿਚ ਇਕ ਦਰਸ਼ਕ-ਮਾਤਰ ਹੋ, ਕੋਈ ਰੋਲ ਨਿਭਾਅ ਰਹੇ ਕਲਾਕਾਰ ਨਹੀਂ। ਆਪਣੇ ਅਸਲੀ ਸਵੈ ਨੂੰ 'ਇਕ ਅਦਾਕਾਰ' ਨਾ ਬਨਣ ਦਿਉ।

**ਪ੍ਰਸ਼ਨ-ਕਰਤਾ** : ਕਈ ਵਾਰ ਆਪਣੇ ਨੇੜਲੇ ਸਕੇ-ਸੰਬੰਧੀਆਂ ਨਾਲੋਂ ਮੋਹ ਤੋੜਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

**ਦਾਦਾਸ਼੍ਰੀ** : ਠੀਕ ਹੈ। ਇਸ ਸੰਬੰਧ ਵਿਚ ਮੈਂ ਤੁਹਾਨੂੰ ਇਕ ਸੱਚੀ ਘਟਨਾ ਦਾ ਬਿਆਨ ਸੁਣਾਉਂਦਾ ਹਾਂ:

"ਇਕ ਵਾਰ ਇਕ ਸੱਜਣ ਰੋਂਦਾ-ਕੁਰਲਾਉਂਦਾ ਹੋਇਆ ਮੇਰੇ ਪਾਸ ਆਇਆ ਅਤੇ ਕਹਿਣ ਲੱਗਾ: 'ਮੇਰੇ ਲਈ ਜ਼ਿੰਦਗੀ ਜਿਉਣੀ ਦੁੱਭਰ ਹੋ ਗਈ ਹੈ; ਮਨ ਕਰਦਾ ਹੈ ਮੈਂ ਖ਼ੁਦਕੁਸ਼ੀ ਕਰ ਲਵਾਂ।'

ਮੈਨੂੰ ਪਤਾ ਸੀ ਕਿ ਪੰਦਰਾਂ ਕੁ ਦਿਨ ਪਹਿਲਾਂ ਹੀ ਉਸ ਦੀ ਪਤਨੀ ਦੀ ਮੌਤ ਹੋ ਗਈ ਸੀ। ਚਾਰ ਛੋਟੇ-ਛੋਟੇ ਬੱਚੇ ਹੁਣ ਉਸ ਦੀ ਜਿੰਮੇਵਾਰੀ ਸਨ। ਮੈਂ ਪੁੱਛਿਆ: 'ਵੀਰ! ਤੁਹਾਡੀ ਸ਼ਾਦੀ ਹੋਇਆ ਕਿੰਨੇ ਸਾਲ ਹੋ ਗਏ ਸੀ?'

"ਦਸ ਸਾਲ", ਉਸ ਦਾ ਉੱਤਰ ਸੀ।

"ਕਲਪਨਾ ਕਰੋ ਕਿ ਉਸ ਦੀ ਮੌਤ ਤੁਹਾਡੇ ਨਾਲ ਮੁਲਾਕਾਤ ਜਾਂ ਸ਼ਾਦੀ ਹੋਣ ਤੋਂ ਪਹਿਲਾਂ ਹੀ ਹੋ ਗਈ ਹੁੰਦੀ ਤਾਂ ਕੀ ਫਿਰ ਵੀ ਤੁਸੀਂ ਉਸ ਦੀ ਮੌਤ ਉਪਰ ਇਸ ਤਰ੍ਹਾਂ ਹੀ ਰੋਂਦੇ?" ਮੈ ਪੁੱਛਿਆ।

"ਨਹੀਂ, ਉਸ ਹਾਲਤ ਵਿਚ ਮੈਂ ਉਸ ਦੇ ਲਈ ਕਿਉਂ ਅਤੇ ਕਿਸ ਖ਼ਾਤਰ ਰੋਂਦਾ? ਫਿਰ ਤਾਂ ਮੈਂ ਉਸ ਨੂੰ ਜਾਣਦਾ ਵੀ ਨਾ ਹੁੰਦਾ," ਉਸ ਨੇ ਫਿਰ ਕਿਹਾ।

ਮੈਂ ਕਿਹਾ: "ਠੀਕ, ਮੈਂ ਤੁਹਾਨੂੰ ਦੱਸਦਾ ਹਾਂ ਕਿ ਤੁਸੀਂ ਉਸ ਦੀ ਮੌਤ ਉਪਰ ਹੁਣ ਕਿਉਂ ਰੋ ਰਹੇ ਹੋ? ਤੁਸੀਂ ਉਸ ਨਾਲ ਸ਼ਾਦੀ ਕਰਨ ਲਈ ਪੂਰੀ ਸ਼ਾਨੋ-ਸ਼ੌਕਤ ਨਾਲ ਬਰਾਤ ਲੈ ਕੇ ਉਸ ਦੇ ਘਰ ਗਏ। ਪਵਿੱਤਰ ਅਗਨੀ ਦੁਆਲੇ ਫੇਰੇ ਲੈਂਦੇ ਸਮੇਂ ਤੁਸੀਂ ਇਹ ਅਹਿਸਾਸ ਦ੍ਰਿੜ ਕਰਨਾ ਆਰੰਭ ਕਰ ਦਿੱਤਾ ਕਿ 'ਇਹ ਮੇਰੀ ਪਤਨੀ ਹੈ; ਇਹ ਹੁਣ ਮੇਰੀ ਹੈ, ਮੇਰੀ ਪਤਨੀ'। ਇੰਝ ਤੁਸੀਂ ਆਪਣੇ ਮਨ ਦੇ ਅੰਦਰ ਉਸ ਪ੍ਰਤੀ ਮਮਤਾ ਦੀ ਗੰਢ ਪਾ ਲਈ। ਜੇ ਪਤਨੀ ਸੁਚੱਜੀ ਹੋਵੇ ਤਾਂ ਉਹ ਰੇਸ਼ਮ ਦੀ ਗੰਢ ਹੈ ਅਤੇ ਜੇ ਉਹ ਕੁਚੱਜੀ ਹੋਈ ਤਾਂ ਇਹ ਗੰਢ ਸੂਤ ਦੀ ਹੋਈ।

ਹੁਣ ਜੇ ਤੁਸੀਂ ਖ਼ੁਦ ਨੂੰ ਮੁਕਤ ਕਰਨਾ ਚਾਹੁੰਦੇ ਹੋ ਤਾਂ ਇਨ੍ਹਾਂ ਗੰਢਾਂ ਨੂੰ ਇਹ ਕਹਿੰਦਿਆਂ ਹੋਇਆਂ ਖੋਲਣਾ ਸ਼ੁਰੂ ਕਰ ਦਿਉ: 'ਉਹ ਮੇਰੀ ਨਹੀਂ ਹੈ'। ਇਹ ਗੱਲ ਉਨੇ ਵਾਰੀ ਕਹੋ ਜਿੰਨੀ ਵਾਰ ਤੁਸੀਂ ਉਸ ਨੂੰ 'ਮੇਰੀ', 'ਮੇਰੀ' ਉਸ ਨਾਲ ਮਮਤਾ ਦੀ ਗੰਢ ਪਾਉਂਦਿਆਂ ਕਿਹਾ ਸੀ। ਤਾਂ ਹੀ ਤੁਸੀਂ ਮਮਤਾ ਦੇ ਬੰਧਨ ਤੋਂ ਛੁਟਕਾਰਾ ਪਾ ਸਕਦੇ ਹੋ, ਉਹ ਬੰਧਨ ਜਿਹੜਾ ਤੁਸੀਂ ਖ਼ੁਦ ਹੀ ਆਪਣੇ ਲਈ ਬਣਾਇਆ ਸੀ।"

ਉਸ ਵਿਅਕਤੀ ਨੂੰ ਮੇਰੀ ਗੱਲ ਸਮਝ ਆ ਗਈ ਅਤੇ ਉਸ ਨੇ ਮਮਤਾ ਦੇ ਬੰਧਨ ਨੂੰ ਢਿੱਲਾ ਕਰਨਾ ਆਰੰਭ ਕਰ ਦਿੱਤਾ ਅਤੇ ਅਖ਼ੀਰ ਨੂੰ ਮੁਕਤ ਹੋ ਗਿਆ। ਪੰਦਰਾਂ ਦਿਨਾਂ ਬਾਅਦ ਉਹ ਫਿਰ ਮੈਨੂੰ ਮਿਲਣ ਆਇਆ ਤਾਂ ਉਸ ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਸਨ। ਮੇਰੇ ਅੱਗੇ ਨਤ-ਮਸਤਕ ਹੁੰਦਿਆਂ ਉਸ ਨੇ ਕਿਹਾ: "ਦਾਦਾ! ਤੁਸੀਂ ਮੈਨੂੰ ਬਚਾ ਲਿਆ। ਤੁਸੀਂ ਮੈਨੂੰ ਮੇਰੇ ਅੰਦਰੋਂ ਮਮਤਾ ਦੀਆਂ ਸਾਰੀਆਂ ਗੰਢਾਂ ਨੂੰ ਖੋਲਣ ਦਾ ਰਸਤਾ ਦਿਖਾ ਦਿੱਤਾ ਹੈ। ਇਸ ਨੇ ਮੈਨੂੰ ਮੁਕਤ ਕਰ ਦਿੱਤਾ ਹੈ।

ਮੇਰੇ ਤੋਂ ਇਸ ਸੱਚੀ ਘਟਨਾ ਨੂੰ ਸੁਣ ਕੇ ਬਹੁਤ ਸਾਰੇ ਲੋਕ ਆਪਣੇ ਅੰਦਰੋਂ ਮਮਤਾ ਦੇ ਬੰਧਨ ਤੋੜ ਕੇ ਮੁਕਤ ਹੋ ਗਏ ਹਨ।

## 129
## ਕ੍ਰੋਧ

ਇਸ ਸੰਸਾਰ ਵਿਚ ਕੋਈ ਵੀ ਵਿਅਕਤੀ ਕ੍ਰੋਧ ਉਪਰ ਕਾਬੂ ਨਹੀਂ ਪਾ ਸਕਦਾ। ਕ੍ਰੋਧ ਆਪਣੇ ਆਪ ਨੂੰ ਦੋ ਰੂਪਾਂ ਵਿਚ ਵਿਅਕਤ ਕਰਦਾ ਹੈ: ਦ੍ਰਿਸ਼ਟੀਗੋਚਰ ਕ੍ਰੋਧ ਅਤੇ ਅਦ੍ਰਿਸ਼ ਕ੍ਰੋਧ। ਜਿਸ ਕ੍ਰੋਧ ਨੂੰ ਲੋਕ ਕਾਬੂ ਕਰ ਲੈਂਦੇ ਹਨ ਉਹ ਦ੍ਰਿਸ਼ਟੀਗੋਚਰ ਕ੍ਰੋਧ ਹੁੰਦਾ ਹੈ। ਇਸ ਕ੍ਰੋਧ ਨੂੰ ਦਬਾ

ਕੇ ਰੱਖਣਾ ਅਦ੍ਰਿਸ਼ ਕ੍ਰੋਧ ਨੂੰ ਜਨਮ ਦਿੰਦਾ ਹੈ। ਜਦੋਂ ਲੋਕ ਇਹ ਦਾਅਵਾ ਕਰਦੇ ਹਨ ਕਿ 'ਮੈਂ ਗੁੱਸੇ ਉਪਰ ਕਾਬੂ ਪਾ ਲਿਆ ਹੈ' ਤਾਂ ਇਸ ਨਾਲ ਉਨ੍ਹਾਂ ਦੀ ਝੂਠੀ ਹਉਮੈਂ ਵਿਚ ਵਾਧਾ ਹੁੰਦਾ ਹੈ। ਸੱਚ ਤਾਂ ਇਹ ਹੈ ਕਿ ਗੁੱਸੇ ਉਪਰ ਪੂਰੀ ਤਰ੍ਹਾਂ ਕਾਬੂ ਪਾਇਆ ਹੀ ਨਹੀਂ ਜਾ ਸਕਦਾ। ਅਸਲ ਵਿਚ ਇਹ ਦ੍ਰਿਸ਼ਟੀਗੋਚਰ ਗੁੱਸੇ ਦੀਆਂ ਬਾਹਰੀ ਨਿਸ਼ਾਨੀਆਂ ਹੁੰਦੀਆਂ ਹਨ ਜੋ ਕਾਬੂ ਹੋ ਗਈਆਂ ਪ੍ਰਤੀਤ ਹੁੰਦੀਆਂ ਹਨ। ਗੁੱਸਾ ਤਾਂ ਅੱਗ ਦੀ ਤਰ੍ਹਾਂ ਹੈ। ਇਹ ਸਿਰਫ਼ ਕ੍ਰੋਧੀ ਨੂੰ ਹੀ ਨਹੀਂ ਸਗੋਂ ਉਸ ਦੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਆਪਣੀ ਅੱਗ ਵਿਚ ਸਾੜ ਦਿੰਦਾ ਹੈ।

ਕ੍ਰੋਧ ਦੇ ਅਣੂ ਬਹੁਤ ਤੇਜ਼ ਅਤੇ ਖ਼ਤਰਨਾਕ ਹੁੰਦੇ ਹਨ। ਕ੍ਰੋਧ ਤਾਂ ਇਕ ਡੱਬੇ ਵਿਚ ਪਾਏ ਉਸ ਬਾਰੂਦ ਦੀ ਤਰ੍ਹਾਂ ਹੁੰਦਾ ਹੈ ਜਿਸ ਨੂੰ ਜਦੋਂ ਅੱਗ ਲਾਈਏ ਤਾਂ ਇਸ ਵਿਚੋਂ ਚੰਗਿਆੜੇ ਨਿਕਲਦੇ ਹਨ, ਅੱਗ ਦੀਆਂ ਲਾਟਾਂ ਨਿਕਲਦੀਆਂ ਹਨ, ਬਹੁਤ ਗਰਮੀ ਪੈਦਾ ਹੁੰਦੀ ਹੈ ਅਤੇ ਜਦੋਂ ਸਾਰਾ ਬਾਰੂਦ ਸੜ ਜਾਦਾ ਹੈ ਤਾਂ ਇਹ ਸ਼ਾਂਤ ਹੋ ਜਾਦਾ ਹੈ। ਗੁੱਸੇ ਦੇ ਮਾਮਲੇ ਵਿਚ ਵੀ ਇੰਝ ਹੀ ਹੁੰਦਾ ਹੈ। ਕ੍ਰੋਧ ਤਾਂ ਕਈ ਤੇਜ਼ ਅਤੇ ਭਿਆਨਕ ਅਣੂਆਂ ਦਾ ਬਣਿਆ ਹੁੰਦਾ ਹੈ। ਜਦੋਂ ਉਹ ਅਣੂੰ ਵਿਵਸਥਿਤਾ ਦੇ ਸਿਧਾਂਤ ਅਨੁਸਾਰ ਫਟਦੇ ਹਨ ਤਾਂ ਉਹ ਚਾਰੇ ਪਾਸਿਉ ਬਲਦੇ ਹਨ।

ਮੇਰੀ ਸੋਚ ਅਨੁਸਾਰ ਚੰਚਲ ਸੁਭਾਅ ਹੋਣਾ ਜਾਂ ਗਰਮ ਸੁਭਾਅ ਹੋਣਾ ਸਚਮੁੱਚ ਕ੍ਰੋਧ ਨਹੀਂ ਹੁੰਦਾ।

**ਪ੍ਰਸ਼ਨ-ਕਰਤਾ** : ਫਿਰ ਅਸਲ ਵਿਚ ਗੁੱਸਾ ਕੀ ਹੈ?

**ਦਾਦਾਸ਼੍ਰੀ** : ਵਿਸਫੋਟਕ ਅਭਿਵਿਅਕਤੀ ਤੋਂ ਪੈਦਾ ਹੋਈ ਕੜਵਾਹਟ ਦਾ ਲੰਮੇ ਸਮੇਂ ਤਕ ਰਹਿਣ ਵਾਲਾ ਪ੍ਰਭਾਵ ਹੀ ਸਚਮੁੱਚ ਕ੍ਰੋਧ ਹੈ। ਅਸਲੀ ਕ੍ਰੋਧ ਉਹ ਹੈ ਜਿਸ ਵਿਚ ਸਵੈ ਸੜਦਾ ਹੈ। ਜਦੋਂ ਕੋਈ ਵਿਅਕਤੀ ਅੰਦਰੋਂ ਸੜਦਾ ਹੈ ਤਾਂ ਉਹ ਖ਼ੁਦ ਅੰਦਰ ਸੇਕ ਮਹਿਸੂਸ ਕਰਦਾ ਹੈ ਅਤੇ ਉਸ ਦੇ ਆਲੇ-ਦੁਆਲੇ ਦੇ ਲੋਕ ਵੀ ਉਸ ਸੇਕ ਨੂੰ ਮਹਿਸੂਸ ਕਰਦੇ ਹਨ। ਕ੍ਰੋਧ ਦੀਆਂ ਦੋਹਾਂ ਕਿਸਮਾਂ ਵਿਚ, ਬਾਅਦ ਵਿਚ ਕੜਵਾਹਟ ਲੰਮਾ ਸਮਾਂ ਬਣੀ ਰਹਿੰਦੀ ਹੈ।

ਸੁਭਾਅ ਦੀ ਤੇਜ਼ੀ ਇਕ ਵੱਖਰੀ ਗੱਲ ਹੈ। ਗੁੱਸੇ ਵਿਚ ਕੜਵਾਹਟ ਨੂੰ ਮਨ ਅੰਦਰ ਸਾਂਭੀ ਰਖਣਾ ਹੀ ਅਸਲੀ ਕ੍ਰੋਧ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਉਦਾਹਰਣ ਦੇ ਲਈ, ਇਕ ਪਤੀ-ਪਤਨੀ ਰਾਤ ਨੂੰ ਲੜ ਪੈਂਦੇ ਹਨ। ਗੁੱਸਾ ਬਹੁਤ ਉਬਲਦਾ ਹੈ ਅਤੇ ਦੋਵੇ਼ ਹੀ ਸਾਰੀ ਰਾਤ ਜਾਗਦੇ ਰਹਿੰਦੇ ਹਨ: ਉਨ੍ਹਾਂ ਨੂੰ ਨੀਂਦ ਨਹੀਂ ਆਉਂਦੀ। ਸਵੇਰੇ ਵੇਲੇ ਪਤਨੀ ਚਾਹ ਦਾ ਕੱਪ ਤਿਆਰ ਕਰਕੇ ਦਿੰਦੀ ਹੈ ਪਰ ਕੱਪ ਨੂੰ ਪਟਕ ਕੇ ਮਾਰਦੀ ਹੈ। ਪਤੀ ਸਮਝ ਜਾਦਾ ਹੈ ਕਿ ਰਾਤ ਵਾਲੇ ਗੁੱਸੇ ਦੀ ਕੜਵਾਹਟ ਹਾਲੇ ਕਾਇਮ ਹੈ। ਇਹ ਕ੍ਰੋਧ ਹੈ।

ਗੁੱਸੇ ਵਿਚ ਪਹੁੰਚੀ ਠੇਸ ਜਾਂ ਪੈਦਾ ਹੋਈ ਕੜਵਾਹਟ ਲੰਮਾ ਸਮਾਂ ਰਹਿ ਸਕਦੀ ਹੈ। ਕਿਉਂ? ਕਈ ਵਿਅਕਤੀ ਤਾਂ ਇਸ 'ਠੇਸ' ਜਾਂ 'ਕੜਵਾਹਟ' ਨੂੰ ਉਮਰ ਭਰ ਛਾਤੀ ਨਾਲ ਲਾਈ ਰਖਦੇ ਹਨ। ਇਕ ਪਿਤਾ ਅਤੇ ਪੁੱਤਰ ਉਮਰ-ਭਰ ਇਕ-ਦੂਜੇ ਨਾਲ ਗੁੱਸੇ-ਗਿਲੇ ਰਹਿ ਸਕਦੇ ਹਨ। ਕ੍ਰੋਧ ਦੇ ਪ੍ਰਭਾਵ ਦਾ ਲੰਮੇ ਅਰਸੇ ਤੱਕ ਬਣੇ ਰਹਿਣ ਦੀ ਨਿਸ਼ਾਨੀ ਵਿਅਕਤੀ ਦੇ ਚਿਹਰੇ ਦੀ ਉਦਾਸੀ ਤੋਂ ਜਾਹਰ ਹੋ ਜਾਂਦੀ ਹੈ।

ਜਦੋਂ ਇਕ ਵਿਅਕਤੀ ਕਿਸੇ ਵਿਸਫੋਟਕ ਹਾਲਤ ਵਿਚ ਵੀ ਗੁੱਸੇ ਨਹੀਂ ਹੁੰਦਾ ਤਾਂ ਇਹ ਉਸ ਦੇ ਸ਼ੁਭ ਚਰਿੱਤਰ ਦੀ ਨਿਸ਼ਾਨੀ ਹੈ। ਸ਼ੁਭ ਚਰਿੱਤਰ ਵਿਅਕਤੀ ਦੇ ਦੁਨਿਆਵੀ ਜੀਵਨ ਨੂੰ ਬੇਹਤਰ ਬਣਾ ਦਿੰਦਾ ਹੈ, ਇਸ ਨੂੰ ਪਵਿੱਤਰ, ਸ਼ੁਭ ਬਣਾ ਦਿੰਦਾ ਹੈ ਜਦੋਂ ਕਿ ਮੁਕਤ-ਪਦ ਇਕ ਅਜਿਹੀ ਸੌਗਾਤ ਹੈ ਜਿਹੜੀ ਸਵੈ-ਪਹਿਚਾਣ ਤੋਂ ਬਾਅਦ ਸਿਰਫ਼ ਗਿਆਨੀ ਪੁਰਸ਼ ਹੀ ਦੇ ਸਕਦਾ ਹੈ।

## 130
## ਲੋਭ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਲੋਭ ਦੇ ਵਿਸ਼ੇ ਉਪਰ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਜਿੰਨੀਆਂ ਵੀ ਸੰਸਾਰ ਅੰਦਰ ਬੁਰਾਈਆਂ (ਕ੍ਰੋਧ, ਹਉਮੈਂ, ਧੋਖਾ, ਲਾਲਚ, ਆਦਿ) ਹਨ ਉਨ੍ਹਾਂ ਵਿਚੋਂ ਲਾਲਚ ਦਾ ਪ੍ਰਭਾਵ ਸਭ ਤੋਂ ਲੰਮੀ ਦੇਰ ਤੱਕ ਬਣਿਆ ਰਹਿਣ ਵਾਲਾ ਪ੍ਰਭਾਵ ਹੈ ਅਤੇ ਇਸ ਤੋਂ ਖਹਿੜਾ ਉਡਾਉਣਾ ਵੀ ਸਭ ਤੋਂ ਮੁਸ਼ਕਲ ਹੈ। ਸੋਚ ਦਾ ਅਰਥ ਹੈ ਮਨ ਅੰਦਰ ਕਿਸੇ ਇੱਛਾ ਨੂੰ ਪਾਲਣਾ। ਇਕ ਲਾਲਚੀ ਵਿਅਕਤੀ ਦੀ ਜੇ ਨਿਰਾਦਰੀ ਵੀ ਕੀਤੀ ਜਾਵੇ ਤਾਂ ਵੀ ਉਹ ਮੁਸਕੁਰਾਉਂਦਾ ਹੀ ਰਹੇਗਾ। ਅਜਿਹੀ ਹਾਲਤ ਵਿਚ ਗਿਆਨੀ ਪੁਰਸ਼ ਵੀ ਮੁਸਕੁਰਾ ਦਿੰਦਾ ਹੈ ਪਰੰਤੂ ਲੋਭੀ ਵਿਅਕਤੀ ਮੁਸਕੁਰਾਉਂਦੇ ਹੋਏ ਆਪਣੇ ਅੰਦਰ ਲੋਭ ਦੀ ਗੰਢ ਨੂੰ ਹੋਰ ਵੀ ਵੱਡਾ ਕਰ ਲੈਂਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਇਕ ਦੁਕਾਨਦਾਰ ਆਦਮੀ ਕਦੇ ਗੁੱਸਾ ਨਹੀਂ ਕਰਦਾ ਜਦੋਂ ਕੋਈ ਗਾਹਕ ਆ ਕੇ ਉਸ ਪਾਸ ਸ਼ਿਕਾਇਤ ਕਰਦਾ ਹੈ ਕਿ ਉਸ ਨੇ ਗਾਹਕ ਦੇ ਪੁੱਤਰ ਨਾਲ 50 ਪੈਸੇ ਦੀ ਠੱਗੀ ਮਾਰੀ ਹੈ। ਦੁਕਾਨਦਾਰ ਆਰਾਮ ਨਾਲ ਸ਼ਾਂਤ-ਚਿਤ ਆਪਣੀ ਗੱਦੀ ਉੱਪਰ ਬੈਠਾ ਰਹਿੰਦਾ ਹੈ, ਬਿਨਾਂ ਘਬਰਾਏ ਜਾਂ ਗੁੱਸਾ ਕਰੇ ਸਗੋਂ ਉਸ ਦੇ ਚਿਹਰੇ ਉਪਰ ਮੁਸਕੁਰਾਹਟ ਰਹਿੰਦੀ ਹੈ। ਉਹ ਉਨ੍ਹਾਂ ਵਿਅਕਤੀਆਂ ਵਿਚੋਂ ਨਹੀਂ ਜਿਹੜੇ ਅਜਿਹੀ ਹਾਲਤ ਵਿਚ ਘਬਰਾ ਜਾਣ। ਸੜਕ ਤੋਂ ਲੰਘਦੇ ਲੋਕ ਉਸ ਦੀ ਦੁਕਾਨ ਅੱਗੇ ਭੀੜ ਦੇ ਰੂਪ ਵਿਚ ਇਕੱਠੇ ਹੋ ਜਾਂਦੇ ਹਨ। ਉਹ ਵੇਖਦੇ ਹਨ ਕਿ

ਦੁਕਾਨਦਾਰ ਚੁੱਪ, ਸ਼ਾਂਤ ਅਤੇ ਸਹਿਜ ਹੈ ਜਦੋਂ ਕਿ ਗਾਹਕ ਕੁੰਠਿਤ ਹੈ ਅਤੇ ਉੱਚੀ-ਉੱਚੀ ਚਿੱਲਾ ਰਿਹਾ ਹੈ। ਭੀੜ ਵਿਚ ਇਕੱਠੇ ਹੋਏ ਲੋਕ ਵੀ ਕਹਿਣ ਲਗਦੇ ਹਨ ਕਿ 'ਇਹ ਵਿਅਕਤੀ (ਗਾਹਕ) ਤਾਂ ਪਾਗਲ ਹੋ ਗਿਆ ਜਾਪਦਾ ਹੈ'। ਉਹ ਉਸ ਦੀ ਚੰਗੀ ਗਤ ਬਣਾਉਂਦੇ ਹਨ ਅਤੇ ਉਸ ਨੂੰ ਬਿਨਾਂ ਕਿਸੇ ਹੁੱਲੜਬਾਜੀ ਦੇ ਇਥੋਂ ਚਲੇ ਜਾਣ ਲਈ ਕਹਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦਾ ਬੜਾ ਹੀ ਇੱਜ਼ਤਦਾਰ ਦੁਕਾਨਦਾਰ ਇਕ ਬੱਚੇ ਨਾਲ ਧੋਖਾ-ਧੜੀ ਨਹੀਂ ਕਰੇਗਾ। ਦੁਕਾਨਦਾਰ ਵੀ ਅੰਦਰ ਹੀ ਅੰਦਰ ਮੁਸਕੁਰਾਉਂਦਾ ਹੈ। ਕਿਉਂ? ਕਿਉਂਕਿ ਉਸ ਦੇ ਮਨ ਅੰਦਰਲਾ ਲੋਭ ਉਸ ਨੂੰ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ 'ਇਹ ਮੂਰਖ ਗਾਹਕ ਗੁੱਸੇ ਨਾਲ ਉੱਚੀ ਅਵਾਜ਼ ਵਿਚ ਚਿੱਲਾਏਗਾ ਅਤੇ ਚਲਾ ਜਾਵੇਗਾ। ਇਸ ਵਿਚ ਮੇਰਾ ਕੀ ਜਾਂਦਾ ਹੈ? ਮੈਂ ਤਾਂ ਪਹਿਲਾਂ ਹੀ 50 ਪੈਸੇ ਮਾਰ ਚੁੱਕਾ ਹਾਂ'।

ਇਹ ਲੋਭੀ ਵਿਅਕਤੀ ਬਾਹਰੋਂ ਵੇਖਣ ਨੂੰ ਗਿਆਨੀ ਪੁਰਸ਼ ਜਾਪਦਾ ਹੈ। ਪਰੰਤੂ ਇਕ ਹਉਮੈਂ ਵਾਲਾ ਵਿਅਕਤੀ, ਜੇ ਉਸ ਦੀ ਬੇਇੱਜ਼ਤੀ ਕਰ ਦਿੱਤੀ ਜਾਵੇ ਤਾਂ ਹੱਸੇਗਾ ਨਹੀਂ। ਉਸ ਦਾ ਕ੍ਰੋਧ ਇਕ ਦਮ ਭੜਕ ਪਵੇਗਾ। ਇਸ ਦੇ ਉਲਟ ਇਕ ਲਾਲਚੀ ਵਿਅਕਤੀ ਕਦੇ ਵੀ ਆਪਣਾ ਗੁੱਸਾ ਨਹੀਂ ਦਿਖਾਵੇਗਾ।

**ਪ੍ਰਸ਼ਨ-ਕਰਤਾ** : ਲਾਲਚੀ ਵਿਅਕਤੀ ਨੂੰ ਗੁੱਸਾ ਕਦੋਂ ਆਉਂਦਾ ਹੈ?

**ਦਾਦਾਸ਼੍ਰੀ** : ਇਕ ਨਾਜ਼ੁਕ ਸਮੇਂ ਜਦੋਂ ਲੋਭੀ ਵਿਅਕਤੀ ਦੇ ਲੋਭ ਦਾ ਸਭ ਤੋਂ ਵੱਡਾ ਉੱਦੇਸ਼ ਉਸ ਦੇ ਹੱਥੋਂ ਨਿਕਲ ਜਾਵੇ ਅਤੇ ਜਦੋਂ ਉਸ ਦਾ ਧ੍ਰੋਹ ਵੀ ਉਸ ਉਦੇਸ਼ ਦੀ ਪ੍ਰਾਪਤੀ ਕਰਨ ਵਿਚ ਅਸਫ਼ਲ ਹੋ ਜਾਵੇ ਤਾਂ ਉਹ ਕ੍ਰੋਧ ਵਿਚ ਆ ਜਾਵੇਗਾ।

ਪਰਮਾਤਮਾ ਦਾ ਹੁਕਮ ਹੈ ਕਿ ਲੋਕ ਆਪਣੀ ਲੋਭ ਅਤੇ ਹਉਮੈਂ ਦੀ ਭਾਵਨਾ ਦੇ ਕਾਰਨ ਦੁੱਖ ਭੋਗਦੇ ਹਨ। ਹਉਮੈਂ ਜਾਂ ਕਾਲਪਨਿਕ ਸਵੈ-ਮਾਣ ਘ੍ਰਿਣਾ ਅਤੇ ਤਿਰਸਕਾਰ ਨੂੰ ਜਨਮ ਦਿੰਦਾ ਹੈ। ਗੁੱਸੇ ਵਿਚ ਵਿਅਕਤੀ ਖ਼ੁਦ ਵੀ ਸੜਦਾ ਹੈ ਅਤੇ ਦੂਸਰਿਆਂ ਨੂੰ ਵੀ ਸਾੜਦਾ ਹੈ।

**ਪ੍ਰਸ਼ਨ-ਕਰਤਾ** : ਲੋਕ ਕ੍ਰੋਧ ਅਤੇ ਹਉਮੈਂ ਉਪਰ ਕਾਬੂ ਪਾਉਣ ਦਾ ਯਤਨ ਕਰਦੇ ਹਨ ਪਰੰਤੂ ਮੁਸ਼ਕਲ ਨਾਲ ਹੀ ਸਫ਼ਲ ਹੁੰਦੇ ਹਨ।

**ਦਾਦਾਸ਼੍ਰੀ** : ਲੋਕ ਪਰਮਾਤਮਾ ਦੇ ਦੈਵੀ ਸ਼ਬਦ ਦਾ ਅਨੁਸਰਣ ਕਰਨ ਦਾ ਯਤਨ ਕਰਦੇ ਹਨ - "ਕ੍ਰੋਧ ਨਾ ਕਰੋ। ਹੰਕਾਰ ਨਾ ਕਰੋ"। ਲੋਕ ਇਨ੍ਹਾਂ ਦੋਹਾਂ ਨੂੰ ਹੀ ਕਾਬੂ ਵਿਚ ਕਰਨ ਦਾ ਯਤਨ ਕਰਦੇ ਹਨ। ਉਹ ਤ੍ਰੈ-ਯੋਗ ਸਾਧਨਾ ਕਰਨੀ ਆਰੰਭ ਕਰ ਦਿੰਦੇ ਹਨ, ਭਾਵ ਮਨ, ਬਚਨ ਅਤੇ ਕਰਮ ਨੂੰ ਕੰਟਰੋਲ ਕਰਨ ਹਿਤ ਆਤਮਕ ਸਾਧਨਾ ਕਰਦੇ ਹਨ। ਇਸ ਸਾਧਨਾ ਦੇ ਰਾਹੀਂ ਕ੍ਰੋਧ ਅਤੇ ਹੰਕਾਰ ਕੁਝ ਹਦ ਤਕ ਘੱਟ ਜ਼ਰੂਰ ਜਾਂਦੇ ਹਨ ਅਤੇ ਬੁੱਧੀ ਦਾ ਗਿਆਨ ਵਧੇਰੇ ਹੋ ਜਾਂਦਾ ਹੈ। ਇਹ ਲਾਲਚ ਨੂੰ ਵਧੇਰੇ ਬਲ ਦਿੰਦਾ ਹੈ। ਬੁੱਧੀ ਦਾ ਗਿਆਨ ਅਜਿਹਾ ਵਿਅਕਤੀ ਆਪਣੇ

ਲੋਭ ਦੀ ਪੂਰਤੀ ਹਿਤ ਧੋਖਾ ਕਰਨ ਦੇ ਯਤਨਾਂ ਹਿਤ ਵਰਤਦਾ ਹੈ।

ਕ੍ਰੋਧ ਅਤੇ ਹੰਕਾਰ ਸਪਸ਼ਟ ਅਤੇ ਛਲ-ਰਹਿਤ ਹੁੰਦੇ ਹਨ। ਕਿਸੇ ਵੀ ਵਿਅਕਤੀ ਅੰਦਰ ਇਨ੍ਹਾਂ ਦੋ ਕਮਜ਼ੋਰੀਆਂ ਨੂੰ ਅਸੀਂ ਸੌਖਿਆਂ ਹੀ ਵੇਖ ਸਕਦੇ ਹਾਂ ਜਦੋਂ ਕਿ ਲੋਭ ਅਤੇ ਧ੍ਰੋਹ ਇਹੋ ਜਿਹੀਆਂ ਕਮਜ਼ੋਰੀਆਂ ਹਨ ਕਿ ਜਿਸ ਵਿਅਕਤੀ ਅੰਦਰ ਇਹ ਹਨ ਉਸ ਨੂੰ ਆਪਣੇ ਅੰਦਰ ਇਨ੍ਹਾਂ ਕਮਜ਼ੋਰੀਆਂ ਦੇ ਹੋਣ ਦਾ ਗਿਆਨ ਨਹੀਂ ਹੁੰਦਾ। ਜਿਸ ਵਿਅਕਤੀ ਅੰਦਰ ਲੋਭ ਤੇ ਧ੍ਰੋਹ ਆ ਗਏ ਫਿਰ ਇਹ ਛੇਤੀ ਕੀਤਿਆਂ ਉਸ ਨੂੰ ਛੱਡਦੇ ਨਹੀਂ।

ਇਕ ਲੋਭੀ ਵਿਅਕਤੀ ਆਪਣੇ ਜਨਮ ਤੋਂ ਲੈ ਕੇ ਹੀ ਇਕ ਪਲ ਲਈ ਵੀ ਲਾਲਚ ਕਰਨ ਦੀ ਵਾਦੀ ਨੂੰ ਛੱਡ ਨਹੀਂ ਸਕਦਾ। ਉਸ ਦੀ ਚੇਤਨਾ ਉਪਰ ਲਾਲਚ ਦੀ ਭਾਵਨਾ ਸਦੈਵ ਹੀ ਹਾਵੀ ਰਹਿੰਦੀ ਹੈ। ਪਰੰਤੂ ਇਕ ਹੰਕਾਰੀ ਵਿਅਕਤੀ ਜਿੱਥੇ ਕਿਤੇ ਵੀ ਉਹ ਜਾਂਦਾ ਹੈ ਆਪਣੇ ਸਤਿਕਾਰ ਅਤੇ ਸਵੈ-ਮਾਣ ਦਾ ਸਦਾ ਹੀ ਧਿਆਨ ਰਖਦਾ ਹੈ। ਉਹ ਆਪਣੇ ਘਰ ਦੇ ਅੰਦਰ ਵੀ ਅਤੇ ਬਾਹਰ ਵੀ ਹਰ ਥਾਂ ਆਪਣੇ ਝੂਠੇ ਹੰਕਾਰ ਦੇ ਪ੍ਰਭਾਵ ਅਧੀਨ ਹੀ ਰਹਿੰਦਾ ਹੈ। ਜੇ ਕੋਈ ਉਸ ਦਾ ਨਿਰਾਦਰ ਕਰ ਦੇਵੇ ਤਾਂ ਉਹ ਕ੍ਰੋਧ ਵਿਚ ਆ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਵਿਅਕਤੀ ਦੇ ਮੁਕਤੀ ਦੇ ਰਸਤੇ ਵਿਚ ਕਿਹੜੀ ਰੁਕਾਵਟ ਹੈ?

**ਦਾਦਾਸ਼੍ਰੀ** : ਕ੍ਰੋਧ, ਹੰਕਾਰ, ਧ੍ਰੋਹ ਅਤੇ ਲਾਲਚ ਵਿਅਕਤੀ ਦੇ ਮੁਕਤੀ ਦੇ ਰਾਹ ਵਿਚ ਰੁਕਾਵਟ ਹਨ। ਧੋਖਾ ਹਮੇਸ਼ਾ ਹੀ ਲੋਭ ਦੀ ਰਖਿਆ ਕਰਦਾ ਹੈ। ਕੀ ਅਸੀਂ ਰੋਜ਼ਾਨਾ ਜੀਵਨ ਵਿਚ ਨਹੀਂ ਵੇਖਦੇ ਕਿ ਕਈ ਦੁਕਾਨਦਾਰ ਆਪਣੀਆਂ ਚੀਜਾਂ ਘੱਟ ਤੋਲਣ ਜਾਂ ਘੱਟ ਮਾਪਣ ਦੇ ਆਦੀ ਹੁੰਦੇ ਹਨ। ਗੁੱਸਾ ਵਿਅਕਤੀ ਦੇ ਹੰਕਾਰ ਅਤੇ ਮਾਣ ਦੇ ਬਚਾਅ ਲਈ ਹੈ। ਲੋਕ ਕ੍ਰੋਧ, ਹੰਕਾਰ, ਧ੍ਰੋਹ ਅਤੇ ਲਾਲਚ ਵਿਚ ਫਸ ਕੇ ਆਪਣਾ ਜੀਵਨ ਜਿਉਂਦੇ ਹਨ।

ਗੁੱਸੇ, ਹੰਕਾਰ, ਧ੍ਰੋਹ ਅਤੇ ਲਾਲਚ ਦੀਆਂ ਦੋ ਕਿਸਮਾਂ ਹਨ - ਇਕ ਜਿਹੜੀ ਕਾਬੂ ਵਿਚ ਰਖੀ ਜਾ ਸਕੇ ਅਤੇ ਦੂਜੀ ਜਿਹੜੀ ਕਾਬੂ ਤੋਂ ਬਾਹਰੀ ਹੋਵੇ।

ਉਦਾਹਰਣ ਦੇ ਲਈ ਜਦੋਂ ਤੁਹਾਨੂੰ ਗੁੱਸਾ ਆਉਂਦਾ ਹੈ ਤਾਂ ਤੁਸੀਂ ਗੁੱਸੇ ਨੂੰ ਦਬਾ ਲੈਂਦੇ ਹੋ; ਇਸ ਨੂੰ ਸ਼ਾਂਤ ਕਰ ਲੈਂਦੇ ਹੋ। ਇਹ ਕੰਟਰੋਲ ਕੀਤੇ ਜਾ ਸਕਣ ਵਾਲੀ ਸ਼੍ਰੇਣੀ ਵਿਚ ਆਉਂਦਾ ਹੈ। ਜੇ ਵਿਅਕਤੀ ਇਸ ਅਵਸਥਾ ਵਿਚ ਪਹੁੰਚ ਜਾਂਦਾ ਹੈ ਤਾਂ ਉਸ ਦਾ ਦੁਨਿਆਵੀ ਜੀਵਨ ਵਧੀਆ ਅਤੇ ਸਾਵਾਂ ਹੋ ਜਾਂਦਾ ਹੈ।

ਕਾਬੂ ਨਾ ਕੀਤੇ ਜਾ ਸਕਣ ਵਾਲੇ ਗੁੱਸੇ ਦੀ ਸਥਿਤੀ ਵਿਚ ਇਸ ਨੂੰ ਦਬਾਉਦ ਦੇ ਸਾਰੇ ਯਤਨ ਅਸਫ਼ਲ ਹੋ ਜਾਂਦੇ ਹਨ। ਇਸ ਦੀ ਵਿਸਫੋਟਕ ਅਭਿਵਿਅਕਤੀ ਨੂੰ ਰੋਕਿਆ ਨਹੀਂ ਜਾ ਸਕਦਾ। ਇਹ ਵਿਅਕਤੀ ਲਈ ਖ਼ੁਦ ਅਤੇ ਦੂਸਰਿਆਂ ਲਈ ਵੀ ਨੁਕਸਾਨਦੇਹ ਹੁੰਦਾ ਹੈ।

ਲੋਭ ਅਤੇ ਧ੍ਰੋਹ ਦੀਆਂ ਗੰਢਾਂ ਗੁੱਸੇ ਅਤੇ ਹੰਕਾਰ ਦੀਆਂ ਗੰਢਾਂ ਨਾਲੋਂ ਵਧੇਰੇ ਪੀਡੀਆਂ ਅਤੇ ਤਕੜੀਆਂ ਹੁੰਦੀਆਂ ਹਨ। ਇਸ ਨੂੰ ਖ਼ਤਮ ਕਰ ਦੇਣਾ ਇਨਾ ਆਸਾਨ ਨਹੀਂ ਹੁੰਦਾ। ਲੋਭ ਨੂੰ ਵੱਡੀ ਗਲਤੀ ਜਾਂ ਕਮਜ਼ੋਰੀ ਕਿਉਂ ਮੰਨਿਆ ਜਾਂਦਾ ਹੈ? ਲੋਭ ਦੂਸਰਿਆਂ ਦਾ ਹੱਕ ਮਾਰਦਾ ਹੈ ਅਤੇ ਉਨ੍ਹਾਂ ਨਾਲ ਠੱਗੀ ਕਰਦਾ ਹੈ। ਜੇਕਰ ਤੁਸੀਂ ਝੀਲ ਵਿਚੋਂ ਸਾਰੇ ਦਾ ਸਾਰਾ ਪਾਣੀ ਆਪਣੀਆਂ ਨਿਜੀ ਲੋੜਾਂ ਦੀ ਪੂਰਤੀ ਹੀ ਕੱਢ ਲੈਂਦੇ ਹੋ ਤਾਂ ਕੀ ਇਹ ਦੂਸਰਿਆਂ ਨੂੰ ਪਾਣੀ ਤੋਂ ਵਾਂਝਿਆਂ ਨਹੀ ਕਰ ਦੇਵੇਗਾ? ਇਸ ਤਰ੍ਹਾਂ ਹੀ ਇਕ ਲੋਭੀ ਵਿਅਕਤੀ ਆਪਣੀ ਲੋਭ ਦੀ ਵਾਦੀ ਰਾਹੀਂ ਜਖੀਰੇਬਾਜੀ ਕਰਦਾ ਹੈ ਅਤੇ ਇਸੇ ਰਾਹ ਉਪਰ ਚਲਦਾ ਰਹਿੰਦਾ ਹੈ।

## 131
## ਧ੍ਰੋਹ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਧ੍ਰੋਹ ਉਪਰ ਵੀ ਚਾਨਣਾ ਪਾਉਣ ਦੀ ਖੇਚਲ ਕਰੋ।

**ਦਾਦਾਸ਼੍ਰੀ** : ਸੱਚਾਈ ਨੂੰ ਨਾ ਬੋਲਣਾ ਧ੍ਰੋਹ ਦੀ ਪਰਿਭਾਸ਼ਾ ਨਹੀਂ ਹੈ। ਧ੍ਰੋਹ, ਮਨ, ਬਚਨ, ਸਰੀਰ ਤਿੰਨਾਂ ਨੂੰ ਪ੍ਰਭਾਵਿਤ ਕਰਦਾ ਹੈ। ਇਕ ਇਸਤਰੀ ਅੰਦਰ ਧੋਖੇ ਅਤੇ ਮੋਹ ਦੇ ਅਣੂ ਵਧੇਰੇ ਹੁੰਦੇ ਹਨ। ਮਰਦ ਵਿਚ ਕ੍ਰੋਧ ਅਤੇ ਹੰਕਾਰ ਦੇ ਅਣੂ ਵਧੇਰੇ ਹੁੰਦੇ ਹਨ। ਜੇ ਕੋਈ ਵਿਅਕਤੀ ਧ੍ਰੋਹ ਅਤੇ ਮੋਹ ਦੇ ਵੱਧ ਅਣੂ ਆਪਣੇ ਵੱਲ ਆਕਰਸ਼ਿਤ ਕਰਦਾ ਹੈ ਤਾਂ ਉਸਦਾ ਅਗਲਾ ਜਨਮ ਇਸਤਰੀ ਜਾਮੇ ਵਿਚ ਹੋ ਸਕਦਾ ਹੈ। ਜੇ ਇਸ ਜਨਮ ਵਿਚ ਕਿਸੇ ਵਿਅਕਤੀ ਅੰਦਰ ਗੁੱਸੇ ਅਤੇ ਹਉਮੈਂ ਦੇ ਅਣੂੰਆਂ ਲਈ ਵਧੇਰੇ ਖਿੱਚ ਹੈ ਤਾਂ ਉਸ ਦਾ ਅਗਲਾ ਜਨਮ ਮਰਦ ਦੇ ਜਾਪੇ ਵਿਚ ਹੋ ਸਕਦਾ ਹੈ।

ਇਸਤਰੀਆਂ ਆਪਣੇ ਕਲਪਿਤ ਡਰ ਦੇ ਕਾਰਨ ਹੀ ਝੂਠ ਬੋਲ ਜਾਂਦੀਆਂ ਹਨ ਜਾਂ ਬੇਈਮਾਨੀ ਕਰਦੀਆਂ ਹਨ। ਇਹ ਅਗਿਆਨਤਾ ਦਾ ਇਕ ਭਾਰੀ ਪਰਦਾ ਪੈਦਾ ਕਰ ਦਿੰਦਾ ਹੈ। ਮੋਹ ਆਕਰਸ਼ਣ ਦੇ ਪੜਦੇ ਨੂੰ ਹੋਰ ਵੀ ਪਕੇਰਾ ਕਰ ਦਿੰਦਾ ਹੈ। ਦੂਜੇ ਪਾਸੇ, ਮਰਦ ਅੰਦਰ ਹੰਕਾਰ ਦੀ ਭਾਵਨਾ ਵਧੇਰੇ ਹੁੰਦੀ ਹੈ ਜਿਸ ਦਾ ਨਤੀਜਾ ਵਾਧੂ ਚੇਤਨਾ ਦੇ ਰੂਪ ਵਿਚ ਨਿਕਲਦਾ ਹੈ। ਜਿੰਨੀ ਵੱਧ ਧ੍ਰੋਹ ਦੀ ਭਾਵਨਾ ਹੋਵੇਗੀ ਉਨੀ ਹੀ ਵੱਧ ਮੋਹ ਦੀ ਭਾਵਨਾ ਵੀ ਹੋਵੇਗੀ।

## 132
## ਕ੍ਰੋਧ, ਹੰਕਾਰ, ਮੋਹ ਅਤੇ ਲੋਭ ਦੀ ਪਾਲਣਾ

**ਪ੍ਰਸ਼ਨ-ਕਰਤਾ** : ਵਿਅਕਤੀ ਕ੍ਰੋਧ, ਹੰਕਾਰ, ਮੋਹ ਅਤੇ ਲੋਭ ਵਰਗੀਆਂ ਬੁਰਾਈਆਂ ਨਾਲ ਕਿਵੇਂ ਨਜਿੱਠ ਸਕਦਾ ਹੈ?

**ਦਾਦਾਸ਼੍ਰੀ** : ਵਿਅਕਤੀ ਲਈ ਜ਼ਰੂਰੀ ਹੈ ਕਿ ਉਹ ਜਾਣ ਲਵੇ ਕਿ ਇਨ੍ਹਾਂ ਵਿਚੋਂ ਹਰ ਇਕ ਨੂੰ ਉਤਸ਼ਾਹਿਤ ਕਰਨਾ ਕਿਵੇਂ ਬੰਦ ਕਰਨਾ ਹੈ। ਇਹ ਚਾਰੇ ਦੀਆਂ ਚਾਰੇ - ਕ੍ਰੋਧ, ਹੰਕਾਰ, ਲੋਭ ਅਤੇ ਮੋਹ - ਬੁਰਾਈਆਂ ਆਪਣਾ ਪਾਲਣ-ਪੋਸ਼ਣ ਵਿਅਕਤੀ ਪਾਸੋਂ ਹੀ ਪ੍ਰਾਪਤ ਕਰਦੀਆਂ ਹਨ, ਪਰੰਤੂ ਵਿਅਕਤੀ ਇਸ ਗੱਲ ਨੂੰ ਸਮਝਦੇ ਨਹੀਂ ਹਨ।

ਜੇ ਇਨ੍ਹਾਂ ਚਾਰਾਂ ਨੂੰ ਤਿੰਨ ਸਾਲ ਲਈ ਭੁੱਖੇ ਰਖਿਆ ਜਾਵੇ ਤਾਂ ਇਹ ਵਿਅਕਤੀ ਦੇ ਅੰਦਰੋਂ ਨੱਸ ਜਾਣਗੀਆਂ ਭਾਵ ਖ਼ਤਮ ਹੋ ਜਾਣਗੀਆਂ। ਉਹ ਕਿਹੜੀ ਖ਼ੁਰਾਕ ਹੈ ਜਿਸ ਨੂੰ ਲੈ ਕੇ ਇਹ ਪਲਦੀਆਂ ਹਨ? ਜੇ ਤੁਹਾਨੂੰ ਇਹ ਵੀ ਪਤਾ ਨਹੀਂ ਤਾਂ ਤੁਸੀਂ ਇਨ੍ਹਾਂ ਨੂੰ ਭੁੱਖੇ ਰੱਖ ਕੇ ਕਿਵੇਂ ਮਾਰ ਸਕਦੇ ਹੋ? ਇਸ ਸੋਝੀ ਦੇ ਨਾ ਹੋਣ ਕਾਰਨ ਲੋਕ ਇਨ੍ਹਾਂ ਬੁਰਾਈਆਂ ਨੂੰ ਖ਼ੁਰਾਕ ਵੀ ਮੁਹੱਈਆ ਕਰਦੇ ਰਹਿੰਦੇ ਹਨ ਅਤੇ ਉਤਸਾਹਿਤ ਵੀ। ਨਹੀਂ ਤਾਂ ਫਿਰ ਇਹ ਜਿੰਦਾ ਕਿਵੇਂ ਰਹਿ ਸਕਦੀਆਂ ਹਨ? ਆਦਿ ਕਾਲ ਤੋਂ ਲੈ ਕੇ ਹੀ ਇਹ ਬੁਰਾਈਆਂ ਵਿਅਕਤੀ ਦੇ ਅੰਦਰ ਹਨ। ਇਸ ਲਈ, ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇਨ੍ਹਾਂ ਨੂੰ ਖ਼ੁਰਾਕ ਦੇਣੀ ਬੰਦ ਕਰੋ। ਇਸ ਦੇ ਉਲਟ, ਹਰ ਕੋਈ ਇਨ੍ਹਾਂ ਨੂੰ ਤਾਕਤ ਦੇ ਜ਼ੋਰ ਨਾਲ ਖ਼ਤਮ ਕਰਨ ਦੀ ਸਿਰਤੋੜ ਕੋਸ਼ਿਸ਼ ਕਰਦਾ ਹੈ ਪਰੰਤੂ ਇਹ ਬੁਰਾਈਆਂ ਅਜਿਹੀ ਮਿੱਟੀ ਦੀਆਂ ਬਣੀਆਂ ਹਨ ਕਿ ਇਸ ਤਰੀਕੇ ਨਾਲ ਇਹ ਵਿਅਕਤੀ ਤੋਂ ਦੂਰ ਨਹੀਂ ਜਾਂਦੀਆਂ।

ਜਦੋਂ ਤੁਸੀਂ ਆਪਣੇ ਅੰਦਰ ਆਪਣੇ ਅਸਲੀ ਸਵੈ ਨੂੰ ਪ੍ਰਕਾਸ਼ਮਾਨ ਕਰ ਲਉਗੇ ਤਾਂ ਹੀ ਤੁਸੀਂ ਇਸ ਤਰ੍ਹਾਂ ਦੀ ਮੈਲ, ਇਸ ਤਰ੍ਹਾਂ ਦੇ ਗੰਦ ਨੂੰ ਆਪਣੇ ਅੰਦਰੋਂ ਧੋ ਕੇ ਬਾਹਰ ਕੱਢ ਸਕੋਗੇ। ਇਹ ਕਮਜ਼ੋਰੀਆਂ ਕਿਸੇ ਜ਼ੋਰ ਜਾਂ ਤਾਕਤ ਅੱਗੇ ਨਹੀਂ ਝੁਕਦੀਆਂ। ਹਾਂ, ਸਿਰਫ਼ ਅਹਿੰਸਕ ਇਲਾਜ ਰਾਹੀਂ ਹੀ ਇਨ੍ਹਾਂ ਨੂੰ ਬਾਹਰ ਧੱਕਿਆ ਜਾ ਸਕਦਾ ਹੈ।

**ਪ੍ਰਸ਼ਨ-ਕਰਤਾ** : ਵਿਅਕਤੀ ਆਪਣੇ ਅੰਦਰਲੇ ਕ੍ਰੋਧ, ਹੰਕਾਰ, ਲੋਭ ਅਤੇ ਮੋਹ ਨੂੰ ਉਤਸਾਹਿਤ ਕਰਨਾ, ਇਨ੍ਹਾਂ ਨੂੰ ਖੁਰਾਕ ਮੁਹੱਈਆ ਕਰਨਾ ਕਿਵੇਂ ਬੰਦ ਕਰ ਸਕਦਾ ਹੈ?

**ਦਾਦਾਸ਼੍ਰੀ** : ਇਕ ਅਧਿਆਪਕ ਆਪਣੇ ਚੇਲੇ ਨੂੰ ਸਜਾ ਕਦੋਂ ਦਿੰਦਾ ਹੈ। ਗੁਰੂ ਆਪਣੇ ਸ਼ਿਸ਼ ਨੂੰ ਸਿਰਫ਼ ਗੁੱਸੇ ਦੀ ਹਾਲਤ ਵਿਚ ਹੀ ਘੂਰਦਾ ਹੈ। ਉਸ ਸਮੇਂ ਜੇ ਕੋਈ ਕਹਿੰਦਾ ਹੈ: 'ਮਾਲਕ! ਤੁਸੀਂ ਉਸ ਨੂੰ ਸਜਾ ਕਿਉਂ ਦੇ ਰਹੇ ਹੋ?' ਇਸ ਪ੍ਰਸ਼ਨ ਦੇ ਉੱਤਰ ਵਜੋਂ ਮਾਲਕ/ਗੁਰੂ ਦਾ ਜੁਆਬ ਹੋਵੇਗਾ: 'ਓਹ! ਇਹ ਇਸ ਸਜਾ ਦਾ ਹੱਕਦਾਰ ਹੈ; ਇਹ ਸਜਾ ਇਸ ਨੂੰ ਮਿਲਣੀ ਹੀ ਚਾਹੀਦੀ ਹੈ।' ਕ੍ਰੋਧ ਦਾ ਪੱਖ ਕਰਨਾ ਜਾਂ ਕ੍ਰੋਧ ਦੀ ਉਚਿਤਤਾ ਦਾ ਯਤਨ ਹੀ ਕ੍ਰੋਧ ਦੀ ਖ਼ੁਰਾਕ ਹੈ।

ਇਕ ਕੰਜੂਸ ਤੁਹਾਨੂੰ ਕਹਿੰਦਾ ਹੈ ਕਿ ਤੁਸੀਂ ਉਸ ਵਾਸਤੇ ਚਾਹ ਦਾ ਇਕ ਪੈਕਟ ਖਰੀਦ ਕੇ ਦਿਉ ਅਤੇ ਤੁਸੀਂ 30 ਪੈਸੇ ਦੀ ਚਾਹ ਉਸ ਨੂੰ ਖ਼ਰੀਦ ਦੇ ਦਿੰਦੇ ਹੋ। ਫਿਰ ਉਹ ਤੁਹਾਨੂੰ ਕਹਿੰਦਾ ਹੈ ਕਿ ਤੁਸੀਂ ਇੰਨੇ ਮਹਿੰਗੇ ਭਾਅ ਚਾਹ ਕਿਉਂ ਖਰੀਦੀ? ਇਹੋ ਜਿਹੇ ਸ਼ਬਦ ਹੀ ਉਸ ਦੀ ਲੋਭ

ਦੀ ਭਾਵਨਾ ਦੀ ਖ਼ੁਰਾਕ ਹਨ ਅਤੇ ਫਿਰ ਕੋਈ ਹੋਰ ਵਿਅਕਤੀ ਚਾਹ ਦਾ ਇਕ ਪੈਕਟ 80 ਪੈਸੇ ਦਾ ਖ਼ਰੀਦ ਲਿਆਉਂਦਾ ਹੈ। ਇਕ ਅਸੰਜਮੀ ਵਿਅਕਤੀ ਸੋਚਦਾ ਹੈ ਕਿ ਇਹ ਚਾਹ ਜ਼ਰੂਰ ਹੀ ਵਧੀਆ ਕੁਆਲਟੀ ਦੀ ਹੋਵੇਗੀ। ਇਹ ਸੋਚ ਉਸ ਦੀ ਫ਼ਜ਼ੂਲਖ਼ਰਚੀ, ਲੋਭ ਦੀ ਭਾਵਨਾ ਲਈ ਖ਼ੁਰਾਕ ਹੈ। ਇਸ ਤਰ੍ਹਾਂ ਅਸੀਂ ਲੋਭ ਨੂੰ ਖ਼ੁਰਾਕ ਮੁਹੱਈਆਂ ਕਰਦੇ ਰਹਿੰਦੇ ਹਾਂ। ਸਾਨੂੰ ਹਮੇਸ਼ਾ ਸਾਂਵੀਂ ਜ਼ਿੰਦਗੀ ਜਿਉਣੀ ਚਾਹੀਦੀ ਹੈ।

ਆਉ ਹੁਣ ਵੇਖੀਏ ਕਿ ਉਹ ਕਿਹੜੀ ਚੀਜ ਹੈ ਜਿਹੜੀ ਧ੍ਰੋਹ ਨੂੰ ਪੱਠੇ ਪਾਉਂਦੀ ਹੈ। ਮੰਨ ਲਉ ਕਾਲਾ ਬਾਜ਼ਾਰੀ ਇਕ ਦੁਕਾਨਦਾਰ ਦੇ ਖ਼ੂਨ ਵਿਚ ਰਚੀ ਹੋਈ ਹੈ। ਜਦੋਂ ਧ੍ਰੋਹ ਦੀ ਗੱਲ ਹੁੰਦੀ ਹੈ ਤਾਂ ਅਜਿਹਾ ਵਿਅਕਤੀ ਕਹੇਗਾ: "ਠੀਕ ਹੈ, ਸਾਨੂੰ ਕਾਲਾਬਾਜ਼ਾਰੀ ਕਿਸੇ ਵੀ ਹਾਲਤ ਵਿਚ ਨਹੀਂ ਕਰਨੀ ਚਾਹੀਦੀ।" ਇੰਝ ਉਹ ਆਪਣੀ ਬੇਈਮਾਨੀ ਉਪਰ ਈਮਾਨਦਾਰੀ ਦੀ ਮੋਹਰ ਲਾਉਣ ਦਾ ਯਤਨ ਕਰਦਾ ਹੈ।

ਅਤੇ ਹੰਕਾਰ ਨੂੰ ਕਿਹੜੀ ਕਿਸਮ ਦੀ ਖ਼ੁਰਾਕ ਚਾਹੀਦੀ ਹੈ? ਕਲਪਨਾ ਕਰੋ ਤੁਹਾਨੂੰ ਜਾਂਦਿਆਂ ਹੋਇਆ ਰਸਤੇ ਵਿਚ ਚੰਦੂਲਾਲ ਟੱਕਰ ਜਾਂਦਾ ਹੈ। ਤੁਸੀਂ ਕਹਿੰਦੇ ਹੋ: "ਹੈਲੋ! ਚੰਦੂ ਲਾਲ, ਤੁਹਾਡਾ ਕੀ ਹਾਲ ਹੈ?" ਉਸ ਸਮੇਂ ਚੰਦੂ ਲਾਲ ਖੁਸ਼ ਅਤੇ ਮਣਮੱਤਾ ਮਹਿਸੂਸ ਕਰਦਾ ਹੈ। ਉਸ ਦੀ ਛਾਤੀ ਹਉਮੈਂ ਨਾਲ ਫੁੱਲ ਜਾਂਦੀ ਹੈ। ਹਾਂ, ਇਹ ਹੈ ਹੰਕਾਰ ਜਾਂ ਹਉਮੈਂ ਦੀ ਖੁਰਾਕ।

ਆਤਮਾ ਤੋਂ ਸਿਵਾਇ ਹਰ ਚੀਜ ਖ਼ੁਰਾਕ ਖਾਣ ਨਾਲ ਹੀ ਜੀਵਿਤ ਰਹਿੰਦੀ ਹੈ। ਆਉ ਆਪਾਂ ਸਾਰੇ ਕ੍ਰੋਧ, ਹੰਕਾਰ, ਧ੍ਰੋਹ ਅਤੇ ਲੋਭ ਨੂੰ ਪੱਠੇ ਨਾ ਪਾਈਏ ਅਤੇ ਇਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਵੀ ਖ਼ੁਰਾਕ ਮੁਹੱਈਆ ਨਾ ਕਰਵਾਈਏ।

## 133

## ਆਤਮਾ ਨੂੰ ਖ਼ੁਰਾਕ ਦੀ ਜ਼ਰੂਰਤ ਨਹੀਂ

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ! ਇਹ ਸਾਰੇ ਚਾਰ ਚੋਰ - ਕ੍ਰੋਧ, ਹੰਕਾਰ, ਮੋਹ ਅਤੇ ਲੋਭ - ਪੈਦਾ ਕਿਥੇ ਹੁੰਦੇ ਹਨ?

**ਦਾਦਾਸ਼੍ਰੀ** : ਇਨ੍ਹਾਂ ਦੀ ਉਤਪਤੀ ਗਲਤ ਧਾਰਨਾ ਕਾਰਨ ਅਚੇਤਨ ਨੂੰ ਪੱਠੇ ਪਾਉਣ, ਉਸ ਨੂੰ ਖ਼ੁਰਾਕ ਮੁਹੱਈਆ ਕਰਵਾਉਣ ਵਿਚ ਹੈ। ਇਹ ਚਾਰਜਡ ਪ੍ਰਤਿਸ਼ਠਿਤ ਆਤਮਾ ਤੋਂ ਪੈਦਾ ਹੁੰਦੇ ਹਨ।

**ਪ੍ਰਸ਼ਨ-ਕਰਤਾ** : ਫਿਰ ਵਿਅਕਤੀ ਆਪਣੇ ਆਪ ਨੂੰ ਇਨ੍ਹਾਂ ਤੋਂ ਆਜ਼ਾਦ ਕਿਵੇਂ ਕਰ ਸਕਦਾ ਹੈ?

**ਦਾਦਾਸ਼੍ਰੀ** : ਇਕ ਪੂਰਨ ਗਿਆਨੀ ਪੁਰਸ਼ ਜੋ ਵੀ ਉਹ ਕਰਨਾ ਚਾਹੇ ਕਰ ਸਕਣ ਦੇ ਸਮਰਥ ਹੁੰਦਾ ਹੈ। ਗਿਆਨੀ ਪੁਰਸ਼ ਕਰਮਾਂ ਦੇ ਪੁਨਰ-ਚਾਰਜ ਹੋਣ ਦੀ ਪ੍ਰਕ੍ਰਿਆ ਨੂੰ ਬੰਦ ਕਰ ਦਿੰਦਾ

ਹੈ, ਪ੍ਰਤਿਸ਼ਠਿਤ ਆਤਮਾ ਨੂੰ ਚਾਰਜ ਕਰਨ ਦੀ ਵ੍ਰਿਤੀ ਵਾਲੇ ਗਲਤ ਵਿਸ਼ਵਾਸ਼ ਨੂੰ ਤੋੜ ਦਿੰਦਾ ਹੈ, ਇਸ ਨਾਸ਼ਵਾਨ ਵਿਅਕਤ ਸੰਸਾਰ ਪ੍ਰਤੀ ਆਕਰਸ਼ਣ ਅਤੇ ਝੁਕਾਅ ਨੂੰ ਤਜ ਦੇਣ ਹਿਤ ਮਜ਼ਬੂਰ ਕਰ ਦਿੰਦਾ ਹੈ, ਵਿਅਕਤੀ ਨੂੰ ਸ਼ੁੱਧ ਆਤਮਾ ਦੇ ਪੱਧਰ ’ਤੇ ਉੱਚਾ ਉਠਾ ਦਿੰਦਾ ਹੈ ਅਤੇ ਉਸ ਨੂੰ ਸ਼ੁੱਧ ਆਤਮਾ ਨਾਲ ਜੋੜ ਦਿੰਦਾ ਹੈ। ਉਸ ਉਪਰੰਤ ਵਿਅਕਤੀ ਕ੍ਰੋਧ, ਲੋਭ, ਧ੍ਰੋਹ ਅਤੇ ਮੋਹ ਦੀਆਂ ਭਾਵਨਾਵਾਂ ਤੋਂ ਮੁਕਤ ਹੋ ਜਾਦਾ ਹੈ।

ਕ੍ਰੋਧ-ਹੰਕਾਰ-ਧ੍ਰੋਹ-ਲੋਭ ਇਕ ਬੰਧਨ ਹਨ: ਇਹ ਚੇਤਨ ਅਤੇ ਅਚੇਤਨ, ਸੱਚਾ ਗਿਆਨ ਅਤੇ ਅਗਿਆਨਤਾ ਵਿਚਕਾਰ ਇਕ ਕੜੀ ਹਨ। ਨਹੀਂ ਤਾਂ ਪਰਮਾਤਮਾ (ਸਾਡੀ ਸ਼ੁੱਧ ਆਤਮਾ), ਜੋ ਹਰ ਪ੍ਰਕਾਰ ਦੇ ਮੋਹ ਤੋਂ ਆਜ਼ਾਦ ਹੈ, ਇਨ੍ਹਾਂ ਸਭ ਨਾਲ ਕਿਉਂ ਜੁੜ ਕੇ ਰਹੇਗੀ?

## 134

## ਗ੍ਰਹਿ ਵਿਭਾਗ ਅਤੇ ਵਿਦੇਸ਼ ਵਿਭਾਗ

**ਪ੍ਰਸ਼ਨ-ਕਰਤਾ** : ਆਪਣੀ ਜੀਵਨ ਯਾਤਰਾ ਦੇ ਦੌਰਾਨ ਵਿਅਕਤੀ ਨੂੰ ਅਨੇਕ ਵਿਭਿੰਨ ਪ੍ਰਕਾਰ ਦੇ ਮਸਲਿਆਂ, ਵਿਵਾਦਾਂ ਅਤੇ ਹਾਲਾਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਦਾਦਾਸ਼੍ਰੀ** : ਹਾਲਾਤ ਹਮੇਸ਼ਾ ਬਦਲਦੇ ਰਹਿੰਦੇ ਹਨ ਪਰੰਤੂ ਉਨ੍ਹਾਂ ਸਾਰੇ ਹਾਲਾਤਾਂ ਜਿਹੜੇ ਸ਼ੁੱਧ ਆਤਮਾ ਨਾਲ ਸੰਬੰਧਤ ਹਨ ਪ੍ਰਤੀ ਵਿਅਕਤੀ ਨੂੰ ਹਮੇਸ਼ਾ ਸੁਹਿਰਦ ਰਹਿਣਾ ਚਾਹੀਦਾ ਹੈ ਅਤੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਜਦੋਂ ਕਦੇ ਵੀ ਵਿਦੇਸ਼ ਵਿਚ ਪੇਰੂ ਵਰਗੇ ਕਿਸੇ ਮੁਲਕ ਵਿਚ ਕੋਈ ਕੁਦਰਤੀ ਆਫਤ (ਜਿਹਾ ਕਿ ਝੱਖੜ ਆਉਣਾ ਜਾਂ ਜਵਾਲਾਮੁਖੀ ਦਾ ਫਟਣਾ) ਆਉਂਦੀ ਹੈ ਤਾਂ ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਆਪਣੀ ਕੈਬਨਿਟ ਦੀ ਮੀਟਿੰਗ ਬੁਲਾਉਂਦਾ ਹੈ। ਉਹ ਇਸ ਆਫਤ ਦੌਰਾਨ ਮਰ ਚੁੱਕੇ ਵਿਅਕਤੀਆਂ ਦੇ ਪਰਿਵਾਰਾਂ ਨਾਲ ਸਹਾਨੁਭੂਤੀ ਅਤੇ ਹਮਦਰਦੀ ਜਤਾਉਣ ਹਿਤ ਇੱਕ ਚਿੱਠੀ ਦਾ ਖਰੜਾ ਤਿਆਰ ਕਰਦਾ ਹੈ ਅਤੇ ਉਹ ਪੱਤਰ ਪੇਰੂ ਜਾਂ ਅਜਿਹੇ ਹੋਰ ਮੁਲਕ ਜਿਥੇ ਵੀ ਅਜਿਹੀ ਦੁਰਘਟਨਾ ਵਾਪਰੀ ਹੋਵੇ ਦੇ ਪ੍ਰਧਾਨ ਮੰਤਰੀ ਨੂੰ ਆਪਣੇ ਵਿਦੇਸ਼ ਵਿਭਾਗ ਦੇ ਰਾਹੀਂ ਭੇਜ ਦਿੰਦਾ ਹੈ। ਉਹ ਉਸ ਆਫਤ ਕਾਰਨ ਉਸ ਮੁਲਕ ਵਿਚ ਹੋਏ ਜਾਨੀ ਅਤੇ ਮਾਲੀ ਨੁਕਸਾਨ ਕਾਰਨ ਉਸ ਮੁਲਕ ਦੇ ਲੋਕਾਂ ਨਾਲ ਆਪਣਾ ਦਿਲੀ ਦੁੱਖ ਸਾਝਾਂ ਕਰਦਾ ਹੈ। ਉਹ ਆਪਣੇ ਦੇਸ਼ ਦੇ ਲੋਕਾਂ ਵਲੋਂ ਉਸ ਮੁਲਕ ਦੇ ਲੋਕਾਂ ਦੇ ਗਮ ਵਿਚ ਸ਼ਰੀਕ ਹੁੰਦਾ ਹੈ। ਉਹ ਇਹ ਵੀ ਦੱਸਦਾ ਹੈ ਕਿ ਇਸ ਮੌਕੇ ਆਪਣੇ ਦੇਸ਼ ਦਾ ਕੌਮੀ ਝੰਡਾ ਵੀ ਝੁਕਾ ਰਹੇ ਹਨ।

ਇਕ ਪਾਸੇ ਤਾਂ ਉਹ ਅਜਿਹੀ ਚਿੱਠੀ ਦਾ ਖਰੜਾ ਤਿਆਰ ਕਰ ਰਿਹਾ ਹੁੰਦਾ ਹੈ ਅਤੇ ਦੂਜੇ ਪਾਸੇ ਖਾਣਾ, ਡਰਿੰਕ ਜਾਂ ਨਾਸ਼ਤੇ ਦਾ ਆਨੰਦ ਵੀ ਮਾਣ ਰਿਹਾ ਹੁੰਦਾ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਵਿਦੇਸ਼ੀ ਮਾਮਲਿਆਂ ਵਿਚ ਸਭ ਦਿਖਾਵਾ ਹੀ ਹੈ ਜਦੋਂ ਕਿ ਘਰੇਲੂ ਮਾਮਲਿਆਂ ਵਿਚ ਉਸ ਨੂੰ ਹਰ ਗੱਲ ਵਿਸਥਾਰ ਵਿਚ ਘੋਖਣੀ ਹੁੰਦੀ ਹੈ ਅਤੇ ਹਰ ਗੱਲ ਦੀ ਤਹਿ ਤੱਕ ਜਾਣਾ ਹੁੰਦਾ ਹੈ। ਦੂਸਰੇ ਮੁਲਕ ਨਾਲ ਸੰਬੰਧਤ ਮਾਮਲਿਆਂ ਵਿਚ ਦੁੱਖ ਅਤੇ ਹਮਦਰਦੀ ਦਾ ਪ੍ਰਗਟਾਵਾ ਮਹਿਜ ਇਕ ਦਿਖਾਵਾ ਮਾਤਰ ਹੈ। ਇਹ ਦੁੱਖ ਅਤੇ ਹਮਦਰਦੀ ਦਿਲੋਂ ਮਹਿਸੂਸ ਨਹੀਂ ਕੀਤੇ ਜਾਂਦੇ; ਅਜਿਹਾ ਪ੍ਰਗਟਾਵਾ ਕਰਦੇ ਸਮੇਂ ਉਹ ਘਰ ਦੀ ਚਾਰਦੀਵਾਰੀ ਦੇ ਅੰਦਰ ਸਵਾਦੀ ਖਾਣੇ ਦਾ ਆਨੰਦ ਲੈ ਰਹੇ ਹੁੰਦੇ ਹਨ। ਇਹ ਸਭ ਫਜ਼ੂਲ ਦਿਖਾਵਾ ਹੈ: ਨਹੀਂ?

**ਪ੍ਰਸ਼ਨ-ਕਰਤਾ** : ਹਾਂ, ਅਜਿਹੇ ਮਾਮਲਿਆਂ ਵਿਚ ਰਾਜਨੀਤਕ ਨੇਤਾਵਾਂ ਵਲੋਂ ਦਿਖਾਵਾ ਹੀ ਕੀਤਾ ਜਾਂਦਾ ਹੈ: ਔਪਚਾਰਿਕਤਾ ਹੀ ਨਿਭਾਈ ਜਾਂਦੀ ਹੈ।

**ਦਾਦਾਸ਼੍ਰੀ** : ਇਸੇ ਤਰ੍ਹਾਂ ਸਾਡੇ ਅੰਦਰ ਵੀ ਦੋ ਵਿਭਾਗ ਹਨ - ਗ੍ਰਹਿ ਅਤੇ ਵਿਦੇਸ਼। ਵਿਦੇਸ਼ ਵਿਭਾਗ ਵਿਚ ਵਿਅਕਤੀ ਨੇ ਸਿਰਫ਼ ਵਿਖਾਵਾ ਹੀ ਕਰਨਾ ਹੁੰਦਾ ਹੈ ਅਤੇ ਗ੍ਰਹਿ ਵਿਭਾਗ ਵਿਚ ਸੁਹਿਰਦ ਅਤੇ ਸਹੀ। ਆਪਣੀ ਆਤਮਾ ਦੇ ਪ੍ਰਤੀ ਵਿਅਕਤੀ ਨੂੰ ਹਰ ਗੱਲ ਵਿਸਥਾਰ ਵਿਚ ਅਤੇ ਉਸ ਦੀ ਤਹਿ ਤੱਕ ਜਾ ਕੇ ਵਿਚਾਰਨੀ ਚਾਹੀਦੀ ਹੈ। ਦੁਨਿਆਵੀ ਵਿਵਹਾਰ ਅਤੇ ਮਨ-ਬਚਨ-ਕਰਮ ਨਾਲ ਜੁੜੇ ਸਾਡੇ ਦੁਨਿਆਵੀ ਜੀਵਨ ਵਿਚ ਗ੍ਰਹਿ ਵਿਭਾਗ ਵਿਚ ਵੀ ਵਿਦੇਸ਼ ਵਿਭਾਗ ਦੀ ਤਰ੍ਹਾਂ ਨਿਰਲੇਪ, ਔਪਚਾਰਕ ਵਤੀਰਾ ਹੀ ਅਪਨਾਉਣਾ ਚਾਹੀਦਾ ਹੈ।

ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਸਿਰਫ਼ ਉਨ੍ਹਾਂ ਹਾਲਾਤਾਂ ਨਾਲ ਜੋੜੇ ਜਿਹੜੇ ਉਸ ਨੂੰ ਆਤਮ-ਪਹਿਚਾਣ ਦੇ ਉਦੇਸ਼ ਤੱਕ ਲੈ ਕੇ ਜਾਂਦੇ ਹਨ। ਬਾਕੀ ਸਾਰੇ ਹਾਲਾਤਾਂ ਵਿਚ ਉਸ ਨੂੰ ਔਪਚਾਰਕ ਹੀ ਰਹਿਣਾ ਚਾਹੀਦਾ ਹੈ।

## 135

## ਹਾਲਾਤ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਨੂੰ ਹਾਲਾਤਾਂ ਬਾਰੇ ਵੀ ਚਾਨਣਾ ਪਾਉ ਕਿਉਂਕਿ ਵਿਅਕਤੀ ਹਮੇਸ਼ਾ ਹੀ ਕਈ ਤਰ੍ਹਾਂ ਦੇ ਹਾਲਾਤਾਂ ਵਿਚਕਾਰ ਘਿਰਿਆ ਰਹਿੰਦਾ ਹੈ।

**ਦਾਦਾਸ਼੍ਰੀ** : ਦੇਖੋ, ਇਸ ਸੰਸਾਰ ਅੰਦਰ ਦੋ ਚੀਜਾਂ ਹੁੰਦੀਆਂ ਹਨ - ਹਾਲਾਤ ਅਤੇ ਆਤਮਾ। ਆਪਣੇ ਆਪ ਨੂੰ ਹਾਲਾਤਾਂ ਵਿਚ ਖੋ ਲੈਣ ਨਾਲ ਵਿਅਕਤੀ ਲਈ ਆਵਾਗਵਣ ਦਾ ਚੱਕਰ ਬਣਿਆ ਰਹਿੰਦਾ ਹੈ, ਪਰੰਤੂ ਹਾਲਾਤਾਂ ਦਾ ਸਿਰਫ਼ ਗਿਆਤਾ ਹੋਣਾ ਵਿਅਕਤੀ ਨੂੰ ਦੈਵੀ ਦਰਜਾ

ਦਿਵਾ ਦਿੰਦਾ ਹੈ।

ਇਹ ਸੰਸਾਰ ਲਗਾਤਾਰ ਬਦਲਦਾ ਰਹਿੰਦਾ ਹੈ ਕਿਉਂਕਿ ਇਸ ਦਾ ਮੁੱਢਲਾ ਸੁਭਾਅ ਹੀ ਨਿਰੰਤਰ ਪਰਿਵਰਤਨਸ਼ੀਲ ਰਹਿਣਾ ਹੈ। ਹਾਲਾਤਾਂ ਦਾ ਮੂਲ ਸੁਭਾਅ ਹੈ ਹੌਲੀ ਹੌਲੀ ਖ਼ਤਮ ਹੋ ਜਾਣਾ। ਨਿਰੰਤਰ ਤਬਦੀਲ ਹੁੰਦੇ ਰਹਿਣਾ ਹਾਲਾਤਾਂ ਦਾ ਸੁਭਾਅ ਹੈ। ਉਹ ਹਮੇਸ਼ਾ ਹੀ ਬਦਲਦੇ ਰਹਿੰਦੇ ਹਨ।

ਇਹ ਸੰਸਾਰ ਸੰਜੋਗ-ਵਿਯੋਗ ਦੇ ਪ੍ਰਸਪਰ ਸੰਬੰਧ ਦੇ ਰਾਹੀਂ ਚਲਦਾ ਹੈ? ਇਸ ਸੰਸਾਰ ਦਾ ਕਰਤਾ ਕੌਣ ਹੈ? ਸੰਸਾਰ ਦਾ ਕਰਤਾ ਕੋਈ ਨਹੀਂ ਹੈ। ਇਹ ਤਾਂ ਵਿਗਿਆਨਕ ਵਿਵਸਥਿਤ ਸ਼ਕਤੀ ਦੇ ਰਾਹੀਂ ਚਲਦਾ ਹੈ। ਜਿਸ ਢੰਗ ਨਾਲ ਚੀਜਾਂ ਦਾ ਸੰਯੋਗ ਹੁੰਦਾ ਹੈ ਉਹ ਉਸੇ ਢੰਗ ਨਾਲ ਨਜ਼ਰ ਆਉਂਦੀਆਂ ਹਨ। ਇਨ੍ਹਾਂ ਸੰਜੋਗਾਂ ਦੇ ਬਨਾਉਣ ਲਈ ਕਿਸੇ ਨੂੰ ਕੋਈ ਵਿਸ਼ੇਸ਼ ਯਤਨ ਕਰਨ ਦੀ ਲੋੜ ਨਹੀਂ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਹ ਗੱਲ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਅਸਮਾਨ ਦੇ ਵਿਚ ਜਿਹੜੀ ਸਤਰੰਗੀ ਪੀਂਘ ਤੁਸੀਂ ਵੇਖਦੇ ਹੋ ਉਸ ਵਿਚ ਰੰਗ ਕਿਸ ਨੇ ਭਰੇ ਹਨ? ਇਹ ਸਤਰੰਗੀ ਪੀਂਘ ਉਦੋਂ ਹੀ ਨਜ਼ਰ ਆਉਂਦੀ ਹੈ ਜਦੋਂ ਵਿਵਸਥਿਤ ਸ਼ਕਤੀ ਇਸ ਦਾ ਸੰਜੋਗ ਬਣਾਉਂਦੀ ਹੈ। ਇਸ ਸੰਜੋਗ ਨੂੰ ਬਨਾਉਣ ਹਿਤ ਸਹਾਈ ਹੁੰਦੇ ਹਨ ਸੂਰਜ, ਬੱਦਲ, ਵਿਅਕਤੀ, ਆਦਿ। ਭਾਵ ਇਹ ਕਿ ਜਦੋਂ ਕਈ ਸਾਰੀਆਂ ਚੀਜਾਂ ਇਕੱਠੀਆਂ ਹੋ ਜਾਂਦੀਆਂ ਹਨ ਤਾਂ ਹੀ ਸਤਰੰਗੀ ਪੀਂਘ ਅਸਮਾਨ ਵਿਚ ਨਜ਼ਰ ਆਉਣ ਲਗਦੀ ਹੈ। ਇਸ ਘਟਨਾ ਵਿਚ ਜੇ ਸੂਰਜ ਇਹ ਦਾਅਵਾ ਕਰੇ ਕਿ 'ਮੇਰੀ ਗੈਰਹਾਜ਼ਰੀ ਵਿਚ ਸਤਰੰਗੀ ਪੀਂਘ ਦਾ ਬਨਣਾ ਸੰਭਵ ਹੀ ਨਹੀਂ ਸੀ' ਤਾਂ ਇਹ ਉਸ ਦੀ ਝੂਠੀ ਹਉਮੈ ਹੋਵੇਗੀ ਕਿਉਂਕਿ ਬੱਦਲਾਂ ਦੀ ਹੋਂਦ ਤੋਂ ਬਿਨਾਂ ਵੀ ਇਸ ਨੇ ਨਹੀਂ ਬਨਣਾ ਸੀ।

ਜੇ ਬੱਦਲ ਇਹ ਸ਼ੇਖੀ ਮਾਰਨ ਕਿ ਸਾਡੇ ਤੋਂ ਬਿਨਾਂ ਸਤਰੰਗੀ ਪੀਂਘ ਦੀ ਹੋਂਦ ਸੰਭਵ ਨਹੀਂ ਹੋ ਸਕਦੀ ਤਾਂ ਇਹ ਗੱਲ ਵੀ ਗਲਤ ਹੋਵੇਗੀ। ਇਸ ਘਟਨਾ ਦੇ ਵਾਪਰਨ ਲਈ, ਸਤਰੰਗੀ ਪੀਂਘ ਦੇ ਹੋਂਦ ਵਿਚ ਆਉਣ ਲਈ ਕਈ ਚੀਜਾਂ ਦਾ ਸੰਜੋਗਵਸ ਇਕੱਠੇ ਹੋਣਾ ਜ਼ਰੂਰੀ ਹੈ। ਇਸ ਸੰਜੋਗ ਦੇ ਟੁੱਟਣ ਨਾਲ ਪੈਦਾ ਹੋਣ ਵਾਲੀ ਚੀਜ (ਭਾਵ ਸਤਰੰਗੀ ਪੀਂਘਾਂ) ਵੀ ਅਲੋਪ ਹੋ ਜਾਂਦੀ ਹੈ। ਜੇ ਇਹ ਸੰਜੋਗਵਸ ਇਕੱਠੀਆਂ ਹੋਣ ਵਾਲੀ ਚੀਜਾਂ ਖਿੰਡ ਜਾਣ ਜਾਂ ਉਨ੍ਹਾਂ ਦੇ ਬਨਣ ਵਿਚ ਕੋਈ ਹੋਰ ਭਿੰਨਤਾ ਆ ਜਾਵੇ ਤਾਂ ਵੀ ਸਤਰੰਗੀ ਪੀਂਘ ਨਹੀਂ ਬਣੇਗੀ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ! ਇਨ੍ਹਾਂ ਹਾਲਾਤਾਂ, ਇਨ੍ਹਾਂ ਚੀਜਾਂ ਦਾ ਸੰਜੋਗ ਕਦੋਂ ਬਣਦਾ ਹੈ?

**ਦਾਦਾਸ਼੍ਰੀ** : ਇਨ੍ਹਾਂ ਸਭ ਵਸਤਾਂ ਦੇ ਸੰਜੋਗ (ਮੇਲ) ਤੋਂ ਬਾਦ ਇਹ ਸਭ ਖਿੰਡ ਜਾਂਦੀਆਂ ਹਨ।

ਇਹ ਸਭ ਵਿਵਸਥਿਤ ਸ਼ਕਤੀ ਦੇ ਅਧੀਨ ਹੁੰਦਾ ਹੈ। ਹਾਲਾਤਾਂ ਦਾ ਇਹ ਮੌਕਾ-ਮੇਲ ਕਦੋਂ ਹੋਵੇਗਾ, ਕਿਸ ਰੂਪ ਵਿਚ ਹੋਵੇਗਾ, ਕਿਸ ਢੰਗ ਨਾਲ ਹੋਵੇਗਾ, ਆਦਿ ਸਭ ਵਿਵਸਥਿਤ ਸ਼ਕਤੀ ਦੇ ਅਧੀਨ ਹੈ। ਇਸ ਲਈ ਚੀਜਾਂ/ਹਾਲਾਤਾਂ ਨੂੰ ਰਲਗੱਡ ਨਾ ਕਰੋ। ਇਹ ਸੰਸਾਰ ਪੈਦਾ ਕਿਵੇਂ ਹੋਇਆ ਹੈ। ਇਸ ਦੀ ਉਤਪਤੀ ਵਿਗਿਆਨਕ ਵਿਵਸਥਿਤ ਸ਼ਕਤੀ ਦੇ ਰਾਹੀਂ ਹੋਈ ਹੈ। ਇਹ ਕੁਦਰਤੀ ਹੈ। ਇਨ੍ਹਾਂ ਸਭ ਵਾਪਰ ਰਹੀਆਂ ਘਟਨਾਵਾਂ ਦੇ ਪਿੱਛੇ ਜੋ ਸ਼ਕਤੀ ਹੈ ਉਸ ਦਾ ਨਾਂ ਹੈ ਵਿਵਸਥਿਤਾ। ਇਹ ਸੰਸਾਰ ਸੰਜੋਗ ਅਤੇ ਵਿਯੋਗ ਦੇ ਸਿਧਾਤਾਂ ਅਧੀਨ ਵਿਗਿਆਨਕ ਵਿਵਸਥਿਤ ਸ਼ਕਤੀ ਦੇ ਰਾਹੀਂ ਚਲਦਾ ਹੈ।

ਕਿਸੇ ਗੱਲ ਦੇ ਵਾਪਰਨ ਲਈ ਕਈ ਹਾਲਾਤਾਂ ਦਾ ਮੇਲ ਹੋਣਾ ਜ਼ਰੂਰੀ ਹੈ। ਵਿਅਕਤੀ ਦੇ ਸੌਣ ਵਾਸਤੇ ਵੀ ਕਈ ਵੱਖ-ਵੱਖ ਹਾਲਾਤਾਂ ਦਾ ਮੌਕਾ-ਮੇਲ ਚਾਹੀਦਾ ਹੈ ਅਤੇ ਇਸੇ ਤਰ੍ਹਾਂ ਉਸ ਦੇ ਜਾਗਣ ਲਈ ਵੀ ਇਨ੍ਹਾਂ ਕਈ ਵਿਭਿੰਨ ਹਾਲਾਤਾਂ ਦਾ ਸੰਜੋਗ ਜ਼ਰੂਰੀ ਹੈ। ਵਿਵਸਥਿਤ ਸ਼ਕਤੀ ਦੀ ਪ੍ਰਕ੍ਰਿਆ ਵੀ ਕਿੰਨੀ ਅਸਚਰਜ ਹੈ ਕਿ ਇਹ ਇਕ ਵਿਸ਼ੇਸ਼ ਗੱਲ/ਘਟਨਾ ਦੇ ਵਾਪਰਨ ਲਈ ਲੋੜੀਂਦੇ ਹਾਲਾਤਾਂ ਦਾ ਸੰਜੋਗ ਬਣਾ ਦਿੰਦੀ ਹੈ।

**ਪ੍ਰਸ਼ਨ-ਕਰਤਾ** : ਇਹ ਤਾਂ ਬੜਾ ਗੁੰਝਲਦਾਰ ਜਾਪਦਾ ਹੈ। ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਦੇਖੋ, ਜਿਥੇ ਪਾਣੀ ਡਿਗਦਾ ਹੁੰਦਾ ਹੈ ਉਥੇ ਪਾਣੀ ਦੇ ਬੁਲਬੁਲੇ ਬਣ ਜਾਂਦੇ ਹਨ। ਇਹ ਬੁਲਬੁਲੇ ਵੱਖ-ਵੱਖ ਕਿਸਮਾਂ, ਰੂਪਾਂ ਅਤੇ ਆਕਾਰਾਂ ਦੇ ਹੁੰਦੇ ਹਨ : ਕੁਝ ਬਹੁਤ ਛੋਟੇ ਹੁੰਦੇ ਹਨ, ਕੁਝ ਛੋਟੇ ਅਤੇ ਕੁਝ ਬਹੁਤ ਵੱਡੇ ਨਾਪ ਦੇ ਹੁੰਦੇ ਹਨ। ਉਨ੍ਹਾਂ ਨੂੰ ਕੌਣ ਬਣਾਉਂਦਾ ਹੈ? ਉਨ੍ਹਾਂ ਨੂੰ ਆਕਾਰ ਜਾਂ ਰੂਪ ਕੌਣ ਦਿੰਦਾ ਹੈ? ਉਹ ਖ਼ੁਦ-ਬ-ਖ਼ੁਦ ਹੀ ਬਣ ਜਾਂਦੇ ਹਨ। ਹਵਾ, ਜ਼ੋਰ ਨਾਲ ਡਿਗਦਾ ਪਾਣੀ, ਲਹਿਰਾਂ, ਆਦਿ ਕੁਝ ਚੀਜਾਂ ਹਨ ਜਿਹੜੀਆਂ ਸੰਜੋਗਵਸ ਇਕੱਠੀਆਂ ਹੁੰਦੀਆਂ ਹਨ ਅਤੇ ਇਸ ਨਾਲ ਬੁਲਬੁਲੇ ਪੈਦਾ ਹੁੰਦੇ ਹਨ। ਜਿਨ੍ਹਾਂ ਬੁਲਬੁਲਿਆਂ ਵਿਚ ਵਧੇਰੇ ਹਵਾ ਭਰੀ ਗਈ ਉਨ੍ਹਾਂ ਦਾ ਆਕਾਰ ਵੱਡਾ ਹੋ ਜਾਂਦਾ ਹੈ ਅਤੇ ਘੱਟ ਹਵਾ ਵਾਲਿਆਂ ਦਾ ਛੋਟਾ ਰਹਿ ਜਾਂਦਾ ਹੈ। ਮਾਨਵ ਵੀ ਇਨ੍ਹਾਂ ਦੀ ਤਰ੍ਹਾਂ ਹੀ ਹੁੰਦੇ ਹਨ : ਸਾਰੇ ਹੀ ਵਿਅਕਤੀਆਂ ਬੁਲਬੁਲਿਆਂ ਦੀ ਨਿਆਈਂ ਹਨ। ਕੀ ਮੇਰੀ ਇਹ ਗੱਲ ਠੀਕ ਨਹੀਂ? ਇਹ ਸਭ ਹਾਲਾਤਾਂ ਦੇ ਸੰਜੋਗ ਤੋਂ ਹੀ ਪੈਦਾ ਹੁੰਦੇ ਹਨ।

**ਪ੍ਰਸ਼ਨ-ਕਰਤਾ** : ਕਈ ਵਾਰ ਹਾਲਾਤ ਤਾਂ ਉਹੀ ਹੁੰਦੇ ਹਨ ਪਰ ਇਕ ਵਿਅਕਤੀ ਉਨ੍ਹਾਂ ਨੂੰ ਪਸੰਦ ਕਰਦਾ ਹੈ ਅਤੇ ਦੂਜਾ ਨਾ-ਪਸੰਦ। ਅਜਿਹਾ ਕਿਉਂ?

**ਦਾਦਾਸ਼੍ਰੀ** : ਇਹ ਗੱਲ ਹਰ ਹਾਲਤ ਬਾਰੇ ਹੀ ਕਹੀ ਜਾ ਸਕਦੀ ਹੈ : ਉਸੇ ਹਾਲਤ ਨੂੰ ਹੋ ਸਕਦਾ ਹੈ ਇਕ ਵਿਅਕਤੀ ਪਸੰਦ ਕਰੇ ਜਦੋਂ ਕਿ ਦੂਸਰਾ ਉਸ ਨੂੰ ਬਿਲਕੁਲ ਪਸੰਦ ਨਾ ਕਰੇ। ਪਰੰਤੂ

ਕੌਣ ਜਾਣਦਾ ਹੈ ਕਿ ਸਾਡੀ ਪਸੰਦ ਦੇ ਹਾਲਾਤ ਕਦੋਂ ਬਦਲ ਜਾਣ? ਚੰਗੇ ਅਤੇ ਮਾੜੇ ਹਾਲਾਤ ਆਉਂਦੇ ਜਾਂਦੇ ਰਹਿੰਦੇ ਹਨ: ਚੰਗੇ ਤੋਂ ਬਾਅਦ ਬੁਰੇ ਅਤੇ ਬੁਰੇ ਤੋਂ ਬਾਅਦ ਚੰਗੇ ਹਾਲਾਤ ਬਣਦੇ ਰਹਿੰਦੇ ਹਨ। ਜੇ ਨਵੇਂ ਹਾਲਾਤ ਪੈਦਾ ਹੋਣਗੇ ਤਾਂ ਹੀ ਤਾਂ ਪੁਰਾਣੇ ਹਾਲਾਤ ਖ਼ਤਮ ਹੋਣਗੇ।

ਹਾਲਾਤ ਦੋ ਤਰ੍ਹਾਂ ਦੇ ਹੁੰਦੇ ਹਨ – ਅਨੁਕੂਲ ਅਤੇ ਪ੍ਰਤਿਕੂਲ। ਪ੍ਰਤਿਕੂਲ ਹਾਲਾਤ ਦੂਸ਼ਿਤ ਭਾਸ਼ਾ (ਈਸ਼ਵਰ ਨਿੰਦਿਆ) ਦਾ, ਪਾਪਾਂ ਦਾ ਜਾਂ ਬੁਰੇ ਕਰਮਾਂ ਦਾ ਫਲ ਹੁੰਦੇ ਹਨ। ਅਨੁਕੂਲ ਹਾਲਾਤ ਨੇਕੀ, ਨੇਕ ਕਾਰਜਾਂ ਅਤੇ ਚੰਗੇ ਕਰਮਾਂ ਦਾ ਫਲ ਹੁੰਦੇ ਹਨ। ਸ਼ੁੱਧ ਆਤਮਾ ਵੱਲ ਰੁਚਿਤ ਜ਼ਿੰਦਗੀ ਜਿਉਣ ਦਾ ਫਲ ਮੁਕਤੀ ਹੁੰਦਾ ਹੈ।

ਹਾਲਾਤ ਭਾਵੇਂ ਵਿਅਕਤੀ ਦੇ ਅਨੁਕੂਲ ਹੋਣ ਭਾਵੇਂ ਪ੍ਰਤਿਕੂਲ ਉਸ ਲਈ ਦੁੱਖ ਦਾ ਕਾਰਨ ਜ਼ਰੂਰ ਬਣਦੇ ਹਨ।

**ਪ੍ਰਸ਼ਨ–ਕਰਤਾ** : ਇਹ ਕਿਸ ਤਰ੍ਹਾਂ ਅਤੇ ਕਿਉਂ ਹੁੰਦਾ ਹੈ?

**ਦਾਦਾਸ਼੍ਰੀ** : ਜਦੋਂ ਸੁਖਾਵੇਂ ਹਾਲਾਤ ਨਹੀਂ ਰਹਿੰਦੇ ਤਾਂ ਵਿਅਕਤੀ ਦੁੱਖੀ ਮਹਿਸੂਸ ਕਰਦਾ ਹੈ। ਉਹ ਉਦੋਂ ਵੀ ਦੁੱਖੀ ਮਹਿਸੂਸ ਕਰਦਾ ਹੈ ਜਦੋਂ ਉਸ ਨੂੰ ਅਣਸੁਖਾਵੇਂ ਹਾਲਾਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰੰਤੂ ਇਹ ਕੁਦਰਤ ਦਾ ਨਿਯਮ ਹੈ ਕਿ ਦੋਹਾਂ ਹੀ ਸਥਿਤੀਆਂ ਵਿਚ ਕ੍ਰਮਵਾਰ ਵਿਯੋਗ ਦਾ ਸੰਜੋਗ ਅਤੇ ਸੰਜੋਗ ਦਾ ਵਿਯੋਗ ਹੋਣਾ ਲਾਜ਼ਮੀ ਹੈ।

ਪਰਮਾਤਮਾ ਦਾ ਆਦੇਸ਼ ਹੈ ਕਿ ਇਹ ਸਭ ਵਿਭਿੰਨ ਸਥਿਤੀਆਂ ਹੀ ਹਨ, ਉਹ ਭਾਵੇਂ ਸੁਖਾਵੀਆਂ ਹਨ ਭਾਵੇਂ ਅਣਸੁਖਾਵੀਆਂ। ਹਾਲਾਂ ਕਿ ਬੁਰੀ ਸਥਿਤੀ ਵਿਚ ਫਸੇ ਹੋਏ ਵਿਅਕਤੀ ਨੂੰ ਵੇਖ ਕੇ ਲੋਕ ਇਹੋ ਕਹਿੰਦੇ ਹਨ ਕਿ ਇਹ ਮੂਰਖ ਹੈ। ਕਿਸੇ ਦਾ ਪੁਲੀਸ ਦੁਆਰਾ ਗ੍ਰਿਫ਼ਤਾਰ ਕੀਤੇ ਜਾਣਾ ਵੀ ਇਕ ਅਣਸੁਖਾਵੀਂ ਸਥਿਤੀ ਹੈ। ਇਕ ਗਿਆਨੀ ਪੁਰਸ਼ ਦੁਆਰਾ ਕੀਤੇ ਜਾ ਰਹੇ ਪ੍ਰਵਚਨ ਨੂੰ ਸਤਿਸੰਗ ਵਿਚ ਜਾ ਕੇ ਸੁਣਨ ਦਾ ਮੌਕਾ ਮਿਲਣਾ ਇਕ ਸੁਖਾਵੀਂ ਸਥਿਤੀ ਹੈ। ਇਸ ਸੰਸਾਰ ਵਿਚ ਸਿਵਾਇ ਵਿਯੋਗ ਦੇ ਸੰਜੋਗ ਵਿਚ ਤਬਦੀਲ ਹੋਣ (ਪੂਰਨ) ਅਤੇ ਸੰਜੋਗ ਦੇ ਵਿਯੋਗ ਵਿਚ ਤਬਦੀਲ ਹੋਣ (ਗਲਨ) ਦੇ ਹੋਰ ਕੁਝ ਵੀ ਨਹੀਂ ਹੈ। ਇਸ ਸੰਸਾਰ ਵਿਚ ਪੂਰਨ ਅਤੇ ਗਲਨ ਤੋਂ ਬਿਨਾਂ ਹੋਰ ਕਿਸੇ ਚੀਜ ਦੀ ਹੋਂਦ ਹੀ ਨਹੀਂ ਹੈ। ਸਥਿਤੀਆਂ ਦਾ ਵਿਯੋਗ ਵੀ ਉਨਾ ਹੀ ਮੁਸ਼ਕਲ ਹੈ ਜਿੰਨਾ ਕੇ ਸਥਿਤੀਆਂ ਦਾ ਸੰਜੋਗ। ਕਿਸੇ ਵੀ ਸਥਿਤੀ ਦੇ, ਘਟਨਾ ਦੇ ਵਾਪਰਨ ਤੋਂ ਪਹਿਲਾਂ ਖੁਸ਼ੀ ਅਤੇ ਉਤਸਾਹ ਦਾ ਅਹਿਸਾਸ ਹਮੇਸ਼ਾ ਹੀ ਹੁੰਦਾ ਹੈ। ਜਿੰਨੀ ਦੇਰ ਤੱਕ ਤੁਸੀਂ ਇਸ ਵਿਚ ਸਾਵਾਂਪਣ ਕਾਇਮ ਰਖਦੇ ਹੋ ਉਨੀ ਦੇਰ ਹੀ ਖੁਸ਼ੀ ਦਾ ਅਹਿਸਾਸ ਰਹਿੰਦਾ ਹੈ। ਪਰੰਤੂ ਜਦੋਂ ਇਹ ਸਾਵਾਂਪਣ ਟੁੱਟਣ ਜਾਂ ਵਿਗੜਨ ਲਗਦਾ ਹੈ ਤਾਂ ਤੁਹਾਨੂੰ ਇਹ ਅਹਿਸਾਸ ਹੋਣਾ ਖ਼ਤਮ ਹੋ ਜਾਂਦਾ ਹੈ।

**ਪ੍ਰਸ਼ਨ–ਕਰਤਾ** : ਕਿਰਪਾ ਕਰਕੇ ਕੋਈ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਕਲਪਨਾ ਕਰੋ ਕਿ ਤੁਸੀਂ ਐਤਵਾਰ ਦੇ ਦਿਨ ਕਿਸੇ ਤੀਰਥ-ਯਾਤਰਾ ਉਪਰ ਜਾਣ ਦਾ ਮਨ ਬਣਾਇਆ ਹੋਇਆ ਹੈ। ਆਰੰਭ ਦੇ ਵਿਚ ਤੁਸੀਂ ਬਹੁਤ ਰੋਮਾਂਚਿਤ ਮਹਿਸੂਸ ਕਰਦੇ ਹੋ ਅਤੇ ਤੁਹਾਡੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਹੁੰਦਾ। ਜਦੋਂ ਐਤਵਾਰ ਦੀ ਸਵੇਰ ਰੇਲ ਚੱਲ ਪੈਂਦੀ ਹੈ ਤਾਂ ਸਥਿਤੀਆਂ ਦਾ ਸਾਵਾਂਪਣ ਖ਼ਤਮ ਹੋਣਾ ਸ਼ੁਰੂ ਹੋ ਜਾਵੇਗਾ ਅਤੇ ਹੌਲੀ-ਹੌਲੀ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗਾ। ਅਖ਼ੀਰ ਵਿਚ ਉਪਰੋਕਤ ਹਾਲਾਤਾਂ ਵਿਚਕਾਰ ਕੋਈ ਸਾਵਾਂਪਣ ਬਾਕੀ ਨਹੀਂ ਰਹਿ ਜਾਵੇਗਾ।

**ਪ੍ਰਸ਼ਨ-ਕਰਤਾ** : ਸੋ ਸਾਰੀਆਂ ਸਥਿਤੀਆਂ ਸਦਾ ਹੀ ਬਦਲਦੀਆਂ ਰਹਿੰਦੀਆਂ ਹਨ।

**ਦਾਦਾਸ਼੍ਰੀ** : ਜਿਸ ਪਲ ਹੀ ਹਾਲਾਤਾਂ ਦਾ ਸੰਜੋਗ/ਮੇਲ ਹੁੰਦਾ ਹੈ ਉਸੇ ਪਲ ਹੀ ਉਹ ਵਿਯੋਗ/ਟੁੱਟਣ ਦੇ ਰਾਹ ਪੈ ਜਾਂਦੇ ਹਨ, ਅਤੇ ਟੁੱਟਣ ਉਪਰੰਤ ਹੀ ਉਹ ਮੁੜ ਸੰਜੋਗ/ਮੇਲ ਵੱਲ ਤੁਰ ਪੈਂਦੇ ਹਨ।......ਜਿਉਂ ਹੀ ਹਾਲਾਤਾਂ ਦੇ ਇਕ ਸਮੂਹ ਦੇ ਸੰਕੇਤ/ਪ੍ਰਮਾਣ ਪੈਦਾ ਹੁੰਦੇ ਹਨ ਅਤੇ ਫਿਰ ਟੁੱਟਣੇ ਸ਼ੁਰੂ ਹੋ ਜਾਂਦੇ ਹਨ ਤਾਂ ਉਸੇ ਪਲ ਹੀ ਹਾਲਾਤਾਂ ਦਾ ਦੂਸਰਾ ਸਮੂਹ ਪੈਦਾ ਹੋਣ ਦੇ ਸੰਜੋਗ ਦੇ ਰਾਹ ਪੈ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ! ਹਾਲਾਤਾਂ ਨੂੰ ਭੋਗਣ ਦੇ ਪਿੱਛੇ ਕੀ ਮੰਤਵ ਹੋ ਸਕਦਾ ਹੈ?

**ਦਾਦਾਸ਼੍ਰੀ** : ਇਸ ਸੰਸਾਰ ਅੰਦਰ ਹਾਲਾਤ ਵਿਸ਼ਲੇਸ਼ਣ ਕਰਨ ਹਿਤ ਅਤੇ ਸਬਕ ਸਿੱਖਣ ਦੀ ਖ਼ਾਤਰ ਹੁੰਦੇ ਹਨ, ਇਕ ਅਨੁਭਵ ਪ੍ਰਾਪਤ ਕਰਨ ਲਈ। ਪਰੰਤੂ ਲੋਕਾਂ ਦਾ ਸੁਭਾਅ ਹੈ ਕਿ ਉਹ ਗਲਤ ਰਾਹ ਪੈ ਜਾਂਦੇ ਹਨ। ਵਿਅਕਤੀ ਖੁਸ਼ੀ ਦੀ ਪ੍ਰਾਪਤੀ ਖ਼ਾਤਰ ਸ਼ਾਦੀ ਕਰ ਲੈਂਦਾ ਹੈ। ਕੀ ਖੁਸ਼ੀ ਪਤਨੀ ਵਿਚ ਹੈ ਜਾਂ ਬੱਚਿਆਂ ਵਿਚ ਜਾਂ ਸੱਸ-ਸਹੁਰੇ ਵਿਚ? ਸੱਚੀ ਖੁਸ਼ੀ ਅਸਲ ਵਿਚ ਕਿਸ ਚੀਜ ਵਿਚ ਹੈ? ਤੁਸੀਂ ਹਾਲਾਤ ਦਾ ਵਿਸ਼ਲੇਸ਼ਣ ਕਰਕੇ ਸਿੱਟੇ ਉੱਪਰ ਕਿਉਂ ਨਹੀਂ ਪਹੁੰਚਦੇ? ਲੋਕ ਕਈਆਂ ਨੂੰ ਨਾ-ਪਸੰਦ ਕਰਦੇ ਹਨ ਜਾਂ ਨਫ਼ਰਤ ਕਰਦੇ ਹਨ ਪਰੰਤੂ ਉਹ ਕਦੇ ਵੀ ਹਾਲਾਤ ਤੋਂ ਸਬਕ ਸਿੱਖਣ ਦਾ ਯਤਨ ਨਹੀਂ ਕਰਦੇ। ਸਾਰੇ ਦੁਨਿਆਵੀ ਰਿਸ਼ਤੇ ਵਕਤੀ ਅਤੇ ਥੋੜ੍ਹੇ ਚਿਰ ਲਈ ਹੁੰਦੇ ਹਨ; ਇਹ ਸੱਚੇ, ਸਦੀਵੀ ਨਹੀਂ ਹੁੰਦੇ। ਇਹ ਸਭ ਰਿਸ਼ਤੇ ਤੁਹਾਡੇ ਵਿਸ਼ਲੇਸ਼ਣ ਕਰਨ ਅਤੇ ਅੰਤ ਇੱਕ ਸਿੱਟੇ ਉਪਰ ਪਹੁੰਚਣ ਲਈ ਹਨ।

ਜਿਹੜੇ ਵਿਅਕਤੀ ਇੰਝ ਵਿਸ਼ਲੇਸ਼ਣ ਕਰਦੇ ਹਨ ਅਤੇ ਅਖ਼ੀਰ ਇੱਕ ਸਿੱਟੇ ਉਪਰ ਪਹੁੰਚ ਜਾਂਦੇ ਹਨ ਉਨ੍ਹਾਂ ਦੇ ਅੰਦਰੋਂ ਰਾਗ ਅਤੇ ਦਵੇਸ਼ ਦੀ ਭਾਵਨਾ ਘੱਟ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਉਹ ਮੁਕਤੀ ਪ੍ਰਾਪਤੀ ਹਿਤ ਰਸਤਾ ਲੱਭਣ ਦੇ ਇੱਛੁਕ ਹੋ ਜਾਂਦੇ ਹਨ।

ਬਿਨਾਂ ਇਸ ਮਾਨਵੀ ਸਰੀਰ ਦੇ ਮੁਕਤੀ ਸੰਭਵ ਨਹੀਂ ਹੈ। ਜੇ ਤੁਸੀਂ ਖੁਸ਼ਕਿਸਮਤ ਹੋ ਕਿ ਤੁਹਾਨੂੰ ਪਰਮਾਤਮਾ ਨੇ ਮਨੁੱਖਾ ਜਾਮੇ ਵਿਚ ਪੈਦਾ ਕੀਤਾ ਹੈ ਅਤੇ ਇਸ ਤੋਂ ਵੀ ਖੁਸ਼ਕਿਸਮਤ ਹੋ ਕਿ ਤੁਹਾਨੂੰ ਮੁਕਤੀ ਪ੍ਰਾਪਤੀ ਹਿਤ ਅਨੁਕੂਲ ਹਾਲਾਤ ਮਿਲੇ ਹਨ ਅਤੇ ਇਸ ਮੰਤਵ ਦੀ ਪ੍ਰਾਪਤੀ

ਹਿਤ ਲੋੜੀਂਦਾ ਸਭ ਕੁਝ ਮਿਲ ਗਿਆ ਹੈ ਤਾਂ ਤੁਹਾਡੇ ਲਈ ਮੁਕਤੀ ਦੀ ਪ੍ਰਾਪਤੀ ਸੰਭਵ ਹੈ।

ਜਦੋਂ ਤੁਹਾਨੂੰ ਸ਼ੁੱਧ ਸੰਜੋਗਾਂ ਦੀ ਪ੍ਰਾਪਤੀ ਹੋ ਜਾਂਦੀ ਹੈ ਸਿਰਫ਼ ਤਾਂ ਹੀ ਤੁਸੀਂ ਮੁਕਤ-ਪਦ ਦੀ ਪ੍ਰਾਪਤ ਕਰ ਸਕਦੇ ਹੋ। ਕੇਵਲ ਇਕ ਗਿਆਨੀ ਪੁਰਸ਼ ਦਾ ਸੰਗ (ਭਾਵ ਸਤਿਸੰਗ) ਹੀ ਸ਼ੁੱਧ ਸੰਜੋਗ ਹੈ। ਕਿਸੇ ਨੇ ਗਿਆਨੀ ਪੁਰਸ਼ ਬਾਰੇ ਬਹੁਤ ਠੀਕ ਕਿਹਾ ਹੈ:

ਗਿਆਨੀ ਪੁਰਸ਼ ਸ਼ੁੱਧ ਆਤਮਾ ਨਾਲ ਵਰੋਸਾਉਂਦਾ ਹੈ;
ਉਹ ਹਉਮੈਂ ਅਤੇ ਦੁਨਿਆਵੀ ਮੋਹ ਹਰ ਲੈਂਦਾ ਹੈ;
ਸਿਰਫ਼ ਉਹ ਹੀ ਸ਼ੁੱਧ ਸੰਜੋਗ ਹੈ
ਜਿਸ ਨੇ ਮੈਨੂੰ ਆਵਾਗਵਣ ਤੋਂ ਮੁਕਤ ਕੀਤਾ ਹੈ;
ਮੈਂ ਨਤਮਸਤਕ ਹੁੰਦਾ ਹਾਂ ਉਸ ਕਰਣਾਨਿਧਾਨ ਅੱਗੇ।

ਗਿਆਨੀ ਪੁਰਸ਼ ਦਾ ਸੰਗ ਹੀ ਇਕ ਅਜਿਹਾ ਸ਼ੁੱਧ ਸੰਜੋਗ ਹੈ, ਇਕ ਮੂਲ ਹਥਿਆਰ ਜਿਹੜਾ ਵਿਅਕਤੀ ਅੰਦਰੋਂ ਮੇਰ-ਤੇਰ ਦੀ ਭਾਵਨਾ ਖ਼ਤਮ ਕਰਕੇ ਉਸ ਨੂੰ ਸ਼ੁੱਧ-ਸਵੈ ਦੀ ਪਹਿਚਾਣ ਕਰਵਾ ਦਿੰਦਾ ਹੈ। ਦੂਸਰੇ ਸ਼ਬਦਾਂ ਵਿਚ, ਇਕ ਗਿਆਨੀ ਪੁਰਸ਼ ਤੁਹਾਨੂੰ ਆਤਮ-ਪਹਿਚਾਣ ਕਰਵਾ ਦਿੰਦਾ ਹੈ ਅਤੇ ਤੁਹਾਡੇ ਅੰਦਰੋਂ ਹਉਮੈਂ ਅਤੇ ਦੁਨਿਆਵੀ ਮੋਹ ਨੂੰ ਖ਼ਤਮ ਕਰ ਦਿੰਦਾ ਹੈ। ਇਸੇ ਕਰਕੇ ਗਿਆਨੀ ਪੁਰਸ਼ ਨੂੰ ਮੁਕਤ-ਪਦ ਦੀ ਪ੍ਰਾਪਤੀ ਹਿਤ ਮੂਲ ਹਥਿਆਰ ਅਤੇ ਇਕੋ ਇੱਕ ਸ਼ੁੱਧ ਸੰਜੋਗ ਕਿਹਾ ਗਿਆ ਹੈ।

**ਪ੍ਰਸ਼ਨ-ਕਰਤਾ** : ਆਤਮਾ ਕਿਸ ਤਰੀਕੇ ਹਾਲਾਤਾਂ ਨਾਲ ਬੱਝੀ ਹੋਈ ਹੈ?

**ਦਾਦਾਸ਼੍ਰੀ** : ਆਤਮਾ ਅਤੇ ਹਾਲਾਤ ਇਕ ਦੂਜੇ ਨਾਲ ਜੁੜੇ ਹੋਏ ਹਨ - ਆਤਮਾ ਗਿਆਤਾ ਹੈ ਅਤੇ ਹਾਲਾਤ ਜਾਣੀ ਜਾਣ ਵਾਲੀ ਵਸਤੂ। ਸਵੈ ਦਾ ਦੂਸਰਿਆਂ ਨਾਲ ਸਿਰਫ਼ ਪ੍ਰਸਥਿਤੀਜਨਕ ਰਿਸ਼ਤਾ ਹੁੰਦਾ ਹੈ। ਸ਼ੁੱਧ ਆਤਮਾ ਆਪਣੇ ਆਪ ਹਾਲਾਤਾਂ ਦੇ ਨਾਲ ਘੁਲਦੀ-ਮਿਲਦੀ ਨਹੀਂ ਅਤੇ ਸ਼ੁੱਧ ਆਤਮਾ ਤੋਂ ਬਿਨਾਂ ਹਰ ਚੀਜ ਹਾਲਾਤਾਂ ਦੇ ਨਾਲ ਜੁੜੀ ਹੋਈ ਹੁੰਦੀ ਹੈ। ਹਾਲਾਤਾਂ ਦਾ ਸੰਜੋਗ ਅਤੇ ਵਿਯੋਗ ਉਹ ਗੱਲਾਂ ਹਨ ਜਿਹੜੀਆਂ ਸਿਰਫ਼ ਜਾਣੀਆਂ ਜਾਣ ਵਾਸਤੇ ਹਨ ਅਤੇ ਤੁਸੀਂ ਸਿਰਫ਼ ਜਾਨਣ ਵਾਲੇ, ਗਿਆਤਾ ਹੋ।

ਕਿਉਂਕਿ ਗਿਆਤਾ ਆਪਣੇ ਆਪ ਨੂੰ ਉਸ ਚੀਜ ਨਾਲ ਇਕਮਿਕ ਕਰ ਲੈਂਦਾ ਹੈ ਜਿਹੜੀ ਨੂੰ ਉਸ ਨੇ ਜਾਨਣਾ ਹੁੰਦਾ ਹੈ ਇਸ ਲਈ ਉਹ ਆਵਾਗਵਣ ਦੇ ਚੱਕਰ ਵਿਚ ਪਿਆ ਭਟਕਦਾ ਰਹਿੰਦਾ ਹੈ।

ਅਸੀਂ ਪੰਜ ਇੰਦਰੀਆਂ ਦੀ ਸਹਾਇਤਾ ਨਾਲ ਜੋ ਵੀ ਵੇਖਦੇ ਹਾਂ ਜਾਂ ਅਨੁਭਵ ਕਰਦੇ ਹਾਂ ਉਹ ਸਭ ਵਿਅਕਤ, ਸਥੂਲ ਹਾਲਾਤ ਹਨ। ਅੰਤਹਕਰਣ ਅਤੇ ਬਚਨਾਂ ਦੇ ਸੂਖ਼ਮ ਹਾਲਾਤ

ਵੀ ਹੁੰਦੇ ਹਨ। ਉਨ੍ਹਾਂ ਸਭ ਦੇ ਨਾਲ ਸਵੈ ਦਾ ਰਿਸ਼ਤਾ ਸਿਰਫ਼ ਪ੍ਰਸਥਿਤੀਜਨਕ ਹੁੰਦਾ ਹੈ ਅਤੇ ਉਨ੍ਹਾਂ ਵਿਚਕਾਰ ਕੋਈ ਅਟੁੱਟ ਅਤੇ ਸਦੀਵੀ ਰਿਸ਼ਤਾ ਨਹੀਂ ਹੁੰਦਾ। ਆਤਮਾ ਅਤੇ ਸਥਿਤੀ ਵਿਚਕਾਰ ਕੋਈ ਸੱਚਾ, ਸਦੀਵੀ ਰਿਸ਼ਤਾ ਨਹੀਂ ਹੁੰਦਾ। ਆਤਮਾ ਦਾ ਸਿਰਫ਼ ਗਿਆਤਾ ਵਾਲਾ ਰਿਸ਼ਤਾ ਹੁੰਦਾ ਹੈ ਅਤੇ ਜੇ ਹਾਲਾਤ ਇਸ ਹੱਦ-ਬੰਦੀ ਦੇ ਅੰਦਰ ਹੀ ਸੀਮਿਤ ਰਹਿੰਦੇ ਹਨ ਤਾਂ ਸਵੈ ਬੰਧਨ-ਮੁਕਤ ਰਹਿੰਦਾ ਹੈ। ਪਰੰਤੂ ਲੋਕ ਅਕਸਰ ਆਤਮਾ ਅਤੇ ਸਵੈ ਦੇ ਰਿਸ਼ਤੇ ਨੂੰ ਵਿਆਹ ਦੇ ਬੰਧਨ ਵਾਂਗ ਸਮਝ ਲੈਂਦੇ ਹਨ। ਇਹੋ ਕਾਰਨ ਹੈ ਕਿ ਉਹ ਬੰਧਨ ਵਿਚ ਫਸੇ ਰਹਿੰਦੇ ਹਨ ਅਤੇ ਇਸ ਵਿਚੋਂ ਬਾਹਰ ਨਹੀਂ ਨਿਕਲ ਸਕਦੇ।

ਸਵੈ ਮੁਕੰਮਲ ਰੂਪ ਵਿਚ ਵਿਲੱਖਣ ਹੈ। ਇਹ ਕਿਸੇ ਵੀ ਹਾਲਤ ਨੂੰ ਹਰ ਪਾਸੇ ਤੋਂ ਹਰ ਪਹਿਲੂ ਤੋਂ ਵੇਖ ਅਤੇ ਜਾਣ ਸਕਦਾ ਹੈ। ਪਰੰਤੂ ਜੇ ਸਵੈ ਹੀ ਆਪਣੇ ਆਪ ਨੂੰ ਹਾਲਤ ਨਾਲ ਬੰਨ੍ਹ ਲਵੇ ਤਾਂ ਕੋਈ ਕੀ ਕਰ ਸਕਦਾ ਹੈ।

ਸਾਰੇ ਦੇ ਸਾਰੇ ਹਾਲਾਤ ਹੀ ਸੁਭਾਅ ਪੱਖੋਂ ਪੁਦਗਲ ਹੁੰਦੇ ਹਨ: ਉਹ ਅਚੇਤਨ ਹੁੰਦੇ ਹਨ। ਇਕ ਗਧਾ ਪੁਦਗਲ ਦੇ ਸੁਭਾਅ ਵਰਗਾ ਨਹੀਂ ਕਿਉਂਕਿ ਚੇਤਨ ਅਤੇ ਅਚੇਤਨ ਦੋਵੇਂ ਹੀ ਹਾਲਾਤ ਨਾਲ ਬੱਝੇ ਹੋਏ ਹਨ। ਸਵੈ ਅਚੇਤਨ ਵਿਚ ਗ੍ਰਸਿਤ ਨਹੀਂ ਹੁੰਦਾ ਪਰੰਤੂ ਭ੍ਰਾਂਤੀਆਂ ਅਤੇ ਗਲਤ ਧਾਰਨਾਵਾਂ ਕਾਰਨ ਅਜਿਹਾ ਪ੍ਰਤੀਤ ਹੁੰਦਾ ਹੈ। ਇਹ ਬੱਜਰ ਗਲਤੀ ਹੈ।

**ਪ੍ਰਸ਼ਨ-ਕਰਤਾ** : ਹਾਲਾਤਾਂ ਵਿਚ ਕਰਮ ਸਾਡੇ ਨਾਲ ਕਿਵੇਂ ਜੁੜੇ ਹੋਏ ਹਨ?

**ਦਾਦਾਸ਼੍ਰੀ** : ਸਾਰੇ ਹਾਲਾਤਾਂ ਦਾ ਸੰਜੋਗ ਆਪਣੇ ਆਪ ਸਹਿਜ ਰੂਪ ਵਿਚ ਹੀ ਹੁੰਦਾ ਹੈ। ਇਸੇ ਕਰਕੇ ਪ੍ਰਤੱਖ ਗਿਆਨ ਵੀ ਆਪਣੇ ਆਪ ਹੀ ਤਬਦੀਲ ਹੋ ਜਾਂਦਾ ਹੈ, ਆਪਣੇ ਮੂਲ, ਸਹੀ ਸੁਭਾਅ ਨਾਲੋਂ ਵਿਭਾਵਿਕ (disorient) ਹੋ ਜਾਂਦਾ ਹੈ। ਅਸਲ ਵਿਚ, ਦ੍ਰਵ ਤਬਦੀਲ ਨਹੀਂ ਹੁੰਦਾ ਅਤੇ ਨਾ ਹੀ ਇਸ ਦੀਆਂ ਵਿਸ਼ੇਸ਼ਤਾਵਾਂ ਵਿਚ ਕੋਈ ਤਬਦੀਲੀ ਆਉਂਦੀ ਹੈ। ਸਿਰਫ਼ ਇਸ ਵਿਚ ਸੋਧ-ਸੁਧਾਰ ਹੀ ਹੁੰਦਾ ਹੈ ਪ੍ਰਤੱਖ ਜਾਂ ਦਰਸ਼ਨ-ਗਿਆਨ ਦੇ ਦੌਰਾਂ ਵਿਚ ਵੀ ਸੋਧ-ਸੁਧਾਰ ਹੋਇਆ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਕਲਪਨਾ ਕਰੋ ਇਕ ਵਿਗਿਆਨੀ ਦੀ ਜਿਹੜਾ ਆਪਣੀ ਲੈਬਾਰਟਰੀ ਵਿਚ ਕੰਮ ਕਰ ਰਿਹਾ ਹੈ। ਉਸ ਲੈਬਾਰਟਰੀ ਵਿਚ ਹਰ ਤਰ੍ਹਾਂ ਦਾ ਸਾਮਾਨ ਹੈ। ਮੰਨ ਲਓ ਇਕ ਤਜ਼ਰਬਾ ਕਰਦੇ ਸਮੇਂ ਕਿਸੇ ਇੱਕ ਡੱਬੇ ਵਿਚੋਂ ਗੈਸ ਲੀਕ ਹੋ ਜਾਂਦੀ ਹੈ ਅਤੇ ਤਜ਼ਰਬਾ ਕਰ ਰਹੇ ਵਿਗਿਆਨੀ ਦਾ ਸਾਹ ਘੁੱਟਣ ਲਗਦਾ ਹੈ ਅਤੇ ਉਹ ਬੇਹੋਸ਼ ਹੋ ਜਾਂਦਾ ਹੈ। ਉਸ ਸਮੇਂ ਉਸ ਨੂੰ ਸਭ ਕੁਝ ਭੁੱਲ ਜਾਂਦਾ ਹੈ। ਉਹ ਆਪਣੀ ਚੇਤਨਾ ਖੋ ਲੈਂਦਾ ਹੈ। ਪਰੰਤੂ ਜਿਉਂ ਹੀ ਉਹ ਮੁੜ ਹੋਸ਼ ਵਿਚ ਆਉਣ ਲਗਦਾ ਹੈ ਤਾਂ ਉਹ ਪਹਿਲਾਂ ਨਾਲੋਂ ਵਧੇਰੇ ਚੇਤੰਨ ਹੋ ਜਾਂਦਾ ਹੈ ਅਤੇ ਸਮਾਂ ਬੀਤਣ

ਨਾਲ ਉਸ ਦਾ ਗਿਆਨ ਵੀ ਪਹਿਲਾਂ ਨਾਲੋਂ ਵੱਧ ਸਪਸ਼ਟ ਹੋ ਜਾਂਦਾ ਹੈ।

ਉਸੇ ਤਰ੍ਹਾਂ ਪਹਿਲਾਂ ਹਰ ਕੋਈ ਇਹੋ ਮਹਿਸੂਸ ਕਰਦਾ ਹੈ ਕਿ ਹਰ ਚੀਜ ਉਸ ਦੇ ਵੱਸ ਵਿਚ ਹੈ ਪਰੰਤੂ ਜਦੋਂ ਉਹ ਵਧੇਰੇ ਚੇਤੰਨ ਹੁੰਦਾ ਹੈ ਤਾਂ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਹਰ ਚੀਜ ਉਸ ਦੇ ਵਸ ਵਿਚ ਨਹੀਂ ਸੀ ਪਰੰਤੂ ਵੱਸ ਵਿਚ ਕਰਨ ਵਾਲੀ ਤਾਂ ਕੋਈ ਹੋਰ ਸ਼ਕਤੀ ਸੀ: ਪਰਮਾਤਮਾ ਦੇ ਵੱਸ ਵਿਚ ਹਰ ਗੱਲ ਸੀ। ਜਿਉਂ ਜਿਵੇਂ ਉਸ ਨੂੰ ਵਧੇਰੇ ਸੋਝੀ ਆਉਂਦੀ ਹੈ ਤਾਂ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਇਹ ਸਭ ਭੁਲੇਖਾ ਹੈ, ਇਹ ਗਲਤ ਧਾਰਨਾ ਹੈ ਅਤੇ ਇਹ ਪਰਮਾਤਮਾ ਦੇ ਵੀ ਵੱਸ ਵਿਚ ਨਹੀਂ ਹੈ। ਅਖ਼ੀਰ ਨੂੰ ਜਦੋਂ ਉਸ ਨੂੰ ਪੂਰੀ ਸੋਝੀ ਆ ਜਾਂਦੀ ਹੈ ਤਾਂ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਇਹ ਤਾਂ ਸਿਰਫ਼ ਹਾਲਾਤ ਹੀ ਸਨ ਜੋ ਹਰ ਗੱਲ ਦੇ ਵਾਪਰਨ ਲਈ ਜਿੰਮੇਵਾਰ ਸਨ। ਇਸ ਤਰ੍ਹਾਂ ਸਾਰੇ ਸੋਧ-ਸੁਧਾਰ ਚੇਤਨਤਾ ਦੇ ਪੱਧਰ ਉਪਰ ਵਾਪਰਦੇ ਹਨ।

ਜੇ ਤਜ਼ਰਬਾ ਕਰਨ ਵਾਲਾ (ਪ੍ਰਯੋਗੀ) ਆਪਣੇ ਆਪ ਨੂੰ ਹਾਲਾਤਾਂ ਦੇ ਨਾਲ ਮਿਲਾ ਲੈਂਦਾ ਹੈ ਤਾਂ ਇਹ ਤਾਂ ਆਪਣੀ ਚੇਤਨਾ ਗੁਆਉਣ ਦੀ ਤਰ੍ਹਾਂ ਹੋਵੇਗਾ। ਪਰੰਤੂ ਜੇ ਉਹ ਇਸ ਗੱਲ ਪ੍ਰਤੀ ਸਾਵਧਾਨ ਹੋਵੇ ਕਿ ਉਹ ਹਾਲਾਤਾਂ ਤੋਂ ਵੱਖ ਹੈ ਤਾਂ ਉਹ ਆਜ਼ਾਦੀ ਦਾ ਆਨੰਦ ਮਾਣ ਸਕਦਾ ਹੈ।

ਅਨੇਕ ਤਰ੍ਹਾਂ ਦੇ ਹਾਲਾਤ ਪੈਦਾ ਹੁੰਦੇ ਹਨ। ਜੇ ਵਿਅਕਤੀ ਆਪਣੇ ਆਪ ਨੂੰ ਉਨ੍ਹਾਂ ਵਿਚ ਗ੍ਰਸਿਤ ਕਰ ਲੈਂਦਾ ਹੈ ਤਾਂ ਉਹ ਨਵੇਂ ਕਰਮਾਂ ਦੇ ਬੀਜ ਬੋ ਲੈਂਦਾ ਹੈ। ਇਸ ਲਈ, ਇਹ ਮਸਲਾ ਕਿਸੇ ਤਣ-ਪੱਤਣ ਨਹੀਂ ਲਗਦਾ।

ਹਾਲਾਤਾਂ ਦਾ ਸਿਰਫ਼ ਗਿਆਤਾ ਅਤੇ ਦ੍ਰਸ਼ਟਾ ਰਹਿੰਦਿਆਂ ਹੋਇਆ ਵਿਅਕਤੀ ਨਵੇਂ ਕਰਮਾਂ ਦੇ ਬੀਜ ਨਹੀਂ ਬੀਜਦਾ। ਕਿਉਂਕਿ ਹਾਲਾਤ ਅਨੰਤ ਹਨ, ਜੇ ਅਸੀਂ ਉਨ੍ਹਾਂ ਨੂੰ ਅੱਗੋਂ ਪੈਦਾ ਹੋਣ ਤੋਂ ਰੋਕ ਦੇਈਏ ਤਾਂ ਯਕੀਨਨ ਹੀ ਅਸੀਂ ਮੁਕਤੀ ਪ੍ਰਾਪਤ ਕਰ ਸਕਦੇ ਹਾਂ।

ਹਰ ਵਿਅਕਤੀ ਹਾਲਾਤਾਂ ਵਿਚ ਬੱਝਾ ਹੋਇਆ ਹੈ। ਮੇਰੇ ਤੋਂ ਦੀਖਿਆ ਪ੍ਰਾਪਤ ਮਹਾਤਮਾ-ਜਨ ਵੀ ਹਾਲਾਤਾਂ ਵਿਚ ਬੱਝੇ ਹੋਏ ਹਨ। ਫ਼ਰਕ ਸਿਰਫ਼ ਇੰਨਾ ਹੈ ਕਿ ਉਹ ਹਾਲਾਤਾਂ ਦੇ ਸਿਰਫ਼ ਗਿਆਤਾ-ਦ੍ਰਸ਼ਟਾ ਹਨ। ਇਨ੍ਹਾਂ ਮਹਾਤਮਾਵਾਂ ਨੇ ਆਪਣੀਆਂ ਗਲਤ ਧਾਰਨਾਵਾਂ, ਗਲਤ ਵਿਸ਼ਵਾਸ ਖ਼ਤਮ ਕਰ ਲਏ ਹੁੰਦੇ ਹਨ। ਉਹ ਵੀ ਉਸੇ ਪ੍ਰਕਾਰ ਦੇ ਹਾਲਾਤਾਂ ਦਾ ਹੀ ਸਾਹਮਣਾ ਕਰਦੇ ਹਨ, ਸਥਿਤੀਆਂ ਵੀ ਸਭ ਉਹੀ ਹੁੰਦੀਆਂ ਹਨ ਅਤੇ ਉਹੀ ਰਾਹ ਹੁੰਦਾ ਹੈ। ਸਹੁਰਾ-ਘਰ ਦੇ ਜੀਅ, ਪਤਨੀ, ਬੱਚੇ, ਆਦਿ ਹਰ ਚੀਜ ਉਹੀ ਹੁੰਦੀ ਹੈ ਪਰੰਤੂ ਫਿਰ ਵੀ ਉਨ੍ਹਾਂ ਦੇ ਜੀਵਨ ਵਿਚ ਆਨੰਦ ਹੀ ਆਨੰਦ ਹੁੰਦਾ ਹੈ।

ਜੇ ਇਕ ਵਿਅਕਤੀ ਹਾਲਾਤਾਂ ਵਿਚ ਉਲਝਿਆ ਅਤੇ ਬੱਝਾ ਹੋਇਆ ਹੈ ਤਾਂ ਉਸ ਦੀ ਸ਼ਕਤੀ ਵਿਚ ਰੁਕਾਵਟ ਆਵੇਗੀ। ਸੰਪੂਰਨ ਗਿਆਨੀ ਪੁਰਸ਼ ਲਈ ਵੀ ਉਹੀ ਹਾਲਾਤ ਆਉਂਦੇ ਅਤੇ ਜਾਂਦੇ ਰਹਿੰਦੇ ਹਨ ਪਰੰਤੂ ਉਹ ਉਨ੍ਹਾਂ ਨਾਲ ਹੱਥ ਨਹੀਂ ਮਿਲਾਉਂਦਾ। ਉਹ ਉਨ੍ਹਾਂ ਨੂੰ ਇਕ

ਖ਼ਾਸ ਦੂਰੀ ਤੋਂ ਸਿਰਫ਼ ਵੇਖਦਾ ਹੀ ਹੈ। ਇਸ ਲਈ ਹਾਲਾਤ ਆਪਣੇ ਆਪ ਖ਼ਤਮ ਹੋ ਜਾਂਦੇ ਹਨ: ਉਨ੍ਹਾਂ ਨੇ ਵੇਖਣਾ ਇੰਝ ਹੈ ਜਿਵੇਂ ਉਨ੍ਹਾਂ ਨੂੰ ਵਿਦਾਇਗੀ ਦੇਣਾ। ਆਤਮਾ ਚੇਤਨ ਅਤੇ ਅਚੇਤਨ ਦੋਹਾਂ ਨੂੰ ਪ੍ਰਕਾਸ਼ ਪ੍ਰਦਾਨ ਕਰਨ ਵਾਲੀ ਹੈ। ਇਸ ਲਈ, ਹਰ ਸਥਿਤੀ ਚੇਤਨ ਦੀ ਇਸ ਰੋਸ਼ਨੀ ਵਿਚ ਪ੍ਰਤਿਬਿੰਬਤ ਹੋ ਜਾਵੇਗੀ, ਬਸ਼ਰਤੇ ਕਿ ਵਿਅਕਤੀ ਦਾ ਨਜ਼ਰੀਆ ਗਿਆਨ-ਭਰਪੂਰ ਹੋਵੇ।

ਹਾਲਤ ਵਿਚ, ਸਥਿਤੀ ਵਿਚ ਕੋਈ ਚੇਤਨਾ ਨਹੀਂ ਹੁੰਦੀ। ਸਾਡਾ ਅਸਲੀ, ਸੱਚਾ ਸੁਭਾਅ ਇਨ੍ਹਾਂ ਹਾਲਾਤਾਂ ਤੋਂ ਪਰ੍ਹੇ ਹੁੰਦਾ ਹੈ। ਕਿਸੇ ਪ੍ਰਤੀ ਵੀ ਚੰਗੀ ਜਾਂ ਮੰਦੀ ਕਿਸੇ ਪ੍ਰਕਾਰ ਦੀ ਭਾਵਨਾ ਬਣਾਈ ਰੱਖਣਾ ਇਕ ਸਥਿਤੀ ਹੈ ਅਤੇ ਇਹ ਸ਼ੁੱਧ ਆਤਮਾ ਨਾਲ ਸੰਬੰਧਤ ਨਹੀਂ।

ਹਾਲਾਤ ਸਦੀਵੀ ਤੌਰ ਤੇ ਨਹੀਂ ਰਹਿੰਦੇ। ਜੋ ਅਸਥਿਰ ਹੈ, ਜੋ ਬਣਦਾ ਅਤੇ ਬਿਣਸਦਾ ਹੈ ਉਹ ਸਾਡਾ ਅਸਲੀ ਰੂਪ ਨਹੀਂ ਹੈ। ਫਿਰ ਅਸੀਂ ਇਸ ਨੂੰ ਆਪਣਾ ਕਿਵੇਂ ਮੰਨ ਸਕਦੇ ਹਾਂ? ਇਕ ਗੁਆਂਢੀ ਦੀ ਤਰ੍ਹਾਂ ਇਕ ਸਥਿਤੀ ਆਉਂਦੀ ਅਤੇ ਜਾਂਦੀ ਰਹਿੰਦੀ ਹੈ।

ਕੁਝ ਲੋਕ ਅਜਿਹੇ ਵੀ ਹਨ ਜਿਨ੍ਹਾਂ ਦਾ ਸੋਚਣਾ ਹੈ ਕਿ ਜਿਹੜਾ ਵੀ ਨੇਕ ਵਿਚਾਰ ਜਾਂ ਭਲਾਈ ਦਾ ਖ਼ਿਆਲ ਉਨ੍ਹਾਂ ਨੂੰ ਆਉਂਦਾ ਹੈ ਉਹ ਆਤਮਾ ਦੇ ਕਾਰਨ ਹੈ। ਅਸਲ ਵਿਚ, ਇਹ ਆਤਮਾ ਦੇ ਕਾਰਨ ਨਹੀਂ ਹੈ। ਤੁਹਾਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜਿੰਨੇ ਵੀ ਵਿਚਾਰ ਤੁਹਾਡੇ ਅੰਦਰ ਆਉਂਦੇ ਹਨ ਉਹ ਤੁਹਾਡੇ ਨਹੀਂ ਹਨ।

ਕਿਸੇ ਤਰ੍ਹਾਂ ਦੇ ਵੀ ਹਾਲਤ, ਕਿਸੇ ਤਰ੍ਹਾਂ ਦੇ ਵੀ ਵਿਚਾਰ, ਪੈਦਾ ਹੋਣ ਲਈ ਉਸ ਦਾ ਕਰਤਾ, ਉਸ ਲਈ ਜਿੰਮੇਵਾਰ ਤੁਸੀਂ ਆਪਣੇ ਆਪ ਨੂੰ ਨਾ ਮੰਨੋ; ਭਾਵੇਂ ਉਹ ਵਿਚਾਰ ਚੰਗਾ ਹੋਵੇ ਜਾਂ ਮੰਦਾ। ਮੈਂ ਸਾਰੇ ਸੰਸਾਰ ਨੂੰ ਉਹੀ ਦਸਦਾ ਹਾਂ ਜਿਹੋ ਜਿਹਾ ਇਹ ਹੈ। ਇਹ ਵਿਚਾਰ ਮੈਂ ਤੁਹਾਨੂੰ ਬਹੁਤ ਸਪਸ਼ਟ ਸ਼ਬਦਾਂ ਵਿਚ ਦਸਦਾ ਹਾਂ ਕਿ ਸਥੂਲ ਹਾਲਾਤ, ਸੂਖ਼ਮ ਹਾਲਾਤ ਅਤੇ ਬਚਨਾਂ ਨਾਲ ਸੰਬੰਧਤ ਹਾਲਾਤ ਅਚੇਤਨ ਨਾਲ ਸੰਬੰਧਤ ਹਨ ਅਤੇ ਉਹ ਅਚੇਤਨ ਦੇ ਖ਼ੇਤਰ ਵਿਚ ਹੀ ਆਉਂਦੇ ਹਨ।

ਇਸ ਸੰਸਾਰ ਅੰਦਰ ਸਿਰਫ਼ ਦੋ ਹੀ ਚੀਜਾਂ ਹਨ – ਆਤਮਾ ਅਤੇ ਹਾਲਾਤ/ਸਥਿਤੀਆਂ। ਕਿਸੇ ਵੀ ਘਟਨਾ ਦਾ ਵਾਪਰਨਾ ਜਾਂ ਨਾ ਵਾਪਰਨਾ ਹਾਲਾਤਾਂ ਉਪਰ ਨਿਰਭਰ ਕਰਦਾ ਹੈ। ਇਹ ਅਚੇਤਨ ਉਪਰ ਆਧਾਰਤ ਹੈ ਅਤੇ ਆਤਮਾ ਦੇ ਖ਼ੇਤਰ ਵਿਚ ਨਹੀਂ ਆਉਂਦਾ। ਜੇ ਇਹ ਵਿਅਕਤੀ ਦੇ ਆਪਣੇ ਕੰਟਰੋਲ ਅਧੀਨ ਹੁੰਦਾ ਤਾਂ ਕੋਈ ਵੀ ਵਿਅਕਤੀ ਕਦੇ ਵੀ ਅਣਸੁਖਾਵੇਂ ਹਾਲਾਤਾਂ ਨੂੰ ਬਨਣ ਹੀ ਨਾ ਦਿੰਦਾ ਅਤੇ ਨਾ ਹੀ ਕੋਈ ਕਦੇ ਸੁਖਾਵੇਂ ਹਾਲਾਤਾਂ ਨੂੰ ਜਾਣ ਦਿੰਦਾ। ਜੇ ਇੰਝ ਹੁੰਦਾ ਤਾਂ ਕਦੇ ਵੀ ਕਿਸੇ ਨੂੰ ਵੀ ਮੁਕਤੀ ਪ੍ਰਾਪਤ ਨਾ ਹੁੰਦੀ।

ਜੋ ਵੀ ਅਸਥਿਰ ਹੈ ਅਤੇ ਜੋ ਵੀ ਹਾਲਾਤਾਂ ਦੇ ਸੰਜੋਗ ਅਤੇ ਵਿਯੋਗ ਦੇ ਰਾਹੀਂ ਬਣਦਾ ਹੈ ਅਤੇ ਬਿਣਸਦਾ ਹੈ ਉਹ 'ਮੇਰਾ' ਨਹੀਂ ਹੈ। ਇਹ ਜਾਣ ਲਉ, ਇਹੋ ਸੱਚਾ ਗਿਆਨ ਹੈ।

ਸਵੈ ਦੀ ਸਰਬ-ਪੱਖੀ, ਸਾਰੇ ਪਹਿਲੂਆਂ ਤੋਂ ਸ਼ੁਧੀਕਰਨ ਲਈ ਅਨੰਤ ਗਿਆਨ ਹੈ। ਸੂਖ਼ਮ ਹਾਲਾਤਾਂ ਨੂੰ ਸਿਰਫ਼ ਉਦੋਂ ਹੀ ਵੇਖਿਆ ਜਾ ਸਕਦਾ ਹੈ ਜਦੋਂ ਸਵੈ ਦੇ ਕੁਝ ਪੱਖ ਪਵਿੱਤਰ, ਸ਼ੁੱਧ ਹੋ ਗਏ ਹੁੰਦੇ ਹਨ ਅਤੇ ਜਦੋਂ ਅਨੰਤ ਗਿਆਨ ਦੇ ਬੇਅੰਤ ਪਹਿਲੂ ਵੀ ਸ਼ੁੱਧ ਹੋ ਗਏ ਹੁੰਦੇ ਹਨ। ਉਸ ਸਮੇਂ ਵਿਅਕਤੀ ਅਨੰਤ ਗਿਆਨ ਦਾ ਗਿਆਤਾ ਭਾਵ ਪਰਮਾਤਮਾ-ਰੂਪ ਹੀ ਹੋ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਜਿਹੜੇ ਲੋਕਾਂ ਸਵੈ-ਪਹਿਚਾਣ ਵਾਲੀ ਸਥਿਤੀ ਵਿਚ ਨਹੀਂ ਪਹੁੰਚੇ ਉਨ੍ਹਾਂ ਦਾ ਕੀ ਹੋਵੇਗਾ? ਉਹ ਹਾਲਾਤਾਂ ਨੂੰ ਕਿਵੇਂ ਲੈਣ?

**ਦਾਦਾਸ਼੍ਰੀ** : ਇਕ ਵਿਅਕਤੀ ਨੂੰ ਸ਼ਾਇਦ ਇਹ ਗਿਆਨ ਨਾ ਹੋਵੇ ਕਿ ਹਾਲਾਤ ਹੀ ਕਰਤਾ ਹਨ ਅਤੇ ਉਹ ਕਰਤਾ ਨਹੀਂ ਹੈ। ਪਰੰਤੂ ਫਿਰ ਵੀ ਉਹ ਖ਼ੁਦ ਨੂੰ ਇਸ ਵਿਸ਼ਵਾਸ਼ ਉਪਰ ਦ੍ਰਿੜ ਕਰ ਲੈਂਦਾ ਹੈ ਤਾਂ ਇਸ ਦਾ ਭਾਵ ਇਹ ਹੈ ਕਿ ਬਹੁਤ ਪੁੰਨ ਕਰਮ ਕਮਾ ਰਿਹਾ ਹੈ। ਅਗਲੇ ਜਨਮ ਵਿਚ ਅਜਿਹਾ ਵਿਅਕਤੀ ਦੈਵੀ ਰੂਪ ਹੋਵੇਗਾ।

ਪਰੰਤੂ ਜਦੋਂ ਲੋਕਾਂ ਨਾਲ ਕੋਈ ਅਣਸੁਖਾਵੀਂ ਗੱਲ ਵਾਪਰ ਜਾਂਦੀ ਹੈ ਤਾਂ ਉਹ ਇਹ ਕਹਿ ਦਿੰਦੇ ਹਨ ਕਿ ਉਨ੍ਹਾਂ ਨੂੰ ਹਾਲਾਤਾਂ ਦੀ ਮਜ਼ਬੂਰੀ ਅਧੀਨ ਉਨ੍ਹਾਂ ਨੂੰ ਇਸ ਤਰ੍ਹਾਂ ਕਰਨਾ ਪਿਆ। ਪਰੰਤੂ ਜੇਕਰ ਉਨ੍ਹਾਂ ਦਾ ਕੀਤਾ ਹੋਇਆ ਕੋਈ ਵੀ ਕੰਮ ਉਨ੍ਹਾਂ ਦੇ ਹੱਕ ਵਿਚ ਜਾਦਾ ਹੈ ਤਾਂ ਉਹ ਇਦਾਂ ਕਹਿੰਦੇ ਹਨ: "ਠੀਕ! ਇਸੇ ਤਰ੍ਹਾਂ ਹੀ ਕਰਨਾ ਬਣਦਾ ਸੀ।" ਅਜਿਹੇ ਬਚਨ ਉਸ ਕੰਮ ਦੀ ਪ੍ਰੋੜਤਾ ਕਰਦੇ ਹਨ ਅਤੇ ਵਿਅਕਤੀ ਨੂੰ ਉਸ ਕਾਰਜ ਲਈ ਜ਼ਿੰਮੇਵਾਰ ਵੀ ਬਣਾ ਦਿੰਦੇ ਹਨ।

ਉਸ ਹਾਲਾਤ ਤੋਂ ਕਿਉਂ ਡਰੀਏ ਜਿਸ ਹਾਲਤ ਨੂੰ ਇਕ ਦਿਨ ਚਲੇ ਹੀ ਜਾਣਾ ਹੈ, ਖ਼ਤਮ ਹੋ ਜਾਣਾ ਹੈ। ਅਸੀਂ ਬੁਢਾਪੇ ਤੋਂ, ਮੌਤ ਤੋਂ ਜਾਂ ਜਨਮ ਤੋਂ ਨਹੀਂ ਡਰਦੇ; ਇਹ ਤਾਂ ਬਸ ਹਾਲਾਤਾਂ ਦੇ ਸੰਜੋਗ ਅਤੇ ਵਿਯੋਗ, ਬਨਣ ਅਤੇ ਬਿਨਸਣ ਹੀ ਹੈ

ਸੰਪੂਰਨ ਗਿਆਨੀ ਪੁਰਸ਼ ਲਈ ਦੁੱਖ ਅਤੇ ਸੁੱਖ, ਮੌਤ ਅਤੇ ਸਹਿਜ ਸਥਿਤੀ ਵਿਚ ਪਕਵਾਨ ਖਾਣੇ ਸਭ ਸਮਾਨ ਹਨ: ਉਹ ਸਭ ਨੂੰ ਇਕ ਨਜ਼ਰ ਨਾਲ ਵੇਖਦਾ ਹੈ। ਇਹ ਤਾਂ ਸਭ ਹਾਲਤ ਦੇ ਖੇਲ੍ਹ ਹੈ। ਇਹ ਇੰਝ ਹੀ ਵਾਪਰਦਾ ਹੈ। ਸੰਸਾਰ ਦਾ ਇਸ ਵਿਚ ਕੁਝ ਵੀ ਨਹੀਂ ਸਿਵਾਇ ਜੋ ਵਿਅਕਤੀ ਨੂੰ ਇਥੇ ਅਤੇ ਇਸ ਜੀਵਨ ਵਿਚ ਹਾਲਾਤ ਪ੍ਰਦਾਨ ਕੀਤੇ ਗਏ ਹਨ।

**ਪ੍ਰਸ਼ਨ-ਕਰਤਾ** : ਅਸੀਂ ਆਪ ਜੀ ਦੇ ਅਤਿ ਰਿਣੀ ਹੋਵਾਂਗੇ ਜੇਕਰ ਤੁਸੀਂ ਸਾਨੂੰ ਵਿਭਿੰਨ ਪ੍ਰਕਾਰ ਦੇ ਹਾਲਾਤਾਂ ਵਿਚ ਸਹਿਜਤਾ ਨਾਲ ਰਹਿਣ ਦਾ ਗੁਰ ਸਮਝਾ ਦਿਉ।

**ਦਾਦਾਸ਼੍ਰੀ** : "ਤੁਸੀਂ ਹਾਲਾਤਾਂ ਨੂੰ ਜਿਸ ਤਰ੍ਹਾਂ ਉਹ ਤੁਹਾਡੇ ਸਾਹਮਣੇ ਆਉਂਦੇ ਹਨ ਉਸੇ ਤਰ੍ਹਾਂ

ਜੀਅ ਲੈਂਦੇ ਹੋ ਅਤੇ ਸਮਬੁੱਧੀ ਦੀ ਭਾਵਨਾ ਤਹਿਤ ਉਨ੍ਹਾਂ ਨਾਲ ਸਮਾਯੋਜਨ ਕਰ ਲੈਂਦੇ ਹੋ।" ਮੇਰਾ ਇਹ ਇਕ ਵਾਕ ਕਮਾਲ ਦਾ ਗੁਰ-ਮੰਤ੍ਰ ਹੈ। ਇਸ ਵਾਕ ਵਿਚ ਸਮਸਤ ਸੰਸਾਰ ਦੇ ਧਰਮ ਗਰੰਥਾਂ ਦਾ ਤੱਤ-ਸਾਰ ਸ਼ਾਮਲ ਹੈ।

ਜਿਹੜੇ ਹਾਲਾਤ ਤੁਹਾਨੂੰ ਪ੍ਰਾਪਤ ਹਨ ਤੁਸੀਂ ਉਨ੍ਹਾਂ ਦੇ ਸਿਰਫ਼ ਗਿਆਤਾ-ਦ੍ਰਸ਼ਟਾ ਹੋ: ਤੁਸੀਂ ਉਨ੍ਹਾਂ ਹਾਲਾਤਾਂ ਦੇ ਗਿਆਤਾ-ਦ੍ਰਸ਼ਟਾ ਨਹੀਂ ਜਿਹੜੇ ਤੁਹਾਨੂੰ ਪ੍ਰਾਪਤ ਨਹੀਂ ਹਨ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ! ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਕਲਪਨਾ ਕਰੋ ਕਿ ਤੁਸੀਂ ਕਿਸੇ ਦਿਨ ਸਵੇਰੇ ਪੂਰੇ ਗਿਆਰਾਂ ਵਜੇ ਕਚਹਿਰੀ ਪਹੁੰਚਣਾ ਹੈ ਇਹ ਉਹ ਸਥਿਤੀ ਹੈ, ਉਹ ਹਾਲਤ ਹੈ ਜਿਹੜੀ ਤੁਹਾਨੂੰ ਪ੍ਰਾਪਤ ਹੈ, ਤੁਹਾਡੇ ਸਾਹਮਣੇ ਹੈ। ਤੁਸੀਂ ਪਹਿਲਾਂ ਇਸ ਨਾਲ ਸਮਾਯੋਜਨ ਕਰਨਾ ਹੈ ਅਤੇ ਫਿਰ ਸ਼ਾਂਤ ਅਤੇ ਸਹਿਜ ਮਨ ਨਾਲ ਇਸ ਹਾਲਤ ਨਾਲ ਨਜਿੱਠਣਾ ਹੈ। ਤੁਹਾਨੂੰ ਚੁੱਪ ਕਰਕੇ ਖਾਣਾ ਖਾ ਲੈਣਾ ਚਾਹੀਦਾ ਹੈ। ਇਹ ਤਾਂ ਤੁਹਾਡੇ ਲਈ ਸੰਭਵ ਨਹੀਂ ਕਿ ਕਾਹਲ ਵਿਚ ਤੁਸੀਂ ਦੋਵਾਂ ਹੱਥਾਂ ਨਾਲ ਹੀ ਖਾਣਾ ਖਾਉਣ ਦਾ ਯਤਨ ਕਰੋ।

ਚੁੱਪ ਕਰਕੇ ਖਾਣ ਦਾ ਭਾਵ ਹੈ ਕਿ ਤੁਹਾਡਾ ਚਿੱਤ ਖਾਣੇ ਵਿਚ ਹੋਣਾ ਚਾਹੀਦਾ ਹੈ ਨਾ ਕਿ ਕਚਹਿਰੀ ਵਿਚ। ਕਈ ਵਾਰ ਹੁੰਦਾ ਇਹ ਹੈ ਕਿ ਤੁਸੀਂ ਖਾਣਾ ਤਾਂ ਘਰੇ ਖਾ ਰਹੇ ਹੁੰਦੇ ਹੋ ਪਰੰਤੂ ਮਨ ਤੁਹਾਡਾ ਕਚਹਿਰੀ ਪਹੁੰਚ ਚੁੱਕਾ ਹੁੰਦਾ ਹੈ। ਇਸ ਲਈ ਪਹਿਲਾਂ ਖਾਣੇ ਨਾਲ ਨਿਆਂ ਕਰੋ ਅਤੇ ਫਿਰ ਸ਼ਾਂਤੀ ਨਾਲ ਕਚਹਿਰੀ ਜਾਓ। ਪਰੰਤੂ ਲੋਕ ਅਕਸਰ ਕੀ ਕਰਦੇ ਹਨ? ਉਹ ਜਿਸ ਸਥਿਤੀ ਵਿਚੋਂ ਗੁਜਰ ਰਹੇ ਹੁੰਦੇ ਹਨ ਉਸ ਦਾ ਕਦੇ ਵੀ ਆਨੰਦ ਨਹੀਂ ਮਾਣਦੇ। ਉਹ ਹਮੇਸ਼ਾ ਵਿਆਕੁਲ ਅਤੇ ਘਬਰਾਹਟ ਵਿਚ ਰਹਿੰਦੇ ਹਨ। ਉਹ ਉਸ ਨੂੰ ਪਕੜਨ ਦਾ ਯਤਨ ਕਰਦੇ ਹਨ ਜੋ ਵਰਤਮਾਨ ਦੇ ਉਸ ਪਲ ਵਿਚ ਹੈ ਹੀ ਨਹੀਂ; ਉਹ ਦੋਨੋ ਹੀ ਗੁਆ ਬੈਠਦੇ ਹਨ। ਪਿਆਰੇ ਦੋਸਤ! ਤੁਹਾਡਾ ਖਾਣਾ ਤਿਆਰ ਹੈ ਅਤੇ ਤੁਹਾਡੇ ਸਾਹਮਣੇ ਪਰੋਸਿਆ ਪਿਆ ਹੈ। ਚਾਹੀਦਾ ਇਹ ਹੈ ਕਿ ਤੁਸੀਂ ਉਸ ਨਾਲ ਸਮਝੌਤਾ ਕਰ ਲਉ ਅਤੇ ਉਸ ਦਾ ਆਨੰਦ ਮਾਣੋ। ਤਾਂ ਹੀ ਤੁਸੀਂ ਉਸ ਹਾਲਤ ਦਾ ਵਧੀਆ ਨਿਰਬਾਹ ਕਰ ਸਕੋਗੇ। ਕਚਹਿਰੀ ਬਹੁਤ ਦੂਰੀ ਉਤੇ ਹੈ; ਫਿਰ ਮਾਨਸਕ ਤੌਰ 'ਤੇ ਉਸ ਦਾ ਪਿੱਛਾ ਕਿਉਂ ਕਰਦੇ ਹੋ? ਜਿਹੜੇ ਹਾਲਾਤ ਤੁਹਾਡੇ ਸਾਹਮਣੇ ਹਨ ਤੁਸੀਂ ਉਨ੍ਹਾਂ ਦਾ ਲਾਭ ਉਠਾਉਣਾ ਹੈ। ਜੇ ਕੋਈ ਵਿਅਕਤੀ ਉਪਯੁਕਤ ਹਾਲਾਤ ਦੇ ਹੁੰਦੇ ਹੋਏ ਵੀ ਇਹ ਸਾਰਾ ਕੰਮ ਕਰ ਨਾ ਸਕੇ ਤਾਂ ਬਾਅਦ ਵਿਚ ਉਸ ਦੀਆਂ ਕੋਸ਼ਿਸ਼ਾਂ ਬੇਕਾਰ ਜਾਂਦੀਆਂ ਹਨ।

ਇਸ ਤਰ੍ਹਾਂ ਦੀ ਸਪਸ਼ਟ, ਸਾਦੀ ਅਤੇ ਸਹੀ ਸਮਝ ਕੌਣ ਪ੍ਰਦਾਨ ਕਰੇਗਾ? ਇਹ ਉਸੇ ਦਾ ਕੰਮ ਹੈ ਜਿਹੜਾ ਪੂਰਨ ਗਿਆਨੀ ਪੁਰਸ਼ ਹੈ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਮੁਕਤੀ ਦੇ ਰਸਤੇ ਉਪਰ ਸਫ਼ਲਤਾਪੂਰਵਕ ਚੱਲਣ ਲਈ ਕਿਸ

ਕਿਸਮ ਦੇ ਹਾਲਾਤ ਲਾਹੇਵੰਦ ਹੁੰਦੇ ਹਨ?

**ਦਾਦਾਸ਼੍ਰੀ** : ਜਿਹੜਾ ਵਿਅਕਤੀ ਗਿਆਨੀ ਪੁਰਸ਼ ਦੇ ਰੂਪ ਵਿਚ ਸਥਾਪਤ ਹੋ ਚੁੱਕਾ ਹੈ ਉਹ ਇਹ ਕਾਰਜ ਕਰ ਸਕਦਾ ਹੈ। ਉਹ ਇਸ ਸੰਸਾਰ ਅੰਦਰ ਰਹਿੰਦੇ ਸਮਸਤ ਪ੍ਰਾਣੀਆਂ ਲਈ ਸਰਵਉੱਚ ਅਤੇ ਸਰਵੋਤਮ ਹਾਲਾਤ ਪ੍ਰਦਾਨ ਕਰਨ ਹਿਤ ਇਕ ਸਾਧਨ ਹੈ। ਠੀਕ ਹੀ ਕਿਹਾ ਗਿਆ ਹੈ: "ਜਿਹੜਾ ਪ੍ਰਾਣੀ ਸਾਦਾ ਅਤੇ ਸਹਿਜ ਹੈ ਉਹ ਮੁਕਤੀ ਦੇ ਦਰ ਉਪਰ ਜਾ ਅੱਪੜਦਾ ਹੈ।" ਜਿਹੜੇ ਵਿਅਕਤੀ ਮੁਕਤੀ ਦੀ ਮੰਜ਼ਿਲ ਦੇ ਨਜ਼ਦੀਕ ਹਨ ਉਸ ਨੂੰ ਸੰਪੂਰਨ ਗਿਆਨੀ ਪੁਰਸ਼ ਦੇ ਸੰਪਰਕ ਵਿਚ ਆਉਣ ਦਾ ਵਿਰਲਾ ਮੌਕਾ ਆਪਣੇ ਆਪ ਹੀ ਪ੍ਰਾਪਤ ਹੋ ਜਾਂਦਾ ਹੈ। ਮੁਕਤੀ ਪ੍ਰਾਪਤ ਕਰਨੀ ਅਤਿਅੰਤ ਆਸਾਨ ਹੈ ਪਰੰਤੂ ਗਿਆਨੀ ਪੁਰਸ਼ ਦੇ ਸੰਪਰਕ ਵਿਚ ਆਉਣ ਦਾ ਮੌਕਾ ਵਿਰਲਿਆਂ ਨੂੰ ਹੀ ਪ੍ਰਾਪਤ ਹੁੰਦਾ ਹੈ। ਇਸ ਸਥਿਤੀ ਦਾ ਵਿਰਲਾਪਣ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

ਤੁਸੀਂ ਅਨੰਤ ਪ੍ਰਕਾਰ ਦੀਆਂ ਜੂਨਾ ਵਿਚੋਂ ਹਰ ਜੂਨ ਵਿਚੋਂ ਲੰਘਦਿਆਂ ਹੋਇਆ ਵੀ ਆਨੰਦ ਦੀ ਪ੍ਰਾਪਤੀ ਨਹੀਂ ਕੀਤੀ। ਤੁਸੀਂ ਸਾਰਾ ਸਮਾਂ ਆਪਣੇ ਅੰਦਰਲੀ ਹਉਮੈਂ ਦੇ ਕਾਰਨ ਜਾਂ ਦਹਾੜਦੇ (ਭਾਵ ਦੂਸਰਿਆਂ ਨੂੰ ਡਰਾਉਂਦੇ) ਰਹੇ ਹੋ ਅਤੇ ਜਾਂ ਰੋਂਦੇ (ਭਾਵ ਡਰਦੇ ਹੋਏ ਜਾਂ ਇੱਛਾਵਾਂ ਦੀ ਪੂਰਤੀ ਨਾ ਹੋਣ ਕਾਰਨ) ਰਹੇ ਹੋ। ਤੁਸੀਂ ਮੁਕਤ ਹੋਣਾ ਚਾਹੁੰਦੇ ਹੋ ਪਰੰਤੂ ਤੁਸੀਂ ਸਹੀ ਰਸਤਾ ਨਹੀਂ ਤਲਾਸ਼ ਕਰ ਸਕਦੇ। ਗਿਆਨੀ ਪੁਰਸ਼ ਦਾ ਸੰਗ ਪ੍ਰਾਪਤ ਕਰ ਸਕਣਾ ਅਤੇ ਮੁਕਤੀ ਪ੍ਰਾਪਤੀ ਹਿਤ ਸਹੀ ਰਸਤਾ ਲੱਭ ਸਕਣਾ ਇਕ ਦੁਰਲਭ ਮੌਕਾ ਹੁੰਦਾ ਹੈ।

ਸਾਰੇ ਹੀ ਹਾਲਾਤ ਬਣਦੇ ਅਤੇ ਬਿਣਸਦੇ ਰਹਿੰਦੇ ਹਨ ਪਰੰਤੂ ਸਿਰਫ਼ ਗਿਆਨੀ ਪੁਰਸ਼ ਦੇ ਸੰਪਰਕ ਵਿਚ ਆਉਣ ਦਾ ਦੁਰਲਭ ਮੌਕਾ ਪ੍ਰਾਪਤ ਹੋਣ ਨਾਲ ਹੀ ਤੁਹਾਨੂੰ ਸਦੀਵੀ ਖ਼ੁਸ਼ੀ ਪ੍ਰਾਪਤ ਹੋ ਸਕਦੀ ਹੈ। ਮੁਕਤੀ ਪ੍ਰਾਪਤੀ ਹਿਤ ਇਸ ਉਦੇਸ਼ ਦੀ ਪ੍ਰਾਪਤੀ ਦਾ ਇਹ ਸਭ ਤੋਂ ਵਧੀਆ ਸਮਾਂ ਹੈ। ਗਿਆਨੀ ਪੁਰਸ਼ ਦੇ ਨਜ਼ਦੀਕ, ਉਸ ਦੀ ਸੰਗਤ ਵਿਚ ਰਹਿਣ ਦੀ ਤੀਬਰ ਇੱਛਾ ਇਕ ਅਧਿਆਤਮਕ ਕ੍ਰਿਆ ਹੈ। ਇਸ ਨਾਲ ਹਰ ਤਰ੍ਹਾਂ ਦੇ ਹਾਲਾਤ ਨਾਲ ਨਜਿੱਠਣ ਵਾਸਤੇ ਅਸਾਧਾਰਣ ਸ਼ਕਤੀ ਮਿਲਦੀ ਹੈ ਜਿਹੜੀ ਤੁਹਾਨੂੰ ਇਸ ਯੋਗ ਬਣਾ ਦਿੰਦੀ ਹੈ ਕਿ ਤੁਸੀਂ ਆਪਣੇ ਉਦੇਸ਼ ਦੀ ਪ੍ਰਾਪਤੀ ਦੇ ਰਸਤੇ ਵਿਚ ਆਉਣ ਵਾਲੀ ਹਰ ਰੁਕਾਵਟ ਨੂੰ ਪਾਰ ਕਰ ਸਕੋ।

## 136
## ਪ੍ਰਕ੍ਰਿਤੀ ਸੰਜੋਗ

**ਪ੍ਰਸ਼ਨ-ਕਰਤਾ** : ਹਰ ਵਿਅਕਤੀ ਦੀ ਆਪਣੀ ਆਪਣੀ ਪ੍ਰਕ੍ਰਿਤੀ ਅਨੁਸਾਰ ਵੱਖ-ਵੱਖ ਚੀਜ਼ਾਂ

ਲਈ ਪਸੰਦ ਵੀ ਵੱਖ-ਵੱਖ ਹੁੰਦੀ ਹੈ। ਕਿਰਪਾ ਕਰਕੇ ਇਹ ਦੱਸੋ ਕਿ ਆਪਣੇ ਜੀਵਨ ਦੇ ਸਫ਼ਰ ਦੌਰਾਨ ਵਿਅਕਤੀ ਇਹ ਚੀਜਾਂ ਕਿਵੇਂ ਪ੍ਰਾਪਤ ਕਰਦਾ ਹੈ,

**ਦਾਦਾਸ਼੍ਰੀ** : ਦੇਖੋ! ਜਿਹੜੀ ਵੀ ਚੀਜ ਤੁਹਾਨੂੰ ਪ੍ਰਾਪਤ ਹੁੰਦੀ ਹੈ ਉਹ ਤੁਹਾਡੀ ਪ੍ਰਕ੍ਰਿਤੀ, ਤੁਹਾਡੇ ਸੁਭਾਅ ਦੇ ਅਨੁਸਾਰ ਹੁੰਦੀ ਹੈ। ਤੁਹਾਡੀ ਮੂਲ ਪ੍ਰਕ੍ਰਿਤੀ ਅਤੇ ਤੁਹਾਡੀਆਂ ਵਿਸ਼ੇਸ਼ਤਾਵਾਂ ਨੂੰ ਠੀਕ ਬੈਠਣ ਵਾਲੀ ਹਰ ਵਸਤੂ ਤੁਹਾਨੂੰ ਪ੍ਰਾਪਤ ਹੋ ਜਾਂਦੀ ਹੈ।

**ਪ੍ਰਸ਼ਨ-ਕਰਤਾ** : ਇਹ ਤਾਂ ਅਸਚਰਜ-ਭਰਪੂਰ ਹੈ।

**ਦਾਦਾਸ਼੍ਰੀ** : ਹਰ ਚੀਜ ਜਿਹੜੀ ਤੁਹਾਨੂੰ ਪ੍ਰਾਪਤ ਹੁੰਦੀ ਹੈ ਉਹ ਤੁਹਾਡੀ ਪ੍ਰਕ੍ਰਿਤੀ ਉਪਰ ਆਧਾਰਤ ਹੁੰਦੀ ਹੈ। ਕਿਸ ਕਿਸਮ ਅਤੇ ਕਿਸ ਸਵਾਦ ਵਾਲੀ ਚਾਹ, ਸਬਜ਼ੀਆਂ ਅਤੇ ਖਾਣਾ ਤੁਹਾਨੂੰ ਪ੍ਰਾਪਤ ਹੁੰਦਾ ਹੈ ਇਹ ਸਭ ਤੁਹਾਡੀ ਪ੍ਰਕਿਰਤੀ ਉਪਰ ਅਧਾਰਤ ਹੈ। ਪਰੰਤੂ ਉਸ ਸਮੇਂ ਸਭ ਕੁਝ ਬਰਬਾਦ ਹੋ ਜਾਂਦਾ ਹੈ ਜਦੋਂ ਕ੍ਰੋਧ, ਹੰਕਾਰ, ਧ੍ਰੋਹ ਅਤੇ ਲੋਭ ਇਸ ਵਿਚ ਦਾਖ਼ਲ ਹੋ ਜਾਂਦੇ ਹਨ। ਲੋਭ ਤੁਹਾਨੂੰ ਵਸਤਾਂ ਦਾ ਜਖੀਰਾ ਕਰਨ ਲਈ ਕਹੇਗਾ ਅਤੇ ਫਿਰ ਧੋਖੇਬਾਜ਼ੀ ਉਸ ਦੇ ਬਚਾਅ ਵਿਚ ਆ ਜਾਵੇਗੀ। ਤੁਹਾਨੂੰ ਹਰ ਗੱਲ, ਹਰ ਚੀਜ ਵਿਚ ਲੱਤ ਅੜਾਉਣ ਦੀ ਲੋੜ ਨਹੀਂ। ਤੁਹਾਨੂੰ ਤੁਹਾਡੀ ਪ੍ਰਕ੍ਰਿਤੀ ਅਨੁਸਾਰ ਅਤੇ ਤੁਹਾਡੀਆਂ ਆਂਤਰਿਕ ਮੰਗਾਂ ਦੇ ਅਨੁਸਾਰ ਹਰ ਚੀਜ ਪ੍ਰਾਪਤ ਹੋ ਜਾਵੇਗੀ।

ਮੰਨ ਲਉ ਕਿ ਤੁਸੀਂ ਸੋਚਦੇ ਹੋ ਕਿ ਜੇ ਕੱਲ ਸਵੇਰੇ ਸੂਰਜ ਨਾ ਚੜ੍ਹਿਆ ਤਾਂ ਕੀ ਹੋਵੇਗਾ? ਤੁਸੀਂ ਇਸ ਤਰ੍ਹਾਂ ਕਿਉਂ ਸੋਚਦੇ ਹੋ? ਇਸ ਬ੍ਰਹਿਮੰਡ ਵਿਚ ਜੋ ਵੀ ਵਿਦਮਾਨ ਹੈ ਉਹ ਸਭ ਸਿਰਫ਼ ਤੁਹਾਡੇ ਲਈ ਹੈ ਅਤੇ ਤੁਹਾਨੂੰ ਸਮਝ ਹੋਣੀ ਚਾਹੀਦੀ ਹੈ ਕਿ ਇਸ ਦਾ ਅਨੰਦ ਕਿਵੇਂ ਮਾਨਣਾ ਹੈ। ਇਹ ਸੂਰਜ ਅਤੇ ਚੰਦ, ਤਾਰੇ ਅਤੇ ਹਵਾ ਅਤੇ ਪਾਣੀ ਸਭ ਤੁਹਾਡੇ ਲਈ ਹੀ ਤਾਂ ਹਨ।

ਜੇ ਤੁਹਾਡੀ ਪ੍ਰਕ੍ਰਿਤੀ ਦੀਆਂ ਮੂਲ ਪ੍ਰਵਿਰਤੀਆਂ ਦੇ ਆਧਾਰ ਉੱਪਰ ਤੁਹਾਨੂੰ ਦਸ ਦਿਨ ਦੇ ਸਮੇਂ ਲਈ ਕਿਸੇ ਪਹਾੜੀ ਥਾਂ 'ਤੇ ਕਿਸੇ ਸੁੰਦਰ ਜਗ੍ਹਾ ਰਹਿਣ ਦਾ ਮੌਕਾ ਮਿਲ ਜਾਵੇ ਤਾਂ ਤੁਹਾਡਾ ਮਨ ਕਹੇਗਾ: "ਕਾਸ਼! ਮੈਂ ਇਥੇ ਦਸ ਦਿਨ ਹੋਰ ਬਿਤਾ ਸਕਦਾ" ਅਤੇ ਜੇ ਉਸੇ ਵਿਅਕਤੀ ਨੂੰ ਕਿਸੇ ਹੋਰ ਥਾਂ ਦੋ ਦਿਨ ਵੱਧ ਰਹਿਣਾ ਪੈ ਜਾਵੇ ਤਾਂ ਇਹ ਗੱਲ ਉਸ ਨੂੰ ਪਸੰਦ ਨਹੀਂ ਆਵੇਗੀ ਅਤੇ ਉਹ ਬੁੜਬੁੜ ਵੀ ਜ਼ਰੂਰ ਕਰੇਗਾ।

ਵਿਅਕਤੀ ਆਪਣੇ ਖਾਣ ਅਤੇ ਪੀਣ ਲਈ ਜੋ ਕੁਝ ਵੀ ਪ੍ਰਾਪਤ ਕਰਦਾ ਹੈ ਇਹ ਸਭ ਉਸ ਦੀ ਪ੍ਰਕ੍ਰਿਤੀ ਦੇ ਅਨੁਸਾਰ ਹੈ। ਹਾਂ, ਇਹ ਹੋ ਸਕਦਾ ਹੈ ਕਿ ਵਿਅਕਤੀ ਨੂੰ ਸ਼ਾਇਦ ਉਤਨਾ ਨਾ ਮਿਲੇ ਜਿੰਨਾ ਉਸ ਦਾ ਲੋਭ ਚਾਹੁੰਦਾ ਹੈ। ਸੰਸਾਰ ਦਾ ਤਿਆਗ ਕਰਨਾ ਅਤੇ ਵਰਤ ਰੱਖਣੇ ਇਹ ਸਭ ਵੀ ਵਿਅਕਤੀ ਪ੍ਰਕ੍ਰਿਤੀ ਉਪਰ ਹੀ ਨਿਰਭਰ ਕਰਦਾ ਹੈ। ਪਰੰਤੂ ਵਿਅਕਤੀ ਗਲਤੀ ਕਰਦਾ ਹੈ ਅਤੇ ਸੋਚਦਾ ਹੈ ਕਿ ਇਹ ਸਭ ਕੁਝ ਉਹ ਆਪ ਕਰ ਰਿਹਾ ਹੈ। ਇਹ ਹੋਰ ਕੁਝ

ਨਹੀਂ ਸਿਵਾਇ ਉਸ ਦੀ ਆਪਣੀ ਹਉਮੈਂ ਦੇ ਪ੍ਰਗਟਾਵੇ ਦੇ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਕੀ ਵਿਅਕਤੀ ਆਪਣੀ ਮਰਜ਼ੀ ਨਾਲ ਘਰ ਦਾ ਤਿਆਗ ਨਹੀਂ ਕਰ ਸਕਦਾ?

**ਦਾਦਾਸ਼੍ਰੀ** : ਮੈਂ ਤੁਹਾਨੂੰ ਇਕ ਸੱਚੀ ਘਟਨਾ ਬਾਰੇ ਦਸਦਾ ਹਾਂ। ਇਕ ਵਾਰ ਇਕ ਸੇਠ ਆਪਣੀ ਪਤਨੀ ਅਤੇ ਛੇ ਬੱਚਿਆਂ ਸਮੇਤ ਬੜੌਦਾ ਸ਼ਹਿਰ ਵਿਖੇ ਰਹਿੰਦਾ ਸੀ। ਉਸ ਦੀ ਪਤਨੀ ਝਗੜਾਲੂ ਸੁਭਾਅ ਦੀ ਸੀ ਅਤੇ ਉਸ ਦੀ ਆਦਤ ਸੀ ਕਿ ਉਹ ਸਾਰਾ ਦਿਨ ਹੀ ਨੁਕਸ ਕੱਢਦੀ ਅਤੇ ਪਰੇਸ਼ਾਨ ਕਰਦੀ ਰਹਿੰਦੀ। ਸੇਠ ਇਸ ਸਭ ਤੋਂ ਬੁਰੀ ਤਰ੍ਹਾਂ ਅੱਕ ਗਿਆ ਸੀ ਅਤੇ ਉਸ ਨੇ ਇਕ ਦਿਨ ਸੋਚਿਆ ਕਿ ਜੇ ਮੈਂ ਸੰਨਿਆਸੀ ਬਣ ਜਾਵਾਂ ਤਾਂ ਇਸ ਨਾਲੋਂ ਤਾਂ ਸੌਖਾ ਰਹਾਂਗਾ। ਘੱਟੋ-ਘੱਟ ਲੋਕ ਤਾਂ ਮੇਰਾ ਸਤਿਕਾਰ ਕਰਨਗੇ; ਮੇਰੀ ਬੰਦਨਾ ਕਰਨਗੇ। ਇਸ ਲਈ ਇਕ ਦਿਨ ਉਹ ਚੁੱਪ-ਚੁਪੀਤੇ ਹੀ ਘਰੋਂ ਚਲਾ ਗਿਆ ਅਤੇ ਸਾਧੂ ਬਣ ਗਿਆ।

ਪਰੰਤੂ ਉਸ ਦੀ ਪਤਨੀ ਬਹੁਤ ਤੇਜ਼ ਸੀ ਅਤੇ ਉਹ ਆਪਣੇ ਪਤੀ ਨੂੰ ਇੰਝ ਜਾਣ ਦੇਣਾ ਨਹੀਂ ਚਾਹੁੰਦੀ ਸੀ। ਉਸ ਨੇ ਕਿਵੇਂ ਨਾ ਕਿਵੇਂ ਸੇਠ ਦੇ ਟਿਕਾਣੇ ਦਾ ਪਤਾ ਲਗਾ ਲਿਆ। ਉਹ ਬਿਨਾਂ ਕਿਸੇ ਨੂੰ ਦੱਸੇ ਅਚਾਨਕ ਹੀ ਦਿੱਲੀ ਪਹੁੰਚ ਗਈ ਅਤੇ ਸਿੱਧੀ ਜੈਨ ਅਪਾਸਰੇ ਜਾ ਪਹੁੰਚੀ। ਉਥੇ ਜੈਨ ਗੁਰੂ ਦਾ ਪ੍ਰਵਚਨ ਚੱਲ ਰਿਹਾ ਸੀ ਅਤੇ ਉਹ ਸੇਠ ਵੀ ਉਥੇ ਇਕ ਸਾਧੂ ਭੇਸ ਵਿਚ ਪ੍ਰਵਚਨ ਸੁਣ ਰਿਹਾ ਸੀ।

ਉਥੇ ਪਹੁੰਚਦਿਆਂ ਹੀ ਉਸ ਨੇ ਸੇਠ ਉਪਰ ਚਿਲਾਉਣਾ ਸ਼ੁਰੂ ਕਰ ਦਿੱਤਾ: "ਤੁਸੀਂ ਮੇਰੇ ਨਾਲ ਇਹ ਕੀ ਕਰ ਰਹੇ ਹੋ? ਤੁਸੀਂ ਕਿਸ ਤਰ੍ਹਾਂ ਦੇ ਮਰਦ ਹੋ? ਤੁਸੀਂ ਘਰ ਅਤੇ ਛੇ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਤੋਂ ਭੱਜ ਕੇ ਇਕ ਡਰਪੋਕ ਵਿਅਕਤੀ ਦੀ ਤਰ੍ਹਾਂ ਇਸ ਭੇਖ ਵਿਚ ਇਥੇ ਆ ਬੈਠੇ ਹੋ? ਉਨ੍ਹਾਂ ਬੱਚਿਆਂ ਦੀ ਪਾਲਣਾ ਕੌਣ ਕਰੇਗਾ? ਕੌਣ ਉਨ੍ਹਾਂ ਦੀ ਪੜਾਈ ਦੀ ਅਤੇ ਉਨ੍ਹਾਂ ਦੀ ਸ਼ਾਦੀ ਦੀ ਜ਼ਿੰਮੇਵਾਰੀ ਨਿਬਾਹੇਗਾ?" ਇੰਝ ਕਹਿੰਦਿਆਂ ਉਸ ਨੇ ਸੇਠ ਦਾ ਹੱਥ ਫੜਿਆ ਅਤੇ ਉਸ ਨੂੰ ਖਿੱਚ ਕੇ ਲਿਜਾਣ ਲੱਗੀ। ਸੇਠ ਨੇ ਵੀ ਹਾਲਾਤ ਨੂੰ ਭਾਂਪ ਲਿਆ ਅਤੇ ਮਹਿਸੂਸ ਕੀਤਾ ਕਿ ਗੱਲ ਨੂੰ ਵਧਾਉਣ ਨਾਲ ਤਾਂ ਆਪਣਾ ਹੀ ਮਜ਼ਾਕ ਬਣੇਗਾ। ਸੋ ਉਸ ਨੇ ਉੱਤਰ ਦਿੱਤਾ: 'ਥੋੜਾ ਉਡੀਕ; ਮੈਂ ਕੱਪੜੇ ਬਦਲ ਲਵਾਂ।" ਪਰੰਤੂ ਉਹ ਉਸ ਨੂੰ ਛੱਡਣਾ ਨਹੀਂ ਸੀ ਚਾਹੁੰਦੀ ਅਤੇ ਕਹਿਣ ਲੱਗੀ : "ਮੈਂ ਤੁਹਾਨੂੰ ਇਕ ਪਲ ਲਈ ਵੀ ਨਹੀਂ ਛੱਡਾਂਗੀ। ਮੈਨੂੰ ਤੁਹਾਡੇ ਇਸ ਪਹਿਰਾਵੇ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜਿਵੇਂ ਹੋ ਇਸੇ ਸਥਿਤੀ ਵਿਚ ਹੀ ਘਰ ਚੱਲੋ।"

ਜੈਨ ਗੁਰੂ ਮਹਾਰਾਜ ਨੇ ਵੀ ਸਾਰੀ ਸਥਿਤੀ ਨੂੰ ਭਾਂਪ ਲਿਆ; ਉਨ੍ਹਾਂ ਸੇਠ ਨੂੰ ਅੱਖ ਦੱਬੀ ਅਤੇ ਆਪਣੀ ਪਤਨੀ ਦੇ ਨਾਲ ਘਰ ਜਾਣ ਲਈ ਕਿਹਾ। ਪਤਨੀ ਆਪਣੇ ਪਤੀ ਸੇਠ ਨੂੰ ਨਾਲ ਲੈ ਕੇ ਘਰ ਪਹੁੰਚ ਗਈ। ਉਸ ਸਮੇਂ ਸੇਠ ਸਾਧੂ ਦੇ ਭੇਸ ਵਿਚ ਹੀ ਸੀ। ਘਰ ਤਿਆਗਣਾ ਉਸ

ਦੀ ਪ੍ਰਕ੍ਰਿਤੀ ਵਿਚ ਨਹੀਂ ਸੀ। ਇਸੇ ਕਰਕੇ ਉਸ ਨੂੰ ਵਾਪਸ ਘਰ ਪਰਤਣਾ ਪੈ ਗਿਆ।

ਇਕ ਹੋਰ ਘਟਨਾ ਬਾਰੇ ਵੀ ਸੁਣੋ। ਇਕ ਸਾਧੂ ਮਹਾਰਾਜ ਇੰਨੇ ਬਜ਼ੁਰਗ ਹੋ ਗਏ ਕਿ ਉਹ ਇਧਰ-ਉਧਰ ਤੁਰ ਕੇ ਜਾਣ ਤੋਂ ਆਰੀ ਹੋ ਗਏ। ਉਨ੍ਹਾਂ ਦੀ ਦੇਖਭਾਲ ਕਰਨ ਵਾਲਾ ਵੀ ਕੋਈ ਨਹੀਂ ਸੀ। ਨਿਰਾਸਤਾ ਦੇ ਇਸ ਆਲਮ ਵਿਚ ਉਸ ਨੂੰ ਆਪਣੇ ਘਰ ਦੀ ਯਾਦ ਆਈ। ਸੋ ਉਹ ਕਿਸੇ ਨੇਕ ਵਿਅਕਤੀ ਦੀ ਸਹਾਇਤਾ ਨਾਲ ਆਪਣੇ ਘਰ ਪਹੁੰਚ ਗਿਆ ਉਸ ਨੂੰ ਉਮੀਦ ਸੀ ਘਰੇ ਉਸ ਦੀ ਦੇਖਭਾਲ ਵਧੀਆ ਢੰਗ ਨਾਲ ਹੋਵੇਗੀ। ਉਸ ਦੇ ਪੁੱਤ ਅਤੇ ਨੂੰਹਾਂ ਉਸ ਦੀ ਤਾਮੀਰਦਾਰੀ ਠੀਕ ਤਰ੍ਹਾਂ ਕਰਨਗੇ। ਪਰੰਤੂ ਉਨ੍ਹਾਂ ਸਭ ਨੇ ਉਸ ਨੂੰ ਆਸਰਾ ਦੇਣ ਤੋਂ ਕੋਰਾ ਜੁਆਬ ਦੇ ਦਿੱਤਾ। ਉਸ ਦੀ ਪ੍ਰਕ੍ਰਿਤੀ ਵਿਚ ਤਿਆਗ ਸੀ। ਸੋ ਉਸ ਲਈ ਉਸੇ ਅਨੁਸਾਰ ਹਾਲਾਤ ਬਣ ਗਏ।

ਇਹ ਹੈ ਪ੍ਰਕ੍ਰਿਤੀ ਦੇ ਮੂਲ ਸੁਭਾਅ ਦਾ ਅਸਚਰਜਤਾ ਵਾਲਾ ਕਾਰਜ।

**ਪ੍ਰਸ਼ਨ-ਕਰਤਾ** : ਫਿਰ ਪ੍ਰਕ੍ਰਿਤੀ ਕੀ ਹੈ?

**ਦਾਦਾਸ਼੍ਰੀ** : ਜੇ ਇਹ ਕੋਈ ਇਕ ਵਿਸ਼ੇਸ਼ ਵਿਅਕਤੀ ਹੋਵੇ ਤਾਂ ਅਸੀਂ ਇਸ ਨੂੰ ਕੋਈ ਨਾਮ ਦੇ ਦੇਈਏ, ਗੰਗਾ ਭੈਣ। ਪਰੰਤੂ ਇਹ ਕੋਈ ਵਿਅਕਤੀ ਵਿਸ਼ੇਸ਼ ਨਹੀਂ ਹੈ। ਪ੍ਰਕ੍ਰਿਤੀ ਦਾ ਅਰਥ ਹੈ ਵਿਵਸਥਿਤਾ-ਸ਼ਕਤੀ। ਇਹ ਸਭ ਜੋ ਦੁਨੀਆਂ ਅੰਦਰ ਵਾਪਰ ਰਿਹਾ ਹੈ, ਹੋ ਰਿਹਾ ਹੈ ਵਿਵਸਥਿਤ ਸ਼ਕਤੀ ਦੁਆਰਾ ਵਿਖਾਇਆ ਜਾ ਰਿਹਾ ਕਠਪੁਤਲੀਆਂ ਦਾ ਖੇਲ ਹੈ, ਹੋਰ ਕੁਝ ਨਹੀਂ। ਹਰ ਵਿਅਕਤੀ ਆਪਣੀ ਪ੍ਰਕ੍ਰਿਤੀ ਅਨੁਸਾਰ ਕ੍ਰਿਆ ਕਰਦਾ ਜਾ ਰਿਹਾ ਹੈ ਪਰੰਤੂ ਫਿਰ ਵੀ ਉਹ ਸ਼ੇਖੀ ਇਹ ਮਾਰਦਾ ਹੈ ਕਿ 'ਦੇਖੋ! ਮੈਂ ਨਾਚ ਕਰ ਰਿਹਾ ਹਾਂ! ਮੈਂ ਘਰ ਤਿਆਗ ਰਿਹਾ ਹਾਂ! ਨਹੀਂ ਤਾਂ ਜੇ ਇਹ ਉਸ ਦੀ ਪ੍ਰਕ੍ਰਿਤੀ ਨਾ ਹੋਵੇ ਤਾਂ ਉਸ ਦੀ ਪਤਨੀ ਉਸ ਨੂੰ ਵਾਪਸ ਘਰ ਲੈ ਆਵੇਗੀ।

ਪ੍ਰਕ੍ਰਿਤੀ ਦਾ ਰੋਲ ਲੰਮੇ ਸਮੇਂ ਦਾ, ਸਦੀਵੀ ਹੈ। ਕਿਸੇ ਲਈ ਵੀ ਇਸ ਨੂੰ ਤਬਦੀਲ ਕਰ ਸਕਣਾ ਜਾਂ ਇਸ ਦੇ ਉਲਟ ਜਾ ਸਕਣਾ ਅਸੰਭਵ ਹੈ।

**ਪ੍ਰਸ਼ਨ-ਕਰਤਾ** : ਫਿਰ ਅਸੀਂ ਪ੍ਰਕ੍ਰਿਤੀ ਨਾਲ ਕਿਵੇਂ ਨਜਿੱਠੀਏ?

**ਦਾਦਾਸ਼੍ਰੀ** : ਪ੍ਰਕ੍ਰਿਤੀ ਦਾ ਕੋਈ ਅੰਤ ਨਹੀਂ ਹੈ। ਤੁਸੀਂ (ਗਿਆਨੀ) ਪੁਰਸ਼ ਬਣ ਜਾਉ। ਉਪਰੰਤ ਪ੍ਰਕ੍ਰਿਤੀ ਅਤੇ ਪੁਰਸ਼ ਦੋਵੇਂ ਆਪਣੇ-ਆਪਣੇ ਖੇਤਰਾਂ ਦੇ ਅੰਦਰ ਰਹਿਣਗੇ, ਬਿਨਾਂ ਇਕ ਦੂਜੇ ਦੇ ਖੇਤਰ ਵਿਚ ਦਖ਼ਲ ਦਿੱਤਿਆਂ। ਇਥੇ ਪੁਰਸ਼ ਤੋਂ ਭਾਵ ਹੈ ਪਰਮਾਤਮਾ। ਜਦੋਂ ਤੱਕ ਵਿਅਕਤੀ ਪਰਮਾਤਮਾ ਦੇ ਪੱਧਰ ਤੱਕ ਉੱਚਾ ਨਹੀਂ ਉਠ ਜਾਂਦਾ ਉਦੋਂ ਤੱਕ ਉਹ ਪ੍ਰਕ੍ਰਿਤੀ ਦੇ ਇਸ਼ਾਰਿਆਂ ਉਪਰ ਹੀ ਨਚਦਾ ਰਹੇਗਾ।

ਸਾਰੇ ਹੀ ਧਰਮ ਗਰੰਥਾਂ ਦਾ ਕਥਨ ਹੈ ਕਿ 'ਪੁਰਸ਼ ਨੂੰ ਜਾਣੋ; ਪੁਰਸ਼ ਨੂੰ ਪਹਿਚਾਣੋ'-ਖ਼ੁਦ

ਨੂੰ ਜਾਣੋ ਅਤੇ ਪਹਿਚਾਣੋ।" ਕੋਈ ਵੀ ਧਰਮ ਗਰੰਥ ਸਾਨੂੰ ਪ੍ਰਕ੍ਰਿਤੀ ਨੂੰ ਜਾਨਣ ਅਤੇ ਪਹਿਚਾਨਣ ਲਈ ਨਹੀਂ ਕਹਿੰਦਾ। ਪਿਆਰੇ ਮਾਨਵ! ਜੇ ਤੁਸੀਂ ਪ੍ਰਕ੍ਰਿਤੀ ਦੇ ਸੁਭਾਅ ਨੂੰ ਸਮਝ ਲੈਂਦੇ ਹੋ ਤਾਂ ਤੁਸੀਂ ਆਪਣੇ ਸਵੈ ਦੇ ਸਰੂਪ ਅਤੇ ਸੁਭਾਅ ਨੂੰ ਵੀ ਸਮਝ ਲੈਂਦੇ ਹੋ। ਜੇ ਤੇਲ ਅਤੇ ਪਾਣੀ ਨੂੰ ਇਕੱਠਾ ਕਰ ਦਿੱਤਾ ਜਾਂਦਾ ਹੈ ਤਾਂ ਤੁਸੀਂ ਪਹਿਲਾਂ ਪਾਣੀ ਨੂੰ ਪਹਿਚਾਣ ਲਓ ਅਤੇ ਵੱਖਰਾ ਕਰ ਲਓ ਉਪਰੰਤ ਤੁਸੀਂ ਤੇਲ ਨੂੰ ਪਹਿਚਾਣ ਪਾਉਗੇ।

ਇਸੇ ਕਰਕੇ ਮੈਂ ਕਹਿੰਦਾ ਹਾਂ ਕਿ ਤੁਸੀਂ ਪ੍ਰਕ੍ਰਿਤੀ ਬਾਰੇ ਗਿਆਨ ਹਾਸਲ ਕਰੋ।

**ਪ੍ਰਸ਼ਨ-ਕਰਤਾ** : ਫਿਰ ਅਸੀਂ ਪ੍ਰਕ੍ਰਿਤੀ ਬਾਰੇ ਅਤੇ ਇਸ ਦੇ ਖੇਤਰ ਬਾਰੇ ਕਿਵੇਂ ਜਾਣੀਏ?

**ਦਾਦਾਸ਼੍ਰੀ** : ਜੋ ਕੁਝ ਵੀ ਤਬਦੀਲ ਹੋ ਰਿਹਾ ਹੈ ਅਤੇ ਅਸਥਿਰ ਹੈ, ਜੋ ਵੀ ਵਕਤੀ ਹੈ ਅਤੇ ਅਸਥਾਈ ਹੈ ਉਹ ਸਭ ਪ੍ਰਕ੍ਰਿਤੀ ਹੈ। ਪਹਿਲਾਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣ ਲਉ। ਫਿਰ ਇਸ ਚੰਚਲ ਹਿੱਸੇ ਵਿਚ ਕੀ-ਕੀ ਸ਼ਾਮਲ ਹੈ? ਇਸ ਵਿਚ ਸ਼ਾਮਲ ਹਨ ਪੰਜ ਇੰਦਰੀਆਂ। ਤੁਹਾਡੀ ਹਰ ਝਿਜਕ ਦੇ ਬਾਵਜ਼ੂਦ ਵੀ ਅੱਖਾਂ ਉਹ ਸਭ ਵੇਖਦੀਆਂ ਹਨ ਜੋ ਤੁਸੀਂ ਵੇਖਣਾ ਨਹੀਂ ਚਾਹੁੰਦੇ। ਜਦੋਂ ਤੁਸੀਂ ਕਿਸੇ ਗੰਦਗੀ ਦੇ ਢੇਰ ਦੇ ਨੇੜਿਉਂ ਲੰਘਦੇ ਹੋ ਤਾਂ ਤੁਹਾਡਾ ਨੱਕ ਵੀ ਤੁਹਾਡੀ ਇੱਛਾ ਦੇ ਵਿਪਰੀਤ ਉਸ ਦੀ ਗੰਧ ਜ਼ਰੂਰ ਲਏਗਾ। ਸਰੀਰ ਕਿਵੇਂ ਬਦਲ ਰਿਹਾ ਹੈ? ਜਦੋਂ ਇਕ ਕਾਰ ਤੁਹਾਡੇ ਵੱਲ ਆ ਰਹੀ ਹੈ ਤਾਂ ਵੇਖੋ ਸਰੀਰ ਬਿਨਾਂ ਮਨ ਦੀ ਸਹਿਮਤੀ ਦੇ ਆਪਣੇ ਆਪ ਹੀ ਇਕ ਪਾਸੇ ਹਟ ਜਾਂਦਾ ਹੈ। ਮਨ ਵੀ ਬਦਲਦਾ ਹੈ ਅਤੇ ਉਸੇ ਤਰ੍ਹਾਂ ਚਿੱਤ ਵੀ।

ਉਦਾਹਰਣ ਦੇ ਲਈ, ਤੁਹਾਡਾ ਸਰੀਰ ਇਥੇ ਬੈਠਾ ਹੈ ਅਤੇ ਤੁਹਾਡਾ ਚਿੱਤ ਸਟੇਸ਼ਨ ਉਪਰ ਨਜ਼ਾਰੇ ਮਾਣਦਾ ਹੋ ਸਕਦਾ ਹੈ। ਤੁਹਾਡੀ ਬੁੱਧੀ ਵੀ ਤਬਦੀਲ ਹੁੰਦੀ ਹੈ। ਉਦਾਹਰਣ ਦੇ ਲਈ, ਭਾਵੇਂ ਤੁਸੀਂ ਜਾਣਦੇ ਹੋ ਕਿ ਜਦੋਂ ਇਕ ਇਸਤਰੀ ਇਸ਼ਨਾਨ ਕਰ ਰਹੀ ਹੈ ਤਾਂ ਤੁਸੀਂ ਉਸ ਵੱਲ ਨਹੀਂ ਤੱਕਣਾ ਪਰ ਬੁੱਧੀ ਤੁਹਾਡੀ ਅਵੱਗਿਆ ਕਰਦੀ ਹੈ, ਤੁਹਾਡੇ ਸਭ ਤਰਕਾਂ ਨੂੰ ਇਕ ਵੰਨੇ ਕਰ ਦਿੰਦੀ ਹੈ। ਜੇ ਕੋਈ ਵਿਅਕਤੀ ਤੁਹਾਡਾ ਨਾਂ ਲੈ ਕੇ ਤੁਹਾਨੂੰ ਨਮਸਕਾਰ ਕਰਦਾ ਹੈ, ਫਤਹਿ ਬੁਲਾਉਂਦਾ ਹੈ ਤਾਂ ਤੁਹਾਡੀ ਹਉਮੈਂ ਨੂੰ ਬਲ ਮਿਲਦਾ ਹੈ। ਇਹ ਸਭ ਵਕਤੀ ਹੈ ਅਤੇ ਅਸਥਿਰ ਹੈ। ਇਹੋ ਬਦਲਣ ਵਾਲਾ ਅਤੇ ਅਸਥਾਈ ਭਾਗ ਹੈ।

ਇਸ ਅਸਥਾਈ ਭਾਗ ਨੂੰ ਜਾਣ ਲਉ। ਜੋ ਬਾਕੀ ਹੈ ਉਹ ਸਥਾਈ ਹੈ; ਉਹੀ ਆਤਮਾ ਹੈ। ਤਰਸ, ਸਵੈ-ਮਾਣ ਦੀ ਭਾਵਨਾ, ਹੰਕਾਰ, ਰਾਗ, ਖੁਸ਼ੀ, ਦੁਖ ਇਹ ਸਭ ਦਵੰਦ ਵਾਲੀਆਂ ਵਿਸ਼ੇਸ਼ਤਾਵਾਂ ਹਨ। ਇਹ ਸਭ ਪ੍ਰਕ੍ਰਿਤੀ ਦਾ ਸੁਭਾਅ ਹਨ; ਇਹ ਪ੍ਰਕ੍ਰਿਤੀ ਦਾ ਧਰਮ ਹਨ।

ਪ੍ਰਕ੍ਰਿਤੀ ਅਸਥਾਈ ਹੈ ਅਤੇ ਕ੍ਰਿਆਸ਼ੀਲ ਭਾਗ ਹੈ। ਇਸ ਦੇ ਉਲਟ ਆਤਮਾ ਸਦੀਵੀ ਹੈ – ਜੋ ਅਸਥਿਰ ਨਹੀਂ। ਜਦੋਂ ਕੋਈ ਵਿਅਕਤੀ ਆਤਮਾ (ਪੁਰਸ਼) ਨੂੰ ਪਹਿਚਾਣ ਲੈਂਦਾ ਹੈ

ਤਾਂ ਉਹ ਸਵੈ-ਪਹਿਚਾਣ ਪ੍ਰਾਪਤ ਕਰ ਲੈਂਦਾ ਹੈ। ਨਤੀਜੇ ਵਜੋਂ ਉਹ ਪਰਮਾਤਮਾ-ਪਦ ਉਪਰ ਪਹੁੰਚ ਜਾਂਦਾ ਹੈ; ਉਹ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ।

## 137
## ਸਮਾਧੀ ਅਤੇ ਧਿਆਨ

**ਪ੍ਰਸ਼ਨ-ਕਰਤਾ** : ਮਨ ਨੂੰ ਕੇਂਦ੍ਰਿਤ ਕਿਵੇਂ ਕੀਤਾ ਜਾਵੇ? ਕਿਰਪਾ ਕਰਕੇ ਇਸ ਬਾਰੇ ਚਾਨਣਾ ਪਾਉ।

**ਦਾਦਾਸ਼੍ਰੀ** : ਇਕ ਵਾਰ ਇਕ ਵਿਅਕਤੀ ਜਿਹੜਾ ਪੇਸ਼ੇ ਵਜੋਂ ਇੰਜੀਨੀਅਰ ਸੀ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ: “ਦਾਦਾ! ਕਿਰਪਾ ਕਰਕੇ ਮੈਨੂੰ ਇਹ ਦੱਸੋ ਕਿ ਮੈਂ ਮੁਕਤੀ ਕਿਵੇਂ ਪ੍ਰਾਪਤ ਕਰ ਸਕਦਾ ਹਾਂ।”

ਮੈਂ ਉਸ ਨੂੰ ਪੁੱਛਿਆ: “ਮੁਕਤੀ ਪ੍ਰਾਪਤ ਕਰਨ ਹਿਤ ਤੁਸੀਂ ਹੁਣ ਤੱਕ ਕਿਹੜੇ ਕਿਹੜੇ ਯਤਨ ਕੀਤੇ ਹਨ?”

ਉਸ ਦਾ ਉੱਤਰ ਸੀ: “ਮੈਂ ਸਮਾਧੀ ਲਗਾਉਂਦਾ ਹਾਂ ਅਤੇ ਧਿਆਨ ਕਰਦਾ ਹਾਂ।”

ਮੈਂ ਉਸ ਨੂੰ ਸਮਝਾਇਆ: ਜਿਹੜਾ ਵਿਅਕਤੀ ਮਨ ਦੀ ਉਤੇਜਨਾ ਤੋਂ ਦੁਖੀ ਹੋਵੇ ਉਸ ਨੂੰ ਇਹ ਉਕਸਾਹਟ, ਇਹ ਘਬਰਾਹਟ ਘਟਾਉਣ ਹਿਤ ਧਿਆਨ ਲਗਾਉਣ ਦੀ ਮੱਲਮ ਵਰਤਣੀ ਚਾਹੀਦੀ ਹੈ! ਜਿਹੜਾ ਵਿਅਕਤੀ ਧਿਆਨ ਲਗਾਉਣ ਦਾ ਯਤਨ ਕਰਦਾ ਹੈ ਉਹੀ ਵਿਅਕਤੀ ਮਾਨਸਕ ਉਕਸਾਹਟ, ਮਨ ਦੀ ਘਬਰਾਹਟ ਤੋਂ ਦੁੱਖੀ ਹੈ। ਮਜ਼ਦੂਰ ਵਿਅਕਤੀਆਂ ਨੂੰ ਧਿਆਨ ਲਗਾਉਣ ਦੀ ਲੋੜ ਕਿਉਂ ਨਹੀਂ ਪੈਂਦੀ? ਉਨ੍ਹਾਂ ਨੂੰ ਮਾਨਸਕ ਉਕਸਾਹਟ ਦਾ ਰੋਗ ਹੀ ਨਹੀਂ ਹੈ। ਇਕ ਪੂਰਨ ਗਿਆਨੀ ਪੁਰਸ਼ ਹੋਣ ਦੇ ਨਾਤੇ ਮੈਨੂੰ ਵੀ ਧਿਆਨ ਲਗਾਉਣ ਹਿਤ ਕੋਈ ਯਤਨ ਨਹੀਂ ਕਰਨਾ ਪੈਂਦਾ ਕਿਉਂਕਿ ਮੇਰੇ ਮਨ ਦੇ ਅੰਦਰ ਉਕਸਾਹਟ ਦਾ ਰੱਤਾ ਅੰਸ਼ ਵੀ ਨਹੀਂ ਹੈ।

ਜਦੋਂ ਸਵੈ ਸੜ ਰਿਹਾ ਹੋਵੇ ਅਤੇ ਅੰਦਰ ਸੜਨ ਦਾ ਅਹਿਸਾਸ ਵੀ ਹੋ ਰਿਹਾ ਹੋਵੇ ਤਾਂ ਲੋਕ ਧਿਆਨ ਲਗਾਉਣ ਦਾ ਯਤਨ ਕਰਦੇ ਹਨ। ਪਰੰਤੂ ਇੰਝ ਕਰਦਿਆਂ ਹੋਇਆ ਉਹ ਆਪਣੇ ਸਵੈ ਨੂੰ ਕੀ ਪ੍ਰਦਾਨ ਕਰਦੇ ਹਨ? ਕੀ ਉਨ੍ਹਾਂ ਦੀ ਚਿੰਤਾ ਕੁਝ ਘੱਟ ਹੁੰਦੀ ਹੈ?

**ਪ੍ਰਸ਼ਨ-ਕਰਤਾ** : ਯੋਗ ਬਾਰੇ ਤੁਹਾਡੇ ਕੀ ਵਿਚਾਰ ਹਨ?

**ਦਾਦਾਸ਼੍ਰੀ** : ਉਸੇ ਇੰਜੀਨੀਅਰ ਨੇ ਮੈਨੂੰ ਦੁਬਾਰਾ ਪੁੱਛਿਆ: “ਪਰ ਦਾਦਾ! ਮੈਂ ਯੋਗ ਅਭਿਆਸ ਵੀ ਕਰਦਾ ਹਾਂ ਅਤੇ ਹਰ ਰੋਜ਼ ਚਾਰ ਘੰਟੇ ਸਮਾਧੀ ਵੀ ਲਗਾਉਂਦਾ ਹਾਂ।

ਮੈਂ ਕਿਹਾ: 'ਤੁਸੀਂ ਯੋਗ ਦੇ ਕਿਸੇ ਪੱਖ ਦਾ ਅਭਿਆਸ ਕਰਦੇ ਹੋ? ਕੀ ਤੁਸੀਂ ਇਹ ਕਿਸੇ ਜਾਣੀ ਹੋਈ ਵਸਤੂ ਲਈ ਕਰਦੇ ਹੋ ਜਾਂ ਨਾਂ-ਜਾਣੀ ਹੋਈ ਲਈ? ਤੁਸੀਂ ਆਤਮਾ ਨੂੰ ਨਹੀਂ ਪਹਿਚਾਣਦੇ; ਤੁਸੀਂ ਸਿਰਫ਼ ਸਰੀਰ ਨੂੰ ਪਹਿਚਾਣਦੇ ਹੋ। ਕਿਉਂਕਿ ਤੁਸੀਂ ਸਿਰਫ਼ ਸਰੀਰ ਨੂੰ ਜਾਣਦੇ ਹੋ? ਇਸ ਲਈ ਤੁਸੀਂ ਸਰੀਰ ਨੂੰ ਸਾਧਣ ਹਿਤ ਯੋਗ ਅਭਿਆਸ ਕਰਦੇ ਹੋ। ਇਹ ਇਕ ਸਰੀਰਕ ਕ੍ਰੀੜਾ ਹੈ।

ਕੀ ਤੁਸੀਂ ਇਕ ਪੂਰੀ ਤਰ੍ਹਾਂ ਅਣਜਾਣ ਵਿਅਕਤੀ ਦੇ ਚਿਹਰੇ ਉਪਰ ਧਿਆਨ ਕੇਂਦ੍ਰਿਤ ਕਰ ਸਕਦੇ ਹੋ? ਨਹੀਂ, ਤੁਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ। ਇਸੇ ਤਰ੍ਹਾਂ ਤੁਸੀਂ ਆਤਮਾ ਤੋਂ ਪੂਰੀ ਤਰ੍ਹਾਂ ਅਣਜਾਣ ਹੋ। ਫਿਰ ਤੁਸੀਂ ਆਤਮਾ, ਸ਼ੁੱਧ ਆਤਮਾ ਉਪਰ ਧਿਆਨ ਕਿਵੇਂ ਕੇਂਦ੍ਰਿਤ ਕਰੋਗੇ। ਉਸ ਉਪਰ ਸਮਾਧੀ ਕਿਵੇਂ ਲਗਾਉਗੇ? ਇਸ ਲਈ, ਜੋ ਤੁਸੀਂ ਕਰ ਰਹੇ ਹੋ ਉਹ ਸਿਰਫ਼ ਦੇਹ-ਸਾਧਨਾ ਹੀ ਹੈ। ਆਪਣੀ ਆਤਮਾ ਦੇ ਭਲੇ ਲਈ, ਉਸ ਦੀ ਬੇਹਤਰੀ ਲਈ ਤੁਸੀਂ ਕੀ ਕੀਤਾ ਹੈ?

**ਪ੍ਰਸ਼ਨ-ਕਰਤਾ** : ਫਿਰ ਯੋਗ ਦੇ ਸਹੀ ਮਾਅਨੇ ਕੀ ਹੋਏ?

**ਦਾਦਾਸ਼੍ਰੀ** : 'ਯੋਗ' ਸ਼ਬਦ ਦਾ ਅਰਥ ਹੈ 'ਜੋੜਨਾ'। ਇਹ ਸ਼ਬਦ 'ਯੁਜ' ਧਾਤੂ ਤੋਂ ਬਣਿਆ ਹੈ। ਯੋਗ ਸਿਰਫ਼ ਪਰਿਚਿਤ ਉਪਰ ਹੀ ਸੰਭਵ ਹੈ। ਸਰੀਰ ਦਾ, ਦੇਹ ਲਈ ਯੋਗ ਹੋ ਸਕਦਾ ਹੈ; ਬਚਨ ਦਾ, ਮਨ ਦਾ ਵੀ ਯੋਗ ਹੋ ਸਕਦਾ ਹੈ।

ਇਸ ਸੰਸਾਰ ਅੰਦਰ ਕਈ ਵਿਅਕਤੀ ਹਨ ਜਿਹੜੇ ਮਨੋ-ਯੋਗ ਦਾ ਅਭਿਆਸ ਕਰ ਰਹੇ ਹਨ। ਕਈ ਬੁੱਧੀ-ਯੋਗੀ ਵੀ ਹਨ। ਕਈ ਵਿਅਕਤੀ ਹੋ ਸਕਦੇ ਹਨ ਜਿਨ੍ਹਾਂ ਦੀ ਬੁੱਧੀ ਸਹੀ ਹੋਵੇ ਅਤੇ ਕਈਆਂ ਦੀ ਗਲਤ ਵੀ ਹੋ ਸਕਦੀ ਹੈ। ਕਈ ਸ਼ੁੱਧ ਬੁੱਧੀ ਵਾਲੇ ਹੁੰਦੇ ਹਨ ਅਤੇ ਕਈ ਵਿਕ੍ਰਿਤ ਬੁੱਧੀ ਵਾਲੇ। ਯੋਗੀ ਵੀ ਕਈ ਪ੍ਰਕਾਰ ਦੇ ਹੁੰਦੇ ਹਨ। ਸਾਧੂ ਲੋਕ ਦੇਹ-ਯੋਗੀ ਹੁੰਦੇ ਹਨ (ਉਹ ਸਿਰਫ਼ ਦੇਹ ਨੂੰ ਸਾਧਦੇ ਹਨ) ਅਤੇ ਵਕੀਲ ਬਚਨ-ਯੋਗੀ ਹੁੰਦੇ ਹਨ ਕਿਉਂਕਿ ਉਹ ਬਚਨਾਂ ਨੂੰ ਸਾਧਦੇ ਹਨ।

ਯੋਗ ਦੀਆਂ ਵੱਖ-ਵੱਖ ਕਿਸਮਾਂ ਵਿਚ ਆਤਮ-ਯੋਗ ਹੀ ਅਸਲੀ ਯੋਗ ਹੈ। ਬਾਕੀ ਸਭ ਅਯੋਗ ਹਨ। ਅਜਿਹਾ ਯੋਗ ਕਰਨ ਨਾਲ ਵਿਅਕਤੀ ਆਪਣੀਆਂ ਸਰੀਰਕ ਅਤੇ ਦੁਨਿਆਵੀ ਸ਼ਕਤੀਆਂ ਵਧਾ ਸਕਦਾ ਹੈ ਪਰੰਤੂ ਇਹ ਮੁਕਤੀ ਦਿਲਾਉਣ ਵਿਚ ਸਹਾਇਕ ਨਹੀਂ।

**ਪ੍ਰਸ਼ਨ-ਕਰਤਾ** : ਫਿਰ ਕਿਸ ਪ੍ਰਕਾਰ ਦਾ ਯੋਗ ਜਾਂ ਸਮਾਧੀ ਮੁਕਤੀ ਦੇ ਰਸਤੇ ਉਪਰ ਵਿਅਕਤੀ ਦੀ ਸਹਾਇਤਾ ਕਰ ਸਕਦਾ ਹੈ।

**ਦਾਦਾਸ਼੍ਰੀ** : ਮੁਕਤੀ ਸਿਰਫ਼ ਆਤਮ-ਯੋਗ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ ਜਦੋਂ ਕਿ ਦੇਹ-ਯੋਗ

ਸਾਨੂੰ ਸਿਰਫ਼ ਦੁਨਿਆਵੀ/ਸਰੀਰਕ ਤਾਕਤ ਦਿੰਦਾ ਹੈ। ਮੇਰੇ ਤੋਂ ਦੀਖਿਆ ਪ੍ਰਾਪਤ ਸਾਰੇ ਮਹਾਤਮਾ ਆਤਮ-ਯੋਗੀ ਹਨ ਅਤੇ ਮੈਂ ਆਤਮ ਯੋਗੀਸ਼ਵਰ ਹਾਂ, ਹਮੇਸ਼ਾ ਸਰਵੋਤਮ, ਸਰਬ-ਸ਼ਕਤੀਮਾਨ ਸ਼ੁੱਧ ਆਤਮਾ।

ਜੇ ਤੁਸੀਂ ਆਤਮ-ਯੋਗ ਦਾ ਅਭਿਆਸ ਕਰ ਰਹੇ ਹੋ ਅਤੇ ਤੁਹਾਡਾ ਮਨ ਤੁਹਾਨੂੰ ਬਹੁਤ ਪ੍ਰਕਾਰ ਦੀਆਂ ਵਸਤਾਂ ਵਿਖਾਉਂਦਾ ਹੈ ਤਾਂ ਮਨ ਨੂੰ ਕਹੋ: "ਇਥੋ ਚਲਾ ਜਾਹ ਨਹੀਂ ਤਾਂ ਮੈਂ ਤੇਰੀ ਬੇਇੱਜਤੀ ਕਰਾਂਗਾ। ਬਾਅਦ ਵਿਚ ਆਵੀਂ, ਹੁਣ ਨਹੀਂ।" ਜਦ ਤੁਸੀਂ ਆਪਦੇ ਸਵੈ, ਆਪਣੀ ਆਤਮਾ ਨਾਲ ਇਕਮਿਕ ਹੁੰਦੇ ਹੋ ਅਤੇ ਉਸ ਸਮੇਂ ਜਿਹੜਾ ਅਨੁਭਵ ਤੁਸੀਂ ਪ੍ਰਾਪਤ ਕਰਦੇ ਹੋ ਉਹ ਕਦੇ ਫਿੱਕਾ ਨਹੀਂ ਪੈਂਦਾ। ਆਪਣੀ ਆਤਮਾ ਤੋਂ ਬਿਨਾਂ ਹੋਰ ਕਿਸੇ ਵੀ ਚੀਜ ਬਾਰੇ ਜਾਨਣਾ ਅਗਿਆਨਤਾ ਦੀ ਸ਼੍ਰੇਣੀ ਵਿਚ ਆਉਂਦਾ ਹੈ। ਸਵੈ-ਪਹਿਚਾਣ ਉਪਰੰਤ ਪ੍ਰਾਪਤ ਕੀਤਾ ਕੋਈ ਵੀ ਗਿਆਨ ਸੱਚਾ ਗਿਆਨ ਹੈ। ਆਤਮ-ਯੋਗ ਹੈ ਸਵੈ ਦੀ ਪਹਿਚਾਣ। ਗਿਆਨ-ਯੋਗ ਸਰਵੋਤਮ ਸਿਧਾਂਤ ਹੈ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਤ੍ਰੈ-ਯੋਗ (ਭਾਵ ਮਨ, ਬਚਨ ਅਤੇ ਸਰੀਰ ਦੀ ਸਮਾਧੀ) ਅਧਿਆਤਮਕ ਸਫ਼ਰਾਂ ਦੀ ਸ਼ੁਰੂਆਤ ਹੈ: ਇਥੋਂ ਆਤਮਕ ਸਫ਼ਰ ਆਰੰਭ ਹੁੰਦਾ ਹੈ।

## 138

## ਨਿਰਵਿਕਲਪ ਸਮਾਧੀ

**ਪ੍ਰਸ਼ਨ-ਕਰਤਾ** : ਕਿਹੜੀ ਚੀਜ ਵਿਅਕਤੀ ਦੀਆਂ ਮਾਨਸਕ ਵ੍ਰਿਤੀਆਂ ਨੂੰ ਅਸਥਿਰ ਅਤੇ ਡਾਵਾਂਡੋਲ ਕਰ ਦਿੰਦੀ ਹੈ?

**ਦਾਦਾਸ਼੍ਰੀ** : ਕੀ ਤੁਸੀਂ ਲੰਮੇ ਅਰਸੇ ਤੱਕ ਅਹਿੱਲ ਬੈਠ ਸਕਦੇ ਹੋ? ਫਿਰ ਤੁਸੀਂ ਆਪਣੀਆਂ ਮਾਨਸਕ ਵ੍ਰਿਤੀਆਂ ਤੋਂ ਅਡੋਲ ਰਹਿਣ ਆਸ ਕਿਵੇਂ ਰਖ ਸਕਦੇ ਹੋ? ਤੁਹਾਡੀਆਂ ਮਾਨਸਕ ਵ੍ਰਿਤੀਆਂ ਨੂੰ ਅਡੋਲ ਅਤੇ ਇਕ ਬਿੰਦੂ ਉਪਰ ਟਿਕੀਆਂ ਰਹਿਣ ਹਿਤ ਬਹੁਤ ਸਾਰੇ ਆਤਮਕ ਅਭਿਆਸ ਹਨ। ਪਰੰਤੂ ਉਨੀਂਆਂ ਹੀ ਉਸ ਰਾਹ ਵਿਚ ਰੁਕਾਵਟਾਂ ਵੀ ਹਨ।

ਆਧਿ (ਮਾਨਸਕ ਕਲੇਸ਼), ਵਿਆਧਿ (ਸਰੀਰਕ ਰੋਗ) ਅਤੇ ਉਪਾਧਿ (ਬਾਹਰੀ ਸਮੱਸਿਆਵਾਂ) ਤਿੰਨੋ ਕਿਸਮਾਂ ਦੇ ਕਲੇਸ਼ ਵਿਚ ਰਹਿੰਦਿਆਂ ਹੋਇਆ ਵੀ ਸ਼ਾਂਤ ਅਤੇ ਸਹਿਜ ਬਣੇ ਰਹਿਣਾ ਸੰਭਵ ਹੈ।

**ਪ੍ਰਸ਼ਨ-ਕਰਤਾ** : ਯੋਗ ਦੇ ਰਸਤੇ ਚਲਦਿਆਂ ਆਖਰੀ ਮੰਜ਼ਿਲ ਸਮਾਧੀ ਹੈ - ਸਦੀਵੀ ਆਨੰਦ ਦੀ ਸਥਿਤੀ। ਕਿਰਪਾ ਕਰਕੇ ਇਸ ਨੁਕਤੇ ਉਪਰ ਵੀ ਚਾਨਣਾ ਪਾਉ।

**ਦਾਦਾਸ਼੍ਰੀ** : ਯੋਗ-ਮਾਰਗ ਉਪਰ ਚਲਦਿਆਂ ਯੋਗ ਅਭਿਆਸ ਦੇ ਰਾਹੀਂ ਸਾਨੂੰ ਪ੍ਰਤੱਖ ਰੂਪ ਵਿਚ

ਸਹਿਜਤਾ ਅਤੇ ਟਿਕਾਅ ਦਾ ਅਹਿਸਾਸ ਹੁੰਦਾ ਹੈ। ਇਸ ਨਾਲ ਮਨ, ਬਚਨ ਅਤੇ ਸਰੀਰ ਦੀ ਜਲਣ ਵਾਲਾ ਦਰਦ ਖ਼ਤਮ ਹੋ ਜਾਂਦਾ ਹੈ। ਪਰੰਤੂ ਇਸ ਵਿਚ ਉਹ ਅਨੰਦ ਪ੍ਰਾਪਤ ਨਹੀਂ ਹੁੰਦਾ ਜਿਹੜਾ ਮੁਕਤ-ਪਦ ਉਪਰ ਪਹੁੰਚ ਕੇ ਪ੍ਰਾਪਤ ਹੁੰਦਾ ਹੈ। ਇਹ ਖ਼ੁਸ਼ੀ ਸਿਰਫ਼ ਆਤਮ-ਯੋਗੀ ਹੀ ਮਹਿਸੂਸ ਕਰ ਸਕਦਾ ਹੈ।

ਸਮਾਧੀ ਕੀ ਹੈ? ਦੇਹ-ਯੋਗ ਦੇ ਕਸ਼ਟ-ਤਕਲੀਫ਼ ਨੂੰ ਸਹਿ ਕੇ ਕੀਤੀ ਸਮਾਧੀ ਤੁਹਾਨੂੰ ਉਨੀ ਦੇਰ ਸ਼ਾਂਤ ਰਖਦੀ ਹੈ ਜਿੰਨੀ ਦੇਰ ਤੁਸੀਂ ਇਸ ਦਾ ਅਭਿਆਸ ਕਰਦੇ ਰਹਿੰਦੇ ਹੋ। ਸਦੀਵੀ ਸ਼ਾਂਤੀ ਅਤੇ ਸਹਿਜ ਦਾ ਅਨੰਦ ਤਾਂ ਨਿਰਵਿਕਲਪ ਸਮਾਧੀ ਤੋਂ ਹੀ ਉਪਜਦਾ ਹੈ। ਇਸ ਨਾਲ ਮੇਰ-ਤੇਰ ਸਭ ਖ਼ਤਮ ਹੋ ਜਾਂਦੀ ਹੈ। ਇਹ ਸਹਿਜਤਾ ਨਾਲ ਬਿਨਾਂ ਕਿਸੇ ਵਿਸ਼ੇਸ਼ ਯਤਨ ਦੇ ਕੀਤੀ ਜਾਣ ਵਾਲੀ ਸਮਾਧੀ ਹੈ। ਇਹ ਤੁਹਾਡੇ ਸਾਰੇ ਕਾਰਜਾਂ ਵਿਚ ਹੀ ਸਮਾਈ ਹੁੰਦੀ ਹੈ - ਤੁਰਦਿਆਂ, ਬੈਠਿਆਂ, ਖਾਂਦਿਆਂ, ਝਗੜਦਿਆਂ, ਆਦਿ। ਇਸ ਤਰ੍ਹਾਂ ਦੀ ਸਮਾਧੀ ਦੀ ਅਵਸਥਾ ਵਿਚ ਪਹੁੰਚ ਕੇ ਤੁਸੀਂ ਮੁਕਤ ਹੋ ਜਾਂਦੇ ਹੋ।

**ਪ੍ਰਸ਼ਨ-ਕਰਤਾ** : ਨਿਰਵਿਕਲਪ ਸਮਾਧੀ ਬਾਰੇ ਥੋੜਾ ਹੋਰ ਵਿਸਥਾਰ ਵਿਚ ਦਸੋ।

**ਦਾਦਾਸ਼੍ਰੀ** : ਨਿਰਵਿਕਲਪ ਸਮਾਧੀ ਰਾਹੀਂ ਤੁਸੀਂ ਸਰੀਰ ਅਤੇ ਆਤਮਾ ਨੂੰ ਦੋ ਪੂਰਨ ਤੌਰ 'ਤੇ ਭਿੰਨ, ਇਕ-ਦੂਜੇ ਤੋਂ ਪੂਰੀ ਤਰ੍ਹਾਂ ਅਲੱਗ ਰੂਪ ਵਿਚ ਅਨੁਭਵ ਕਰ ਲੈਂਦੇ ਹੋ। ਤੁਹਾਡੀ ਆਤਮਾ ਜੀਵਨ ਦੇ ਇਸ ਦੌਰ ਵਿਚ ਕਦੇ ਵੀ ਦੁਨਿਆਵੀ ਆਕਰਸ਼ਣਾ ਵਿਚ ਖਚਿਤ ਨਹੀਂ ਹੁੰਦੀ। 'ਮੈਂ ਇਹ ਹਾਂ, ਮੈਂ ਉਹ ਹਾਂ' ਵਿਕਲਪ ਹੈ; ਇਸ ਨੂੰ ਹੀ ਹਉਮੈਂ ਕਹਿੰਦੇ ਹਾਂ। ਭਾਵੇਂ ਤੁਸੀਂ ਯੋਗੀ ਵੀ ਬਣ ਜਾਉ ਇਹ ਤੁਹਾਡਾ ਪਿੱਛਾ ਨਹੀਂ ਛਡਦੀ।

ਹਉਮੈਂ ਨਾਲ ਭਰਪੂਰ ਵਿਅਕਤੀ ਵਿਕਲਪੀ ਹੈ ਅਤੇ ਹਉਮੈਂ ਦੇ ਹੁੰਦਿਆਂ ਉਹ ਕਦੇ ਨਿਰਵਿਕਲਪੀ ਨਹੀਂ ਹੋ ਸਕਦਾ।

**ਪ੍ਰਸ਼ਨ-ਕਰਤਾ** : ਫਿਰ ਵਿਅਕਤੀ ਸੰਕਲਪ-ਵਿਕਲਪ ਤੋਂ ਆਜ਼ਾਦ ਕਿਵੇਂ ਹੋ ਸਕਦਾ ਹੈ?

**ਦਾਦਾਸ਼੍ਰੀ** : ਜਿਹੜੇ ਵਿਅਕਤੀ ਕੁਦਰਤੀ ਹੀ ਨਿਰਵਿਕਲਪੀ ਬਣ ਗਏ ਹਨ ਉਹ ਦੂਸਰਿਆਂ ਨੂੰ ਵੀ ਉੱਚਾ ਚੁੱਕ ਕੇ ਆਪਣੇ ਪੱਧਰ 'ਤੇ ਲਿਆ ਸਕਦੇ ਹਨ। ਵਿਕਲਪ ਅਤੇ ਸੰਕਲਪ (ਭਾਵ ਮੈਂ, ਮੇਰਾ, ਆਦਿ) ਨੂੰ ਮਿਟਾ ਕੇ ਆਤਮਾ ਨਿਰਵਿਕਲਪ ਹੋ ਜਾਂਦੀ ਹੈ। ਜੇ ਅਤੇ ਜਦੋਂ ਤੱਕ ਵਿਅਕਤੀ ਨਿਰਵਿਕਲਪ ਅਵਸਥਾ ਵਿਚ ਪਹੁੰਚਣ ਹਿਤ ਦੀਖਿਆ ਨਹੀਂ ਲੈਂਦਾ ਉਹ ਨਿਰਵਿਕਲਪ ਨਹੀਂ ਬਣ ਸਕਦਾ।

ਸੰਸਾਰ ਅੰਦਰ ਕੁਝ ਯੋਗੀ ਅਜਿਹੇ ਹਨ ਜਿਹੜੇ ਤੁਹਾਡੇ ਸਾਰੇ ਸੰਕਲਪਾਂ ਨੂੰ ਖ਼ਤਮ ਕਰ ਸਕਦੇ ਹਨ ਸਿਵਾਇ ਇਕ ਦੇ - ਉਹ ਇਕ ਸੰਕਲਪ ਹੈ 'ਮੈਂ ਨਾਲ ਜੁੜੇ ਹੋਣਾ'। ਵਿਅਕਤੀ

ਨੂੰ ਉਚੇਰੀ ਆਤਮਕ ਸਥਿਤੀ ਵਿਚ ਪਹੁੰਚਾਇਆ ਜਾ ਸਕਦਾ ਹੈ ਅਤੇ ਉਸ ਨੂੰ ਆਤਮਕ ਉੱਚਤਾ ਨਾਲ ਰੁਸ਼ਨਾਇਆ ਜਾ ਸਕਦਾ ਹੈ ਪਰੰਤੂ ਉਸ ਨੂੰ ਸੱਚਾ ਗਿਆਨ, ਦੈਵੀ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ।

ਸ਼ੁੱਧ ਆਤਮਾ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹਨ, ਇਸ ਦਾ ਆਪਣਾ ਮੂਲ, ਆਂਤਰਿਕ ਧਰਮ ਹੈ, ਇਸ ਦੇ ਆਪਣੇ ਸ਼ੁੱਧ, ਪਵਿੱਤਰ ਪੱਖ ਹਨ। ਸ਼ੁੱਧ ਆਤਮਾ ਧਿਆਨ ਤੋਂ ਪਰ੍ਹੇ ਹੈ ਅਤੇ ਹਮੇਸ਼ਾ ਹੀ ਅਲਖ ਹੈ, ਨਿਰੰਜਨ ਹੈ। ਇਕ ਦੈਵੀ ਗਿਆਨ ਪ੍ਰਾਪਤ ਗਿਆਨੀ ਪੁਰਸ਼ ਅੰਦਰ ਸ਼ੁੱਧ ਆਤਮਾ ਪ੍ਰਗਟ ਹੁੰਦੀ ਹੈ। ਜਿੰਨੀ ਦੇਰ ਤੱਕ ਤੁਸੀਂ ਸਵੈ-ਪਹਿਚਾਣ ਵਾਲੇ ਉਦੇਸ਼ ਪ੍ਰਤੀ ਅਚੇਤ ਹੋ ਉਨੀ ਦੇਰ ਤੁਸੀਂ ਉਸ ਨੂੰ ਹਾਸਲ ਨਹੀਂ ਕਰ ਸਕਦੇ। ਉਪਰੰਤ ਸਹਿਜ ਰੂਪ ਵਿਚ ਸਮਾਧੀ ਤੁਹਾਡੇ ਤੋਂ ਅਲੱਗ ਨਹੀਂ ਹੋਵੇਗੀ ਭਾਵੇਂ ਤੁਸੀਂ ਕਿੰਨੀ ਵੀ ਭੈੜੀ ਤੋਂ ਭੈੜੀ ਸਥਿਤੀ ਵਿਚ ਹੋਵੇ।

ਧਾਰਨਾ-ਇਕਾਗਰਤਾ ਕਾਲਪਨਿਕ ਹੈ। ਸਥੂਲ ਸਵੈ ਪਾਸ ਅਸਿੱਧੀ ਰੋਸ਼ਨੀ ਹੈ। ਅਸਲੀ, ਸੱਚੇ ਸਵੈ ਦਾ ਅਨੁਭਵ ਅਨੰਤ ਹੈ ਜਿਥੇ ਸਿਰਫ਼ ਗਿਆਤਾ ਹੈ ਅਤੇ ਦ੍ਰਸ਼ਟਾ ਹੈ। ਮਨ ਦਾ ਹਰ ਹਾਲਤ ਅਤੇ ਹਰ ਪੱਖ ਤੋਂ ਪੂਰੀ ਤਰ੍ਹਾਂ ਸਹਿਜ ਹੋਣਾ ਹੀ ਸੱਚਾ ਗਿਆਨ ਹੈ। ਅਸਲੀ, ਸਮਾਧੀ ਵੀ ਉਹ ਹੈ ਜਿਸ ਵਿਚ ਪੰਜੇ ਇੰਦਰੀਆਂ ਪੂਰੀ ਤਰ੍ਹਾਂ ਸੁਚੇਤ ਰਹਿੰਦੀਆਂ ਹਨ।

ਜੀਵਨ ਦੇ ਕਿਸੇ ਵੀ ਖੇਤਰ ਵਿਚ ਮੋਹ ਦੀ ਭਾਵਨਾ ਦਾ ਪੂਰੀ ਤਰ੍ਹਾਂ ਤਿਆਗ ਹੀ ਪੂਰਨ ਸਮਾਧੀ ਹੈ। ਇਸ ਵਿਚ ਵਿਅਕਤੀ ਪੂਰੀ ਤਰ੍ਹਾਂ ਆਪਣੇ ਸਵੈ ਨਾਲ ਇਕਮਿਕ ਹੁੰਦਾ ਹੈ।

**ਪ੍ਰਸ਼ਨ-ਕਰਤਾ** : ਕੀ ਵਿਅਕਤੀ ਯੋਗ ਅਤੇ ਭਗਤੀ ਦੇ ਰਾਹੀਂ ਸਦੀਵੀ ਅਨੰਦ ਵਾਲੀ ਸਮਾਧੀ ਪ੍ਰਾਪਤ ਨਹੀਂ ਕਰ ਸਕਦਾ?

**ਦਾਦਾਸ਼੍ਰੀ** : ਨਾਸਾਂ ਨੂੰ ਬੰਦ ਕਰਕੇ ਸਮਾਧੀ ਕਿਵੇਂ ਹੋ ਸਕਦੀ ਹੈ? ਕਿਸੇ ਬੱਚੇ ਦੀਆਂ ਨਾਸਾਂ ਬੰਦ ਕਰਕੇ ਵੇਖੋ ਉਹ ਤੁਹਾਨੂੰ ਕੱਟਣ ਦਾ ਯਤਨ ਕਰੇਗਾ। ਨੱਕ ਨੂੰ ਇੰਝ ਬੰਦ ਕਰਨ ਨਾਲ ਸਾਹ ਘੁੱਟਣ ਲਗਦਾ ਹੈ। ਆਧਿ, ਵਿਆਧਿ ਅਤੇ ਉਪਾਧਿ (ਮਾਨਸਕ, ਸਰੀਰਕ ਅਤੇ ਬਾਹਰੀ ਕਸ਼ਟ ਅਤੇ ਰੋਗ) ਦੀ ਅਣਹੋਂਦ ਹੀ ਸੱਚੀ ਸਮਾਧੀ ਹੈ। ਉਪਰੰਤ ਮੌਤ ਸਮੇਂ ਵੀ ਵਿਅਕਤੀ ਆਤਮਾ ਵੱਲ ਪਰਤਦਾ ਹੈ ਅਤੇ ਆਤਮਾ ਵਿਚ ਸਮਾਇਆ ਰਹਿੰਦਾ ਹੈ ਭਾਵ ਨਿਰਵਿਕਲਪ ਸਮਾਧੀ ਵਿਚ ਹੁੰਦਾ ਹੈ। ਮੇਰੇ ਤੋਂ ਦੀਖਿਆ ਪ੍ਰਾਪਤ ਮਹਾਤਮਾ ਪਾਸ ਸਹੀ ਦ੍ਰਿਸ਼ਟੀ ਹੈ ਅਤੇ ਉਨ੍ਹਾਂ ਨੂੰ ਸਵੈ-ਪਹਿਚਾਣ ਪ੍ਰਾਪਤ ਹੈ: ਇਸ ਲਈ ਉਹ ਸਮਾਧੀ ਵਿਚ ਹੀ ਪਰਲੋਕ ਗਮਨ ਕਰਦੇ ਹਨ। ਉਹ ਆਪਣੇ ਆਪ ਨੂੰ ਸ਼ੁੱਧ ਆਤਮਾ ਸਮਝਣ ਦੀ ਪੂਰਨ ਚੇਤਨਾ ਸਮੇਤ ਹੀ ਦੇਹ ਤਿਆਗ ਕਰਦੇ ਹਨ।

## 139

# ਧਿਆਤਾ-ਧੇਅ-ਧਿਆਨ

**ਪ੍ਰਸ਼ਨ-ਕਰਤਾ** : ਮੈਂ ਯੋਗ ਢੰਗ ਨਾਲ ਧਿਆਨ ਨਹੀਂ ਕਰ ਸਕਦਾ। ਕੀ ਕਰਾਂ?

**ਦਾਦਾਸ਼੍ਰੀ** : ਇਕ ਵਾਰ ਇਕ ਸੇਠ ਆਪਣੇ ਘਰ ਧਿਆਨ ਵਿਚ ਬੈਠਾ ਹੋਇਆ ਸੀ। ਕਿਸੇ ਨੇ ਉਸ ਨੂੰ ਕਿਹਾ: 'ਕੀ ਸੇਠ ਜੀ ਘਰੇ ਹੀ ਹਨ?' ਸੇਠ ਦੀ ਪਤਨੀ ਨੇ ਉੱਤਰ ਦਿੱਤਾ: 'ਜੀ, ਉਹ ਤਾਂ ਜਿਥੇ ਕੂੜਾ-ਕਰਕਟ ਦਾ ਗੰਦ ਪਿਆ ਹੋਇਆ ਹੈ ਉਸ ਸ਼ੈੱਡ ਵਿਚ ਗਏ ਹੋਏ ਹਨ'। ਇਹ ਸੁਣਦਿਆਂ ਹੀ ਸੇਠ ਦਿਲ ਹੀ ਦਿਲ ਪਤਨੀ ਉਪਰ ਖਿਝਿਆ। ਸਚਮੁੱਚ ਹੀ ਉਹ ਧਿਆਨ-ਮੁਦ੍ਰਾ ਵਿਚ ਬੈਠਾ ਹੋਇਆ ਕਾਮੁਕ ਵਿਚਾਰਾਂ ਵਿਚ ਖੋਇਆ ਹੋਇਆ ਸੀ।

ਜੇ ਧਿਆਨ ਯੋਗ ਅਤੇ ਸਹੀ ਢੰਗ ਨਾਲ ਕੀਤਾ ਜਾਵੇ ਤਾਂ ਇਸ ਵਿਚ ਅਸਚਰਜਤਾ-ਪੂਰਨ ਸ਼ਕਤੀ ਹੈ। ਇਸ ਲਈ ਕਿਰਪਾ ਕਰਕੇ ਪਹਿਲਾਂ ਧਿਆਨ ਦੀ ਸਹੀ ਪਰਿਭਾਸ਼ਾ ਬਾਰੇ ਸਪਸ਼ਟ ਹੋ ਜਾਉ। ਉੱਦੇਸ਼ (ਧੇਅ) ਦਾ ਫ਼ੈਸਲਾ ਕਰ ਲੈਣ ਉਪਰੰਤ ਵਿਅਕਤੀ ਧਿਆਤਾ, ਭਾਵ ਧਿਆਤ ਵਾਲਾ, ਬਣ ਜਾਂਦਾ ਹੈ। ਜਿਹੜੀ ਕੜੀ ਧਿਆਤਾ ਅਤੇ ਧੇਅ ਨੂੰ ਜੋੜਦੀ ਹੈ ਉਹ ਧਿਆਨ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਜੇਕਰ ਹੁੱਕੇ ਨੂੰ ਇੱਕ ਘੰਟਾ ਵੇਖਦੇ ਰਹਿਣ ਤੋਂ ਬਾਅਦ ਕੋਈ ਵਿਅਕਤੀ ਇਹ ਕਹਿੰਦਾ ਹੈ ਕਿ 'ਇਹ ਹੁੱਕਾ ਮੈਨੂੰ ਚਾਹੀਦਾ ਹੈ ਭਾਵੇਂ ਇਹ ਦੁਕਾਨ ਅੰਦਰ ਹੀ ਪਿਆ ਹੈ'; ਅਤੇ ਜੇ ਇਕ ਵਿਅਕਤੀ ਲਗਾਤਾਰ 50 ਮਿੰਟ ਇਸ ਉਪਰ ਧਿਆਨ ਧਰਦਾ ਹੈ ਅਤੇ ਇਕ ਪਲ ਲਈ ਧਿਆਨ ਨੂੰ ਲਾਂਭੇ ਲਈ ਜਾਣ ਦਿੰਦਾ ਤਾਂ 50 ਮਿੰਟਾਂ ਦੇ ਅੰਦਰ-ਅੰਦਰ ਉਸ ਵਿਅਕਤੀ ਨੂੰ ਇਹ ਹੁੱਕਾ ਮਿਲ ਜਾਵੇਗਾ। ਇਹ ਤਾਕਤ ਕਿਥੋਂ ਆਉਂਦੀ ਹੈ? ਇਸ ਬਾਰੇ ਮਤ ਸੋਚੋ। ਗਿਆਨ ਦੀ ਤਾਕਤ ਹੈ ਹੀ ਬਹੁਤ ਅਸਚਰਜਤਾ-ਭਰਪੂਰ।

ਜੇ ਸਾਧਨਾ ਵਿਧੀ-ਵਤ ਤਰੀਕੇ ਨਾਲ ਕੀਤੀ ਜਾਵੇ ਤਾਂ ਉਦੇਸ਼ ਦੀ ਪੂਰਤੀ ਜ਼ਰੂਰ ਹੋ ਜਾਂਦੀ ਹੈ ਪਰੰਤੂ ਜਦੋਂ ਵਿਧੀ ਗਲਤ ਹੋਵੇ ਤਾਂ ਫਿਰ ਸਹੀ ਨਤੀਜਾ ਕਿਵੇਂ ਨਿਕਲ ਸਕਦਾ ਹੈ? ਸਾਧਨਾ ਦੇ ਰਾਹੀਂ ਤਾਂ ਵਿਅਕਤੀ ਪਰਮਾਤਮਾ ਨੂੰ ਵੀ ਪਾ ਸਕਦਾ ਹੈ। ਸਾਧਨਾ ਵਿਚ ਬਹੁਤ ਜ਼ਿਆਦਾ ਤਾਕਤ ਹੈ ਪਰੰਤੂ ਜ਼ਰੂਰਤ ਹੈ ਕਿ ਤੁਸੀਂ ਸਾਧਨਾ ਨੂੰ ਸਹੀ ਤਰ੍ਹਾਂ ਸਮਝੋ। ਜੇਕਰ ਇਹ ਦਾਦਾ 50 ਮਿੰਟਾਂ ਦੇ ਅੰਦਰ ਤੁਹਾਨੂੰ ਵਿਕਲੋੜ੍ਹੀ ਸਵੈ-ਪਹਿਚਾਣ ਦੀ ਅਵਸਥਾ ਨਾਲ ਵਰੋਸਾਅ ਸਕਦਾ ਹੈ ਤਾਂ ਤੁਸੀਂ ਕੀ ਪ੍ਰਾਪਤ ਨਹੀਂ ਕਰ ਸਕਦੇ?

ਜਦੋਂ ਤੁਸੀਂ ਲਗਾਤਾਰ ਅੱਠ ਘੰਟੇ ਲਈ ਸਾਧਨਾ ਕਰਦੇ ਹੋ ਤਾਂ ਇਸ ਦਾ ਲਾਹਾ ਤੁਹਾਡੇ ਖਾਤੇ ਵਿਚ ਜਮਾਂ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਰੋਜ ਇਹ ਲਾਹਾ ਜਮਾਂ ਹੁੰਦੇ-ਹੁੰਦੇ ਤੁਹਾਡੇ ਖਾਤੇ

ਵਿਚ ਕੁਲ 50 ਮਿੰਟ ਜਮਾਂ ਹੋ ਜਾਂਦੇ ਹਨ। 8 ਘੰਟੇ ਸਾਧਨਾ ਕਰਨ ਉਪਰੰਤ ਤੁਹਾਡੇ ਖਾਤੇ ਵਿਚ ਸਿਰਫ਼ ਅੱਠ ਮਿੰਟ ਹੀ ਜਮਾਂ ਹੁੰਦੇ ਹਨ: ਉਸ ਤੋਂ ਘੱਟ ਕੁਝ ਵੀ ਤੁਹਾਡੇ ਖਾਤੇ ਵਿਚ ਜਮਾਂ ਨਹੀਂ ਹੁੰਦਾ।

ਮੰਨ ਲਉ ਕਿ ਤੁਸੀਂ ਵਿਸ਼ਵਾਸ਼ ਕਰਦੇ ਹੋ ਕਿ 'ਤੁਸੀਂ ਅਮਿਤ ਹੋ' ਅਤੇ ਉਸ ਅਮਿਤ ਨੂੰ ਵਿਚੋਲਾ ਮੰਨ ਕੇ ਅਤੇ ਆਪਣੇ ਵਿਚਾਰ ਜਾਂ ਕਲਪਨਾ ਅਨੁਸਾਰ ਕੋਈ ਵੀ ਉਦੇਸ਼ ਮਿਥ ਕੇ ਤੁਸੀਂ ਸਾਧਨਾ ਕਰਦੇ ਹੋ। ਤੁਸੀਂ ਆਪਣੀ ਕਲਪਨਾ ਦੁਆਰਾ ਹੀ ਨਿਰਦੇਸ਼ਤ ਹੋ। ਫਿਰ ਇਹ ਸਭ ਤੁਹਾਨੂੰ ਕਿਵੇਂ ਲਾਭ ਪਹੁੰਚਾ ਸਕਦਾ ਹੈ? ਕੀ ਇਸ ਢੰਗ ਦੇ ਰਾਹੀਂ ਕੋਈ ਪ੍ਰਾਪਤ ਕਰਨ ਯੋਗ ਪ੍ਰਾਪਤੀ ਹੋ ਸਕੇਗੀ?

ਜਦੋਂ ਤੁਸੀਂ ਸਾਧਨਾ ਕਰਦੇ ਹੋ ਤਾਂ ਤੁਸੀਂ ਕਿਸ ਦੀ ਸਾਧਨਾ ਕਰਦੇ ਹੋ? ਤੁਹਾਡੀ ਸਾਧਨਾ ਦਾ ਉਦੇਸ਼, ਉਸ ਦਾ ਮੰਤਵ ਕੀ ਹੈ? ਸਾਧਨਾ ਕੌਣ ਕਰਦਾ ਹੈ? ਬਿਨਾਂ ਕਿਸੇ ਉਦੇਸ਼ ਦੇ, ਬਿਨਾਂ ਫੈਸਲਾ ਕੀਤਿਆਂ ਕਿ ਤੁਹਾਡਾ ਉਦੇਸ਼ ਕੀ ਹੈ ਤੁਸੀਂ ਸਾਧਨਾ ਕਿਸ ਦੀ ਕਰੋਗੇ? ਸਾਧਨਾ ਤਾਂ ਉਦੇਸ਼ ਦੀ ਪ੍ਰਾਪਤੀ ਹਿਤ ਇਕ ਸਾਧਨ ਹੈ, ਇਕ ਢੰਗ ਹੈ। ਸਾਧਨਾ ਫਲਦਾਇਕ ਤਾਂ ਹੀ ਹੋ ਸਕਦੀ ਹੈ ਜੇ ਆਤਮਾ ਹੀ ਉਦੇਸ਼ ਹੋਵੇ ਅਤੇ ਆਤਮਾ ਹੀ ਸਾਧਕ ਵੀ ਹੋਵੇ।

ਜਦੋਂ ਮੈਂ ਤੁਹਾਨੂੰ ਗਿਆਨ ਪ੍ਰਦਾਨ ਕਰਦਾ ਹਾਂ ਤਾਂ ਮੈਂ ਤੁਹਾਨੂੰ ਸਾਧਕ ਰੂਪ ਦੇ ਦਿੰਦਾ ਹਾਂ ਅਤੇ ਤੁਹਾਨੂੰ ਸਹਿਜ-ਸਰੂਪ ਵਿਚ ਸਥਿਤ ਕਰ ਦਿੰਦਾ ਹਾਂ। ਸਾਧਨਾ ਦੇ ਵਿਚ ਸਾਧਕ ਅਤੇ ਸਾਧਨਾ ਦਾ ਉਦੇਸ਼ ਇਕ-ਰੂਪ ਹੋ ਜਾਂਦੇ ਹਨ। ਮੁਕਤੀ ਦੀ ਅਵਸਥਾ ਦਾ ਅਨੁਭਵ ਸਿਰਫ਼ ਉਦੋਂ ਹੀ ਹੋ ਸਕਦਾ ਹੈ ਜਦੋਂ ਸਵੈ ਆਪਣੇ ਸ਼ੁੱਧ ਰੂਪ ਵਿਚ ਰਹਿੰਦਾ ਹੈ। ਆਮ ਤੌਰ 'ਤੇ ਜਦੋਂ ਲੋਕ ਸਾਧਨਾ ਕਰਦੇ ਹਨ ਤਾਂ ਉਹ ਚਾਹੁੰਦੇ ਹਨ ਕਿ ਉਹ ਉਸ ਸਮੇਂ ਆਮਦਨ ਕਰ ਜਾਂ ਕਾਮ-ਵਾਸਨਾ ਆਦਿ ਵਰਗੀਆਂ ਗੱਲਾਂ ਬਾਰੇ ਨਾ ਸੋਚਣ। ਹੁੰਦਾ ਇਹ ਹੈ ਕਿ ਉਹ ਜਿਉਂ ਹੀ ਸਾਧਨਾ ਹਿਤ ਬੈਠਦੇ ਹਨ ਉਹ ਵਿਚਾਰ ਜਿਨ੍ਹਾਂ ਨੂੰ ਉਹ ਨਾ-ਪਸੰਦ ਕਰਦੇ ਹਨ ਉਨ੍ਹਾਂ ਨੂੰ ਵਾਰ-ਵਾਰ ਆਉਂਦੇ ਹਨ। ਇਸ ਨੂੰ ਤੁਸੀਂ ਸਾਧਨਾ ਕਿਵੇਂ ਕਹਿ ਸਕਦੇ ਹੋ?

ਮੈਂ ਤੁਹਾਨੂੰ ਇਸ ਸਮੇਂ ਸਾਧਨਾ ਕਰਨ ਹਿਤ ਤੋਰ ਸਕਦਾ ਹਾਂ ਪਰੰਤੂ ਉਸਦਾ ਕੀ ਲਾਭ ਹੋਵੇਗਾ ਜੇਕਰ ਤੁਸੀਂ ਫਿਰ ਵੀ ਉਹ ਹਜ਼ਾਰ ਪੌੜੀਆਂ ਹੀ ਚੜ੍ਹਨੀਆਂ ਹਨ। ਸਗੋਂ ਮੈਂ ਤੁਹਾਨੂੰ ਸਿੱਧਾ ਹੀ ਮੁਕਤ ਅਵਸਥਾ ਵਿਚ ਲਿਜਾ ਸਕਦਾ ਹਾਂ। ਆਉ ਅਤੇ ਇਸ ਸੰਬੰਧ ਵਿਚ ਮੈਨੂੰ ਮਿਲੋ। ਤੁਸੀਂ ਸਿੱਧੇ ਹੀ ਸੱਚ ਦੀ ਪ੍ਰਾਪਤੀ ਲਈ ਕਹਿ ਸਕਦੇ ਹੋ। ਫਿਰ ਦੁਨਿਆਵੀ ਸਾਧਨਾ ਕਿਉਂ? ਇਹ ਤਾਂ ਅਧੂਰੀ ਸਾਧਨਾ ਹੈ।

**ਪ੍ਰਸ਼ਨ-ਕਰਤਾ** : ਪਰੰਤੂ ਇਹ ਕਾਫ਼ੀ ਕਠਿਨ ਕਾਰਜ ਹੋਵੇਗਾ।

**ਦਾਦਾਸ਼੍ਰੀ** : ਜਦੋਂ ਮੈਂ ਤੁਹਾਨੂੰ ਇਹ ਸਭ ਦੇਣ ਲਈ ਇਥੇ ਹਾਜਰ ਹਾਂ ਫਿਰ ਕਠਿਨਤਾ ਕਿਸ ਗੱਲ

ਦੀ? ਜੇ ਤੁਹਾਡੇ ਸਾਰੇ ਕੰਮ ਤੁਹਾਡੀ ਆਪਣੀ ਜਾਣ-ਪਹਿਚਾਣ ਜਾਂ ਪ੍ਰਧਾਨ ਜੀ ਦੇ ਰਸੂਖ ਸਦਕਾ ਹੋ ਸਕਦੇ ਹਨ ਤਾਂ ਫਿਰ ਜੇ ਤੁਸੀਂ ਗਿਆਨੀ ਪੁਰਸ਼ ਨੂੰ ਜਾਣਦੇ ਹੋ ਅਤੇ ਉਨ੍ਹਾਂ ਨੂੰ ਮਿਲ ਲੈਂਦੇ ਹੋ ਤਾਂ ਕੀ ਨਹੀਂ ਪ੍ਰਾਪਤ ਕੀਤਾ ਜਾ ਸਕਦਾ? ਮੈਂ ਹਰ ਪ੍ਰਕਾਰ ਦੇ ਵਿਤਕਰੇ ਅਤੇ ਭਿੰਨ-ਭੇਦ ਤੋਂ ਉੱਪਰ ਉਠਿਆ ਹੋਇਆ ਹਾਂ। ਮੈਂ ਪੂਰਨ ਤੌਰ ਤੇ ਵਿਤਰਾਗ ਭਾਵ ਤਿਆਗੀ ਗਿਆਨੀ ਪੁਰਸ਼ ਹਾਂ। ਮੈਂ ਉਸ ਨੂੰ ਆਪਣਾ ਅਸ਼ੀਰਵਾਦ ਦਿੰਦਾ ਹੈ ਜਿਹੜਾ ਨਿਸਕਪਟ ਅਤੇ ਸੱਚਾ ਹੈ ਅਤੇ ਜਿਹੜਾ ਨਿਜੀ ਰੂਪ ਵਿਚ ਆ ਕੇ ਮੈਨੂੰ ਮਿਲਦਾ ਹੈ।

**ਪ੍ਰਸ਼ਨ-ਕਰਤਾ** : ਕੀ ਸਾਧਨਾ ਦੇ ਰਾਹੀਂ ਵਿਅਕਤੀ ਆਪਣੀਆਂ, ਭਾਵ ਆਪਣੀ ਸ਼ੁੱਧ ਆਤਮਾ ਦੀਆਂ ਵਿਸ਼ੇਸ਼ਤਾਵਾਂ ਨੂੰ ਪਹਿਚਾਣ ਸਕਦਾ ਹੈ?

**ਦਾਦਾਸ਼੍ਰੀ** : ਹਾਂ, ਬਿਲਕੁਲ। ਕਿਉਂ ਨਹੀਂ? ਜਿਸ ਹੱਦ ਤੱਕ ਤੁਸੀਂ ਸਵੈ ਭਾਵ ਆਤਮਾ ਦੀਆਂ ਵਿਸ਼ੇਸ਼ਤਾਵਾਂ (ਭਾਵ ਅਨੰਤ ਗਿਆਨ, ਅਨੰਤ ਦਰਸ਼ਨ, ਆਦਿ) ਨੂੰ ਜਾਣੋਗੇ ਅਤੇ ਜਿਸ ਹੱਦ ਤੁਸੀਂ ਉਨ੍ਹਾਂ ਦੀ ਸਾਧਨਾ ਕਰੋਗੇ ਉਨੀਆਂ ਹੀ ਤੁਸੀਂ ਉਨ੍ਹਾਂ ਨੂੰ ਪਹਿਚਾਣੋਗੇ।

## ਪਰਮਾਤਮਾ ਬਾਰੇ

**ਦਾਦਾਸ਼੍ਰੀ** : 'ਭਗਵਾਨ' - ਕੀ ਇਹ ਇਕ ਨਾਮ ਹੈ ਜਾਂ ਵਿਸ਼ੇਸ਼ਣ?

**ਪ੍ਰਸ਼ਨ-ਕਰਤਾ** : ਜੀ, ਇਹ ਤਾਂ ਨਾਮ ਹੈ।

**ਦਾਦਾਸ਼੍ਰੀ** : ਜੇ ਇਹ ਨਾਮ ਹੈ ਤਾਂ ਫਿਰ ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਨਾਮ ਵਾਲੇ ਨੂੰ 'ਸ਼੍ਰੀ ਭਗਵਾਨ ਦਾਸ ਜੀ' ਜਾਂ 'ਸ਼੍ਰੀ ਭਗਵਾਨ ਭਾਈ' ਕਹਿ ਕੇ ਪੂਰੇ ਆਦਰ-ਸਤਿਕਾਰ ਸਹਿਤ ਬੁਲਾਈਏ। ਅਸਲ ਵਿਚ 'ਭਗਵਾਨ' ਸ਼ਬਦ ਇਕ ਵਿਸ਼ੇਸ਼ਣ ਹੈ। ਭਗਵਾਨ ਜਾਂ ਭਾਗਵਾਨ 'ਭਾਗ' (ਭਾਵ ਕਿਸਮਤ) ਸ਼ਬਦ ਤੋਂ ਬਣਿਆ ਹੈ। 'ਭਗਵਾਨ' ਸ਼ਬਦ 'ਭਾਗਵਤ' ਦਾ ਹੀ ਰੂਪ ਹੈ: 'ਭਗਵਾਨ ਭਾਵ ਰੱਬ ਅਤੇ 'ਭਾਗਵਤ' ਭਾਵ ਦੈਵੀ। ਜਿਸ ਅੰਦਰ ਵੀ ਭਾਗਵਤ ਵਾਲੇ ਗੁਣ ਹਨ ਉਹ ਭਗਵਾਨ ਦੇ ਸੰਬੋਧਨ ਦਾ ਹੱਕਦਾਰ ਹੈ। ਲੋਕ ਮੈਨੂੰ ਭਗਵਾਨ ਕਹਿੰਦੇ ਹਨ ਪਰੰਤੂ ਮੇਰਾ ਰੁਤਬਾ ਤਾਂ ਕਿਸੇ ਵੀ ਗੁਣ, ਵਿਸ਼ੇਸ਼ਤਾ ਜਾਂ ਤੁਲਨਾ ਤੋਂ ਪਰ੍ਹੇ ਹੈ। ਤੁਸੀਂ ਇਸ ਨਾਲ ਕਿਹੜਾ ਵਿਸ਼ੇਸ਼ਣ ਲਗਾਉਗੇ? ਕੀ ਤੁਸੀਂ ਇਹ ਵਿਸ਼ੇਸ਼ਣ ਇਸ ਦੇਹ ਦੇ ਨਾਲ ਲਗਾਉਗੇ? ਇਹ ਸਰੀਰ ਤਾਂ ਇਕ ਦਿਨ ਨਾਸ਼ ਹੋ ਜਾਵੇਗਾ: ਇਸ ਦੀ ਮੌਤ ਹੋ ਜਾਵੇਗੀ। ਜੋ ਤੁਹਾਡੇ ਅੰਦਰ ਪ੍ਰਗਟ ਹੈ ਉਹ ਸਰਵੋਤਮ ਪਰਮਾਤਮਾ ਹੈ। ਮੇਰੇ ਅੰਦਰ ਦੈਵੀ ਗਿਆਨ ਹੈ ਜਿਸ ਦੇ ਸਮਾਨਾਂਤਰ ਹੋਰ ਕੁਝ ਵੀ ਨਹੀਂ ਹੈ।

ਪੂਰਨ ਗਿਆਨ ਹੀ ਪਰਮਾਤਮਾ ਹੈ। ਸਰਵਉੱਚ, ਸਰਵੋਤਮ ਸਵੈ, 'ਆਤਮਾ ਸਿਰਫ ਇਕ ਸ਼ਬਦ-ਮਾਤਰ ਹੈ। ਇਹ ਤਾਂ ਸਿਰਫ਼ ਸਤਿ ਤੀਕ ਪਹੁੰਚਣ ਹਿਤ ਇਕ ਮਾਧਿਅਮ ਹੈ।

ਅਸਲ ਵਿਚ, ਸੱਚਾ, ਸਰਵੋਤਮ ਗਿਆਨ ਹੀ ਸਰਵੋਤਮ ਪਰਮਾਤਮਾ ਹੈ। ਇਹ ਸਿਰਫ਼ ਗਿਆਨ ਹੀ ਹੈ ਜੋ ਸਾਰੇ ਕਾਰਜਾਂ ਦਾ ਕਰਤਾ ਹੈ ਪਰੰਤੂ ਤੁਸੀਂ ਅਨੰਤ ਸ਼ੁੱਧ ਗਿਆਨ ਅਤੇ ਅਨੰਤ ਸ਼ੁੱਧ ਦਰਸ਼ਨ ਦੀ ਪ੍ਰਾਪਤੀ ਕਰਨੀ ਹੈ। ਇਸ ਸ਼ੁੱਧ ਗਿਆਨ ਦੇ ਰਾਹੀਂ ਹੀ ਮੁਕਤੀ ਦੀ ਪ੍ਰਾਪਤੀ ਹੋ ਸਕਦੀ ਹੈ। ਸੱਚਾ ਗਿਆਨ ਤੁਹਾਨੂੰ ਖੁਸ਼ੀ ਦੇਵੇਗਾ ਅਤੇ ਗਲਤ ਗਿਆਨ, ਵਿਪਰੀਤ ਗਿਆਨ ਤੁਹਾਡੇ ਦੁੱਖ ਦਾ ਕਾਰਨ ਬਣੇਗਾ।

ਇਸ ਸੰਸਾਰ ਵਿਚ ਤੁਹਾਡੇ ਤੋਂ ਵੱਧ ਸ੍ਰੇਸ਼ਠ ਜਾਂ ਉੱਤਮ ਹੋਰ ਕੋਈ ਨਹੀਂ ਹੈ।

**ਪ੍ਰਸ਼ਨ-ਕਰਤਾ** : ਕੀ ਕੁੱਲ ਮਿਲਾ ਕੇ ਇਸ ਸੰਸਾਰ ਦਾ ਕੋਈ ਇਕ ਮੁਖੀ ਨਹੀਂ ਹੈ? ਲੋਕ ਕਹਿੰਦੇ ਹਨ ਕਿ ਭਗਵਾਨ ਇਸ ਦਾ ਮਾਲਕ ਹੈ।

**ਦਾਦਾਸ਼੍ਰੀ** : ਸੱਚੀ ਗੱਲ ਤਾਂ ਇਹ ਹੈ ਕਿ ਜਿਸ ਵਿਅਕਤੀ ਨੇ ਮੁਕਤ-ਪਦ ਦੀ ਪ੍ਰਾਪਤੀ ਕਰ ਲਈ ਅਤੇ ਜਿਸ ਤੋ ਸ੍ਰੇਸ਼ਠ, ਜਿਸ ਤੋਂ ਉੱਤਮ ਹੋਰ ਕੋਈ ਨਹੀਂ ਉਸ ਨੂੰ ਭਗਵਾਨ ਕਹਿੰਦੇ ਹਨ। ਅਜਿਹੇ ਵਿਅਕਤੀ ਤੋਂ ਉੱਪਰ ਜਾ ਹੇਠ ਕੋਈ ਨਹੀਂ ਹੁੰਦਾ। ਪਰੰਤੂ ਤੁਸੀਂ ਆਪਣੀ ਮੁਥਾਜੀ ਦੀ ਸਥਿਤੀ ਨੂੰ ਨਹੀਂ ਸਮਝ ਰਹੇ ਹੋ: ਫਿਰ ਤੁਸੀਂ ਸੁਤੰਤਰਤਾ-ਮੁਕਤੀ ਨੂੰ ਕਿੰਝ ਸਮਝ ਪਾਉਗੇ? ਇਹ ਸੰਸਾਰ ਤਾਂ ਮੁਥਾਜੀਆਂ ਦਾ ਭਰਿਆ ਪਿਆ ਹੈ ਅਤੇ ਮੁਥਾਜੀ ਹੀ ਦੁੱਖ ਹੈ। ਲੋਕ ਆਪਣੇ ਹੀ ਸਵੈ ਪ੍ਰਤੀ ਬੇਗਾਨੇ, ਅਜਨਬੀ ਬਣੇ ਰਹਿੰਦੇ ਹਨ। ਜਿੰਨੇ ਵਿਚਾਰ ਹਨ ਉਨੇ ਹੀ ਰਸਤੇ ਹੁੰਦੇ ਹਨ। ਤੁਸੀਂ ਜਿਧਰ ਵੀ ਚਾਹੋ ਜਾਣ ਲਈ ਸੁਤੰਤਰ ਹੋ ਅਤੇ ਜਦੋਂ ਤੁਸੀਂ ਥੱਕ ਜਾਂਦੇ ਹੋ ਤਾਂ ਤੁਸੀਂ ਮੁਕਤੀ ਦੇ ਇਸ ਰਸਤੇ (ਅਕਰਮ ਵਿਗਿਆਨ) ਉਪਰ ਆਉਂਦੇ ਹੋ।

ਜਦੋਂ ਤੁਹਾਨੂੰ ਮੁਕਤੀ ਦੀ ਜ਼ਰੂਰਤ ਭਾਸੇ ਤਾਂ ਤੁਸੀਂ ਮੇਰੇ ਪਾਸ ਆਉ। ਕੀ ਤੁਸੀਂ ਨਿਰਾਸ਼ ਅਤੇ ਕੁੰਠਿਤ ਹੋ? ਕੀ ਤੁਸੀਂ ਘੁੱਟਣ ਮਹਿਸੂਸ ਕਰਦੇ ਹੋ ਅਤੇ ਇਸ ਨੂੰ ਹੋਰ ਸਹਿਣ ਨਹੀਂ ਕਰ ਸਕਦੇ? ਜੇ ਇੰਝ ਹੈ ਤਾਂ ਤੁਸੀਂ ਮੇਰੇ ਕੋਲ ਆਉ। ਇਹ ਦੁਨਿਆਵੀ ਜੀਵਨ ਗਲਤ ਨਹੀਂ ਹੈ: ਦੁਨਿਆਵੀ ਜੀਵਨ ਵਿਚ ਕੁਝ ਵੀ ਤਾਂ ਗਲਤ ਨਹੀਂ ਹੈ ਸਿਵਾਇ ਤੁਹਾਡੀ ਆਪਣੀ ਸਮਝ ਦੇ। ਹਰ ਪਲ ਖਤਰਾ ਹੈ; ਸੰਸਾਰ ਅੰਦਰ ਹਰ ਪਲ ਮੁਥਾਜੀ ਹੈ। ਇਹੋ ਕਾਰਨ ਹੈ ਕਿ ਤੁਸੀਂ ਹਰ ਸਮੇਂ ਚਿੰਤਾ ਵਿਚ ਡੁੱਬੇ ਰਹਿੰਦੇ ਹੋ।

**ਪ੍ਰਸ਼ਨ-ਕਰਤਾ** : ਲੋਕ ਇਹ ਵੀ ਕਹਿੰਦੇ ਹਨ ਕਿ ਇਕ ਮੌਤ ਦਾ ਦੇਵਤਾ ਹੈ ਜਿਸ ਦਾ ਚਿਹਰਾ ਬਹੁਤ ਡਰਾਵਣਾ ਹੈ।

**ਦਾਦਾਸ਼੍ਰੀ** : ਇਸ ਸੰਸਾਰ ਅੰਦਰ ਕਈ ਲੋਕ ਹਨ ਜਿਹੜੇ ਵਾਰ-ਵਾਰ ਮੌਤ ਦੇ ਦੇਵਤੇ (ਯਮਰਾਜ ਜਾਂ ਜਮਰਾਜ) ਦਾ ਨਾਂ ਲੈ ਕੇ ਦੂਸਰਿਆਂ ਨੂੰ ਡਰਾਉਂਦੇ ਹਨ। ਉਨ੍ਹਾਂ ਨੇ ਇਸ ਜਮਰਾਜ ਦੀ ਬੜੀ ਡਰਾਵਣੀ ਤਸਵੀਰ ਪੇਸ਼ ਕੀਤੀ ਹੋਈ ਹੈ। ਉਸ ਨੂੰ ਇਕ ਦੈਂਤ ਦੇ ਰੂਪ ਵਿਚ ਦਿਖਾਇਆ ਜਾਂਦਾ ਹੈ ਜਿਸ ਦੇ ਲੰਮੇ-ਲੰਮੇ ਦੰਦ ਹਨ ਅਤੇ ਦੇਖਣ ਨੂੰ ਭਿਆਨਕ ਜਾਪਦਾ ਹੈ। ਉਨ੍ਹਾਂ ਦੀ ਇਸ

ਤਸਵੀਰ ਸਦਕਾ ਹੀ ਲੋਕ ਡਰ ਕੇ ਮਰਨ ਵਾਲੇ ਹੋ ਜਾਂਦੇ ਹਨ। ਜਮਰਾਜ ਨਾਂ ਦਾ ਕੋਈ ਜੀਵ ਨਹੀਂ ਹੈ। ਅਸਲ ਵਿਚ, ਇਹ ਤਾਂ ਕੁਦਰਤ ਦਾ ਕਾਨੂੰਨ ਹੈ। ਇਸ ਨਿਯਮ ਅਧੀਨ ਹੀ ਸੰਸਾਰ ਚਲਦਾ ਹੈ। ਸਾਡਾ ਜੀਵਨ ਅਤੇ ਸਾਡੀ ਮੌਤ ਇਸ 'ਨਿਯਮਰਾਜ' ਦੇ ਅਧੀਨ ਹੈ। ਜੇ ਤੁਹਾਨੂੰ ਸਹੀ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਫਿਰ ਜਮਰਾਜ ਦਾ ਕੋਈ ਡਰ ਜਾਂ ਭੈ ਨਹੀਂ ਰਹਿ ਜਾਂਦਾ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਕੀ ਅਸੀਂ ਸਹੀ ਸਮਝ ਦੇ ਰਾਹੀਂ ਆਪਣੇ ਡਰ ਨੂੰ ਮਿਟਾ ਸਕਦੇ ਹਾਂ? ਕੀ ਇਹ ਸੰਭਵ ਹੈ?

**ਦਾਦਾਸ਼੍ਰੀ** : ਹਾਂ, ਬਿਲਕੁਲ ਮਿਟਾ ਸਕਦੇ ਹਾਂ। ਮੰਨ ਲਉ ਇਕ ਵਿਅਕਤੀ ਜਿਹੜਾ ਇਕ ਜੰਗਲ ਦੇ ਵਿਚੋਂ ਦੀ ਲੰਘ ਰਿਹਾ ਹੈ ਨੂੰ ਦਸ ਦਿੱਤਾ ਜਾਂਦਾ ਹੈ ਕਿ ਇਸ ਜੰਗਲ ਵਿਚ ਕੋਈ ਸ਼ੇਰ ਜਾਂ ਹੋਰ ਭਿਆਨਕ ਜੰਗਲੀ ਜਾਨਵਰ ਨਹੀਂ ਹੈ, ਪਰੰਤੂ ਉਹ ਉਸ ਵਿਅਕਤੀ ਨੂੰ ਇਹ ਦੱਸਣਾ ਭੁੱਲ ਜਾਂਦੇ ਹਨ ਕਿ ਇਕ ਥਾਂ ਸ਼ੇਰ ਅਤੇ ਚੀਤੇ ਹਨ ਪਰੰਤੂ ਉਹ ਪਿੰਜਰਿਆਂ ਵਿਚ ਬੰਦ ਹਨ। ਜਦੋਂ ਉਹ ਜੰਗਲ ਵਿਚੋਂ ਦੀ ਲੰਘ ਰਿਹਾ ਹੁੰਦਾ ਹੈ ਤਾਂ ਉਹ ਇਕ ਥਾਂ ਪਹੁੰਚ ਕੇ ਆਸ ਤੋਂ ਬਿਲਕੁਲ ਉਲਟ ਇਕ ਸ਼ੇਰ ਦੀ ਦਹਾੜ ਸੁਣਦਾ ਹੈ। ਉਹ ਬਹੁਤ ਡਰ ਜਾਦਾ ਹੈ ਅਤੇ ਡਰ ਕੇ ਪਿੱਛੇ ਵੱਲ ਨੂੰ ਦੌੜ ਪੈਂਦਾ ਹੈ। ਜੇ ਉਸ ਨੂੰ ਇਹ ਦੱਸ ਦਿੱਤਾ ਜਾਂਦਾ ਹੈ ਕਿ ਇਹ ਸ਼ੇਰ ਅਤੇ ਚੀਤੇ ਪਿੰਜਰਿਆਂ ਵਿਚ ਬੰਦ ਹਨ ਤਾਂ ਉਸ ਨੇ ਡਰਨਾ ਨਹੀਂ ਸੀ ਅਤੇ ਡਰ ਕੇ ਪਿਛੇ ਵੱਲ ਵੀ ਨਹੀਂ ਨੱਸਣਾ ਸੀ। ਉਹ ਵਿਅਕਤੀ ਇਸ ਲਈ ਡਰਿਆ ਅਤੇ ਦੌੜਿਆ ਕਿਉਂਕਿ ਉਸ ਪਾਸ ਅਧੂਰੀ ਜਾਣਕਾਰੀ ਸੀ।

ਉਸੇ ਤਰ੍ਹਾਂ ਅਧੂਰੀ ਜਾਣਕਾਰੀ ਦੇ ਰਾਹੀਂ ਤੁਸੀਂ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਿਵੇਂ ਕਰ ਸਕਦੇ ਹੋ?

**ਪ੍ਰਸ਼ਨ-ਕਰਤਾ** : ਇਹ ਤਾਂ ਬਿਲਕੁਲ ਠੀਕ ਹੈ, ਸ਼੍ਰੀਮਾਨ ਜੀ।

## 140

## ਗੁਰੂ ਦਾ ਗੁਰੂ-ਮੰਤਰ

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸਾਨੂੰ ਗੁਰੂਆਂ ਬਾਰੇ ਵੀ ਗਿਆਨ ਦਿਉ।

**ਦਾਦਾਸ਼੍ਰੀ** : ਮਾਲਕ-ਪ੍ਰਭੂ ਦਾ ਹੁਕਮ ਹੈ ਕਿ ਤੁਸੀਂ ਗੁਰੂ ਨਾ ਬਣੋ। ਪਰੰਤੂ ਜੇ ਤੁਸੀਂ ਗੁਰੂ ਬਣਦੇ ਹੀ ਤਾਂ ਤੁਹਾਡੇ ਲਈ ਆਪਣੇ ਕੋਲ ਸਾਰੀਆਂ ਮਰਜ਼ਾਂ ਦੀ ਇੱਕ ਦਵਾ ਰੱਖਣੀ ਸਹਾਇਕ ਹੋਵੇਗੀ। ਨਹੀਂ ਤਾਂ ਤੁਸੀਂ ਆਤਮਕ ਤੌਰ 'ਤੇ ਬਹੁਤ ਨੀਵੇਂ ਡਿੱਗ ਪਉਗੇ ਕਿਉਂਕਿ ਗੁਰੂ ਹੋਣ ਦੀ ਹਉਮੈਂ ਬਹੁਤ ਵਧ ਜਾਵੇਗੀ। ਦਾਦਾ ਭਗਵਾਨ ਕਿਸੇ ਦੇ ਗੁਰੂ ਨਹੀਂ ਬਣੇ ਪਰੰਤੂ ਅਸੀਂ ਸੰਸਾਰ ਵਿਚ

ਹਰ ਥਾਂ ਅਨੇਕਾਂ ਗੁਰੂ ਵੇਖਦੇ ਹਾਂ। ਕੁਝ ਅਜਿਹੇ ਵੀ ਹਨ ਜਿਹੜੇ ਪਤਨੀ ਅਤੇ ਬੱਚਿਆਂ ਦੀ ਜ਼ਿੰਮੇਵਾਰੀ ਦਾ ਬੋਝ ਤਿਆਗ ਦਿੰਦੇ ਹਨ ਅਤੇ ਫਿਰ 500 ਚੇਲਿਆਂ ਦੀ ਜ਼ਿੰਮੇਵਾਰੀ ਦਾ ਬੋਝ ਆਪਣੇ ਸਿਰ ਲੈ ਲੈਂਦੇ ਹਨ। ਇਹ ਮੂਰਖ ਜ਼ਰੂਰ ਭਵਸਾਗਰ ਵਿਚ ਡੁੱਬ ਜਾਣਗੇ। 'ਗੁਰੂ' ਸ਼ਬਦ ਦਾ ਅਰਥ ਹੁੰਦਾ ਹੈ 'ਭਾਰਾ'। ਇਹ ਮੂਰਖ਼ ਸਿਰਫ਼ ਆਪ ਹੀ ਨਹੀਂ ਡੁੱਬਣਗੇ ਸਗੋਂ ਦੂਸਰਿਆਂ ਨੂੰ ਵੀ ਆਪਣੇ ਨਾਲ ਲੈ ਡੁੱਬਣਗੇ।

ਮੈਂ ਤਾਂ ਅਤਿਅੰਤ ਨਿਮਰ ਅਤੇ ਨਿਮਾਣਾ ਹਾਂ। ਮੈਂ (ਭਵਸਾਗਰ ਵਿਚ) ਡੁੱਬਾਂਗਾ ਨਹੀਂ ਅਤੇ ਨਾ ਹੀ ਦੂਸਰਿਆਂ ਨੂੰ ਡੁੱਬਣ ਦਿਆਂਗਾ। ਮੈਂ ਤਾਂ ਫੁੱਲ ਵਰਗਾ ਹਲਕਾ ਹਾਂ। ਮੈਂ ਤੈਰ ਲੈਂਦਾ ਹਾਂ ਅਤੇ ਦੂਸਰਿਆਂ ਨੂੰ ਵੀ ਭਵਸਾਗਰ ਨੂੰ ਤੈਰ ਕੇ ਪਾਰ ਕਰਨ ਵਿਚ ਸਹਾਇਤਾ ਕਰਦਾ ਹਾਂ ਕਿਉਂਕਿ ਮੈਂ ਰੱਖਿਅਕ ਹਾਂ, ਮੁਕਤੀਦਾਤਾ ਹਾਂ। ਮੈਂ ਆਪ ਮੁਕਤ ਹਾਂ ਅਤੇ ਬਹੁਤ ਸਾਰੇ ਦੂਸਰਿਆਂ ਨੂੰ ਮੁਕਤੀ ਪ੍ਰਦਾਨ ਕਰਨ ਦੀ ਸ਼ਕਤੀ ਰਖਦਾ ਹਾਂ। ਮੈਂ ਕਿਸੇ ਦਾ ਗੁਰੂ ਨਹੀਂ ਹਾਂ।

ਪ੍ਰਭੂ ਦਾ ਆਦੇਸ਼ ਹੈ ਕਿ ਜੇਕਰ ਤੁਸੀਂ ਗੁਰੂ ਬਣਦੇ ਹੋ ਤਾਂ ਇਸ ਦੇ ਨਾਲ ਕਈ ਜ਼ਿੰਮੇਵਾਰੀਆਂ ਅਤੇ ਖ਼ਤਰੇ ਜੁੜੇ ਹੋਏ ਹਨ ਕਿਉਂਕਿ ਜੇਕਰ ਤੁਸੀਂ ਸਾਵਧਾਨ ਨਾ ਰਹੇ ਤਾਂ ਤੁਹਾਡਾ ਬਰਬਾਦ ਹੋਣਾ ਯਕੀਨੀ ਹੈ। ਜੇਕਰ ਤੁਸੀਂ ਗੁਰੂ ਬਣਦੇ ਹੋ ਤਾਂ ਕਿਸੇ ਪੂਰਨ ਗਿਆਨੀ ਪੁਰਸ਼ ਪਾਸੋਂ ਸਾਰੀਆਂ ਸਮੱਸਿਆਵਾਂ ਦਾ ਸਮਾਧਾਨ ਕਰ ਸਕਣ ਵਾਲਾ 'ਮੰਤਰ' ਜ਼ਰੂਰ ਲੈ ਲਉ। ਤਾਂ ਹੀ ਤੁਸੀਂ ਦੂਸਰਿਆਂ ਦੀ ਸਹਾਇਤਾ ਕਰ ਸਕੋਗੇ। ਨਹੀਂ ਤਾਂ ਇਹ ਇਕ ਅਜਿਹੀ ਅਵਸਥਾ ਹੈ ਜਿਹੜੀ ਤੁਹਾਡੀ ਹਉਮੈਂ ਨੂੰ ਸਿਰ ਉਪਰ ਚੜ੍ਹਾ ਦੇਵੇਗੀ। ਇਕ ਗੁਰੂ ਦੇ ਰੁਤਬੇ ਦੇ ਨਾਲ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਜੁੜੀਆਂ ਹੋਈਆਂ ਹੁੰਦੀਆਂ ਹਨ।

ਇਕ ਵਾਰ ਪੰਜ ਅਖੌਤੀ ਗੁਰੂ ਮੇਰੇ ਕੋਲ ਆਏ। ਉਨ੍ਹਾਂ ਨੇ ਮੈਨੂੰ ਪ੍ਰਸ਼ਨ ਕੀਤਾ: "ਕੀ ਲੋਕਾਂ ਨੂੰ ਗੁਰੂ ਦੀ ਜ਼ਰੂਰਤ ਨਹੀਂ ਹੈ?" ਮੇਰਾ ਉੱਤਰ ਸੀ: "ਹਾਂ, ਉਨ੍ਹਾਂ ਨੂੰ ਗੁਰੂ ਦੀ ਲੋੜ ਹੈ ਸਿਰਫ਼ ਸੱਚੇ ਗੁਰੂ ਹੀ ਉਨ੍ਹਾਂ ਦੀ ਸਹਾਇਤਾ ਕਰ ਸਕਦੇ ਹਨ। ਨਹੀਂ ਤਾਂ 'ਗੁਰ' ਸ਼ਬਦ ਦਾ ਅਰਥ ਹੁੰਦਾ ਹੈ ਭਾਰਾ ਅਤੇ ਭਾਰੀ ਚੀਜ ਹਮੇਸ਼ਾ ਡੁੱਬਦੀ ਹੈ ਅਤੇ ਹੋਰਾਂ ਵੀ ਨਾਲ ਲੈ ਡੁਬਦੀ ਹੈ।"

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਇਸ ਮਾਮਲੇ ਨੂੰ ਹੋਰ ਵਿਸਥਾਰ ਵਿਚ ਸਮਝਾਉ।

**ਦਾਦਾਸ਼੍ਰੀ** : ਮੈਂ ਇਕ ਲਘੂਤਮ (ਭਾਵ ਦੁਨਿਆਵੀ ਵਿਵਹਾਰ ਵਿਚ ਸਭ ਤੋਂ ਛੋਟਾ, ਸਭ ਤੋਂ ਨਿਮਾਣਾ) ਪੁਰਸ਼ ਹਾਂ ਅਤੇ ਇਕ ਗੁਰੂਤਮ (ਭਾਵ ਅਧਿਆਤਮਕ ਮਾਮਲਿਆਂ ਵਿਚ ਸਰਵਉੱਚ) ਪੁਰਸ਼ ਵੀ ਹਾਂ। ਮੈਂ ਕਦੇ ਵੀ ਦੁਨਿਆਵੀ ਗੁਰੂ ਦੀ ਜ਼ਿੰਮੇਵਾਰੀ ਨਹੀਂ ਲਵਾਂਗਾ, ਅਜਿਹਾ ਗੁਰੂ ਜਿਹੜਾ ਖ਼ੁਦ ਨੂੰ ਦੂਸਰਿਆਂ ਨਾਲੋਂ ਸ੍ਰੇਸ਼ਠ ਸਮਝਦਾ ਹੋਵੇ। ਤੁਹਾਨੂੰ ਦੁਨਿਆਵੀ ਜੀਵਨ ਵਿਚ ਬਹੁਤ ਨਿਮਰ ਅਤੇ ਨਿਮਾਣਾ ਬਨਣਾ ਚਾਹੀਦਾ ਹੈ। ਸਿਰਫ਼ ਤਾਂ ਹੀ ਤੁਸੀਂ ਆਤਮਕ ਜੀਵਨ ਵਿਚ ਉਚੇ ਉਠ ਸਕਦੇ ਹੋ।

ਜੇ ਤੁਸੀਂ ਗੁਰੂ ਬਣ ਗਏ ਹੋ ਤਾਂ ਆਪਣੇ ਦਿਲ ਇਹ ਗੱਲ ਪੱਕੀ ਤਰ੍ਹਾਂ ਬਿਠਾ ਲਉ ਕਿ ਤੁਸੀਂ ਲਘੂ ਭਾਵ ਸਭ ਤੋਂ ਛੋਟੇ, ਸਭ ਤੋਂ ਨਿਮਾਣੇ ਹੋ। ਇਹ ਗੱਲ ਮਨ ਵਿਚ ਪੱਕੀ ਬਣਾਈ ਰਖੋ ਅਤੇ ਕਦੇ ਵੀ ਆਪਣੇ ਗੁਰੂ ਹੋਣ ਦੀ ਭਾਵਨਾ ਨੂੰ ਹਾਵੀ ਨਾ ਹੋਣ ਦਿਉ। ਜੇ ਤੁਹਾਡੇ ਅੰਦਰ ਲਘੁਤਾ (ਭਾਵ ਨਿਰਮਾਣਤਾ) ਨਹੀਂ ਹੈ ਤਾਂ ਗੁਰੂ ਹੋਣ ਦੇ ਨਾਤੇ ਖ਼ੁਦ ਵੀ ਡੁਬੋਗੇ ਅਤੇ ਦੂਸਰਿਆਂ ਨੂੰ ਵੀ ਨਾਲ ਲੈ ਡੁੱਬੋਗੇ।

**ਪ੍ਰਸ਼ਨ-ਕਰਤਾ** : ਸੱਚਾ ਗਿਆਨ ਬਹੁਤ ਗੁੰਝਲਦਾਰ ਵਿਸ਼ਾ ਹੈ ਅਤੇ ਇਸ ਨੂੰ ਸਮਝਣ ਦੇ ਲਈ ਗੁਰੂ ਦੀ ਲੋੜ ਹੈ। ਬਹੁਤੇ ਲੋਕਾਂ ਦੀ ਇਹ ਧਾਰਨਾ ਹੈ।

**ਦਾਦਾਸ਼੍ਰੀ** : 'ਅਗਮ ਗਿਆਨ' (ਭਾਵ ਉਹ ਗਿਆਨ ਜਿਹੜਾ ਆਮ ਵਿਅਕਤੀ ਦੀ ਸਮਝ ਤੋਂ ਪਰ੍ਹੇ ਹੈ) ਉਹ ਗਿਆਨ ਹੈ ਜਿਹੜਾ ਹਰ ਕਿਸੇ ਦੀ ਸਮਝ ਤੋਂ ਬਾਹਰ ਚਲਾ ਗਿਆ ਹੈ। ਇਹ ਉਹ ਗਿਆਨ ਹੈ ਜਿਹੜਾ ਹਰ ਕਿਸੇ ਦੀ ਨਜ਼ਰ ਤੋਂ ਬਾਹਰ ਹੋ ਗਿਆ ਹੈ। ਜੋ ਮੈਂ ਆਪਣੇ ਮਹਾਤਮਾ-ਜਨਾਂ ਨੂੰ ਦਿੱਤਾ ਹੈ ਉਹ ਇਹੋ ਅਗਮ ਗਿਆਨ ਹੈ। ਲੋਕਾਂ ਨੂੰ 'ਨਿਗਮ ਗਿਆਨ' (ਭਾਵ ਦੁਨਿਆਵੀ ਜਾਣਕਾਰੀ) ਦੀ ਜਾਣਕਾਰੀ ਹੈ ਪਰ ਉਨ੍ਹਾਂ ਪਾਸ 'ਅਗਮ' ਭਾਵ ਸਵੈ-ਪਹਿਚਾਣ ਨਹੀਂ ਹੈ। ਇਹ ਸਥਿਤੀ ਸ਼ਬਦਾਂ ਵਿਚ ਬਿਆਨ ਨਹੀਂ ਹੋ ਸਕਦੀ।

ਸਿਰਫ਼ ਇੱਕ ਸੱਚਾ ਗੁਰੂ ਹੀ ਤੁਹਾਨੂੰ ਅਨੁਭਵ ਕਰਵਾ ਸਕਦਾ ਹੈ ਕਿ 'ਅਗਮ' ਸ਼ਬਦ ਦਾ ਅਰਥ ਕੀ ਹੈ। ਪਰੰਤੂ ਜੇ ਇਕ ਗੁਰੂ ਖ਼ੁਦ ਹੀ ਗਲਤ ਗਿਆਨ ਨਾਲ ਭਰਿਆ ਪਿਆ ਹੋਵੇ ਤਾਂ ਉਹ ਆਪ ਵੀ ਦੱਖਣ ਨੂੰ ਉੱਤਰ ਸਮਝਣ ਦੀ ਗਲਤੀ ਕਰੇਗਾ। ਅਜਿਹੇ ਗੁਰੂ ਪਾਸੋਂ ਕੀ ਉਮੀਦ ਰਖੀ ਜਾ ਸਕਦੀ ਹੈ?

'ਸ਼ੁਸ਼ਕ ਗਿਆਨ' (ਭਾਵ ਸ਼ਬਦਾਂ ਦਾ ਗਿਆਨ) ਵੀ ਲਾਹੇਵੰਦ ਸਾਬਤ ਨਹੀਂ ਹੁੰਦਾ। ਇਹ ਤਾਂ ਉਸ ਦਰਖ਼ਤ ਦੀ ਤਰ੍ਹਾਂ ਹੈ ਜਿਸ ਨੂੰ ਸਿਰਫ਼ ਫੁੱਲ ਹੀ ਲਗਦੇ ਹਨ, ਫਲ ਕਦੇ ਨਹੀਂ ਲਗਦੇ। ਅੱਜ-ਕੱਲ ਸਾਨੂੰ ਹਰ ਥਾਂ ਰੁੱਖਾਂ, ਸ਼ੁਸ਼ਕ ਗਿਆਨ ਹੀ ਮਿਲਦਾ ਹੈ। ਇਹ ਸਮੇਂ ਦਾ ਪ੍ਰਭਾਵ ਹੈ।

## 141

## ਅਕਰਮ ਗਿਆਨ ਅਤੇ ਕ੍ਰਮਿਕ ਗਿਆਨ

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ! ਤੁਹਾਡੇ ਦਰਸਾਏ ਰਸਤੇ ਉੱਪਰ ਚਲਦਿਆਂ ਹੋਇਆਂ ਅਤੇ ਦੁਨਿਆਵੀ ਜ਼ਿੰਮੇਵਾਰੀਆਂ ਵਾਲਾ ਜੀਵਨ ਜਿਉਂਦਿਆਂ ਹੋਇਆ ਵੀ ਵਿਅਕਤੀ ਆਤਮਕ ਪ੍ਰਾਪਤੀ ਦੇ ਰਸਤੇ ਕਿਵੇਂ ਚੱਲ ਸਕਦਾ ਹੈ? ਕੀ ਇਹ ਸੰਭਵ ਹੈ?

**ਦਾਦਾਸ਼੍ਰੀ** : ਪਰੰਪਰਾਗਤ, ਵਿਵਹਾਰਕ ਧਰਮ ਵਿਅਕਤੀ ਨੂੰ ਇਸ ਮੰਤਵ ਹਿਤ ਕ੍ਰਮਿਕ ਮਾਰਗ

ਵਿਖਾਉਂਦੇ ਹਨ: ਇਹ ਮਾਰਗ ਇਕ-ਇਕ ਕਦਮ ਚੱਲ ਕੇ ਹੌਲੀ-ਹੌਲੀ ਚੜ੍ਹਾਈ ਚੜ੍ਹਨ ਵਾਂਗ ਹੈ। ਕ੍ਰਮਿਕ ਮਾਰਗ ਉਪਰ ਚਲਦਿਆਂ ਵਿਵਹਾਰ ਅਤੇ ਨਿਸ਼ਚੇ ਵਿਚਕਾਰ ਭਿੰਨਤਾਵਾਂ ਤਰਕ-ਸੰਗਤ ਅਤੇ ਵਿਵੇਕਸ਼ੀਲ ਹਨ।

ਦੂਸਰੇ ਪਾਸੇ, ਅਕਰਮ ਮਾਰਗ, ਜਿਹੜਾ ਮਾਰਗ ਮੁਕਤੀ ਪ੍ਰਾਪਤੀ ਹਿਤ ਮੈਂ ਵਿਖਾਉਂਦਾ ਹਾਂ, ਇਕ ਐਸਾ ਮਾਰਗ ਹੈ ਜਿਸ ਉਪਰ ਚਲਦਿਆਂ ਹੋਇਆ ਨਿਸ਼ਚੈ ਸਥਾਪਤ ਹੋ ਜਾਣ ਉਪਰੰਤ ਹੀ ਵਿਵਹਾਰ ਸਹੀ ਦਿਸ਼ਾ ਵਿਚ ਆਰੰਭ ਹੁੰਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਨਿਸ਼ਚੈ (ਸਤਿ) ਦੀ ਪ੍ਰਾਪਤੀ ਤੋਂ ਪਿਛੋਂ ਹੀ ਦੁਨਿਆਵੀ ਵਿਵਹਾਰ ਸੁਯੋਗ ਤਰੀਕੇ ਨਾਲ ਹੋਣ ਲਗਦਾ ਹੈ। ਇਸ ਦੇ ਨਤੀਜੇ ਵਜੋਂ ਗਿਆਨ ਪ੍ਰਾਪਤ ਹੁੰਦਾ ਹੈ ਜਿਹੜਾ ਵਿਅਕਤੀ ਦੇ ਸਾਰੇ ਦੁਨਿਆਵੀ ਵਿਵਹਾਰ ਉਪਰ ਹਾਵੀ ਹੁੰਦਾ ਹੈ। ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਅਜਿਹਾ ਵਿਅਕਤੀ ਕਿਸ ਜਾਤ ਨਾਲ ਸੰਬੰਧ ਰਖਦਾ ਹੈ, ਉਸ ਦਾ ਸਮਾਜਕ ਰੁਤਬਾ ਕੀ ਹੈ ਅਤੇ ਉਹ ਸਮਾਜ ਅੰਦਰ ਕੀ ਰੋਲ ਅਦਾ ਕਰ ਰਿਹਾ ਹੈ। ਹਰ ਹਾਲਤ ਅਤੇ ਹਰ ਘਟਨਾ ਦੌਰਾਨ ਇਹ ਗਿਆਨ ਹਮੇਸ਼ਾ ਹਾਜ਼ਰ ਰਹਿੰਦਾ ਹੈ ਅਤੇ ਇਹ ਹਮੇਸ਼ਾ ਅਪ੍ਰਭਾਵਿਤ ਰਹਿੰਦਾ ਹੈ। ਅਕਰਮ ਵਿਗਿਆਨ ਦੀ ਸਹਾਇਤਾ ਰਾਹੀਂ ਪ੍ਰਾਪਤ ਹੋਏ ਦੁਨੀਆਂ ਪ੍ਰਤੀ ਗਿਆਨ-ਭਰਪੂਰ ਦ੍ਰਿਸ਼ਟੀਕੋਣ ਦੇ ਨਤੀਜੇ ਵਜੋਂ ਸਚ ਕਲੇਸ਼ ਖ਼ਤਮ ਹੋ ਜਾਂਦੇ ਹਨ ਅਤੇ ਵਿਅਕਤੀ ਸਦੀਵੀ ਅਨੰਦ ਅਨੁਭਵ ਕਰਦਾ ਹੈ। ਸੰਖੇਪ ਵਿਚ, ਦੁਨਿਆਵੀ ਜੀਵਨ ਸਿਰਫ਼ ਤਾਂ ਹੀ ਇਕ ਆਦਰਸ਼ ਜੀਵਨ ਹੈ ਜੇ ਇਸ ਦੇ ਪਿਛੋਕੜ ਵਿਚ ਸੱਚਾ ਗਿਆਨ (ਨਿਸ਼ਚੈ) ਹੋਵੇ ਅਤੇ ਇਹ ਹਮੇਸ਼ਾ ਇਸ ਸੱਚੇ ਗਿਆਨ ਦੇ ਅਨੁਸਾਰ ਜੀਵਿਆ ਜਾ ਰਿਹਾ ਹੋਵੇ।

## 142
## ਜੀਵ ਦਾ ਅਨੰਤ ਸਫ਼ਰ

**ਪ੍ਰਸ਼ਨ-ਕਰਤਾ** : ਵਿਅਕਤੀ ਨੂੰ ਆਵਾਗਵਣ ਦੇ ਚੱਕਰ ਵਿਚ ਪੈ ਕੇ ਵੱਖ-ਵੱਖ ਜੂਨਾਂ ਵਿਚ ਕਿਉਂ ਜਨਮ ਲੈਣਾ ਪੈਂਦਾ ਹੈ? ਕਹਿੰਦੇ ਹਨ ਕਿ ਇਸ ਚੱਕਰ ਵਿਚ ਵਿਅਕਤੀ ਨੂੰ ਚੁਰਾਸੀ ਲੱਖ ਜੂਨਾਂ ਵਿਚੋਂ ਲੰਘਣਾ ਪੈਂਦਾ ਹੈ।

**ਦਾਦਾਸ਼੍ਰੀ** : ਆਤਮਾ ਆਪਣੀ ਸੁਭਾਵਕ ਸ਼ਕਤੀ ਰਾਹੀਂ ਪੁਦਗਲਾਂ ਨੂੰ ਆਤਮਕ ਤੌਰ 'ਤੇ ਉੱਪਰ ਵੱਲ ਆਕਰਸ਼ਿਤ ਕਰਦੀ ਹੈ, ਖਿਚਦੀ ਹੈ। ਜਦੋਂ ਪੁਦਗਲ ਭਾਰਾ ਹੋ ਜਾਂਦਾ ਹੈ ਤਾਂ ਇਹ ਆਤਮਾ ਨੂੰ ਆਪਣੇ ਵੱਲ ਹੇਠਾਂ ਨੂੰ, ਨੀਵੀਂ ਕਿਸਮ ਦੀ ਜੂਨ ਵੱਲ ਖਿਚਦਾ ਹੈ।

ਕਲਿਯੁਗ ਦੇ ਇਸ ਸਮੇਂ ਵਿਚ ਧਰਮ ਨੂੰ ਸਾਨੂੰ ਸਿਖਾਉਣਾ ਚਾਹੀਦਾ ਹੈ ਕਿ 'ਜਦੋਂ ਵੀ

ਸਾਡੇ ਅੰਦਰ ਹਿੰਸਾ, ਚੋਰੀ, ਨਫ਼ਰਤ, ਕਾਮ, ਲੋਭ, ਆਦਿ ਦੇ ਵਿਚਾਰ ਪੈਦਾ ਹੋਣ ਤਾਂ ਕਿਰਪਾ ਕਰਕੇ ਉਨ੍ਹਾਂ ਨੂੰ ਉਸੇ ਸਮੇਂ ਦਬਾ ਦਿਉ, ਖ਼ਤਮ ਕਰ ਦਿਉ ਤਾਂ ਜੋ ਤੁਸੀਂ ਹੇਠਾਂ ਵੱਲ ਖਿੱਚੇ ਨਾ ਜਾਉਂ ਅਤੇ ਤੁਹਾਨੂੰ ਕਿਸੇ ਨੀਵੀਂ ਜੂਨ ਵਿਚ ਜਨਮ ਨਾ ਲੈਣਾ ਪਵੇ।' ਸਾਰੇ ਭੈੜੇ ਵਿਚਾਰ ਮਨ ਅੰਦਰੋਂ ਬਾਹਰ ਕੱਢ ਦਿਉ। ਇਹ ਤੁਹਾਨੂੰ ਉਚੇਰੀ ਜੂਨ ਵਿਚ ਜਨਮ ਲੈਣ ਵਿਚ ਸਹਾਇਕ ਹੋਵੇਗਾ ਕਿਉਂਕਿ ਆਤਮਾ ਦੀ ਸੁਭਾਵਕ ਪ੍ਰਕ੍ਰਿਤੀ ਆਤਮਕ ਪੱਖੋਂ ਉਪਰ ਵੱਲ ਉੱਠਣ ਦੀ ਹੈ। ਪਰੰਤੂ ਲੋਕ ਆਪਣੇ ਮਨਾਂ ਅੰਦਰ ਨਿਰਦਈ ਅਤੇ ਗੈਰ-ਮਾਨਵੀ ਭਾਵ ਅਸਭਿਅ ਵਿਚਾਰ ਪਾਲਦੇ ਰਹਿੰਦੇ ਹਨ ਅਤੇ ਇੰਝ ਆਪਣੀ ਆਤਮਾ ਉੱਪਰ ਅਗਿਆਨਤਾ ਦਾ ਪਰਦਾ ਪਾਈ ਰਖਦੇ ਹਨ ਅਤੇ ਕਰਮਾਂ ਦੀ ਪਰਤ-ਦਰ-ਪਰਤ ਚੜ੍ਹਾਉਂਦੇ ਰਹਿੰਦੇ ਹਨ। ਦੁਨਿਆਵੀ ਜੀਵਨ ਅੰਦਰ ਆਪਣੇ ਨਿਜੀ ਉਦੇਸ਼ਾਂ ਹਿਤ ਹੀ ਸੋਚਦੇ ਅਤੇ ਕੰਮ ਕਰਦੇ ਰਹਿਣਾ ਇਕ ਅਸਭਿਅ ਅਤੇ ਨਿਰਦੈਤਾ ਵਾਲਾ ਗੁਣ ਹੈ।

**ਪ੍ਰਸ਼ਨ-ਕਰਤਾ** : ਤਾਂ ਫਿਰ ਕੀ ਅਗਿਆਨਤਾ ਦੇ ਇਸ ਪੜਦੇ ਨੂੰ ਲਾਹੁਣ ਅਤੇ ਕਰਮਾਂ ਦੀਆਂ ਪਰਤਾਂ ਨੂੰ ਧੋਣ ਦਾ ਕੋਈ ਹੱਲ ਹੈ?

**ਦਾਦਾਸ਼੍ਰੀ** : ਹਾਂ, ਬਿਲਕੁਲ ਹੈ। ਜਿਸ ਤਰ੍ਹਾਂ ਇਕ ਟੇਪ ਉਪਰ ਰਿਕਾਰਡ ਕੀਤੀ ਹੋਈ ਕੋਈ ਗੱਲ ਮੇਟੀ ਜਾ ਸਕਦੀ ਹੈ ਉਸੇ ਤਰ੍ਹਾਂ ਸਾਡੇ ਅੰਦਰ ਜੋ ਸਿਥਿਲ ਅਵਸਥਾ ਵਿਚ ਹੈ ਉਸ ਨੂੰ ਮੇਟਿਆ ਜਾ ਸਕਦਾ ਹੈ। ਇਕ ਵਿਚਾਰ ਨੂੰ ਤੁਰੰਤ ਪ੍ਰਕ੍ਰਿਆ ਅਤੇ ਸਾਵਧਾਨੀ ਵਰਤ ਕੇ ਆਤਮਾ ਉਪਰ ਆਪਣਾ ਪ੍ਰਭਾਵ ਛੱਡ ਦੇਣ ਤੋਂ ਪਹਿਲਾਂ ਹੀ ਮੇਟਿਆ ਜਾ ਸਕਦਾ ਹੈ। ਇਸੇ ਕਰਕੇ ਮੈਂ ਕਹਿੰਦਾ ਹਾਂ ਕਿ ਇਸ ਨੂੰ ਆਤਮਾ ਉਪਰ ਕੋਈ ਪ੍ਰਭਾਵ ਛੱਡਣ ਤੋਂ ਪਹਿਲਾਂ ਹੀ ਤੁਰੰਤ ਮਨ ਤੋਂ ਧੋ ਕੇ ਲਾਹ ਸੁੱਟੋ।

ਗਿਆਨ ਆਤਮਾ ਦਾ ਦੂਸਰਾ ਨਾਮ ਹੈ। ਜਿਹੋ ਜਿਹਾ ਗਿਆਨ ਕਿਸੇ ਵਿਅਕਤੀ ਪਾਸ ਹੈ ਉਸ ਦੀ ਆਤਮਾ ਵੀ ਉਸ ਗਿਆਨ ਵਰਗੀ ਹੋ ਜਾਂਦੀ ਹੈ। ਵਿਪਰੀਤ ਅਤੇ ਵਿਕ੍ਰਿਤ ਗਿਆਨ ਦੇ ਕਾਰਨ ਆਤਮਾ ਵੀ ਵਿਪਰੀਤ ਹੋ ਜਾਂਦੀ ਹੈ। ਜਦੋਂ ਇਕ ਵਾਰ ਤੁਹਾਡੇ ਮਨ ਅੰਦਰ ਕਿਸੇ ਚੀਜ ਬਾਰੇ ਸ਼ਰਧਾ ਪੈਦਾ ਹੋ ਜਾਂਦੀ ਹੈ ਤਾਂ ਤੁਸੀਂ ਆਪਣੇ ਮਕਸਦ ਦੀ ਸਿੱਧੀ ਲਈ ਲੋੜੀਂਦਾ ਗਿਆਨ ਵੀ ਪ੍ਰਾਪਤ ਕਰ ਲੈਂਦੇ ਹੋ। ਜਦੋਂ ਸ਼ਰਧਾ ਅਤੇ ਗਿਆਨ ਇੱਕਠੇ ਹੋ ਜਾਂਦੇ ਹਨ ਤਾਂ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਆਤਮਾ ਵੀ ਗਿਆਨ, ਸ਼ਰਧਾ ਅਤੇ ਚਰਿੱਤਰ ਨਾਲ ਇਕਸੁਰਤਾ ਵੱਲ ਝੁਕੇਗੀ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉਣ ਦੀ ਖੇਚਲ ਕਰੋ।

**ਦਾਦਾਸ਼੍ਰੀ** : ਇਕ ਔਰਤ ਆਪਣੀ ਨੂੰਹ ਨੂੰ ਪਾਗਲ ਕਹਿ ਦਿੰਦੀ ਹੈ ਪਰੰਤੂ ਜਿੰਨੀ ਦੇਰ ਤੱਕ ਨੂੰਹ ਇਸ ਗੱਲ ਵਿਚ ਵਿਸ਼ਵਾਸ਼ ਨਹੀਂ ਕਰ ਲੈਂਦੀ ਉਨੀ ਦੇਰ ਉਸ ਉਪਰ ਇਸ ਗੱਲ ਦਾ ਕੋਈ ਅਸਰ

ਨਹੀਂ ਹੁੰਦਾ। ਭਾਵੇਂ ਸਾਰਾ ਸੰਸਾਰ ਹੀ ਉਸ ਨੂੰ ਪਾਗਲ ਕਹਿੰਦਾ ਰਹੇ ਪਰ ਉਸ ਨੂੰ ਇਹ ਗੱਲ ਮਾਨਸਕ ਤੌਰ 'ਤੇ ਕੋਈ ਕਸ਼ਟ ਨਹੀਂ ਪਹੁੰਚਾ ਸਕਦੀ। ਪਰੰਤੂ ਜੇਕਰ ਉਸ ਦਾ ਆਪਣਾ ਵਿਸ਼ਵਾਸ਼ ਵੀ ਇਸ ਗੱਲ ਨਾਲ ਇਕ-ਮੱਤ ਹੋ ਜਾਂਦਾ ਹੈ ਤਾਂ ਉਹ ਸਚਮੁੱਚ ਕਮਲੀ ਹੋ ਜਾਵੇਗੀ। ਇਸ ਲਈ ਕਦੇ ਵੀ ਸੰਸਾਰ ਵਿਚ ਕਿਸੇ ਨੂੰ ਵੀ ਤੁਹਾਡੇ ਵਿਸ਼ਵਾਸ਼, ਤੁਹਾਡੇ ਨਿਜਤਵ ਨੂੰ ਪ੍ਰਭਾਵਿਤ ਨਾ ਕਰਨ ਦਿਉ।

ਤੁਸੀਂ ਆਪਣੀ ਆਤਮਾ ਨੂੰ ਜਿਸ ਵੀ ਤਾਕਤ ਨਾਲ ਸ਼ਕਤੀਸ਼ਾਲੀ ਬਣਾਉਗੇ ਤੁਹਾਡੀ ਪ੍ਰਤਿਸ਼ਠਿਤ ਆਤਮਾ ਉਨੀ ਹੀ ਤਾਕਤਵਰ ਬਣ ਜਾਵੇਗੀ।

**ਪ੍ਰਸ਼ਨ-ਕਰਤਾ** : ਕੀ ਸ਼ਰਧਾ ਅਤੇ ਗਿਆਨ ਵਿਚ ਕੋਈ ਅੰਤਰ ਹੈ?

**ਦਾਦਾਸ਼੍ਰੀ** : ਸ਼ਰਧਾ ਅਨਿਸ਼ਚਿਤ ਬੋਧ ਹੈ ਜਦੋਂ ਕਿ ਗਿਆਨ ਨਿਸ਼ਚਿਤ ਬੋਧ ਹੈ, ਭਾਵ ਅਨੁਭਵ ਸਮੇਤ ਬੋਧ।

ਕਲਪਨਾ ਕਰੋ ਕਿ ਹਨ੍ਹੇਰਾ ਹੋ ਚੁੱਕਾ ਹੈ ਅਤੇ ਅਸੀਂ ਇਕ ਬਾਗ਼ ਵਿਚ ਬੈਠੇ ਹਾਂ ਅਤੇ ਸਾਨੂੰ ਕੋਈ ਆਵਾਜ਼ ਸੁਣਾਈ ਦਿੰਦੀ ਹੈ। ਫਿਰ ਮੈਂ ਕਹਾਂਗਾ ਕਿ ਉਥੇ ਕੋਈ ਹੈ ਅਤੇ ਤੁਸੀਂ ਵੀ ਉਹੀ ਗੱਲ ਕਹੋਗੇ। ਇਹ ਕਿਸ ਕਿਸਮ ਦਾ ਗਿਆਨ ਹੈ? ਕੀ ਇਹ ਸ਼ਰਧਾ ਹੈ ਜਾਂ ਦਰਸ਼ਨ ਹੈ। ਕੁਝ ਸਮੇਂ ਬਾਅਦ ਅਸੀਂ ਸਾਰੇ ਅਸੀਂ ਇਹ ਵੇਖਣ ਲਈ ਜਾਵਾਂਗੇ ਕਿ ਇਹ ਆਵਾਜ਼ ਕਿਸ ਚੀਜ ਦੀ ਸੀ ਅਤੇ ਕਿਥੋਂ ਆ ਰਹੀ ਸੀ। ਹਰ ਕੋਈ ਵੇਖ ਲੈਂਦਾ ਹੈ ਅਤੇ ਉਸ ਦੀ ਦੇਹ ਨੂੰ ਛੂਹ ਕੇ ਫੈਸਲਾ ਦਿੰਦਾ ਹੈ: "ਵਾਹ! ਇਹ ਤਾਂ ਗਊ ਹੈ।" ਇਹ ਨਿਸ਼ਚਿਤ ਅਤੇ ਪ੍ਰਾਪਤ ਗਿਆਨ, ਬੋਧ ਹੈ। ਜਿਹੜੀ ਚੀਜ ਦਰਸ਼ਨ ਦਾ ਹਿੱਸਾ ਹੈ ਉਹ ਗਲਤ ਹੋ ਸਕਦੀ ਹੈ। ਦਰਸ਼ਨ ਤੋਂ ਭਾਵ ਹੈ ਆਮ ਜਿਹੀ ਜਾਣਕਾਰੀ ਜਦੋਂ ਕਿ ਬੋਧ ਸਹੀ ਅਤੇ ਨਿਸ਼ਚਿਤ ਹੁੰਦਾ ਹੈ। ਇਹੋ ਸੱਚਾ ਗਿਆਨ ਹੈ।

ਇਕ ਜੇਬ-ਕਤਰਾ ਜੇਬ ਕੱਟਣ ਵਿਚ ਮੁਹਾਰਤ ਕਿਵੇਂ ਹਾਸਲ ਕਰ ਲੈਂਦਾ ਹੈ? ਪਹਿਲਾਂ ਉਸ ਦੇ ਅੰਦਰ ਸ਼ਰਧਾ ਪੈਦਾ ਹੁੰਦੀ ਹੈ ਅਤੇ ਉਸ ਦਾ ਵਿਸ਼ਵਾਸ ਬਣ ਜਾਂਦਾ ਹੈ ਕਿ ਉਹ ਇਹ ਕੰਮ ਕਰ ਸਕਦਾ ਹੈ। ਫਿਰ ਉਹ ਇਸ ਕੰਮ ਨੂੰ ਕਿਵੇਂ ਕਰਨਾ ਹੈ ਉਸ ਦਾ ਬੋਧ ਪ੍ਰਾਪਤ ਕਰਦਾ ਹੈ। ਉਸ ਤੋਂ ਬਾਦ ਆਪਣੇ ਆਪ ਹੀ ਉਸ ਦਾ ਚਰਿੱਤਰ ਇੱਦਾਂ ਦਾ ਬਣ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਸ਼ਰਧਾ, ਗਿਆਨ ਅਤੇ ਚਰਿੱਤਰ ਦੇ ਆਪਸੀ ਸੰਬੰਧ ਉਪਰ ਚਾਨਣਾ ਪਾਉ।

**ਦਾਦਾਸ਼੍ਰੀ** : ਪ੍ਰਤੱਖ ਗਿਆਨ ਦਾ ਫ਼ਲ ਕ੍ਰਿਆ ਮਨ ਹੁੰਦਾ ਹੈ। ਇਸ ਨੂੰ ਚਰਿੱਤਰ ਵੀ ਕਿਹਾ ਜਾਂਦਾ ਹੈ। 'ਸਮਯਕ' ਦਾ ਅਰਥ ਹੈ ਅਸਲੀ, ਯਥਾਰਥਕ, ਪ੍ਰਮਾਣਕ ਅਤੇ ਸਹੀ। ਸਮਯਕ ਗਿਆਨ ਅਤੇ ਸਮਯਕ ਦਰਸ਼ਨ ਦੋਹਾਂ ਦੇ ਮੇਲ ਦੇ ਰਾਹੀਂ ਸਮਯਕ ਚਰਿੱਤਰ (ਸਹੀ ਵਿਵਹਾਰ) ਬਣਦਾ

ਹੈ। ਸਹੀ ਚਰਿੱਤਰ ਵਾਲਾ ਜੀਵ ਪਰਮਾਤਮਾ ਦਾ ਹੀ ਰੂਪ ਹੁੰਦਾ ਹੈ। ਸਹੀ ਚਰਿੱਤਰ ਵਾਲੇ ਵਿਅਕਤੀ ਤੋਂ ਕਦੇ ਵੀ ਕਿਸੇ ਵੀ ਵਿਅਕਤੀ ਨੂੰ ਨੁਕਸਾਨ ਜਾਂ ਦੁਖ ਨਹੀਂ ਪਹੁੰਚਦਾ।

ਚਰਿੱਤਰ-ਵਿਵਹਾਰ, ਸ਼ਰਧਾ ਅਤੇ ਗਿਆਨ ਇਕ ਦੂਜੇ ਤੋਂ ਸੁਤੰਤਰ ਹਨ। ਜਿਹੜਾ ਗਿਆਨ ਜਾਂ ਬੋਧ ਵਿਅਕਤੀ ਪ੍ਰਾਪਤ ਕਰਦਾ ਹੈ ਉਹ ਵਿਅਕਤੀ ਦੀ ਸ਼ਰਧਾ ਉਪਰ ਨਿਰਭਰ ਕਰਦਾ ਹੈ ਅਤੇ ਫਿਰ ਇਸ ਤੋਂ ਚਰਿੱਤਰ-ਵਿਵਹਾਰ ਉਪਜਦਾ ਹੈ। ਵਿਵਹਾਰ ਲਈ ਕੋਈ ਚੇਤਨ ਯਤਨ ਨਹੀਂ ਕਰਨਾ ਪੈਂਦਾ: ਇਹ ਆਪਣੇ ਆਪ ਹੀ ਉਪਜਦਾ ਹੈ।

**ਪ੍ਰਸ਼ਨ-ਕਰਤਾ** : ਇਹ ਕਿਹਾ ਜਾਂਦਾ ਹੈ ਕਿ ਆਤਮਾ ਕੁਝ ਵੀ ਨਹੀਂ ਕਰਦੀ।

**ਦਾਦਾਸ਼੍ਰੀ** : ਕ੍ਰਿਆ ਆਤਮਾ ਦਾ ਗੁਣ ਨਹੀਂ ਹੈ: ਆਤਮਾ ਦੀ ਵਿਸ਼ੇਸ਼ਤਾ ਨਹੀਂ ਹੈ। ਆਤਮਾ ਦੇ ਆਪਣੇ ਗੁਣ, ਆਪਣੀਆਂ ਵਿਸ਼ੇਸ਼ਤਾਵਾਂ ਹਨ ਪਰੰਤੂ ਕ੍ਰਿਆ ਇਸ ਦਾ ਗੁਣ ਨਹੀਂ ਹੈ।

ਵਿਅਕਤੀ ਜੋ ਕਲਪਨਾ ਕਰਦਾ ਹੈ ਉਹੀ ਅਨੁਭਵ ਕਰਦਾ ਹੈ। ਖੁਸ਼ੀ ਜਾਂ ਗਮੀ ਕਲਪਨਾ ਤੋਂ ਸਿਵਾਇ ਹੋਰ ਕੁਝ ਵੀ ਨਹੀਂ ਹੈ। ਆਤਮਾ ਦੁੱਖ ਜਾਂ ਸੁੱਖ ਕੁਝ ਵੀ ਅਨੁਭਵ ਨਹੀਂ ਕਰਦੀ ਹੈ। ਆਤਮਾ ਪਾਸ ਬਹੁਤ ਸ਼ਕਤੀਆਂ ਹਨ ਪਰੰਤੂ ਇਹ ਘਟਨਾਵਾਂ ਅਤੇ ਹਾਲਾਤਾਂ ਤੋਂ ਅਪ੍ਰਭਾਵਿਤ ਰਹਿੰਦੀ ਹੈ। ਪਰੰਤੂ ਇਹ ਸਿਰਫ਼ ਆਤਮਾ ਦੀ ਹਾਜ਼ਰੀ ਵਿਚ ਹੀ ਹੈ ਕਿ ਸਾਨੂੰ ਸਾਰੀਆਂ ਚੀਜਾਂ ਕ੍ਰਿਆਸ਼ੀਲ ਵਿਖਾਈ ਦਿੰਦੀਆਂ ਹਨ।

ਪਰਮਾਤਮਾ ਦਾ ਹੁਕਮ ਹੈ: 'ਹਰ ਕੰਮ, ਹਰ ਕ੍ਰਿਆ ਦਾ ਤੁਹਾਨੂੰ ਫ਼ਲ ਜ਼ਰੂਰ ਮਿਲੇਗਾ। ਜਿਹੜੇ ਕਾਰਜ ਜਾਂ ਕ੍ਰਿਆ ਦਾ ਸਾਨੂੰ ਕੋਈ ਫ਼ਲ, ਜਿਸ ਦਾ ਕੋਈ ਨਤੀਜਾ ਨਹੀਂ ਹੁੰਦਾ ਉਹ ਕਾਰਜ, ਉਹ ਕ੍ਰਿਆ ਮੁਕਤੀ ਦੇਵੇਗੀ।' ਮੁਕਤੀ ਤਾਂ ਸਿਰਫ਼ ਪਰਮ-ਵਿਨਯ, ਭਾਵ ਪੂਰਨ ਨਿਮਰਤਾ ਦੇ ਰਾਹੀਂ ਹੀ ਸੰਭਵ ਹੈ। ਬਾਕੀ ਸਭ ਚੀਜਾਂ ਬੰਧਨ ਹਨ, ਇਕ ਜਾਲ ਹਨ, ਅਤੇ ਇਹ ਅਨੰਤ ਹਨ। ਇਹ ਬੰਧਨ ਹਰ ਜਗ੍ਹਾਂ ਤੁਹਾਡੇ ਨਾਲ ਰਹਿੰਦੇ ਹਨ - ਭਾਵੇਂ ਤੁਸੀਂ ਦੁਨਿਆਵੀ ਜੀਵਨ ਜੀਅ ਰਹੇ ਹੋ ਅਤੇ ਭਾਵੇਂ ਦੁਨਿਆਵੀ ਜੀਵਨ ਤੋਂ ਸੰਨਿਆਸ ਲੈ ਕੇ ਕਿਧਰੇ ਪਹਾੜਾਂ ਦੀਆਂ ਗੁਫ਼ਾਵਾਂ ਵਿਚ ਰਹਿ ਰਹੇ ਹੋ।

ਲੋਕ ਧਾਰਮਿਕ ਰੀਤਾਂ-ਰਸਮਾਂ ਦੇ ਨਿਰਬਾਹ ਦੀ ਪੈਰਵੀ ਕਰਦੇ ਹਨ ਪਰੰਤੂ ਸਹੀ ਗਿਆਨ ਦੀ ਅਣਹੋਂਦ ਵਿਚ ਇਹ ਰਸਮਾਂ, ਇਹ ਕ੍ਰਿਆਵਾਂ ਕੁਝ ਵੀ ਨਹੀਂ ਹਨ। ਇਹ ਸਭ ਕ੍ਰਿਆਵਾਂ ਗਿਆਨ, ਸਹੀ ਗਿਆਨ ਦੇ ਸਾਹਮਣੇ ਗੌਣ ਹਨ। ਪਰਮਾਤਮਾ ਦਾ ਕਹਿਣਾ ਹੈ ਕਿ 'ਤੁਸੀਂ ਆਪਣੇ ਆਪ ਨੂੰ ਗਿਆਨ ਪ੍ਰਾਪਤੀ ਹਿਤ ਅਰਪਣ ਕਰ ਦਿਉ'। ਗਿਆਨ-ਕ੍ਰਿਆ ਰਾਹੀਂ ਹੀ ਮੁਕਤੀ ਦੀ ਪ੍ਰਾਪਤੀ ਸੰਭਵ ਹੈ।

**ਪ੍ਰਸ਼ਨ-ਕਰਤਾ** : ਇਹ ਗਿਆਨ-ਕ੍ਰਿਆ ਕੀ ਹੈ?

**ਦਾਦਾਸ਼੍ਰੀ** : ਇਸ ਦਾ ਅਰਥ ਹੈ 'ਆਪਣੇ ਨਿਜ ਘਰ ਵਿਚ ਸਥਿਤ ਰਹਿਣਾ ਅਤੇ ਸਿਰਫ਼ ਜਾਨਣਾ' ਦਰਸ਼ਨ-ਕ੍ਰਿਆ ਵਿਚ ਸਿਰਫ਼ ਦੇਖਣਾ ਹੀ ਹੈ ਜਦੋਂ ਕਿ ਗਿਆਨ-ਕ੍ਰਿਆ ਵਿਚ ਜਾਨਣਾ ਹੁੰਦਾ ਹੈ। ਦੇਖਣਾ ਅਤੇ ਜਾਨਣਾ ਆਤਮਾ ਦੀਆਂ ਕ੍ਰਿਆਵਾਂ ਹਨ। 'ਗਿਆਨ-ਦਰਸ਼ਨ' ਕ੍ਰਿਆ ਦਾ ਗੁਣ ਕਿਸੇ ਹੋਰ ਤੱਤਵ ਵਿਚ ਨਹੀਂ ਹੁੰਦਾ ਸਿਵਾਇ ਆਤਮਾ ਦੇ। ਦੂਸਰੇ ਤੱਤਵਾਂ ਵਿਚ ਤੁਸੀਂ ਹੋਰ ਵਿਸ਼ੇਸ਼ਤਾਵਾਂ ਦੇਖੋਗੇ।

ਕੀ ਆਤਮਾ ਸਰੀਰ ਤੋਂ ਭਿੰਨ ਨਹੀਂ ਹੈ?

**ਪ੍ਰਸ਼ਨ-ਕਰਤਾ** : ਹਾਂ, ਆਤਮਾ ਤਾਂ ਸਰੀਰ ਤੋਂ ਵੱਖਰੀ ਹੈ।

**ਦਾਦਾਸ਼੍ਰੀ** : ਤਾਂ ਫਿਰ ਕੀ ਕੋਈ ਹੋਰ ਚੀਜ ਹੈ ਜਿਹੜੀ ਸਰੀਰ ਦੀਆਂ ਕ੍ਰਿਆਵਾਂ ਨੂੰ ਚਲਾਉਂਦੀ ਹੈ?

**ਪ੍ਰਸ਼ਨ-ਕਰਤਾ** : ਮੇਰਾ ਖ਼ਿਆਲ ਹੈ ਕਿ ਇਹ ਤਾਂ ਬਹੁਤ ਸਾਰੀਆਂ ਗੱਲਾ ਉਪਰ ਨਿਰਭਰ ਕਰਦਾ ਹੈ।

**ਦਾਦਾਸ਼੍ਰੀ** : ਦੇਖੋ! ਹਰ ਚੀਜ ਵਿਵਸਥਿਤ ਸ਼ਕਤੀ ਦੀ ਸਹਾਇਤਾ ਨਾਲ ਹੀ ਚਲਦੀ ਹੈ। ਵਿਵਸਥਿਤ ਸ਼ਕਤੀ ਹੀ ਹਰ ਕ੍ਰਿਆ ਨੂੰ ਕਰਦੀ ਹੈ। ਆਤਮਾ ਆਪ ਕੁਝ ਨਹੀਂ ਕਰਦੀ। ਇਹ ਸਿਰਫ਼ ਵੇਖਦੀ ਹੈ ਅਤੇ ਜਾਣਦੀ ਹੈ।

ਜੋ ਜਾਣਦਾ ਹੈ ਉਹ ਕਰਦਾ ਨਹੀਂ ਅਤੇ ਜੋ ਕਰਦਾ ਹੈ ਉਹ ਜਾਣਦਾ ਨਹੀਂ।

ਕਾਰਜ ਦਾ ਕਰਤਾ ਉਸ ਦਾ ਜਾਨਣਹਾਰ ਨਹੀਂ ਹੁੰਦਾ ਅਤੇ ਜਾਨਣਹਾਰ ਕਰਤਾ ਨਹੀਂ ਹੋ ਸਕਦਾ। ਇੰਜਣ ਨੂੰ ਆਪਣੀ ਕਾਰਜ-ਵਿਧੀ ਬਾਰੇ ਕੋਈ ਜਾਣਕਾਰੀ, ਕੋਈ ਗਿਆਨ ਨਹੀਂ ਹੁੰਦਾ। ਬਿਜਲੀ ਦਾ ਬਲੱਬ ਵੀ ਰੋਸ਼ਨੀ ਬਾਰੇ ਗਿਆਨ ਰੱਖਣ ਤੋਂ ਬਿਨਾ ਹੀ ਸਾਨੂੰ ਰੋਸ਼ਨੀ ਦਿੰਦਾ ਹੈ।

ਕੀ ਜਹਾਜ਼ ਤੁਹਾਨੂੰ ਸਮੁੰਦਰ ਦੇ ਕਿਨਾਰੇ ਤੱਕ ਲੈ ਕੇ ਆਇਆ ਜਾਂ ਤੁਸੀਂ ਉਸ ਜਹਾਜ਼ ਨੂੰ ਉਥੇ ਲੈ ਕੇ ਆਏ? ਹਾਂ, ਇਹ ਜਹਾਜ਼ ਹੀ ਤੁਹਾਨੂੰ ਸਮੁੰਦਰ ਦੇ ਤਟ ਤੱਕ ਲੈ ਕੇ ਆਇਆ ਪਰੰਤੂ ਇਸ ਨੂੰ ਇਸ ਗੱਲ ਦਾ ਗਿਆਨ ਨਹੀਂ ਹੁੰਦਾ। ਇਸ ਤਰ੍ਹਾਂ, 'ਜਾਨਣ' ਅਤੇ 'ਕਰਨ' ਦੇ ਪ੍ਰਵਾਹ ਵੱਖਰੇ-ਵੱਖਰੇ ਚਲਦੇ ਹਨ। ਪਰੰਤੂ ਜੇਕਰ ਤੁਸੀਂ 'ਜਾਨਣਾ' ਵੀ 'ਕਰਤਾ' ਨੂੰ ਆਰੋਪਿਤ ਕਰੋਗੇ ਤਾਂ ਇਹ ਦੋਵੇਂ ਪ੍ਰਵਾਹ ਜਿਨ੍ਹਾਂ ਨੇ ਵੱਖ-ਵੱਖ ਵਗਣਾ ਸੀ ਉਹ ਇਕ-ਦੂਜੇ ਵਿਚ ਰਲ-ਗੱਡ ਹੋ ਜਾਣਗੇ। ਇਸ ਨਾਲ ਤੁਹਾਡਾ ਅਨੁਭਵ ਖ਼ਰਾਬ ਹੋ ਜਾਵੇਗਾ, ਬਿਲਕੁਲ ਉਸੇ ਤਰ੍ਹਾਂ ਜਿਵੇਂ ਬੇਹੀ ਕੜ੍ਹੀ ਦਾ ਸੁਆਦ ਹੁੰਦਾ ਹੈ। 'ਜਾਨਣ' ਅਤੇ 'ਕਰਨ' ਦੇ ਦੋਵੇਂ ਪ੍ਰਵਾਹ ਇਕ ਦੂਜੇ ਤੋਂ ਪੂਰੀ ਤਰ੍ਹਾਂ ਭਿੰਨ ਅਤੇ ਵਿਲੱਖਣ ਹਨ।

ਜਿਹੜੀ ਵਿਅਕਤੀ 'ਕਰਤਾ' ਹੈ ਉਹ 'ਗਿਆਤਾ' ਨਹੀਂ ਅਤੇ ਜਿਹੜਾ 'ਗਿਆਤਾ' ਹੈ ਉਹ 'ਕਰਤਾ' ਨਹੀਂ ਹੋ ਸਕਦਾ। ਕ੍ਰਿਆ ਦੇ ਕਰਨ ਲਈ ਵਿਵਸਥਿਤ ਸ਼ਕਤੀ ਦੀ ਲੋੜ ਹੁੰਦੀ

ਹੈ ਜਦੋਂ ਕਿ 'ਜਾਨਣ' ਦੇ ਲਈ ਇਸ ਦੀ ਜ਼ਰੂਰਤ ਨਹੀਂ ਪੈਂਦੀ। ਕੁਝ ਵੀ ਕਰਨ ਹਿਤ ਸਾਨੂੰ ਵਿਵਸਥਿਤ ਸ਼ਕਤੀ ਚਾਹੀਦੀ ਹੈ: ਆਪਣੇ ਆਪ ਕੁਝ ਨਹੀਂ ਵਾਪਰਦਾ।

## 143

## ਪਰੱਗਿਆ: ਗਿਆਨਵਾਨ ਬੁੱਧੀ

**ਪ੍ਰਸ਼ਨ-ਕਰਤਾ** : ਕਹਿੰਦੇ ਹਨ ਕਿ ਆਤਮਾ ਨੂੰ ਬੁੱਧੀ ਰਾਹੀਂ ਨਹੀਂ ਬਲਕਿ ਗਿਆਨਵਾਨ ਬੁੱਧੀ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਕਿਰਪਾ ਕਰਕੇ ਦੱਸਣ ਦੀ ਖੇਚਲ ਕਰਨਾ ਕਿ ਪਰੱਗਿਆ ਜਾਂ ਗਿਆਨਵਾਨ ਬੁੱਧੀ ਕੀ ਹੈ?

**ਦਾਦਾਸ਼੍ਰੀ** : ਪਰੱਗਿਆ ਆਤਮਾ ਦਾ ਸਿੱਧਾ ਚਾਨਣ ਹੈ ਜਦੋਂ ਕਿ ਬੁੱਧੀ ਅਸਿੱਧੀ ਰੋਸ਼ਨੀ ਹੈ, ਭਾਵ ਉਹ ਰੋਸ਼ਨੀ ਜਿਹੜੀ ਹਉਮੈਂ ਦੇ ਮਾਧਿਅਮ ਵਿਚੋਂ ਲੰਘ ਕੇ ਆਉਂਦੀ ਹੈ।

ਪਰੱਗਿਆ ਕੇਵਲ-ਗਿਆਨ (ਪੂਰਨ ਗਿਆਨ; ਬ੍ਰਹਮ ਗਿਆਨ) ਦਾ ਇਕ ਅੰਸ਼ ਹੈ। ਪਰੱਗਿਆ ਗਿਆਨ ਦੀ ਹੀ ਅਵਸਥਾ ਹੈ। ਜਿਉਂ ਹੀ ਅਗਿਆਨ ਦੀਆਂ ਪਰਤਾਂ ਉਤਰਦੀਆਂ ਹਨ, ਹਟਾ ਦਿੱਤੀਆਂ ਜਾਂਦੀਆਂ ਹਨ, ਵਧੇਰੇ ਰੋਸ਼ਨੀ ਆਉਣ ਲੱਗ ਜਾਂਦੀ ਹੈ। ਜਿੰਨੀ ਹੀ ਇਹ ਰੋਸ਼ਨੀ ਅਗਿਆਨ ਦੇ ਅੰਧੇਰੇ ਨੂੰ ਦੂਰ ਕਰਕੇ ਆਉਂਦੀ ਹੈ ਉਨਾ ਹੀ ਕੇਵਲ ਗਿਆਨ ਪ੍ਰਾਪਤ ਹੁੰਦਾ ਹੈ। ਜਦੋਂ ਇਹ ਰੋਸ਼ਨੀ ਵੱਧ ਕੇ 360° ਤੱਕ ਪਹੁੰਚ ਜਾਂਦੀ ਹੈ ਉਦੋਂ ਸੰਪੂਰਨ, ਕੇਵਲ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ।

**ਪ੍ਰਸ਼ਨ-ਕਰਤਾ** : ਕਿਰਪਾ ਕਰਕੇ ਉਦਾਹਰਣ ਦੇ ਕੇ ਸਮਝਾਉ।

**ਦਾਦਾਸ਼੍ਰੀ** : ਜੇਕਰ ਇੱਕ ਮਿੱਟੀ ਦੇ ਬਰਤਨ ਦੇ ਅੰਦਰ 1000 ਵੱਟ ਦਾ ਬਿਜਲੀ ਦਾ ਬਲੱਬ ਰਖਿਆ ਹੋਵੇ ਅਤੇ ਉਸ ਬਰਤਨ ਦਾ ਮੂੰਹ ਉਪਰੋਂ ਪੂਰੀ ਤਰ੍ਹਾਂ ਸੀਲ-ਬੰਦ ਕਰ ਦਿੱਤਾ ਜਾਵੇ ਤਾਂ ਕੀ ਤੁਹਾਨੂੰ ਉਸ ਬਲੱਬ ਦੀ ਰੋਸ਼ਨੀ ਪ੍ਰਾਪਤ ਹੋ ਜਾਵੇਗੀ? ਨਹੀਂ। ਇਹੋ ਸਥਿਤੀ ਇਕ ਅਗਿਆਨੀ ਅਤੇ ਸ਼ਿਥਿਲ ਸਵੈ ਦੀ ਹੁੰਦੀ ਹੈ। ਤੁਹਾਡੇ ਅੰਦਰ ਅਨੰਤ ਗਿਆਨ ਦਾ ਪ੍ਰਕਾਸ਼ ਹੈ ਪਰੰਤੂ ਉਥੇ ਹਨ੍ਹੇਰਾ ਵੀ ਹੈ ਕਿਉਂਕਿ ਇਹ ਪ੍ਰਕਾਸ਼ ਅਗਿਆਨਤਾ ਦੇ ਹਨ੍ਹੇਰੇ ਦੀਆਂ ਪਰਤਾਂ ਹੇਠ ਦੱਬ ਕੇ ਰਹਿ ਗਿਆ ਹੈ।

ਗਿਆਨੀ ਪੁਰਸ਼ ਦੀ ਮਿਹਰ ਅਤੇ ਆਸ਼ੀਰਵਾਦ ਸਦਕਾ ਅਤੇ ਉਸ ਦੀ ਅਨੰਤ ਆਤਮਕ ਸ਼ਕਤੀ ਦੀ ਸਹਾਇਤਾ ਨਾਲ ਜੇ ਉਸ ਮਿੱਟੀ ਦੇ ਬਰਤਨ ਵਿਚ ਇਕ ਛੋਟਾ ਜਿਹਾ ਛੇਦ ਵੀ ਕਰ ਦਿੱਤਾ ਜਾਵੇ ਤਾਂ ਸਾਰੇ ਕਮਰੇ ਅੰਦਰ ਪ੍ਰਕਾਸ਼ ਹੋ ਜਾਵੇਗਾ। ਉਸ ਹੱਦ ਤੱਕ ਅਗਿਆਨਤਾ ਦੀ ਦੀਵਾਰ ਟੁੱਟ ਜਾਂਦੀ ਹੈ ਅਤੇ ਸਿੱਧਾ ਪ੍ਰਕਾਸ਼ (ਗਿਆਨ) ਪ੍ਰਾਪਤ ਹੋ ਜਾਂਦਾ

ਹੈ। ਜਿਉਂ ਜਿਉਂ ਅਗਿਆਨਤਾ ਦੇ ਅੰਧੇਰੇ ਦੀਆਂ ਪਰਤਾਂ ਉਤਰਦੀਆਂ ਜਾਂਦੀਆਂ ਹਨ ਅਤੇ ਹੋਰ ਵਧੇਰੇ ਛੇਦ ਉਸ ਮਿੱਟੀ ਦੇ ਬਰਤਨ ਵਿਚ ਹੋ ਜਾਂਦੇ ਹਨ ਪ੍ਰਕਾਸ਼ ਉਨਾਂ ਹੀ ਵਧੇਰੇ ਹੁੰਦਾ ਜਾਂਦਾ ਹੈ। ਅੰਤ ਵਿਚ ਜਦੋਂ ਉਹ ਬਰਤਨ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ ਅਤੇ ਉਸ ਦੇ ਅੰਦਰਲਾ ਬਲੱਬ ਪੂਰੀ ਤਰ੍ਹਾਂ ਨੰਗਾ ਹੋ ਜਾਂਦਾ ਹੈ ਤਾਂ ਹਰ ਥਾਂ ਚਾਨਣ ਹੀ ਚਾਨਣ ਹੋ ਜਾਂਦਾ ਹੈ।

**ਪ੍ਰਸ਼ਨ-ਕਰਤਾ** : ਸ਼੍ਰੀਮਾਨ ਜੀ, ਇਹ ਕੇਵਲ ਗਿਆਨ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ?

**ਦਾਦਾਸ਼੍ਰੀ** : ਗਿਆਨ ਦੇ ਪ੍ਰਕਾਸ਼ ਦੀ ਆਉਣ ਵਾਲੀ ਸਿੱਧੀ ਕਿਰਣ ਨੂੰ ਪਰੱਗਿਆ ਕਹਿੰਦੇ ਹਨ। ਜਦੋਂ ਆਤਮਾ ਹਰ ਰੁਕਾਵਟ ਬਨਣ ਵਾਲੇ ਪੜਦੇ ਤੋਂ ਆਜ਼ਾਦ ਹੋ ਜਾਂਦੀ ਹੈ ਤਾਂ ਇਹ ਸਮੁੱਚੇ ਬ੍ਰਹਿਮੰਡ ਨੂੰ ਪ੍ਰਕਾਸ਼ਿਤ ਕਰਨ ਦੇ ਸਮਰਥ ਬਣ ਜਾਂਦੀ ਹੈ। ਹਾਂ, ਬਿਲਕੁਲ ਠੀਕ, ਇਹ ਸਾਰੇ ਦੇ ਸਾਰੇ ਬ੍ਰਹਿਮੰਡ ਨੂੰ ਰੁਸ਼ਨਾ ਦਿੰਦੀ ਹੈ। ਦੂਸਰੇ ਸ਼ਬਦਾਂ ਵਿਚ, ਇਹ ਬ੍ਰਹਿਮੰਡ ਦੀਆਂ ਸਾਰੀਆਂ ਜਾਣੀਆਂ ਜਾਣ ਵਾਲੀਆਂ ਵਸਤਾਂ ਨੂੰ ਵੇਖਣ ਅਤੇ ਜਾਨਣ ਦੀ ਕਾਬਲੀਅਤ ਹਾਸਲ ਕਰ ਲੈਂਦੀ ਹੈ। ਇਹੋ ਕੇਵਲ ਗਿਆਨ ਹੈ।

ਸਮੁੱਚੇ ਬ੍ਰਹਿਮੰਡ ਨੂੰ ਰੁਸ਼ਨਾ ਦੇਣ ਵਾਲੀ ਸ਼ਕਤੀ ਨੂੰ ਅਸੀਂ ਕੇਵਲ ਗਿਆਨ ਕਹਿੰਦੇ ਹਾਂ।

**ਪ੍ਰਸ਼ਨ-ਕਰਤਾ** : ਪਰੱਗਿਆ ਦਾ ਕਾਰਜ ਕੀ ਹੈ?

**ਦਾਦਾਸ਼੍ਰੀ** : ਪਰੱਗਿਆ ਉਸ ਸਮਰਪਿਤ ਪਤਨੀ ਦੀ ਤਰ੍ਹਾਂ ਹੈ ਜਿਹੜੀ ਆਪਣੇ ਪਤੀ ਵਿਚ ਪਰਮੇਸ਼ਰ ਦਾ ਰੂਪ ਵੇਖਦੀ ਹੈ। ਇਹ ਦਰਸਾਉਂਦੀ ਹੈ ਕਿ ਆਤਮਾ ਲਈ ਕੀ ਸਹਾਇਕ ਹੈ ਅਤੇ ਮੁਕਤੀ ਦੇ ਰਸਤੇ ਉਪਰ ਚਲਦਿਆਂ ਆਤਮਾ ਨੂੰ ਉਹ ਹਰ ਮੁਸ਼ਕਲ, ਹਰ ਔਕੜ ਤੋਂ ਬਚਾਉਂਦੀ ਹੈ ਜੋ ਉਸ ਦੇ ਲਈ ਰੁਕਾਵਟ ਬਣਦੀ ਹੈ। ਜਦੋਂ ਹਾਲਾਤਾਂ ਦੀ ਲੋੜ ਪੈਂਦੀ ਹੈ ਤਾਂ ਪਰੱਗਿਆ ਹੀ ਵਿਅਕਤੀ ਨੂੰ ਸਹਿਜਤਾ ਨਾਲ ਜਿਉਣ ਹਿਤ ਸੇਧ ਦਿੰਦੀ ਹੈ ਅਤੇ ਉਪਰੰਤ ਇਹ ਸ਼ੁੱਧ ਸਵੈ ਜਾਂ ਸੁਕਲ ਧਿਆਨ ਵੱਲ ਪਰਤ ਜਾਂਦੀ ਹੈ।

ਇਸ ਦਾ ਅਰਥ ਇਹ ਹੋਇਆ ਕਿ ਪਰੱਗਿਆ ਅੰਦਰ ਵੀ ਅਤੇ ਬਾਹਰ ਵੀ ਕਾਰਜ ਕਰਦੀ ਹੈ। ਇਹ ਕੰਮ-ਚਲਾਊ ਸਰਕਾਰ ਦੀ ਤਰ੍ਹਾਂ ਹੈ। ਜਦੋਂ ਤੱਕ ਇਕ ਸੁਤੰਤਰ, ਰੈਗੂਲਰ ਸਰਕਾਰ ਹੋਂਦ ਵਿਚ ਨਹੀਂ ਆਉਂਦੀ ਇਹ ਹਾਲਾਤਾਂ ਨੂੰ ਆਪਣੇ ਹੱਥ ਵਿਚ ਲੈ ਲੈਂਦੀ ਹੈ।

ਪਰੱਗਿਆ ਕੀ ਹੈ? ਪਰੱਗਿਆ ਉਹ ਗਿਆਨ ਹੈ ਜਿਹੜਾ ਪੁਦਗਲ ਦੀ ਚੀਜ ਨੂੰ ਆਪਣੀ ਮੰਨਣ ਦੀ ਭਾਵਨਾ ਪੈਦਾ ਨਹੀਂ ਹੋਣ ਦਿੰਦਾ। ਦੂਸਰੇ ਸ਼ਬਦਾਂ ਵਿਚ, ਜੋ ਆਤਮਾ ਹੈ ਇਹ ਉਸ ਨੂੰ ਪੁਦਗਲ ਦੇ ਖ਼ੇਤਰ ਵਿਚ ਨਹੀਂ ਜਾਣ ਦਿੰਦਾ।

ਪਰੱਗਿਆ ਆਤਮਾ ਦਾ ਅਟੁੱਟ ਅੰਗ ਹੈ ਅਤੇ ਇਹ ਆਤਮਾ ਦੀ ਸੁਤੰਤਰਤਾ ਹਿਤ ਲਗਾਤਾਰ ਅਖੰਡ ਯਤਨ ਕਰਦਾ ਰਹਿੰਦਾ ਹੈ।

ਪਰੱਗਿਆ ਦੀ ਪ੍ਰਗਤੀ ਦੇ ਨਾਲ-ਨਾਲ ਵਿਅਕਤੀ ਦਾ ਵਿਵਹਾਰ ਵੀ ਤਬਦੀਲ ਹੁੰਦਾ ਰਹਿੰਦਾ ਹੈ। ਜਦੋਂ ਵਿਵਹਾਰ ਵਿਚ ਤਬਦੀਲੀ ਆਉਂਦੀ ਹੈ ਤਾਂ ਵਿਅਕਤੀ ਆਪਣਾ ਬੋਝ ਹਲਕਾ ਹੁੰਦਾ ਮਹਿਸੂਸ ਕਰਦਾ ਹੈ ਅਤੇ ਉਹ ਵਿਵੇਕਸ਼ੀਲ ਹੋ ਕੇ ਇਹ ਸਮਝਣ ਦੇ ਸਮਰਥ ਹੋ ਜਾਂਦਾ ਹੈ ਕਿ ਕੀ ਉਸ ਦਾ ਹੈ ਅਤੇ ਕੀ ਉਸ ਦਾ ਨਹੀਂ ਹੈ।

ਇਹ ਪਰੱਗਿਆ ਹੀ ਹੈ ਜਿਹੜੀ ਵਿਅਕਤੀ ਦੇ ਦੋਹਾਂ ਵਿਭਾਗਾਂ - ਘਰੇਲੂ ਮਾਮਲੇ (ਭਾਵ ਆਤਮਾ) ਅਤੇ ਵਿਦੇਸ਼ੀ ਮਾਮਲੇ (ਭਾਵ ਦੁਨਿਆਵੀ; ਪੁਦਗਲ) - ਨੂੰ ਇਕ ਦੂਜੇ ਤੋਂ ਅਲੱਗ ਸੁਤੰਤਰ ਰੂਪ ਵਿਚ ਰਖਦੀ ਹੈ। ਇਹ ਆਪਣੇ ਆਪ ਵਿਚ ਆਤਮਾ ਹੀ ਹੈ, ਇਹ ਚਰਿੱਤਰ ਹੈ, ਇਹ ਵਿਵਹਾਰ ਹੈ। ਵਿਵਹਾਰ ਹੀ ਚਰਿੱਤਰ ਹੈ। ਸਹੀ ਚਰਿੱਤਰ ਤੋਂ ਭਾਵ ਹੈ ਕਿ ਇਹ ਆਤਮਾ ਅਤੇ ਪੁਦਗਲ ਨੂੰ ਰਲ-ਗੱਡ ਨਹੀਂ ਹੋਣ ਦਿੰਦਾ।

**ਪ੍ਰਸ਼ਨ-ਕਰਤਾ** : ਸਵੈ-ਪਹਿਚਾਣ ਦੀ ਪ੍ਰਾਪਤੀ ਸਮੇਂ ਕੀ ਮਹਿਸੂਸ ਹੁੰਦਾ ਹੈ?

**ਦਾਦਾਸ਼੍ਰੀ** : ਜਦੋਂ ਮੈਂ ਗਿਆਨ ਦੀ ਦੀਖਿਆ ਦਿੰਦਾ ਹਾਂ ਤਾਂ ਇਕ ਸਿੱਧਾ ਅਨੁਭਵ ਹੁੰਦਾ ਹੈ - ਸਵੈ ਦੀ ਪਹਿਚਾਣ। ਇਸੇ ਨੂੰ ਪਰਮਾਰਥ ਕਿਹਾ ਜਾਂਦਾ ਹੈ।

ਸੋ, ਪਰੱਗਿਆ-ਭਾਵ ਦੇ ਉਸ ਪਲ ਸਮੇਂ ਗਿਆਨ ਦੀ ਇਕ ਕਿਰਣ ਤੁਹਾਡੇ ਅੰਦਰੋਂ ਨਿਕਲਦੀ ਹੈ। ਇਸ ਸੰਸਾਰ ਦੇ ਅੰਦਰ ਜੋ ਵੀ ਵਾਪਰ ਰਿਹਾ ਹੈ, ਜੋ ਵੀ ਇਥੇ ਹੈ ਉਹ ਸਭ ਅਸਥਾਈ ਹੈ। ਇਹ ਭਾਗ ਚਿਰੰਜੀਵੀ ਨਹੀਂ ਹੈ ਜਦੋਂ ਕਿ ਪਰੱਗਿਆ ਭਾਵ ਸਥਿਰ ਅਤੇ ਸਦੀਵੀ ਰਹਿੰਦਾ ਹੈ। ਜਦੋਂ ਗਿਆਨ ਉਗਮਦਾ ਹੈ ਤਾਂ ਤੁਹਾਨੂੰ ਇਕ-ਇਕ ਡੰਡਾ ਕਰਕੇ ਪੌੜੀ ਚੜ੍ਹਨ ਦੀ ਲੋੜ ਨਹੀਂ: ਤੁਸੀਂ ਇਕਦਮ ਅਤੇ ਤੁਰੰਤ ਚੋਟੀ ਉਪਰ ਪਹੁੰਚ ਜਾਂਦੇ ਹੋ।

ਗਿਆਨ ਤੋਂ ਬਿਨਾ ਬਾਕੀ ਸਾਰੇ ਭਾਵ (ਡੂੰਘੀ ਅੰਦਰੂਨੀ ਇੱਛਾ ਅਤੇ ਭਾਵਨਾ) ਭਾਵ-ਅਭਾਵ ਕਹੇ ਜਾਂਦੇ ਹਨ। ਇਹ ਸਾਰੇ ਅਸਥਾਈ ਹੁੰਦੇ ਹਨ। ਪਰੱਗਿਆ - ਭਾਵ ਦਵੰਦ ਤੋਂ ਉਪਰ ਹੈ ਪਰੰਤੂ ਇਹ ਸਵੈ (ਆਤਮਾ) ਦਾ ਮੂਲ ਭਾਗ ਨਹੀਂ ਹੈ। ਪਰੱਗਿਆ-ਭਾਵ ਨੂੰ ਆਤਮ-ਭਾਵ ਨਹੀਂ ਕਿਹਾ ਜਾ ਸਕਦਾ। ਪਰੱਗਿਆ-ਭਾਵ ਉਸ ਸ਼੍ਰੇਣੀ ਵਿਚ ਆਉਂਦਾ ਹੈ ਜੋ ਸਥਿਰ ਹੈ, ਕਦੇ ਤਬਦੀਲ ਨਹੀਂ ਹੁੰਦਾ ਪਰੰਤੂ ਇਹ ਕਾਲ ਅਧੀਨ ਹੈ ਅਤੇ ਇਕ ਦਿਨ ਖ਼ਤਮ ਹੋ ਜਾਂਦਾ ਹੈ। ਜੇ ਤੁਸੀਂ ਇਸ ਨੂੰ ਆਤਮ-ਭਾਵ ਕਹਿੰਦੇ ਹੋ ਤਾਂ ਇਹ ਆਤਮਾ ਦਾ ਅਭਿੰਨ ਹਿੱਸਾ ਬਣ ਜਾਂਦਾ ਹੈ। ਫਿਰ ਸਿੱਧ-ਖ਼ੇਤਰ (ਸਿਧ-ਸਥਲ) ਵਿਚ ਮੁਕਤ ਆਤਮਾ ਪਾਸ ਵੀ ਪਰੱਗਿਆ (ਗਿਆਨ) ਹੋਵੇਗਾ ਪਰੰਤੂ ਅਜਿਹਾ ਨਹੀਂ ਹੁੰਦਾ। ਜਦੋਂ ਇੱਕ ਵਾਰ ਪੂਰੀ ਤਰ੍ਹਾਂ ਸੁਤੰਤਰ ਰੈਗੂਲਰ ਸਰਕਾਰ ਬਣ ਜਾਂਦੀ ਹੈ ਤਾਂ ਕੰਮ-ਚਲਾਊ ਸਰਕਾਰ ਦਾ ਕੰਮ ਖ਼ਤਮ ਹੋ ਜਾਂਦਾ ਹੈ। ਪਰੱਗਿਆ ਦੇ ਮਾਮਲੇ ਵਿਚ ਇਸੇ ਤਰ੍ਹਾਂ ਹੀ ਹੁੰਦਾ ਹੈ।

ਜਦੋਂ ਮੈਂ ਤੁਹਾਨੂੰ ਸ੍ਵੈਰੂਪ-ਗਿਆਨ ਨਾਲ ਵਰੋਸਾਉਂਦਾ ਹਾਂ ਤਾਂ ਮੈਂ ਤੁਹਾਡੇ ਅੰਦਰ

ਗਿਆਨ ਦੀ ਜੋਤਿ ਨੂੰ ਬਾਲਦਾ ਹਾਂ। ਫਿਰ ਪਰੱਗਿਆ ਤੁਹਾਨੂੰ ਹਰ ਪਲ ਸਾਵਧਾਨ ਕਰਦਾ ਰਹੇਗਾ। ਰਾਜਾ ਭਾਰਤ ਨੂੰ ਦਿਨ-ਰਾਤ ਰਖਵਾਲੇ ਰਖਣੇ ਪੈਂਦੇ ਸਨ ਤਾਂ ਜੋ ਉਹ ਉਸ ਨੂੰ ਉਸ ਦੀ ਗਿਆਨ ਦੀ ਅਵਸਥਾ ਪ੍ਰਤੀ ਸੁਚੇਤ ਕਰਦੇ ਰਹਿਣ। ਕਿਸੇ ਵੀ ਨਾਜ਼ੁਕ ਦੌਰ ਦੇ ਸਮੇਂ ਮੇਰਾ ਗਿਆਨ ਤੁਹਾਡੇ ਬਚਾਅ ਹਿਤ ਅੱਗੇ ਆਵੇਗਾ। ਮੇਰੇ ਬਚਨ ਅਤੇ ਮੈਂ ਵੀ ਤੁਹਾਡੇ ਸਨਮੁਖ ਖੜਾ ਹੋਵਾਂਗਾ ਅਤੇ ਇਹ ਸਭ ਤੁਹਾਨੂੰ ਸੁਚੇਤ ਕਰੇਗਾ। ਮੇਰਾ ਅਕਰਮ ਗਿਆਨ ਤੁਹਾਨੂੰ ਹਰ ਪਲ ਸੁਚੇਤ ਰਖੇਗਾ। ਇਸ ਜੀਵਨ ਦੀ ਗੁੰਝਲ ਨੂੰ ਸੁਲਝਾਉਣ, ਇਸ ਪਹੇਲੀ ਨੂੰ ਹੱਲ ਕਰਨ ਅਤੇ ਮੁਕਤੀ ਦੇ ਅੰਤਿਮ ਉਦੇਸ਼ ਦੀ ਪ੍ਰਾਪਤੀ ਹਿਤ ਇਹ ਇਕ ਸੁਨਹਿਰਾ ਮੌਕਾ ਹੈ। ਜੇ ਟੁੱਟੀ ਹੋਈ ਤੰਦ ਮੁੜ ਜੋੜ ਦਿੱਤੀ ਜਾਵੇ ਤਾਂ ਇਹ ਇਕ ਸਦੀਵੀ ਸਮਾਧਾਨ ਹੋਵੇਗਾ।

**ਪ੍ਰਸ਼ਨ-ਕਰਤਾ** : ਅਸੀਂ ਅਜਿਹੇ ਮਾਮਲਿਆਂ ਨੂੰ ਕਿਵੇਂ ਸਮਝ ਸਕਦੇ ਹਾਂ?

**ਦਾਦਾਸ਼੍ਰੀ** : ਸਰੀਰ ਦੇ ਦੋ ਭਾਗ ਹੁੰਦੇ ਹਨ : ਇਕ ਅਸਥਿਰ ਅਤੇ ਦੂਸਰਾ ਸਦੀਵੀ। ਅਮਰ, ਸਦੀਵੀ ਭਾਗ ਆਤਮਾ ਹੈ। ਜਿੰਨੇ ਸਤਰਕ ਅਤੇ ਸਟੀਕ ਤਰੀਕੇ ਨਾਲ ਤੁਸੀਂ ਆਪਣਾ ਕਾਰੋਬਾਰ ਕਰਦੇ ਹੋ ਜੇ ਤੁਸੀਂ ਉਨੀ ਸਤਰਕਤਾ ਅਤੇ ਸਟੀਕਤਾ ਆਤਮਕ ਮਾਮਲਿਆਂ ਵਿਚ ਵੀ ਵਰਤ ਲੈਂਦੇ ਹੋ ਤਾਂ ਤੁਹਾਡਾ ਕੰਮ ਸਫ਼ਲਤਾ ਪੂਰਵਕ ਸੰਪੰਨ ਹੋ ਜਾਵੇਗਾ। ਤੁਸੀਂ ਬਾਕੀ ਸਾਰੇ ਕੰਮਾਂ-ਕਾਰਾਂ ਨੂੰ ਪੂਰੀ ਹੁਸ਼ਿਆਰੀ ਅਤੇ ਸਤਰਕਤਾ ਨਾਲ ਨਿਭਾਉਂਦੇ ਹੋ ਪਰੰਤੂ ਤੁਸੀਂ ਆਤਮਾ ਦੇ ਮਾਮਲਿਆਂ ਵਿਚ ਵੀ ਉਨੀ ਹੀ ਡੂੰਘਾਈ ਵਿਚ ਕਿਵੇਂ ਜਾ ਸਕਦੇ ਹੋ? ਆਤਮਾ ਜਾਂ ਸਵੈ ਤਾਂ ਨਿਰ-ਵਿਸ਼ਾ ਗਿਆਨ ਹੈ, ਇੰਦਰੀਆਂ ਦੀ ਪਹੁੰਚ ਤੋਂ ਪਰ੍ਹੇ ਹੈ, ਪਵਿੱਤਰ ਅਤੇ ਨਿਰਲੇਪ ਹੈ, ਅਤੇ ਨਿਰਵਿਕਾਰ ਹੈ। ਇਸ ਲਈ ਵਿਅਕਤੀ ਨੂੰ ਇਨ੍ਹਾਂ ਮਾਮਲਿਆਂ ਵਿਚ ਗਿਆਨੀ ਪੁਰਸ਼ ਦੀ ਸਹਾਇਤਾ ਦੀ ਲੋੜ ਪੈਂਦੀ ਹੈ।

**ਪ੍ਰਸ਼ਨ-ਕਰਤਾ** : ਪਰੰਤੂ ਇਹ ਵੀ ਤਾਂ ਹੋ ਸਕਦਾ ਹੈ ਕਿ ਇਕ ਵਿਅਕਤੀ ਪਾਸ ਲੋੜੀਂਦੇ ਗੁਣ ਨਾ ਹੋਣ। ਫਿਰ ਇਕ ਗਿਆਨੀ ਪੁਰਸ਼ ਉਸ ਦੀ ਸਹਾਇਤਾ ਕਿਵੇਂ ਕਰ ਸਕਦਾ ਹੈ?

**ਦਾਦਾਸ਼੍ਰੀ** : ਜੇ ਤੁਸੀਂ ਬਹੁਤ ਹੀ ਘਟੀਆ ਕਿਸਮ ਦਾ ਸੋਨਾ ਲੈ ਕੇ ਕਿਸੇ ਸੁਨਿਆਰ ਕੋਲ ਜਾਂਦੇ ਹੋ ਤਾਂ ਉਹ ਤੁਹਾਨੂੰ ਕੋਈ ਸਜਾ ਨਹੀਂ ਦੇਵੇਗਾ। ਬਸ, ਉਹ ਸਿਰਫ਼ ਸੋਨੇ ਨੂੰ ਧਿਆਨ ਨਾਲ ਵਾਚੇਗਾ। ਲੋਕ ਤਾਂ ਆਪਣੇ ਕੰਮ ਆਪ ਹੀ ਵਿਗਾੜ ਲੈਂਦੇ ਹਨ ਪਰ ਇਕ ਸੁਨਿਆਰ ਅਜਿਹਾ ਨਹੀਂ ਕਰਦਾ। ਉਹ ਸਿਰਫ਼ ਸੋਨੇ ਨੂੰ ਧਿਆਨ ਨਾਲ ਵੇਖੇਗਾ, ਪਰਖੇਗਾ। ਡਾਕਟਰ ਤੁਹਾਨੂੰ ਘੂਰ ਸਕਦਾ ਹੈ ਅਤੇ ਕਹਿ ਸਕਦਾ ਹੈ ਕਿ ਤੁਸੀਂ ਆਪਣੇ ਸਰੀਰ ਨੂੰ ਖ਼ਰਾਬ ਕਿਉਂ ਕੀਤਾ ਹੈ ਪਰੰਤੂ ਇਕ ਸੁਨਿਆਰ ਘਟੀਆ ਕਿਸਮ ਦਾ ਸੋਨਾ ਉਸ ਪਾਸ ਲਿਜਾਣ ਕਰਕੇ ਤੁਹਾਨੂੰ ਕੁਝ ਬੁਰਾ ਨਹੀਂ ਕਹੇਗਾ। ਇਕ ਸੁਨਿਆਰ ਦੀ ਤਰ੍ਹਾਂ ਹੀ ਇਕ ਗਿਆਨੀ ਪੁਰਸ਼ ਵੀ ਤੁਹਾਡੀ ਆਤਮਾ ਵੱਲ ਵੇਖੇਗਾ, ਉਸ ਨੂੰ ਵਾਚੇਗਾ - ਆਤਮਾ ਦੀ ਪਵਿੱਤਰਤਾ ਵੇਖੇਗਾ ਨਾ ਕਿ ਬਾਹਰੀ ਗੁਣਾਂ ਨੂੰ। ਸੋਨੇ

ਦਾ ਆਪਣਾ ਰੂਪ ਬਦਲ ਸਕਦਾ ਹੈ – ਮਿਲਾਵਟ ਵਾਲੇ ਸੋਨੇ ਤੋਂ ਪਾਊਡਰ ਰੂਪ ਤੋਂ ਪੰਘਰਿਆ ਹੋਇਆ ਪਰੰਤੂ ਉਸ ਤੋਂ ਮੁੜ ਸ਼ੁੱਧ ਸੋਨਾ ਪ੍ਰਾਪਤ ਕਰ ਸਕਣਾ ਸੰਭਵ ਹੈ। ਆਪਣੇ ਇਨ੍ਹਾਂ ਸਾਰੇ ਰੂਪਾਂ ਵਿਚ ਸੋਨਾ ਸੋਨਾ ਹੀ ਰਹਿੰਦਾ ਹੈ।

ਜਿਸ ਤਰ੍ਹਾਂ ਇਕ ਸੁਨਿਆਰ ਦਾ ਸਮੁੱਚਾ ਧਿਆਨ ਸੋਨੇ ਉਪਰ ਹੀ ਹੁੰਦਾ ਹੈ ਉਸੇ ਤਰ੍ਹਾਂ ਜੇਕਰ ਤੁਸੀਂ ਵੀ ਆਪਣਾ ਪੂਰਾ ਧਿਆਨ ਸਵੈ ਉਪਰ ਕੇਂਦ੍ਰਿਤ ਕਰਦੇ ਹੋ ਤਾਂ ਤੁਸੀਂ ਮੁਕਤੀ ਪ੍ਰਾਪਤ ਕਰ ਸਕਦੇ ਹੋ। ਸੋਨੇ ਦਾ ਗਹਿਣਾ ਤਾਂ ਮਾੜੀ ਕੁਆਲਿਟੀ ਦਾ ਹੋ ਸਕਦਾ ਹੈ ਪਰੰਤੂ ਸੁਨਿਆਰ ਦਾ ਧਿਆਨ ਸ਼ੁੱਧ ਸੋਨੇ ਉਪਰ ਹੁੰਦਾ ਹੈ। ਉਸੇ ਤਰ੍ਹਾਂ ਹੀ ਇਕ ਗਿਆਨੀ ਪੁਰਸ਼ ਵੀ ਆਪਣਾ ਸਮੁੱਚਾ ਗਿਆਨ ਅਤੇ ਕੇਂਦਰ ਬਿੰਦੂ ਸਵੈ ਜਾਂ ਆਤਮਾ ਉਪਰ ਹੀ ਰਖਦਾ ਹੈ, ਉਂਞ ਵੇਖਣ ਨੂੰ ਭਾਵੇਂ ਉਹ ਹੋਰਾਂ ਨਾਲ ਗੱਲ-ਬਾਤ ਕਰਦਾ ਦਿਸ ਰਿਹਾ ਹੋਵੇ।

**ਪ੍ਰਸ਼ਨ-ਕਰਤਾ** : ਕੀ ਵਿਅਕਤੀ ਧਰਮ ਗਰੰਥਾਂ ਜਾਂ ਹੋਰ ਪਵਿੱਤਰ ਪੁਸਤਕਾਂ ਦਾ ਅਧਿਐਨ ਕਰਕੇ ਇਸ ਮਾਮਲੇ ਵਿਚ ਅਗਵਾਈ ਹਾਸਲ ਕਰ ਸਕਦਾ ਹੈ?

**ਦਾਦਾਸ਼੍ਰੀ** : ਵਿਅਕਤੀ ਜਿੰਨਾ ਮਰਜ਼ੀ ਧਰਮ ਗਰੰਥਾਂ ਦਾ ਅਧਿਐਨ ਕਰ ਲਵੇ, ਉਨ੍ਹਾਂ ਨੂੰ ਰਟ ਲਵੋ ਪਰੰਤੂ ਇਹ ਸਭ ਉਸ ਦੀ ਆਪਣੀ ਸਮਝ ਅਨੁਸਾਰ ਹੋਵੇਗਾ। ਲੋਕਾਂ ਨੇ ਧਰਮ ਗਰੰਥਾਂ ਦੀ ਵਿਆਖਿਆ ਵੀ ਆਪਣੀ ਆਪਣੀ ਸਮਝ ਅਨੁਸਾਰ ਕੀਤੀ ਹੈ। ਦੇਖੋ, ਜੀਵ-ਅਜੀਵ ਦਾ ਸਿਧਾਂਤ ਸੱਚ ਹੈ ਪਰੰਤੂ ਉਹ ਇਸ ਨੂੰ ਆਪਣੀ-ਆਪਣੀ ਸੂਝ ਅਨੁਸਾਰ ਹੀ ਸਮਝਦੇ ਹਨ। ਇੰਞ ਉਹ ਅਜੀਵ ਪ੍ਰਤੀ ਆਪਣੀ ਅਗਿਆਨਤਾ ਨਾਲ ਹੀ ਧੋਖਾ ਕਰਦੇ ਹਨ। ਜੇ ਉਹ ਅਜੀਵ ਪ੍ਰਤੀ ਹੀ ਅਗਿਆਨੀ ਹਨ ਤਾਂ ਉਨ੍ਹਾਂ ਲਈ ਜੀਵ ਨੂੰ ਸਮਝਣਾ ਕਿਵੇਂ ਸੰਭਵ ਹੋ ਸਕਦਾ ਹੈ। ਭਗਵਾਨ ਦੀ ਹਾਜ਼ਰੀ ਵਿਚ ਵੀ ਉਹ ਆਪਣੇ ਸਵੈ (ਜੀਵ) ਪ੍ਰਤੀ ਸੁਚੇਤ ਨਹੀਂ ਹੁੰਦੇ। ਨਿਰਲੇਪਤਾ ਉਨ੍ਹਾਂ ਦਾ ਉਦੇਸ਼ ਹੋ ਸਕਦਾ ਹੈ ਪਰੰਤੂ 'ਜੀਵ' (ਆਤਮਾ) ਦਾ ਨਹੀਂ। ਅਤੇ, ਜੇ ਇਹ ਚੇਤਨਾ ਹੁੰਦੀ ਵੀ ਹੈ ਤਾਂ ਇਹ ਸਿਰਫ਼ ਸਰੀਰਕ, ਦੁਨਿਆਵੀ ਕਿਸਮ ਦੀ ਹੈ ਜਿਹੜੀ ਇਕ ਤਰ੍ਹਾਂ ਸਿਰਫ਼ ਸ਼ਬਦਾਂ ਤੱਕ ਸੀਮਿਤ ਹੈ। ਇਹ ਭੁੱਲ ਸਕਦੀ ਹੈ ਕਿਉਂਕਿ ਸ਼ਬਦਾਂ ਵਿਚ ਬਿਆਨ ਕੀਤਾ ਸਵੈ ਅਤੇ ਅਨੁਭਵ ਕੀਤਾ ਸਵੈ ਦੋਵੇਂ ਬਿਲਕੁਲ ਵੱਖਰੇ ਹਨ।

ਵਿਅਕਤੀ ਖੇਤ ਜਾਂ ਖਿੱਤੇ ਨੂੰ ਭੁੱਲ ਸਕਦਾ ਹੈ ਜਿਸ ਬਾਰੇ ਉਸ ਨੇ ਕਿਧਰੇ ਪੜ੍ਹਿਆ ਹੋ ਸਕਦਾ ਹੈ ਪਰੰਤੂ ਜਿਹੜਾ ਖ਼ੇਤਰ ਜਾਂ ਖਿੱਤਾ ਨਿਜੀ ਤੌਰ ਤੇ ਵੇਖਿਆ ਹੋਵੇ ਉਹ ਕਦੇ ਨਹੀਂ ਭੁਲਦਾ।

ਮੇਰੇ ਤੋਂ ਦੀਖਿਆ ਪ੍ਰਾਪਤ ਮਹਾਤਮਾ-ਜਨ ਵੇਖੀ ਹੋਈ (ਪ੍ਰਤੱਖ) ਸ਼ੁੱਧ ਆਤਮਾ ਦੇ ਅਨੁਭਵ ਦੇ ਆਨੰਦ ਵਿਚ ਮਸਤ ਰਹਿੰਦੇ ਹਨ।

**ਪ੍ਰਸ਼ਨ-ਕਰਤਾ** : ਆਤਮਕ ਵਿਕਾਸ ਵਿਚ ਹਾਲਾਤਾਂ ਦਾ ਕੀ ਰੋਲ ਹੈ

**ਦਾਦਾਸ਼੍ਰੀ** : ਜੇ ਸੰਜੋਗ ਵਾਲੇ ਹਾਲਾਤ ਨਾ ਹੋਣ ਤਾਂ ਜੀਵ ਦੀ ਆਤਮਕ ਪ੍ਰਗਤੀ ਵਾਸਤੇ ਵੀ ਕੋਈ ਰਾਹ ਨਹੀਂ ਹੋਵੇਗਾ। ਹਾਲਾਤਾਂ ਦਾ ਪ੍ਰਭਾਵ ਵਿਅਕਤੀ ਦੇ ਵਿਸ਼ਵਾਸ਼ ਵਿਚ ਤਬਦੀਲੀ ਦਾ ਕਾਰਨ ਬਣਦਾ ਹੈ ਅਤੇ ਇਹੋ ਵਿਅਕਤੀ ਦੇ ਇਸ ਸੰਸਾਰ ਅੰਦਰ ਕਿਸੇ ਵੀ ਜੂਨ ਵਿਚ ਜਨਮ ਲਈ ਜਿੰਮੇਵਾਰ ਹੈ। ਇਹੋ ਕਾਰਨ ਹੈ ਜਿਸ ਕਰਕੇ ਵਿਅਕਤੀ ਦੀਆਂ ਅਨੰਤ ਤਾਕਤਾਂ ਲੁਕੀਆਂ ਰਹਿ ਜਾਂਦੀਆਂ ਹਨ। ਸ਼ੁੱਧ ਆਤਮਾ ਤਦੋਂ ਹੀ ਮੁਕਤ ਹੋ ਸਕਦੀ ਹੈ ਜਦੋਂ ਵਿਅਕਤੀ ਦੀ ਇਸ ਦੁਨੀਆਂ ਵਿਚ ਹੋਂਦ ਉਸੇ ਤਰੀਕੇ ਖ਼ਤਮ ਹੁੰਦੀ ਹੈ ਜਿਸ ਤਰੀਕੇ ਇਸ ਨੇ ਜਨਮ ਲਿਆ ਸੀ।

**ਪ੍ਰਸ਼ਨ-ਕਰਤਾ** : ਫਿਰ ਮੁਕਤੀ ਦਾ ਅੰਤਿਮ ਲਕਸ਼ ਕਿਵੇਂ ਪ੍ਰਾਪਤ ਕੀਤਾ ਜਾਵੇ?

**ਦਾਦਾਸ਼੍ਰੀ** : ਸੰਸਾਰਨ-ਮਾਰਗ (ਜੂਨਾਂ ਦਾ ਵਿਕਾਸਾਤਮਕ ਚੱਕਰ) ਦਾ ਅੰਤਿਮ ਲਕਸ਼ ਇਕ ਗਿਆਨੀ ਪੁਰਸ਼ (ਬ੍ਰਹਮ ਗਿਆਨੀ) ਨਾਲ ਮੇਲ ਹੈ। ਮੁਕਤੀ ਪ੍ਰਾਪਤੀ ਹਿਤ, ਸੱਚੇ ਧਰਮ ਦੀ ਖ਼ਾਤਰ ਉਹ ਅੰਤਿਮ ਨਿਮਿੱਤ ਹੈ, ਆਖ਼ਰੀ ਸਾਧਨ ਹੈ। ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਪੂਰਨ ਬ੍ਰਹਮ ਗਿਆਨੀ ਪੁਰਸ਼ ਨੂੰ ਆਹਮਣੇ-ਸਾਮ੍ਹਣੇ ਮਿਲਣ ਦੀ ਤਾਂਘ ਮਨ ਅੰਦਰ ਰਖੇ ਅਤੇ ਸਵੈ-ਪਹਿਚਾਣ ਦੀ ਪ੍ਰਾਪਤੀ ਦਾ ਅਨੁਭਵ ਮਾਨਣ ਹਿਤ ਉਸ ਤੋਂ ਉਸ ਦੀ ਮਿਹਰ ਦੀ ਯਾਚਨਾ ਕਰੇ।

•

एगो मे सासओ अप्पा,
नाणदंसणसंजुओ।
सेसा मे बाहिरा भावा,
सव्व संजोगलक्खणा ॥

•

On one side is my Real Self,
pure and blissful,
eternal and aware.

On the other side is everything else,
circumstantial,
conditional and time bound.

HOLISTIC SCIENCE
RESEARCH CENTER

VITRAG VIGNAN CHARITABLE
RESEARCH FOUNDATION, SURAT